


Published in Punjabi & English

Distributed in Toronto, Calgary, Vancouver, Winnipeg and Edmonton and Online Worldwide.

Voice of Social Concerns | Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-7, ਅੰਕ-12, ਦਸੰਬਰ 2017 | Website: www.ppapmg.com



HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਸਾਮਰਾਜਵਾਦ ਦੀ ਚਾਕਰੀ ਕਰਦੀਆਂ ਗੈਰ ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼.)



## ਜੇਮਜ਼ ਪੀਤਰਾਸ ਅਤੇ ਹੈਨਰੀ ਵੈਲਟਮੇਅਰ ਅਨੁਵਾਦਕ ਡਾ. ਬਲਜਿੰਦਰ

(ਸਮਾਜ ਸੇਵਾ, ਸਮਾਜ ਸੇਵੀ, ਧਰਮਅਰਥ, ਚੈਰੀਟੇਬਲ, ਸਵੈ ਸੇਵੀ ਸੰਸਥਾਵਾਂ ਆਦਿ ਦੇ ਭਾਂਤ ਸੁਭਾਂਤੇ ਨਾਵਾਂ ਹੇਠ ਕੰਮ ਕਰਦੀਆਂ ਸੰਸਥਾਵਾਂ ਨਾਲ ਆਮ ਰੂਪ 'ਚ ਹੀ ਸਾਡਾ ਵਾਹ-ਵਾਸਤਾ ਪੈਂਦਾ ਰਹਿੰਦਾ ਹੈ। ਇਹਨਾਂ ਸੰਸਥਾਵਾਂ ਦੀ ਵਿਆਪਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿੰਦਗੀ ਦੇ ਹਰ ਖੇਤਰ 'ਚ ਇਹਨਾਂ ਦੀ ਮੌਜੂਦਗੀ ਹੈ। 1980 'ਚ ਸੰਯੁਕਤ ਰਾਸ਼ਟਰ ਦੇ ਪ੍ਰਕਾਸ਼ਨ ਵਿਭਾਗ ਵੱਲੋਂ ਜਾਰੀ ਲਿਸਟ 'ਚ ਇਸ ਕਿਸਮ ਦੀਆਂ ਸੰਸਥਾਵਾਂ ਨੂੰ ਲੜੀ 'ਚ ਪਰੋਂਦਿਆਂ ਇਹਨਾਂ ਨੂੰ ਐਨ.ਜੀ.ਓ. ਭਾਵ ਗੈਰ ਸਰਕਾਰੀ ਸੰਸਥਾਵਾਂ ਕਹਿੰਦਿਆਂ ਇਉਂ ਪ੍ਰੀਭਾਸ਼ਤ ਕੀਤਾ ਗਿਆ ਹੈ ਕਿ "ਐਨ.ਜੀ.ਓ. ਉਹਨਾਂ ਸੰਸਥਾਵਾਂ ਨੂੰ ਕਿਹਾ ਜਾ ਸਕਦਾ ਹੈ ਜਿਹੜੀਆਂ ਸਰਕਾਰ ਦਾ ਹਿੱਸਾ ਨਹੀਂ ਹਨ ਅਤੇ ਨਾ ਹੀ ਇਹਨਾਂ ਦਾ ਗਠਨ ਸਰਕਾਰਾਂ ਦਰਮਿਆਨ ਕਿਸੇ ਸਮਝੌਤੇ ਤਹਿਤ ਕੀਤਾ ਗਿਆ ਹੈ। ਐਨ.ਜੀ.ਓ. ਕੋਈ ਖੋਜ ਸੰਸਥਾ, ਪੇਸ਼ੇਵਰਾਂ ਦੀਆਂ ਸੰਸਥਾਵਾਂ, ਟਰੇਡ ਯੂਨੀਅਨਾਂ, ਚੈਂਬਰ ਆਫ ਕਾਮਰਸ, ਨੌਜਵਾਨਾਂ ਦੀਆਂ ਸੰਸਥਾਵਾਂ, ਧਾਰਮਿਕ ਸੰਸਥਾਵਾਂ, ਸੀਨੀਅਰ ਸਿਟੀਜਨ ਸੰਸਥਾਵਾਂ, ਟੂਰਿਸਟ ਬਾਡੀਜ਼, ਪ੍ਰਾਈਵੇਟ ਫਾਉਂਡੇਸ਼ਨਾਂ, ਸਿਆਸੀ ਪਾਰਟੀਆਂ, ਯਹੂਦੀ ਸੰਸਥਾਵਾਂ, ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਜਾਂ ਵਿਕਾਸ ਕਰਨ ਵਾਲੀਆਂ ਕੌਮਾਂਤਰੀ ਅਤੇ ਦੇਸ਼ੀ ਸੰਸਥਾਵਾਂ ਅਤੇ ਹੋਰ ਕੋਈ ਵੀ ਗੈਰ ਸਰਕਾਰੀ ਖਾਸੇ ਵਾਲੀ ਸੰਸਥਾ ਹੋ ਸਕਦੀ ਹੈ।"

ਇਹ ਪ੍ਰੀਭਾਸ਼ਾ ਆਪਣੇ ਆਪ 'ਚ ਹੀ ਇਹਨਾਂ ਸੰਸਥਾਵਾਂ ਦੀ ਵਿਆਪਕਤਾ ਨੂੰ ਉਜ਼ਾਗਰ ਕਰਦੀ ਹੈ। ਅੱਜ ਕੱਲ ਹਰ ਖੇਤਰ ਚਾਹੇ ਉਹ ਸਿੱਖਿਆ, ਸਿਹਤ, ਵੈਕਸੀਨੇਸ਼ਨ, ਪਰਿਵਾਰ ਨਿਯੋਜਨ, ਆਬਾਦੀ ਕੰਟਰੋਲ, ਵਾਤਾਵਰਣ ਸੰਭਾਲ, ਦਰਿਆਵਾਂ 'ਚ ਪ੍ਰਦੂਸ਼ਨ, ਬੱਚਿਆਂ ਦੀ ਭਲਾਈ, ਨਸ਼ਾ ਛੁਡਾਊ ਸੰਸਥਾਵਾਂ ਦੇ ਖੇਤਰ ਹੋਣ, ਜਾਂ ਹੋਰ ਅਨੇਕਾਂ ਖੇਤਰ ਹਨ ਜਿੱਥੇ ਕਿਤੇ ਵੀ ਨਜ਼ਰ ਮਾਰੀਏ ਅਣਗਿਣਤ ਕੌਮਾਂਤਰੀ ਅਤੇ ਕੌਮੀ ਐਨ.ਜੀ.ਓ. ਸਰਗਰਮ ਹਨ। ਉਪਰੋਂ ਦੇਖਣ ਨੂੰ ਇਹ ਸੰਸਥਾਵਾਂ ਆਮ ਗ਼ਰੀਬਾਂ, ਮਜ਼ਦੂਰਾਂ, ਔਰਤਾਂ ਬੱਚਿਆਂ ਆਦਿ ਦੀ ਭਲਾਈ ਅਤੇ ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਉਠਾਉਣ ਅਤੇ ਉਸਨੂੰ ਸੁਧਾਰਨ ਦੀ ਗੱਲ ਕਰਦੀਆਂ ਹਨ ਅਤੇ ਅਜਿਹੇ ਐਲਾਨ ਹੀ ਉਹ ਆਪਣੇ ਐਲਾਨ-ਨਾਮਿਆਂ 'ਚ ਕਰਦੀਆਂ ਹਨ। ਬਸਤੀਵਾਦ ਤੋਂ ਪਹਿਲਾਂ ਦੇ ਦੌਰ 'ਚ ਸ਼ੁਰੂ ਹੋਈਆਂ ਇਹਨਾਂ ਸੰਸਥਾਵਾਂ ਦੇ ਗਠਨ ਦਾ ਸਿਲਸਿਲਾ ਅੱਜ ਨਵਬਸਤੀਵਾਦ ਦੇ ਦੌਰ 'ਚ ਬੇਰੋਕ ਜਾਰੀ ਹੈ ਅਤੇ ਹੋਰ ਵਧੇਰੇ ਤੇਜੀ ਨਾਲ ਵਧ ਰਿਹਾ ਹੈ। ਅਜਿਹੀਆਂ ਸੰਸਥਾਵਾਂ ਦੀ ਗਿਣਤੀ ਦੁਨੀਆਂ ਪੱਧਰ 'ਤੇ ਇੱਕ ਅੰਦਾਜ਼ੇ ਮੁਤਾਬਕ ਪੰਜਾਹ ਹਜ਼ਾਰ ਅੰਕੀ ਗਈ ਹੈ। ਇਹਨਾਂ ਸੰਸਥਾਵਾਂ ਦੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਸਮਿਆਂ 'ਚ ਸੰਯੁਕਤ ਰਾਸ਼ਟਰ ਦੀ ਰਹਿਨੁਮਾਈ ਹੇਠ ਹੋਈਆਂ ਕੌਮਾਂਤਰੀ ਕਾਨਫਰੰਸਾਂ, ਰਾਹੀਂ ਐਨ.ਜੀ.ਓ. ਬਹੁਤ ਹੀ ਸ਼ਕਤੀਸਾਲੀ ਹੋ ਗਈਆਂ ਹਨ। 1990 'ਚ ਹੋਈ ਦੂਜੀ ਕਾਨਫਰੰਸ ਵਰਗੀਆਂ ਕੌਮਾਂਤਰੀ ਪੱਧਰ 'ਤੇ ਕੀਤੀਆਂ ਜਾਂਦੀਆਂ ਕਾਨਫਰੰਸਾਂ 'ਚ ਆਪਣੇ ਹਿੱਤ ਮੁਜਬ ਏਜੰਡੇ ਤਹਿ ਕੀਤੇ ਜਾਂਦੇ ਹਨ। ਆਪਹੁਦਰੇ ਢੰਗ ਨਾਲ ਅਜਿਹੇ ਮੁੱਦਿਆਂ 'ਤੇ ਬਹਿਸਾਂ ਕਰਕੇ ਇਹਨਾਂ ਕਾਨਫਰੰਸਾਂ 'ਚ ਮਤੇ ਪਾਸ ਕੀਤੇ ਜਾਂਦੇ ਹਨ ਜਿਹੜੇ ਦੁਨੀਆਂ ਭਰ ਦੇ ਕਰੋੜਾਂ-ਕਰੋੜ ਲੋਕਾਂ ਦੀ ਰੋਜ਼ਮਰ੍ਹਾ ਜ਼ਿੰਦਗੀ ਨੂੰ ਪ੍ਰੀਭਾਸ਼ਤ ਕਰਦੇ ਹਨ। ਇਹਨਾਂ ਕਾਨਫਰੰਸਾਂ 'ਚ ਪਾਸ ਅਜਿਹੇ ਮਤੇ ਨੀਤੀਆਂ ਬਣ ਜਾਂਦੀਆਂ ਹਨ।

ਐਨ.ਜੀ.ਓਜ਼ ਬਾਰੇ ਇੱਕ ਹੋਰ ਪੱਖ ਤੋਂ ਵੀ ਧਿਆਨ ਦੇਣ ਦੀ ਲੋੜ ਹੈ। ਬਹੁਤ ਸਾਰੀਆਂ ਹਾਲਤਾਂ 'ਚ ਅਤੇ ਕਈ ਤਰ੍ਹਾਂ ਦੇ ਖੇਤਰਾਂ 'ਚ ਸਰਕਾਰ ਆਪਣੀਆਂ ਸੇਵਾਵਾਂ ਤੋਂ ਭਜਦਿਆਂ ਅਜਿਹੀਆਂ ਸੇਵਾਵਾਂ ਦਾ ਨਿੱਜੀਕਰਨ ਕਰ ਦਿੰਦੀਆਂ ਹਨ ਅਤੇ ਅਜਿਹੇ ਅਦਾਰਿਆਂ ਨੂੰ ਐਨ.ਜੀ.ਓਜ਼. ਨੂੰ ਦੇ ਹਵਾਲੇ ਕਰ ਦਿੰਦੀਆਂ ਹਨ। ਪਰ ਸਰਕਾਰਾਂ ਇਹਨਾਂ ਖੇਤਰਾਂ 'ਚ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਸਿਹਰਾ ਆਪਣੇ ਸਿਰ ਬੰਨ੍ਹਦੀਆਂ ਹਨ। ਸੰਯੁਕਤ ਰਾਸ਼ਟਰ ਵੱਲੋਂ ਉੱਪਰ ਬਿਆਨੀ ਪ੍ਰੀਭਾਸ਼ਾ 'ਚ ਹਰ ਸੰਸਥਾ/ਪਾਰਟੀ/ਟਰੇਡ ਯੂਨੀਅਨ ਆਦਿ ਨੂੰ ਇੱਕੋ ਰੱਸੇ ਬੰਨਿਆ ਗਿਆ ਹੈ। ਇੱਥੇ ਅਜਿਹਾ ਕਰਨ ਪਿੱਛੇ ਮਕਸਦ ਇਹ ਹੈ ਕਿ ਲੋਕਪੱਖੀ ਅਤੇ ਲੋਕ ਵਿਰੋਧੀ ਸੰਸਥਾਵਾਂ ਆਦਿ 'ਚ ਮੌਜੂਦ ਵਖਰੇਵੇਂ ਨੂੰ ਖਤਮ ਕੀਤਾ ਜਾਵੇ ਅਤੇ ਹਾਕਮ ਜਮਾਤਾਂ ਦੀ ਚਾਕਰੀ ਕਰਨ ਵਾਲੀਆਂ ਸੰਸਥਾਵਾਂ ਨੂੰ ਵੀ ਲੋਕ-ਭਲਾਈ ਸੰਸਥਾਵਾਂ ਵਜੋਂ ਸਥਾਪਤ ਕਰਕੇ ਆਮ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਇਆ ਜਾ ਸਕੇ। ਅਜਿਹਾ ਕਰਦਿਆਂ ਲੋਕਾਂ ਨੂੰ ਨਾਲ ਲੈ ਕੇ ਤੁਰਨ ਵਾਲੀਆਂ ਸੰਸਥਾਵਾਂ ਨੂੰ ਉਹਨਾਂ ਦੇ ਨਾਲ ਨੱਥੀ ਕਰਕੇ ਇਹਨਾਂ ਲੋਕ ਪੱਖੀ ਸੰਸਥਾਵਾਂ ਦੇ ਅਸਲ ਮਕਸਦਾਂ ਤੋਂ ਲੋਕਾਂ ਧਿਆਨ ਪਾਸੇ ਭਟਕਾਇਆ ਜਾਂਦਾ ਹੈ।

ਆਪਣਾ ਮਕਸਦ ਹੱਲ ਕਰਕੇ ਜਾਂ ਆਪਣੇ ਹੱਕ 'ਚ ਹੱਲ ਨਾ ਹੁੰਦਾ ਵੇਖ ਕੇ ਸਾਮਰਾਜੀ ਤਾਕਤਾਂ ਨੇ ਧਰਮਅਰਥ ਵਾਲੀਆਂ ਚੈਰੀਟੇਬਲ ਸੰਸਥਾਵਾਂ ਦੀ ਥਾਂ 'ਤੇ ਇੱਕ ਮਹੱਤਵਪੂਰਨ ਫੈਸਲਾ ਲੈਂਦਿਆਂ ਸਨ 1961 'ਚ ਅਮਰੀਕਾ ਵੱਲੋਂ ਇੱਕ ਸ਼ਾਂਤੀ ਸੈਨਾ ਦਾ ਗਠਨ ਕੀਤਾ ਗਿਆ। ਅਜਿਹਾ ਕਰਦਿਆਂ ਅਮਰੀਕਨ ਨੀਤੀ ਘਾੜਿਆਂ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਈਸਾਈ ਮਿਸ਼ਨਰੀਆਂ ਅਤੇ ਧਰਮ ਅਰਥ ਸੰਸਥਾਵਾਂ ਵੱਲੋਂ ਕੀਤੇ ਜਾਂਦੇ ਰਾਹਤ ਕਾਰਜ ਅਤੇ ਲੋਕ ਭਲਾਈ ਕੰਮਾਂ ਦੀਆਂ ਆਪਣੀਆਂ ਸੀਮਤਾਈਆਂ ਹਨ। ਮਿਸਾਲ ਦੇ ਤੌਰ 'ਤੇ ਸ਼ਾਂਤੀ ਸੈਨਾ ਦਾ ਗਠਨ ਕਰਨ ਲਈ ਬਣਨ ਵਾਲੀਆਂ ਹਾਲਤਾਂ ਦਾ ਜ਼ਿਕਰ ਕਰਦਿਆਂ ਇੱਕ ਅਮਰੀਕੀ ਵਿਦੇਸ਼ ਨੀਤੀ ਮਾਹਰ ਨੇ ਇਉਂ ਕਿਹਾ ਸੀ, "ਭੁੱਖਮਰੀ ਦੀ ਹਾਲਤ ਹੰਢਾ ਰਿਹਾ ਕੋਈ ਭੁੱਖਾ ਇੱਕ ਬਾਟੀ ਚਾਵਲਾਂ ਬਦਲੇ ਇਸਾਈ ਧਰਮ ਧਾਰਨ ਕਰਨ ਲਈ ਰਾਜ਼ੀ ਹੋ ਜਾਵੇਗਾ ਪਰ ਭੁੱਖ ਦੀ ਕੀਮਤ 'ਤੇ ਬਣਿਆਂ ਇਸਾਈ ਉਨ੍ਹੀ ਦੇਰ ਤੱਕ ਹੀ ਇਸਾਈ ਰਹੇਗਾ ਜਦੋਂ ਤੱਕ ਉਹ ਭੁੱਖਾ ਹੈ।"

(ਬਾਕੀ ਸਫ਼ਾ 28 'ਤੇ)

ਅੰਦਰ ਪੜ੍ਹੋ


- ਲੁਟੇਰਿਆਂ ਕਲਯੁਗੀ ਸ਼ਕਤੀਆਂ ਦੀਆਂ ਚਾਲਾਂ ਤੇ ਕੌਮਾਂ ਦਾ ਭੇੜ/5
- ਮੈਂ ਇਕ ਕਿਰਤੀ ਜਮਾਤ ਦਾ ਸੰਤਾਪ ਹੰਢਾਇਆ ਤੇ ਹੰਢਾ ਰਿਹਾ ਹਾਂ : ਗੱਗ/10
- ਮੈਂ ਕੈਨੇਡੀਅਨ ਕਿੱਦਾਂ ਬਣਿਆ/13
- ਸਿੱਖ ਧਰਮ, ਸਾਡਾ ਕਿਰਦਾਰ ਤੇ ਸਿਆਸੀ ਮੌਕਾਪ੍ਰਸਤੀ /22
- ਰੂਸੀ ਇਨਕਲਾਬ ਦੀ ਇਤਿਹਾਸਕਾਰੀ/32











SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com


MOTEL
For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
778-979-4948
sukhsports@gmail.com

Jagmohan Singh Dhudike
Winnipeg
204-421-1523

Parshotam Dosanjh
Surrey (BC)
604-512-8371

Rupinder Singh Kaler
Edmonton
780-807-6517

**Graphic Desinger**
Baljinder Singh
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



# ਕਿਰਤ ਦੇ ਮੁੱਲ 'ਚ ਅਣਸਾਵਾਂਪਨ : ਕਿਸਾਨ ਲਈ ਉਚਿਤ ਮੁੱਲ ਕਿਉਂ ਨਹੀਂ



ਨਰਭਿੰਦਰ
93544-30211

ਆਮ ਕਿਹਾ ਜਾਂਦਾ ਹੈ ਕਿ ਕਿਸਾਨ ਨੂੰ ਉਹਦੀ 'ਕਿਰਤ ਦਾ ਮੁੱਲ' ਨਹੀਂ ਮਿਲਦਾ। 'ਕਿਰਤ ਦਾ ਮੁੱਲ' ਇਕ ਵਿਗਿਆਨਕ ਫਾਰਮੂਲਾ ਹੈ। ਕਿਰਤ ਦਾ ਮੁੱਲ ਕਿਵੇਂ ਤਹਿ ਹੁੰਦਾ ਹੈ ਇਹਦਾ ਇਕ ਵਿਧੀ ਵਿਧਾਨ ਹੈ। ਹਰ ਮਨੁੱਖ ਨੂੰ ਦਿਨ ਭਰ ਵਿਚ ਕੰਮ ਦੇ ਬਦਲੇ ਮਿਲਣ ਵਾਲੀ ਮਿਹਨਤ ਦਾ ਮੁੱਲ ਉਹਦੇ ਪਰਿਵਾਰ ਨੂੰ ਪਾਲਣ ਪੋਸ਼ਣ ਦੇ ਹਿਸਾਬ ਨਾਲ ਪ੍ਰਾਪਤ ਹੋਣਾ ਚਾਹੀਦਾ ਹੈ ਅਤੇ ਇਸੇ ਅਨੁਸਾਰ ਹੀ ਤਹਿ ਹੋਣਾ ਚਾਹੀਦਾ ਹੈ। ਭਾਵ ਇਕ ਮਨੁੱਖ ਆਪਣੇ ਅਤੇ ਆਪਣੇ ਪਰਿਵਾਰ ਲਈ ਖੁਰਾਕ, ਘਰ, ਸਿਹਤ, ਵਿਦਿਆ ਆਦਿ ਸਮੇਤ ਜਿਊਣ ਲਈ ਹੋਰ ਬੁਨਿਆਦੀ ਲੋੜਾਂ ਦੀ ਪੂਰਤੀ ਕਰ ਸਕੇ। ਵੱਖ-ਵੱਖ ਦੇਸ਼ਾਂ ਵਿਚ ਇਹ ਮਾਪਦੰਡ ਆਪਣੇ ਹਿਸਾਬ ਨਾਲ ਤਹਿ ਹੈ। ਭਾਰਤ ਵਿਚ ਸੰਗਠਿਤ ਖੇਤਰ ਵਿਚ ਪੰਜ ਆਦਮੀਆਂ ਦੇ ਪਰਿਵਾਰ ਦੇ ਪੋਸ਼ਣ ਦੇ ਲਈ ਕੈਲਰੀਜ਼ (ਕਲੋਰੀਆ) ਦੇ ਆਧਾਰ ਉਤੇ ਕਿਰਤ ਮੁੱਲ ਨਿਰਧਾਰਤ ਹੁੰਦਾ ਹੈ। 2400 ਕਿਲੋ ਕਲੋਰੀਆ ਦੇ ਆਧਾਰ ਉਤੇ ਇਕ ਦਿਨ ਦੀ ਮਜ਼ਦੂਰੀ ਨਿਰਧਾਰਤ ਕੀਤੀ ਜਾਂਦੀ ਹੈ। ਪਰ ਇਹਦੇ ਨਾਲ ਹੀ ਪੂੰਜੀ ਦੇ ਬਾਜ਼ਾਰ 'ਚ ਇਕ ਹੋਰ ਮਾਪਦੰਡ ਵੀ ਰੱਖਿਆ ਜਾਂਦਾ ਹੈ। ਸਰੀਰਕ ਕਿਰਤ ਕਰਨ ਵਾਲੇ ਲਈ ਉਪਰੋਕਤ ਮਾਪਦੰਡ ਹੈ। ਪਰ ਜੇ ਕੁਸ਼ਲ (ਯੋਗਤਾ) ਮੁਹਾਰਤਾ ਹੈ ਤਾਂ ਇਹਦੇ ਲਈ ਉਹਦੀ ਯੋਗਤਾ ਮੁਤਾਬਕ ਵਧੇਰੇ ਮਜ਼ਦੂਰੀ ਅੰਗੀ (ਤਹਿ) ਕੀਤੀ ਜਾਂਦੀ ਹੈ। ਸਖ਼ਤ ਮਿਹਨਤ ਕਰਨ ਵਾਲੇ ਲਈ 2700 ਕਿਲੋ ਕਲੋਰੀਆ ਦੀ ਲੋੜ ਮੰਨੀ ਜਾਂਦੀ ਹੈ। ਉਦਯੋਗ ਜਗਤ ਕਿਸੇ ਵਸਤੂ ਦੇ ਉਤਪਾਦਨ ਦਾ ਮੁੱਲ ਨਿਰਧਾਰਤ ਕਰਨ ਸਮੇਂ ਕੰਮ ਕਰਨ ਵਾਲਿਆਂ ਦੀ ਮਜ਼ਦੂਰੀ ਲਾਗਤ ਖਰਚ, ਪ੍ਰਬੰਧਨ, ਐਧਰ ਉਧਰ ਲਿਜਾਣ ਦੇ ਖਰਚੇ ਜੋੜ ਕੇ ਇਨ੍ਹਾਂ ਸਭ ਦੇ ਨਾਲ ਮੁਨਾਫ਼ਾ ਵੀ ਜੋੜਦਾ ਹੈ ਜਿਸ ਨਾਲ ਉਦਯੋਗ ਨੂੰ ਇਕ ਉਤਪਾਦਕ ਦੇ ਨਾਤੇ ਆਮਦਨੀ ਹਾਸਲ ਹੁੰਦੀ ਹੈ। ਹਰੇਕ ਮਨੁੱਖ ਲਈ ਆਪਣੇ ਪਰਿਵਾਰ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੇ ਲਈ ਜਿਊਂਦੇ ਰਹਿਣ ਦੀ ਕੀਮਤ (ਭਾਵ ਜਿਊਣ ਲਈ ਲੋੜੀਂਦੀ ਰਾਸ਼ੀ ਮੁਤਾਬਕ ਮਿਹਨਤਾਨਾ) ਹਾਸਲ ਕਰਨਾ ਉਹਦਾ ਮੌਲਿਕ ਅਧਿਕਾਰ ਹੈ।

ਹੁਣ ਕਿਸਾਨ ਕਿਸ ਕੈਟੇਗਿਰੀ (ਮਦ) ਵਿਚ ਆਉਂਦਾ ਹੈ। ਕਿਸਾਨ ਇਕ ਕੁਸ਼ਲ (ਹੁਨਰੀ) ਮਜ਼ਦੂਰ, ਪ੍ਰਬੰਧਕ ਅਤੇ ਉਤਪਾਦਨ ਹੈ। ਖੇਤੀ ਜਿਥੇ ਸਰੀਰਕ ਕਿਰਤ ਦਾ ਕੰਮ ਹੈ, ਉਥੇ ਇਕ ਬੌਧਿਕ ਕਿਰਤ ਦੀ ਵੀ ਮੁਹਾਰਤਾ ਦਾ ਕਿੱਤਾ ਹੈ ਇਸ ਲਈ ਇਹ ਇਕ ਬੇਹੱਦ ਹੁਨਰੀ ਕੰਮ ਹੈ। ਉਤਪਾਦਨ ਦੇ ਪੂਰੇ ਪ੍ਰਚਰਣ ਵਿਚ ਹੁਨਰ, ਕਿਰਤ ਅਤੇ ਪ੍ਰਬੰਧਨ ਦਾ ਕੰਮ ਨਾਲ ਨਾਲ ਹੀ ਕਰਨਾ ਪੈਂਦਾ ਹੈ ਅਤੇ ਇਹ ਹੁਨਰ ਪੂਰੇ ਸਮਾਜ ਦੀ ਸਦੀਆਂ ਤੋਂ ਇੱਕਠੀ ਹੋਈ ਬੌਧਿਕਤਾ ਭਾਵ ਖੇਤੀ ਕਰਨ ਦੀ ਮੁਹਾਰਤਾ ਅਤੇ ਅਮਲੀ ਤਜਰਬੇ ਦੀ ਅਮੀਰੀ ਹੈ। ਇਹ ਗਿਆਨ ਕਈ ਡਿਗਰੀਆਂ ਨਾਲੋਂ ਉਚੇਰਾ ਹੈ। ਜਿੱਥੇ ਇਸ ਹੁਨਰ ਅਤੇ ਗਿਆਨ ਉਤੇ ਆਧਾਰਤ ਉਹ ਉਤਪਾਦਨ ਕਰਦਾ ਹੈ ਅਤੇ ਉਹਦੀ ਕਿਰਤ ਮਹਿਜ ਸਰੀਰਕ ਮਿਹਨਤ ਵਿਚ ਨਹੀਂ ਗਿਣੀ ਜਾ ਸਕਦੀ ਹੈ। ਉਹਦੇ ਹੁਨਰੀ ਕਿਰਤ ਕਾਮੇ ਦੇ ਤੌਰ 'ਤੇ ਬਣਦੀ ਮਜ਼ਦੂਰੀ ਦੀ ਸੁਰੱਖਿਆ ਤੇ ਗਰੰਟੀ ਕੋਈ ਕਿਸੇ ਰਾਜ ਦੀ ਜ਼ਿੰਮੇਵਾਰੀ ਹੈ। ਇਹ ਰਾਜ ਅਤੇ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਕਿਸੇ ਵੀ ਵਰਗ ਦੇ ਕਿਰਤੀ ਕਾਮੇ ਦੀ ਲੁੱਟ ਨਾ ਹੋਣ ਦੇਵੇ ਅਤੇ ਉਹਦੀ ਕਿਰਤ ਦੀ ਰਾਖੀ ਦੀ ਗਰੰਟੀ ਮੁਹੱਈਆ ਕਰਵਾਏ। ਭਾਰਤ ਦੇ ਸੰਵਿਧਾਨ ਦੀ ਧਾਰਾ 21, 23 38 (1), 38 (2), 39, 41, 43, 46, 47 ਲੋਕਾਂ ਦੇ ਇਸ ਅਧਿਕਾਰ ਦੀ ਜ਼ਾਮਨੀ (ਸ਼ਾਹਦੀ) ਵੀ ਭਰਦੀ ਹੈ। ਸੰਵਿਧਾਨ ਮੁਤਾਬਕ ਕਿਸੇ ਵੀ ਵਰਗ ਦੇ ਕਾਮੇ ਦੀ ਮਜ਼ਦੂਰੀ ਨਿਰਧਾਰਤ ਕਰਨ ਸਮੇਂ ਕਿਸੇ ਵੀ ਕਿਸਮ ਦਾ ਭੇਦ ਭਾਵ ਨਹੀਂ ਹੋਣਾ ਚਾਹੀਦਾ। ਸੰਵਿਧਾਨ ਵਿਚ ਇਹਦੀ ਆਗਿਆ ਨਹੀਂ ਹੈ।

ਹੁਣ ਵੇਖਿਆ ਜਾਵੇ ਤਾਂ ਸੱਤਵੇਂ ਤਨਖਾਹ ਕਮਿਸ਼ਨ ਨੇ ਸਰਕਾਰੀ ਕਰਮਚਾਰੀਆਂ ਦੀ ਬੇਸਿਕ (ਮੁਢਲੀ) ਮਜ਼ਦੂਰੀ ਕੈਲਰੀਜ਼ ਦੇ ਆਧਾਰ ਤਹਿ ਕੀਤੀ ਹੈ। ਬਹੁਤ ਛੋਟੇ ਹੇਠਲੇ ਕਰਮਚਾਰੀ ਦੇ ਵਰਗ ਦੀ ਸ਼ੁਰੂਆਤੀ ਤਨਖਾਹ ਪ੍ਰਤੀ ਮਹੀਨਾ 18000 ਨਿਰਧਾਰਤ ਕੀਤੀ ਗਈ ਹੈ। ਜਿਹੜੀ ਉਹਦੀ ਨੌਕਰੀ ਦੇ ਸਮੇਂ ਦੇ ਦੌਰਾਨ ਵਧਦੀ ਰਹਿੰਦੀ ਹੈ ਅਤੇ ਔਸਤਨ 24000 ਰੁਪਏ ਤੱਕ ਪਹੁੰਚ ਜਾਂਦੀ ਹੈ ਭਾਵ 800 ਰੁਪਏ ਪ੍ਰਤੀ ਦਿਨਾਂ ਜਿਵੇਂ ਜਿਵੇਂ ਕਰਮਚਾਰੀਆਂ ਦੇ ਵਰਗ (ਸ਼੍ਰੇਣੀ) ਵਧਦੀ ਜਾਂਦੀ ਹੈ, ਬਿਨਾਂ ਕਿਸੇ ਹਿਚਹਿਚਕਾਹਟ ਦੇ ਇਹਨੂੰ ਹੁਨਰਤਾ ਮੁਤਾਬਕ ਗੁਣਾ ਕਰਦਿਆਂ ਸਭ ਤੋਂ ਉਪਰਲੀ ਸ਼੍ਰੇਣੀ (ਵਰਗ) ਦੇ ਕਰਮਚਾਰੀ ਲਈ ਹੋਰ ਸਹੂਲਤਾਂ ਤੋਂ ਇਲਾਵਾ ਪ੍ਰਤੀ ਮਹੀਨਾ ਦੋ ਲੱਖ ਪੰਜਾਹ ਹਜ਼ਾਰ (250.000) ਭਾਵ 8300 ਰੁਪਏ ਪ੍ਰਤੀ ਦਿਨ ਦੀ ਮਜ਼ਦੂਰੀ ਮਿਲਦੀ ਹੈ। ਪਰਿਵਾਰਾਂ ਵਿਚ ਇਕ ਤੋਂ ਵੱਧ ਸਰਕਾਰੀ ਕਰਮਚਾਰੀ ਹੋਣ ਉਤੇ ਵੀ ਹਰ ਇਕ ਕਰਮਚਾਰੀ ਨੂੰ ਪੂਰੇ ਪਰਿਵਾਰ ਦੇ ਲਈ ਤਨਖਾਹ ਦਿੱਤੀ ਜਾਂਦੀ ਹੈ। ਭਾਵ ਇਹ ਕਿ ਇਕ ਸਰਕਾਰੀ ਕਰਮਚਾਰੀ ਦੀ ਤਨਖਾਹ ਸੈਟ ਕਰਨ ਲੱਗਿਆਂ ਇਕ ਪਰਿਵਾਰਕ ਇਕਾਈ ਨੂੰ ਆਧਾਰ ਮੰਨਿਆ ਜਾਂਦਾ ਹੈ ਅਤੇ ਜੇ ਪਰਿਵਾਰ ਦੇ ਦੋਵੇਂ ਭਾਵ ਪਤੀ+ਪਤਨੀ ਸਰਕਾਰੀ ਕਰਮਚਾਰੀ ਹਨ ਤਾਂ ਉਨ੍ਹਾਂ ਦੀ ਤਨਖਾਹ ਦਾ ਅਧਾਰ ਆਪੋ-ਆਪਣਾ ਪਰਿਵਾਰ ਬਣਦੇ ਹਨ ਭਾਵ ਪਰਿਵਾਰਾਂ ਦੀਆਂ ਇਕਾਈਆਂ ਦੋ ਬਣ ਜਾਂਦੀਆਂ ਹਨ। ਇਸ ਲਿਹਾਜ ਨਾਲ ਦੇਸ਼ ਦੀ ਇਕ ਕਰੋੜ (ਅੰਦਾਜ਼ਨ) ਨੌਕਰਸ਼ਾਹੀ ਜਿਹੜਾ ਆਬਾਦੀ ਦਾ ਚਾਰ ਫੀਸਦੀ ਹੀ ਬਣਦੀ ਹੈ, ਦੀ ਤਨਖਾਹ ਉਤੇ ਦੇਸ਼ ਵਿਚੋਂ ਉਗਰਾਹੇ ਟੈਕਸ ਦਾ ਲਗਭਗ 40 ਫੀਸਦੀ ਹਿੱਸਾ ਖਰਚ ਕੀਤਾ ਜਾਂਦਾ ਹੈ। ਰਾਜ ਸਰਕਾਰਾਂ ਦੇ ਬਜਟ ਦੀ ਵੀ ਇਹੋ ਹਾਲਤ ਹੈ। ਸਨਅਤਕਾਰਾਂ ਨੂੰ ਬਿਨਾਂ ਕਿਸੇ ਮਰਿਆਦਾ ਭਾਵ ਬੇਸ਼ਰਮੀ ਨਾਲ ਲਾਭ ਕਮਾਉਣ ਦੀ ਖੁੱਲ੍ਹੀ ਛੁੱਟੀ ਹੈ। ਉਹਦੇ ਉਤੇ ਕੋਈ ਕੰਟਰੋਲ ਨਹੀਂ। ਉਹ ਉਤਪਾਦਤ ਵਸਤ ਦੀ ਕੀਮਤ ਆਪਣੇ ਕੁੱਲ ਖਰਚਿਆਂ ਸਮੇਤ ਮੋਟਾ ਮੁਨਾਫ਼ਾ ਜੋੜ ਕੇ ਤਹਿਤ ਕਰਦੇ ਹਨ। ਇਹਦੇ ਨਾਲ ਨਾਲ ਉਹਨਾਂ ਨੂੰ ਇਨਸੈਨਟਿਵ (ਉਤਸ਼ਾਹਿਤ) ਭਾਵ ਬੋਨਸ ਜਾਂ ਛੋਟ ਦੇ ਨਾਂ ਉਤੇ ਹਰ ਸਾਲ ਲੱਖਾਂ ਕਰੋੜਾਂ ਰੁਪਈਆਂ ਦੇ ਟੈਕਸ ਮੁਆਫ਼ੀ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੇ ਕਰਜ਼ੇ ਜਿਹਨੂੰ ਉਹ ਸਮੇਂ ਸਿਰ ਜਾਂ ਬੇਈਮਾਨੀ ਨਾਲ ਅਦਾ ਨਹੀਂ ਕਰਦੇ ਅਤੇ ਜਿਹਨੂੰ ਬੈਂਕ ਐਨ.ਪੀ.ਏ. ਭਾਵ ਡੁੱਬਤ ਕਰਜ਼ਿਆਂ 'ਚ ਪਾ ਦਿੰਦੀ ਹੈ, ਦੀ ਵੀ ਛੋਟ ਦਿੱਤੀ ਜਾਂਦੀ ਹੈ। ਕੰਪਨੀਆਂ ਵਿਚ ਹੁਨਰੀ ਲੋਕਾਂ ਦੀ ਸੇਵਾ ਹਾਸਲ ਕਰਨ ਲਈ ਉਨ੍ਹਾਂ ਨੂੰ ਬਹੁਤ ਜ਼ਿਆਦਾ ਮਜ਼ਦੂਰੀ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਕਈ ਕੰਪਨੀਆਂ ਦੇ ਸੀ. ਈ. ਓ. ਭਾਵ ਮੁੱਖ ਪ੍ਰਬੰਧਕ ਅਫ਼ਸਰਾਂ ਦੀਆਂ ਤਨਖਾਹਾਂ ਦੇ ਸਲਾਨਾ ਜੋੜ ਤੇ 50 ਤੋਂ 80 ਕਰੋੜ ਜਾਂ ਇਸ ਤੋਂ ਵੀ ਵੱਧ ਬਣਦਾ ਹੈ। ਇਸ 'ਚ ਤਨਖਾਹ ਤੋਂ ਇਲਾਵਾ ਹੋਰ ਸਾਰੀਆਂ ਆਧੁਨਿਕ ਸਹੂਲਤਾਂ ਵੀ ਗਿਣੀ ਜਾਂਦੀਆਂ ਹਨ। ਸਨਅਤਾਂ ਵਿਚ ਗੈਰ ਸੰਗਠਿਤ ਕਾਮਿਆਂ ਦੇ ਪਰਿਵਾਰ ਦੇ ਦੋ ਲੋਕਾਂ ਦੀ ਇਕਾਈ ਮੰਨ ਕੇ ਘੱਟੋ ਘੱਟ ਉਜਰਤ ਕਾਨੂੰਨ ਦੇ ਅਨੁਸਾਰ ਹਰ ਦਿਨ ਦੀ 565 ਰੁਪਏ ਮਜ਼ਦੂਰੀ ਨਿਰਧਾਰਤ ਕੀਤੀ ਗਈ ਹੈ। ਜਿਹੜੀ ਲਗਭਗ ਸਲਾਨਾ ਇਕ ਲੱਖ ਤੇਤੀ ਹਜ਼ਾਰ ਰੁਪਏ ਬਣਦੀ ਹੈ।

ਪਰ ਇਕ ਅਫਸੋਸਨਾਕ ਪਹਿਲੂ ਹੈ ਕਿ ਜਿਸ ਦੇਸ਼ ਵਿਚ ਵੱਡੀ ਆਬਾਦੀ ਖੇਤੀ ਉਤੇ ਨਿਰਭਰ ਹੈ, ਲਈ ਕੋਈ ਮਾਪਦੰਡ ਨਿਰਧਾਰਤ ਨਹੀਂ। ਇਹ ਪੂੰਜੀ ਦੀ ਵਿਵਸਥਾ ਦੀ ਗ੍ਰਿਫਤ ਵਿਚ ਐਥੋਂ ਤੱਕ ਹੈ ਕਿ ਨਾ ਤਾਂ ਸਨਅਤਕਾਰਾਂ ਵਾਂਗੂੰ ਆਪਣੇ ਉਤਪਾਦਨ ਦੀ ਕੀਮਤ ਖੁਦ ਨਿਰਧਾਰਤ ਕਰ ਸਕਦਾ ਹੈ ਨਾ ਹੀ ਸਰਕਾਰ ਉਹਦੀ ਅਤੇ ਉਹਨੇ ਪਰਿਵਾਰ ਦੀ ਮਿਹਨਤ ਨੂੰ ਜਮ੍ਹਾਂ ਜੋੜ ਕਰਕੇ ਉਹਦੇ ਲਈ ਇਕ ਚੰਗੀ ਜੀਵਨ ਨਿਰਬਾਹ ਲਈ ਕੋਈ ਨਿਰਧਾਰਤ ਰਾਸ਼ੀ ਦੀ ਗਰੰਟੀ ਦਿੰਦੀ ਹੈ। ਜਿਵੇਂ ਅਸੀਂ ਕਿਹਾ ਹੈ ਕਿ ਇਕ ਕਿਸਾਨ ਹੁਨਰੀਕਾਮਾ, ਪ੍ਰਬੰਧਕ ਤੇ ਯੋਜਨਾ ਕਰਤਾ ਅਤੇ ਉਤਪਾਦਨ ਕਰਤਾ ਹੈ, ਪਰ ਇਹਦੇ ਬਾਵਜੂਦ ਵੀ ਪੂੰਜੀ ਦੀ ਮੰਡੀ ਉਹਦੀ ਯੋਗ ਕਿਰਤ ਦਾ ਮੁੱਲ ਤਾਂ ਕੀ ਇਕ ਗੈਰ ਸੰਗਠਤ ਕਾਮੇ ਦੀ ਮਜ਼ਦੂਰੀ ਅਦਾ ਕਰਨ ਲਈ ਵੀ ਪਾਬੰਦ ਨਹੀਂ। ਸਰੀਰਕ ਕਿਰਤ ਦੇ ਲਈ ਫਸਲਾਂ ਦੀਆਂ ਜਿਹੜੀਆਂ ਘੱਟੋ ਘੱਟ ਸਮਰਥਕ ਕੀਮਤਾਂ ਹਨ (M.S.P.) ਵਿਚ ਪ੍ਰਤੀ ਦਿਨ 92 ਰੁਪਏ ਮਜ਼ਦੂਰੀ ਹੀ ਤਹਿ ਕੀਤੀ ਗਈ ਹੈ। ਜਦੋਂ ਸਰਕਾਰਾਂ ਨੇ ਘੱਟੋ ਘੱਟ ਸਮਰਥਨ ਮੁੱਲ ਤੋਂ ਟਾਲਾ ਵੱਟ ਲਿਆ ਅਤੇ ਕਿਸਾਨ ਖੁੱਲ੍ਹੀ ਪੂੰਜੀ ਦੀ ਮੰਡੀ ਦੀ ਗ੍ਰਿਫ਼ਤ 'ਚ ਆ ਗਿਆ ਤਾਂ ਉਹਦੇ ਲਈ ਇਕ 92 ਰੁਪਏ ਦੀ ਦਿਹਾੜੀ ਦੀ ਵੀ ਗਰੰਟੀ ਨਹੀਂ ਰਹਿੰਦੀ। 92 ਰੁਪਏ ਦਿਹਾੜੀ ਦਾ ਮਤਲਬ ਹੈ ਸਲਾਨਾ 33580 ਅਤੇ ਇਕ ਗੈਰ ਸੰਗਠਤਿ ਕਾਮੇ ਲਈ ਲਿਰਯਾਤ ਮਜ਼ਦੂਰੀ ਇਕ ਲੱਖ ਤੇਤੀ ਹਜ਼ਾਰ ਸਲਾਨਾ ਇਕ ਚੌਥੇ ਦਰਜੇ ਦੇ ਸਰਕਾਰੀ ਕਰਮਚਾਰੀ ਲਈ 18000 ਮਾਸਿਕ ਦੇ ਹਿਸਾਬ ਨਾਲ 2 ਲੱਖ 16000 ਰੁਪਏ ਸਲਾਨਾ ਅਤੇ ਇਕ ਉਚ ਅਫ਼ਸਰ ਦੀ ਤਨਖਾਹ 2 ਲੱਖ 50 ਹਜ਼ਾਰ ਮਾਸਿਕ ਤੇ 30 ਲੱਖ ਸਲਾਨਾ ਇਕ ਕੰਪਨੀ ਦੇ ਸੀ. ਈ. ਓ. ਦੀ ਸਲਾਨਾ ਤਨਖਾਹ ਕਈ ਕਰੋੜਾਂ 'ਚ। ਇਹ ਸਮਾਜਿਕ ਵਖਰੇਵਾਂ ਇਕ ਸਮਾਜਿਕ ਭੇਦ ਭਾਵ, ਇਕ ਸਮਾਜਿਕ ਅਨਿਆਂ, ਇਕ ਪੂੰਜੀ ਦੀ ਗ੍ਰਿਫ਼ਤ 'ਚ ਆਏ ਪ੍ਰਬੰਧ ਤੇ ਸਮਾਜ ਦੀ ਬੇਕਿਰਕ ਤਸਵੀਰ ਹੈ।

ਵੇਖਿਆ ਜਾਵੇ ਤਾਂ ਕਿਸਾਨ ਜਿਹੜੀ ਸੇਵਾ ਨਿਭਾਉਂਦਾ ਹੈ ਉਹ ਉਪਰੋਕਤ ਸਾਰੇ ਵਰਗਾਂ ਅਤੇ ਸਮੇਤ ਸਰਹੱਦਾਂ 'ਤੇ ਰਾਖੀ ਕਰਨ ਵਾਲੇ ਫੌਜੀਆਂ ਨਾਲੋਂ ਵੀ ਬਹੁਮੁੱਲੀ ਅਤੇ ਜ਼ਰੂਰੀ ਹੈ ਜਿਸ ਨੂੰ ਸਖ਼ਤ ਮਿਹਨਤ ਦੇ ਬਾਵਜੂਦ ਘੱਟ-ਘੱਟ ਮਜ਼ਦੂਰੀ ਵੀ ਹਾਸਲ ਨਹੀਂ ਹੋ ਰਹੀ। ਉਹਨੂੰ ਜਿਹੜੀ ਮਜ਼ਦੂਰੀ ਮਿਲਦੀ ਹੈ ਉਹ ਪਰਿਵਾਰਕ ਉਪਜੀਵਕਾ ਦੀਆਂ ਘੱਟੋ-ਘੱਟ ਲੋਕਾਂ ਦੀ ਪੂਰਤੀ ਤੋਂ ਹੀ ਘੱਟ ਹੈ। ਇਹ ਗਰੀਬੀ ਰੇਖਾ ਤੋਂ ਘੱਟ ਹੈ। ਦੇਸ਼ ਵਿਚ ਕਿਸੇ ਵੀ ਕੰਮ ਲਈ ਮਿਲਣ ਵਾਲੀ ਮਜ਼ਦੂਰੀ ਵਿਚੋਂ ਸਭ ਤੋਂ ਘੱਟ ਹੈ। ਇਹ ਇਸ ਦੇਸ਼ ਦੇ ਉਸ ਸੰਵਿਧਾਨ ਤੇ ਸੰਵਿਧਾਨਕ ਅਧਿਕਾਰਾਂ, ਜਿਹੜੇ ਨਾਗਰਿਕ ਨੂੰ ਹਾਸਲ ਹਨ, ਸਮੇਤ ਕਾਨੂੰਨ ਅਤੇ ਘੱਟੋ-ਘੱਟ ਕਿਰਤ ਕਾਨੂੰਨ (ਮਿਨੀਅਮ ਵੇਜ਼ ਐਕਟ) ਦੀ ਵੀ ਉਲੰਘਣਾ ਹੈ।

ਭਾਰਤ ਦੇ ਨਾਗਰਿਕਾਂ ਦੀ ਮਜ਼ਦੂਰੀ ਵਿਚਕਾਰ ਐਨਾ ਵੱਡਾ ਪਾੜਾ ਭੇਦ ਭਾਵ ਸੰਵਿਧਾਨ ਮੁਤਾਬਕ ਦਰੁਸਤ ਨਹੀਂ। ਜੇ ਸੰਵਿਧਾਨ ਮੁਤਾਬਕ ਹਰ ਇਕ ਵਿਅਕਤੀ ਬਰਾਬਰ ਹੈ ਤਾਂ ਬਰਾਬਰਤਾ ਦੇ ਆਧਾਰਤ ਉਤੇ ਮਿਹਨਤ ਦਾ ਮੁੱਲ ਮਿਲਣਾ ਚਾਹੀਦਾ ਹੈ। ਕਿਰਤ ਦੀ ਕੀਮਤ ਨਿਰਧਾਰਤ ਕਰਨ ਸਮੇਂ, ਸਰੀਰਕ ਤੇ ਬੌਧਿਕ ਕਿਰਤ, ਜਥੇਬੰਦ ਅਤੇ ਗੈਰ ਜਥੇਬੰਦ, ਆਦਮੀ ਅਤੇ ਔਰਤ ਆਦਿ ਦਾ ਭੇਦ ਭਾਵ ਅਨਿਆਂਪੂਰਨ ਹੈ। ਸਰਕਾਰ ਨੂੰ ਬਰਾਬਰ ਦੇ ਕੰਮ ਲਈ ਬਰਾਬਰ ਦੀ ਮਜ਼ਦੂਰੀ ਦੇਣ ਦੀ ਸੰਵਿਧਾਨਕ ਜ਼ਿੰਮੇਵਾਰੀ ਪੂਰੀ ਕਰਨੀ ਚਾਹੀਦੀ ਹੈ। ਅਜੇ ਤੱਕ, ਰੋਜ਼ਗਾਰ ਦੇ ਹਰ ਖੇਤਰ ਵਿਚ ਪਰਿਵਾਰ ਦੀ ਉਪਜੀਵਕਾ ਦੇ ਲਈ ਘੱਟੋ ਘੱਟ ਮਜ਼ਦੂਰੀ ਸੁਨਿਸ਼ਚਿਤ ਹੀ ਨਹੀਂ ਕੀਤੀ ਗਈ।

ਇਹ ਪੂੰਜੀਵਾਦੀ ਅਨਿਆਂਸ਼ੀਲ ਪ੍ਰਬੰਧ ਬਹੁਤ ਸਾਰੇ ਗੈਰ ਵਾਜਿਬ ਤਰਕਾਂ ਉਤੇ ਖਲੋਤਾ ਹੈ। ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਵਧਾਉਣ ਸਮੇਂ ਇਹ ਕਿਹਾ ਜਾਂਦਾ ਹੈ ਕਿ ਗੁਣਾਂ ਅਤੇ ਹੁਨਰਾਂ ਦੇ ਆਧਾਰਤ ਤਨਖਾਹਾਂ ਨਾ ਦੇਣ ਨਾਲ ਬੁੱਧੀਮਾਨ ਲੋਕ ਸਰਕਾਰ ਵਿਚ ਨਹੀਂ ਆਉਣਗੇ। ਵਿਦੇਸ਼ ਜਾਂ ਨਿੱਜੀ ਪੂੰਜੀ ਵਾਲੀ ਕੰਪਨੀਆਂ ਵਿਚ ਚਲੇ ਜਾਣਗੇ। ਉਦਯੋਗ ਜਗਤ ਦੀ ਮੁੱਖ ਪ੍ਰੇਰਣਾ-ਮੁਨਾਫ਼ਾ ਮੰਨ ਕੇ ਮਾਲਕਾਂ ਨੂੰ ਲਾਭ ਕਮਾਉਣ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ। ਇਥੋਂ ਤੱਕ ਹੀ ਨਹੀਂ ਉਨ੍ਹਾਂ ਨੂੰ ਰਿਆਇਤਾਂ ਦੇਣਾ ਵਿਕਾਸ ਦੇ ਲਈ ਜ਼ਰੂਰੀ ਮੰਨਿਆ ਗਿਆ ਹੈ। ਖੇਤੀ ਨੂੰ ਛੱਡ ਕੇ ਬਾਕੀ ਸਾਰੀਆਂ ਵਸਤੂਆਂ ਦੀਆਂ ਕੀਮਤਾਂ ਉਤਪਾਦਕ ਹੀ ਤਹਿ ਕਰਦੇ ਹਨ ਅਤੇ ਵੇਚਦੇ ਹਨ। ਕਿਸਾਨ ਆਪਣੇ ਉਤਪਾਦਨ ਦੀਆਂ ਕੀਮਤਾਂ ਤਹਿ ਕਰਨ ਤਾਂ ਵੀ ਉਹ ਇਕ ਅਜਿਹੀ ਵਿਵਸਥਾ ਦਾ ਸ਼ਿਕਾਰ ਹੈ, ਜਿਸਨੂੰ ਪੂੰਜੀ ਦੀ ਸਰਦਾਰੀ ਵਾਲਾ ਮੰਡੀਕਰਨ ਪ੍ਰਬੰਧ ਕਿਹਾ ਜਾਂਦਾ ਹੈ-ਕਿ ਉਹਨੂੰ ਮਜ਼ੂਰਨ, ਖ੍ਰੀਦਣ ਵਾਲਾ ਜਿਹੜੀ ਕੀਮਤ ਦੇਵੇਗਾ ਉਸੇ ਵਿਚ ਵੇਚਣਾ ਪਵੇਗਾ ਅਤੇ ਪੈਂਦਾ ਹੀ ਹੈ। ਉਹਦੇ ਕੋਲ ਦੂਸਰਾ ਕੋਈ ਬਦਲ ਨਹੀਂ ਰੱਖਿਆ ਗਿਆ। ਫਸਲਾਂ ਦੇ ਵਾਜਬ ਭਾਅ ਦੇਣ ਦੀ ਜਦੋਂ ਮੰਗ ਉਠਦੀ ਹੈ ਤਾਂ ਸਰਕਾਰ ਕੋਲ ਤੇ ਪੂਰੇ ਪ੍ਰਬੰਧ ਕੋਲ ਇਹ ਦਲੀਲ ਹੁੰਦੀ ਹੈ ਇਸ ਨਾਲ ਮਹਿੰਗਾਈ ਵਧੇਗੀ ਅਤੇ ਇਕ ਗਾਹਕ ਦੇ ਰੂਪ ਵਿਚ ਕਿਸਾਨ ਨੂੰ ਵੀ ਮਹਿੰਗਾ ਖਰੀਦਣਾ ਪਵੇਗਾ। ਇਸ ਗੈਰ ਵਾਜਿਬ ਤਰਕ ਦੇ ਆਧਾਰਤ ਉਤੇ ਉਹਨੂੰ ਉਹਦੀ ਕਿਰਤ ਦਾ ਮੁੱਲ ਦੇਣ ਦੇ ਲਈ ਅੱਜ ਤੱਕ ਕੋਈ ਵਿਵਸਥਾ ਨਹੀਂ ਬਣਾਈ ਗਈ। ਜਦੋਂ ਕਿਸਾਨ ਜਿਹੜੀਆਂ ਵਸਤਾਂ ਦਾ ਉਪਭੋਗ ਕਰਦਾ ਹੈ ਜਿਸ 'ਚ ਰਸਾਇਣਕ ਖਾਦਾਂ ਅਤੇ ਕੀੜੇ ਮਾਰ ਦਵਾਈਆਂ ਜਾਂ ਮਸ਼ੀਨਰੀ ਹੈ ਉਤੇ ਇਹ ਕਦੇ ਲਾਗੂ ਨਹੀਂ ਹੋਇਆ ਨਾ ਹੋਵੇਗਾ।

ਕਿਸਾਨ ਦੀ ਕਿਰਤ ਦੀ ਲੁੱਟ ਕਰਕੇ ਦੇਸ਼ ਵਿਚ ਕੀਮਤਾਂ ਸਥਿਰ ਰੱਖਣ ਦਾ ਸਰਕਾਰ ਨੂੰ ਕੋਈ ਅਧਿਕਾਰ ਨਹੀਂ। ਸੰਵਿਧਾਨਕ ਮਰਿਆਦਾ ਤਾਂ ਘੱਟੋ-ਘੱਟ ਇਹੋ ਰਹਿੰਦੀ ਹੈ ਪਰ ਸੰਵਿਧਾਨ ਦੇ ਹੇਠਾਂ ਪੂਰੀ ਵਿਵਸਥਾ ਵਿਸ਼ੇਸ਼ ਕਰਕੇ ਅਰਥ ਵਿਵਸਥਾ ਜਿਸ 'ਚ ਪੂੰਜੀ ਤੇ ਮੁਨਾਫ਼ੇ ਦਾ ਬੋਲਬਾਲਾ ਹੈ, ਇਕ ਲੁਟੇਰਾ ਪ੍ਰਬੰਧ ਹੈ ਅਤੇ ਕਿਸਾਨ ਇਸੇ ਬੇਕਿਰਕ ਪੂੰਜੀਵਾਦੀ ਪ੍ਰਬੰਧ ਦੀ ਗ੍ਰਿਫ਼ਤ ਵਿਚ ਹੈ। ਉਧਰ ਸੰਵਿਧਾਨ ਵਿਚ ਜੇ ਸਾਰੇ ਨਾਗਰਿਕ ਬਰਾਬਰ ਹਨ ਅਤੇ ਸਭ ਨੂੰ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣੇ ਚਾਹੀਦੇ ਹਨ, ਦੇ ਪਰਿਵਚਨ ਹਨ ਤਾਂ ਬਾਕੀ ਸਮੁੱਚੇ ਸੰਵਿਧਾਨ ਦਾ ਤਾਣਾ ਬਾਣਾ ਤੇ ਕਾਨੂੰਨ ਸੰਹਿਤਾ ਲੁਟੇਰੇ ਪੂੰਜੀ ਦੇ ਪ੍ਰਬੰਧ ਦੀ ਰਾਖੀ ਕਰਦਾ ਹੈ ਅਤੇ ਉਸੇ ਨੂੰ ਹੀ ਪ੍ਰਫੁੱਲਤ ਕਰਨ ਦੀ ਵਚਨਬੱਧਤਾ ਪਾਲਦਾ ਹੈ। ਭਾਵ ਦੇਸ਼ ਦਾ ਸੰਵਿਧਾਨ ਆਪਣੇ ਹੀ ਦੇਸ਼ ਦੇ ਨਾਗਰਿਕਾਂ ਦੇ ਪ੍ਰਤੀ ਦੋਹਰਾ ਪੈਮਾਨਾ ਰੱਖਦਾ ਹੈ। ਪੂਰਾ ਪ੍ਰਬੰਧ ਕਿਸਾਨ ਤੋਂ ਮੁਫ਼ਤ ਸੇਵਾ ਲੋਚਦਾ ਹੈ ਅਤੇ ਇਸ ਮੰਤਵ ਲਈ ਅਜਿਹੀ ਹੀ ਅਰਥ ਵਿਵਸਥਾ ਦਾ ਤਾਣਾ ਬਾਣਾ ਸਿਰਜਿਆ ਹੈ ਜਿਸ ਦੀਆਂ ਗੁੰਝਲਾਂ ਨੂੰ ਕਿਸਾਨ ਬੁੱਝਣ ਤੋਂ ਅਸਮਰਥ ਹੈ ਅਤੇ ਉਹਦੇ ਲਈ ਜਦੋਂ ਜ਼ਿੰਦਗੀ ਦਾ ਕੋਈ ਰਾਹ ਨਾ ਮਿਲੇ ਤਾਂ ਖੁਦਕਸ਼ੀ ਦੀ ਮਜਬੂਰੀ ਹੀ ਬਚਦੀ ਹੈ। ਮਜ਼ਬੂਰਨ ਖੁਦਕਸ਼ੀ ਵੱਲ ਧੱਕਣ ਵਾਲਾ ਇਹੋ ਪ੍ਰਬੰਧ ਹੈ ਜਿਸ ਦੇ ਅੱਗੇ ਖੁਦਕਸ਼ੀ ਕਰਕੇ ਕਿਸਾਨ ਆਤਮ ਸਮਰਪਣ ਕਰ ਦਿੰਦਾ ਹੈ ਅਤੇ ਮੌਤ ਨੂੰ ਗਲੇ ਲਾ ਲੈਂਦਾ ਹੈ।

ਕਿਸਾਨ ਜੇ ਇਸ ਪ੍ਰਬੰਧ ਖਿਲਾਫ਼ ਉਠ ਪੈਂਦਾ ਹੈ ਤਾਂ ਵੀ ਬੰਦੂਕ ਦੀ ਗੋਲੀ ਨਾਲ ਉਹਦੀ ਮੌਤ ਹੈ ਅਤੇ ਜੇ ਆਤਮ ਸਮਰਪਣ ਕਰਦਾ ਹੈ ਤਾਂ ਵੀ ਖੁਦਕਸ਼ੀ ਨਾਲ ਉਹਦੀ ਮੌਤ ਹੈ। ਵੈਸੇ ਵੀ ਕਾਰਪੋਰੇਟੀ ਪੂੰਜੀ ਦਾ ਆਲ ਜੰਜਾਲ ਅਤੇ ਨੀਤੀ ਇਹੋ ਹੈ ਕਿਸਾਨ ਮਰੇ ਅਤੇ ਜ਼ਮੀਨ ਤੋਂ ਬਾਹਰ ਹੋਵੇ। ਸਰਕਾਰਾਂ ਜਾਂ ਵਿਵਸਥਾ ਕਿਸਾਨ ਨੂੰ ਜ਼ਿੰਦਗੀ ਅਤੇ ਇਕ ਨਾਗਰਿਕ ਦੀ ਸ਼ਾਨਾਮਤੀ ਜ਼ਿੰਦਗੀ ਦੇਣ ਲਈ ਨਾ ਤਤਪਰ ਹਨ ਨਾ ਹੀ ਉਹਨਾਂ ਕੋਲ ਕੋਈ ਯੋਜਨਾ ਹੈ ਅਤੇ ਨਾ ਹੀ ਅਜੋਕੀ ਕਾਰਪੋਰੇਟੀ ਪੂੰਜੀ ਜਿਹਦੀ ਉਹ ਗ੍ਰਿਫਤ ਵਿਚ ਹੈ ਉਸ ਤੋਂ ਕੋਈ ਆਸ ਰੱਖਣੀ ਚਾਹੀਦੀ ਹੈ। ਸਰਕਾਰਾਂ ਤੇ ਪ੍ਰਬੰਧ ਕੋਲ ਤਾਂ ਇਸ ਤੇ ਵਿਚਾਰ ਕਰਨ ਦਾ ਹੀ ਸਮਾਂ ਨਹੀਂ। ਹਾਂ ਉਹ ਆਤਮ ਹੱਤਿਆ ਕਰਨ ਉਤੇ ਪੰਜ ਲੱਖ ਰੁਪਏ ਦੇ ਸਕਦੀਆਂ ਹਨ ਅਤੇ ਗੋਲੀ ਨਾਲ ਮਰੇ ਕਿਸਾਨ ਨੂੰ 10 ਲੱਖ ਤੋਂ 50 ਲੱਖ ਤੱਕ ਦੇ ਸਕਦੀਆਂ ਹਨ ਪਰ ਉਹਦੀ ਕਿਰਤ ਦੀ ਵਾਜਬ ਕੀਮਤ ਤਹਿ ਕਰਨਾ ਅਤੇ ਦੇਣਾ ਸਰਕਾਰਾਂ ਤੇ ਪ੍ਰਬੰਧ ਦੇ ਏਜੰਡੇ ਉਤੇ ਹੀ ਨਹੀਂ।

ਕਿਸਾਨ ਦੀ ਕਿਰਤ ਦੇ ਵਾਜਬ ਮੁੱਲ (ਕੀਮਤ) ਦੀ ਲੜਾਈ ਨੂੰ ਕੇਂਦਰ 'ਚ ਰੱਖ ਕੇ ਕਿਸਾਨ ਨੂੰ ਲੜਾਈ ਅੱਗੇ ਵਧਾਉਣੀ ਪਵੇਗੀ। ਸਵਾਲ ਫਸਲਾਂ ਦੇ ਭਾਅ ਵਧਣ ਨਾਲ ਹੱਲ ਹੋਣ ਵਾਲਾ ਨਹੀਂ ਕਿਸਾਨ ਜਿਹੜਾ ਇਕ ਸਰੀਰਕ ਬੌਧਿਕ ਤੇ ਪ੍ਰਬੰਧਨ ਦੇ ਕੰਮ ਕਰਨ ਵਾਲਾ ਇਕ ਹੁਨਰੀ ਕਾਮਾ ਹੈ, ਲਈ ਯੋਗ ਕਿਰਤ ਦੀ ਕੀਮਤ ਉਵੇਂ ਹੀ ਨਿਰਧਾਰਤ ਹੋਣੀ ਚਾਹੀਦਾਹੈ ਜਿਵੇਂ ਕਿ ਹੋਰ ਹੁਨਰੀ ਅਤੇ ਗੈਰ ਹੁਨਰੀ ਕਾਮਿਆਂ ਲਈ ਸੁਨਿਸ਼ਚਿਤ ਕੀਤੀ ਜਾਂਦੀ ਹੈ। ਭਾਰਤ ਵਿਚ ਕਿਰਤ ਦੇ ਖੇਤਰ ਵਿਚ ਕਿਰਤ ਦੀ ਕੀਮਤ ਦਰਮਿਆਨ ਜਿਹੜਾ ਵੱਡਾ ਪਾੜਾ ਹੈ ਉਹਨੂੰ ਕਿਹੜਾ ਪ੍ਰਬੰਧ ਘਟਾ ਸਕਦਾ ਹੈ, ਭਾਵ ਕਿਹੜੀ ਅਰਥ ਵਿਵਸਥਾ ਮੁਹੱਈਆ ਕਰਵਾ ਸਕਦੀ ਹੈ ਉਸ ਅਰਥ ਵਿਵਸਥਾ ਨੂੰ ਅਪਣਾਉਣਾ ਪਵੇਗਾ। ਮੌਜੂਦਾ ਮੁਕਾਬਲੇ ਵਾਲੀ ਕਾਰਪੋਰੇਟੀ ਪੂੰਜੀ ਦੀ ਵਿਵਸਥਾ 'ਚ ਕਿਸਾਨ ਦੀ ਕਿਰਤ ਦਾ ਵਾਜਬ ਮੁੱਲ ਮਿਲਣਾ ਸੰਭਵ ਨਹੀਂ। ਅਜਿਹੀ ਵਿਵਸਥਾ ਜਿਹੜੀ ਕਿਸਾਨ ਲਈ ਨਿਰਧਾਰਤ ਆਮਦਨ ਤਹਿ ਕਰੇ ਜਿਸ ਵਿਚ ਉਹ ਆਪਣੇ ਪਰਿਵਾਰ ਲਈ ਇਕ ਚੰਗੇਰੀ ਜ਼ਿੰਦਗੀ ਜਿਊਣ ਦੇ ਕਾਬਲ ਹੋ ਸਕੇ, ਜਿਹੜੀ ਉਹਨੂੰ ਕਰਜ਼ਿਆਂ ਸਮੇਤ ਮੰਡੀ ਦੇ ਜਾਲ੍ਹ ਤੋਂ ਮੁਕਤ ਕਰ ਸਕੇ। ਮੌਜੂਦਾ ਖੇਤੀ ਫਸਲਾਂ ਦੀ ਕੀਮਤ ਦੀ ਸ਼ਾਸਤਰੀ ਪ੍ਰਣਾਲੀ ਦਾ ਮੁਲਾਂਕਣ ਹੋਣਾ ਚਾਹੀਦਾ ਹੈ ਅਤੇ ਫਸਲਾਂ ਦੇ ਭਾਅ ਨਿਰਧਾਰਤ ਕਰਨ ਨਾਲੋਂ, ਖੇਤੀ ਉਪਜਦੀ ਬਦਲਵੀਂ ਕੋਈ ਯੋਜਨਾ ਹੋਣੀ ਚਾਹੀਦੀ ਹੈ, ਜਿਸ ਵਿਚ ਦੇਸ਼ ਦੀ ਇਸ ਖੇਤਰ ਵਿਚ ਲੱਗੀ 70 ਫੀਸਦੀ ਆਬਾਦੀ ਦੀ ਸ਼ਾਨਾਮੱਤੀ ਜ਼ਿੰਦਗੀ ਦੀ ਵਿਵਸਥਾ ਦੀ ਗਰੰਟੀ ਹੋਵੇ। ਕਿਸਾਨਾਂ ਨੂੰ ਇਸ ਪ੍ਰਬੰਧ ਕੋਲੋਂ ਖੈਰਾਤਾਂ ਮੰਗਣ ਦੀ ਲੜਾਈ ਦੀ ਥਾਂ ਇਕ ਸ਼ਾਨਾਮਤੀ ਅਤੇ ਬਰਾਬਰ ਦੇ ਨਾਗਰਿਕ ਅਧਿਕਾਰ ਦੇ ਹੇਠ ਆਪਣੀ ਯੋਗ ਕਿਰਤ ਦੇ ਮੁੱਲ ਦੀ ਲੜਾਈ ਨੂੰ ਅੱਗੇ ਰੱਖਦਿਆਂ ਇਕ ਸ਼ਾਨਾਮਤੀ ਜ਼ਿੰਦਗੀ (ਜਿਸ 'ਚ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਦੀ ਗਰੰਟੀ ਹੋਵੇ) ਜਿਊਣ ਦੀ ਲੜਾਈ ਵੱਲ ਰੁਖ ਕਰਨਾ ਚਾਹੀਦਾ ਹੈ। ਉਹ ਦੀ ਅਜੋਕੀ ਹਾਲਤ ਤੋਂ ਮੁਕਤ ਅਜੋਕੀ ਕਾਰਪੋਰੇਟੀ ਪੂੰਜੀ ਤੋਂ ਮੁਕਤੀ ਬਿਨਾਂ ਸੰਭਵ ਨਹੀਂ। ਭਾਵ ਜਿੰਨਾ ਚਿਰ ਆਰਥਿਕਤਾ ਅਤੇ ਸਮਾਜ ਵਿਚ ਅਣਸਾਵੀਪਨ ਹੈ, ਗੈਰ ਬਰਾਬਰੀ ਹੈ ਕਿਸਾਨ ਨੂੰ ਕਿਰਤ ਦਾ ਮੁੱਲ ਮਿਲਣਾ ਸੰਭਵ ਨਹੀਂ।

ਗੁਰਮੇਲ ਢਿਲੋਂ (ਬਰਗਾੜੀ)

# ਲੁਟੇਰਿਆਂ ਕਲਯੁਗੀ ਸ਼ਕਤੀਆਂ ਦੀਆਂ ਚਾਲਾਂ ਤੇ ਕੌਮਾਂ ਦਾ ਭੇੜ

ਜਿਵੇਂ ਜਿਵੇਂ ਮਨੁੱਖੀ ਭਾਈਚਾਰੇ ਨੇ ਤਰਕੀ ਦੀਆਂ ਮੰਜਲਾਂ ਤੈਅ ਕੀਤੀਆਂ, ਉਵੇਂ ਉਵੇਂ ਜੁਗ ਬਦਲੀਆਂ ਹੋਈਆਂ। ਕਬੀਲਾਦਾਰੀ ਜੁਗ ਤੋਂ ਬਾਅਦ ਜਗੀਰਦਾਰੀ, ਜੋ ਅਗੋਂ ਰਜਵਾੜਾਸ਼ਾਹੀ ਵਿਚ ਬਦਲ ਗਈ। ਇਸ ਤੋਂ ਬਾਅਦ ਆਇਆ ਸਰਮਾਏਦਾਰੀ ਜੁਗ, ਜਿਸ ਵਿਚ ਸਾਇੰਸ ਨੇ ਬੜੀ ਤਰੱਕੀ ਕੀਤੀ। ਇਸ ਵਿਚ ਮਨੁੱਖੀ ਦਿਮਾਗ ਨੇ ਨਵੀਆਂ ਨਵੀਆਂ ਕਾਢਾਂ ਕੱਢੀਆਂ, ਮਸ਼ੀਨਾਂ ਬਣਾਈਆਂ, ਜਿਨਾਂ ਦੀ ਮਦਦ ਨਾਲ ਮਨੁੱਖ ਅਪਨੀ ਸ਼ੱਕਤੀ ਤੋਂ ਕਈ ਗੁਣਾ ਵੱਧ ਕੰਮ ਕਰਨ ਲੱਗ ਪਿਆ। ਵੱਡੇ ਵੱਡੇ ਕਾਰਖਾਨੇ ਸਥਾਪਤ ਹੋ ਗਏ, ਜਿਨਾਂ ਵਿਚ ਹਜਾਰਾਂ ਮਜਦੂਰ ਕੰਮ ਕਰਨ ਲਗੇ। ਕਾਰਖਾਨਿਆਂ ਦੇ ਮਾਲਕਾਂ ਨੂੰ ਬਹੁਤ ਮੁਨਾਫੇ ਹੋਏ ਤੇ ਉਨਾਂ ਕੋਲ ਸਰਮਾਇਆ ਇਕਠਾ ਹੋਣ ਲਗਾ। ਇਨਾਂ ਕੋਲ ਸਰਮਾਇਆ ਇਕਠਾ ਹੋਣ ਤੇ ਰਜਵਾੜਾ ਸ਼ਾਹੀ ਨੇ ਇਹਨਾਂ ਤੇ ਭਾਰੀ ਟੈਕਸ ਲਾ ਕੇ ਇਨਾਂ ਦੇ ਕੰਮ ਵਿਚ ਅੜਿਕੇ ਖੜੇ ਕਰਨੇ ਸ਼ੁਰੂ ਕਰ ਦਿਤੇ। ਸਰਮਾਏਦਾਰੀ ਦੀ ਪਹਿਲੀ ਟੱਕਰ ਫਰਾਂਸ ਵਿਚ ਹੋਈ, ਜਿਸ ਵਿਚ ਰਜਵਾੜਾ ਸ਼ਾਹੀ ਦੀ ਹਾਰ ਤੇ ਸਰਮਾਏਦਾਰੀ ਦੀ ਜਿੱਤ ਹੋਈ। ਇਸ ਨੂੰ ਫਰਾਂਸੀਸੀ ਇਨਕਲਾਬ ਦਾ ਨਾਂ ਦਿਤਾ ਗਿਆ। ਇਸ ਇਨਕਲਾਬ ਤੋਂ ਡਰਦਿਆਂ ਸਾਰੇ ਯੌਰਪ ਅੰਦਰ ਰਜਵਾੜਾਸ਼ਾਹੀ ਨੇ ਸਰਮਾਏਦਾਰੀ ਨਾਲ ਸਮਝੌਤੇ ਕਰਕੇ ਚਲਣਾ ਸ਼ੁਰੂ ਕਰ ਦਿਤਾ। ਜਦ ਨਵੀਂ ਕਲਾ ਮਸ਼ੀਨਰੀ ਦੀਆਂ ਕਾਢਾਂ ਨਿਕਲੀਆਂ ਤਾਂ ਲੋਕ ਬੋਲੀ ਵਿਚ ਇਸ ਨੂੰ ਕਲ਼ਜੁਗ ਆਖਿਆ ਗਿਆ। ਛੋਟੇ ਸਰਮਾਏਦਾਰ ਤੋਂ ਵੱਡੇ ਸਰਮਾਏਦਾਰ ਤੇ ਉਸ ਤੋਂ ਅੱਗੇ ਅਜਾਰੇਦਾਰ। ਜਿਸ ਦਾ ਇਕ ਤਰਾਂ ਦਾ ਮਾਲ ਬਨਾਉਣ ਦਾ, ਦੇਸ਼ ਦੇ ਸਾਰੇ ਕਾਰਖਾਨਿਆਂ ਤੇ ਕਬਜਾ ਹੋ ਜਾਵੇ ਤੇ ਮੁਕਾਬਲੇਬਾਜੀ ਖਤਮ ਹੋ ਜਾਵੇ। ਯੌਰਪ ਅੰਦਰ ਕੰਪਨੀਆਂ ਵਲੋਂ ਲੋੜ ਤੋਂ ਜਿਆਦਾ ਮਾਲ ਬਣਨਾ ਸ਼ੁਰੂ ਹੋ ਗਿਆ ਤੇ ਵਾਧੂ ਪੈਦਾਵਾਰ ਦਾ ਸੰਕਟ ਖੜਾ ਹੋ ਗਿਆ। ਫਿਰ ਇਹ ਦੂਜੇ ਦੇਸ਼ਾਂ ਦੀਆਂ ਮੰਡੀਆਂ ਵੱਲ ਕਬਜੇ ਲਈ ਭਜੇ। ਯੌਰਪ ਦੀਆਂ ਵਪਾਰੀ ਕੰਪਨੀਆਂ ਨੇ ਅਪਨੀਆਂ ਸਰਕਾਰਾਂ ਦੀ ਮਦਦ ਨਾਲ ਦੁਨੀਆਂ ਦੇ ਦੂਜੇ ਮੁਲਕਾਂ ਵੱਲ ਰੁਖ ਕੀਤਾ।

ਏਸ਼ੀਆ, ਅਮਰੀਕਾ, ਅਫਰੀਕਾ, ਆਸਟਰੇਲੀਆ ਲਈ ਸਮੁੰਦਰੀ ਰਸਤਿਆਂ ਦੀ ਤਲਾਸ਼ ਕੀਤੀ ਗਈ। ਉਥੋਂ ਦੀਆਂ ਸਰਕਾਰਾਂ ਤੋਂ ਵਪਾਰ ਲਈ ਆਗਿਆ ਲੈ ਕੇ ਵਪਾਰ ਸ਼ੁਰੂ ਕੀਤੇ। ਜਦ ਵਪਾਰ ਵਿਚ ਪੈਰ ਜੰਮ ਗਏ ਤਾਂ ਉਨਾਂ ਦੇਸਾਂ ਸੀ ਰਾਜਨੀਤੀ ਵਿਚ ਦਖਲ ਦੇਣਾ ਸ਼ੁਰੂ ਕਰ ਦਿਤਾ। ਅਪਨੀ ਬਲ਼ ਛਲ,ਪਾੜੋ ਤੇ ਵੰਡੋ ਦੀ ਨੀਤੀ ਅਤੇ ਵਧੀਆ ਹਥਿਆਰਾਂ ਦੀ ਤਾਕਤ ਨਾਲ ਉਹਨਾਂ ਮੁਲਕਾਂ ਨੂੰ ਗੁਲਾਮ ਬਣਾ ਲਿਆ ਅਤੇ ਲੱਗ ਭੱਗ ਸਾਰੀ ਦੁਨੀਆਂ ਤੇ ਰਾਜ ਕੀਤਾ। ਸਿਰਫ ਰੂਸ, ਚੀਨ ਅਤੇ ਜਾਪਾਨ ਇਹਨਾਂ ਦੀ ਮਾਰ ਤੋਂ ਬਚੇ ਰਹੇ। ਗੁਲਾਮ ਬਣਾਏ ਦੇਸਾਂ ਵਿਚ ਏਸ਼ੀਆ,ਅਫਰੀਕਾ, ਉਤਰੀ ਅਮਰੀਕਾ,ਦਖਣੀ ਅਮਰੀਕਾ ਤੇ ਆਸਟਰੇਲੀਆ ਦੀਆਂ ਕੌਮਾਂ ਸ਼ਾਮਲ ਸਨ। ਮਸ਼ੀਨੀ ਜੁਗ ਆਉਣ ਨਾਲ ਲੋਕਾਂ ਵਿਚ ਚੇਤਨਤਾ ਆਉਣ ਲਗੀ। ਫੈਕਟਰੀ ਕਾਮੇ ਜਿਨਾਂ ਦੀ ਜਿੰਦਗੀ, ਫੈਕਟਰੀ ਮਾਲਕਾਂ ਨੇ ਨਰਕ ਬਣਾ ਰੱਖੀ ਸੀ, ਉਹ ਚੇਤਨ ਹੋ ਗਏ ਤੇ ਜਥੇਬੰਦ ਹੋਣ ਲਗੇ। 20ਵੀਂ ਸਦੀ ਦੇ, ਸ਼ੁਰੂ ਵਿਚ ਕੁਝ ਨਵੀਆਂ ਕਲਜੁਗੀ ਸ਼ਕਤੀਆਂ ,ਉਭਰੀਆਂ, ਜਿਨਾਂ ਵਿਚ ਆਸਟਰੀਆ,ਜਪਾਨ ਤੇ ਜਰਮਨ ਮੁੱਖ ਸਨ, ਨੂੰ ਅਪਣਾ ਮਾਲ ਵੇਚਣ ਲਈ ਮੰਡੀਆਂ ਦੀ ਜਰੂਰਤ ਸੀ। ਸਪੇਨ, ਫਰਾਂਸ ਤੇ ਬਰਤਾਨੀ ਦੀ, ਸੰਸਾਰ ਮੰਡੀ ਤੇ ਅਜਾਰੇਦਾਰੀ ਸੀ। ਜਿਸ ਦੇ ਨਤੀਜੇ ਵਜੋਂ ਪਹਿਲੀ ਵਿਸ਼ਵ ਜੰਗ 1914 ਵਿਚ ਲਗੀ। ਜੰਗ ਦੇ ਖਾਤਮੇਂ ਤੋਂ ਛੇਤੀ ਹੀ ਬਾਅਦ ਅਕਤੂਬਰ 1917 ਵਿਚ ਰਸ਼ੀਆ ਵਿਚ ਕਾਮਰੇਡ ਲੈਨਿਨ ਦੀ ਅਗਵਾਈ ਵਿਚ ਰਾਜਸਤਾ ਮਜਦੂਰਾਂ ਕਿਸਾਨਾਂ ਦੀ ਬਾਲਸ਼ਵਿਕ ਪਾਰਟੀ ਦੇ ਹੱਥ ਆ ਗਈ। ਇਹ ਕਲ਼ਜੁਗੀ ਸ਼ਕਤੀਆਂ ਦੀ ਪਹਿਲੀ ਹਾਰ ਸੀ। ਭਾਵੇਂ ਮੁੱਖ ਕਲ਼ਜੁਗੀ ਸ਼ਕਤੀਆਂ ਜੇਤੂ ਹੋ ਕੇ ਨਿਕਲੀਆਂ, ਪਰ ਛੇਤੀ ਹੀ ਇਨਾਂ ਨੂੰ ਦੂਸਰੀ ਵਿਸ਼ਵ ਜੰਗ ਨੇ ਆ ਘੇਰਿਆ। 1939 ਵਿਚ ਦੂਸਰੀ ਵਿਸ਼ਵ ਜੰਗ ਲਗ ਗਈ ।ਇਹ ਵੀ ਨਵੀਆਂ ਤੇ ਪੁਰਾਣੀਆਂ ਕਲ਼ਜੁਗੀ ਸ਼ਕਤੀਆਂ ਦੀ ਦੂਸਰੀ ਟੱਕਰ ਸੀ। ਇਸ ਜੰਗ ਦੇ ਖਾਤਮੇਂ ਤੋਂ ਛੇਤੀ ਹੀ ਬਾਅਦ 1949 ਵਿਚ ਚੀਨ ਅੰਦਰ ਕਾਮਰੇਡ ਮਾਓ ਜੇ ਤੁੰਗ ਦੀ ਅਗਵਾਈ ਵਿਚ ਰਾਜਸਤਾ ਮਜਦੂਰਾਂ ਕਿਸਾਨਾਂ ਦੇ ਹੱਥ ਆ ਗਈ। ਇਸ ਤੋਂ ਸਬਕ ਲੈਂਦਿਆਂ ਕਲ਼ਜੁਗੀ ਸ਼ਕਤੀਆਂ ਨੇ ਮਜਦੂਰਾਂ ਕਿਸਾਨਾਂ ਤੇ ਆਮ ਜਨਤਾ ਦੀ ਬੇਹਤਰੀ ਵੱਲ ਧਿਆਨ ਦੇਣਾਂ ਸ਼ੁਰੂ ਕੀਤਾ। ਦੂਸਰੀ ਵਿਸ਼ਵ ਜੰਗ ਤੋਂ ਬਾਅਦ ਨਵੀਆਂ ਪੁਰਾਣੀਆਂ ਕਲਜੁਗੀ ਤਾਕਤਾਂ ਨੇ ਤੀਸਰੀ ਵਿਸ਼ਵ ਜੰਗ ਤੋਂ ਬਚਣ ਲਈ ਇਤਹਾਦੀ ਸਭਾ ਦਾ ਗਠਣ ਕੀਤਾ, ਤਾਂ ਕਿ ਆਪਸੀ ਝਗੜੇ ਮਿਲ ਬੈਠ ਕੇ ਨਜਿਠੇ ਜਾ ਸਕਣ। ਪੰਜ ਦੇਸਾਂ ਰੂਸ, ਬਰਤਾਨੀਆਂ,ਫਰਾਂਸ, ਅਮਰੀਕਾ ਅਤੇ ਚੀਨ ਦੀ ਥਾਂ ਫਾਰਮੂਸਾ ਟਾਪੂ ਜਿਸ ਵਿੱਚ ਚੀਨ ਵਿਚੋਂ ਭਗੌੜਾ ਹੋਇਆ ਹਾਕਮ ਚਿਆਂਗ ਕਾਈਸ਼ੇਕ ਅਮਰੀਕਾ ਦੀ ਫੌਜੀ ਛਤਰੀ ਥੱਲੇ ਜਾ ਬੈਠਾ ਸੀ, ਨੂੰ ਵੀਟੋ ਪਾਵਰ ਦਿਤੀ ਗਈ। ਪਰ ਚੀਨ ਜੋ ਕਿ ਦੁਨੀਆਂ ਦੀ ਸੱਭ ਵੱਧ ਅਬਾਦੀ ਵਾਲਾ ਦੇਸ ਸੀ, ਨੂੰ ਇਤਹਾਦੀ ਸਭਾ ਦਾ ਮੈਂਬਰ ਹੀ ਨਾਂ ਬਣਾਇਆ ਗਿਆ। ਵੀਟੋ ਪਾਵਰ ਵਾਲਾ ਦੇਸ ਬਹੁਸੰਮਤੀ ਨਾਲ ਪਾਸ ਕੀਤੇ ਮਤੇ ਨੂੰ ਵੀਟੋ ਪਾਵਰ ਵਰਤ ਕੇ ਪਾਸ ਹੋਣ ਤੋਂ ਰੋਕ ਸਕਦਾ ਸੀ। ਕੋਰੀਆ ਵਿਚ ਕਮਿਉਨਿਸਟ ਪਾਰਟੀ ਦੀ ਅਗਵਾਈ ਵਿਚ ਮਜਦੂਰਾਂ ਕਿਸਾਨਾਂ ਨੇ ਰਾਜ ਪਲਟਾ ਕਰਕੇ ਰਾਜਸਤਾ ਉਪਰ ਕਬਜਾ ਕਰ ਲਿਆ। ਅਮਰੀਕਾ ਨੇ ਇਤਹਾਦੀ ਸਭਾ ਵਿਚ ਮਤਾ ਪਾਸ ਕਰਵਾ ਕੇ, ਕੋਰੀਆ ਵਿਚ ਅਪਨੀਆਂ ਫੌਜਾਂ ਦਾਖਲ ਕਰ ਦਿਤੀਆਂ। ਕੋਰੀਆ ਦੀ ਮੱਦਦ ਚੀਨ ਅਤੇ ਰਸ਼ੀਆ ਨੇ ਕਰਨੀ ਸ਼ੁਰੂ ਕਰ ਦਿਤੀ, ਅਮਰੀਕਾ ਅਪਨੀ ਸਾਰੀ ਤਾਕਤ ਲਾ ਕੇ ਮਸਾਂ ਤੀਜੇ ਹਿਸੇ ਉਪਰ ਹੀ ਕਬਜਾ ਕਰ ਸਕਿਆ। ਹਾਰ ਤੋਂ ਡਰਦਿਆਂ, ਅਮਰੀਕਾ ਨੇ ਇਤਹਾਦੀ ਸਭਾ ਵਿਚ ਜੰਗ ਬੰਦੀ ਦਾ ਮਤਾ, ਰੂਸ ਦੀ ਮਦਦ ਨਾਲ ਪਾਸ ਕਰਵਾ ਕੇ, ਜੰਗ ਬੰਦ ਕਰਵਾ ਦਿਤੀ। ਦੋ ਦੇਸ ਹੋਂਦ ਵਿਚ ਆ ਗਏ, ਉਤਰੀ ਕੋਰੀਆ ਤੇ ਦੱਖਣੀ ਕੋਰੀਆ। ਇਹਨਾਂ ਦੀ ਹਮਲਾਵਰ ਬਿਰਤੀ ਨੂੰ ਦੇਖਦਿਆਂ, ਕਾਮਰੇਡ ਲੈਨਿਨ ਨੇ ਨਾਹਰਾ ਦਿਤਾ ਸੀ, ਦੁਨੀਆਂ ਭਰ ਦੇ ਮੇਹਨਤਕਸ਼ੋ ਇਕ ਹੋ ਜਾਓ ਤੇ ਲੁਟੇਰੀਆਂ ਸ਼ਕਤੀਆਂ ਨੂੰ ਹਾਰ ਦਿਓ । ਉਸ ਨਾਹਰੇ ਦੇ ਅਸਰ ਕਰਕੇ, ਦੁਨੀਆਂ ਦੀ ਤੀਜਾ ਹਿਸਾ ਅਬਾਦੀ, ਇਹਨਾ ਦੇ ਚੁੰਗਲ ਵਿਚੋਂ ਅਜਾਦ ਹੋ ਗਈ। ਦੂਸਰੀ ਵਿਸ਼ਵ ਜੰਗ ਤੋਂ ਬਾਅਦ, ਦੁਨੀਆਂ ਭਰ ਦੀਆਂ ਗੁਲਮ ਕੌਮਾਂ ਨੇ, ਕਲਜੁਗੀ ਤਾਕਤਾਂ ਤੋਂ ਅਜਾਦੀ ਲੈਣ ਲਈ ਘੋਲ ਵਿੱਢ ਦਿਤੇ। ਇਕ ਇਕ ਕਰਕੇ ਦੇਸ ਅਜਾਦ ਹੁੰਦੇ ਗਏ, ਅਤੇ ਇਤਹਾਦੀ ਸਭਾ ਦੇ ਮੈਂਬਰ ਬਣਦੇ ਗਏ। ਯੌਰਪੀ ਕਲਜੁਗੀ ਤਾਕਤਾਂ ਦੋ ਵਿਸ਼ਵ ਜੰਗਾਂ ਲੜਕੇ ਕਮਜੋਰ ਪੈ ਗਈਆਂ ਸਨ, ਉਨਾਂ ਅਪਨੇ ਗੁਲਾਮ ਬਣਾਏ ਦੇਸਾਂ ਨੂੰ ਅਜਾਦ ਕਰਨਾ ਸ਼ੁਰੂ ਕਰ ਦਿਤਾ। ਅਮਰੀਕਾ ਜਿਸ ਨੇ ਦੋਵਾਂ ਵਿਸ਼ਵ ਜੰਗਾਂ ਵਿਚ, ਹਥਿਆਰ ਵੇਚ ਕੇ ਚੋਖੀ ਕਮਾਈ ਕੀਤੀ, ਅਤੇ ਦੁਨੀਆਂ ਦੀ ਐਟਮੀ ਸ਼ਕਤੀ ਬਣ ਚੁਕਿਆ ਸੀ, ਨੇ ਨਵੇਂ ਅਜਾਦ ਹੋਏ ਛੋਟੇ ਮੁਲਕਾਂ ਦੀ ਅਜਾਦੀ ਨੂੰ ਕੁਚਲਨ ਲਈ, ਵੀਤਨਾਮ, ਲਾਊਸ ਅਤੇ ਕੰਬੋਦੀਆ ਵਿਚ ਫੌਜਾਂ ਭੇਜ ਕੇ, ਉਨਾਂ ਦੇਸਾਂ ਨੂੰ ਗੁਲਾਮ ਬਨਾਉਣ ਦੀ ਕਿਸ਼ਸ਼ ਕੀਤੀ। ਪਰ ਉਨਾਂ ਛੋਟੀਆਂ ਕੌਮਾਂ ਨੇ ਹਾਰ ਨਹੀਂ ਮੰਨੀ ਤੇ ਜਿੱਤ ਹਾਸਲ ਕੀਤੀ ਅਤੇ ਦੁਨੀਆਂ ਦੀ ਸਭ ਤੋਂ ਵੱਡੀ ਕਲਜੁਗੀ ਸ਼ਕਤੀ ਨੂੰ ਹਾਰਾਂ ਦਾ ਮੂੰਹ ਵੇਖਣਾ ਪਿਆ। 1970 ਦੇ ਦਹਾਕੇ ਦੇ ਸ਼ੁਰੂ ਵਿਚ ਅਮਰੀਕਾ ਤੋਂ ਸਿਰਫ 75 ਮੀਲ ਦੀ ਦੂਰੀ ਤੇ ਕਿਊਬਾ ਵਿਚ ਕਾਮਰੇਡ ਕਾਸਤਰੋ ਅਤੇ ਚੀਗਵੇਰਾ ਦੀ ਅਗਵਾਈ ਵਿਚ, ਮਜਦੂਰਾਂ ਕਿਸਾਨਾਂ ਨੇ ਰਾਜਸਤਾ ਤੇ ਕਬਜਾ ਕਰ ਲਿਆ, ਜੋ ਅੱਜ ਤੱਕ ਬਰਕਰਾਰ ਹੈ। ਕਲਜੁਗੀ ਸ਼ਕਤੀਆਂ ਦੀ ਅਗਵਾਈ ਅਮਰੀਕਾ ਤੇ ਬਰਤਾਨੀਆਂ ਕਰ ਰਹੇ ਹਨ। ਬਰਤਾਨੀਆ ਦੀ ਆਖਰੀ ਬਸਤੀ ਹਾਂਗਕਾਂਗ 1999 ਵਿਚ ਅਜਾਦ ਹੋਈ। ਹੁਣ ਇਹਨਾਂ ਕਲਜੁਗੀ ਸ਼ਕਤੀਆਂ ਨੇ ਅਪਨੀ ਲੁੱਟ ਦੇ ਢੰਗ ਬਦਲ ਲਏ ਹਨ, ਇਹ ਪਛੜੇ ਮੁਲਕਾਂ ਦੇ ਹਾਕਮਾਂ ਨੂੰ ਮੋਟੀਆਂ ਰਿਸ਼ਵਤਾਂ ਦੇ ਕੇ, ਉਹਨਾਂ ਮੁਲਕਾਂ ਦੇ ਧਰਤੀ ਹੇਠਲੇ ਕੀਮਤੀ ਖਜਾਨੇ ਲੁਟਦੇ ਹਨ। ਉਹਨਾਂ ਮੁਲਕਾਂ ਦੀ ਜਨਤਾ ਤਾਂ ਗਰੀਬੀ ਨਾਲ ਘੁਲ ਰਹੀ ਹੈ, ਹਾਕਮ ਅਰਬਾਂ ਪਤੀ ਬਣਕੇ ਐਸ਼ੋ ਆਰਾਮ ਦੀ ਜਿੰਦਗੀ ਜਿਊਂ ਰਹੇ ਹਨ।



ਅਰਬ ਮੁਲਕਾਂ ਦੀ ਰੇਤਲੀ ਧਰਤੀ ਵਿਚ ਤੇਲ ਦੇ ਅਥਾਹ ਭੰਡਾਰ ਸਨ। ਇਹਨਾਂ ਕਲਜੁਗੀ ਸ਼ਕਤੀਆਂ ਨੇ ਉਹਨਾਂ ਦੇ ਰਜਵਾੜਿਆਂ ਨੂੰ ਮੋਟੀਆਂ ਰਿਸ਼ਵਤਾਂ ਦੇ ਕੇ, ਉਥੋਂ ਮਮੂਲੀ ਕੀਮਤਾਂ ਤੇ ਤੇਲ ਲੁੱਟਣਾ ਸ਼ੁਰੂ ਕਰ ਦਿਤਾ। ਰਾਜੇ ਤਾਂ ਖੁਸ਼ ਸਨ, ਪਰ ਜਨਤਾ ਦੀ ਹਾਲਤ ਘੋਰ ਗਰੀਬੀ ਵਾਲੀ ਸੀ। ਸਭ ਤੋਂ ਪਹਿਲਾਂ ਇਰਾਨ ਦੀ ਜਨਤਾ ਨੇ ਅਪਣੇ ਧਾਰਮਿਕ ਆਗੂ ਆਇਤ ਉਲਾ ਖ਼ੁਮੀਨੀ ਦੀ ਅਗਵਾਈ ਵਿਚ ਬਗਾਵਤ ਦਾ ਝੰਡਾ ਬੁਲੰਦ ਕੀਤਾ। ਲੱਖਾਂ ਲੋਕਾਂ ਨੇ ਖਾਲੀ ਹੱਥ ਤਹਿਰਾਨ ਤੇ ਚੜਾਈ ਕਰ ਦਿਤੀ। ਅਲਾ ਹੂ ਹਕਬਰ ਦੇ ਨਾਹਰੇ ਲਾਉਂਦੇ ਲੋਕਾਂ ਰਾਜਧਾਨੀ ਨੂੰ ਜਾ ਘੇਰਿਆ। ਹਜਾਰਾਂ ਲੋਕਾਂ ਨੂੰ ਮਾਰਨ ਤੋਂ ਬਾਅਦ, ਫੌਜ ਦੇ ਸਿਪਾਹੀਆਂ ਨੇ ਗੋਲੀ ਚਲੌਣ ਤੋਂ ਇਨਕਾਰ ਕਰ ਦਿਤਾ, ਅਤੇ ਲੋਕਾਂ ਵੱਲ ਦੇ ਹੋ ਤੁਰੇ। ਬਾਦਸ਼ਾਹ ਤੇ ਵੱਡੇ ਅਫਸਰ ਮਾਲ ਧੰਨ ਜਹਾਜਾਂ ਵਿਚ ਲੱਦ ਕੇ, ਦੇਸ ਵਿਚੋਂ ਉਡਾਰੀ ਮਾਰ ਗਏ ਤੇ ਦੇਸ ਦੀ ਵਾਗ ਡੋਰ ਖ਼ੁਮੀਨੀ ਦੀ ਅਗਵਾਈ ਵਿਚ ਜਨਤਾ ਦੇ ਹੱਥ ਆ ਗਈ। ਅਮਰੀਕੀ ਤੇਲ ਕੰਪਨੀਆਂ ਦਾ ਕੌਮੀ ਕਰਨ ਕਰ ਲਿਆ ਗਿਆ। ਅਮਰੀਕਾ ਨੇ ਅਪਣੇ ਪਿਠੂ ਇਰਾਕ ਦੇ ਡਿਕਟੇਟਰ ਸਦਾਮ ਹੁਸੈਨ ਤੋਂ, ਇਰਾਨ ਤੇ ਹਮਲਾ ਕਰਵਾ ਦਿਤਾ, ਤੇ ਉਸ ਨੂੰ ਅਧੁਨਿਕ ਹਥਿਆਰਾਂ ਦੀ ਸਪਲਾਈ ਸ਼ੁਰੂ ਕਰ ਦਿਤੀ। ਸੱਤ ਸਾਲ ਜੰਗ ਲੜਨ ਤੋਂ ਬਾਅਦ ਇਰਾਕ ਦੀ ਹਾਰ ਹੋਈ। ਸੱਤ ਸਾਲਾਂ ਵਿਚ ਇਰਾਕ ਕੰਗਾਲੀ ਦੀ ਹਾਲਤ ਵਿਚ ਪੁੱਜ ਗਿਆ। ਸਾਦਾਮ ਨੇ ਅਮਰੀਕਾ ਤੋਂ ਮਾਲੀ ਮਦਦ ਦੀ ਮੰਗ ਕੀਤੀ, ਤਾਂ ਅਮਰੀਕਾ ਨੇ ਮਦਦ ਕਰਨ ਤੋਂ ਕੋਰਾ ਜਵਾਬ ਦੇ ਦਿਤਾ। ਹੁਣ ਉਸ ਨੂੰ ਅਕਲ ਆ ਗਈ, ਕਿ ਕਲਜੁਗੀ ਸ਼ਕਤੀਆਂ ਅਰਬ ਮੁਲਕਾਂ ਦੀਆਂ ਦੁਸ਼ਮਣ, ਅਤੇ ਤੇਲ ਦੇ ਸੋਮਿਆਂ ਦੀਆਂ ਲੁਟੇਰੀਆਂ ਹਨ। ਸਦਾਮ ਨੇ ਤੇਲ ਉਤਪਦਿਕ ਅਰਬ ਮੁਲਕਾਂ ਨੂੰ ਸਮਝਾ ਕੇ, ਇਕ ਯੂਨੀਅਨ ਬਨਾਉਣ ਦਾ ਸੁਝਾ ਦਿਤਾ, ਤਾਂ ਜੋ ਉਹ ਅਪਣੇ ਤੇਲ ਦੀਆਂ ਕੀਮਤਾਂ ਆਪ ਤਹਿ ਕਰ ਸਕਣ, ਨਾ ਕੇ ਤੇਲ ਕੰਪਨੀਆਂ ਤਹਿ ਕਰਨ। ਹੋਰ ਸਾਰੇ ਮੁਲਕ ਤਾਂ ਮੰਨ ਗਏ,ਪਰ ਅਮਰੀਕਾ ਦੇ ਵੱਡੇ ਪਿੱਠੂ ਸਾਊਦੀ ਅਰਬ ਅਤੇ ਕਵੈਤ ਨੇ ਯੂਨੀਅਨ ਵਿਚ ਸ਼ਾਮਲ ਹੁਣ ਤੋਂ ਇੰਨਕਾਰ ਕਰ ਦਿਤਾ। ਕਵੈਤ ਅਤੇ ਸਾਊਦੀ ਅਰਬ ਨੂੰ ਛੱਡ ਕੇ ਬਾਕੀ ਮੁਲਕਾਂ ਨੇ ਅਪਣੀ ਯੂਨੀਅਨ ਬਣਾ ਲਈ ਅਤੇ, ਉਸ ਦਾ ਨਾ ਰਖਿਆ ਅਪੇਕ। ਹੁਣ ਅਰਬ ਮੁਲਕ ਤੇਲ ਦੀਆਂ ਕੀਮਤਾਂ ਆਪ ਤਹਿ ਕਰਨ ਲਗੇ। ਤੇਲ ਦੀਆਂ ਕੀਮਤਾਂ ਵਧਣ ਨਾਲ ਉਹਨਾਂ ਦੀ ਮਾਲੀ ਹਾਲਤ ਵਿਚ ਸੁਧਾਰ ਆਉਣਾ ਸ਼ੁਰੂ ਹੋ ਗਿਆ,ਪਰ ਕਲਜੁਗੀ ਤਾਕਤਾਂ ਨੇ ਜਿਆਦਾ ਤੇਲ ਸਾਊਦੀ ਅਰਬ ਅਤੇ ਕੁਵੈਤ ਤੋਂ ਲੁੱਟਣਾ ਸ਼ੁਰੂ ਕਰ ਦਿਤਾ। ਕੁਵੈਤ ਕਦੀ ਇਰਾਕ ਦਾ ਹੀ ਹਿਸਾ ਹੋਇਆ ਕਰਦਾ ਸੀ, ਇਹ ਸੋਚ ਕੇ ਸਦਾਮ ਨੇ ਅਪਣੀ ਫੌਜੀ ਸ਼ਕਤੀ ਨਾਲ ਕੁਵੈਤ ਤੇ ਕਬਜਾ ਕਰ ਲਿਆ। ਜੋ ਉਸ ਨੂੰ ਨਹੀਂ ਸੀ ਕਰਨਾ ਚਾਹੀਦਾ। ਅਮਰੀਕਾ ਦੀ ਸ਼ਹਿ ਤੇ ਇਰਾਨ ਉਤੇ ਹਮਲਾ ਕਰਨ ਵਾਲੀ ਯਾਰੀ, ਹੁਣ ਅਪੇਕ ਬਨਾਉਣ ਨਾਲ ਦੁਸ਼ਮਣੀ ਵਿਚ ਬਦਲ ਚੁੱਕੀ ਸੀ। ਇਸ ਦੀ ਸਦਾਮ ਨੂੰ ਸਮਝ ਨਾ ਆਈ। ਕਲਜੁਗੀ ਸ਼ਕਤੀਆਂ (ਅਮਰੀਕਾ ਅਤੇ ਯੋਰਪੀਨ ਦੇਸ) ਤਾਂ ਬਹਾਨਾ ਹੀ ਭਾਲਦੇ ਸਨ, ਉਹਨਾਂ ਮਸਲਾ ਇਤਹਾਦੀ ਸਭਾ ਵਿਚ ਰੱਖ ਦਿਤਾ। ਇਤਹਾਦੀ ਸਭਾ ਨੇ ਸਦਾਮ ਨੂੰ ਅਪਣੀਆਂ ਫੌਜਾਂ ਕੁਵੈਤ ਵਿਚੋਂ ਕਢਣ ਲਈ ਕਈ ਅਪੀਲਾਂ ਕੀਤੀਆਂ,ਪਰ ਉਸ ਤੇ ਕੋਈ ਅਸਰ ਨਾ ਹੋਇਆ। ਆਖਰਕਾਰ ਇਤਹਾਦੀ ਸਭਾ ਨੇ ਯੂ.ਐਨ.ਓ. ਦੇ ਝੰਡੇ ਹੇਠ ਕਲਜੁਗੀ ਸ਼ਕਤੀਆਂ ਨੂੰ ਫੌਜਾਂ ਭੇਜ ਕੇ ਕੁਵੈਤ ਨੂੰ ਅਜਾਦ ਕਰਵਾਉਣ ਦਾ ਮਤਾ ਪਾਸ ਕਰ ਦਿਤਾ। ਕਲਜੁਗੀ ਸ਼ਕਤੀਆਂ ਨੇ ਫੌਜੀ ਕਾਰਵਾਈ ਕਰਕੇ ਸਾਦਾਮ ਤੋਂ ਕਵੈਤ ਖਾਲੀ ਕਰਵਾ ਲਿਆ, ਤੇ ਬਾਦਸ਼ਾਹੀ ਮੁੜ ਸਥਾਪਤ ਹੋ ਗਈ।

11 ਸਤੰਬਰ 2001 ਨੂੰ ਕੁਝ ਮੁਸਲਮ ਵਿਦਿਆਰਥੀਆਂ ਨੇ ਜੋ ਅਮਰੀਕਾ ਵਿਚ ਹਵਾਈ ਜਹਾਜਾਂ ਦੀ ਸਿਖਲਾਈ ਲੈਣ ਆਏ ਸਨ, ਨੇ ਅਪਣੇ ਜਹਾਜ ਨਿਊਯਾਰਕ ਵਰਡ ਟਰੇਡ ਸੈਂਟਰਾਂ ਵਿਚ ਮਾਰੇ ਅਤੇ ਦੋਨੋਂ ਸੈਂਟਰ ਤਬਾਹ ਕਰ ਦਿਤੇ। ਹਜਾਰਾਂ ਮਨੁੱਖੀ ਜਾਨਾਂ ਦਾ ਘਾਣ ਹੋਇਆ। ਇਹ ਘਟਣਾਂ ਅਮਰੀਕਾ ਵਲੋਂ ਕਮਜੋਰ ਕੌਮਾਂ ਨਾਲ ਕੀਤੇ ਧਕਿਆਂ ਦਾ ਨਤੀਜਾ ਸੀ। ਕਲਜੁਗੀ ਸ਼ਕਤੀਆਂ ਤੇਲ ਉਤਪਾਦਿਕ ਮੁਲਕਾਂ ਦੀ ਯੂਨੀਅਨ ਦੇ ਆਗੂ ਹੋਣ ਕਰਕੇ ਸਦਾਮ ਤੇ ਔਖੀਆਂ ਸਨ। ਉਹਨਾਂ ਸਦਾਮ ਉਪਰ ਪਰਮਾਣੂ ਹਥਿਆਰ ਰਖਣ ਦੇ ਇਲਜਾਮ ਲਾ ਦਿਤੇ, ਕਿ ਇਸ ਤੋਂ ਦੁਨੀਆਂ ਦੇ ਅਮਨ ਨੂੰ ਖੱਤਰਾ ਹੈ। ਇਸ ਦੀ ਪੜਤਾਲ ਲਈ ਇਤਹਾਦੀ ਸਭਾ ਨੇ ਕਈ ਵਾਰ ਪੜਤਾਲੀਆ ਕਮਿਸ਼ਨ ਭੇਜ ਕੇ ਪੜਤਾਲਾਂ ਕਰਵਾਈਆਂ,ਪਰ ਕੋਈ ਹਥਿਆਰ ਬਰਾਮਦ ਨਾ ਹੋਇਆ, ਤੇ ਇਤਹਾਦੀ ਸਭਾ ਨੇ ਇਰਾਕ ਨੂੰ ਕਲੀਨ ਚਿਟ ਦੇ ਦਿਤੀ। ਕਲਜੁਗੀ ਸ਼ਕਤੀਆਂ ਨੇ ਬਿਨਾ ਇਤਹਾਦੀ ਸਭਾ ਦੀ ਮਨਜੂਰੀ ਲਏ, ਇਰਾਕ ਤੇ ਹਮਲੇ ਕਰਕੇ ਭਾਰੀ ਤਬਾਹੀ ਮਚਾਈ ਅਤੇ ਸਦਾਮ ਨੂੰ ਫਾਂਸੀ ਲਾ ਕੇ ਕਤਲ ਕਰ ਦਿਤਾ। ਪਰ ਇਰਾਕੀ ਕੌਮ ਨੇ ਹਾਰ ਨਹੀਂ ਮੰਨੀ ਜੰਗ ਜਾਰੀ ਹੈ। ਇਸੇ ਤਰਾਂ ਇਨਾਂ ਨੇ ਅਪੈਕ ਦੇ ਮੈਂਬਰ ਦੇਸ਼ ਲਿਬੀਆ ਦੇ ਰਾਸ਼ਟਰ ਪਤੀ ਕਰਨਲ ਗਦਾਫੀ ਨੂੰ ਮਾਰਕੇ ਗਦੀਓਂ ਤਾਂ ਲਾਹ ਦਿਤਾ। ਪਰ ਉਸ ਦੇ ਦੇਸ ਉਪਰ ਕਬਜਾ ਨਹੀਂ ਕਰ ਸਕੇ। ਇਹਨਾ ਸੀਰੀਆ ਦੇ ਰਾਸ਼ਟਰਪਤੀ ਅਸਦ ਨੂੰ ਗੱਦੀਉਂ ਲਾਹੁਣ ਲਈ ਉਸ ਦੇਸ ਦੀ ਤਬਾਹੀ ਕਰ ਦਿੱਤੀ ਪਰ ਉਸ ਕੌਮ ਨੇ ਹਾਰ ਨਹੀਂ ਮੰਨੀ। ਇਸੇ ਤਰਾਂ ਇਨਾਂ ਅਫਗਾਨਸਤਾਨ ਉਪਰ ਲਾਦੇਨ ਨੂੰ ਪਨਾਹ ਦੇਣ ਦਾ ਦੋਸ਼ ਲਾਕੇ, ਉਸ ਨੂੰ ਉਥੋਂ ਲਭਣ ਲਈ ਅਫਗਾਨਸਤਾਨ ਉਪਰ ਹਮਲਾ ਕਰ ਦਿਤਾ। ਪੰਦਰਾਂ ਸਾਲਾਂ ਤੋਂ ਵੱਧ ਸਮਾਂ ਅਪਣੇ ਮਿੱਤਰ ਪਾਕਿਸਤਾਨ ਨਾਲ ਮਿਲ ਕੇ ਲਾਦੇਨ ਨੂੰ ਲਭਦੇ ਅਤੇ ਦੇਸ ਨੂੰ ਤਬਾਹ ਕਰਦੇ ਰਹੇ। ਪਰ ਲਾਦੇਨ ਪਾਕਿਸਤਾਨ ਦੀ ਰਾਜਧਾਨੀ ਵਿਚੋਂ ਮਿਲਿਆ। ਪੰਦਰਾਂ ਸਾਲਾਂ ਦੀ ਤਬਾਹੀ ਤੋਂ ਬਾਅਦ ਹੁਣ ਉਥੋਂ ਨਿਕਲਣ ਦੀ ਤਿਆਰੀ ਹੈ। ਦੂਜੀ ਵਿਸ਼ਵ ਜੰਗ ਤੋਂ ਬਾਅਦ ਇਹਨਾਂ ਕਲਜੁਗੀ ਸ਼ਕਤੀਆਂ ਨੇ ਆਪਸ ਵਿਚ ਲੜਨਾ ਬੰਦ ਕਰ ਦਿਤਾ ਹੈ। ਇਹਨਾਂ ਦੁਨੀਆਂ ਦੀਆਂ ਛੋਟੀਅਂ ਤੋਂ ਛੋਟੀਆਂ ਕੌਮਾਂ ਨਾਲ ਲੜ ਕੇ ਵੀ ਵੇਖ ਲਿਆ ਹੈ। ਇਹ ਕਿਸੇ ਕੌਮ ਤੇ ਜਿੱਤ ਹਾਸਲ ਨਹੀਂ ਕਰ ਸਕੇ। ਹੁਣ ਇਹਨਾਂ ਨੂੰ ਪਤਾ ਲੱਗ ਗਿਆ ਹੈ ਕਿ ਕਿਸੇ ਵੀ ਕੌਮ ਨੂੰ ਜਿਤਿਆ ਨਹੀਂ ਜਾ ਸਕਦਾ। ਇਹਨਾ ਕਲਜੁਗੀ ਸ਼ਕਤੀਆਂ ਨੇ 1990 ਦੇ ਦਹਾਕੇ ਦੇ ਸ਼ੁਰੂ ਵਿਚ ਇਕ ਦਸਤਾਵੇਜ ਤਿਆਰ ਕੀਤਾ। ਜਿਸ ਨੂੰ ਡੰਕਲ ਤਜਵੀਜਾਂ ਦਾ ਨਾਂ ਦਿਤਾ ਗਿਆ। ਉਸ ਵਿਚ ਕਿਹਾ ਗਿਆ ਕਿ ਟੈਕਨੋਲੋਜੀ ਵਿਚ ਏਨੀ ਤਰੱਕੀ ਹੋ ਗਈ ਹੈ ਕਿ ਦੁਨੀਆਂ ਹੁਣ ਇਕ ਪਿੰਡ ਬਣ ਗਈ ਹੈ, ਇਸ ਨੂੰ ਗਲੋਬਲ ਵਿਲੇਜ ਦਾ ਨਾਂ ਦਿਤਾ ਗਿਆ। ਹੁਣ ਸਾਰੀ ਦੁਨੀਆਂ ਦੇ ਸਰਮਾਏਦਾਰ ਕਿਸੇ ਵੀ ਦੇਸ ਵਿਚ ਅਪਣਾ ਸਰਮਾਇਆ ਲਾ ਸਕਣਗੇ। ਇਸ ਦਸਤਾਵੇਜ ਉਪਰ ਕਲਜੁਗੀ ਸ਼ਕਤੀਆਂ (ਅਮਰੀਕਾ,ਕਨੇਡਾ, ਜਾਪਾਨ ਅਤੇ ਯੌਰਪੀਨ ਦੇਸ) ਨੇ ਤਾਂ ਫੱਟਾ-ਫੱਟ ਸਾਈਨ ਕਰ ਦਿਤੇ। ਵਿਕਸਤ ਤਕਨੀਕ ਕਰਕੇ ਇਹਨਾ ਨੂੰ ਇਸ ਦਾ ਸਭ ਤੋਂ ਵੱਧ ਫਾਇਦਾ ਹੋਣਾ ਸੀ। ਰਸ਼ੀਆ ਅਤੇ ਚਾਈਨਾ ਨੂੰ ਛੱਡ ਕੇ ਬਾਕੀ ਵੱਡੇ-ਛੋਟੇ ਸਾਰੇ ਦੇਸਾਂ ਤੋਂ, ਕਿਸੇ ਨੂੰ ਲਾਲਚ ਦੇ ਕੇ, ਕਿਸੇ ਨੂੰ ਧੌਂਸ ਦੇ ਕੇ, ਸਾਈਨ ਕਰਵਾ ਲਏ। ਹੁਣ ਦੁਨੀਆਂ ਦਾ ਬਹੁਤਾ ਹਿਸਾ ਗਲੋਬਲ ਬਣ ਗਿਆ,ਪਰ ਇਸ ਗਲੋਬਲ ਪਿੰਡ ਦੀਆਂ ਹੱਦਾਂ ਸਿਰਫ ਸਰਮਾਏਦਾਰਾਂ (ਕਲਜੁਗੀ ਸ਼ਕਤੀਆਂ) ਲਈ ਖੁਲੀਆਂ ਹਨ, ਆਮ ਲੋਕਾਂ ਲਈ ਨਹੀਂ। ਇਸ ਦੇ ਉਲਟ ਆਮ ਲੋਕਾਂ ਲਈ ਵੀਜਾ ਨਿਯਮ ਹੋਰ ਸਖਤ ਕਰ ਦਿਤੇ ਗਏ ਹਨ। ਹੁਣ ਇਨਾਂ ਕਲਜੁਗੀ ਸ਼ਕਤੀਆਂ ਨੇ ਗਰੀਬ ਦੇਸਾਂ ਦੇ ਧਰਤੀ ਹੇਠਲੇ ਮਾਲ ਖਜਾਨੇ ਲੁਟਣੇ ਸ਼ੁਰੂ ਕਰ ਦਿਤੇ ਹਨ।

ਪਹਿਲਾਂ ਇਨਾਂ ਦੀਆਂ ਕੰਪਨੀਆਂ ਨੇ ਸਸਤੀ ਲੇਬਰ ਸ਼ਕਤੀ ਵਾਲੇ ਏਸ਼ੀਆ ਦੇ ਪਛੜੇ, ਦਖਣ ਪੂਰਬੀ ਮੁਲਕਾਂ ਵੱਲ ਮੂੰਹ ਕੀਤਾ, ਜਿਥੇ ਲੇਬਰ ਸ਼ਕਤੀ 50 ਸੈਂਟ ਪ੍ਰਤੀ ਘੰਟਾ ਤੋਂ ਵੀ ਥਲੇ ਸੀ। ਉਹਨਾਂ ਮੁਲਕਾਂ ਵਿਚ ਅਪਣੀਆਂ ਫੈਕਟਰੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ। ਉਹਨਾਂ ਨੂੰ ਏਸ਼ੀਅਨ ਟਾਈਗਰ ਦਾ ਨਾਂ ਦਿਤਾ ਗਿਆ, ਪਰ ਉਹਨਾਂ ਮੁਲਕਾਂ ਵਿਚ ਰਾਜਨੀਤਕ ਸਥਿਰਤਾ ਨਹੀਂ ਸੀ। ਰਾਜਨੀਤਕ ਆਗੂ ਲੇਬਰ ਨੂੰ ਉਕਸਾ ਕੇ ਹੜਤਾਲਾਂ ਕਰਵਾ ਦਿੰਦੇ ਸਨ, ਅਤੇ ਮੋਟੀਆਂ ਰਿਸ਼ਵਤਾਂ ਲੇ ਕੇ ਹੜਤਾਲਾਂ ਖੁਲਵਾਉਣ ਲਈ ਪੁਲੀਸ ਫੋਰਸ ਦਿੰਦੇ ਸਨ। ਇਹ ਕੰਪਨੀਆਂ ਨਿੱਤ ਦੀਆਂ ਹੜਤਾਲਾਂ ਤੋਂ ਤੰਗ ਆ ਗਈਆਂ। ਕੰਮ ਠੀਕ ਨਾ ਚਲਣ ਕਰਕੇ, ਇਹਨਾਂ ਦੁਨੀਆਂ ਦੀ ਸਭ ਤੋਂ ਵੱਡੀ ਤੇ ਸਸਤੀ ਲੇਬਰ ਸ਼ਕਤੀ ਵਾਲੇ ਦੇਸ, ਚਾਈਨਾਂ ਨਾਲ ਵਿਚੋਲੇ ਪਾ ਕੇ, ਉਥੇ ਅਪਣੀ ਇੰਡਸਟਰੀ ਸ਼ਿਫਟ ਕਰਨ ਲਈ ਗੱਲ ਬਾਤ ਕੀਤੀ। ਚੀਨ ਦੀ ਸਰਕਾਰ ਨੇ ਸ਼ਰਤਾਂ ਤਹਿ ਕਰਕੇ ਇੰਡਸਟਰੀ ਲਾਉਣ ਦੀ ਇਜਾਜਤ ਦੇ ਦਿਤੀ। ਇਹਨਾਂ ਨੇ ਉਹਨਾਂ ਮੁਲਕਾਂ ਵਿਚੋਂ, ਜਿਨਾਂ ਨੂੰ ਇਨਾਂ ਏਸ਼ੀਅਨ ਟਾਈਗਰ ਦਾ ਨਾਂ ਦਿਤਾ ਸੀ, ਅਪਣੀਆਂ ਫੈਕਟਰੀਆਂ ਚੁੱਕ ਕੇ ਚਾਈਨਾ ਵਿਚ ਜਾ ਲਾਈਆਂ। ਚਾਈਨਾਂ ਵਿਚ ਰਾਜਨੀਤਕ ਸਥਿਰਤਾ ਹੈ, ਉਨਾਂ ਦੀ ਸਰਕਾਰ ਕੀਤੇ ਸਮਝੌਤੇ ਤੋਂ ਨਾ ਆਪ ਭਜਦੀ ਹੈ ਤੇ ਨਾ ਇਨਾਂ ਕੰਪਨੀਆਂ ਨੂੰ ਭਜਣ ਦਿੰਦੀ ਹੈ। ਹੌਲੀ ਹੌਲੀ ਕਲਜੁਗੀ ਸ਼ਕਤੀਆਂ ਨੇ ਅਪਣੀਆਂ ਇੰਡਸਟਰੀਆਂ ਮਹਿੰਗੀ ਲੇਬਰ ਵਾਲੇ ਪੱਛਮੀ ਮੁਲਕਾਂ ਵਿਚੋਂ, ਚਾਈਨਾਂ ਵਿਚ ਤਬਦੀਲ ਕਰ ਲਈਆਂ। ਪੱਛਮੀ ਮੁਲਕਾਂ ਦੀ ਲੇਬਰ ਸ਼ਕਤੀ ਕੰਮ ਤੋਂ ਵੇਹਲੀ ਹੋ ਗਈ. ਘਰਾਂ ਦੀਆਂ ਕਿਸ਼ਤਾਂ ਟੁਟਣ ਲਗ ਪਈਆਂ, ਕਾਰਾਂ ਦੀਆਂ ਕਿਸ਼ਤਾਂ ਟੁਟਣ ਲਗ ਗਈਆਂ। ਮੰਦਵਾੜਾ 21ਵੀਂ ਸਦੀ ਤੋਂ ਸ਼ੁਰੂ ਹੋ ਚੁਕਿਆ ਸੀ, ਪਰ ਇਹਨਾ ਪੱਛਮੀ ਦੇਸਾਂ ਨੇ ਇਸ ਦਾ ਐਲਾਨ 2008 ਵਿਚ ਕੀਤਾ, ਜਦੋਂ ਅਮਰੀਕਾ ਦੇ ਬੈਂਕ ਡੁਬਣੇ ਸ਼ੁਰੂ ਹੋਏ। ਦੁਨੀਆਂ ਦੀ ਮਹਾਂਸ਼ਕਤੀ ਅਮਰੀਕਾ ਦੇ 150 ਤੋਂ ਜਿਆਦਾ ਬੈਂਕ ਦਿਤਾ ਕਰਜਾ ਨਾ ਮੁੜਣ ਕਰਕੇ ਡੁੱਬ ਗਏ। ਕਈ ਯੌਰਪੀਨ ਮੁਲਕਾਂ ਦਾ ਵੀ ਬੁਰਾ ਹਾਲ ਹੋ ਗਿਆ। ਆਰਥਿਕ ਸੰਕਟ ਦਾ ਸਮਾਂ ਪੰਜ ਸਾਲ ਮਿਥਿਆ ਗਿਆ ਸੀ, ਪਰ ਇਹ ਅਜੇ ਤਕ ਵੀ ਖੱਤਮ ਨਹੀਂ ਹੋਇਆ। ਇਹ ਦੁਨੀਆਂ ਦੇ ਦੋ ਵਾਧੂ ਪੈਦਾਵਾਰ ਵਾਲੇ ਸੰਕਟਾਂ ਵਰਗਾ ਸੰਕਟ ਨਹੀਂ, ਜੋ ਪੰਜ ਸਾਲਾਂ ਵਿਚ ਖਤਮ ਹੋ ਗਏ ਸਨ। ਇਹ ਸੰਕਟ ਕਲਜੁਗੀ ਸ਼ਕਤੀਆਂ ਵਲੋਂ ਅਪਣੀਆਂ ਇੰਡਸਟਰੀਆਂ ਨੂੰ ਪੱਛਮੀ ਮੁਲਕਾਂ ਵਿਚੋਂ ਪੂਰਬੀ ਮੁਲਕਾਂ ਵਿਚ ਲੈ ਜਾਣ ਕਰਕੇ ਬੇਰੁਜਗਾਰੀ ਦਾ ਸੰਕਟ ਹੈ। ਇਸ ਤੋਂ ਅਗੇ ਦੁਨੀਆਂ ਹਾਈਟੈਕ ਆਟੋਮੈਟਿਕ ਮਸ਼ੀਨਾਂ ਆਉਣ ਨਾਲ, ਬੜੀ ਤੇਜੀ ਨਾਲ ਬੇਰੁਜਗਾਰੀ ਵੱਲ ਵੱਧ ਰਹੀ ਹੈ। ਜਿਸ ਨਾਲ ਇਸ ਤੋਂ ਵੀ ਖਤਰਨਾਕ ਹਾਲਾਤ ਪੈਦਾ ਹੋ ਸਕਦੇ ਹਨ। ਜੋ ਸਾਰੀ ਮਨੁੱਖਤਾ ਲਈ ਖੱਤਰੇ ਦੀ ਘੰਟੀ ਹਨ। ਜੋ ਨਾਅਰਾ ਲੈਨਿਨ ਨੇ ਲਾਇਆ ਸੀ, ਉਸ ਦੀ ਅੱਜ ਵੀ ਮੇਹਨਤਕਸ਼ ਜਨਤਾ ਨੂੰ ਜ਼ਰੂਰਤ ਅਤੇ ਸਮੇਂ ਦੀ ਲੋੜ ਹੈ, ਤਾਂ ਹੀ ਕਲਜੁਗੀ ਸ਼ਕਤੀਆਂ ਨੂੰ ਨੱਥ ਪਾਈ ਜਾ ਸਕਦੀ ਹੈ।

416 845 7534
ਬਰੈਂਪਟਨ ਕੈਨੇਡਾ।

ਸੁਕੀਰਤ

# ਅਸੀਂ ਡਰ ਗਏ ਹਾਂ ਜਾਂ ਡਰਾ ਦਿੱਤੇ ਗਏ ਹਾਂ?

ਪਿਛਲੇ ਪੰਜ ਦਿਨਾਂ ਤੋਂ ਮੈਂ ਅਖਬਾਰਾਂ ਵਿਚ ਇਕ ਖਬਰ ਲੱਭ ਰਿਹਾ ਹਾਂ, ਜੋ ਕਿਸੇ ਵੀ ਅਖਬਾਰ ਵਿਚ ਲੱਭ ਨਹੀਂ ਰਹੀ। ਮੈਂ ਉਨ੍ਹਾਂ ਲੋਕਾਂ ਵਿਚੋਂ ਹਾਂ, ਜੋ ਰੋਜ਼ਾਨਾ ਇਕ ਦੋ ਨਹੀਂ ਅੱਠ-ਦਸ ਅਖਬਾਰ ਫਰੋਲਦੇ ਹਨ। ਪਰ ਇਹ ਖਬਰ ਕਿਸੇ ਨੇ ਨਹੀਂ ਚੁੱਕੀ, ਇਸ ਘਟਨਾ ਬਾਰੇ ਕਿਧਰੇ ਕੋਈ ਜ਼ਿਕਰ ਨਹੀਂ ਲੱਭਦਾ। ਜਿਵੇਂ ਸਾਰੀਆਂ ਅਖਬਾਰਾਂ ਨੂੰ ਸੱਪ ਸੁੰਘ ਗਿਆ ਹੋਵੇ।

ਇਹੋ ਅਖਬਾਰਾਂ, ਜੋ ਪਿਛਲੇ ਇਕ ਮਹੀਨੇ ਤੋਂ 'ਪਦਮਾਵਤੀ' ਨਾਂਅ ਦੀ ਅਣਦੇਖੀ ਫਿਲਮ ਦੇ ਪਾੜਛੇ ਲਾਹ-ਲਾਹ ਸਫ਼ੇ ਭਰ ਰਹੀਆਂ ਹਨ, ਇਹੋ ਚੈਨਲ ਜੋ ਕਿਸੇ ਕੱਲ੍ਹ ਤੱਕ ਅਣਜਾਣੀ 'ਕਰਨੀ ਸੈਨਾ' ਦੇ ਨੁਮਾਇੰਦਿਆਂ ਨੂੰ ਰੋਜ਼ ਚੀਕ-ਚਿਹਾੜਾ ਪਾਉਣ ਦੀ ਸਟੇਜ ਮੁਹੱਈਆ ਕਰ ਰਹੇ ਹਨ; ਇਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਇਸ ਗੱਲ ਦਾ ਜ਼ਿਕਰ ਕਰਨਾ ਵੀ ਯੋਗ ਨਹੀਂ ਸਮਝਿਆ ਕਿ ਸੀ.ਬੀ.ਆਈ ਦੇ ਜੱਜ ਬ੍ਰਿਜਗੋਪਾਲ ਹਰੀਕਿਸ਼ਨ ਲੋਇਆ ਦੀ, ਉਸ ਦੇ ਪਰਵਾਰਕ ਮੈਂਬਰਾਂ ਦੇ ਦੱਸਣ ਮੁਤਾਬਕ, ਸ਼ੱਕੀ ਹਾਲਾਤ ਵਿਚ ਮੌਤ ਹੋਈ ਸੀ ਅਤੇ ਇਸ ਮੌਤ ਦੀ ਤਹਿਕੀਕਾਤ ਹੋਣੀ ਚਾਹੀਦੀ ਹੈ। ਸਿਰਫ਼ ਏਨਾ ਹੀ ਨਹੀਂ, ਉਨ੍ਹਾਂ ਨੇ ਇਹ ਵੀ ਦੱਸਿਆ ਹੈ ਆਪਣੀ ਮੌਤ ਤੋਂ ਪਹਿਲਾਂ ਜੱਜ ਲੋਇਆ ਦੇ ਹੱਥ ਇਕੋ ਇਕ ਕੇਸ ਸੀ, ਜਿਸ ਨੂੰ ਆਰੋਪੀ ਦੇ ਹੱਕ ਵਿਚ ਭੁਗਤਾਉਣ ਲਈ ਵੇਲੇ ਦੇ ਬੰਬਈ ਹਾਈ ਕੋਰਟ ਦੇ ਮੁੱਖ-ਨਿਆਂਧੀਸ਼ ਮੋਹਿਤ ਸ਼ਾਹ ਨੇ ਜੱਜ ਲੋਇਆ ਨੂੰ 100 ਕਰੋੜ ਦੁਆਉਣ ਦੀ ਪੇਸ਼ਕਸ਼ ਕੀਤੀ ਸੀ।

ਕਿਸੇ ਵੀ ਦੇਸ ਦੇ ਮੀਡੀਆ ਲਈ ਇਹੋ ਜਿਹੀ ਖਬਰ ਨਿਹਾਇਤ ਮਹੱਤਵਪੂਰਨ ਹੈ, ਅਤੇ ਸਾਧਾਰਣ ਹਾਲਾਤ ਵਿਚ ਹਰ ਅਖਬਾਰ, ਹਰ ਟੀ ਵੀ ਚੈਨਲ ਨੇ ਇਹੋ ਜਿਹੇ ਸਨਸਨੀਖੇਜ਼ ਖੁਲਾਸੇ ਦੀ ਤਹਿਕੀਕਾਤ ਕਰਨ ਲਈ ਦਿਨ-ਰਾਤ ਇਕ ਕਰ ਦੇਣਾ ਸੀ। ਪਰ ਸਾਡਾ ਦੇਸ ਬਿਲਕੁਲ 'ਅਸਾਧਾਰਣ' ਹਾਲਾਤ ਵਿਚੋਂ ਲੰਘ ਰਿਹਾ ਹੈ ਅਤੇ ਕੇਸ ਅਸਲੋਂ 'ਅਸਾਧਾਰਣ' ਆਰੋਪੀ ਨਾਲ ਜੁੜਿਆ ਹੋਣ ਕਰਕੇ ਸਾਰਿਆਂ ਨੇ ਚੁੱਪੀ ਵੱਟ ਲਈ ਹੈ, ਆਪਣੇ ਬੁੱਲ੍ਹ ਸੀ ਲਏ ਹਨ।

ਵਿਸ਼ੇਸ਼ ਸੀ.ਬੀ.ਆਈ ਅਦਾਲਤ ਦਾ ਮਰਹੂਮ ਜੱਜ ਬ੍ਰਿਜਗੋਪਾਲ ਹਰੀਕਿਸ਼ਨ ਲੋਇਆ ਉਸ ਕੇਸ ਦੀ ਸੁਣਵਾਈ ਕਰ ਰਿਹਾ ਸੀ ਜਿਸ ਦਾ ਮੁੱਖ ਆਰੋਪੀ ਇਸ ਸਮੇਂ ਭਾਰਤ ਵਿਚ ਰਾਜ ਕਰ ਰਹੀ ਪਾਰਟੀ ਦਾ ਪ੍ਰਧਾਨ ਅਮਿਤ ਸ਼ਾਹ ਹੈ।

ਸਭ ਤੋਂ ਪਹਿਲੋਂ ਇਸ ਕੇਸ ਬਾਰੇ। ਇਹ ਮਾਮਲਾ ਨਵੰਬਰ 2005 ਵਿਚ ਗੁਜਰਾਤ ਪੁਲਸ ਰਾਹੀਂ ਮਾਰੇ ਗਏ ਸੋਹਰਾਬੂਦੀਨ ਦੀ ਕਥਿਤ ਤੌਰ 'ਤੇ 'ਝੂਠੇ ਮੁਕਾਬਲੇ' ਵਿਚ ਹੱਤਿਆ ਕੀਤੇ ਜਾਣ ਦਾ ਕੇਸ ਸੀ, ਜਿਸ ਵਿਚ ਦਾਇਰ ਦੋਸ਼ਾਂ ਮੁਤਾਬਕ ਇਹ ਹੱਤਿਆ ਗੁਜਰਾਤ ਦੇ ਵੇਲੇ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰਿਆਂ ਉਤੇ ਕੀਤੀ ਗਈ। ਇਸ ਕੇਸ ਵਿਚ ਲਗਾਤਾਰ ਹੋ ਰਹੀ ਸਿਆਸੀ ਦਖਲਅੰਦਾਜ਼ੀ ਨੂੰ ਦੇਖਦਿਆਂ ਸੁਪਰੀਮ ਕੋਰਟ ਨੇ ਇਸਨੂੰ ਸੀ.ਬੀ.ਆਈ ਦੀ ਵਿਸ਼ੇਸ਼ ਅਦਾਲਤ ਦੇ ਹੱਥ ਵਿਚ ਸੌਂਪ ਦਿੱਤਾ ਅਤੇ ਨਾਲ ਦੋ ਹਦਾਇਤਾਂ ਵੀ ਕੀਤੀਆਂ: 1) ਇਹ ਕੇਸ ਦੀ ਸੁਣਵਾਈ ਗੁਜਰਾਤ ਤੋਂ ਬਾਹਰ (ਮੁੰਬਈ) ਵਿਚ ਹੋਵੇਗੀ 2) ਕੇਸ ਸ਼ੁਰੂ ਹੋਣ ਤੋਂ ਲੈ ਕੇ ਇਸਦੇ ਮੁੱਕਣ ਤੀਕ ਇਹ ਇਕੋ ਜੱਜ ਦੇ ਅਧੀਨ ਰਹੇਗਾ। ਇਸਦਾ ਜੱਜ ਸ੍ਰੀ ਉਤਪਤ ਨੂੰ ਥਾਪਿਆ ਗਿਆ।

ਪਰ ਲਗਾਤਾਰ ਪੈਂਦੀਆਂ ਅਤੇ ਮੁਲਤਵੀ ਹੁੰਦੀਆਂ ਤਰੀਕਾਂ ਦੇ ਬਾਵਜੂਦ ਅਮਿਤ ਸ਼ਾਹ ਇਕ ਵਾਰ ਵੀ ਅਦਾਲਤ ਸਾਹਮਣੇ ਪੇਸ਼ ਨਾ ਹੋਇਆ। ਅਮਿਤ ਸ਼ਾਹ ਦੇ ਇਸ ਵਰਤਾਰੇ ਨੂੰ ਦੇਖਦਿਆਂ ਜੱਜ ਉਤਪਤ ਨੇ 26 ਜੂਨ 2014 ਦੀ ਤਰੀਕ ਮਿੱਥ ਕੇ ਉਸ ਨੂੰ ਹਰ ਸੂਰਤ ਵਿਚ ਉਸ ਦਿਨ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਜਾਰੀ ਕਰ ਦਿੱਤੇ। ਅਮਿਤ ਸ਼ਾਹ ਨੇ ਤਾਂ ਕੀ ਪੇਸ਼ ਹੋਣਾ ਸੀ, ਇਸ ਮਿੱਥੀ ਪੇਸ਼ੀ ਤੋਂ ਐਨ ਇਕ ਦਿਨ ਪਹਿਲਾਂ ਜੱਜ ਉਤਪਤ ਨੂੰ ਹੀ ਤਬਦੀਲ ਕਰਕੇ ਪੁਨੇ ਭੇਜ ਦਿੱਤਾ ਗਿਆ। ਇਹ ਸੁਪਰੀਮ ਕੋਰਟ ਦੇ ਨਿਰਦੇਸ਼ ਦੀ ਸਰਾਸਰ ਉਲੰਘਣਾ ਸੀ, ਪਰ ਉਦੋਂ ਤੱਕ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਆ ਚੁੱਕੀ ਸੀ।

ਹੁਣ ਜੱਜ ਉਤਪਤ ਦੀ ਥਾਂ ਬ੍ਰਿਜਗੋਪਾਲ ਹਰੀਕਿਸ਼ਨ ਲੋਇਆ ਨੂੰ ਜੱਜ ਥਾਪਿਆ ਗਿਆ, ਪਰ ਅਮਿਤ ਸ਼ਾਹ ਇਸ ਨਵੇਂ ਜੱਜ ਅੱਗੇ ਵੀ ਪੇਸ਼ ਨਾ ਹੋਇਆ। 31 ਅਕਤੂਬਰ ਨੂੰ ਜੱਜ ਲੋਇਆ ਨੇ ਅਮਿਤ ਸ਼ਾਹ ਦੇ ਲਗਾਤਾਰ ਗੈਰ-ਹਾਜ਼ਰ ਰਹਿਣ ਉਤੇ ਸਖਤ ਇਤਰਾਜ਼ ਉਠਾਉਂਦੇ ਹੋਏ ਮੁਕੱਦਮੇ ਦੀ ਸੁਣਵਾਈ ਦੀ ਅਗਲੀ ਤਰੀਕ 15 ਦਸੰਬਰ ਮਿੱਥੀ । ਏਸੇ ਦੌਰਾਨ, ਦੀਵਾਲੀ ਦੇ ਦਿਨਾਂ ਵਿਚ, ਜੱਜ ਲੋਇਆ ਨੇ ਆਪਣੇ ਪਿਤਾ ਹਰੀਕਿਸ਼ਨ ਅਤੇ ਭੈਣ ਅਨੁਰਾਧਾ ਬਿਆਨੀ ਨੂੰ ਦੱਸਿਆ ਕਿ ਮੁੰਬਈ ਹਾਈ ਕੋਰਟ ਦੇ ਚੀਫ਼ ਜਸਟਿਸ ਨੇ ਉਸ ਨੂੰ 100 ਕਰੋੜ ਅਤੇ ਸ਼ਹਿਰ ਵਿਚ ਇਕ ਫਲੈਟ ਦੁਆਉਣ ਦੀ ਪੇਸ਼ਕਸ਼ ਕੀਤੀ ਹੈ, ਬਸ਼ਰਤੇ ਉਹ ਅਮਿਤ ਸ਼ਾਹ ਦੇ ਹੱਕ ਵਿਚ ਫੈਸਲਾ ਦੇ ਕੇ ਉਸ ਨੂੰ ਬਰੀ ਕਰ ਦੇਵੇ। ਲੋਇਆ ਨੇ ਕਿਹਾ ਕਿ ਉਹ ਪਿੰਡ ਆ ਕੇ ਵਾਹੀ ਕਰਨ ਨੂੰ ਤਿਆਰ ਹੈ, ਪਰ ਇਹੋ ਜਿਹਾ ਜ਼ਮੀਰ-ਮਾਰੂ ਕੰਮ ਉਸ ਕੋਲੋਂ ਨਹੀਂ ਹੋ ਸਕਣਾ।

ਨਵੰਬਰ ਦੇ ਅੰਤ ਵਿਚ ਜੱਜ ਲੋਇਆ ਨੂੰ ਦੋ ਹੋਰ ਜੱਜਾਂ ਨੇ ਨਾਗਪੁਰ ਕਿਸੇ ਵਿਆਹ 'ਤੇ ਨਾਲ ਚੱਲਣ ਦਾ ਸੱਦਾ ਦਿੱਤਾ। ਲੋਇਆ ਅਨਮਨਾ ਜਿਹਾ ਸੀ ਪਰ ਉਨ੍ਹਾਂ ਦੇ ਇਸਰਾਰ ਕਰਨ ਉਤੇ ਜਾਣਾ ਮੰਨ ਗਿਆ। 30 ਨਵੰਬਰ 2014 ਦੀ ਰਾਤ, ਵਿਆਹ ਭੁਗਤਾ ਕੇ, ਰਾਤ ਦੇ 11 ਵਜੇ ਉਸ ਨੇ ਤਕਰੀਬਨ 40 ਮਿਨਟ ਆਪਣੀ ਪਤਨੀ ਸ਼ਰਮਿਲਾ ਨਾਲ ਮੋਬਾਈਲ ਉਤੇ ਗੱਲਬਾਤ ਕੀਤੀ। ਉਸ ਨੇ ਇਹ ਵੀ ਦੱਸਿਆ ਕਿ ਉਹ ਸਾਰੇ ਨਾਗਪੁਰ ਦੇ ਇਕ ਸਰਕਾਰੀ ਮਹਿਮਾਨ-ਘਰ ਰਵੀ ਭਵਨ ਵਿਚ ਠਹਿਰੇ ਹੋਏ ਹਨ। ਇਹ ਉਸ ਦੀ ਆਪਣੇ ਘਰਦਿਆਂ ਨਾਲ ਆਖਰੀ ਗੱਲਬਾਤ ਸੀ।

ਪਹਿਲੀ ਦਸੰਬਰ 2014 ਨੂੰ ਤੜਕੇ 5 ਵਜੇ ਜੱਜ ਲੋਇਆ ਦੇ ਪਰਵਾਰ ਨੂੰ ਫੋਨ ਆਉਣੇ ਸ਼ੁਰੂ ਹੋਏ ਕਿ ਬੀਤੀ ਰਾਤ ਉਸ ਨੂੰ ਦਿਲ ਦਾ ਦੌਰਾ ਪਿਆ ਸੀ ਅਤੇ ਦੋ ਹਸਪਤਾਲਾਂ ਵਿਚ ਲਿਜਾਣ ਦੇ ਬਾਵਜੂਦ ਉਸ ਨੂੰ ਬਚਾਇਆ ਨਾ ਜਾ ਸਕਿਆ ਅਤੇ ਉਸ ਦੀ ਮੌਤ ਹੋ ਗਈ ਹੈ। ਪਰਵਾਰ ਨੂੰ ਇਹ ਵੀ ਦੱਸਿਆ ਗਿਆ ਕਿ ਲਾਸ਼ ਨੂੰ ਉਨ੍ਹਾਂ ਦੇ ਜੱਦੀ ਪਿੰਡ ਗਾਟੇਗਾਓਂ ਪੁਚਾਉਣ ਦੇ ਇੰਤਜ਼ਾਮ ਕਰ ਦਿੱਤੇ ਗਏ ਹਨ ਅਤੇ ਸਾਰੇ ਓਥੇ ਹੀ ਪਹੁੰਚਣ। ਫੋਨ ਕਰਨ ਵਾਲਾ ਬੰਦਾ ਲਾਤੂਰ ਦਾ ਆਰ.ਐੱਸ.ਐੱਸ. ਵਰਕਰ ਈਸ਼ਵਰ ਬਹੇਤੀ ਸੀ। ਉਸ ਸਮੇਂ ਪਰਵਾਰ ਦੇ ਮੈਂਬਰ (ਮ੍ਰਿਤਕ ਦੀ ਪਤਨੀ ਅਤੇ ਪੁੱਤਰ, ਭੈਣਾਂ, ਪਿਤਾ) ਵੱਖੋ-ਵੱਖ ਥਾਂਈਂ ਖਿੰਡਰੇ ਹੋਏ ਸਨ ਅਤੇ ਸਾਰਿਆਂ ਨੇ ਗਾਟੇਗਾਓਂ ਪਹੁੰਚਣ ਦੇ ਇੰਤਜ਼ਾਮ ਕਰਨੇ ਸ਼ੁਰੂ ਕਰ ਦਿੱਤੇ। ਸੋਗ ਅਤੇ ਹਰਫ਼ਲ ਦੀ ਉਸ ਘੜੀ ਕਿਸੇ ਨੇ ਨਾ ਸੋਚਿਆ ਕਿ ਮ੍ਰਿਤਕ ਨੂੰ ਉਸ ਦੇ ਜੱਦੀ ਪਿੰਡ ਹੀ ਭੇਜਣ ਦਾ ਫੈਸਲਾ ਕਰਨ ਵਾਲਾ ਕੌਣ ਸੀ ਜਾਂ ਇਸ ਈਸ਼ਵਰ ਬਹੇਤੀ ਨੂੰ ਇਹ ਜ਼ਿੰਮੇਵਾਰੀ ਕਿਸ ਨੇ ਸੌਂਪੀ ਕਿ ਨਾਗਪੁਰ ਹੋਈ ਮੌਤ ਦੀ ਸੂਚਨਾ ਅਤੇ ਇੰਤਜ਼ਾਮਾਂ ਬਾਰੇ ਜਾਣਕਾਰੀ ਪਰਵਾਰ ਨੂੰ ਉਹੋ ਮੁਹੱਈਆ ਕਰੇ।

ਜੱਜ ਲੋਇਆ ਦੀ ਦੇਹ ਨੂੰ ਰਾਤ 11.30 ਵਜੇ ਐਂਬੂਲੈਂਸ ਡਰਾਈਵਰ ਗਾਟੇਗਾਓਂ ਪੁਚਾਉਣ ਆਇਆ, ਉਸ ਦੇ ਨਾਲ ਹੋਰ ਕੋਈ ਵੀ ਨਹੀਂ ਸੀ। ਉਸ ਸਮੇਂ ਪਹਿਲਾ ਸ਼ੱਕ ਉਸ ਦੀ ਭੈਣ ਅਨੁਰਾਧਾ ਬਿਯਾਨੀ ਨੂੰ ਹੋਇਆ, ਜੋ ਪੇਸ਼ੇ ਤੋਂ ਖੁਦ ਡਾਕਟਰ ਹੈ। ਪਰਵਾਰ ਨੂੰ ਦੱਸਿਆ ਗਿਆ ਸੀ ਕਿ ਸਵੇਰੇ ਲਾਸ਼ ਦਾ ਪੋਸਟ-ਮਾਰਟਮ ਕਰਾ ਕੇ ਭੇਜਿਆ ਗਿਆ ਹੈ ਜਿਸ ਤੋਂ ਸਿੱਧ ਹੋਇਆ ਹੈ ਕਿ ਮੌਤ ਦਾ ਕਾਰਨ ਦਿਲ ਫਿਹਲੀ ਸੀ। ਪਰ ਅਨੁਰਾਧਾ ਨੇ ਆਪਣੇ ਭਰਾ ਦੇ ਕੱਪੜਿਆਂ ਉਤੇ ਖ਼ੂਨ ਦੇ ਨਿਸ਼ਾਨ ਦੇਖੇ। ਬਤੌਰ ਡਾਕਟਰ ਉਹ ਇਸ ਤੱਥ ਨਾਲ ਵਾਕਫ ਸੀ ਮ੍ਰਿਤਕ ਦੇਹ ਦੀ ਚੀਰ-ਫਾੜ ਸਮੇਂ ਖ਼ੂਨ ਨਹੀਂ ਨਿਕਲਦਾ ਕਿਉਂਕਿ ਉਸ ਸਮੇਂ ਦਿਲ ਅਤੇ ਫੇਫੜੇ ਖ਼ੂਨ ਨੂੰ ਪੰਪ ਕਰਨਾ ਬੰਦ ਕਰ ਚੁੱਕੇ ਹੁੰਦੇ ਹਨ। ਫੇਰ ਇਹ ਖ਼ੂਨ ਕਿਥੋਂ ਆਇਆ? ਉਸ ਨੇ ਆਪਣਾ ਤੌਖਲਾ ਜ਼ਾਹਰ ਕੀਤਾ ਵੀ ਪਰ ਉਸ ਨੂੰ ਸਲਾਹ ਦਿੱਤੀ ਗਈ ਕਿ ਉਹ ਇਸ ਨਾਜ਼ੁਕ ਸਮੇਂ ਸਸਕਾਰ ਹੋ ਲੈਣ ਦੇਵੇ ਅਤੇ ਮਾਮਲੇ ਨੂੰ ਹੋਰ ਨਾ ਉਲਝਾਏ। ਦੂਜੇ ਪਾਸੇ, ਜਦੋਂ ਬ੍ਰਿਜ ਲੋਇਆ ਦੀ ਪਤਨੀ ਅਤੇ ਪੁੱਤਰ ਅਨੁਜ ਕੁਝ ਹੋਰ ਜੱਜਾਂ ਦੇ ਨਾਲ ਮੁੰਬਈ ਤੋਂ ਗਾਟੇਗਾਓਂ ਆ ਰਹੇ ਸਨ ਤਾਂ ਰਾਹ ਵਿਚ ਇਕ ਜੱਜ ਲਗਾਤਾਰ ਇਹ ਸਲਾਹ ਦੇਂਦਾ ਰਿਹਾ ਕਿ ਅਨੁਜ ਆਪਣੇ ਪਿਤਾ ਦੀ ਮੌਤ ਬਾਰੇ ਕਿਸੇ ਨਾਲ ਕੋਈ ਗੱਲ ਨਾ ਕਰੇ। ਇਸ ਕਾਰਨ ਅਨੁਜ ਦੇ ਮਨ ਅੰਦਰ ਕੁਝ ਭੈਅ ਜਿਹਾ ਵੀ ਪੈਦਾ ਹੋ ਗਿਆ।

ਸਸਕਾਰ ਹੋ ਗਿਆ, ਪਰਵਾਰ ਨੇ ਸ਼ੱਕੀ ਹਾਲਤਾਂ ਵਿਚ ਹੋਈ ਜਾਪਦੀ ਮੌਤ ਦੀ ਪੜਤਾਲ ਲਈ ਦਰਖਾਸਤ ਦਿੱਤੀ, ਪਰ ਉਨ੍ਹਾਂ ਦੀ ਕਿਸੇ ਨਾ ਸੁਣੀ। ਦੂਜੇ ਪਾਸੇ ਬ੍ਰਿਜ ਲੋਇਆ ਦੀ ਥਾਂ ਅਮਿਤ ਸ਼ਾਹ ਵਾਲਾ ਕੇਸ ਫਟਾਫਟ ਨਵੇਂ ਜੱਜ ਗੋਸਾਵੀ ਨੂੰ ਸੌਂਪ ਦਿੱਤਾ ਗਿਆ। ਉਸ ਨੇ 15 ਦਸੰਬਰ ਨੂੰ ਸੁਣਵਾਈ ਸ਼ੁਰੂ ਕੀਤੀ, ਤਿੰਨ ਦਿਨ ਅਮਿਤ ਸ਼ਾਹ ਦੇ ਬਚਾਅ ਵਕੀਲਾਂ ਨੇ ਉਸ ਦੇ ਹੱਕ ਵਿਚ ਪੈਰਵੀ ਕੀਤੀ, ਪਰ ਸੀ.ਬੀ.ਆਈ. ਦੇ ਵਕੀਲ ਨੇ 15 ਮਿਨਟ ਵਿਚ ਹੀ ਆਪਣੀ ਗੱਲ ਸਮੇਟ ਦਿੱਤੀ ਅਤੇ ਕੋਈ ਜਿਰਾਹ ਨਾ ਕੀਤੀ। 17 ਦਸੰਬਰ ਨੂੰ ਨਵੇਂ ਜੱਜ ਨੇ

(ਬਾਕੀ ਸਫ਼ਾ 25)










# ਸਿਵਕ ਹਸਪਤਾਲਾਂ ਵਿੱਚ "ਹਾਲਵੇਅ ਮੈਡਸਿਨ ਕਰਾਈਸਸ" ਕਾਰਨ ਮਰੀਜ਼ ਪਰੇਸ਼ਾਨ



ਡਾ. ਹਰਦੀਪ ਸਿੰਘ, ਮਿਲਟਨ, ਓਂਟਾਰੀਓ

ਓਂਟਾਰੀਓਂ ਪਰੋਵਿੰਸ ਦੀਆਂ ਐਮਰਜੈਂਸੀ ਸਿਹਤ ਸਹੂਲਤਾਂ ਬਾਕੀ ਕੈਨੇਡਾ ਦੇ ਸੂਬਿਆਂ ਨਾਲੋਂ ਕਾਫੀ ਪਛੜੀਆਂ। ਇਸ ਪਰੋਵਿੰਸ ਦੇ ਵੱਡੇ ਸ਼ਹਿਰ ਬਰੈਂਪਟਨ ਦੀਆਂ ਸਿਹਤ ਸਹੂਲਤਾਂ ਪੂਰੇ ਪਰੋਵਿੰਸ ਵਿੱਚ ਸਭ ਤੋਂ ਪਛੜੇ ਰੂਪ ਵਿੱਚ ਮੰਨੀਆਂ ਜਾ ਰਹੀਆਂ ਹਨ। ਇਸ ਸਬੰਧੀ ਪਰੋਵਿੰਸਸ਼ੀਅਲ ਲਿਬਰਲ ਸਰਕਾਰ ਨੂੰ ਡਾਕਟਰਾਂ ਦੀਆਂ ਜੱਥੇਬੰਦੀਆਂ ਅਤੇ ਵਿਰੋਧੀ ਪਾਰਟੀ ਦੀ ਤਿੱਖੀ ਅਲੋਚਨਾ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਐਨ. ਡੀ. ਪੀ. ਅਤੇ ਪ੍ਰੋਗਰੈਸਿਵ ਕਨਜ਼ਰਵੇਟਿਵ ਵਿਰੋਧੀ ਧਿਰ ਨੇ ਇਸ ਨੂੰ "ਹਾਲਵੇਅ ਮੈਡਸਿਨ ਕਰਾਈਸਸ" ਦਾ ਨਾਮ ਦਿੱਤਾ ਹੈ ਅਤੇ ਇਸ ਸਮੱਸਿਆ ਲਈ ਸਰਕਾਰ ਨੂੰ ਦੋਸ਼ੀ ਕਰਾਰ ਦਿੱਤਾ ਹੈ। ਮੌਜੂਦਾ ਸਰਕਾਰ ਨੇ ਵੀ ਹਸਪਤਾਲਾਂ ਦੇ ਇਸ ਕਰਾਈਸਸ ਤੋਂ ਇਨਕਾਰ ਨਹੀਂ ਕੀਤਾ ਹੈ ਅਤੇ ਇਸ ਨੂੰ ਦੂਰ ਕਰਨ ਦੇ ਉਪਰਾਲੇ ਕਰਨ ਦਾ ਦਾਅਵਾ ਵੀ ਕੀਤਾ। ਸਿਹਤ ਮਾਹਿਰਾਂ ਦੀ ਹੈਲਥ ਕੁਲੀਸ਼ਨ ਨੇ ਸਰਕਾਰ ਦੁਆਰਾ ਐਲਾਨੇ ਸੁਧਾਰਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪਿਛਲੇ ਦਸ ਸਾਲਾਂ ਤੋਂ ਸਰਕਾਰਾਂ ਵੱਲੋਂ ਇਲਾਜ ਪ੍ਰਬੰਧਾਂ ਤੇ ਲਗਾਏ ਗਏ ਬਜਟ ਕਟੌਤੀਆਂ ਅਤੇ ਕਈ ਛੋਟੇ ਸ਼ਹਿਰਾਂ ਦੇ ਹਸਪਤਾਲਾਂ ਦੀ ਕੀਤੀ ਗਈ ਤਾਲਾਬੰਦੀ ਦਾ ਨਤੀਜਾ ਮੌਜੂਦਾ ਕਰਾਈਸਸ ਹੈ। ਇਨ੍ਹੀਂ ਨਿੱਗਰੀ ਹਾਲਤ ਲਈ, ਮੌਜੂਦਾ ਸਿਹਤ ਸੁਧਾਰ ਅਤੇ ਬਜਟ ਪ੍ਰਬੰਧ ਵੀ ਕਾਫੀ ਨਹੀਂ ਹੋਣਗੇ। ਸਿਹਤ ਮਾਹਿਰਾਂ ਦੀ ਹੈਲਥ ਕੁਲੀਸ਼ਨ ਨੇ ਮੌਜੂਦਾ ਸਮੱਸਿਆ ਸਾਹਮਣੇ ਇਨ੍ਹਾਂ ਕੋਸ਼ਿਸਾਂ ਨੂੰ ਨਿਗੁਣਾ ਦੱਸਿਆ ਹੈ ਅਤੇ ਇਸ ਲਈ ਸਿਹਤ ਖੇਤਰ ਵਿੱਚ ਪ੍ਰਾਈਵੇਟ ਕੰਪਨੀਆਂ ਦੀ ਠੇਕਾ ਪ੍ਰਣਾਲੀ ਨੂੰ ਵੀ ਇਸ ਦਾ ਇੱਕ ਕਾਰਨ ਦੱਸਿਆ ਹੈ। ਹੈਲਥ ਕੋਲੀਸ਼ਨ ਦੇ ਡਾਇਰੈਕਟਰ ਨਤਾਲੀ ਮੈਹਿਰਾ ਨੇ ਕਿਹਾ ਕਿ ਇਸ ਕਰਾਇਸਸ ਦੇ ਹੱਲ ਲਈ ਸਰਕਾਰ ਦੁਆਰਾ ਐਲਾਨੇ ਇਹ ਪ੍ਰਬੰਧ ਸਿਰਫ ਟੈਂਪਰੇਰੀ ਹਨ ਅਤੇ ਨੇੜੇ ਆ ਰਹੀਆਂ ਚੋਣਾਂ ਦੇ ਮਕਸਦ ਨਾਲ ਹੀ ਹਨ ਪਰ ਬਾਅਦ ਵਿੱਚ ਇਹ ਵਾਪਸ ਘੱਟ ਜਾਣਗੇ। ਉਨ੍ਹਾਂ ਇਨ੍ਹਾਂ ਸਹੂਲਤਾਂ ਲਈ ਠੋਸ ਲੰਬੇ ਅਰਸੇ ਵਾਲੇ ਪ੍ਰੋਗਰਾਮ ਅਤੇ ਪੱਕੇ ਤੌਰ 'ਤੇ ਵੱਧ ਬਜਟ ਦੀ ਮੰਗ ਕੀਤੀ ਹੈ।

ਕੋਲੀਸ਼ਨ ਦੀ ਚੇਤਾਵਨੀ ਇਸ ਸਮੇਂ ਜਾਹਿਰ ਰੂਪ ਵਿੱਚ ਸੱਚ ਹੁੰਦੀ ਨਜ਼ਰ ਆ ਰਹੀ ਹੈ ਅਤੇ ਪੂਰੇ ਪਰੋਵਿੰਸ ਖਾਸ ਕਰਕੇ ਬਰੈਂਪਟਨ ਸ਼ਹਿਰ ਦੇ ਨਿਵਾਸੀਆਂ ਇਲਾਜ ਸਹੂਲਤ ਲਈ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਸ਼ਹਿਰ ਦਾ ਇੱਕੋ ਇੱਕ ਸਿਵਕ ਹਸਪਤਾਲ ਘਣੀ ਆਬਾਦੀ ਵਾਲੇ ਇਸ ਸ਼ਹਿਰ ਦੀਆਂ ਲੋੜਾਂ ਲਈ ਪੂਰਾ ਨਹੀਂ ਉਤਰ ਰਿਹਾ। ਇਸ ਵਿੱਤੀ ਸਾਲ ਦੇ ਪਹਿਲੇ ਚਾਰ ਮਹੀਨੇ ਦੇ ਅਰਸੇ ਦੌਰਾਨ ਹਸਪਤਾਲ ਪ੍ਰਬੰਧਕਾਂ ਵੱਲੋਂ 65 ਦਿਨ 'ਕੋਡ ਡੈਡਲੌਕ' ਦੀ ਘੋਸ਼ਣਾ ਕੀਤੀ ਗਈ। 'ਕੋਡ ਡੈਡਲੌਕ' ਘੋਸ਼ਣਾ ਦਾ ਮਤਲਬ ਉਹ ਵੇਲਾ ਹੁੰਦਾ ਹੈ ਜਦੋਂ ਹਸਪਤਾਲ ਅੰਦਰ ਇਲਾਜ ਲਈ ਨਵੇਂ ਮਰੀਜ਼ ਵਾਸਤੇ ਕੋਈ ਵੀ ਖਾਲੀ ਬੈਡ ਉਪਲਬਧ ਨਹੀਂ ਹੁੰਦਾ। ਬਰੈਂਪਟਨ ਸੀਵਕ ਐਮਰਜੈਂਸੀ ਵਿਭਾਗ ਇੱਕ ਸਾਲ ਵਿੱਚ 90,000 ਮਰੀਜ਼ਾਂ ਦੇ ਪ੍ਰਬੰਧ ਦੀ ਕਪੈਸਟੀ ਨਾਲ ਉਸਾਰਿਆ ਗਿਆ ਹੈ ਜਦਕਿ ਸਾਲ 2016-2017 ਵਿੱਚ 138,000 ਮਰੀਜ਼ਾਂ ਇਲਾਜ ਲਈ ਆਏ ਪਰ ਇਨ੍ਹੇ ਮਰੀਜ਼ਾਂ ਵਾਲੇ ਬਰੈਂਪਟਨ ਸ਼ਹਿਰ ਲਈ ਇਸ ਦੇ ਨਾਲ ਨਾਲ ਨਵਾਂ ਪੀਲ ਮੈਮੋਰੀਅਲ ਸੈਂਟਰ ਵੀ ਜ਼ਰੂਰਤ ਪੂਰੀ ਕਰਦਾ ਨਜ਼ਰ ਨਹੀਂ ਆ ਰਿਹਾ।

ਸ਼ਹਿਰ ਦੇ ਆਲੇ ਦੁਆਲੇ 'ਪੀਲ ਰਿਜ਼ਨ' ਦੇ ਹੋਰ ਛੋਟੇ ਵੱਡੇ ਸ਼ਹਿਰਾਂ ਵਿੱਚ ਇਸ ਪੱਧਰ ਦੀ ਐਮਰਜੈਂਸੀ ਸਹੂਲਤਾਂ ਦੀ ਘਾਟ ਹੈ ਇਸ ਕਰਕੇ ਪੂਰੇ ਰਿਜ਼ਨ ਦੇ ਮਰੀਜ਼ ਵੀ ਇਸ ਬਰੈਂਪਟਨ ਸਿਵਕ ਹਸਪਤਾਲ ਤੇ ਨਿਰਭਰ ਹਨ। ਲਗਾਤਾਰ ਵਧ ਰਹੀ ਵੱਸੋਂ ਕਾਰਨ ਇਸ ਹਸਪਤਾਲ ਵਿੱਚ ਪ੍ਰਤੀ ਮਰੀਜ਼ ਬੈਡਾਂ ਦੀ ਘਾਟ ਹੋ ਰਹੀ ਰਹੀ ਹੈ। ਐਮਰਜੈਂਸੀ ਵੇਲੇ ਮਰੀਜ਼ਾਂ ਨੂੰ ਇਲਾਜ ਲਈ ਹਸਪਤਾਲ ਦੇ ਹਾਲਵੇਅ ਵਿੱਚ ਲੰਬੀ ਉਡੀਕ ਕਰਨੀ ਪੈਂਦੀ ਹੈ। ਵਿਲੀਅਮ ਔਸਲਰ ਹੈਲਥ ਸਿਸਟਮ ਦੇ ਅਧਿਕਾਰੀਆਂ ਮੁਤਾਬਿਕ ਪਿਛਲੇ ਸਾਲ ਦੇ ਅਪ੍ਰੈਲ 2016 ਤੋਂ ਅਪ੍ਰੈਲ

2017 ਤੱਕ ਦੇ ਅਰਸੇ ਦੌਰਾਨ 4,352 ਮਰੀਜ਼ਾਂ ਨੂੰ ਬਰੈਂਪਟਨ ਸਿਵਕ ਹਸਪਤਾਲ ਦੇ ਹਾਲਵੇਅ ਵਿੱਚ ਹੀ ਉਡੀਕ ਕਰਨੀ ਪਈ ਜਿਹੜੀ 40 ਘੰਟੇ ਤੋਂ 70 ਘੰਟੇ ਤੱਕ ਦੀ ਸੀ। ਇੱਕ ਰਿਪੋਰਟ ਮੁਤਾਬਿਕ 2016-2017 ਦੇ ਵਿੱਤੀ ਸਾਲ ਦੌਰਾਨ ਐਮਰਜੈਂਸੀ ਵਿੱਚ ਔਸਤਨ 266 ਮਰੀਜ਼ਾਂ ਨੂੰ ਹਰ ਮਹੀਨੇ ਹਸਪਤਾਲ ਦੇ ਹਾਲਵੇਅ ਵਿੱਚ ਹੀ ਦਾਖਲ ਕੀਤਾ ਗਿਆ ਜੋ ਗਿਣਤੀ ਮਾਰਚ ਮਹੀਨੇ ਵਿੱਚ 420 ਸਭ ਤੋਂ ਵੱਧ ਸੀ ।



ਸਿਹਤ ਮਾਹਿਰਾਂ ਮੁਤਾਬਿਕ ਹਸਪਤਾਲ ਦੇ ਹਾਲਵੇਅ ਦੀ ਉਡੀਕ ਦੌਰਾਨ ਮੁਸੀਬਤ ਦੇ ਮਾਰੇ ਮਰੀਜ਼ ਨੂੰ ਸ਼ੋਰ-ਸ਼ਰਾਬੇ ਅਤੇ ਨਿੱਜੀ ਪ੍ਰਾਈਵੇਸੀ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਨਾਲ ਉਨ੍ਹਾਂ ਦੀ ਸਿਹਤ ਸੰਭਾਲ ਤੇ ਮਾੜਾ ਅਸਰ ਪਾਉਂਦਾ ਹੈ ਅਤੇ ਉਨ੍ਹਾਂ ਦੀ ਬਿਮਾਰੀ ਦਾ ਅਰਸਾ ਵੀ ਲੰਬਾ ਕਰ ਦਿੰਦਾ ਹੈ। ਮੌਜੂਦਾ ਸਰਕਾਰ ਵੀ ਨੇ ਵੀ ਹਸਪਤਾਲਾਂ ਦੀ ਇਸ ਸਮੱਸਿਆ ਨੂੰ ਮੰਨਿਆ ਹੈ। ਲਾਂਗ ਟਰਮ ਕੇਅਰ ਅਤੇ ਸਿਹਤ ਮੰਤਰੀ ਐਰਿਕ ਹੌਸਕਿਨਸ ਨੇ ਇਸ ਸਬੰਧੀ ਆਪਣੇ ਬਿਆਨ ਰਾਹੀਂ ਭਰੋਸਾ ਦਿੰਦੇ ਕਿਹਾ ਕਿ ਆਉਣ ਵਾਲੇ ਅਰਸੇ ਵਿੱਚ 100 ਮਿਲਿਅਨ ਡਾਲਰ ਦੇ ਖਰਚੇ ਨਾਲ ਪੂਰੁ ਪਰੋਵਿਨਸ ਵਿੱਚ ਹਸਪਤਾਲਾਂ ਵਿੱਚ ਇਲਾਜ ਲਈ 1200 ਹੋਰ ਬੈਡ ਕਪੈਸਟੀ ਦਾ ਵਾਧਾ ਕੀਤਾ ਜਾਵੇਗਾ। ਕੁਝ ਬੈਡ ਤਾਂ ਫੌਰੀ ਤੌਰ 'ਤੇ ਦੋ-ਚਾਰ ਹਫਤੇ ਵਿੱਚ ਹੀ ਅਤੇ ਬਾਕੀ ਸਾਰਿਆਂ ਦਾ ਵਾਧਾ ਇਸ ਕੈਲੰਡਰ ਸਾਲ ਦੇ ਆਖੀਰ ਤੱਕ ਕਰ ਦਿੱਤਾ ਜਾਵੇਗਾ। ਕੁਝ ਹਸਪਤਾਲ ਜਿੰਨਾਂ ਦੀ ਪਿਛਲੇ ਸਮੇਂ ਤਾਲਾਬੰਦੀ ਕੀਤੀ ਗਈ ਸੀ, ਵੀ ਦੁਬਾਰਾ ਖੋਲ੍ਹੇ ਜਾਣਗੇ। ਫਿੰਚ ਐਵਨਿਉ ਦੀ ਲੋਕੇਸ਼ਨ ਵਾਲਾ 'ਹੰਬਰ ਰੀਵਰ ਰਜ਼ਿਨਲ ਹਸਪਤਾਲ ਜਿਸ ਨੂੰ ਸੰਨ 2015 ਵਿੱਚ ਬੰਦ ਕੀਤਾ ਗਿਆ ਸੀ ਵੀ ਖੋਲ੍ਹਿਆ ਜਾਵੇਗਾ। ਇਸ ਤੋਂ ਇਲਾਵਾ ਯੂਨੀਵਰਸਿਟੀ ਹੈਲਥ ਨੈਟਵਰਕ ਦੀ ਪੁਰਾਣੀ ਹਿਲਕਰੈਸਟ ਵੀਉ ਵਾਲੀ ਪੁਰਾਣੀ ਲੋਕੇਸ਼ਨ ਵਾਲੇ ਹਸਪਤਾਲ ਨੂੰ ਵੀ ਖੋਲ੍ਹਿਆ ਜਾਵੇਗਾ ਜਿਸ ਨੂੰ ਸੰਨ 2013 ਵਿੱਚ ਬੰਦ ਕੀਤਾ ਗਿਆ ਸੀ। ਇਸ ਤੋਂ ਇਲਾਵਾ ਹਸਪਤਾਲ ਤੋਂ ਛੁੱਟੀ ਤੋਂ ਬਾਅਦ ਵਾਲੀ ਸਿਹਤ ਸੰਭਾਲ ਲਈ ਵੀ 100 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ ਜਿਸ ਵਿੱਚ ਸੀਨੀਅਰ ਲੋਕਾਂ ਲਈ 2017 ਨਵੇਂ ਸਪੋਰਟਿਵ ਯੂਨਿਟ ਸ਼ਾਮਲ ਹਨ। ਇਸ ਤੋਂ ਇਲਾਵਾ 1700 ਮਰੀਜ਼ਾਂ ਦੀ ਕਪੈਸਟੀ ਵਾਲੇ 250 ਨਵੇਂ ਟਰਾਂਜ਼ਸ਼ਿਨਲ ਕੇਅਰ ਸੈਂਟਰ ਵੀ ਸ਼ੁਰੂ ਕੀਤੇ ਜਾਣਗੇ। ਇੱਕਲੇ ਬਰੈਂਪਟਨ ਸਿਵਕ ਹਸਪਤਾਲ ਵਿੱਚ ਵੀ 6 ਨਵੇਂ ਇਲਾਜ਼ ਬੈਡਾਂ ਦਾ ਵਾਧਾ ਕੀਤਾ ਗਿਆ ਹੈ ।

ਸਿਹਤ ਮਾਹਿਰਾਂ ਦੀ 'ਓਂਟਾਰੀਓ ਹੈਲਥ ਕੋਲੀਸ਼ਨ' ਨੇ ਕਿਹਾ ਹੈ ਨੇ ਸਰਕਾਰ ਦੁਆਰਾ ਐਲਾਨੇ ਸੁਧਾਰਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪਿਛਲੇ ਦਸ ਸਾਲਾਂ ਤੋਂ ਸਰਕਾਰਾਂ ਵੱਲੋਂ ਇਲਾਜ ਪ੍ਰਬੰਧਾਂ ਤੇ ਲਗਾਏ ਗਏ ਬਜਟ ਕਟੌਤੀਆਂ ਅਤੇ ਹਸਪਤਾਲਾਂ ਦੀਆਂ ਤਾਲਾਬੰਦੀਆਂ ਦਾ ਨਤੀਜਾ ਇਹ ਮੌਜੂਦਾ ਕਰਾਈਸਸ ਹੈ। ਇਨ੍ਹੀ ਨਿੱਗਰੀ ਹਾਲਤ ਲਈ, ਮੌਜੂਦਾ ਸਿਹਤ ਸੁਧਾਰ ਅਤੇ ਬਜਟ ਪ੍ਰਬੰਧ ਵੀ ਕਾਫੀ ਨਹੀਂ ਹੋਣਗੇ। ਇੰਨੇ ਸੁਧਾਰਾਂ ਦੇ ਬਾਵਜੂਦ ਵੀ ਓਂਟਾਰੀਓ ਪਰੋਵਿੰਸ ਬਾਕੀ ਸੂਬਿਆਂ ਨਾਲੋਂ ਸਭ ਤੋਂ ਪਿੱਛੇ ਹੀ ਰਹੇਗਾ। ਸਿਹਤ ਮਾਹਿਰਾਂ ਦੀ ਹੈਲਥ ਕੁਲੀਸ਼ਨ ਅਤੇ ਵਿਰੋਧੀ ਪਾਰਟੀਆ ਨੇ ਮੌਜੂਦਾ ਸਮੱਸਿਆ ਸਾਹਮਣੇ ਇਨ੍ਹਾਂ ਕੋਸ਼ਿਸਾਂ ਨੂੰ ਨਿਗੁਣਾ ਦੱਸਿਆ ਹੈ, ਉਨ੍ਹਾਂ ਮੁਤਾਬਿਕ ਇਹ ਸਮੱਸਿਆ 'ਟਿਪ ਆਫ ਦਾ ਆਇਸਬਰਗ' ਹੈ। ਇਹ ਸਮੱਸਿਆ ਜਿੰਨੀ ਵਿਖਾਈ ਦਿੰਦੀ ਹੈ ਉਸਤੋਂ ਕਿਤੇ ਜ਼ਿਆਦਾ ਹੈ ਕਿਉਂਕਿ ਕਰਾਈਸਸ ਦੀ ਘੋਸ਼ਣਾ ਕਰਨ ਤੋਂ ਪਹਿਲਾਂ ਹੀ ਇਹ ਹਸਪਤਾਲ ਆਮ ਹਾਲਤਾਂ ਵਿੱਚ ਵੀ ਆਪਣੀ ਕਪੈਸਟੀ ਤੋਂ ਜ਼ਿਆਦਾ ਕੰਮ ਕਰ ਰਹੇ ਹਨ। ਪਰੋਵਿੰਸ ਦੀਆਂ ਐਮਰਜੈਂਸੀ ਸੇਵਾਵਾਂ ਲਈ ਬਣੇ ਇਹ ਹਸਪਤਾਲ 85 ਪ੍ਰਤੀਸ਼ਤ ਤੋਂ ਪਾਰ ਕਰਕੇ ਹਰ ਵੇਲੇ 100 ਤੋਂ 120 ਪ੍ਰਤਸ਼ਿਤ ਤੱਕ ਵੀ ਓਵਰ ਕਰਾਉਡਿਡ ਰਹਿੰਦੇ ਹਨ। ਹੈਲਥ ਕੋਲੀਸ਼ਨ ਜੱਥੇਬੰਦੀ ਨੇ ਦਾਅਵਾ ਕੀਤਾ ਹੈ ਕਿ ਉਹ ਸਨ 2015 ਵਿੱਚ ਹਸਪਤਾਲਾਂ ਵਿੱਚ ਓਵਰ-ਕਰਾਉਡਿੰਗ ਦੀ ਸਮੱਸਿਆ ਬਾਰੇ ਬਜਟ ਕਟੌਤੀਆਂ ਅਤੇ ਤਾਲਾਬੰਦੀਆਂ ਬਾਰੇ ਸਰਕਾਰ ਨੂੰ ਲਿਖਤੀ ਰਿਪੋਰਟ ਰਾਹੀਂ ਚੇਤਾਵਨੀ ਵੀ ਦੇ ਚੁੱਕੀ ਹੈ। "ਕੋਡ ਰੈਡ: ਓਂਟਾਰੀਓ ਹੌਸਪੀਟਲ ਕੱਟ ਕਰਾਇਸਸ" ਨਾਮ ਦੀ ਇਸ ਰਿਪੋਰਟ ਵਿੱਚ ਪਰੋਵਿੰਸ ਦੇ ਤਕਰੀਬਨ 200 ਹਸਪਤਾਲਾਂ ਵਿੱਚੋਂ 51 ਹਸਪਤਾਲਾਂ ਦੀ ਨਕਸ਼ਾ ਦੇ ਕੇ 'ਕੋਡ ਰੈਡ' ਮਾਰਕ ਨਿਸ਼ਾਨਦੇਹੀ ਕੀਤੀ ਸੀ, ਜਿਹੜੇ ਲਗਾਤਾਰ ਬਜਟ ਦੀ ਘਾਟ ਨਾਲ ਓਵਰ-ਕਰਾਉਡਿੰਗ ਦੀ ਖਤਰੇ ਵਾਲੀ ਹਾਲਤ ਤੱਕ ਪਹੁੰਚ ਚੁੱਕੇ ਸਨ ਅਤੇ ਬੰਦ ਹੋਣ ਕਿਨਾਰੇ ਸਨ। ਕੋਲੀਸ਼ਨ ਵੱਲੋਂ ਹਸਪਤਾਲਾਂ ਵਿੱਚ ਬਜਟ ਕਟੌਤੀਆਂ ਅਤੇ ਨਿੱਜੀਕਰਨ ਦੇ ਬਾਰੇ ਇੱਕ ਰਿਫਰੈਂਡਮ ਵੀ ਆਮ ਲੋਕਾਂ ਵਿੱਚ ਕਰਵਾਇਆ ਗਿਆ ਸੀ ਜਿਸ ਵਿੱਚ 100,000 ਲੋਕਾਂ ਨੇ ਹਸਪਤਾਲਾਂ ਅੰਦਰ ਬਜ਼ਟ ਕਟੌਤੀਆਂ ਅਤੇ ਨਿੱਜੀਕਰਨ ਦਾ ਵਿਰੋਧ ਕਰਦਿਆਂ ਇਸ ਨੂੰ ਬੰਦ ਕਰਨ ਦੀ ਮੰਗ ਕੀਤੀ ਸੀ। ਹੁਣ ਜਦੋਂਕਿ ਇਹ ਹਾਲਾਤ ਬਹੁਤ ਵਿਗੜ ਗਏ ਹਨ, ਪਿਛਲੇ ਤਿੰਨ ਸਾਲਾਂ ਤੋਂ ਕੋਲੀਸ਼ਨ ਨੇ ਇਸ ਸੰਘਰਸ਼ ਨੂੰ ਰੈਗੁਲਰ 'ਡੇਅਸ ਆਫ ਐਕਸ਼ਨ' ਦੇ ਰੂਪ ਵਿੱਚ ਜਾਰੀ ਕਰ ਦਿੱਤਾ ਹੈ। ਹੁਣ ਵੀ ਹੈਲਥ ਕੋਲੀਸ਼ਨ ਮੰਗ ਕਰ ਰਹੀ ਹੈ ਕਿ ਸਿਹਤ ਲਈ ਬਜਟ ਲੋੜ ਮੁਤਾਬਿਕ ਵਧਾਇਆ ਜਾਵੇ ਅਤੇ ਨਿੱਜੀਕਰਨ ਬੰਦ ਕੀਤਾ ਜਾਵੇ। ਮੌਜੂਦਾ ਹਸਪਤਾਲਾਂ ਵਿੱਚ ਬੈਡ ਕੈਪੇਸਟੀ ਵਿੱਚ ਵਾਧਾ ਕੀਤਾ ਜਾਵੇ, ਤਾਲਾਬੰਦੀ ਕਿਨਾਰੇ ਖੜ੍ਹੇ ਹਸਪਤਾਲਾਂ ਨੂੰ ਬਚਾਇਆ ਜਾਵੇ ਅਤੇ ਸਾਰੇ ਛੋਟੇ ਵੱਡੇ ਇਲਾਕਿਆਂ ਦੀ ਲੋੜ੍ਹ ਮੁਤਾਬਿਕ ਨਵੇਂ ਹਸਪਤਾਲਾਂ ਦੀ ਉਸਾਰੀ ਕੀਤੀ ਜਾਵੇ। ਇਸ ਨਾਲ ਹਰ ਰਿਜ਼ਨ ਦੇ ਲੋਕਾਂ ਦੀ ਲੋੜ ਪੂਰੀ ਹੋਣ ਦੇ ਨਾਲ ਨਾਲ ਵੱਡੇ ਸ਼ਹਿਰਾਂ ਦੇ ਸਿਵਕ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਪ੍ਰੇਸ਼ਾਨੀ ਵੀ ਘਟਾਈ ਜਾ ਸਕਦੀ ਹੈ ।









# ਕੀ ਪੀਰਾਂ ਜਾਂ ਬਾਬਿਆਂ ਦੀ ਲੋੜ ਹੈ



ਤਸਲੀਮਾ ਨਸਰੀਨ
ਅਨੁਵਾਦ-ਕੇਹਰ ਸ਼ਰੀਫ਼

ਮੇਰੀ ਮਾਂ ਕਿਸੇ ਪੀਰ ਦੀ ਮੁਰੀਦ ਸੀ। ਪੀਰ ਜੋ ਵੀ ਕਹਿੰਦਾ ਉਹ ਉਸ 'ਤੇ ਯਕੀਨ ਕਰਦੀ। ਮਾਂ ਜਦੋਂ ਵੀ ਬੀਮਾਰ ਹੁੰਦੀ ਤਾਂ ਪੀਰ ਦਾ ਪੜ੍ਹਿਆ ਪਾਣੀ ਪੀਂਦੀ। ਇਹ ਪੜ੍ਹਿਆ ਪਾਣੀ ਪੀਣ ਨਾਲ ਜੇ ਬੀਮਾਰੀ ਵਧ ਜਾਂਦੀ ਤਾਂ ਉਹ ਮੇਰੇ ਡਾਕਟਰ ਪਿਤਾ ਦੀ ਸ਼ਰਨ ਵਿਚ ਆ ਜਾਂਦੀ। ਪਿਤਾ ਜੀ ਵਲੋਂ ਕੀਤੇ ਇਲਾਜ ਨਾਲ ਉਹ ਠੀਕ ਹੋ ਜਾਂਦੀ। ਪਰ ਫੇਰ ਵੀ ਪੀਰ ਤੋਂ ਉਸ ਦਾ ਵਿਸ਼ਵਾਸ ਨਾ ਟੁੱਟਦਾ। ਇਕ ਵਾਰ ਪੀਰ ਨੇ ਕਿਹਾ ਕਿ ਉਹ ਆਪਣੇ ਸਾਰੇ ਮੁਰੀਦਾਂ ਨੂੰ ਪਰਾਂ ਵਾਲੇ ਘੋੜੇ ਤੇ ਚੜ੍ਹਾ ਕੇ ਅਰਬ ਦੇਸ਼ ਨੂੰ ਉਡਾ ਕੇ ਲੈ ਜਾਣਗੇ। ਮੇਰੀ ਮਾਂ ਸਮੇਤ ਸਭ ਮੁਰੀਦਾਂ ਨੇ ਇਸ ਗੱਲ 'ਤੇ ਵਿਸ਼ਵਾਸ ਕੀਤਾ। ਮਾਂ ਤਾਂ ਆਪਣਾ ਸੂਟਕੇਸ ਬੰਨ੍ਹ ਕੇ ਤਿਆਰ ਹੋ ਕੇ ਬੈਠ ਗਈ। ਬਾਅਦ ਵਿਚ ਪਤਾ ਨਹੀਂ ਕਿਸ ਕਾਰਨ ਪੀਰ ਨੇ 'ਉਡਕੇ ਅਰਬ ਜਾਣ' ਵਾਲੇ ਆਪਣੇ ਪ੍ਰੋਜੈਕਟ ਨੂੰ ਰੱਦ ਕਰ ਦਿੱਤਾ। ਮੁਰੀਦਾਂ ਨੇ ਫੇਰ ਵੀ ਪੀਰ ਉੱਤੇ ਕਿਸੇ ਤਰ੍ਹਾਂ ਦੀ ਸ਼ੱਕ-ਸ਼ੁਭਾ ਨਹੀਂ ਕੀਤੀ। ਵਿਸ਼ਵਾਸ ਇੰਨਾ ਹੀ ਖਤਰਨਾਕ ਹੁੰਦਾ ਹੈ।

ਜਿਸ ਤਰ੍ਹਾਂ ਬੰਗਲਾਦੇਸ਼ ਵਾਲੇ ਮੁਸਲਮਾਨਾਂ ਦੇ 'ਪੀਰ' ਹਨ, ਉਵੇਂ ਹੀ ਭਾਰਤ ਅੰਦਰ ਹਿੰਦੂਆਂ ਦੇ 'ਬਾਬੇ' ਹਨ। ਇਹ "ਬਾਬਾ ਕਲਚਰ" ਬਹੁਤ ਪੁਰਾਣਾ ਹੈ। ਲੋਕਾਂ ਦੇ ਧਾਰਮਕ ਵਿਸ਼ਵਾਸ ਨੂੰ ਪੂੰਜੀ ਬਣਾ ਕੇ ਇਹ ਬਾਬੇ ਆਪਣਾ ਜੀਵਨ ਨਿਰਵਾਹ ਕਰਦੇ ਹਨ। ਕੁਝ ਮਾਤਾਵਾਂ ਵੀ ਪੈਦਾ ਹੋ ਗਈਆਂ ਹਨ। ਹਿੰਦੂਆਂ ਦਾ ਧਰਮ 'ਤੇ ਵਿਸ਼ਵਾਸ ਵੀ ਬਹੁਤ ਜ਼ਿਆਦਾ ਹੈ। ਬਹੁਤ ਪੁਰਾਣਾ ਧਰਮ ਹੈ ਜਿਸ ਅੰਦਰ ਬਹੁਤ ਸਾਰੀਆਂ ਦੰਦ ਕਥਾਵਾਂ ਹਨ। ਲੱਖਾਂ-ਕਰੋੜਾਂ, ਦੇਵੀ-ਦੇਵਤੇ ਹਨ। ਕਿਸੇ ਨੂੰ ਮੰਨੋ ਤਾਂ ਵੀ ਠੀਕ ਨਾ ਮੰਨੋ ਤਾਂ ਵੀ ਚਲਦਾ ਹੈ। ਇਕ ਸੂਬੇ ਦੇ ਲੋਕ ਦੁਰਗਾ ਨੂੰ ਮੰਨਦੇ ਹਨ ਤੇ ਦੂਜੇ ਸੂਬੇ ਦੇ ਵਿਸ਼ਨੂੰ ਨੂੰ ਮੰਨੀ ਜਾਂਦੇ ਹਨ।

ਧਰਮ ਨੂੰ ਮੰਨਣ ਜਾਂ ਧਰਮ ਦੀ ਪਾਲਣਾ ਕਰਨ ਵਿਚ ਕੋਈ ਜ਼ੋਰ-ਜਬਰਦਸਤੀ ਵੀ ਨਹੀਂ। ਨਵੀਂ ਪੀੜ੍ਹੀ ਦੇ ਹਿੰਦੂ ਜੇ ਨਾਸਤਿਕ ਹੁੰਦੇ ਤਾਂ ਚੰਗਾ ਹੁੰਦਾ। ਪਰੰਤੂ ਹਿੰਦੂਆਂ ਵਿਚ ਨਾਸਤਿਕਾਂ ਦੀ ਗਿਣਤੀ ਬਹੁਤ ਹੀ ਘੱਟ ਹੈ। ਦੇਵੀ-ਦੇਵਤਾਵਾਂ ਨੂੰ ਤਾਂ ਮੰਨਦੇ ਹੀ ਹਨ, ਇਸ ਦੇ ਨਾਲ ਹੀ ਬਹੁਗਿਣਤੀ ਹਿੰਦੂ ਕੁਸੰਸਕਾਰਾ ਨੂੰ ਵੀ ਮੰਨਦੇ ਹਨ। ਸੰਸਕਾਰਾਂ ਦਾ ਦਿਖਾਵਾ ਕਰਨ ਵਾਲੇ ਉਂਗਲਾਂ 'ਤੇ ਕੁਸੰਸਕਾਰੀ ਪੱਥਰ ਵੀ ਪਹਿਨੀ ਰੱਖਦੇ ਹਨ। ਕਾਰਾਂ-ਗੱਡੀਆਂ ਵਿਚ ਨਿੰਬੂ-ਮਿਰਚਾਂ ਲਟਕਾਈ ਰੱਖਦੇ ਹਨ। ਬਿੱਲੀ ਦੇਖ ਕੇ ਗੱਡੀ ਰੋਕ ਲੈਂਦੇ ਹਨ। ਜਿਉਤਿਸ਼ੀਆਂ ਦੇ ਧੰਦੇ ਦਾ ਵੀ ਖੂਬ-ਬੋਲਬਾਲਾ ਹੈ।

ਇਹ ਬਾਬੇ ਸਿੱਧੇ-ਸਾਦੇ ਲੋਕਾਂ ਨੂੰ ਰੱਜਕੇ ਲੁੱਟ ਰਹੇ ਹਨ। ਕਿੰਨੇ ਹੀ ਬਾਬੇ ਭਗਤਾਂ ਵਲੋਂ ਦਿੱਤੀ ਮਾਇਆ ਵਾਲੇ ਨੋਟਾਂ ਦੇ ਢੇਰ 'ਤੇ ਬੈਠੇ ਹਨ, ਬੇਫਿਕਰ ਹੋ ਕੇ ਕੁਕਰਮ ਕਰੀ ਜਾ ਰਹੇ ਹਨ। ਸੁਣਿਆ ਸੀ ਕਿ ਸੱਤਿਆ ਸਾਂਈ ਬਾਬਾ ਨੌਜਵਾਨ ਲੜਕਿਆਂ ਦਾ ਬਲਾਤਕਾਰ ਕਰਦੇ ਸਨ। ਚਾਰ ਨੌਜਵਾਨਾਂ ਨੇ ਇਸਦਾ ਵਿਰੋਧ ਕੀਤਾ, ਇਸ ਕਰਕੇ ਉਨ੍ਹਾਂ ਦਾ ਕਤਲ ਕਰ ਦਿੱਤਾ। ਅਦਿੱਖ ਹੱਥਾਂ ਨਾਲ ਛੋਟੇ-ਮੋਟੇ ਜਾਦੂ ਦਿਖਾਏ ਜਾਂਦੇ ਸਨ। ਇਸ ਹੱਥ ਦੀ ਸਫਾਈ ਦੀ ਖੇਡ ਨੂੰ ਕੋਈ ਵੀ ਫੜ ਸਕਦਾ ਹੈ। ਪਰ ਧਰਮ ਦੀ ਆੜ 'ਚ ਅੰਨੇ ਹੋਣ ਕਰਕੇ ਉਂਗਲਾਂ ਦੀਆਂ ਦਰਾੜਾਂ ਵਿਚ ਰੱਖੀਆਂ ਰਾਖ ਦੀਆਂ ਗੋਲੀਆਂ ਨੂੰ ਅੰਗੂਠੇ ਨਾਲ ਘਸਾ ਕੇ ਲੋਕਾਂ ਦੇ ਸਿਰ 'ਤੇ ਛਿੜਕਣਾ, ਉਹ ਦਿਖਾਈ ਨਹੀਂ ਦਿੰਦਾ। ਰਾਖ ਅਸਮਾਨ ਤੋਂ ਖਾਲੀ ਹੱਥਾਂ 'ਤੇ ਆ ਕੇ ਨਹੀਂ ਡਿਗੀ ਜਾਂ ਅਣਦਿਸਦੇ ਭਗਵਾਨ ਨੇ ਆ ਕੇ ਨਹੀਂ ਦਿੱਤੀ । ਸਾਈਂ ਬਾਬਾ ਖੰਘਿਆ ਤੇ ਗਲ਼ ਵਿਚੋਂ ਸੋਨੇ ਦਾ ਆਂਡਾ ਆ ਡਿਗਿਆ? ਸੋਨੇ ਦਾ ਆਂਡਾ ਤਾਂ ਬਾਬੇ ਵਲੋਂ ਫੜੇ ਤੌਲੀਏ ਦੇ ਪਿੱਛੇ ਸੀ, ਜਿਸ ਤੌਲੀਏ ਨੂੰ ਉਹ ਵਾਰ ਵਾਰ ਮੂੰਹ ਦੇ ਅੱਗੇ ਲਿਆ ਕੇ ਖੰਘ ਰਹੇ ਸਨ, ਜੇ ਉਹ ਅੰਧਵਿਸ਼ਵਾਸੀ ਨਾ ਹੁੰਦਾ ਤਾਂ ਉਹਦੀ ਸਮਝ ਵਿਚ ਆ ਜਾਂਦਾ। ਤੁਹਫਿਆਂ ਵਾਲੇ ਬਕਸਿਆਂ ਦੇ ਹੇਠਾਂ ਲੁਕਾਈਆਂ ਸੋਨੇ ਦੀਆਂ ਚੇਨੀਆਂ ਉਂਗਲੀ ਨੂੰ ਟੇਡੀ ਕਰਕੇ ਲੈ ਆ ਰਹੇ ਹਨ। ਖੁਦ ਭਗਵਾਨ ਨੇ ਆ ਕੇ ਉਹ ਚੇਨੀਆਂ ਉਹਦੇ ਹੱਥਾਂ ਵਿਚ ਨਹੀਂ ਦਿੱਤੀਆਂ ਹਨ। ਵਿਸ਼ਵਾਸ ਵਿਚ ਅੰਨਾ ਨਾ ਹੋਣ ਵਾਲਾ ਕੋਈ ਵੀ ਇਹ ਦੇਖ ਸਕਦਾ ਸੀ। ਹੱਤਿਆ, ਬਲਾਤਕਾਰ ਵਿਚ ਫਸ ਸਕਦੇ ਹਨ। ਸ਼ੈਤਾਨੀ ਦੇ ਆਸਰੇ ਹਸਪਤਾਲ ਬਣਾ ਦਿੱਤਾ। ਆਪਣਾ ਆਪ ਬਚਾਉਣ ਲਈ - ਸਮਾਜ ਸੇਵਾ। ਉਂਜ ਸਮਾਜ ਸੇਵਾ ਕਿਸਦੇ ਪੈਸੇ ਨਾਲ ਕਰ ਰਹੇ ਸਨ? ਲੋਕਾਂ ਵਲੋਂ ਦਿੱਤੇ ਪੈਸਿਆਂ ਨਾਲ ਹੀ ਕਰ ਰਹੇ ਸਨ। ਆਸਾ ਰਾਮ ਬਾਪੂ ਲੜਕੀਆਂ ਨਾਲ ਬਲਾਤਕਾਰ ਕਰਦੇ ਸਨ। ਰਾਮ ਰਹੀਮ ਤਾਂ ਹਰਮ ਹੀ ਖੋਲ੍ਹੀ ਬੈਠਾ ਸੀ। ਇਹ ਲੋਕ ਖੁਦ ਨੂੰ ਰੱਬ ਸਮਝਦੇ ਹਨ। ਇੰਨੇ ਬਾਬੇ ਫੜੇ ਗਏ। ਬਾਬਿਆਂ ਵਲੋਂ ਕੀਤੀ ਲੁੱਟ-ਖੋਹ, ਖੂਨ ਖਰਾਬੇ ਅਤੇ ਬਲਾਤਕਾਰਾਂ ਦੀਆਂ ਇੰਨੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ। ਇਸਦੇ ਬਾਵਜੂਦ ਬਾਬਿਆਂ ਉੱਤੇ ਲੋਕਾਂ ਦਾ ਵਿਸ਼ਵਾਸ ਨਹੀਂ ਟੁੱਟਦਾ। ਵਿਸ਼ਵਾਸ ਇੰਨਾ ਹੀ ਖਤਰਨਾਕ ਹੁੰਦਾ ਹੈ।

ਵਿਗਿਆਨ 'ਤੇ ਵਿਸ਼ਵਾਸ ਵਧਣ ਨਾਲ ਬਾਬਿਆਂ ਉੱਤੇ ਵਿਸ਼ਵਾਸ ਘਟੇਗਾ। ਵਿਗਿਆਨ ਉੱਪਰ ਲੋਕਾਂ ਦਾ ਵਿਸ਼ਵਾਸ ਵਧਾਉਣ ਲਈ ਕੋਈ ਕਿਸੇ ਤਰ੍ਹਾਂ ਕੋਸ਼ਿਸ਼ ਕਰ ਰਿਹਾ ਹੋਵੇ ਅਜਿਹਾ ਨਜ਼ਰ ਨਹੀਂ ਆਇਆ। ਟੈਲੀਵੀਜ਼ਨ 'ਤੇ ਵਿਗਿਆਨ ਨਾਲ ਸਬੰਧਤ ਕਿੰਨੇ ਚੈਨਲ ਹਨ ਅਤੇ ਕਿੰਨੇ ਹਨ ਧਰਮ ਨਾਲ ਸਬੰਧਤ? ਦੇਖਦੀ ਹਾਂ ਸਾਰੇ ਹੀ ਧਾਰਮਕ ਚੈਨਲ ਹਨ। ਧਰਮ 'ਤੇ ਵਿਸ਼ਵਾਸ ਘੱਟ ਹੋਣ ਨਾਲ ਬਾਬਿਆਂ ਦਾ ਧੰਦਾ ਬੰਦ ਹੋਵੇਗਾ। ਹੁਣ ਕੀ ਕਹਾਂ- ਭਾਰਤ ਵਿਚ ਵੱਡੇ ਵਿਗਿਆਨੀ ਵੀ ਭਗਵਾਨ ਦੀ ਕਿਰਪਾ ਪ੍ਰਾਪਤ ਕਰਨ ਲਈ ਮੰਦਿਰਾਂ ਵੱਲ ਦੌੜਦੇ ਹਨ। ਲੋਕਾਂ ਵਲੋਂ ਵਿਗਿਆਨ ਨਾਲ ਜੁੜਨ ਵਾਸਤੇ ਪਤਾ ਨਹੀਂ ਹੋਰ ਕਿੰਨੇ ਹਜ਼ਾਰ ਸਾਲ ਲੱਗਣਗੇ। ਬੰਗਾਲੀ ਮੁਸਲਮਾਨਾਂ ਦੇ ਵਡੇਰੇ ਨਾਰੀ-ਪੁਰਸ਼ ਹਿੰਦੂ ਹਨ। ਇਹ ਸੰਭਵ ਹੈ ਕਿ ਹਿੰਦੂਆ ਦੇ ਇਸ "ਬਾਬਾ ਕਲਚਰ" ਤੋਂ ਹੀ ਮੁਸਲਮਾਨਾਂ ਦਾ "ਪੀਰ ਕਲਚਰ" ਆਇਆ ਹੈ। ਜਿਸ ਤਰ੍ਹਾਂ ਹਿੰਦੂ ਬਾਬਿਆਂ ਨੂੰ ਲੈ ਕੇ ਬਹੁਤ ਕੁੱਝ ਕਰਦੇ ਹਨ ਇਸੇ ਤਰ੍ਹਾਂ ਮੁਸਲਮਾਨ ਪੀਰਾਂ ਨੰ ਲੈ ਕੇ ਬਹੁਤ ਕੁੱਝ ਅਜਿਹਾ ਹੀ ਕਰਦੇ ਹਨ। ਪੀਰ ਫਾਰਸੀ ਲਫ਼ਜ਼ ਹੈ। ਪੀਰ ਦਾ ਅਰਥ ਹੈ ਬਜ਼ੁਰਗ ਆਦਮੀ। ਕੋਈ-ਕੋਈ ਸੂਫੀ ਜੋ ਅਧਿਆਤਮਕ ਵਿਸ਼ਿਆਂ ਬਾਰੇ ਸਿੱਖਿਆ ਦਿੰਦੇ ਸਨ ਉਨ੍ਹਾਂ ਨੂੰ ਪੀਰ ਕਿਹਾ ਜਾਂਦਾ ਸੀ। ਸੂਫੀ ਪੀਰ ਦੀ ਮੌਤ ਹੋ ਜਾਣ 'ਤੇ ਮਜ਼ਾਰ ਬਣਾਇਆ ਜਾਂਦਾ ਸੀ। ਹੁਣ ਤਾਂ ਕੋਈ ਵੀ ਭੰਡ, ਲੋਕਾਂ ਦੇ ਮਜ਼ਬੀ ਵਿਸ਼ਵਾਸ ਨੂੰ ਵਰਤ ਪੀਰ ਬਣਕੇ ਧੰਦਾ ਚਾਲੂ ਕਰ ਦਿੰਦਾ ਹੈ। ਜਿਸ ਤਰ੍ਹਾਂ ਬਾਬਿਆਂ ਦੇ ਭਗਤ ਮਿਨਿਸਟਰ, ਕ੍ਰਿਕਟਰ ਤੇ ਕਲਾਕਾਰ ਹਨ ਉਸ ਤਰ੍ਹਾਂ ਹੀ ਪੀਰਾਂ ਦੇ ਮੁਰੀਦ ਹਨ। ਪੀਰ ਦਾ ਸਮਰਥਨ ਅਤੇ ਅਸ਼ੀਰਵਾਦ ਪਾਉਣ ਲਈ ਦੇਸ਼ ਦੇ ਰਾਸ਼ਟਰਪਤੀ ਤੱਕ ਦੌੜ ਲਗਾਉਂਦੇ ਹਨ। ਵੱਡੇ ਵੱਡੇ ਰਾਜਨੇਤਾ, ਪੂੰਜੀਪਤੀ, ਧਨਕੁਬੇਰ ਸਾਰੇ ਵੱਡੇ ਨਾਵਾਂ ਵਾਲੇ ਮਸ਼ਹੂਰ ਲੋਕ ਬਾਬਿਆਂ ਅਤੇ ਪੀਰਾਂ ਦੇ ਚਰਨਾਂ ਦੀ ਧੂੜ ਲੈਣ ਵਾਸਤੇ ਵਿਅਸਥ ਰਹਿੰਦੇ ਹਨ। ਇਸ ਤਰ੍ਹਾਂ ਬਾਬਿਆਂ ਤੇ ਪੀਰਾਂ ਦੀ ਕੀਮਤ ਅਸਮਾਨ ਛੂਹਣ ਲਗਦੀ ਹੈ। ਬਾਬੇ ਡਰਾਉਂਦੇ ਹਨ ਅਤੇ ਪੀਰ ਵੀ। ਪੂਰੇ ਭਾਰਤੀ ਉਪਮਹਾਂਦੀਪ ਦੇ ਦੇਸ਼ਾਂ ਵਿਚ ਹਿੰਦੂ-ਮੁਸਲਮਾਨ ਇਨ੍ਹਾਂ ਡਰਾਉਣ ਵਾਲਿਆਂ ਦੇ ਚੁੰਗਲ ਵਿਚ ਹਨ। ਪੀਰਾਂ ਤੇ ਹਜ਼ੂਰਾਂ ਨਾਲ ਬੰਗਲਾ ਦੇਸ਼ ਭਰ ਗਿਆ ਹੈ। ਬੰਗਾਲੀ ਮੁਸਲਮਾਨਾਂ ਦੇ ਤਬਾਹ ਹੋਣ ਦੇ ਪਿੱਛੇ ਇਹ ਬਹੁਤ ਵੱਡੇ ਕਾਰਨ ਹਨ। ਇਹ ਹੀ ਲੋਕ ਦਹਿਸ਼ਤਗਰਦਾਂ ਨੂੰ ਸ਼ਰਣ ਦੇ ਰਹੇ ਹਨ। ਪੂਰੇ ਦੇਸ਼ ਅੰਦਰ ਅਸ਼ਾਂਤੀ ਅਤੇ ਔਰਤਾਂ ਦੇ ਖਿਲਾਫ ਨਫਰਤ ਪੈਦਾ ਕਰ ਰਹੇ ਹਨ। ਇਸਲਾਮ ਅੱਲਹਾ ਤੋਂ ਬਿਨਾਂ ਕਿਸੇ ਦੇ ਅੱਗੇ ਸਿਰ ਨਹੀਂ ਝੁਕਾਉਂਦਾ - ਇਹ ਕਹਿੰਦੇ ਹਨ। ਜਦੋਂ ਕਿ ਮੁਸਲਮਾਨ ਪੀਰਾਂ ਤੇ ਹਜ਼ੂਰਾਂ ਦੇ ਪੈਰਾਂ 'ਤੇ ਹਰ ਦਿਨ ਆਪਣਾ ਸਿਰ ਝੁਕਾ ਰਹੇ ਹਨ। ਉਨ੍ਹਾਂ ਦੇ ਪੈਰ ਧੋਤੇ ਪਾਣੀ ਪੀ ਰਹੇ ਹਨ, ਉਵੇਂ ਹੀ ਜਿਵੇਂ ਹਿੰਦੂ ਕਰਦੇ ਹਨ। ਰਾਮ ਰਹੀਮ ਦੀ ਗ੍ਰਿਫਤਾਰੀ ਦੀ ਖਬਰ ਸੁਣਕੇ ਜਿਵੇਂ ਉਸਦੇ ਭਗਤਾਂ ਨੇ ਹਰਿਆਣਾ ਦੇ ਸ਼ਹਿਰਾਂ ਵਿਚ ਅੱਗਾਂ ਲਾਈਆਂ ਸਨ। ਉਸੇ ਤਰ੍ਹਾਂ ਬੰਗਲਾ ਦੇਸ਼ ਦੇ ਦਿਲਾਵਰ ਹੁਸੈਨ ਸਈਅਦੀ ਨਾਮ ਦੇ ਇਕ ਹਜ਼ੂਰ ਨੂੰ ਫਾਂਸੀ ਦੀ ਸਜ਼ਾ ਸੁਣਾਉਣ ਵੇਲੇ ਉਸਦੇ ਮੁਰੀਦਾਂ ਨੇ ਪੂਰੇ ਬੰਗਲਾ ਦੇਸ਼ ਵਿਚ ਅੱਗ ਲਾਈ ਸੀ।

ਜਿਸ ਦਾ ਵੀ ਧਰਮ ਹੈ ਜਿਵੇਂ ਚਾਹੇ ਖੁਸ਼ੀ ਨਾਲ ਉਸਨੂੰ ਮੰਨੇ। ਪੀਰ ਜਾਂ ਬਾਬੇ ਦੱਸਣਗੇ ਕਿ ਧਰਮ ਕੀ ਹੈ, ਦੁਨੀਆਂ ਬਨਾਉਣ ਵਾਲੇ ਨੂੰ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ, ਕਿਉਂਕਿ ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ। ਉਹ ਰਸਤਾ ਵਿਖਾਉਣਗੇ-ਬਿਲਕੁੱਲ ਬਕਵਾਸ। ਰੁਪਏ-ਪੈਸੇ ਹਥਿਆਉਣ ਜਾਂ ਲੜਕੀਆਂ ਹਥਿਆਉਣ ਤੋਂ ਬਿਨਾਂ ਇਨ੍ਹਾ ਦਾ ਕੋਈ ਉਦੇਸ਼ ਨਹੀਂ ਹੁੰਦਾ। ਇਨ੍ਹਾਂ ਨੂੰ ਛੱਡ ਕੇ ਖੁਦ ਆਪਣਾ ਰਸਤਾ ਢੂੰਡਣਾ ਬਿਹਤਰ ਰਾਹ ਹੋਵੇਗਾ। ਪੀਰ-ਬਾਬੇ ਲੋਕਾਂ ਦਾ ਨੁਕਸਾਨ ਕਰਨ ਤੋਂ ਬਿਨਾਂ ਕੋਈ ਉਪਕਾਰ ਨਹੀਂ ਕਰਦੇ। ਧਰਮ ਦਾ ਧੰਦਾ ਬੰਦ ਨਾ ਹੋਣ ਕਰਕੇ ਭਵਿੱਖ ਹਨੇਰ ਭਰਿਆ ਹੈ।

0049 173 3546050


















# ਪਹਿਲਾ ਵਿਸ਼ਵ ਯੁੱਧ ਅਤੇ ਭਾਰਤੀਆਂ ਦਾ ਸ਼ੋਸ਼ਣ



ਨਿਵੇਕਲੀ ਦ੍ਰਿਸ਼ਟੀ
ਜੌਨ ਵਿਲਸਨ

ਪਹਿਲੇ ਵਿਸ਼ਵ ਯੁੱਧ ਨੇ ਭਾਰਤ ਵਿੱਚ ਬ੍ਰਿਟੇਨ ਦੀ ਅਰਥਹੀਣ ਸਾਮਰਾਜੀ ਸਰਦਾਰੀ ਨੂੰ ਆਲਮੀ ਤਾਕਤ ਦੇ ਅਹਿਮ ਸੋਮੇ ਵਿੱਚ ਬਦਲ ਦਿੱਤਾ ਅਤੇ ਨਾਲ ਹੀ ਬ੍ਰਿਟਿਸ਼ ਹਾਕਮਾਂ ਅੰਦਰ ਬ੍ਰਿਟਿਸ਼ ਸਾਮਰਾਜ ਦੀ ਉਮਰ ਵਧਾਉਣ ਸਬੰਧੀ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ। ਇਹ ਨਵੀਂ ਵਿਚਾਰਧਾਰਾ ਸੀ ਕਿ ਭਾਰਤੀਆਂ ਨਾਲ ਭੇਦਭਾਵ ਘਟਾ ਕੇ ਉਦਾਰਵਾਦੀ ਚਿਹਰਾ-ਮੋਹਰਾ ਪੇਸ਼ ਕੀਤਾ ਜਾਵੇ। ਇਹ ਉਦਾਰਵਾਦ, ਸਹੀ ਮਾਅਨਿਆਂ ਵਿੱਚ, ਵਿਸ਼ਵ ਯੁੱਧ ਨਾਲ ਜੁੜੀਆਂ ਚਿੰਤਾਵਾਂ ਦੀ ਉਪਜ ਸੀ।

ਜਦੋਂ ਸਮਰਾਟ ਜਾਰਜ ਪੰਚਮ ਨੇ ਅਗਸਤ 1914 ਵਿੱਚ ਜਰਮਨੀ ਤੇ ਉਸ ਦੇ ਸਹਿਯੋਗੀਆਂ ਖਿਲਾਫ਼ ਜੰਗ ਦਾ ਐਲਾਨ ਕੀਤਾ ਤਾਂ ਉਸ ਸਮੇਂ ਬਹੁਤ ਘੱਟ ਲੋਕਾਂ ਨੇ ਇਹ ਸੋਚਿਆ ਸੀ ਕਿ ਭਾਰਤ ਇਸ ਜੰਗ ਵਿੱਚ ਅਹਿਮ ਤੇ ਬਹੁਤ ਵੱਡੀ ਭੂਮਿਕਾ ਨਿਭਾਏਗਾ। ਪਰ ਜੰਗ ਦੇ ਕੁਝ ਹਫ਼ਤਿਆਂ ਦੇ ਅੰਦਰ ਹੀ ਲੰਡਨ ਵਿਚਲੇ ਸਿਆਸਤਦਾਨਾਂ ਨੇ ਪੂਰਬੀ ਅਫਰੀਕਾ ਵਿੱਚ ਯੂਰੋਪੀਅਨਾਂ ਤੇ ਭਾਰਤੀਆਂ ਦੀ ਮਿਸ਼ਰਤ ਫ਼ੌਜ ਭੇਜੇ ਜਾਣ ਦਾ ਹੁਕਮ ਦਿੱਤਾ। ਉਸ ਤੋਂ ਬਾਅਦ ਅਜਿਹੀਆਂ ਦੋ ਡਿਵੀਜ਼ਨਾਂ ਪੱਛਮੀ ਮੁਹਾਜ਼ 'ਤੇ ਤੁਰਕੀ ਵੱਲ ਭੇਜੀਆਂ ਗਈਆਂ। ਭਾਰਤੀ ਫ਼ੌਜ, ਜਿਸ ਵਿੱਚ ਬ੍ਰਿਟਿਸ਼ ਅਫ਼ਸਰ ਸਿਰਫ਼ ਅਹਿਮ ਰੈਂਕਾਂ 'ਤੇ ਸਨ ਅਤੇ ਬਾਕੀ ਸਾਰੇ ਫ਼ੌਜੀ ਭਾਰਤੀ ਸਨ, ਦੀਆਂ ਉਸ ਸਮੇਂ ਨੌਂ ਡਿਵੀਜ਼ਨਾਂ ਸਨ। ਇਨ੍ਹਾਂ ਵਿੱਚੋਂ ਦੋ ਹੋਰ ਨੂੰ ਮੈਸੋਪੋਟੇਮੀਆ (ਅਜੋਕੇ ਇਰਾਕ) ਅਤੇ ਮਿਸਰ ਵਿੱਚ ਭੇਜਿਆ ਗਿਆ।

ਭਾਰਤੀ ਫ਼ੌਜੀ ਸਮੁੰਦਰੀ ਜਹਾਜ਼ਾਂ ਰਾਹੀਂ ਜਲਦੀ ਜਲਦੀ ਵਿਦੇਸ਼ਾਂ ਵਿੱਚ ਪਹੁੰਚਾਏ ਗਏ ਅਤੇ ਢੁਕਵੇਂ ਹਥਿਆਰਾਂ, ਕੱਪੜਿਆਂ ਤੇ ਹੋਰ ਜੰਗੀ ਅਸਬਾਬ ਦੀ ਆਮਦ ਤੋਂ ਪਹਿਲਾਂ ਹੀ ਜੰਗੀ ਮੋਰਚਿਆਂ ਉੱਤੇ ਝੋਕ ਦਿੱਤੇ ਗਏ। ਲਿਹਾਜ਼ਾ, ਮੌਤਾਂ ਵੀ ਉਨ੍ਹਾਂ ਦੀਆਂ ਹੋਈਆਂ। ਅਕਤੂਬਰ 1914 ਵਿੱਚ ਪੱਛਮੀ ਮੋਰਚੇ ਉੱਤੇ ਮਹਿਜ਼ ਇੱਕ ਹਫ਼ਤੇ ਦੌਰਾਨ 525 ਭਾਰਤੀ ਮਾਰੇ ਗਏ। ਇਸ ਮਗਰੋਂ ਅਪਰੈਲ 1915 ਦੌਰਾਨ ਵਾਈਪਰਸ ਵਿੱਚ ਇੱਕੋ ਰਾਤ ਦੌਰਾਨ 3,889 ਹੋਰ ਭਾਰਤੀ ਮਾਰੇ ਗਏ ਅਤੇ ਇਨ੍ਹਾਂ ਵਿੱਚੋਂ ਬਹੁਤਿਆਂ ਦੀਆਂ ਮੌਤਾਂ ਜ਼ਹਿਰੀਲੀ ਗੈਸ ਰਾਹੀਂ ਹੋਈਆਂ। ਗੈਲੀਪੋਲੀ (ਇਟਲੀ) ਵਿੱਚ ਅੱਠ ਮਹੀਨਿਆਂ ਦੀ ਲੜਾਈ ਦੌਰਾਨ 1,700 ਭਾਰਤੀ ਮਰੇ। 1915 ਦੇ ਅਖ਼ੀਰ ਵਿੱਚ ਫਰਾਂਸ ਵਿਚਲੀਆਂ ਦੋ ਭਾਰਤੀ ਇਨਫੈਂਟਰੀ ਡਿਵੀਜ਼ਨਾਂ ਨੂੰ ਮੱਧ ਪੂਰਬ ਵਿੱਚ ਭੇਜ ਦਿੱਤਾ ਗਿਆ ਜਿੱਥੇ ਉਨ੍ਹਾਂ ਨੇ ਕੂਤ-ਅਲ-ਅਮਾਰਾ ਨੂੰ ਘੇਰਾ ਪਾ ਲਿਆ ਅਤੇ ਫਿਰ ਬਗ਼ਦਾਦ ਜਿੱਤ ਲਿਆ। ਦਰਅਸਲ, ਕਰੀਬ ਢਾਈ ਸਾਲਾਂ ਤਕ ਮੱਧ ਪੂਰਬ ਭਾਰਤੀ ਫ਼ੌਜੀਆਂ ਲਈ ਜੰਗੀ ਅਖਾੜਾ ਬਣਿਆ ਰਿਹਾ। 1918 ਤਕ ਬ੍ਰਿਟੇਨ ਤੇ ਉਸ ਦੇ ਸਾਥੀ ਦੇਸ਼ਾਂ ਦੀ ਮੈਸੋਪੋਟੇਮੀਅਨ ਕਮਾਂਡ ਵਿੱਚ ਢਾਈ ਲੱਖ ਭਾਰਤੀ ਫ਼ੌਜੀ ਸ਼ਾਮਲ ਸਨ। ਕੁੱਲ ਮਿਲਾ ਕੇ ਇੱਥੇ 62 ਹਜ਼ਾਰ ਭਾਰਤੀ ਮਰੇ। ਮੌਤਾਂ ਕਾਰਨ ਖਾਲੀ ਹੋਣ ਵਾਲੀਆਂ ਅਸਾਮੀਆਂ ਭਰਨ ਲਈ ਭਰਤੀ ਦੀ ਰਫ਼ਤਾਰ ਵੀ ਤੇਜ਼ ਕਰ ਦਿੱਤੀ ਗਈ। 1914 ਵਿੱਚ ਭਾਰਤੀ ਫ਼ੌਜ ਵਿੱਚ 80 ਹਜ਼ਾਰ ਬਰਤਾਨਵੀ ਅਤੇ 2.30 ਲੱਖ ਭਾਰਤੀ ਫ਼ੌਜੀ ਸਨ। ਵਿਸ਼ਵ ਯੁੱਧ ਦੌਰਾਨ ਹੋਰ ਅੱਠ ਲੱਖ ਭਾਰਤੀ ਫ਼ੌਜ ਵਿੱਚ ਭਰਤੀ ਕੀਤੇ ਗਏ ਅਤੇ ਇਨ੍ਹਾਂ ਤੋਂ ਇਲਾਵਾ ਚਾਰ ਲੱਖ ਹੋਰ ਭਾਰਤੀ ਗ਼ੈਰ-ਲੜਾਕੂ ਫ਼ੌਜੀ ਕੰਮਾਂ ਵਿੱਚ ਫ਼ੌਜੀ ਡਿਵੀਜ਼ਨਾਂ ਦਾ ਹਿੱਸਾ ਬਣਾਏ ਗਏ।



ਜੰਗ ਨੇ ਬ੍ਰਿਟਿਸ਼ ਹਾਕਮਾਂ ਅੰਦਰ ਭਾਰਤ ਵਿੱਚ ਉਨ੍ਹਾਂ ਦੀ ਸੁਰੱਖਿਆ ਸਬੰਧੀ ਚਿੰਤਾਵਾਂ ਵੀ ਵਧਾ ਦਿੱਤੀਆਂ। 1857-58 ਵਿੱਚ ਹੋਏ ਵਿਦਰੋਹ ਨਾਲ ਜੁੜੀਆਂ ਯਾਦਾਂ ਇਨ੍ਹਾਂ ਅਧਿਕਾਰੀਆਂ ਨੂੰ ਸਤਾਉਣ ਲੱਗੀਆਂ। ਯੂਰੋਪੀਅਨ ਮੋਰਚੇ 'ਤੇ ਭਾਰਤ ਵਿਚਲੇ ਬ੍ਰਿਟਿਸ਼ ਫ਼ੌਜੀ ਤਾਂ ਭੇਜੇ ਗਏ, ਪਰ 'ਦੇਸੀਆਂ' ਨੂੰ ਵੱਧ ਤੇਜ਼ੀ ਨਾਲ ਭੇਜਿਆ ਜਾਣ ਲੱਗਾ ਤਾਂ ਜੋ ਬਹੁਤਾ ਸਮਾਂ ਭਾਰਤੀ ਛਾਉਣੀਆਂ ਵਿੱਚ ਰਹਿ ਕੇ ਉਹ ਕਿਤੇ ਵਿਦਰੋਹ ਦੇ ਰਾਹ ਨਾ ਤੁਰ ਪੈਣ। ਗ਼ਦਰ ਲਹਿਰ ਦੇ ਝੋਕੇ ਨੇ ਅਜਿਹੀ ਫ਼ਿਕਰਮੰਦੀ ਵਿੱਚ ਹੋਰ ਵਾਧਾ ਕੀਤਾ।

ਵਾਇਸਰਾਏ ਲਾਰਡ ਹਾਰਡਿੰਗ ਨੇ ਹੀ ਆਪਣੀ ਸਲਾਹਕਾਰ ਕੌਂਸਲ ਵਿੱਚ ਅਜਿਹੀਆਂ ਚਿੰਤਾਵਾਂ ਸਾਂਝੀਆਂ ਕਰਦਿਆਂ ਕਿਹਾ, 'ਜਿੰਨੇ ਜ਼ਿਆਦਾ ਜੰਗ ਵਿੱਚ ਭੇਜੇ ਜਾਣਗੇ, ਓਨਾ ਇੱਥੇ ਖ਼ਤਰਾ ਘੱਟ ਹੋਵੇਗਾ।' ਅਜਿਹਾ ਰੁਖ਼ ਦੇਖ ਕੇ ਹੀ ਰਾਸ਼ਟਰਵਾਦੀ ਨੇਤਾ ਲਾਲਾ ਲਾਜਪਤ ਰਾਏ ਨੇ ਸ਼ਿਕਵਾ ਕੀਤਾ ਕਿ ਹੋਰਨਾਂ ਦੇਸ਼ਾਂ ਵਿੱਚ ਲੋਕਾਂ ਨੂੰ ਆਪਣੇ ਵਤਨ ਦੀ ਹਿਫ਼ਾਜ਼ਤ ਕਰਨ ਲਈ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਅਮਰੀਕਾ ਵਿੱਚ ਐਫਰੋ-ਅਮਰੀਕਨਾਂ ਤੇ ਉੱਥੇ ਜਾ ਵਸੇ ਭਾਰਤੀਆਂ ਨੂੰ ਵੀ ਅਜਿਹੀ ਸਿਖਲਾਈ ਦਿੱਤੀ ਜਾ ਰਹੀ ਹੈ, ਪਰ ਭਾਰਤੀ ਤਾਂ 'ਆਪਣੇ ਘਰਾਂ ਵਿੱਚ ਵੀ ਕੋਈ ਹਥਿਆਰ ਨਹੀਂ ਰੱਖ ਸਕਦੇ।' ਬ੍ਰਿਟਿਸ਼ ਹਾਕਮਾਂ ਵਿੱਚ ਸਹਿਮ ਇੰਨਾ ਜ਼ਿਆਦਾ ਸੀ ਕਿ ਇੱਕ 13 ਸਾਲਾ ਮੁੰਡੇ ਨੂੰ ਇਸ ਕਰਕੇ ਫੜ ਕੇ ਜੇਲ੍ਹ ਭੇਜ ਦਿੱਤਾ ਗਿਆ ਕਿ ਉਹ ਆਪਣੇ ਪੰਜ ਸਾਲ ਦੇ ਸਾਥੀ ਨੂੰ ਖਿਡਾਉਣਾ ਪਿਸਤੌਲ ਚਲਾਉਣੀ ਸਿਖਾ ਰਿਹਾ ਸੀ। ਇਸ ਸਹਿਮ ਤੇ ਖ਼ੌਫ਼ ਦੀ ਵਜ੍ਹਾ ਇਹ ਤੱਥ ਸੀ ਕਿ ਭਾਰਤ ਅਚਨਚੇਤੀ, ਅਤੇ ਕੁਝ ਸਾਲਾਂ ਲਈ, ਬ੍ਰਿਟਿਸ਼ ਭੂਗੋਲਿਕ-ਆਰਥਿਕ ਸ਼ਕਤੀ ਲਈ ਅਤਿਅੰਤ ਅਹਿਮ ਬਣ ਗਿਆ ਸੀ। ਜੇ ਭਾਰਤ, ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਨਾ ਹੁੰਦਾ ਤਾਂ ਬ੍ਰਿਟੇਨ ਨੇ ਇਹ ਜੰਗ ਨਹੀਂ ਸੀ ਲੜ ਸਕਣੀ। ਵਿਸ਼ਵ ਯੁੱਧ ਵਿੱਚ ਫ਼ੌਜੀਆਂ ਨੂੰ ਝੋਕਣ ਪੱਖੋਂ ਬ੍ਰਿਟੇਨ ਆਪਣੇ ਬਾਕੀ ਸਾਰੇ ਸਹਿਯੋਗੀ ਦੇਸ਼ਾਂ ਨਾਲੋਂ ਬਹੁਤ ਅੱਗੇ ਸੀ ਅਤੇ ਅਜਿਹਾ ਕੁਝ ਭਾਰਤ ਤੋਂ ਫ਼ੌਜੀਆਂ ਦੀ ਲਗਾਤਾਰ ਸਪਲਾਈ ਸਦਕਾ ਸੰਭਵ ਹੋਇਆ। ਦਰਅਸਲ, ਵਿਸ਼ਵ ਯੁੱਧ ਦੌਰਾਨ ਜੰਗੀ ਮੋਰਚਿਆਂ 'ਤੇ ਭੇਜੇ ਗਏ ਕੁਲ ਗ਼ੈਰ-ਬ੍ਰਿਟਿਸ਼ ਸਾਮਰਾਜੀ ਫ਼ੌਜੀਆਂ ਵਿੱਚੋਂ 60 ਫ਼ੀਸਦੀ ਭਾਰਤੀ ਸਨ। ਭਾਰਤ ਵਿੱਚ ਜੰਗੀ ਸਾਜ਼ੋ-ਸਾਮਾਨ ਬਣਾਉਣ ਵਾਲੀ ਸਨਅਤ ਬਹੁਤ ਸੀਮਤ ਜਿਹੀ ਸੀ, ਫਿਰ ਵੀ ਇਸ ਨੇ 60 ਹਜ਼ਾਰ ਰਾਈਫ਼ਲਾਂ ਤੇ ਗੋਲਾ ਬਾਰੂਦ ਦੇ ਸੱਤ ਕਰੋੜ ਰੌਂਦ ਬਰਤਾਨਵੀ ਮੁਹਿੰਮ ਲਈ ਸਪਲਾਈ ਕੀਤੇ। ਭਾਰਤੀ ਰੇਲਵੇ ਨੈੱਟਵਰਕ ਦੇ ਬਹੁਤ ਸਾਰੇ ਹਿੱਸੇ ਉਖਾੜ ਕੇ ਇਰਾਕ ਭੇਜੇ ਗਏ ਤਾਂ ਜੋ ਉੱਥੇ ਫ਼ੌਜੀਆਂ ਦੀ ਆਵਾਜਾਈ ਲਈ ਫ਼ੌਰੀ ਤੌਰ 'ਤੇ ਨਵਾਂ ਨੈੱਟਵਰਕ ਉਸਾਰਿਆ ਜਾ ਸਕੇ। ਸਿਰਫ਼ 1917-18 ਦੌਰਾਨ 1800 ਮੀਲ ਲੰਬੀ ਪਟੜੀ, 13 ਹਜ਼ਾਰ ਫੁੱਟ ਲੰਬਾ ਪੁਲੀਆਂ ਦਾ ਸਾਮਾਨ, 200 ਭਾਫ਼ ਇੰਜਣ ਅਤੇ ਛੇ ਹੋਰ ਰੇਲਵੇ ਵਾਹਨ ਭਾਰਤ ਤੋਂ ਬਾਹਰ ਭੇਜੇ ਗਏ। ਯੂਰੋਪ ਵਿੱਚ ਜੰਗੀ ਮੋਰਚਿਆਂ ਦੀਆਂ ਖੰਧਕਾਂ ਦੀ ਰਾਖੀ ਲਈ ਵਰਤੀਆਂ ਰੇਤੇ ਦੀਆਂ ਬੋਰੀਆਂ ਲਈ ਬੋਰੀਆਂ ਬੰਗਾਲੀ ਪਟਸਣ ਤੋਂ ਤਿਆਰ ਸਨ। ਭਾਰਤ ਦਾ ਸਾਲਾਨਾ ਫ਼ੌਜੀ ਖ਼ਰਚਾ ਬੜੀ ਤੇਜ਼ੀ ਨਾਲ ਦੋ ਕਰੋੜ ਪੌਂਡ ਸਟਰਲਿੰਗ ਤੋਂ ਵੱਧ ਕੇ ਤਿੰਨ ਕਰੋੜ ਪੌਂਡ ਸਟਰਲਿੰਗ 'ਤੇ ਜਾ ਪਹੁੰਚਿਆ। ਭਾਰਤੀ ਕਰਦਾਤਿਆਂ ਨੇ ਬ੍ਰਿਟਿਸ਼ ਸਰਕਾਰ ਨੂੰ 10 ਕਰੋੜ ਪੌਂਡ ਸਟਰਲਿੰਗ ਦਾ 'ਜੰਗੀ ਤੋਹਫ਼ਾ' ਵੱਖਰੇ ਤੌਰ 'ਤੇ ਦਿੱਤਾ। ਇਹ ਰਕਮ ਭਾਰਤ ਸਰਕਾਰ ਦੇ ਸਾਲਾਨਾ ਮਾਲੀਏ ਤੋਂ ਦੁੱਗਣੀ ਬਣਦੀ ਸੀ। ਇਸ ਤੋਂ ਇਲਾਵਾ ਬ੍ਰਿਟਿਸ਼ ਭਾਰਤ ਸਰਕਾਰ ਨੇ ਅਮਰੀਕੀ ਬੈਂਕਾਂ ਤੋਂ 10 ਕਰੋੜ ਪੌਂਡ ਸਟਰਲਿੰਗ ਦੇ ਕਰਜ਼ੇ ਵੱਖਰੇ ਤੌਰ 'ਤੇ ਲਏ ਜੋ ਭਾਰਤੀ ਕਰਦਾਤਿਆਂ ਤੋਂ ਹੋਣ ਵਾਲੀ ਆਮਦਨ ਜ਼ਰੀਏ ਅਦਾ ਕੀਤੇ ਜਾਣੇ ਸਨ। ਇਹੀ ਕਾਰਨ ਹੈ ਕਿ 1914 ਤੋਂ 1919 ਤਕ ਭਾਰਤ ਆਉਣ ਵਾਲੇ ਹਰ ਵਾਇਸਰਾਏ ਨੂੰ ਗਿਲਾ ਰਿਹਾ ਕਿ 'ਜੰਗੀ ਦਫ਼ਤਰ ਵੱਲੋਂ ਭਾਰਤ ਦੀ ਲੁੱਟ ਕੀਤੀ ਜਾ ਰਹੀ ਹੈ।' ਬਹੁਤੇ ਭਾਰਤੀ ਫ਼ੌਜੀਆਂ ਲਈ ਜੰਗੀ ਤਜਰਬਾ ਬਹੁਤ ਦੁਸ਼ਵਾਰ ਸੀ।

ਪੱਛਮੀ (ਯੂਰੋਪੀਅਨ) ਮੋਰਚੇ ਵਿੱਚ ਤਾਇਨਾਤ ਫ਼ੌਜੀਆਂ ਲਈ ਜ਼ਿੰਦਗੀ ਮੱਧ ਪੂਰਬ ਵਿਚਲੇ ਫ਼ੌਜੀਆਂ ਨਾਲੋਂ ਬਿਹਤਰ ਸੀ। ਪਰ ਯੂਰੋਪ ਵਿੱਚ ਵੀ ਭਾਰਤੀ ਫ਼ੌਜੀ ਸਿੱਲ੍ਹੀਆਂ ਖੰਦਕਾਂ ਵਿੱਚ ਰਹੇ, ਉਨ੍ਹਾਂ ਨੂੰ ਮਾੜੀ ਖ਼ੁਰਾਕ ਮਿਲਦੀ ਰਹੀ ਅਤੇ ਉਨ੍ਹਾਂ ਨੂੰ ਮਸ਼ੀਨਗੰਨਾਂ ਸਿਰਫ਼ ਇਸ ਖ਼ੌਫ਼ ਕਾਰਨ ਨਹੀਂ ਦਿੱਤੀਆਂ ਗਈਆਂ ਕਿ ਕਿਤੇ ਉਹ ਬਾਗ਼ੀ ਹੋ ਕੇ ਇਨ੍ਹਾਂ ਦੀ ਵਰਤੋਂ ਨਾ ਕਰਨ ਲੱਗ ਜਾਣ। ਉਨ੍ਹਾਂ ਨਾਲ ਬਿਹਤਰ ਵਿਵਹਾਰ ਸਿਰਫ਼ ਉਦੋਂ ਹੁੰਦਾ ਸੀ ਜਦੋਂ ਉਹ ਜ਼ਖ਼ਮੀ ਹੋ ਜਾਂਦੇ।

ਜ਼ਖ਼ਮੀ ਫ਼ੌਜੀਆਂ ਨੂੰ ਜਾਂ ਤਾਂ ਸਾਊਥੈਂਪਟਨ ਭੇਜਿਆ ਜਾਂਦਾ ਸੀ ਅਤੇ ਜਾਂ ਫਿਰ ਬ੍ਰਾਈਟਨ। ਮੱਧ ਯੂਰਪ ਵਿੱਚ ਭਾਰਤੀ ਫ਼ੌਜੀਆਂ ਤੋਂ ਆਰਜ਼ੀ ਜੰਗੀ ਢਾਂਚੇ ਉਸਾਰਨ ਲਈ ਸਖ਼ਤ ਮਿਹਨਤ ਕਰਵਾਈ ਜਾਂਦੀ ਸੀ, ਖ਼ੁਰਾਕੀ ਸਪਲਾਈ ਦਾ ਮੰਦਾ ਹਾਲ ਸੀ ਅਤੇ ਫੱਟੜਾਂ ਦੀ ਵੀ ਚੱਜ ਨਾਲ ਪ੍ਰਵਾਹ ਨਹੀਂ ਸੀ ਕੀਤੀ ਜਾਂਦੀ।

ਇਸ ਖਿੱਤੇ ਵਿੱਚ ਭਾਰਤੀ ਫ਼ੌਜੀਆਂ ਦੀਆਂ ਵੱਡੀ ਗਿਣਤੀ ਵਿੱਚ ਮੌਤਾਂ ਹੋਈਆਂ-ਲੜਾਈ ਵਿੱਚ ਵੀ ਤੇ ਬਿਮਾਰੀਆਂ ਨਾਲ ਵੀ। ਭਾਰਤੀ ਫ਼ੌਜੀ ਆਪਣੀਆਂ ਸ਼ਿਕਾਇਤਾਂ ਆਪਣੇ ਪੱਤਰਾਂ ਰਾਹੀਂ ਪਰਿਵਾਰਾਂ ਤਕ ਪਹੁੰਚਾਇਆ ਕਰਦੇ ਸਨ। ਇਸੇ ਲਈ ਸਰਕਾਰ ਪੱਤਰ ਵੀ ਸੈਂਸਰ ਕਰਨ ਲੱਗੀ। ਇੱਕ ਪੰਜਾਬੀ ਮੁਸਲਿਮ ਫ਼ੌਜੀ ਨੇ ਆਪਣੇ ਇੱਕ ਮਿੱਤਰ ਨੂੰ ਲਿਖਿਆ, "ਕੋਈ ਬਹਾਨਾ ਬਣਾ ਕੇ ਫ਼ੌਜ ਵਿੱਚੋਂ ਨਿਕਲ ਜਾ। ਏਧਰ ਯੂਰੋਪੀਅਨ ਮੋਰਚੇ 'ਤੇ ਕਿਸੇ ਵੀ ਸੂਰਤ ਵਿੱਚ ਨਾ ਆਈਂ।"

ਕਈ ਪੱਤਰ ਲੇਖਕਾਂ ਨੇ ਦੋਸ਼ ਲਾਏ ਕਿ ਬ੍ਰਿਟਿਸ਼ ਕਮਾਂਡਰ ਗੋਰੇ ਫ਼ੌਜੀਆਂ ਦੀਆਂ ਜਾਨਾਂ ਬਚਾਉਣ ਲਈ ਜੰਗੀ ਮੋਰਚਿਆਂ 'ਤੇ ਮੂਹਰਲੀਆਂ ਸਫ਼ਾਂ ਵਿੱਚ ਭਾਰਤੀਆਂ ਨੂੰ ਰੱਖ ਰਹੇ ਹਨ ਜਦੋਂਕਿ ਗ਼ੋਰੇ ਫ਼ੌਜੀ ਪਿਛਲੀਆਂ ਸਫ਼ਾਂ ਵਿੱਚ ਤਾਇਨਾਤ ਕੀਤੇ ਜਾਂਦੇ ਹਨ।

ਜਿਵੇਂ ਜਿਵੇਂ ਭਾਰਤੀ ਫ਼ੌਜੀਆਂ ਦੀ ਮੰਦੀ ਹਾਲਤ ਦੀਆਂ ਖ਼ਬਰਾਂ ਫੈਲਣੀਆਂ ਸ਼ੁਰੂ ਹੋਈਆਂ, ਇਸ ਦਾ ਅਸਰ ਨਵੀਂ ਭਰਤੀ ਉੱਤੇ ਵੀ ਪੈਣਾ ਸ਼ੁਰੂ ਹੋ ਗਿਆ। ਕਈ ਥਾਈਂ ਭਰਤੀ ਨੂੰ ਹੁੰਗਾਰਾ ਹੀ ਨਹੀਂ ਮਿਲਿਆ। ਅੰਮ੍ਰਿਤਸਰ ਵਿੱਚ ਭਰਤੀ ਲਈ ਆਏ ਨੌਜਵਾਨਾਂ ਦੇ ਪਿੱਛੇ ਪਿੱਛੇ ਘਰਾਂ ਦੀਆਂ ਔਰਤਾਂ ਵੀ ਆ ਗਈਆਂ ਤਾਂ ਜੋ ਉਨ੍ਹਾਂ ਨੂੰ ਭਰਤੀ ਹੋਣ ਤੋਂ ਰੋਕਿਆ ਜਾ ਸਕੇ।


FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

Century 21
Green Realty Inc., Brokerage
Tel: 905-565-9565 | Fax: 905-565-9522
Call For
Residential, Commercial, & Investment



For all your Real Estate needs
Amolak Dhindsa
Sales Representative
416-721-2576

# ਮੈਂ ਇਕ ਕਿਰਤੀ ਜਮਾਤ ਦਾ ਸੰਤਾਪ ਹੰਢਾਇਆ ਤੇ ਹੰਢਾ ਰਿਹਾ ਹਾਂ : ਗੱਗ

**ਪਿਛਲੇ ਦਿਨੀਂ ਪੰਜਾਬੀ ਦੇ ਕਵੀ ਸੁਰਜੀਤ ਗੱਗ ਤੇ ਇਕ ਕਵਿਤਾ ਲਿਖਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼ਿਕਾਇਤ ਕਰਨ ਤੇ ਧਾਰਾ 295A (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ) ਦੇ ਥੱਲੇ ਇਕ ਪੁਲਿਸ ਕੇਸ ਦਰਜ ਕੀਤਾ ਗਿਆ। ਜਿਸ ਸਬੰਧ ਵਿੱਚ ਗੁਰਮੇਲ ਗਿੱਲ - ਸਕੱਤਰ ਤਰਕਸ਼ੀਲ ਕਲਚਰਲ ਸੁਸਾਇਟੀ ਕੈਨੇਡਾ ਅਤੇ ਜਸਵੰਤ ਜ਼ੀਰਖ - ਜਥੇਬੰਦਕ ਮੁੱਖੀ ਤਰਕਸ਼ੀਲ ਸੁਸਾਇਟੀ ਪੰਜਾਬ, ਲੁਧਿਆਣਾ ਇਕਾਈ ਵਲੋਂ ਉਸ ਨਾਲ ਇਕ ਇੰਟਰਵਿਊ ਕੀਤੀ ਗਈ ਜਿਸ ਦੇ ਅੰਸ਼ ਹਾਜ਼ਰ ਹਨ**



ਖੱਬੇ ਜਸਵੰਤ ਜੀਰਖ, ਵਿਚਕਾਰ ਸੁਰਜੀਤ ਗੱਗ ਅਤੇ ਸੱਜੇ ਗੁਰਮੇਲ ਗਿੱਲ ਕੈਨੇਡਾ

**ਪ੍ਰਸ਼ਨ :- ਗੱਗ ਸਾਹਿਬ ਸਭ ਤੋਂ ਪਹਿਲਾਂ ਆਪਣੇ ਬਾਰੇ ਕੁੱਝ ਜਾਣਕਾਰੀ ਦੇਵੋ।**

ਉੱਤਰ:- ਸਮਾਜਿਕ ਵਿਗਿਆਨ ਦਾ ਵਿਦਿਆਰਥੀ ਹਾਂ। ਸੁਭਾਅ ਪੱਖੋਂ ਤਰਕਸ਼ੀਲ ਹਾਂ। ਜਿੰਨੀ ਕੁ ਸਮਝ ਬਣਦੀ ਹੈ, ਲਿਖ ਲੈਂਦਾ ਹਾਂ ਤੇ ਪਾਠਕਾਂ ਨਾਲ ਸਾਂਝਾ ਕਰ ਲੈਂਦਾ ਹਾਂ, ਦਾਅਵਾ ਕਦੇ ਨਹੀਂ ਕਰਦਾ, ਸਵਾਲ ਕਰਦਾ ਹਾਂ। ਲੇਖਕ ਹਾਂ ਤੇ ਸਾਹਿਤ ਦੀ ਸਮਝ ਰੱਖਦਾ ਹਾਂ। ਭਲੇ ਵੇਲਿਆਂ ਵਿੱਚ "ਇਨਕਲਾਬ" ਨਾਮ ਦਾ ਤ੍ਰੈਮਾਸਿਕ ਰਸਾਲਾ ਵੀ ਕੱਢਦਾ ਰਿਹਾ ਹਾਂ, ਜੋ ਤਕਨੀਕੀ ਕਾਰਨਾਂ ਕਾਰਨ ਬੰਦ ਕਰਨਾ ਪੈ ਗਿਆ।

ਅੱਜਕਲ੍ਹ "ਵਿਗਿਆਨਜੋਤ" ਦੇ ਸੰਪਾਦਕੀ ਮੰਡਲ ਵਿੱਚ ਸੇਵਾਵਾਂ ਨਿਭਾ ਰਿਹਾ ਹਾਂ ਅਤੇ ਇਸ ਤੋਂ ਇਲਾਵਾ "ਗੱਗ-ਬਾਣੀ" ਨਾਮ ਦੀ ਇੱਕ ਗੀਤ-ਕਵਿਤਾਵਾਂ ਦੀ ਪੁਸਤਕ ਛਪ ਚੁੱਕੀ ਹੈ। ਸਮਾਜਿਕ ਮਸਲਿਆਂ ਤੇ ਲਗਾਤਾਰ ਟਿੱਪਣੀ ਕਰਨ ਕਾਰਨ ਅਕਸਰ ਚਰਚਾ ਵਿੱਚ ਰਹਿੰਦਾ ਹਾਂ।

**ਪ੍ਰਸ਼ਨ:- ਆਪਣੇ ਪਰਿਵਾਰਕ ਪਿਛੋਕੜ ਬਾਰੇ ਵੀ ਕੁੱਝ ਦੱਸੋ।**

ਉਤਰ:-ਰੋਪੜ ਜ਼ਿਲ੍ਹੇ ਦੇ ਅਤਿ ਪਛੜੇ ਅਤੇ ਅਣਗੌਲੇ ਪਿੰਡ ਗੱਗ ਦਾ ਵਸਨੀਕ ਹਾਂ। ਏਦਾਂ ਦੇ ਮਜ਼ਦੂਰ ਪਰਿਵਾਰ ਨਾਲ ਸਬੰਧ ਰੱਖਦਾ ਹਾਂ ਜਿਸ ਵਾਸਤੇ ਖੇਤੀਬਾੜੀ ਤਾਂ ਦੂਰ ਦੀ ਗੱਲ, ਅਪਣਾ ਮਕਾਨ ਪਾਉਣ ਲਈ ਵੀ ਜ਼ਮੀਨ ਦਾ ਟੁਕੜਾ ਬਹੁਤ ਮੁਸ਼ਕਿਲ ਨਾਲ ਜੁੜਦਾ ਹੈ। ਦੋ ਭੈਣਾਂ ਅਤੇ ਦੋ ਭਰਾਵਾਂ ਵਿੱਚੋਂ ਸਭ ਤੋਂ ਵੱਡਾ ਹਾਂ। ਉਦੋਂ 8 ਸਾਲ ਦਾ ਸੀ, ਜਦੋਂ ਪਿਤਾ ਜੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ, ਉਸ ਤੋਂ ਬਾਅਦ ਰੁਲ਼-ਖੁਲ ਕੇ ਹੀ ਪਲ਼ੇ ਹਾਂ। ਪਰਿਵਾਰ ਵਿੱਚ ਮਾਤਾ ਜੀ, ਪਤਨੀ ਅਤੇ ਦੋ ਬੱਚੇ ਹਨ ਅਤੇ ਖ਼ੁਸ਼ਹਾਲ ਪਰਿਵਾਰ ਹੈ।

**ਪ੍ਰਸ਼ਨ:- ਤੁਹਾਡੀ ਆਮਦਨ ਦਾ ਕੀ ਸਾਧਨ ਹੈ ?**

ਉੱਤਰ:- ਸਾਇਕਲ ਤੇ ਚਾਹ ਪੱਤੀ ਵਾਲੀ ਲੱਕੜ ਦੀ ਪੇਟੀ ਬੰਨ੍ਹ ਕੇ ਪਿੰਡਾਂ ਵਿੱਚ ਹੋਕਾ ਲਾ ਕੇ ਕੁਲਫੀਆਂ ਵੇਚਣ ਤੋਂ ਸ਼ੁਰੂ ਹੋਇਆ ਸਫ਼ਰ ਘੁੰਮਣ ਵਾਲੀ ਕੁਰਸੀ ਤੇ ਪਹੁੰਚਣ ਤੋਂ ਬਾਅਦ ਅਜੇ ਵੀ ਜੱਦੋ-ਜ਼ਹਿਦ ਵਿੱਚ ਹੈ। 10 ਕੁ ਸਾਲ ਮੁਹਾਲੀ ਅਤੇ ਨੇੜਲੇ ਖੇਤਰਾਂ ਵਿੱਚ ਫੈਕਟਰੀ ਮਜ਼ਦੂਰ ਵਜੋਂ ਲੋਹੇ ਨਾਲ ਲੋਹਾ ਹੁੰਦਾ ਰਿਹਾ। ਇਹ ਸਮਾਂ ਅੱਤ ਦੀ ਗ਼ੁਲਾਮੀ ਵਾਲਾ ਸਮਾਂ ਰਿਹਾ ਹੈ, ਜਿੱਥੇ ਸਰਦੀਆਂ ਵਿੱਚ ਐਤਵਾਰ ਵਾਲੇ ਦਿਨ ਹੀ ਸੂਰਜ ਦੇ ਦਰਸ਼ਨ ਹੁੰਦੇ ਸੀ, ਬਾਕੀ ਦਿਨ, ਸਵੇਰੇ ਸਾਢੇ 8 ਵਜੇ ਲੋਹੇ ਦਾ ਵੱਡਾ ਗੇਟ ਲੰਘਣ ਤੋਂ ਬਾਅਦ ਰਾਤ ਦੇ 8 ਵਜੇ ਜਾਨ ਛੁੱਟਦੀ ਸੀ। ਜਿਉਂਦੇ ਰਹਿਣ ਲਈ ਰੋਟੀ ਜੋਗੀ ਤਨਖ਼ਾਹ ਬਦਲੇ ਸਭ ਕੁੱਝ ਨਿਚੋੜ ਲਿਆ ਜਾਂਦਾ ਸੀ। ਸ਼ੁਰੂ-ਸ਼ੁਰੂ ਵਿੱਚ ਬਹੁਤ ਔਖਾ ਸਮਾਂ ਗੁਜ਼ਰਿਆ ਤੇ ਬਾਅਦ ਵਿੱਚ ਆਦਤ ਪੈ ਗਈ। ਇਸ ਤੋਂ ਇਲਾਵਾ ਪਿੰਡ ਦੇ ਅੱਡੇ ਤੇ 10 ਕੁ ਸਾਲ ਟੀ.ਵੀ. ਰਿਪੇਅਰ ਦੀ ਦੁਕਾਨ ਕੀਤੀ ਜਿੱਥੋਂ ਦੀ ਪ੍ਰਾਪਤੀ ਇਹ ਹੈ ਕਿ ਖੱਬੇ-ਪੱਖੀ ਧਿਰ ਨਾਲ ਜੁੜਨ ਕਾਰਨ ਸਮਾਜਿਕ ਵਿਗਿਆਨ ਦੀ ਸਮਝ ਆਉਣ ਲੱਗੀ, ਸਾਹਿਤ ਪੜ੍ਹਨ ਦੀ ਚੇਟਕ ਲੱਗੀ, ਹਲਕੀ-ਫੁਲਕੀ ਤੁੱਕਬੰਦੀ ਤੋਂ ਗੰਭੀਰ ਲੇਖਣੀ ਵੱਲ ਮੁਹਾਰ ਮੁੜੀ। 2012 ਵਿੱਚ ਕਾਰੋਬਾਰੀ ਮੰਦੀ ਕਾਰਨ ਅਤੇ ਸਾਹਿਤਕ ਸੁਭਾਅ ਕਾਰਨ ਦੁਕਾਨ ਦਾ ਕੰਮ ਜਾਰੀ ਰੱਖਣਾ ਵੱਸ ਵਿੱਚ ਨਹੀਂ ਰਿਹਾ ਤੇ ਦੁਕਾਨ ਛੱਡ ਕੇ ਅਪਣੇ ਸਾਹਿਤਕ ਮਿੱਤਰ ਦੀ ਆਈਲੈਟਸ ਕਰਵਾਉਣ ਵਾਲੀ ਕੰਪਨੀ ਵਿੱਚ ਅੰਗ੍ਰੇਜ਼ੀ ਦਾ ਮੁਢਲਾ ਗਿਆਨ ਹਾਸਲ ਕਰਕੇ ਮੈਨੇਜਰ ਵਜੋਂ ਸੇਵਾਵਾਂ ਨਿਭਾਈਆਂ। ਇਹ ਕੰਮ ਅਪਣੇ ਸੁਭਾਅ ਨਾਲ ਮੇਲ ਨਾ ਖਾਣ ਕਾਰਨ ਅੱਜ ਛੱਡਾਂ, ਕੱਲ੍ਹ ਛੱਡਾਂ ਕਰਦਿਆਂ ਕਰਦਿਆਂ 4 ਕੁ ਸਾਲ ਲੰਘਾ ਦਿੱਤੇ ਤੇ ਆਖਿਰ ਇਹ ਕੰਮ ਵੀ ਛੱਡ ਦਿੱਤਾ। ਅੱਜ ਕਲ੍ਹ ਮੁੜ ਕਿਸੇ ਨਵੀਂ ਰਾਹ ਦੀ ਤਲਾਸ਼ ਵਿੱਚ ਦਿਨ ਲੰਘ ਰਹੇ ਹਨ।

**ਪ੍ਰਸ਼ਨ:- ਰੋਜ਼ੀ ਰੋਟੀ ਲਈ ਕਾਫ਼ੀ ਜਦੋ ਜਹਿਦ ਕਰਨੀ ਪਈ, ਕਦੇ ਮਨ ਨਹੀਂ ਡੋਲਿਆ ?**

ਉੱਤਰ:- ਆਰਥਿਕ ਸਥਿਤੀ ਹਮੇਸ਼ਾ ਡਾਵਾਂਡੋਲ ਰਹੀ ਹੈ, ਕਿਉਂਕਿ ਪੈਸੇ ਪ੍ਰਤੀ ਸਮਝ ਨਹੀਂ ਬਣ ਸਕੀ ਤੇ ਏਸੇ ਕਰਕੇ ਪੈਸੇ ਨੂੰ ਕਦੇ ਮਹੱਤਵ ਵੀ ਨਹੀਂ ਦਿੱਤਾ। ਕੋਲ ਚਾਰ ਪੈਸੇ ਹੋਣ ਤੇ ਬਾਦਸ਼ਾਹੀ ਤੇ ਨੰਗ ਹੋਣ ਤੇ ਫਕੀਰੀ ਵੀ ਹੰਢਾਈ ਪਰ ਗ਼ਰੀਬੀ ਕਦੇ ਨਹੀਂ ਹੰਢਾਈ। ਮਨ ਡੋਲਣਾ ਤਾਂ ਦੂਰ ਦੀ ਗੱਲ, ਉਲਟਾ ਨੁਕਸਾਨ (ਆਰਥਿਕ) ਕਾਫ਼ੀ ਜ਼ਿਆਦਾ ਝੱਲਣਾ ਪਿਆ। ਟੀਵੀ ਮਕੈਨਿਕਾਂ ਬਾਰੇ ਆਮ ਰਾਏ ਹੈ ਕਿ ਇੱਕ ਟਾਂਕਾ ਲਾਉਣ ਦੇ 100 ਰੁਪਏ ਲੈ ਲੈਂਦੇ ਹਨ ਅਤੇ ਇਹ ਸੱਚ ਵੀ ਹੈ। ਟੀਵੀ ਰਿਪੇਅਰ ਤੇ ਜੇ 200-250 ਰੁਪਏ ਖਰਚ ਆਵੇ ਤਾਂ 800 ਤੋਂ 1000 ਰੁਪਏ ਵਸੂਲਣੇ ਆਮ ਗੱਲ ਹੈ। ਮੇਰੇ ਗ੍ਰਾਹਕ ਬਹੁਤੇ ਆਰਥਿਕ ਤੌਰ 'ਤੇ ਕਮਜ਼ੋਰ ਹੀ ਸਨ, ਉਹਨਾਂ ਤੋਂ ਮੂੰਹ ਪਾੜ ਕੇ ਕਦੇ ਪੈਸੇ ਮੰਗੇ ਹੀ ਨਹੀਂ ਗਏ। ਸਾਹਿਤ ਨਾਲ ਲਗਾਅ ਹੋਣ ਤੇ ਸਮਾਜਿਕ ਵਿਗਿਆਨ ਦੀ ਸਮਾਜ ਆਉਣ ਕਰਕੇ, ਕੋਈ ਬੇਅਸੂਲਾ ਢੰਗ ਅਪਣਾ ਕੇ ਪੈਸਾ ਕਮਾਉਣ ਦਾ ਖਿਆਲ ਕਦੇ ਮਨ ਵਿੱਚ ਨਹੀਂ ਆਇਆ।

**ਪ੍ਰਸ਼ਨ:- ਤੁਸੀਂ ਕਿਹਾ ਕਿ ਦੁਕਾਨ ਕਰਦਿਆਂ ਤੁਹਾਨੂੰ ਸਾਹਿਤ ਪੜ੍ਹਨ ਦੀ ਚੇਟਕ ਲੱਗੀ, ਸਾਹਿਤ ਤਾਂ ਕਈ ਤਰ੍ਹਾਂ ਦਾ ਹੁੰਦਾ ਹੈ, ਤੁਸੀਂ ਕਿਹੋ ਜਿਹਾ ਸਾਹਿਤ ਪੜ੍ਹਿਆ ?**

ਉੱਤਰ:- ਤਰਕਸ਼ੀਲ ਸਾਹਿਤ ਖੁੱਭ ਕੇ ਪੜ੍ਹਿਆ ਹੈ। ਡਾ. ਇਬ੍ਰਾਹੀਮ ਟੀ ਕਾਵੂਰ, ਮੇਘ ਰਾਜ ਮਿੱਤਰ ਤੋਂ ਇਲਾਵਾ ਸੰਤ ਰਾਮ ਉਦਾਸੀ ਦੀਆਂ ਲਿਖਤਾਂ ਅਤੇ ਸ਼ਹੀਦ ਭਗਤ ਸਿੰਘ ਅਤੇ ਹੋਰ ਸ਼ਹੀਦਾਂ ਦੀ ਜੀਵਨੀ ਅਤੇ ਲਿਖਤਾਂ ਪੜ੍ਹੀਆਂ ਹਨ। ਇਸ ਤੋਂ ਇਲਾਵਾ ਨਾਵਲ ਲਾਲ ਬੱਤੀ, ਸੜਕਨਾਮਾ, ਪਰਬਤੋਂ ਭਾਰੀ ਮੌਤ, ਜੂਠ, ਗੱਠੜੀ ਚੋਰ ਆਦਿ ਬਹੁਤ ਸਾਰੇ ਨਾਵਲ, ਕਹਾਣੀਆਂ ਅਤੇ ਸਮਾਜਿਕ ਮਸਲਿਆਂ ਤੇ ਲਿਖੇ ਲੇਖ ਸੰਗ੍ਰਹਿ ਪੜ੍ਹੇ ਹਨ। ਪੰਜਾਬੀ ਟ੍ਰਿਬਿਊਨ ਅਤੇ ਨਵਾਂ ਜ਼ਮਾਨਾ ਦਾ ਨਿਰੰਤਰ ਪਾਠਕ ਰਿਹਾ ਹਾਂ।

**ਪ੍ਰਸ਼ਨ:- ਕਿਸ ਸਾਹਿਤ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ?**

ਉੱਤਰ:- ਤਰਕਸ਼ੀਲ ਸਾਹਿਤ ਨੇ ਸਮਾਜ ਪ੍ਰਤੀ ਨਜ਼ਰੀਆ ਹੀ ਨਹੀਂ ਬਦਲਿਆ, ਸਗੋਂ ਜੀਵਨ ਜਾਚ ਵਿੱਚ ਵੀ ਇਨਕਲਾਬੀ ਤਬਦੀਲੀ ਲਿਆਂਦੀ। "ਹੁਣ" (ਸਾਹਿਤਕ ਮੈਗਜ਼ੀਨ) ਵੀ ਸ਼ੁਰੂਆਤੀ ਦੌਰ ਵਿੱਚ ਪੜ੍ਹਿਆ। ਲਲਕਾਰ ਮੈਗਜ਼ੀਨ ਵੀ ਪੜ੍ਹ ਰਿਹਾ ਹਾਂ। ਜਿੰਨਾ ਵੀ ਪੜ੍ਹਿਆ ਹੈ ਬਹੁਤ ਘੱਟ ਜਾਪਦਾ ਹੈ, ਅਜੇ ਪੜ੍ਹਨ ਲਈ, ਸਮਝਣ ਲਈ ਬਹੁਤ ਸਾਹਿਤ ਹੈ ਜੋ ਪੜ੍ਹਨਾ ਬਾਕੀ ਹੈ। ਇਹ ਸਾਹਿਤ ਦੀ ਹੀ ਦੇਣ ਹੈ ਕਿ ਔਰਤ ਪ੍ਰਤੀ ਵੀ ਨਜ਼ਰੀਆ ਸਾਕਾਰਾਤਮਕ ਹੋਇਆ ਹੈ। ਮੈਨੂੰ ਲੱਗਦਾ ਹੈ ਕਿ ਸਾਹਿਤ ਤੋਂ ਬਗੈਰ ਜ਼ਿੰਦਗੀ ਨੀਰਸ ਸੀ। ਤਰਕਸ਼ੀਲ ਸਾਹਿਤ ਨੇ ਸਭ ਤੋਂ ਜ਼ਿਆਦਾ ਪ੍ਰਭਾਵਿਤ ਕੀਤਾ ਹੈ।

ਇਸ ਤੋਂ ਇਲਾਵਾ ਗੁਰਸ਼ਰਨ ਭਾਅ ਜੀ ਦੇ ਨਾਟਕਾਂ ਦਾ ਬਹੁਤ ਪ੍ਰਭਾਵ ਕਬੂਲਿਆ ਹੈ। ਉਹਨਾਂ ਦੇ ਨਾਟਕ ਪੰਜ ਕਲਿਆਣੀ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਚਾਹਾਂਗਾ, ਜੋ ਦਲਿਤ ਵਰਗ (ਸ਼ੋਸ਼ਿਤ ਵਰਗ) ਦੀ ਮਾੜੀ ਹਾਲਤ ਤੇ ਆਧਾਰਿਤ ਹੈ। ਪਾਸ਼ ਦੀ ਕਵਿਤਾ ਦੇ ਬੋਲ ਨੇ ਕਿ 'ਹੱਥ ਜੇ ਹੋਣ ਤਾਂ ਜੋੜਨ ਲਈ ਹੀ ਨਹੀਂ ਹੁੰਦੇ, ਦੁਸ਼ਮਣ ਦੀ ਗਿੱਚੀ ਮਰੋੜਨ ਲਈ ਵੀ ਹੁੰਦੇ ਹਨ', ਇਹ ਬੋਲ ਇਸ ਨਾਟਕ ਵਿੱਚ ਪ੍ਰਤੱਖ ਰੂਪ ਵਿੱਚ ਪ੍ਰੀਭਾਸ਼ਿਤ ਹੁੰਦੇ ਹਨ। ਸ਼ੋਸ਼ਿਤ ਜਮਾਤ ਜੋ ਸ਼ਾਹੂਕਾਰ ਦੀ ਵਹੀ ਤੇ ਅੰਗੂਠਾ ਲਾਉਣ ਤੋਂ ਬਾਅਦ ਹੱਥ ਜੋੜਨ ਤੱਕ ਹੀ ਸੀਮਿਤ ਰਹਿ ਜਾਂਦੀ ਹੈ, ਵਿੱਚ ਬਗ਼ਾਵਤ ਦਾ ਬੀਜ ਬੀਜਦਾ ਹੈ, ਨਾਟਕ ਪੰਜ ਕਲਿਆਣੀ। ਇਸ ਨਾਟਕ ਦਾ ਹੀ ਪ੍ਰਭਾਵ ਰਿਹਾ ਕਿ ਮੈਂ ਨਮੋਸ਼ੀ ਵਾਲਾ ਜੀਵਨ ਤਿਆਗ ਕੇ ਸਵੈਮਾਣ ਨਾਲ ਜਿਊਣਾ ਸ਼ੁਰੂ ਕਰ ਦਿੱਤਾ ਤੇ ਉਹ ਸਮੱਸਿਆਵਾਂ ਜੋ ਕਿਸੇ ਵੇਲੇ ਪਹਾੜ ਤੋਂ ਵੀ ਵੱਡੀਆਂ ਜਾਪਦੀਆਂ ਸਨ, ਪੈਰਾਂ ਥੱਲੇ ਮਿਧਣ ਵਿੱਚ ਸਫ਼ਲ ਹੋਇਆ ਹਾਂ।

**ਪ੍ਰਸ਼ਨ:- ਤੁਹਾਡੀ ਲੱਗ-ਭਗ ਹਰ ਕਵਿਤਾ ਹੀ ਸਥਾਪਤੀ ਤੇ ਵਿਅੰਗਮਈ ਚੋਟ ਕਰਦੀ ਹੈ, ਕਿਤੇ ਇਹ ਵੀ ਤੁਹਾਡੇ ਰੋਜ਼ੀ-ਰੋਟੀ ਕਮਾਉਣ ਲਈ ਹੰਢਾਏ ਜਾ ਰਹੇ ਸੰਤਾਪ ਦਾ ਪ੍ਰਤੀਬਿੰਬ ਤਾਂ ਨਹੀਂ ?**

ਉੱਤਰ:- ਸਮਾਜ ਜਾਂ ਕੁਦਰਤ ਦੇ ਕਿਸੇ ਵਰਤਾਰੇ ਨੂੰ ਸਮਝਣ ਲਈ ਦੋ ਫਲਸਫ਼ੇ ਜਾਂ ਦ੍ਰਿਸ਼ਟੀਕੋਣ ਹਨ, ਜੋ ਦੋ ਜਮਾਤਾਂ ਦੀ ਨੁਮਾਇੰਦਗੀ ਕਰਦੇ ਹਨ, ਇਕ ਉਤਪਾਦਨ ਦੇ ਸਾਧਨਾਂ ਤੇ ਕਾਬਜ਼ ਹਾਕਮ ਜਮਾਤ ਦੀ ਤੇ ਦੂਸਰਾ ਸਾਧਨਹੀਣ ਕਿਰਤੀ ਜਮਾਤ ਦੀ। ਹਰ ਲੇਖਕ ਦੀ ਲੇਖਣੀ ਕਿਸੇ ਇਕ ਜਾਂ ਦੂਜੀ ਜਮਾਤ ਦੇ ਹੱਕ ਵਿੱਚ ਭੁਗਤਦੀ ਹੈ। ਮੈਂ ਇਕ ਕਿਰਤੀ ਜਮਾਤ ਦਾ ਸੰਤਾਪ ਹੰਢਾਇਆ ਤੇ ਹੰਢਾ ਰਿਹਾ ਹਾਂ ਤੇ ਮੇਰਾ ਹਰ ਲਫਜ਼ ਇਸ ਸੰਤਾਪ ਦਾ ਆਪ ਮੁਹਾਰਾ ਪ੍ਰਗਟਾਵਾ ਹੀ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਗ਼ੁਲਾਮ ਨੂੰ ਗ਼ੁਲਾਮੀ ਦਾ ਅਹਿਸਾਸ ਹੋ ਜਾਵੇ ਤਾਂ ਆਜ਼ਾਦੀ ਦੀ ਮਸ਼ਾਲ ਉਹ ਖ਼ੁਦ ਚੁੱਕ ਲੈਂਦਾ ਹੈ। ਮੈਨੂੰ ਜਦੋਂ ਗ਼ੁਲਾਮੀ ਦਾ ਅਹਿਸਾਸ ਹੋਇਆ ਤਾਂ ਬਗ਼ਾਵਤ ਨੇ ਉਪਜਣਾ ਹੀ ਸੀ। ਇਹ ਬਗ਼ਾਵਤ ਕਵਿਤਾਵਾਂ ਵਿੱਚ ਹੀ ਨਹੀਂ, ਸੁਭਾਅ ਵਿੱਚ ਵੀ ਉੱਭਰ ਕੇ ਸਾਹਮਣੇ ਆਈ। ਇਹੋ ਕਾਰਨ ਹੈ ਕਿ ਇਸ ਸਮਾਜਿਕ ਢਾਂਚੇ ਵਿੱਚ ਖ਼ੁਦ ਨੂੰ ਕਿਤੇ ਵੀ ਸਥਿਰ ਨਹੀਂ ਕਰ ਸਕਿਆ।

**ਪ੍ਰਸ਼ਨ:-ਜਦੋਂ ਤੁਸੀਂ ਸਥਾਪਤੀ ਤੇ ਚੋਟ ਕਰਦੇ ਹੋ ਤਾਂ ਉਹ ਇਹ ਕਦਾਚਿਤ ਬਰਦਾਸ਼ਤ ਨਹੀਂ ਕਰਦੀ, ਇਸ ਦਾ ਤੁਹਾਡੇ ਪ੍ਰਤੀ ਕੀ ਪ੍ਰਤੀਕਰਮ ਰਿਹਾ ?**

ਉੱਤਰ:- ਜੇ ਅਸੀਂ ਸਥਾਪਤੀ ਨੂੰ ਲਲਕਾਰਦੇ ਹਾਂ ਤਾਂ ਸਥਾਪਤੀ ਦੀ ਅੱਖ ਵਿੱਚ ਰੜਕਣ ਲੱਗ ਜਾਂਦੇ ਹਾਂ ਤੇ ਸਥਾਪਤੀ ਇਸ ਪ੍ਰਤੀ ਅਪਣਾ ਪ੍ਰਤੀਕਰਮ ਕਿਸੇ ਨਾ ਕਿਸੇ ਰੂਪ ਵਿੱਚ ਦਿਖਾਉਂਦੀ ਹੀ ਹੈ। 2014 ਵਿੱਚ "ਬੜੇ ਅਫਸੋਸ ਨਾਲ ਕਹਿਣਾ ਪੈ ਰਿਹੈ, ਐਸੇ ਮੁਲਕ ਵਿੱਚ ਰਹਿਣਾ ਪੈ ਰਿਹੈ" ਕਵਿਤਾ ਜਦੋਂ ਇੱਕ ਸਾਹਿਤਕ ਸਮਾਗਮ ਵਿੱਚ ਅਕਾਲੀ ਲੀਡਰਾਂ ਦੇ ਮੁੱਖ ਮਹਿਮਾਨ ਹੁੰਦਿਆਂ ਉਹਨਾਂ ਸਾਹਮਣੇ ਬੋਲੀ ਤਾਂ ਲਾਜ਼ਮੀ ਸੀ ਉਹਨਾਂ ਦਾ ਪ੍ਰਤੀਕਰਮ ਆਉਣਾ ਸੀ। ਉਹ ਨਾਰਾਜ਼ ਹੋ ਕੇ ਖੜ੍ਹੇ ਪੈਰ ਸਮਾਗਮ ਛੱਡ ਕੇ ਚਲੇ ਗਏ ਤੇ ਜ਼ਿਲ੍ਹਾ ਲਿਖਾਰੀ ਸਭਾ ਰੋਪੜ ਵਲੋਂ ਇਹ ਸਮਾਗਮ ਰੱਖਿਆ ਗਿਆ ਸੀ, ਤੇ ਦਬਾਅ ਪਾ ਕੇ ਮੈਨੂੰ ਉਸ ਸਭਾ ਵਿੱਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਅਜਿਹੇ ਪ੍ਰਤੀਕਰਮ ਆਉਂਦੇ ਰਹਿਣਗੇ ਤੇ ਇਸ ਲਈ ਖ਼ੁਦ ਨੂੰ ਤਿਆਰ ਵੀ ਕਰ ਲਿਆ ਹੈ ਕਿ ਪ੍ਰਸਥਿਤੀਆਂ ਕਿੰਨੀਆਂ ਵੀ ਵਿਰੋਧੀ ਹੋਣ ਜੇ ਸੱਚੀ ਗੱਲ ਕੀਤੀ ਹੈ ਤਾਂ ਉਸ ਤੇ ਪਹਿਰਾ ਵੀ ਦਿੱਤਾ ਹੈ ਤੇ ਦਿੰਦਾ ਰਹਾਂਗਾ। ਮੈਂ ਅਜਿਹੇ ਪ੍ਰਤੀਕਰਮਾਂ ਨੂੰ ਆਪਣੀ ਕਵਿਤਾ ਦੇ ਸਨਮਾਨ ਵਜੋਂ ਕਬੂਲਦਾ ਹਾਂ।

**ਪ੍ਰਸ਼ਨ:- ਤੁਹਾਡੀ ਚਰਚਿਤ ਕਵਿਤਾ ਮੈਂ ਤੇ ਨਾਨਕ ਬਾਰੇ ਬਹੁਤ ਵਿਵਾਦ ਛਿੜਿਆ 'ਤੇ ਤੁਹਾਡੇ ਤੇ ਧਾਰਾ 295ਏ ਤਹਿਤ ਕੇਸ ਵੀ ਦਰਜ ਹੋਇਆ ਤੁਸੀਂ ਇਸ ਨੂੰ ਕਿਸ ਤਰ੍ਹਾਂ ਲੈਂਦੇ ਹੋ?**

ਉੱਤਰ:- ਕਵਿਤਾ ਅਵਚੇਤਨ ਕਦੇ ਨਹੀਂ ਲਿਖੀ ਜਾਂਦੀ। ਕਵਿਤਾ ਰਾਹੀਂ ਹਮੇਸ਼ਾ ਕੋਈ ਨਾ ਕੋਈ ਭਾਵ ਜਾਂ ਸੁਨੇਹਾ ਵਿਅਕਤ ਕੀਤਾ ਜਾਂਦਾ ਹੈ। "ਮੈਂ ਤੇ ਨਾਨਕ" ਕਵਿਤਾ ਤੋਂ ਪਹਿਲਾਂ ਗੱਲ ਕਰਨੀ ਚਾਹਾਂਗਾ ਕਿ ਕੁੱਝ






ਕੁ ਨੂੰ ਛੱਡ ਕੇ ਲੱਗਭਗ ਮੇਰੀ ਹਰ ਕਵਿਤਾ ਹੀ ਚਰਚਿਤ ਰਹੀ ਹੈ ਜਾਂ ਵਿਵਾਦਿਤ ਰਹੀ ਹੈ। ਜਦੋਂ ਅਸੀਂ ਮਿੱਥਾਂ ਨੂੰ ਤੋੜਨ ਦਾ ਹੀਆ ਕਰਦੇ ਹਾਂ ਤਾਂ ਇਹ ਸੰਭਵ ਨਹੀਂ ਹੁੰਦਾ ਕਿ ਪਾਠਕ ਉਸ ਨਾਲ ਤੁਰੰਤ ਸਹਿਮਤ ਹੋ ਜਾਣ, ਪਰ ਸਮਾਂ ਪਾ ਕੇ ਪਾਠਕ ਉਸ ਨੂੰ ਪ੍ਰਵਾਨ ਕਰ ਲੈਂਦੇ ਹਨ, ਇਹ ਮੇਰਾ ਨਿੱਜੀ ਤਜਰਬਾ ਰਿਹਾ ਹੈ।

ਜਦੋਂ ਮੈਂ "ਪੰਜਵੀਂ ਉਦਾਸੀ" ਕਵਿਤਾ ਲਿਖੀ ਸੀ, ਉਸ ਤੇ ਵੀ ਕੁੱਝ ਪਾਠਕਾਂ ਦਾ ਤੁਰੰਤ ਪ੍ਰਤੀਕਰਮ ਕਵਿਤਾ ਦੇ ਹੱਕ ਵਿੱਚ ਨਹੀਂ ਸੀ, ਪਰ ਸਮਾਂ ਪਾ ਕੇ ਇਸ ਨੂੰ ਸਵੀਕਾਰ ਹੀ ਨਹੀਂ ਕੀਤਾ, ਸਮਾਜਿਕ ਮਾਨਤਾ ਵੀ ਮਿਲ ਗਈ। ਇਸ ਕਵਿਤਾ ਵਿੱਚ ਵੀ ਸਥਾਪਤੀ ਤੇ ਵਿਅੰਗ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਹੁਤ ਸਾਰੀਆਂ ਕਵਿਤਾਵਾਂ ਹਨ ਜਿਹਨਾਂ ਰਾਹੀਂ ਸਥਾਪਤੀ ਨੂੰ ਲਲਕਾਰਿਆ ਗਿਆ ਹੈ। ਕਵਿਤਾ "ਮੈਂ ਤੇ ਨਾਨਕ" ਇਹਨਾਂ ਤੋਂ ਵੱਖਰੀ ਨਹੀਂ ਹੈ, ਇਸ ਵਿੱਚ ਵੀ ਸਥਾਪਤੀ ਨੂੰ ਲਲਕਾਰਿਆ ਹੀ ਗਿਆ ਹੈ। ਬਾਕੀ ਮੇਰੇ ਤੇ ਕੇਸ ਦਰਜ ਕਰਨ ਦਾ ਮੁੱਢ ਤਾਂ ਉਦੋਂ ਹੀ ਬੱਝ ਗਿਆ ਸੀ ਜਦੋਂ ਮੈਂ ਰੋਪੜ ਸਾਹਿਤ ਸਭਾ ਦੀ ਮੀਟਿੰਗ ਵਿੱਚ ਕਵਿਤਾ ਪੜ੍ਹ ਕੇ ਮੌਕੇ ਦੇ ਹਾਕਮਾਂ ਨੂੰ ਲਲਕਾਰਿਆ ਸੀ। ਬਾਕੀ 295ਏ ਤਾਂ ਹੈ ਈ ਸਥਾਪਤੀ ਵਿਰੋਧੀ ਆਵਾਜ਼ ਨੂੰ ਕੁਚਲਣ ਲਈ। ਪੁਲਿਸ ਪ੍ਰਸ਼ਾਸਨ ਰਾਜਨੀਤਿਕ ਦਬਾਅ ਹੇਠ ਅਜਿਹੇ ਪਰਚੇ ਦਰਜ ਤਾਂ ਕਰ ਲੈਂਦਾ ਹੈ ਪਰ ਇਸ ਨੂੰ ਅਦਾਲਤ ਵਿੱਚ ਸਿੱਧ ਕਰਨਾ ਔਖਾ ਹੋ ਜਾਂਦਾ ਹੈ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਸਾਡਾ ਸੰਵਿਧਾਨਕ ਅਧਿਕਾਰ ਹੈ ਅਤੇ ਇਸ ਤੇ 15 ਅਕਤੂਬਰ 2017 ਦੇ ਸੁਪਰੀਮ ਕੋਰਟ ਦੇ ਫੈਸਲੇ ਨੇ ਵੀ ਮੋਹਰ ਲਾ ਦਿੱਤੀ ਹੈ ਕਿ ਹਰ ਲੇਖਕ ਨੂੰ ਬੋਲਣ ਦਾ (ਵਿਚਾਰਾਂ ਦੇ ਪ੍ਰਗਟਾਵੇ ਦਾ) ਬੁਨਿਆਦੀ ਹੱਕ ਹੈ। ਮਹਾਨ ਇਨਕਲਾਬੀ ਮਾਓ ਜੇ ਤੁੰਗ ਨੇ ਵੀ ਕਿਹਾ ਹੈ ਕਿ ਸੌ ਫੁੱਲ ਖਿੜਨ ਦਿਓ, ਸੌ ਵਿਚਾਰ ਭਿੜਨ ਦਿਓ।

**ਪ੍ਰਸ਼ਨ:- ਤੁਹਾਡੇ ਤੇ ਇਲਜ਼ਾਮ ਹੈ ਕਿ ਤੁਸੀਂ ਇਸ ਕਵਿਤਾ ਵਿੱਚ ਆਪਣੀ ਤੁਲਨਾ ਬਾਬੇ ਨਾਲ ਕੀਤੀ ਹੈ, ਇਸ ਬਾਰੇ ਕੀ ਕਹੋਗੇ ?**

ਉੱਤਰ:- ਅਗਲੀ ਗੱਲ ਕਰਨ ਤੋਂ ਪਹਿਲਾਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਬਾਬੇ ਨਾਨਕ ਨੂੰ ਕਿਵੇਂ ਲੈਂਦਾ ਹਾਂ। ਬਾਬਾ ਨਾਨਕ ਸਾਡੇ ਇਤਿਹਾਸ ਦਾ ਸਤਿਕਾਰਤ ਪਾਤਰ ਹੈ। ਬਾਗ਼ੀ ਸੁਭਾਅ ਹੋਣ ਕਾਰਨ ਬਾਬੇ ਨਾਨਕ ਨੇ ਸਥਾਪਤੀ ਦੇ ਖ਼ਿਲਾਫ਼ ਬਗ਼ਾਵਤ ਵੀ ਕੀਤੀ, ਬਾਬਰ ਨੂੰ ਜ਼ਾਬਰ ਕਹਿਣ ਦੀ ਜ਼ੁਅੱਰਤ ਕੀਤੀ, ਸਮੇਂ ਦੇ ਹੁਕਮਰਾਨ ਵਾਲੀ ਕੰਧਾਰੀ ਨਾਲ ਵਿਚਾਰਾਂ ਦਾ ਦਸਤਪੰਜਾ ਲਾਇਆ, ਹਰਿਦੁਆਰ ਵਿਖੇ ਗੰਗਾ ਨਦੀ ਵਿੱਚ ਬ੍ਰਾਹਮਣਾਂ ਦੇ ਕਰਮਕਾਂਡਾਂ ਤੇ ਵਿਅੰਗ ਕਰਦਿਆਂ ਸੂਰਜ ਤੋਂ ਉਲਟ ਦਿਸ਼ਾ ਵਿੱਚ ਪਾਣੀ ਦੇ ਕੇ ਦਲੀਲ ਨਾਲ ਬ੍ਰਾਹਮਣਾਂ ਦੇ ਵਿਸ਼ਵਾਸ (ਭਰਮ) ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਬਾਬਾ ਨਾਨਕ ਮੱਕੇ ਗਿਆ ਤੇ ਮੱਕੇ ਵੱਲ ਪੈਰ ਕਰਕੇ ਪੈਣ ਦਾ ਹੀਆ ਕਰਨਾ ਹਾਜੀਆਂ ਦੀ ਧਾਰਮਿਕ ਭਾਵਨਾ ਤੇ ਸੱਟ ਮਾਰਨ ਤੁੱਲ ਸੀ। ਪਰ ਦਲੀਲਬਾਜ਼ੀ ਵਿੱਚ ਹਾਜੀਆਂ ਨੂੰ ਬਾਬੇ ਨਾਨਕ ਨਾਲ ਸਹਿਮਤ ਹੋਣਾ ਪਿਆ। 33 ਕਰੋੜ ਦੇਵੀ ਦੇਵਤਿਆਂ ਦੇ ਸੰਕਲਪ ਨੂੰ ਨਕਾਰਦਿਆਂ ਬਾਬੇ ਨਾਨਕ ਨੇ ਇੱਕ ਰੱਬ ਦਾ ਸੰਕਲਪ ਦੇ ਕੇ ਬ੍ਰਾਹਮਣਵਾਦੀਆਂ ਤੇ ਅਜਿਹੀ ਚੋਟ ਕੀਤੀ ਜਿਸ ਨਾਲ ਉਹਨਾਂ ਦੇ ਵਿਸ਼ਵਾਸ ਨੂੰ ਹੀ ਨਹੀਂ, ਆਰਥਿਕਤਾ ਨੂੰ ਵੀ ਢਾਹ ਲੱਗਣੀ ਸੀ। ਮਲਿਕ ਭਾਗੋ ਦੇ ਵੰਨ-ਸੁਵੰਨੇ ਪਕਵਾਨਾਂ ਦਾ ਸੱਦਾ ਠੁਕਰਾ ਕੇ ਬਾਬੇ ਨਾਨਕ ਨੇ ਕਿਰਤ ਨੂੰ ਵਡਿਆਇਆ। ਜਦੋਂ ਅਸੀਂ ਕਹਿੰਦੇ ਹਾਂ ਕਿ ਹਰਾਮ ਦੀ ਕਮਾਈ ਖਾਣ ਵਾਲਾ ਹਰਾਮਜ਼ਾਦਾ ਹੈ ਤਾਂ ਬਾਬੇ ਨਾਨਕ ਦੇ "ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਏ" ਵਾਕ ਦੀ ਪ੍ਰੋੜਤਾ ਹੀ ਕਰਦੇ ਹਾਂ। ਅਜਿਹੇ ਕਰਾਂਤੀਕਾਰੀ ਬਾਬੇ ਨਾਨਕ ਦੇ ਪਦ ਚਿੰਨ੍ਹਾਂ ਤੇ ਚੱਲਣ ਵਿੱਚ ਹਰ ਕਿਰਤੀ ਨੂੰ ਮਾਣ ਮਹਿਸੂਸ ਹੋਣਾ ਚਾਹੀਦਾ ਹੈ। ਪਰ ਇਸ ਦੇ ਉਲਟ ਸਥਾਪਤੀ ਜੋ ਕਿਰਤੀ ਦੀ ਲੁੱਟ ਨੂੰ ਅੰਜ਼ਾਮ ਦੇ ਰਹੀ ਹੈ ਉਸ ਨੇ ਨਾ ਹੀ ਉਦੋਂ ਬਾਬੇ ਨਾਨਕ ਦੇ ਇਸ ਰੂਪ ਨੂੰ ਸਵੀਕਾਰ ਕੀਤਾ ਤੇ ਨਾ ਹੀ ਅੱਜ ਕਰ ਰਹੀ ਹੈ। ਉਸ ਲਈ ਬਾਬੇ ਨਾਨਕ ਦੀ ਵਿਚਾਰਧਾਰਾ ਮੌਤ ਦੀ ਘੰਟੀ ਹੈ। ਉਨ੍ਹਾਂ ਵਾਲਾ ਚਮਤਕਾਰੀ ਬਾਬਾ ਨਾਨਕ ਸਾਡੇ ਲਈ ਸਵੀਕਾਰਯੋਗ ਨਹੀਂ ਹੈ।

ਮੈਨੂੰ ਇਹ ਕਹਿਣ ਵਿੱਚ ਬਿਲਕੁਲ ਵੀ ਝਿਜਕ ਨਹੀਂ ਕਿ ਮੈਂ ਬਾਬੇ ਨਾਨਕ ਨੂੰ ਆਪਣਾ ਆਦਰਸ਼ ਮੰਨਦਾ ਹਾਂ। ਉਸਦਾ ਸੰਗੀ ਸਾਥੀ ਹੋਣ ਅਤੇ ਉਸ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਵਿੱਚ ਮਾਣ ਮਹਿਸੂਸ ਕਰਦਾ ਹਾਂ। ਬਾਬੇ ਨਾਨਕ ਤੋਂ ਵਿਚਾਰਧਾਰਕ ਸੇਧ ਲੈ ਕੇ ਬਾਬੇ ਤੋਂ ਵੀ ਦੋ ਕਦਮ ਅਗਾਂਹ ਲੰਘ ਕੇ ਸਮੇਂ ਦੇ ਹਾਕਮਾਂ, ਕੁਰੀਤੀਆਂ, ਸਥਾਪਤੀ, ਅੰਧਵਿਸ਼ਵਾਸ ਅਤੇ ਲੁੱਟ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਿੱਚ ਮਾਣ ਮਹਿਸੂਸ ਹੋਵੇਗਾ। ਇਸ ਤਰ੍ਹਾਂ ਕਰਨਾ ਨਾ ਤਾਂ ਬਾਬੇ ਨਾਨਕ ਦੀ ਬਰਾਬਰੀ ਕਰਨ ਦੇ ਤੁੱਲ ਹੈ ਤੇ ਨਾ ਹੀ ਬਾਬੇ ਨਾਨਕ ਨਾਲ ਤੁਲਨਾ ਕਰਨ ਬਰਾਬਰ ਹੈ। ਜਿਹੜੇ ਲੋਕ ਇਹ ਗੱਲ ਆਖ ਰਹੇ ਹਨ ਉਹ ਲੋਕਾਂ ਨੂੰ ਗੁੰਮਰਾਹ ਹੀ ਨਹੀਂ ਕਰ ਰਹੇ ਸਗੋਂ ਅਪਣਾ ਭਾਂਡਾ ਮੂਧਾ ਵੱਜ ਜਾਣ ਦੇ ਡਰੋਂ ਬੇਸ਼ਰਮ ਹੋ ਕੇ ਬਾਬੇ ਨਾਨਕ ਦੀ ਵਿਚਾਰਧਾਰਾ ਦੇ ਉਲਟ ਭੁਗਤ ਰਹੇ ਹਨ।

**ਪ੍ਰਸ਼ਨ:- ਇਹ ਲੋਕ ਕੌਣ ਹਨ ?**

ਉੱਤਰ:- ਸਥਾਪਤੀ ਜਾਂ ਸਥਾਪਤੀ ਦੇ ਤਨਖਾਹਦਾਰ ਕਰਿੰਦੇ, ਚਲਾਕ ਕਿਸਮ ਦੇ ਲੋਕ, ਜਿਨ੍ਹਾਂ ਨੇ ਬਾਬੇ ਨਾਨਕ ਦੀ ਫਿਲਾਸਫੀ ਨੂੰ ਵਿਗਾੜ ਕੇ ਆਪਣੀ ਕਮਾਈ ਦਾ ਸਾਧਨ ਬਣਾ ਲਿਆ ਹੈ। ਜੇ ਬਾਬੇ ਨਾਨਕ ਨੂੰ ਉਸ ਦੇ ਕ੍ਰਾਂਤੀਕਾਰੀ, ਗਿਆਨਵਾਨ, ਮਿਥਾਂ ਨੂੰ ਤੋੜਨ ਵਾਲੇ ਅਸਲੀ ਰੂਪ ਵਿੱਚ ਪੇਸ਼ ਕੀਤਾ ਜਾਣ ਲੱਗ ਗਿਆ ਤਾਂ ਧਰਮ ਦੇ ਨਾਮ ਤੇ ਖੁੱਲ੍ਹੇ ਡੇਰੇ, ਗੁਰਦੁਆਰਿਆਂ ਆਦਿ ਤੋਂ ਵਿਹਲੜਾਂ ਨੂੰ ਹੁੰਦੀ ਮੁਫ਼ਤ ਦੀ ਕਮਾਈ ਬੰਦ ਹੋ ਜਾਵੇਗੀ ਜੋ ਉਹ ਬਰਦਾਸ਼ਤ ਨਹੀਂ ਕਰ ਸਕਦੇ। ਸੋ ਇਹ ਵਿਹਲੜ ਪੁਜਾਰੀ ਤੇ ਸਾਧ ਲਾਣੇ ਨੇ ਮਨਘੜਤ ਕਥਾਵਾਂ ਜੋੜ ਕੇ ਬਾਬੇ ਨਾਨਕ ਨੂੰ ਚਮਤਕਾਰੀ, ਅਲੌਕਿਕ, ਦੇਵ ਪੁਰਸ਼ ਬਣਾ ਦਿੱਤਾ ਹੈ। ਇਸ ਤਰ੍ਹਾਂ ਕਰਨ ਨਾਲ ਇੱਕ ਤਾਂ ਪੁਜਾਰੀਵਾਦ ਚੱਲਦਾ ਰਹਿੰਦਾ ਹੈ ਤੇ ਦੂਸਰਾ ਅੰਧਵਿਸ਼ਵਾਸ ਫੈਲਾ ਕੇ ਕਿਰਤੀ ਲੋਕਾਂ ਦੀ ਲੁੱਟ ਕਰਨ ਦਾ ਧੰਦਾ "ਸਤਿਕਾਰਯੋਗ ਧੰਦਾ" ਬਣਿਆ ਰਹਿੰਦਾ ਹੈ ਤੇ ਤੀਸਰਾ ਹਾਕਮ ਜਮਾਤ ਵਲੋਂ ਲੋਕਾਂ ਦਾ ਬੁਨਿਆਦੀ ਮੁੱਦਿਆਂ ਤੋਂ ਧਿਆਨ ਲਾਂਭੇ ਕਰਨ ਲਈ ਉਹਨਾਂ ਦੀ ਅਗਿਆਨਤਾ ਨੂੰ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਬਾਬੇ ਨਾਨਕ ਨੇ ਗਿਆਨ ਦਾ ਚਾਨਣ ਵੰਡਿਆ ਸੀ, ਇਸੇ ਲਈ ਕਿਸੇ ਕਵੀ ਨੇ ਲਿਖਿਆ ਹੈ ਕਿ ਸਤਿਗੁਰ ਨਾਨਕ ਪ੍ਰਗਟਿਆ, ਮਿਟ ਧੁੰਦ ਜੱਗ ਚਾਨਣ ਹੋਇਆ। ਪਰ ਇਹ ਮਲਿਕ ਭਾਗੋ ਦੇ ਵਾਰਸ ਹਰ ਹਾਲਤ ਵਿੱਚ ਗਿਆਨ ਤੇ ਪਾਬੰਦੀ ਲਾਉਣ ਦੇ ਰਾਹ ਤੁਰੇ ਹੋਏ ਹਨ। ਜਿਸ ਬਾਰੇ ਚਰਚਿਤ ਕਵਿਤਾ "ਮੈਂ ਤੇ ਨਾਨਕ" ਵਿੱਚ ਚਿਤਰਨ ਕੀਤਾ ਗਿਆ ਹੈ।

**ਪ੍ਰਸ਼ਨ:- ਤੁਹਾਡੀ ਉੱਪਰ ਜ਼ਿਕਰ ਕੀਤੀ ਕਵਿਤਾ ਵਿੱਚ ਕੁਝ ਸ਼ਬਦ ਇਹੋ ਜਿਹੇ ਵਰਤੇ ਗਏ ਹਨ ਜਿਸ ਤੇ ਕਾਫ਼ੀ ਵਿਵਾਦ ਛਿੜਿਆ ਹੈ, ਤੁਸੀਂ ਉਨ੍ਹਾਂ ਲਫ਼ਜ਼ਾਂ ਨੂੰ ਕਿਵੇਂ ਪ੍ਰਭਾਸ਼ਿਤ ਕਰੋਗੇ?**

ਉੱਤਰ:- ਕਵਿਤਾ ਵਿੱਚ ਕਦੇ ਵੀ ਸ਼ਬਦਾਂ ਦਾ ਹੂ-ਬ-ਹੂ ਮਤਲਬ ਨਹੀਂ ਹੁੰਦਾ। ਕਵਿਤਾ ਵਿੱਚ ਬਿੰਬ ਵਰਤੇ ਜਾਂਦੇ ਹਨ, ਸੰਕੇਤਾਤਮਕ ਸ਼ਬਦਾਵਲੀ ਵਰਤੀ ਜਾਂਦੀ ਹੈ, ਇਹ ਕਵਿਤਾ ਦਾ ਗੁਣ ਹੈ। ਪਾਤਰ ਸਾਹਿਬ ਦੀ ਕਵਿਤਾ ਹੈ "ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ...." ਇਸ ਦਾ ਮਤਲਬ ਇਹ ਨਹੀਂ ਹੈ ਕਿ ਬੰਦੇ ਸੱਚਮੁਚ ਹੀ ਬਿਰਖ ਹੋ ਗਏ ਹਨ, ਸਗੋਂ ਇਨਸਾਫ ਲੈਣ ਲਈ ਆਮ ਇਨਸਾਨ ਦੀ ਕੋਰਟਾਂ ਵਿੱਚ ਹੋ ਰਹੀ ਖੱਜਲਖੁਆਰੀ ਨੂੰ ਪ੍ਰਤੀਬਿੰਬਤ ਕੀਤਾ ਗਿਆ ਹੈ। ਇੱਕ ਹੋਰ ਉਦਾਹਰਣ ਵੇਖੋ, "ਹਿੰਦੂ ਅੰਨ੍ਹਾ ਤੁਰਕੂ ਕਾਣਾ, ਦੋਹਾਂ ਤੇ ਗਿਆਨੀ ਸਿਆਣਾ" ਇਸ ਕਵਿਤਾ ਵਿੱਚ ਵੀ ਕਵੀ ਨੇ ਬਿੰਬ ਵਰਤੇ ਹਨ ਕਿ ਸਿਆਣਪ ਉਸ ਕੋਲ ਹੁੰਦੀ ਹੈ ਜਿਸ ਨੂੰ ਗਿਆਨ ਹਾਸਲ ਹੋਵੇ, ਹਿੰਦੂ ਮੁਸਲਿਮ ਇੱਕ ਅਜਿਹੇ ਅੰਧਵਿਸ਼ਵਾਸ ਵਿੱਚ ਫਸੇ ਅਗਿਆਨੀ ਹਨ ਕਿ ਜੇ ਇਹਨਾਂ ਵਿੱਚੋਂ ਇੱਕ ਨੂੰ ਅੰਨ੍ਹਾ ਹੈ ਤਾਂ ਦੂਸਰਾ ਕਾਣਾ ਹੈ। ਮੇਰੀ ਕਵਿਤਾ ਵਿੱਚ ਵਰਤੇ ਗਏ ਬਿੰਬ ਅਪਣਾ ਆਪ ਸਪੱਸ਼ਟ ਕਰਦੇ ਹਨ, ਜਿਵੇਂ "ਮੈਂ ਤੇ ਨਾਨਕ ਦੋਵੇਂ ਕੁੱਤੇ, ਰਹਿਣ ਭੌਂਕਦੇ ਰੁੱਤ-ਕਰੁੱਤੇ, ਲੋਕ ਅਜੇ ਵੀ ਪਏ ਨੇ ਸੁੱਤੇ।" ਇਸ ਵਿੱਚ ਸਪੱਸ਼ਟ ਹੈ ਕਿ ਕਵੀ ਨੂੰ ਲੋਕਾਂ ਦੇ ਸੁੱਤੇ ਰਹਿਣ ਦਾ ਹੇਰਵਾ ਸਤਾ ਰਿਹਾ ਹੈ, ਇਹਨਾਂ ਨੂੰ ਜਗਾਉਣ ਲਈ ਪੰਦ੍ਰਵੀਂ ਸਦੀ ਤੋਂ ਵੀ ਪਹਿਲਾਂ ਦੀਆਂ ਕੋਸ਼ਿਸ਼ਾਂ ਜਾਰੀ ਹਨ ਪਰ ਲੋਕ ਅਜੇ ਵੀ ਸੁੱਤੇ ਪਏ ਹਨ। ਜਿਵੇਂ ਬਾਬੇ ਨਾਨਕ ਨੇ ਮੱਕੇ ਜਾਂ ਹਰਦਿਵਾਰ ਵਿੱਚ ਜਾ ਉੱਥੇ ਹੋ ਰਹੇ ਪਖੰਡ ਦੀ ਗੱਲ ਆਪਣੇ ਤਰੀਕੇ ਨਾਲ ਕੀਤੀ ਇਵੇਂ ਹੀ ਮੇਰੀ ਕਵਿਤਾ ਹੁਣ ਹਰਮੰਦਰ ਦੀ ਵਾਰੀ ਹੈਸ਼ੀ ਹਰਿਮੰਦਰ ਸਾਹਿਬ ਵਿੱਚ ਹੋ ਰਹੇ ਧਾਰਮਿਕ ਪਖੰਡ ਨੂੰ ਪ੍ਰਤੀਬਿੰਬਤ ਕਰਦੀ ਹੈ। ਕਵਿਤਾ ਦੇ ਬਾਕੀ ਹਿਸੇ ਵਿੱਚ ਵੀ ਇਸੇ ਤਰ੍ਹਾਂ ਬਿੰਬ ਵਰਤੇ ਗਏ ਹਨ, ਜਿਵੇਂ ਸ਼ਬਦ ਮੈਂ ਤੇ ਨਾਨਕ ਦੋਵੇਂ ਲੁੱਚੇ(ਲੋਕਾਂ ਦੀਆਂ ਨਜ਼ਰਾਂ ਵਿੱਚ) ਹਨ, ਇਹ ਇਸ ਗੱਲ ਨੂੰ ਪ੍ਰਤੀਬਿੰਬਤ ਕਰਦਾ ਹੈ ਕਿ ਜੇ ਅੱਜ ਬਾਬੇ ਦੇ ਸੱਚ ਦੇ ਮਾਰਗ ਤੇ ਚੱਲਣ ਵਾਲਿਆਂ ਨੂੰ ਗਾਲ੍ਹਾਂ ਤੇ ਉਨ੍ਹਾਂ ਦੀਆਂ ਬੱਚੀਆਂ ਦੇ ਬਲਾਤਕਾਰ ਤੱਕ ਦੀਆਂ ਧਮਕੀਆਂ ਮਿਲਦੀਆਂ ਹਨ ਤਾਂ ਬਾਬੇ ਨੂੰ ਕਿਹੜੇ ਉਦੋਂ ਦੀ ਸਥਾਪਤੀ ਨੇ ਬਖਸ਼ਿਆ ਹੋਵੇਗਾ। ਇਹੋ ਜਿਹੇ ਸ਼ਬਦ ਬਾਬੇ ਦੇ ਵਿਰੋਧੀਆਂ ਵਲੋਂ ਉਸ ਲਈ ਜਾਂ ਅੱਜ ਉਸ ਦੇ ਪੈਰੋਕਾਰਾਂ ਲਈ ਵਰਤੇ ਗਏ ਇਸ ਕਵਿਤਾ ਵਿੱਚ ਦਰਸਾਏ ਗਏ ਹਨ ਮੇਰੇ ਵਲੋਂ ਨਹੀਂ।

ਇੱਕ ਕਵਿਤਾ ਹੈ "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਨਾ॥ ਤੁਧੁ ਬਿਨੁ ਰੋਗ ਰਜਾਈਆ ਦਾ ਓਢਨ ਨਾਗ ਨਿਵਾਸਾ ਦੇ ਰਹਣਾ॥ ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆ ਦਾ ਸਹਿਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ॥"

ਇਸ ਕਵਿਤਾ ਵਿੱਚ ਸੁਰਾਹੀ, ਪਿਆਲੇ ਦਾ ਜ਼ਿਕਰ ਆਉਂਦਾ ਹੈ ਤਾਂ ਪਿਆਰੇ ਮਿੱਤਰ ਦਾ ਵੀ ਜ਼ਿਕਰ ਆਉਂਦਾ ਹੈ। ਮੈਨੂੰ ਨਹੀਂ ਜਾਪਦਾ ਕਿ ਕਿਸੇ ਨੂੰ ਇਸ ਕਵਿਤਾ ਦੇ ਅਰਥ ਸਮਝਾਉਣ ਦੀ ਲੋੜ ਹੈ। ਇਹੋ ਗੱਲ ਮੇਰੀ ਕਵਿਤਾ ਵਿੱਚ ਵੀ ਕਹੀ ਗਈ ਹੈ ਕਿ ਮੈਂ ਤੇ ਨਾਨਕ ਦੋਵੇਂ ਕੁਰਾਹੀਏ, 'ਕੱਠਿਆਂ ਬਹਿ ਕੇ ਪੈੱਗ ਲਗਾਈਏ, ਦੀਨ ਦੁਨੀ ਦੀਆਂ ਬਾਤਾਂ ਪਾਈਏ।' ਭਾਵ ਅਰਥ ਸਪੱਸ਼ਟ ਹੈ ਮਿਤ੍ਰ ਪਿਆਰੇ ਨਾਲ ਏਨੀ ਗੂੜ੍ਹੀ ਸਾਂਝ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਨੂੰ ਪਿਆਲੀ ਦੀ ਸਾਂਝ ਵੀ ਕਿਹਾ ਜਾਂਦਾ ਹੈ। ਪੈੱਗ ਲਗਾਉਣ ਦਾ ਮਤਲਬ ਪੈੱਗ ਲਗਾਉਣਾ ਹੀ ਨਹੀਂ ਹੁੰਦਾ, ਅੱਯਾਸ਼ੀ ਕਰਨੀ ਜਾਂ ਸ਼ਰਾਬੀ ਹੋਣਾ ਹੀ ਨਹੀਂ ਹੁੰਦਾ। ਜਿਵੇਂ ਨਸ਼ਾ ਨਾਮ ਵਾਲਾ ਚੜ੍ਹਦਾ ਜਾਵੇ ਨੂੰ ਲੱਕੜਸਿਰੇ ਕਿਸਮ ਦੇ ਲੋਕ ਕਹਿ ਸਕਦੇ ਹਨ ਕਿ ਕਿਸੇ ਬਰਾਂਡਿਡ ਸ਼ਰਾਬ ਦੀ ਗੱਲ ਕੀਤੀ ਜਾ ਰਹੀ ਹੈ। ਏਥੇ ਵਿਚਾਰਾਂ ਕਰਨੀਆਂ, ਦੀਨ-ਦੁਨੀਆਂ ਦੀਆਂ ਬਾਤਾਂ ਪਾਉਣ ਦੀ ਗੱਲ ਕਹੀ ਗਈ ਹੈ। ਕੁਰਾਹੀਆ ਤਾਂ ਬਾਬੇ ਨਾਨਕ ਨੂੰ ਇਹ ਲੋਕ ਉਦੋਂ ਵੀ ਕਹਿੰਦੇ ਸਨ ਤੇ ਅੱਜ ਵੀ ਇਹਨਾਂ ਨੂੰ ਅਸਲੀ ਬਾਬਾ ਨਾਨਕ ਰੰਗ ਵਿੱਚ ਭੰਗ ਪਾਉਣ ਵਾਲਾ ਹੀ ਜਾਪੇਗਾ।

**ਪ੍ਰਸ਼ਨ:-ਧਾਰਾ 295 ਏ (ਧਾਰਮਿਕ ਭਾਵਨਾਵਾਂ ਭੜਕਾਉਣ ਦਾ ਦੋਸ਼) ਤੇ ਧਾਰਾ 1241 (ਦੇਸ਼ ਧ੍ਰੋਹੀ ਦਾ ਦੋਸ਼) ਦੀ ਅੱਜ-ਕਲ ਬਹੁਤ ਲੋਕਾਂ ਖਿਲਾਫ਼ ਧੜਾ ਧੜ ਵਰਤੋਂ ਹੋ ਰਹੀ ਹੈ, ਇਸ ਵਾਰੇ ਤੁਹਾਡੇ ਕੀ ਵਿਚਾਰ ਹਨ ?**

ਉੱਤਰ:- ਜਿਵੇਂ ਉਪਰ ਕਿਹਾ ਗਿਆ ਹੈ ਕਿ ਜਦੋਂ ਕੋਈ ਆਵਾਜ਼ ਸਥਾਪਤੀ ਦੇ ਖਿਲਾਫ਼ ਉੱਠਦੀ ਹੈ ਤਾਂ ਉਸ ਨੂੰ ਆਪਣਾ ਸਿੰਘਾਸਨ ਡੋਲਦਾ ਨਜ਼ਰ ਆਉਂਦਾ ਹੈ। ਇਹੋ ਜਿਹੀਆਂ ਅਵਾਜ਼ਾਂ ਨੂੰ ਦਬਾਉਣ ਲਈ ਹਰ ਰਾਜਨੀਤਕ ਸਿਸਟਮ, ਲੋਕ-ਮਾਰੂ ਕਾਨੂੰਨਾਂ ਦਾ ਪ੍ਰਬੰਧ ਕਰਕੇ ਰੱਖਦਾ ਹੈ। ਇਹ ਧਾਰਾਵਾਂ ਇਸੇ ਜ਼ੱਦ ਵਿੱਚ ਆਉਂਦੀਆਂ ਹਨ। ਹੋਰ ਵੀ ਇਸ ਤਰ੍ਹਾਂ ਦੇ ਕਈ ਕਾਨੂੰਨ ਹਨ ਜੋ ਇਸ ਪ੍ਰਬੰਧ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਉੱਠਣ ਵਾਲੇ ਸੰਘਰਸ਼ਾਂ ਨੂੰ ਕੁਚਲਣ ਲਈ ਬਣਾਏ ਗਏ ਹਨ ਜਿਵੇਂ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਅਤੇ ਹਥਿਆਰਬੰਦ ਸੈਨਾਵਾਂ ਸਪੈਸ਼ਲ ਪਾਵਰ ਕਾਨੂੰਨ। ਇਹ ਕਾਨੂੰਨ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਤੇ ਸਿੱਧਾ ਹਮਲਾ ਹਨ। ਜੇ ਆਪਾਂ 295ਏ ਧਾਰਾ ਦੀ ਗੱਲ ਕਰੀਏ ਤਾਂ ਮੇਰੀ ਨਜ਼ਰ ਵਿੱਚ ਭਾਵਨਾਵਾਂ ਸਿਰਫ ਇਨਸਾਨੀ ਹੁੰਦੀਆਂ ਹਨ, ਧਾਰਮਿਕ ਤਾਂ ਸਿਰਫ਼ ਵਿਸ਼ਵਾਸ ਹੁੰਦਾ ਹੈ ਜਾਂ ਅੰਧਵਿਸ਼ਵਾਸ। ਅਸਲ ਵਿੱਚ ਧਰਮ ਨੂੰ ਵਪਾਰ ਬਣਾਉਣ ਵਾਲਿਆਂ ਦੀਆਂ ਵਪਾਰਿਕ ਭਾਵਨਾਵਾਂ ਨੂੰ ਜਦੋਂ ਕਿਸੇ ਲਿਖਤ/ਆਵਾਜ਼ ਨਾਲ ਠੇਸ ਲਗਦੀ ਹੈ ਤਾਂ ਉਸ ਲਿਖਤ/ਆਵਾਜ਼ ਨੂੰ ਬੰਦ ਕਰਨ ਲਈ 295ਏ ਧਾਰਾ ਨੂੰ ਇਕ ਹਥਿਆਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਨਸਾਨੀ ਭਾਵਨਾਵਾਂ ਦਾ ਘਾਣ ਇਸ ਸਿਸਟਮ ਵਿੱਚ ਹਰਰੋਜ਼ ਹੁੰਦਾ ਹੈ ਪਰ ਇਸ ਦੀ ਕਿਸੇ ਨੂੰ ਕੋਈ ਪ੍ਰਵਾਹ ਨਹੀਂ। ਇੱਕ ਹਸਪਤਾਲ ਵਿੱਚ ਦਰਜਨਾਂ ਬੱਚੇ ਆਕਸੀਜਨ ਦਾ ਪ੍ਰਬੰਧ ਨਾ ਹੋਣ ਕਾਰਣ ਇਕ ਦਿਨ ਵਿੱਚ ਹੀ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ ਪਰ ਉਨ੍ਹਾਂ ਦੇ ਮਾਪਿਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਦੋਸ਼ੀਆਂ ਨੂੰ ਕਟਹਿਰੇ ਵਿੱਚ ਖੜਾ ਕਰਨ ਲਈ ਕੋਈ ਕਾਨੂੰਨ ਨਹੀਂ। ਸਰਕਾਰਾਂ ਦਾ ਰੋਲ ਹਮੇਸ਼ਾ ਪੱਖਪਾਤੀ ਰਿਹਾ ਹੈ। ਮੇਰੇ ਕੇਸ ਨੂੰ ਹੀ ਲੈ ਲਵੋ ਮੇਰੇ ਤੇ ਪਰਚਾ ਦਰਜ ਕਰਨ ਲੱਗਿਆਂ ਪੁਲਿਸ ਨੇ ਕੋਈ ਦੇਰੀ ਨਹੀਂ ਕੀਤੀ ਪਰ ਸੋਸ਼ਲ ਮੀਡੀਆ ਤੇ ਮੈਨੂੰ ਧਮਕੀਆਂ ਦੇਣ, ਗਾਲ੍ਹਾਂ ਕੱਢਣ ਤੇ ਮੇਰੇ ਪਰਿਵਾਰ ਨੂੰ ਅੱਪਸ਼ਬਦ ਬੋਲਣ ਵਾਲਿਆਂ ਖਿਲਾਫ਼ ਮੇਰੇ ਸ਼ਿਕਾਇਤ ਤੇ ਕੋਈ ਕਾਰਵਾਈ ਨਹੀਂ ਕੀਤੀ।

**ਪ੍ਰਸ਼ਨ:- ਧਰਮ ਦੇ ਮੌਜੂਦਾ ਰੂਪ ਬਾਰੇ ਜਿਸ ਤੇ ਤੁਸੀਂ ਆਪਣੀਆਂ ਕਵਿਤਾਵਾਂ ਰਾਹੀਂ ਬਹੁਤ ਕਟਾਖਸ਼ ਕਰਦੇ ਹੋ, ਕੀ ਕਹੋਗੇ ?**

ਉੱਤਰ:- ਜਿੰਨੇ ਵੀ ਦੁਨੀਆ ਵਿੱਚ ਧਰਮ ਨੇ ਉਹ ਸਮਾਜ ਦੀ ਲੋੜ ਵਿਚੋਂ ਪੈਦਾ ਹੋਏ 'ਤੇ ਸ਼ੁਰੂਆਤੀ ਦੌਰ ਵਿੱਚ ਪ੍ਰਚਲਿਤ ਧਰਮਾਂ ਦੀਆਂ ਕੁਰੀਤੀਆਂ ਨੂੰ ਰੱਦ ਕਰਦੇ ਹੋਏ ਮਨੁੱਖਤਾ ਪੱਖੀ ਲਹਿਰ ਵਜੋਂ ਉਭਰੇ। ਪਰ ਹਰ ਧਰਮ ਹਾਕਮ ਜਮਾਤ ਦੀ ਨੁਮਾਇੰਦਗੀ ਕਰਨ ਵਾਲੇ ਅਧਿਆਤਮਵਾਦੀ ਫਲਸਫੇ ਵਿਚੋਂ ਹੀ ਪੈਦਾ ਹੋਇਆ ਤੇ ਇਸ ਫਲਸਫੇ ਨੂੰ ਮੰਨਦਾ ਹੈ। ਇਹ ਫਲਸਫਾ ਕਿਰਤੀ ਲੋਕਾਂ ਨੂੰ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ, ਕਿਸਮਤਵਾਦ, ਸਵਰਗ ਨਰਕ ਵਗੈਰਾ ਦੇ ਡਰ ਤੇ ਲਾਲਚ ਦੇ ਕੇ ਕਰਮਹੀਣ, ਬੇਵੱਸ, ਅੰਧ-ਵਿਸ਼ਵਾਸੀ ਬਣਾ ਕੇ ਹਾਕਮ ਜਮਾਤਾਂ ਦੇ ਹੱਕ ਵਿੱਚ ਭੁਗਤਾਉਂਦਾ ਹੈ। ਇਸ ਕਰਕੇ ਵਕਤ ਬੀਤਣ ਨਾਲ ਹਰ ਧਰਮ, ਰਾਜ ਕਰਦੀਆਂ ਤਾਕਤਾਂ ਦਾ ਹੱਥਠੋਕਾ ਬਣ ਕੇ ਇਸ ਜਮਾਤ ਦੀ ਸੇਵਾ ਕਰਨ ਲੱਗਦਾ ਹੈ। ਜਦੋਂ ਸਿੱਖਾਂ ਦੀ ਸਿਰਮੌਰ ਸੰਸਥਾ ਦੇ ਪ੍ਰਧਾਨ, ਹਾਕਮਾਂ ਵਲੋਂ ਭੇਜੇ ਲਿਫ਼ਾਫਿਆਂ ਵਿਚੋਂ ਨਿਕਲਦੇ ਹਨ ਤਾਂ ਇਸ ਦੀ ਇਸ ਤੋਂ ਵਧੀਆ ਮਿਸਾਲ ਹੋਰ ਕੋਈ ਹੋ ਨਹੀਂ ਸਕਦੀ। ਇਸ ਤਰ੍ਹਾਂ ਲੋਕਾਂ ਦੀ ਲੁੱਟ ਯਕੀਨੀ ਬਣਾਉਣ ਲਈ ਧਰਮ ਇੱਕ ਅਹਿਮ ਕੜੀ ਹੈ, ਇਸ ਦੇ ਪ੍ਰਭਾਵ ਅਧੀਨ ਲੋਕਾਂ ਨੂੰ ਲੁੱਟੇ ਜਾਣ ਦਾ ਅਹਿਸਾਸ ਵੀ ਨਹੀਂ ਹੁੰਦਾ। ਧਰਮ ਦੇ ਨਾਮ ਤੇ ਖ਼ੂਨ-ਖ਼ਰਾਬਾ, ਜੰਗਾਂ, ਲੁੱਟ ਆਮ ਗੱਲ ਹੋ ਚੁੱਕੀ ਹੈ। ਧਰਮ ਹੁਣ ਫ਼ਰਜ਼ ਨਾ ਰਹਿ ਕੇ ਸਥਾਪਤੀ ਬਣ ਚੁੱਕਿਆ ਹੈ ਤੇ ਸਥਾਪਤੀ ਦੇ ਖਿਲਾਫ਼ ਇਨਸਾਫ਼ਪਸੰਦ ਧਿਰਾਂ ਆਵਾਜ਼ ਉਠਾਉਂਦੀਆਂ ਰਹੀਆਂ ਹਨ ਤੇ ਉਠਾਉਂਦੀਆਂ ਰਹਿਣਗੀਆਂ। ਧਰਮ ਦੇ ਨਾਮ ਤੇ ਨੰਗੀ ਚਿੱਟੀ ਲੁੱਟ ਹੋ ਰਹੀ ਹੈ, ਅਜਿਹੇ ਵਿੱਚ ਸਾਡਾ ਸਭ ਦਾ ਫਰਜ਼ ਬਣਦਾ ਹੈ ਇਸ ਵਰਤਾਰੇ ਖਿਲਾਫ਼ ਅਵਾਜ਼ ਬੁਲੰਦ ਕਰਨੀ। ਮੈਂ ਵੀ ਇਹੋ ਕਰ ਰਿਹਾ ਹਾਂ।

**ਪ੍ਰਸ਼ਨ:- ਆਪਣੇ ਆਪ ਨੂੰ ਗੁਰੂ ਦੇ ਸਿੱਖ ਕਹਿਣ ਵਾਲੇ ਜੋ ਲੋਕ ਕਿਸੇ ਲਿਖਤ ਤੇ ਬਹਿਸ ਕਰਨ ਦੀ ਬਜਾਏ ਲਿਖਾਰੀ ਦੀ ਕਿਰਦਾਰਕੁਸ਼ੀ, ਗਾਲੀ ਗਲੋਚ ਤੇ ਔਰਤਾਂ ਤੇ ਬੱਚੀਆਂ ਬਾਰੇ ਗਲਤ ਲਫ਼ਜ਼ ਵਰਤਦੇ ਹਨ ਉਨ੍ਹਾਂ ਬਾਰੇ ਕੀ ਕਹਿਣਾ ਚਾਹੋਗੇ ?**

ਉੱਤਰ:- ਸਮਾਜ ਵਿੱਚ ਪ੍ਰਚਲਿਤ ਧਾਰਨਾਵਾਂ, ਕੁਰੀਤੀਆਂ ਜਾਂ ਅੰਧਵਿਸ਼ਵਾਸ਼ਾਂ ਨੂੰ ਵੰਗਾਰਨ ਵਾਲਿਆਂ ਨੂੰ ਤਾਅਨਿਆਂ, ਮੇਅਣਿਆਂ, ਗਾਲ੍ਹਾਂ ਜਾਂ ਕੁਰਾਹੀਆ, ਬੇਤਾਲਾ, ਭੂਤਨਾ ਵਰਗੇ ਵਿਸ਼ੇਸ਼ਣਾਂ ਨਾਲ ਹਮੇਸ਼ਾਂ ਹੀ ਨਿਵਾਜਿਆ ਗਿਆ, ਚਾਹੇ ਉਹ ਬਾਬੇ ਨਾਨਕ ਦਾ ਸਮਾਂ ਹੋਵੇ ਜਾਂ ਅੱਜ ਦਾ ਸਮਾਂ ਹੋਵੇ। ਆਪਣੇ ਆਪ ਨੂੰ ਬਾਬੇ ਨਾਨਕ ਦੇ ਸਿੱਖ ਕਹਾਉਣ ਵਾਲੇ, ਬਾਬੇ ਨਾਨਕ ਵਲੋਂ ਹਿੰਦੂ ਅਤੇ ਮੁਸਲਿਮ ਧਰਮ ਦੀਆਂ ਕੁਰੀਤੀਆਂ ਤੇ ਤਰਕ ਕਰਨ ਨੂੰ ਤਾਂ ਹੁੱਬ-ਹੁੱਬ ਕੇ ਦੱਸਦੇ ਹਨ ਪਰ ਜਦੋਂ ਕੋਈ ਇਨਸਾਨ, ਸਥਾਪਤ ਸਿੱਖ ਧਰਮ ਦੀਆਂ ਕੁਰੀਤੀਆਂ ਤੇ ਤਰਕ ਕਰਦਾ ਹੈ ਤਾਂ ਦਲੀਲਬਾਜ਼ੀ ਵਿੱਚ ਪੈਣ ਦੀ ਥਾਂ ਗਾਲ਼ੀ-ਗਲੋਚ ਤੇ ਉੱਤਰ ਆਉਂਦੇ ਹਨ। ਗੁਰਬਾਣੀ ਦੀਆਂ ਮਿਸਾਲਾਂ ਦੇ ਕੇ ਔਰਤ ਜਾਤ ਦੀ ਵਡਿਆਈ ਦੀ ਗੱਲ ਤਾਂ ਕਰਦੇ ਹਨ ਪਰ ਆਪ ਉਸ ਔਰਤ ਜ਼ਾਤੀ ਬਾਰੇ ਘਟੀਆ ਕਿਸਮ ਦੀ ਸ਼ਬਦਾਵਲੀ ਵਰਤ ਕੇ ਪਤਾ ਨਹੀਂ ਸਿੱਖ ਧਰਮ ਦੀ ਕਿਹੜੀ ਫ਼ਿਲਾਸਫ਼ੀ ਨੂੰ ਪ੍ਰਭਾਸ਼ਿਤ ਕਰਦੇ ਹਨ। ਇਹ ਉਨ੍ਹਾਂ ਦੇ ਲਾਜਵਾਬ ਹੋਣ ਤੇ ਬੁਖ਼ਲਾਹਟ ਦੀ ਹੀ ਨਿਸ਼ਾਨੀ ਹੈ। ਮੇਰੇ ਅਤੇ ਮੇਰੇ ਪਰਿਵਾਰ ਪ੍ਰਤੀ ਅਜਿਹੇ ਅਨਸਰਾਂ ਵਲੋਂ ਅਕਸਰ ਭੱਦੀ ਸ਼ਬਦਾਵਲੀ, ਭੱਦੇ ਵਿਅੰਗ ਕੀਤੇ ਜਾਂਦੇ ਹਨ। ਜਦੋਂ ਇਹਨਾਂ ਕੋਲ ਸੱਚ ਨੂੰ ਝੁਠਲਾਉਣ ਲਈ ਕੋਈ ਦਲੀਲ ਨਹੀਂ ਰਹਿ ਜਾਂਦੀ ਤਾਂ ਇਹ ਅਜਿਹੀਆਂ ਅਫ਼ਵਾਹਾਂ ਫੈਲਾਅ ਕੇ ਮਾਨਸਿਕ ਨਿਪੁੰਸਕਤਾ ਦਾ ਪ੍ਰਗਟਾਵਾ ਕਰਦੇ ਹਨ ਕਿ ਇਹਨਾਂ ਦੇ ਆਪਣੇ ਪਰਿਵਾਰਕ ਮੈਂਬਰ ਵੀ ਸ਼ਰਮ ਨਾਲ ਡੁੱਬ ਕੇ ਮਰ ਜਾਣ। ਮੇਰੇ ਤੇ ਭਤੀਜੀ ਨਾਲ ਬਲਾਤਕਾਰ ਦੀ ਅਫ਼ਵਾਹ ਫੈਲਾਅ ਕੇ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰਿਵਾਰਕ ਤਸਵੀਰਾਂ ਨਾਲ ਛੇੜ-ਛਾੜ ਕਰਕੇ ਭੰਡਣ ਦੀ ਕੋਸ਼ਿਸ਼ ਕੀਤੀ ਗਈ। ਲੋਕਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਅਜਿਹੇ ਅਨਸਰ ਅਸਲ ਵਿੱਚ ਸਮਾਜ ਵਿਰੋਧੀ ਹਨ।

ਮੈਨੂੰ ਹੈਰਾਨੀ ਹੁੰਦੀ ਹੈ ਕਿ ਅਕਾਲ ਤਖ਼ਤ ਤੇ ਸ਼ੋ੍ਮਣੀ ਕਮੇਟੀ ਨੂੰ ਮੇਰੀ ਕਵਿਤਾ ਤਾਂ ਨਜ਼ਰ ਆ ਗਈ ਪਰ ਉਹਨਾਂ ਲੋਕਾਂ ਦੀਆਂ ਕਰਤੂਤਾਂ ਨਜ਼ਰ ਨਹੀਂ ਆਈਆਂ ਜਿਹਨਾਂ ਨੇ ਅਪਸ਼ਬਦ ਬੋਲਣ ਲੱਗਿਆਂ ਇਹ ਵੀ ਪ੍ਰਵਾਹ ਨਹੀਂ ਕੀਤੀ ਕਿ ਉਹਨਾਂ ਦੀ ਕਰਤੂਤ ਨੂੰ ਉਹਨਾਂ ਦੀਆਂ ਅਪਣੀਆਂ ਧੀਆਂ-ਭੈਣਾਂ ਵੀ ਵੇਖ ਰਹੀਆਂ ਹੋਣਗੀਆਂ।

ਮੈਂ ਆਪਣੀ ਹਰ ਲਿਖਤ ਲਈ ਜ਼ਿੰਮੇਵਾਰ ਹਾਂ ਤੇ ਉਸ ਪ੍ਰਤੀ ਕਿਸੇ ਤਰ੍ਹਾਂ ਦੇ ਇਤਰਾਜ਼ ਲਈ ਸੁਹਿਰਦ ਬਹਿਸ ਕਰਨ ਨੂੰ ਤਿਆਰ ਹਾਂ, ਜੇ ਕਿਤੇ ਗਲਤ ਸਿੱਧ ਕੀਤਾ ਜਾਵਾਂ ਤਾਂ ਆਪਣੀ ਗਲਤੀ ਖੁੱਲ੍ਹੇ ਦਿਲ ਨਾਲ ਸਵੀਕਾਰ ਕਰਨ ਨੂੰ ਤਿਆਰ ਹਾਂ ਪਰ ਆਪਣੇ ਵਿਰੋਧੀਆਂ ਪ੍ਰਤੀ ਕੋਈ ਘਟੀਆ ਸ਼ਬਦਾਵਲੀ ਵਰਤ ਕੇ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਨਹੀਂ ਕਰ ਸਕਦਾ।

**ਪ੍ਰਸ਼ਨ:- ਇੱਕ ਸਾਹਿਤਕਾਰ ਉੱਤੇ ਇੱਕ ਕਵਿਤਾ ਲਿਖਣ ਕਰਕੇ ਇਕ ਪੁਲਿਸ ਕੇਸ ਦਰਜ ਹੋਣ ਤੋਂ ਬਾਅਦ ਬਾਕੀ ਸਾਹਿਤਕਾਰਾਂ ਦਾ ਕੀ ਰੋਲ ਰਿਹਾ ?**

ਉੱਤਰ:- ਮੈਨੂੰ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਬਹੁਤੇ ਸਾਹਿਤਕਾਰਾਂ ਦਾ ਰੋਲ ਇਸ ਸਬੰਧ ਵਿੱਚ ਨਕਾਰਤਮਕ ਤੇ ਨਿਰਾਸ਼ਾਜਨਕ ਰਿਹਾ ਹੈ। ਮੇਰੀਆਂ ਲਿਖਤਾਂ ਮੇਰੀ ਨਿੱਜੀ ਜਗੀਰ ਨਹੀਂ ਹੈ, ਇਹ ਮੇਰੇ ਵਿਚਾਰਾਂ ਦਾ ਪ੍ਰਗਟਾਵਾ ਹੈ ਅਤੇ ਇਸ ਤੇ ਕਿੰਤੂ-ਪੰਤੂ ਦਾ ਹਮੇਸ਼ਾ ਖਿੜੇ ਮੱਥੇ ਸਵਾਗਤ ਕੀਤਾ ਹੈ। ਅਲੋਚਨਾ ਇੱਕ ਸਾਰਥਕ ਕਦਮ ਹੈ ਅਤੇ ਅਲੋਚਨਾ ਹੋਣੀ ਚਾਹੀਦੀ ਹੈ। ਅਲੋਚਨਾ ਵਿਰੋਧ ਨਹੀਂ ਹੁੰਦੀ ਅਤੇ ਵਿਰੋਧ ਅਲੋਚਨਾ ਨਹੀਂ ਹੁੰਦਾ। ਜਿਵੇਂ ਮੇਰੇ ਵਲੋਂ ਅਕਾਲੀ ਸਰਕਾਰ ਦੀ ਨੁਕਤਾਚੀਨੀ ਵਾਲੀ ਕਵਿਤਾ ਪੜ੍ਹਨ ਤੇ ਰੋਪੜ ਸਾਹਿਤ ਸਭਾ ਦਾ ਰੋਲ ਸਥਾਪਤੀ ਪੱਖੀ ਰਿਹਾ ਉਸੇ ਤਰ੍ਹਾਂ ਇਸ ਮਾਮਲੇ ਵਿੱਚ ਵੀ ਬਹੁਤੇ ਸਾਹਿਤਕਾਰ ਸਰਕਾਰੀ ਪੱਖ ਵਿੱਚ ਹੀ ਭੁਗਤੇ। ਉਨ੍ਹਾਂ ਨੇ ਇਸ ਕਵਿਤਾ ਦਾ ਆਲੋਚਨਾ ਦੀ ਥਾਂ ਮੀਡੀਏ ਵਲੋਂ ਬਣਾਏ ਮਾਹੌਲ ਮੁਤਾਬਕ, ਬਣੇ-ਬਣਾਏ ਨਜ਼ਰੀਏ ਅਨੁਸਾਰ ਵਿਰੋਧ ਕੀਤਾ ਜਦੋਂ ਕਿ ਵਿਰੋਧ ਮੇਰੇ ਤੇ ਪਰਚਾ ਦਰਜ ਕਰਨ ਦਾ ਹੋਣਾ ਚਾਹੀਦਾ ਸੀ ਤੇ ਵਿਰੋਧੀ ਧਿਰ ਨੂੰ ਸੰਵਾਦ ਲਈ ਲਲਕਾਰਨਾ ਚਾਹੀਦਾ ਸੀ।

ਮੈਂ ਜੋ ਵੀ ਲਿਖਦਾ ਹਾਂ ਉਹ ਆਪਣੀ ਜ਼ਿੰਦਗੀ ਵਿੱਚ ਜਿਉਂਦਾ ਹਾਂ ਪਰ ਸਾਡੇ ਸਮੇਂ ਦੀ ਤ੍ਰਾਸਦੀ ਹੈ ਕਿ ਬਹੁਤੇ ਸਾਹਿਤਕਾਰਾਂ ਦੀ ਲੇਖਣੀ ਤੇ ਕਰਨੀ ਵਿੱਚ ਸੈਂਕੜੇ ਕੋਹਾਂ ਦਾ ਅੰਤਰ ਹੈ। ਪਰ ਮੈਨੂੰ ਤਸੱਲੀ ਹੈ ਕਿ ਮੇਰਾ ਕੇਸ ਕਈਆਂ ਦੇ ਚਿਹਰੇ ਦੇ ਨਕਾਬ ਲਾਹੁਣ ਵਿੱਚ ਕਾਮਯਾਬ ਹੋਇਆ ਹੈ। ਕੁੱਝ ਸਾਹਿਤਕਾਰਾਂ ਨੇ ਇਥੋਂ ਤੱਕ ਕਹਿ ਦਿੱਤਾ ਕਿ ਉਹ ਸੁਰਜੀਤ ਗੱਗ ਨੂੰ ਕਵੀ ਹੀ ਨਹੀਂ ਮੰਨਦੇ। ਕੋਈ ਹੋਰ ਅਜਿਹੀ ਟਿੱਪਣੀ ਕਰ ਦਿੰਦਾ ਤਾਂ ਸਮਝ ਆਉਂਦੀ ਸੀ ਪਰ ਇੱਕ ਸਮਰੱਥ ਸਾਹਿਤਕਾਰ ਦੇ ਅਜਿਹਾ ਕਹਿਣ ਤੇ ਬਹੁਤ ਹੈਰਾਨੀ ਹੋਈ। ਕੁੱਝ ਇੱਕ ਸਾਹਿਤਕਾਰਾਂ ਨੇ ਮੁਆਫ਼ੀ ਮੰਗਣ ਦੀ ਸਲਾਹ ਦੇ ਕੇ ਆਪਣੀ ਸਰਕਾਰ ਭਗਤੀ ਦਾ ਸਬੂਤ ਦਿੱਤਾ। ਉਹਨਾਂ ਨੂੰ ਜਾਪਿਆ ਕਿ ਕਵਿਤਾ ਵਿੱਚ ਕੁੱਝ ਗਲਤ ਹੋਵੇਗਾ, ਜਿਸ ਕਾਰਨ ਇਹ ਕਵਿਤਾ ਵਿਵਾਦ ਦਾ ਕਾਰਨ ਬਣੀ ਤੇ ਉਹ ਕਵਿਤਾ ਵਿੱਚੋਂ ਗਲਤੀ ਲੱਭਣ ਦੀ ਕੋਸ਼ਿਸ਼ ਕਰਦੇ ਰਹੇ। ਇਹ ਕਵਿਤਾ ਦੀ ਅਲੋਚਨਾ ਨਹੀਂ ਹੈ, ਇਹ ਸਿਰਫ਼ ਵਿਰੋਧ ਹੈ ਤੇ ਇਸ ਮਾਮਲੇ ਤੇ ਮੇਰੀ ਇੱਛਾ ਹੈ ਕਿ ਹਰਪਾਲ ਸਿੰਘ ਪੰਨੂ, ਦੇਸ ਰਾਜ ਕਾਲੀ ਅਤੇ ਡਾ. ਤੇਜਵੰਤ ਮਾਨ, ਜੋ ਕਿ ਸਮਰੱਥ ਸਾਹਿਤਕਾਰ ਹਨ, ਇਸ ਕਵਿਤਾ ਬਾਰੇ ਅਪਣਾ ਨਜ਼ਰੀਆ ਸਪੱਸ਼ਟ ਕਰਨ।

ਇਸ ਕਵਿਤਾ ਦਾ ਸਿਰਫ਼ ਵਿਰੋਧ ਹੀ ਨਹੀਂ ਹੋਇਆ, ਇਸ ਕਵਿਤਾ ਨੂੰ ਲੈ ਕੇ ਖੁੱਲ੍ਹ ਕੇ ਵਿਚਾਰਾਂ ਵੀ ਹੋਈਆਂ, ਡਾ. ਪਰਮਿੰਦਰ, ਡਾ. ਐੱਚ ਐੱਸ ਡਿੰਪਲ ਅਤੇ ਹੋਰਾਂ ਨੇ ਕਵਿਤਾ ਦੀ ਅਲੋਚਨਾਤਮਕ ਤਰੀਕੇ ਨਾਲ ਪੁਣ-ਛਾਣ ਵੀ ਕੀਤੀ। ਦਰਅਸਲ ਸਾਡੇ ਸਮਾਜ ਵਿੱਚ ਧਰਮ ਦਾ ਬੋਲਬਾਲਾ ਜਾਂ ਡਰਾਵਾ ਵੀ ਕਹਿ ਸਕਦੇ ਹਾਂ ਕਿ ਏਨਾ ਜ਼ਿਆਦਾ ਹੈ ਕਿ ਅਜਿਹੇ ਮਾਮਲੇ ਤੇ ਖੁੱਲ੍ਹ ਕੇ ਟਿੱਪਣੀ ਕਰਨ ਤੋਂ ਕਹਿੰਦੀਆਂ ਕਹਾਉਂਦੀਆਂ ਸ਼ਖਸੀਅਤਾਂ ਵੀ ਕੰਨੀ ਕਤਰਾਉਣ ਵਿੱਚ ਹੀ ਭਲਾ ਸਮਝਦੀਆਂ ਹਨ। ਇਸ ਦੇ ਬਾਵਜੂਦ

ਵੀ ਬਹੁਤ ਦੋਸਤ ਤੇ ਸੰਸਥਾਵਾਂ ਖੁੱਲ੍ਹ ਕੇ ਮੇਰੇ ਹੱਕ ਵਿੱਚ ਭੁਗਤੀਆਂ ਜਿਨ੍ਹਾਂ ਦਾ ਮੈਂ ਧੰਨਵਾਦੀ ਹਾਂ।

**ਪ੍ਰਸ਼ਨ:- ਕੀ ਮੁਕੱਦਮਾ ਦਰਜ ਹੋਣ ਤੇ ਜੇਲ੍ਹ ਯਾਤਰਾ ਤੋਂ ਬਾਅਦ ਵੀ 'ਮੈਂ ਤੇ ਨਾਨਕ' ਕਵਿਤਾ ਬਾਰੇ ਤੁਹਾਡੇ ਵਿਚਾਰ ਅੱਜ ਵੀ ਉਹੀ ਹਨ ?**

ਉਤਰ:- ਮੁਕੱਦਮਾ ਰਾਜਨੀਤਕ ਦਬਾਅ ਕਾਰਨ ਝੂਠਾ ਦਰਜ ਹੋਇਆ ਹੈ, ਇਸ ਬਾਰੇ ਸਬੰਧਤ ਅਧਿਕਾਰੀਆਂ ਨੇ ਵੀ ਇਸ਼ਾਰਾ ਕੀਤਾ ਹੈ। ਇਸ ਕਰਕੇ ਜੇਲ੍ਹ ਜਾਣਾ ਪਿਆ, ਕਵਿਤਾ ਦੀ ਕਾਵਿਕਤਾ ਜਾਂ ਸ਼ੈਲੀ ਨੂੰ ਲੈ ਕੇ ਨਹੀਂ। ਕਿਸੇ ਵੀ ਅਗਾਂਹਵਧੂ ਸੰਸਥਾ, ਵਿਅਕਤੀ ਜਾਂ ਸਾਹਿਤਕਾਰ ਨੇ ਮੁਕੱਦਮਾ ਦਰਜ ਕਰਨ ਨੂੰ ਸਹੀ ਨਹੀਂ ਠਹਿਰਾਇਆ। ਉਹਨਾਂ ਦਾ ਵਿਚਾਰ ਸੀ ਕਿ ਕਵਿਤਾ ਤੇ ਵਿਚਾਰ ਚਰਚਾ ਹੋਣੀ ਚਾਹੀਦੀ ਹੈ, ਇਸ ਤਰ੍ਹਾਂ ਆਵਾਜ਼ ਦਬਾਉਣੀ ਸਰਾਸਰ ਗਲਤ ਹੈ। ਜ਼ਾਹਿਰ ਹੈ ਕਿ ਸਥਾਪਤੀ ਦੀਆਂ ਅੱਖਾਂ ਵਿੱਚ ਕਵਿਤਾ ਨਹੀਂ, ਮੇਰੀਆਂ ਕਵਿਤਾਵਾਂ ਰਾਹੀਂ ਉਜਾਗਰ ਹੁੰਦੇ ਵਿਚਾਰ ਰੜਕਦੇ ਸਨ ਤੇ ਉਨ੍ਹਾਂ ਆਪਣੀ ਔਕਾਤ ਦਿਖਾਉਣੀ ਹੀ ਸੀ। ਉਕਤ ਕਵਿਤਾ ਬਾਰੇ ਮੇਰੇ ਅੱਜ ਵੀ ਉਹੀ ਵਿਚਾਰ ਹਨ ਤੇ ਮੈਂ ਉਨ੍ਹਾਂ ਤੇ ਡੱਟ ਕੇ ਖੜ੍ਹਾ ਹਾਂ।

**ਪ੍ਰਸ਼ਨ:- ਤੁਹਾਡੇ ਤੇ ਇਹ ਵੀ ਇਲਜ਼ਾਮ ਲੱਗਦਾ ਹੈ ਕਿ ਤੁਸੀਂ ਸਿਰਫ ਸਿੱਖ ਧਰਮ ਦੀ ਬੁਰਾਈ ਕਰਦੇ ਹੋ ਤੇ ਇਸ ਬਾਬਤ ਸਿੱਖ ਵਿਰੋਧੀ ਤਾਕਤਾਂ ਤੁਹਾਨੂੰ ਪੈਸਾ ਦਿੰਦੀਆਂ ਹਨ। ਜਿਵੇਂ ਕਿ ਭਨਿਆਰੇ ਵਾਲੇ ਸਾਧ ਨਾਲ ਵੀ ਤੁਹਾਡੀ ਗਿਟਮਿਟ ਬਾਰੇ ਇੱਕ ਅਖਬਾਰ ਨੇ ਕਾਫ਼ੀ ਰੌਲਾ ਪਾਇਆ ਸੀ।**

ਉੱਤਰ:- ਇਹ ਗਲਤ ਬਿਆਨੀ ਹੈ, ਗਲਤ ਕਿਸੇ ਵੀ ਵਰਤਾਰੇ ਜਾਂ ਧਰਮ ਦੇ ਨਾਮ ਤੇ ਹੋ ਰਿਹਾ ਹੋਵੇ, ਉਸ ਖ਼ਿਲਾਫ਼ ਮੈਂ ਆਵਾਜ਼ ਬੁਲੰਦ ਕੀਤੀ ਹੈ ਤੇ ਕਰਦਾ ਰਹਾਂਗਾ। ਅਜਿਹਾ ਇਲਜ਼ਾਮ ਉਹ ਲਾਉਂਦੇ ਹਨ ਜੋ ਖ਼ੁਦ ਖੂਹ ਦੇ ਡੱਡੂ ਬਣੇ ਰਹਿਣਾ ਚਾਹੁੰਦੇ ਹਨ। ਸਿੱਖ ਇਤਿਹਾਸ, ਪੰਜਾਬ ਦਾ ਇਤਿਹਾਸ ਹੈ, ਪੰਜਾਬੀਆਂ ਦਾ ਇਤਿਹਾਸ ਹੈ, ਇਸ ਨੂੰ ਕਿਸੇ ਵਿਸ਼ੇਸ਼ ਧਰਮ ਦੇ ਢਾਂਚੇ ਵਿੱਚ ਬੰਨ੍ਹ ਕੇ ਨਹੀਂ ਵੇਖਿਆ ਜਾ ਸਕਦਾ। ਬਾਬੇ ਨਾਨਕ ਤੋਂ ਵੀ ਪਹਿਲਾਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਅਤੇ ਇਸ ਤੋਂ ਅੱਗੇ ਬੰਦਾ ਬਹਾਦਰ ਤੋਂ ਹੁੰਦਾ ਹੋਇਆ ਗਦਰੀ ਬਾਬਿਆਂ, ਆਜ਼ਾਦੀ ਘੁਲਾਟੀਆਂ ਤੱਕ ਮਾਣਮੱਤਾ ਇਤਿਹਾਸ ਰਿਹਾ ਹੈ। ਏਥੋਂ ਦੀ ਮਿੱਟੀ ਵਿੱਚ ਸੰਭਾਵਨਾਵਾਂ ਬਹੁਤ ਹਨ। ਸਿੱਖ ਧਰਮ ਵੀ ਲੁੱਟ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕਣ ਵਾਲਿਆਂ ਦੀ ਜੱਥੇਬੰਦੀ ਰਹੀ ਹੈ ਪਰ ਇਸ ਨੂੰ ਕੁੱਝ ਗਲਤ ਅਨਸਰਾਂ ਨੇ ਉਧਾਲ਼ ਲਿਆ ਹੈ ਤੇ ਅੰਧਵਿਸ਼ਵਾਸ ਅਤੇ ਚਮਤਕਾਰਾਂ ਦੀ ਪਾਣ ਚੜ੍ਹਾਅ ਕੇ ਦੁਕਾਨਦਾਰੀ ਵਜੋਂ ਸਥਾਪਤ ਕਰ ਲਿਆ ਹੈ। ਉਹਨਾਂ ਦਾ ਮਕਸਦ ਆਪਣੀ ਦੁਕਾਨਦਾਰੀ ਚਲਦੀ ਰੱਖਣ ਲਈ ਲੋਕਾਂ ਵਿੱਚ ਅਗਿਆਨਤਾ ਦਾ ਹਨ੍ਹੇਰਾ ਫੈਲਾਉਣਾ ਹੈ। ਇਹਨਾਂ ਬੁਰਾਈਆਂ, ਕੁਰੀਤੀਆਂ ਖ਼ਿਲਾਫ਼ ਆਵਾਜ਼ ਚੁੱਕਣ ਨੂੰ ਜੇ ਕੋਈ ਸਿੱਖ ਧਰਮ ਦੀ ਵਿਰੋਧਤਾ ਕਹਿੰਦਾ ਹੈ ਤਾਂ ਸਮਝ ਜਾਣਾ ਚਾਹੀਦਾ ਹੈ ਕਿ ਅਜਿਹੇ ਅਨਸਰ ਖ਼ੁਦ ਕਿਹੜੀ ਧਿਰ ਨਾਲ ਖੜ੍ਹੇ ਹਨ। ਜਿਹਨਾਂ ਕੋਲ ਸਾਡੀ ਖ਼ਿਲਾਫ਼ਤ ਕਰਨ ਲਈ ਕੋਈ ਗੱਲ ਨਹੀਂ ਰਹਿੰਦੀ ਉਹ ਸਾਡੇ ਤੇ ਪੈਸੇ ਲੈ ਕੇ ਲਿਖਣ ਦੇ ਵੀ ਇਲਜ਼ਾਮ ਲਾਉਣਗੇ ਤੇ ਸਾਡੀ ਕਿਰਦਾਰਕੁਸ਼ੀ ਵੀ ਕਰਨਗੇ। ਅਜਿਹੇ ਲੋਕ, ਇਹੋ ਜਿਹੇ ਬੇਬੁਨਿਆਦ ਦੋਸ਼ ਲਾਕੇ ਆਪਣੇ ਮਾਨਸਿਕ ਬੌਣੇਪਣ ਦਾ ਸਬੂਤ ਦਿੰਦੇ ਹਨ।

**ਪ੍ਰਸ਼ਨ:- ਅੰਤ ਵਿੱਚ ਪਾਠਕਾਂ ਲਈ ਕੋਈ ਸੁਨੇਹਾ ?**

ਉੱਤਰ:- ਅਸੀਂ ਸਾਰੇ ਇਹ ਸਮਝਦੇ ਵੀ ਹਾਂ ਤੇ ਮੰਨਦੇ ਵੀ ਹਾਂ ਕਿ ਸਾਡੇ ਸਮਾਜ ਵਿੱਚ ਗੰਦ ਬਹੁਤ ਜ਼ਿਆਦਾ ਪੈ ਗਿਆ ਹੈ, ਇਸ ਨੂੰ ਸਾਫ਼ ਕਰਨ ਦੀ ਲੋੜ ਹੈ। ਸਾਨੂੰ ਸਭ ਨੂੰ ਮਿਲ ਕੇ ਹੰਭਲਾ ਮਾਰਨਾ ਪਵੇਗਾ, ਇਹ ਸਾਡੀ ਨੈਤਿਕ ਜ਼ਿੰਮੇਵਾਰੀ ਵੀ ਬਣਦੀ ਹੈ। ਸਾਨੂੰ ਸਭ ਨੂੰ ਅਪਣੀ ਸਮਰੱਥਾ ਅਨੁਸਾਰ ਗੰਦ ਹੂੰਝਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਜਿਹੜੇ ਸਮਝਦੇ ਹਨ ਕਿ ਉਹਨਾਂ ਦੀ ਯੋਗਤਾ ਨਹੀਂ ਜਾਂ ਸਮਾਂ ਨਹੀਂ ਜਾਂ ਸਮਰੱਥਾ ਨਹੀਂ, ਤਦ ਵੀ ਕੋਈ ਗੱਲ ਨਹੀਂ, ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਜੇ ਅਸੀਂ ਗੰਦ ਹੂੰਝਣ ਵਿੱਚ ਕੋਈ ਭੂਮਿਕਾ ਨਹੀਂ ਨਿਭਾ ਸਕਦੇ ਤਾਂ ਘੱਟੋ-ਘੱਟ ਗੰਦ ਪਾਉਣ ਵਾਲਿਆਂ ਵਿੱਚ ਸਾਡਾ ਨਾਮ ਨਾ ਆਵੇ।

# ਟੈਕਸ ਬਚਾਉਣ ਵਾਲੇ ਅਮੀਰਾਂ ਬਾਰੇ ਖੁਲਾਸੇ



ਦਸਤਾਵੇਜ਼ੀ ਖੁਲਾਸਿਆਂ ਵਿੱਚ ਬ੍ਰਿਟੇਨ ਦੀ ਮਹਾਰਾਣੀ ਦੀ ਪ੍ਰਾਈਵੇਟ ਸਟੇਟ ਦੇ ਆਫਸ਼ੋਰ ਨਿਵੇਸ਼ ਦਾ ਜ਼ਿਕਰ ਹੈ।

ਆਰਥਿਕ ਦਸਤਾਵੇਜ਼ਾਂ ਜ਼ਰੀਏ ਇੱਕ ਵੱਡਾ ਖੁਲਾਸਾ ਹੋਇਆ ਹੈ, ਕਿ ਕਿਵੇਂ ਬ੍ਰਿਟੇਨ ਦੀ ਮਹਾਰਾਣੀ ਸਣੇ ਵੱਡੇ ਅਮੀਰ ਲੋਕ ਟੈਕਸ ਤੋਂ ਬਚਣ ਦੇ ਲਈ ਪੈਸਾ ਆਪਣੇ ਦੇਸ ਤੋਂ ਬਾਹਰ ਨਿਵੇਸ਼ ਕਰਦੇ ਹਨ।

ਦਸਤਾਵੇਜ਼ਾਂ ਮੁਤਾਬਕ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਪਾਰ ਮੰਤਰੀ ਨੇ ਉਸ ਰੂਸੀ ਕੰਪਨੀ ਵਿੱਚ ਨਿਵੇਸ਼ ਕੀਤਾ ਹੋਇਆ ਹੈ, ਜਿਸ ਨੂੰ ਅਮਰੀਕਾ ਵੱਲੋਂ ਬੈਨ ਕੀਤਾ ਗਿਆ ਹੈ।

ਇਹ ਭੇਤ "ਪੈਰਾਡਾਈਸ ਪੇਪਰਸ" ਜ਼ਰੀਏ ਖੁੱਲ੍ਹਿਆ ਹੈ। ਇਨ੍ਹਾਂ ਪੇਪਰਸ ਵਿੱਚ 1.34 ਕਰੋੜ ਦਸਤਾਵੇਜ਼ ਹਨ। ਜ਼ਿਆਦਾਤਰ ਦਸਤਾਵੇਜ਼ ਇੱਕੋ ਕੰਪਨੀ ਨਾਲ ਜੁੜੇ ਹਨ।

ਬੀਬੀਸੀ ਪਨੋਰਮਾ ਉਨ੍ਹਾਂ 100 ਮੀਡੀਆ ਅਦਾਰਿਆਂ ਵਿੱਚ ਹੈ, ਜੋ ਇਨ੍ਹਾਂ ਦਸਤਾਵੇਜ਼ਾਂ ਦੀ ਤਫ਼ਤੀਸ਼ ਕਰ ਰਹੇ ਹਨ।

ਇਹ ਦਸਤਾਵੇਜ਼ ਇੱਕ ਜਰਮਨ ਅਖ਼ਬਾਰ "ਸੁਏਦਾਊਚੇ ਜ਼ਆਏਤੁਨ" ਵੱਲੋਂ ਹਾਸਲ ਕੀਤੇ ਗਏ ਸੀ। ਇਨ੍ਹਾਂ ਦਸਤਾਵੇਜ਼ਾਂ ਦੀ ਜਾਂਚ "ਇੰਟਰਨੈਸ਼ਨਲ ਕੰਸੌਰਟੀਅਮ ਆਫ ਇੰਵੈਸਟੀਗੇਟਿਵ ਜਰਨਅਲਿਸਟਸ" ਨੇ ਕੀਤੀ ਹੈ। ਦ ਗਾਰਡੀਅਨ ਵੀ ਇਨ੍ਹਾਂ ਦਸਤਾਵੇਜ਼ਾਂ ਦੀ ਜਾਂਚ ਕਰ ਰਹੇ ਮੀਡੀਆ ਅਦਾਰਿਆਂ ਵਿੱਚ ਸ਼ਾਮਲ ਹੈ।

ਐਤਵਾਰ ਨੂੰ ਸਿਰਫ਼ ਸ਼ੁਰੂਆਤੀ ਪੱਧਰ ਦੇ ਹੀ ਖੁਲਾਸੇ ਹੋਏ ਹਨ। ਇਹ ਖੁਲਾਸੇ ਪੂਰੇ ਹਫ਼ਤੇ ਤੱਕ ਚੱਲਣਗੇ, ਜਿਨ੍ਹਾਂ ਵਿੱਚ ਸੈਂਕੜੇ ਲੋਕਾਂ ਨਾਲ ਜੁੜੇ ਟੈਕਸ ਤੇ ਮਾਲੀ ਮਸਲਿਆਂ ਬਾਰੇ ਜਾਣਕਾਰੀਆਂ ਪਤਾ ਚੱਲਣਗੀਆਂ। ਇਨ੍ਹਾਂ ਵਿੱਚ ਕੁਝ ਲੋਕ ਯੂ.ਕੇ. ਨਾਲ ਖਾਸ ਤੌਰ 'ਤੇ ਜੁੜੇ ਹਨ।

ਇਨ੍ਹਾਂ ਦਸਤਾਵੇਜ਼ਾਂ ਵਿੱਚ ਇਹ ਦੱਸਿਆ ਗਿਆ ਹੈ ਕਿ ਕਿਵੇਂ ਸਿਆਸਤਦਾਨ, ਵੱਖ-ਵੱਖ ਦੇਸ਼ਾਂ ਵਿੱਚ ਕੰਮ ਕਰਦੀਆਂ ਕੰਪਨੀਆਂ, ਮਸ਼ਹੂਰ ਹਸਤੀਆਂ ਤੇ ਵੱਡੀ ਜਾਇਦਾਦ ਰੱਖਣ ਵਾਲੇ ਲੋਕਾਂ ਭਰੋਸਾ, ਸੰਸਥਾਨ ਤੇ ਸ਼ੈੱਲ ਕੰਪਨੀਆਂ ਦਾ ਇਸਤੇਮਾਲ ਟੈਕਸ ਨੂੰ ਬਚਾਉਣ ਲਈ ਕਰਦੇ ਹਨ।

ਸ਼ੈੱਲ ਕੰਪਨੀਆਂ ਉਹ ਕੰਪਨੀਆਂ ਹਨ ਜੋ ਅਸਲੀ ਨਿਵੇਸ਼ਕਾਂ ਦੀ ਪਛਾਣ ਛੁਪਾਉਣ ਲਈ ਬਣਾਈਆਂ ਜਾਂਦੀਆਂ ਹਨ। ਜ਼ਿਆਦਾਤਰ ਲੈਣ-ਦੇਣ ਵਿੱਚ ਕਨੂੰਨੀ ਪੱਧਰ 'ਤੇ ਕੁਝ ਗਲਤ ਨਹੀਂ ਹੁੰਦਾ।

**ਖੁਲਾਸੇ ਨਾਲ ਜੁੜੀਆਂ ਹੋਰ ਖ਼ਾਸ ਖ਼ਬਰਾਂ :** • ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਰੀਬੀ ਲੋਕਾਂ ਦੇ ਵੀ ਦੇਸ਼ ਤੋਂ ਬਾਹਰ ਨਿਵੇਸ਼ ਦੱਸੇ ਜਾ ਰਹੇ ਹਨ, ਜੋ ਦੇਸ਼ ਨੂੰ ਕਰੋੜਾਂ ਡਾਲਰਸ ਦਾ ਨੁਕਸਾਨ ਪਹੁੰਚਾ ਸਕਦੇ ਹਨ। ਇਸਦੇ ਨਾਲ ਹੀ ਇਹ ਜਸਟਿਨ ਟਰੂਡੋ ਦੇ ਲਈ ਇਹ ਬੇਹੱਦ ਸ਼ਰਮਿੰਦਗੀ ਵਾਲੀ ਗੱਲ ਹੋਵੇਗੀ, ਕਿਉਂਕਿ ਉਹ ਟੈਕਸ ਬਚਾਉਣ ਲਈ ਕੀਤੇ ਵਿਦੇਸ਼ੀ ਨਿਵੇਸ਼ 'ਤੇ ਕਾਬੂ ਪਾਉਣ ਦੀ ਵਕਾਲਤ ਕਰਦੇ ਹਨ।

• ਕੰਜ਼ਰਵੇਟਿਵ ਪਾਰਟੀ ਦੇ ਸਾਬਕਾ ਡਿਪਟੀ ਚੇਅਰਮੈਨ ਅਤੇ ਪਾਰਟੀ ਨੂੰ ਦਾਨ ਦੇਣ ਵਾਲੇ ਲਾਰਡ ਐਸ਼ਕਰਾਫਟ ਨੇ ਆਪਣੇ ਵਿਦੇਸ਼ੀ ਨਿਵੇਸ਼ ਦੇ ਨਿਯਮਾਂ ਦੀ ਅਣਦੇਖੀ ਕੀਤੀ ਹੋ ਸਕਦੀ ਹੈ। ਦਸਤਾਵੇਜ਼ਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਹਾਊਸ ਆਫ ਲਾਰਡਸ ਵਿੱਚ ਆਪਣਾ ਨਾਨ-ਡੋਮ ਦਰਜਾ ਬਰਕਰਾਰ ਰੱਖਿਆ, ਹਾਲਾਂਕਿ ਇਸ ਇਹ ਰਿਪੋਰਟ ਆਈ ਸੀ ਕਿ ਉਹ ਬ੍ਰਿਟੇਨ ਦੇ ਨਾਗਰਿਕ ਬਣ ਗਏ ਹਨ।

• ਇਵਰਟਨ ਐਫਸੀ ਦੀ ਇੱਕ ਮੁੱਖ ਸ਼ੇਅਰਹੋਲਡਿੰਗ ਕੰਪਨੀ ਦੀ ਫੰਡਿੰਗ 'ਤੇ ਸਵਾਲ ਚੁੱਕੇ ਗਏ ਹਨ।

• ਦਸਤਾਵੇਜ਼ਾਂ ਤੋਂ ਇਹ ਵੀ ਇਸ਼ਾਰਾ ਮਿਲਿਆ ਹੈ ਕਿਸ ਤਰ੍ਹਾਂ ਐਲਿਸ਼ਰ ਉਸਮਾਨੋਵ ਨੇ ਆਪਣੀ ਫਰਮ ਦੀ ਜਾਂਚ ਨੂੰ ਪ੍ਰਭਾਵਿਤ ਕੀਤਾ।

ਪੈਰਾਡਾਈਸ ਪੇਪਰਸ ਤੋਂ ਪਤਾ ਚਲਦਾ ਹੈ ਕਿ ਬ੍ਰਿਟੇਨ ਦੀ ਮਹਾਰਾਣੀ ਦੇ ਨਿੱਜੀ ਧਨ 'ਚੋਂ ਕਰੀਬ ਇੱਕ ਕਰੋੜ ਪਾਊਂਡ ਵਿਦੇਸ਼ ਵਿੱਚ ਨਿਵੇਸ਼ ਕੀਤੇ ਗਏ ਹਨ।

ਇਨ੍ਹਾਂ ਪੈਸਿਆਂ ਨੂੰ ਕੈਮੈਨ ਤੇ ਬਰਮੂਡਾ ਟਾਪੂਆਂ ਵਿੱਚ ਡਚੀ ਆਫ ਲੈਂਕੈਸਟਰ ਵੱਲੋਂ ਲਾਇਆ ਗਿਆ ਹੈ ਜੋ ਮਹਾਰਾਣੀ ਦੇ 500 ਮਿਲੀਅਨ ਬ੍ਰਿਟਿਸ਼ ਪਾਊਂਡ ਦੀ ਕੀਮਤ ਵਾਲੀ ਪ੍ਰਾਈਵੇਟ ਇਸਟੇਟ ਨਾਲ ਜੁੜੇ ਮਸਲਿਆਂ ਤੇ ਆਮਦਨ ਦਾ ਹਿਸਾਬ ਰੱਖਦੀ ਹੈ।



ਇਸ ਪੂਰੇ ਨਿਵੇਸ਼ ਵਿੱਚ ਕੁਝ ਗੈਰ ਕਨੂੰਨੀ ਨਹੀਂ ਹੈ ਤੇ ਇਹ ਕਿਤੇ ਵੀ ਸਾਬਿਤ ਨਹੀਂ ਹੁੰਦਾ ਕਿ ਮਹਾਰਾਣੀ ਵੱਲੋਂ ਕਿਸੇ ਤਰੀਕੇ ਦੀ ਟੈਕਸ ਦੀ ਚੋਰੀ ਕੀਤੀ ਗਈ ਹੈ। ਪਰ ਇਹ ਸਵਾਲ ਪੁੱਛੇ ਜਾ ਸਕਦੇ ਹਨ ਕਿ ਕੀ ਸ਼ਾਹੀ ਪਰਿਵਾਰ ਨੂੰ ਦੇਸ ਤੋਂ ਬਾਹਰ ਅਜਿਹੇ ਨਿਵੇਸ਼ ਕਰਨੇ ਚਾਹੀਦੇ ਹਨ।

ਇਨ੍ਹਾਂ ਪੈਸਿਆਂ ਵਿੱਚ ਦਾ ਕੁਝ ਹਿੱਸਾ ਇੱਕ ਰਿਟੇਲਰ ਕੰਪਨੀ ਬ੍ਰਾਈਟ ਹਾਊਸ ਵਿੱਚ ਵੀ ਨਿਵੇਸ਼ ਕੀਤਾ ਗਿਆ ਸੀ। ਇਸ ਕੰਪਨੀ ਤੇ ਗਰੀਬਾਂ ਦਾ ਸੋਸ਼ਣ ਕਰਨ ਦਾ ਇਲਜ਼ਾਮ ਹੈ। ਇਸ ਕੰਪਨੀ ਨੇ 17.5 ਮਿਲੀਅਨ ਪਾਊਂਡ ਦੀ ਦੇਣਦਾਰੀ ਦੇ ਨਾਲ ਆਪਣਾ ਕੰਮ ਬੰਦ ਕਰ ਦਿੱਤਾ ਜਿਸ ਕਾਰਨ 6000 ਲੋਕਾਂ ਨੂੰ ਨੌਕਰੀ ਵੀ ਗੁਆਣੀ ਪਈ।

ਡਚੀ ਮੁਤਾਬਕ ਉਹ ਇਨ੍ਹਾਂ ਪੈਸਿਆਂ ਦੇ ਨਿਵੇਸ਼ ਨਾਲ ਜੁੜੇ ਫੈਸਲਿਆਂ ਵਿੱਚ ਸ਼ਾਮਲ ਨਹੀਂ ਹੈ। ਇਸਦੇ ਨਾਲ ਹੀ ਮਹਾਰਾਣੀ ਨੂੰ ਵੀ ਉਨ੍ਹਾਂ ਦੇ ਨਾਂਅ ਤੇ ਕੀਤੇ ਨਿਵੇਸ਼ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਡਚੀ ਨੇ ਪਹਿਲਾਂ ਵੀ ਕਿਹਾ ਹੈ ਕਿ ਉਹ ਅਜਿਹੇ ਕਿਸੇ ਨਿਵੇਸ਼ ਵਿੱਚ ਦਿਲਚਸਪੀ ਨਹੀਂ ਦਿਖਾਉਂਦੇ, ਜਿਸਦੇ ਨਾਲ ਮਹਾਰਾਣੀ ਦੇ ਅਕਸ ਤੇ ਕੋਈ ਬੁਰਾ ਪ੍ਰਭਾਵ ਪਏ। ਉਨ੍ਹਾਂ ਕਿਹਾ ਕਿ ਮਹਾਰਾਣੀ ਆਪਣੀ ਜਾਗੀਰ ਵਿੱਚ "ਕਾਫ਼ੀ ਦਿਲਚਸਪੀ" ਰਖਦੇ ਹਨ।

1990 ਦੇ ਦਸ਼ਕ ਵਿੱਚ ਵਿਲਬਰ ਰੌਸ ਨੇ ਡੋਨਲਡ ਟਰੰਪ ਨੂੰ ਦਿਵਾਲੀਆ ਹੋਣ ਤੋਂ ਬਚਾਇਆ ਸੀ। ਇਸ ਦੇ ਇਨਾਮ ਵਜੋਂ ਟਰੰਪ ਪ੍ਰਸ਼ਾਸਨ ਵਿੱਚ ਉਨ੍ਹਾਂ ਨੂੰ ਸਨਅਤ ਮੰਤਰੀ ਬਣਾਇਆ ਗਿਆ।

ਦਸਤਾਵੇਜ਼ਾਂ ਮੁਤਾਬਕ ਵਿਲਬੁਰ ਰੌਸ ਦਾ ਇੱਕ ਸ਼ਿਪਿੰਗ ਕੰਪਨੀ ਵਿੱਚ ਨਿਵੇਸ਼ ਹੈ ਜੋ ਰੂਸੀ ਕੰਪਨੀ ਨੂੰ ਤੇਲ ਤੇ ਗੈਸ ਵੇਚ ਕੇ ਕਈ ਮਿਲੀਅਨ ਡਾਲਰਸ ਕਮਾਉਂਦੀ ਹੈ।

ਖ਼ਾਸ ਗੱਲ ਤਾਂ ਇਹ ਹੈ ਕਿ ਇਸ ਕੰਪਨੀ ਵਿੱਚ ਰੂਸੀ ਰਾਸ਼ਟਰਪਤੀ ਵਲਾਦਿਮਿਰ ਪੁਤਿਨ ਦੇ ਜਵਾਈ ਤੇ ਦੋ ਹੋਰ ਲੋਕਾਂ ਦਾ ਨਿਵੇਸ਼ ਹੈ, ਜਿਨ੍ਹਾਂ ਤੇ ਅਮਰੀਕਾ ਵੱਲੋਂ ਪਾਬੰਦੀ ਵੀ ਲਾਈ ਹੋਈ ਹੈ।

ਇਸ ਖੁਲਾਸੇ ਨਾਲ ਡੋਨਲਡ ਟਰੰਪ ਦੀ ਟੀਮ ਦੇ ਰੂਸ ਨਾਲ ਰਿਸ਼ਤਿਆਂ ਤੇ ਦੁਬਾਰਾ ਸਵਾਲ ਖੜ੍ਹੇ ਹੋਣਗੇ।

ਇਹ ਇਲਜ਼ਾਮ ਕਈ ਵਾਰ ਲੱਗ ਚੁੱਕੇ ਹਨ ਕਿ ਰੂਸ ਵੱਲੋਂ ਬੀਤੇ ਸਾਲ ਅਮਰੀਕਾ ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਗਿਆ।

ਭਾਵੇਂ ਡੋਨਲਡ ਟਰੰਪ ਵੱਲੋਂ ਇਸਨੂੰ ਝੂਠੀ ਖ਼ਬਰ ਕਰਾਰ ਦਿੱਤਾ ਗਿਆ।

ਜ਼ਿਆਦਾਤਰ ਖੁਲਾਸੇ ਐੱਪਲਬਾਇ ਕੰਪਨੀ ਦੇ ਹਨ। ਇਹ ਕੰਪਨੀ ਬਰਮੂਦਾ ਦੀ ਹੈ। ਇਸ ਆਪਣੇ ਗਾਹਕਾਂ ਨੂੰ ਟੈਕਸ ਬਚਾ ਕੇ ਦੇਸ ਤੋਂ ਬਾਹਰ ਨਿਵੇਸ਼ ਕਰਨ ਵਿੱਚ ਮਦਦ ਕਰਦੀ ਹੈ।

ਇਸੇ ਕੰਪਨੀ ਦੇ ਦਸਤਾਵੇਜ਼ ਅਤੇ ਕੈਰੀਬੀਅਨ ਦੇਸਾਂ ਵਿੱਚ ਰਜਿਸਟਰਡ ਕੰਪਨੀਆਂ ਦੇ ਦਸਤਾਵੇਜ਼ਾ ਨੂੰ ਜਰਮਨੀ ਦੇ ਅਖ਼ਬਾਰ ਵੱਲੋਂ ਹਾਸਿਲ ਕੀਤਾ ਗਿਆ ਹੈ। ਅਖ਼ਬਾਰ ਨੇ ਸਰੋਤ ਬਾਰੇ ਜਾਣਕਾਰੀ ਨਹੀਂ ਦਿੱਤੀ ਹੈ।

ਇਸ ਪੜਤਾਲ ਵਿੱਚ ਜੁੜੇ ਮੀਡੀਆ ਅਦਾਰਿਆਂ ਮੁਤਾਬਕ ਇਹ ਜਾਂਚ ਲੋਕਹਿਤ ਵਿੱਚ ਹੈ ਕਿਉਂਕਿ ਪਹਿਲਾਂ ਵੀ ਅਜਿਹੇ ਖੁਲਾਸਿਆਂ ਨਾਲ ਟੈਕਸ ਬਚਾਉਣ ਲਈ ਕੀਤੇ ਨਿਵੇਸ਼ ਨਾਲ ਜੁੜੀਆਂ ਗੜਬੜੀਆਂ ਸਾਹਮਣੇ ਆਈਆਂ ਹਨ।

ਇਨ੍ਹਾਂ ਖੁਲਾਸਿਆਂ ਤੋਂ ਬਾਅਦ ਐਪਲਬਾਏ ਨੇ ਪ੍ਰਤੀਕਰਮ ਦਿੰਦਿਆਂ ਕਿਹਾ ਹੈ, "ਅਸੀਂ ਇਸ ਗੱਲ ਨਾਲ ਸੰਤੁਸ਼ਟ ਹਾਂ ਕਿ ਨਾ ਤਾਂ ਸਾਡੇ ਪੱਖੋ ਤੇ ਨਾ ਹੀ ਸਾਡੇ ਗਾਹਕਾਂ ਪੱਖੋ ਕਿਸੇ ਤਰੀਕੇ ਦੀ ਗੜਬੜੀ ਦਾ ਕੋਈ ਸਬੂਤ ਹੈ। ਅਸੀਂ ਕਿਸੇ ਤਰੀਕੇ ਦਾ ਗੈਰਕਨੂੰਨੀ ਕੰਮ ਬਰਦਾਸ਼ਤ ਨਹੀਂ ਕਰਦੇ।

**ਕੀ ਹੈ ਦੇਸ ਤੋਂ ਬਾਹਰ ਨਿਵੇਸ਼ ਦਾ ਮਤਲਬ ?**

ਆਫਸ਼ੋਰ ਨਿਵੇਸ਼ ਅਜਿਹਾ ਨਿਵੇਸ਼ ਹੈ ਜਿਸ ਵਿੱਚ ਤੁਸੀਂ ਆਪਣੇ ਮੁਲਕ ਤੋਂ ਬਾਹਰ ਉਨ੍ਹਾਂ ਕੰਪਨੀਆਂ ਵਿੱਚ ਕਰਦੇ ਹੋ ਜੋ ਤੁਹਾਡੇ ਪੈਸੇ, ਜਾਇਦਾਦ ਤੇ ਮੁਨਾਫ਼ੇ ਨੂੰ ਉੱਥੇ ਨਿਵੇਸ਼ ਕਰਦੀਆਂ ਹਨ ਜਿੱਥੇ ਟੈਕਸ ਦਾ ਜ਼ਿਆਦਾ ਤੋਂ ਜ਼ਿਆਦਾ ਪੈਸਾ ਬਚਾਇਆ ਜਾ ਸਕੇ।

ਆਮ ਆਦਮੀ ਦੇ ਸਮਝਣ ਦੇ ਲਈ ਇਹ ਉਹ ਥਾਵਾਂ ਹਨ ਜਿੱਥੇ ਜਾਂ ਤਾਂ ਟੈਕਸ ਲੱਗਦਾ ਹੀ ਨਹੀਂ ਜਾਂ ਟੈਕਸ ਦੀਆਂ ਖਾਸ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਸਨਅਤ ਦੀ ਭਾਸ਼ਾ ਵਿੱਚ ਇਸਨੂੰ ਟੈਕਸ ਤੋਂ ਬੱਚ ਕੇ ਨਿਵੇਸ਼ ਕਰਨ ਦੇ ਕੇਂਦਰਾਂ ਵਜੋਂ ਜਾਣਿਆ ਜਾਂਦਾ ਹੈ। ਜ਼ਿਆਦਾਤਰ ਇਹ ਸਥਿਰ ਭਰੋਸੇਮੰਦ ਤੇ ਗੁਪਤ ਹੁੰਦੇ ਹਨ।

ਪੂਰੇ ਤਰੀਕੇ ਨਾਲ ਨਹੀਂ ਪਰ ਜ਼ਿਆਦਾਤਰ ਇਹ ਨਿਵੇਸ਼ ਛੋਟੇ ਟਾਪੂਆਂ ਵਿੱਚ ਕੀਤਾ ਜਾਂਦਾ ਹੈ। ਨਿਵੇਸ਼ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿੱਥੇ ਜ਼ਿਆਦਾ ਸਖ਼ਤੀ ਹੈ ਤੇ ਕਿੱਥੇ ਜ਼ਿਆਦਾ ਰਿਆਇਤ।

ਯੂ.ਕੇ. ਇਸ ਸਨਅਤ ਦਾ ਵੱਡਾ ਖਿਡਾਰੀ ਹੈ। ਸਿਰਫ਼ ਇਸਲਈ ਨਹੀਂ ਕਿ ਯੂ.ਕੇ. ਦਾ ਵੱਡਾ ਨਿਵੇਸ਼ ਦੇਸ ਤੋਂ ਬਾਹਰ ਹੈ, ਇਸ ਲਈ ਵੀ ਕਿ ਆਫ਼ਸ਼ਿਓਰ ਨਿਵੇਸ਼ ਨਾਲ ਜੁੜੇ ਕਈ ਵਕੀਲ, ਲੇਖਾਕਾਰ ਤੇ ਬੈਂਕਰ ਲੰਡਨ ਸ਼ਹਿਰ ਵਿੱਚ ਹੀ ਹਨ।

ਪੈਰਾਡਾਈਸ ਪੇਪਰਸ ਵਿੱਚ ਖੁਲਾਸੇ ਵੱਡੇ ਅਮੀਰ ਲੋਕਾਂ ਬਾਰੇ ਵੀ ਹਨ। ਕੈਪਿਟਲ ਵਿਦਾਊਟ ਬਾਰਡਰਸ:ਵੈੱਲਥ ਮੈਨੇਜਰਸ ਐਂਡ ਵਨ ਪਰਸੈਂਟ ਦੀ ਲੇਖਕ ਬਰੁੱਕ ਹੈਰਿੰਗਟਨ ਮੁਤਾਬਕ ਆਫਸ਼ੋਰ ਨਿਵੇਸ਼ 1% ਲਈ ਨਹੀਂ ਬਲਕਿ 0.001% ਲਈ ਹੈ। ਉਨ੍ਹਾਂ ਕਿਹਾ ਕਿ ਆਫਸ਼ੋਰ ਨਿਵੇਸ਼ ਦੇ ਫੀਸ ਦੇਣ ਲਈ 500,000 ਡਾਲਰ ਵੀ ਘੱਟ ਹਨ।

ਇਸ ਪੂਰੇ ਮਾਮਲੇ ਵਿੱਚ ਕਾਫ਼ੀ ਕੈਸ਼ ਦੀ ਸ਼ਮੂਲੀਅਤ ਹੈ। ਬੌਸਟਨ ਕੰਸਲਟਿੰਗ ਗਰੁੱਪ ਮੁਤਾਬਕ 10 ਟ੍ਰੀਲੀਅਨ ਡਾਲਰ ਦਾ ਨਿਵੇਸ਼ ਆਫਸ਼ੋਰ ਵਿੱਚ ਹੈ ਜੋ ਯੂ.ਕੇ., ਜਾਪਾਨ ਤੇ ਫਰਾਂਸ ਦੇ ਕੁਲ ਜੀਡੀਪੀ ਦੇ ਬਰਾਬਰ ਹੈ। ਇਹ ਅੰਕੜੇ ਅੰਦਾਜ਼ੇ ਤੋਂ ਵੱਧ ਵੀ ਹੋ ਸਕਦੇ ਹਨ।



ਆਫਸ਼ੋਰ ਨਿਵੇਸ਼ ਦੇ ਆਲੋਚਕਾਂ ਮੁਤਾਬਕ ਇਸ ਵਿੱਚ ਸਭ ਗੁਪਤ ਤਰੀਕੇ ਨਾਲ ਹੁੰਦਾ ਹੈ ਜੋ ਗੈਰਕਨੂੰਨੀ ਗਤੀਵਿਧੀਆਂ ਤੇ ਨਾਬਰਾਬਰੀ ਨੂੰ ਵਧਾਵਾ ਦਿੰਦਾ ਹੈ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਸਰਕਾਰਾਂ ਵੱਲੋਂ ਸੁਸਤ ਰਫ਼ਤਾਰ ਨਾਲ ਹੀ ਕਾਰਵਾਈ ਕੀਤੀ ਜਾਂਦੀ ਹੈ ਜੋ ਕਾਫ਼ੀ ਵਾਰ ਬੇਅਸਰ ਵੀ ਹੁੰਦੀ ਹੈ। ਬਰੁੱਕ ਹੈਰਿੰਗਟਨ ਮੁਤਾਬਕ ਜੇ ਅਮੀਰ ਲੋਕ ਟੈਕਸ ਬਚਾ ਰਹੇ ਹਨ ਤਾਂ ਗਰੀਬਾਂ ਤੇ ਇਸਦਾ ਭਾਰ ਪਏਗਾ। ਸਰਕਾਰਾਂ ਨੂੰ ਜ਼ਿਆਦਾ ਕੰਮ ਨਹੀਂ ਕਰਨਾ ਪੈਂਦਾ, ਜੋ ਉਨ੍ਹਾਂ ਨੂੰ ਅਮੀਰਾਂ ਤੇ ਕੰਪਨੀਆਂ ਤੋਂ ਨੁਕਸਾਨ ਹੁੰਦਾ ਹੈ, ਉਹ ਨੁਕਸਾਨ ਸਾਡੇ ਤੋਂ ਪੂਰਾ ਕਰ ਲਿਆ ਜਾਂਦਾ ਹੈ।

ਯੂ.ਕੇ. ਲੇਬਰ ਐੱਮਪੀ ਅਤੇ ਚੇਅਰ ਆਫ ਪਬਲਿਕ ਐਕਾਊਂਟਸ ਕਮੇਟੀ ਮੈੱਗ ਹਿਲੀਅਰ ਮੁਤਬਾਕ, "ਸਾਨੂੰ ਇਹ ਦੇਖਣਾ ਹੋਵੇਗਾ ਕਿ ਦੇਸ ਤੋਂ ਬਾਹਰ ਕੀ ਨਿਵੇਸ਼ ਹੋ ਰਿਹਾ ਹੈ। ਜੇ ਦੇਸ ਤੋਂ ਬਾਹਰਲਾ ਨਿਵੇਸ਼ ਗੁਪਤ ਨਾ ਹੋਵੇ ਤਾਂ ਇਹ ਸਭ ਕੁਝ ਨਾ ਹੋਵੇ। ਇਸ ਪੂਰੇ ਮਸਲੇ 'ਤੇ ਪਾਰਦਰਸ਼ਿਤਾ ਦੀ ਲੋੜ ਹੈ।"

**ਆਫਸ਼ੋਰ ਨਿਵੇਸ਼ ਦੇ ਬਚਾਅ ਵਿੱਚ ਤਰਕ :** ਆਫਸ਼ੋਰ ਕੇਂਦਰਾਂ ਮੁਤਾਬਕ ਦੇ ਉਹ ਨਹੀਂ ਹੁੰਦੇ ਤਾਂ ਸਰਕਾਰ ਨੂੰ ਟੈਕਸ ਲਾਉਣ ਤੋਂ ਨਹੀਂ ਰੋਕਿਆ ਜਾ ਸਕਦਾ ਸੀ। ਉਨ੍ਹਾਂ ਮੁਤਾਬਕ ਉਹ ਕੈਸ਼ ਦੇ ਢੇਰ 'ਤੇ ਨਹੀਂ ਬੈਠੇ ਹਨ ਸਗੋਂ ਉਹ ਏਜੰਟ ਵਜੋਂ ਪੈਸੇ ਨੂੰ ਪੂਰੀ ਦੁਨੀਆਂ ਵਿੱਚ ਪਹੁੰਚਾ ਰਹੇ ਹਨ।

ਬਰਮੂਡਾ ਦੇ ਸਾਬਕਾ ਖ਼ਜ਼ਾਨਾ ਮੰਤਰੀ ਬੌਬ ਰਿਚਰਡਸ ਦਾ ਜਦੋਂ ਬੀਬੀਸੀ ਪੈਨੋਰਮਾ ਨੇ ਆਪਣੇ ਪ੍ਰੋਗਰਾਮ ਲਈ ਇੰਟਰਵਿਊ ਕੀਤਾ ਜਿਸ ਵਿੱਚ ਉਨ੍ਹਾਂ ਕਿਹਾ ਕਿ ਦੂਜੇ ਮੁਲਕਾਂ ਦਾ ਟੈਕਸ ਇੱਕਠਾ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਸੀ ਅਤੇ ਉਸ ਬਾਰੇ ਉਨ੍ਹਾਂ ਨੂੰ ਆਪ ਕਾਰਵਾਈ ਕਰਨੀ ਚਾਹੀਦੀ ਹੈ।

ਬੌਬ ਅਤੇ ਆਈਲ ਆਫ ਮੈਨ ਦੇ ਮੁੱਖ ਮੰਤਰੀ ਹੌਵਅਰਡ ਕੁਆਇਲ, ਜਿਨ੍ਹਾਂ ਵੀ ਇੰਟਰਵਿਊ ਪੈਨੋਰਮਾ ਲਈ ਕੀਤਾ ਗਿਆ ਸੀ ਅਤੇ ਕਰਾਊਨ ਡਿਪੈਨਡੈਂਸੀ ਨੇ ਖੁਲਾਸਿਆਂ ਵਿੱਚ ਵੱਡਾ ਰੋਲ ਅਦਾ ਕੀਤਾ। ਦੋਹਾਂ ਨੇ ਆਪਣੇ ਖੇਤਰਾਂ ਨੂੰ ਟੈਕਸ ਤੋਂ ਬਚਣ ਦੀਆਂ ਥਾਵਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਮੁਤਾਬਕ ਉਹ ਸਾਰੇ ਨੇਮਾਂ ਦੀ ਪਾਲਣਾ ਕਰਦੇ ਹਨ ਨਾਲ ਹੀ ਕੌਮਾਂਤਰੀ ਵਿੱਤੀ ਨੇਮਾਂ ਦੇ ਪਾਰੇ 'ਤੇ ਖਰੇ ਉੱਤਰਦੇ ਹਨ।

ਪੈਰਾਡਾਈਸ ਪੇਪਰ- ਇਹ ਵੱਡੀ ਗਿਣਤੀ ਵਿੱਚ ਲੀਕ ਦਸਤਾਵੇਜ਼ ਹਨ। ਜਿਨ੍ਹਾਂ ਵਿੱਚ ਜ਼ਿਆਦਾਤਰ ਦਸਤਾਵੇਜ਼ ਆਫਸ਼ੋਰ ਕਨੂੰਨੀ ਫਰਮ ਐੱਪਲਬਾਏ ਨਾਲ ਸਬੰਧਿਤ ਹਨ। ਇਨ੍ਹਾਂ ਵਿੱਚ 19 ਟੈਕਸ ਖੇਤਰਾਂ ਦੀਆਂ ਕਾਰਪੋਰੇਟ ਰਜਿਸਟ੍ਰੀਸ ਵੀ ਸ਼ਾਮਲ ਹਨ। 1.34 ਕਰੋੜ ਦਸਤਾਵੇਜ਼ਾਂ ਨੂੰ ਜਰਮਨ ਅਖ਼ਬਾਰ ਨੇ ਹਾਸਲ ਕੀਤਾ ਹੈ ਅਤੇ ਇਸ ਨੂੰ "ਇੰਟਰਨੈਸ਼ਨਲ ਕੰਸੌਰਟੀਅਮ ਆਫ ਇੰਵੈਸਟੀਗੇਟਿਵ ਜਰਨਅਲਿਸਟਸ" ਨਾਲ ਸਾਂਝਾ ਕੀਤਾ ਹੈ। 67 ਦੇਸਾਂ ਦੇ ਕਰੀਬ 100 ਮੀਡੀਆ ਅਦਾਰੇ ਇਸ ਵਿੱਚ ਸ਼ਾਮਿਲ ਹਨ। ਜਿਸ ਵਿੱਚ ਗਾਰਡੀਅਨ ਵੀ ਹੈ।

ਬੀਬੀਸੀ ਵੱਲੋਂ ਪੈਨੋਰਮਾ ਦੀ ਟੀਮ ਇਸ ਸਾਲ ਮੁਹਿੰਮ ਨਾਲ ਜੁੜੀ ਹੈ। ਬੀਬੀਸੀ ਨੂੰ ਇਨ੍ਹਾਂ ਦਸਤਾਵੇਜ਼ਾਂ ਨੂੰ ਮੁਹੱਈਆ ਕਰਵਾਉਣ ਵਾਲੇ ਸਰੋਤਾਂ ਬਾਰੇ ਜਾਣਕਾਰੀ ਨਹੀਂ ਹੈ।



# ਮੈਂ ਕੈਨੇਡੀਅਨ ਕਿੱਦਾਂ ਬਣਿਆ



ਹੈਲਨ ਪੌਟਰੇਬੈਂਕੋ

ਹੈਲਨ ਪੋਟਰੇਬੈਂਕੋ ਵੈਨਕੂਵਰ ਦੀ ਜਾਣੀ ਪਛਾਣੀ ਦ੍ਰਿੜ ਇਰਾਦੇ ਵਾਲੀ ਅਗਾਂਹਵਧੂ ਲੇਖਕਾ ਹੈ। ਉਹ ਜੂਨ 21, 1940 ਨੂੰ ਅਲਬਰਟਾ ਦੇ ਸ਼ਹਿਰ ਵੋਕਿੰਗ ਵਿਚ ਯੁਕਰੇਨੀਅਨ ਪਿਛੋਕੜ ਦੇ ਮਾਪਿਆਂ ਘਰ ਪੈਦਾ ਹੋਈ ਸੀ। ਵੈਨਕੂਵਰ ਯੂਨੀਵਰਸਿਟੀ ਵਿਚ ਪੜ੍ਹਾਈ ਕਰਨ ਆਈ ਹੈਲਨ ਨੇ 1975 ਵਿਚ ਏਥੋਂ ਦੀ ਇਕ ਔਰਤ ਟੈਕਸੀ ਚਾਲਕ ਬਾਰੇ 'ਟੈਕਸੀ' ਨਾਂ ਦਾ ਨਾਵਲ ਲਿਖ ਕੇ ਲੋਕਾਂ ਦਾ ਧਿਆਨ ਖਿੱਚਿਆ। ਨਾਵਲ ਵਿਚ ਉਸ ਨੇ ਔਰਤ ਨੂੰ ਇਸ ਕੰਮ ਵਿਚ ਆਉਂਦੀਆਂ ਮੁਸ਼ਕਲਾਂ ਬਾਰੇ ਲਿਖਿਆ ਜੋ ਉਸ ਸਮੇਂ ਆਪਣੇ ਆਪ ਵਿਚ ਇਕ ਨਿਵੇਕਲਾ ਕਦਮ ਸੀ। ਉਸ ਨੇ 1979 ਵਿਚ 'ਏ ਫਲਾਈਟ ਆਫ ਐਵਰੇਜ ਪਰਸਨਜ਼' ਨਾਂ ਦੀ ਕਿਤਾਬ ਵਿਚ ਕਵਿਤਾ, ਕਹਾਣੀ ਤੇ ਵਾਰਤਕ ਰਾਹੀਂ ਮਜ਼ਦੂਰ ਜਮਾਤ ਦੀਆਂ ਮੁਸ਼ਕਲਾਂ, ਖਾਸ ਕਰ ਇਕ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਾਹਮਣੇ ਲਿਆਂਦਾ। ਉਹਦੇ ਬਾਰੇ ਕਿਹਾ ਜਾਂਦਾ ਹੈ ਕਿ, "ਹੈਲਨ ਪੋਟਰੇਬੈਂਕੋ ਨਾਰੀਵਾਦੀ (ਫੈਮਿਨਿਸਟ) ਹੈ ਪਰ ਫੈਮਿਨਿਸਟ ਉਹਦੇ ਨਾਲ ਹਰ ਵੇਲੇ ਸਹਿਮਤ ਨਹੀਂ ਹੁੰਦੀਆਂ/ਹੁੰਦੇ; ਉਹ ਸਮਾਜਵਾਦੀ ਹੈ, ਪਰ ਖੱਬੇਪੱਖੀ ਕਈ ਵਾਰੀ ਉਹਨੂੰ ਆਪਣਾ ਮੰਨਣ ਵਿਚ ਔਖ ਮਹਿਸੂਸ ਕਰਦੇ ਹਨ।"

'ਮੈਂ ਕਨੇਡੀਅਨ ਕਿੱਦਾਂ ਬਣਿਆਂ' ਉਸ ਦੀ ਕਿਤਾਬ 'ਏ ਫਲਾਈਟ ਆਫ ਐਵਰੇਜ ਪਰਸਨਜ਼' ਵਿਚੋਂ ਲਿਆ ਗਿਆ ਹੈ। ਹੈਲਨ ਆਪਣੇ ਪਿਓ ਨਾਲ ਕੀਤੀਆਂ ਗੱਲਾਂ ਰਾਹੀਂ 1930ਵਿਆਂ ਦੌਰਾਨ ਯੁਕਰੇਨ ਤੋਂ ਆਉਣ ਵਾਲੇ ਆਵਾਸੀਆਂ ਦੇ ਕਨੇਡਾ ਵਿਚਲੇ ਕਠਨਾਈਆਂ ਭਰੇ ਜੀਵਨ ਬਾਰੇ ਦੱਸਦੀ ਹੈ। ਸੋਮਾ: **(https://bcbooklook.com/2016/01/26/82-helen-potrebenko/)**

ਕੈਨੇਡਾ ਇਸ ਵਰ੍ਹੇ ਆਪਣੀ ਹੋਂਦ ਦੀ 150ਵੀਂ ਵਰ੍ਹੇ ਗੰਢ ਮੰਨਾ ਰਿਹਾ ਹੈ। ਇਹ ਸ਼ਾਇਦ ਢੁੱਕਵਾਂ ਮੌਕਾ ਹੈ ਕਿ ਅਸੀਂ ਕੈਨੇਡਾ ਦੇ ਇਤਿਹਾਸ ਵਿਚ ਦੂਜੇ ਲੋਕਾਂ ਨੂੰ ਆਈਆਂ ਮੁਸ਼ਕਲਾਂ ਬਾਰੇ ਵੀ ਜਾਣੀਏ। ਇਸ ਡੇਢ੍ਹ ਸੌ ਵਰ੍ਹੇ ਵਿਚ ਵੱਖਰੇ ਵੱਖਰੇ ਪਿਛੋਕੜਾਂ ਦੇ ਲੋਕਾਂ ਨੇ ਮਜ਼ਦੂਰ ਜਮਾਤ ਦਾ ਹਿੱਸਾ ਬਣ ਕੇ ਤੇ ਲਗਾਤਾਰ ਸੰਘਰਸ਼ ਕਰਕੇ ਕਨੇਡੀਅਨ ਸਮਾਜ ਨੂੰ ਚੰਗੇ ਪਾਸੇ ਵਲ ਨੂੰ ਤੋਰਿਆ ਹੈ। ਨਿਰਸੰਦੇਹ ਇਸ ਵਿਚ ਸਾਡੇ ਭਾਈਚਾਰੇ ਦਾ ਵੀ ਵੱਡਮੁੱਲਾ ਯੋਗਦਾਨ ਹੈ ਪਰ ਦੂਜੇ ਭਾਈਚਾਰਿਆਂ ਬਾਰੇ ਗਿਆਨ ਹਾਸਲ ਕਰਕੇ ਅਸੀਂ ਹੋਰ ਵੀ ਇਸ ਬਹੁ-ਸਭਿਆਚਾਰਕ ਭਾਈਚਾਰੇ ਦਾ ਹਿੱਸਾ ਮਹਿਸੂਸ ਕਰ ਸਕਦੇ ਹਾਂ। ਸੋਮਾ: - ਅਨੁਵਾਦਕ

ਯੁਕਰੇਨੀਅਨ ਕਨੇਡੀਅਨਾਂ ਦੇ ਇਤਿਹਾਸ ਨੂੰ ਖੋਜਣ ਵਿਚ ਮੇਰੀ ਦਿਲਚਸਪੀ ਉਦੋਂ ਸ਼ੁਰੂ ਹੋਈ ਜਦੋਂ ਮੈਂ ਆਪਣੇ ਪਿਓ ਲਈ ਬੁਢਾਪਾ ਪੈਨਸ਼ਨ ਦੀ ਅਰਜੀ ਭਰਨ ਲੱਗੀ। ਉਹਨੇ ਮੈਨੂੰ ਕਿਹਾ ਕਿ ਮੈਂ (ਸਰਕਾਰ ਨੂੰ) ਇਹ ਦੱਸਣ ਲਈ ਖਤ ਲਿਖਾਂ ਕਿ ਉਹਦਾ ਮੌਲਿਕ ਪਾਸਪੋਰਟ ਉਹਦੇ ਕੋਲ਼ੋਂ ਉਦੋਂ ਲੈ ਲਿਆ ਗਿਆ ਸੀ ਜਦੋਂ ਉਹਨੂੰ ਦੇਸ ਨਿਕਾਲਾ ਦੇਣ ਲੱਗੇ ਸਨ ਤੇ ਵਾਪਸ ਨਹੀਂ ਸੀ ਮੋੜਿਆ ਗਿਆ ਜਦੋਂ ਉਹਨੂੰ ਦੇਸ ਦਾ ਵਾਸੀ (ਨੈਚੁਰਲਾਈਜ਼) ਮੰਨ ਲਿਆ ਗਿਆ ਸੀ।

ਉਹ ਤੈਨੂੰ ਇਕੋ ਵੇਲੇ ਦੇਸ ਨਿਕਾਲਾ ਦੇਣ ਦਾ ਤੇ ਨਾਲ਼ ਹੀ ਸਿਟੀਜ਼ਨਸ਼ਿੱਪ ਦੇਣ ਦਾ ਕਿੱਦਾਂ ਫੈਸਲਾ ਕਰ ਸਕਦੇ ਹਨ? ਮੈਂ ਉਹਨੂੰ ਪੁੱਛਿਆ।

**ਤੈਨੂੰ ਪਤਾ ਜ਼ੋਰਨਾ ਕੀ ਹੈ?**

(ਜ਼ੋਰਨਾ ਤੇ ਇਸ ਕਹਾਣੀ ਵਿਚ ਵਰਤੇ ਗਏ ਕੁਝ ਹੋਰ ਸ਼ਬਦ ਯੁਕਰੇਨੀਅਨ ਭਾਸ਼ਾ ਦੇ ਹਨ। ਜ਼ੋਰਨਾ ਆਟਾ ਪੀਹਣ ਵਾਲ਼ੀ ਪੱਥਰ ਦੇ ਦੋ ਪੁੜਾਂ ਵਾਲ਼ੀ ਚੱਕੀ ਦਾ ਨਾਂ ਹੈ।)

ਹਾਂ ... ਜਦੋਂ ਮੈਂ ਨਿੱਕੀ ਜਿਹੀ ਹੁੰਦੀ ਸੀ ਤਾਂ ਆਪਣੇ ਖੇਤਾਂ (ਫਾਰਮ) ਵਿਚ ਇਕ ਵੱਡਾ ਸਾਰਾ ਪੱਥਰ ਪਿਆ ਹੁੰਦਾ ਸੀ ਪਰ ਮੈਨੂੰ ਇਸ ਦਾ ਕੋਈ ਇਲਮ ਨਹੀਂ ਕਿ ਉਹ ਕਾਹਦੇ ਲਈ ਸੀ।

ਉਹ ਤਾਂ ਇਕ ਹਿੱਸਾ ਹੀ ਸੀ। ਉਹਦੇ ਨਾਲ਼ ਦੇ ਦੂਜੇ ਹਿੱਸਿਆਂ ਨੂੰ ਕੀ ਹੋਇਆ?

ਮੈਨੂੰ ਨਹੀਂ ਪਤਾ। ਪਰ ਇਹਦਾ ਤੇਰੇ ਕਨੇਡੀਅਨ ਬਣਨ ਨਾਲ਼ ਕੀ ਸਬੰਧ ਹੈ?

ਜੇ ਤੂੰ ਮੇਰੀ ਗੱਲ ਸੁਣਦੀ ਰਹੀ ਤਾਂ ਹੌਲੀ ਹੌਲੀ ਉਹਦੇ ਬਾਰੇ ਵੀ ਦੱਸਾਂਗਾ। ਪਰ ਪਹਿਲਾਂ ਤੈਨੂੰ ਮੈਂ ਜ਼ੋਰਨਾ ਬਾਰੇ ਦੱਸੂੰਗਾ ਕਿ ਕੀ ਸ਼ੈਅ ਹੁੰਦੀ ਹੈ। ਪਹਿਲਾਂ ਤੁਸੀਂ ਕਾਲਡੂਬ ਨਾਲ਼ ਸ਼ੁਰੂ ਕਰਦੇ ਹੋ ਜਿਹੜਾ ਕਿ ਅੰਦਰੋਂ ਖੋਖਲਾ ਕੀਤਾ ਲੱਕੜੀ ਦਾ ਟੁਕੜਾ ਹੁੰਦਾ ਹੈ ਤੇ ਬਣਾਉਣਾ ਸੁਖਾਲਾ ਹੀ ਹੁੰਦਾ ਹੈ। ਉਸ ਉੱਪਰ ਤੁਸੀਂ ਇਕ ਪੱਥਰ ਟਿਕਾਉਂਦੇ ਹੋ ਜੋ ਕਿ ਪੱਥਰ ਵਿਚਲੀ ਗਲ਼ੀ ਵਿਚ ਫਿੱਟ ਹੋ ਜਾਂਦਾ ਹੈ। ਉਹ ਪੱਥਰ ਕੋਈ ਢਾਈ ਕੁ ਫੁੱਟ ਘੇਰੇ ਵਾਲ਼ਾ ਤੇ ਚਾਰ ਕੁ ਇੰਚ ਮੋਟਾ ਹੁੰਦਾ ਹੈ। ਇਹ ਪੱਥਰ ਬਹੁਤਾ ਸਖਤ ਵੀ ਨਹੀਂ ਹੋ ਸਕਦਾ ਕਿਉਂਕਿ ਫੇਰ ਉਹਨੂੰ ਚਲਾਉਣਾ ਔਖਾ ਹੁੰਦਾ ਹੈ ਤੇ ਨਾ ਹੀ ਬਹੁਤਾ ਨਰਮ ਕਿਉਂਕਿ ਫੇਰ ਉਹ ਭੁਰ ਭੁਰ ਕੇ ਆਟੇ ਵਿਚ ਰਲਣ ਲੱਗ ਪੈਂਦਾ ਹੈ। ਇਸ ਪੱਥਰ ਦਾ ਉੱਪਰਲਾ ਸਿਰਾ ਛੈਣੀ ਨਾਲ਼ ਜਾਂ ਮੌਲਟੂਕ ਨਾਲ਼ ਖੁਰਦਰਾ ਕੀਤਾ ਹੁੰਦਾ ਹੈ। ਫੇਰ ਤੁਹਾਨੂੰ ਪੱਥਰ ਦੇ ਕੇਂਦਰ ਵਿਚ ਇਕ ਗਲ਼ੀ ਕੱਢਣੀ ਪੈਂਦੀ ਹੈ ਜਿਹੜੀ ਤੁਸੀਂ ਬਹੁਤ ਮਿਹਨਤ ਨਾਲ਼ ਤੇ ਮੌਲਟੂਕ ਨਾਲ਼ ਕੱਢਦੇ ਹੋ। ਇਸ ਗਲ਼ੀ ਵਿਚ ਦੀ ਵਰਟੀਓਨੌਕ ਫਸਾਈ ਹੁੰਦੀ ਹੈ ਜਿਹੜੀ ਕਿ ਕਾਲਡੂਬ ਦੇ ਥੱਲੇ ਵਾਲ਼ੀ ਸਖਤ ਲੱਕੜੀ ਉੱਪਰ ਖੜੀ ਕੀਤੀ ਹੁੰਦੀ ਹੈ ਪਰ ਉਸ ਦੇ ਥੱਲੇ ਕਲੀਨੌਕ ਹੁੰਦੀ ਹੈ।

**ਕਲੀਨੌਕ ਕੀ ਹੁੰਦੀ ਹੈ?**

ਕਲੀਨੌਕ ਕੀਲੇ ਵਰਗੀ ਲੱਕੜੀ ਹੁੰਦੀ ਹੈ। ਉੱਪਰਲਾ ਪੱਥਰ ਵੱਡਾ ਹੁੰਦਾ ਹੈ ਤੇ ਜਿੱਦਾਂ ਮੈਂ ਪਹਿਲਾਂ ਕਿਹਾ, ਹੋਣਾ ਬਿਲਕੁਲ ਸਹੀ ਕਿਸਮ ਦਾ ਚਾਹੀਦਾ ਹੈ - ਨਾ ਬਹੁਤਾ ਸਖਤ ਤੇ ਨਾ ਹੀ ਬਹੁਤਾ ਨਰਮ - ਇਹ ਚੀਜ਼ਾਂ ਬੜੀਆਂ ਔਖੀਆਂ ਮਿਲਦੀਆਂ ਸਨ। ਇਸ ਪੱਥਰ ਦੇ ਵਿਚਾਲੇ ਵੀ ਇਕ ਗਲ਼ੀ ਹੁੰਦੀ ਹੈ ਅਤੇ ਇਸ ਦੇ ਥੱਲੇ ਵਰਟੀਓਨੌਕ ਫਸਾਉਣ ਲਈ ਇਕ ਲੋਹੇ ਦੀ ਜਾਲ਼ੀ ਜਿਹੀ। ਇਹ ਵਰਟੀਓਨੌਕ ਉੱਪਰਲੇ ਪੱਥਰ ਨੂੰ ਸਥਾਈ ਰੱਖਣ ਵਿਚ ਸਹਾਈ ਹੁੰਦੀ ਹੈ। ਜੇ ਆਟਾ ਮੋਟਾ ਪੀਹਣਾ ਹੋਵੇ ਤਾਂ ਕਲਾਈਨੌਕ ਨੂੰ ਉੱਪਰ ਨੂੰ ਕਰ ਦਿੱਤਾ ਜਾਂਦਾ ਹੈ ਤੇ ਜੇ ਆਟਾ ਬਰੀਕ ਪੀਹਣਾ ਹੋਵੇ ਤਾਂ ਕਲੀਨੌਕ ਨੂੰ ਥੱਲੇ ਖਿਸਕਾ ਦਿੱਤਾ ਜਾਂਦਾ।

ਮੇਰੇ ਪਿਓ ਨੇ ਆਪਣੀ ਗੱਲ ਜ਼ਾਰੀ ਰੱਖਦਿਆਂ ਕਿਹਾ, ਜਦੋਂ ਦਾਣੇ ਪੀਹਣੇ ਹੁੰਦੇ ਤਾਂ ਜ਼ੋਰਨੇ ਨੂੰ ਛੱਤ ਵਿਚਲੀ ਗਲ਼ੀ ਦੇ ਥੱਲੇ ਖੜ੍ਹਾ ਕਰ ਦਿੰਦੇ ਹਨ, ਜਿਹੜੀ ਕਿ ਲੱਠ ਦੇ ਫਿੱਟ ਹੋਣ ਲਈ ਸਹੀ ਨਾਪ ਦੀ ਹੁੰਦੀ ਹੈ। ਇਸ ਲੱਠ ਦੇ ਹੇਠਲੇ ਹਿਸੇ ਨੂੰ ਉੱਪਰਲੇ ਪੱਥਰ ਦੇ ਨਾਲ਼ ਲਾ ਦਿੱਤਾ ਜਾਂਦਾ ਤੇ ਫੇਰ ਜਦੋਂ ਤੁਸੀਂ ਉਸ ਲੱਠ ਨੂੰ ਘੁੰਮਾਉਂਦੇ ਹੋ ਤਾਂ ਉਹਦੇ ਨਾਲ਼ ਪੱਥਰ ਵੀ ਘੁੰਮਦਾ ਹੈ। ਇਕ ਹੱਥ ਨਾਲ਼ ਤੁਸੀਂ ਲਗਾਤਾਰ ਪੱਥਰ ਨੂੰ ਘੁੰਮਾਉਂਦੇ ਤੇ ਦੂਜੇ ਨਾਲ਼ ਤੁਸੀਂ ਕੇਂਦਰ ਵਿਚਲੀ ਗਲ਼ੀ ਵਿਚ ਦਾਣੇ ਪਾਉਂਦੇ ਰਹਿੰਦੇ। ਠੀਕ ਤਰ੍ਹਾਂ ਆਟਾ ਪੀਹਣ ਵਾਸਤੇ ਜ਼ਰੂਰੀ ਹੈ ਕਿ ਤੁਸੀਂ ਪੱਥਰ ਨੂੰ ਇਕਸਾਰਤਾ ਨਾਲ਼ ਘੁੰਮਾਓ। ਆਟਾ ਥੱਲੇ ਵਾਲ਼ੇ ਪੱਥਰ ਵਿਚਲੀ ਗਲ਼ੀ ਰਾਹੀਂ ਕਾਲਡੂਬ ਵਿਚ ਡਿੱਗਦਾ ਰਹਿੰਦਾ। ਕਾਲਡੂਬ ਦੇ ਇਕ ਪਾਸੇ ਆਟੇ ਦੇ ਬਾਹਰ ਡਿੱਗਣ ਲਈ ਇਕ ਗਲ਼ੀ ਹੁੰਦੀ ਹੈ ਜਿਹਦੇ ਵਿਚ ਦੀ ਆਟਾ ਲਗਾਤਾਰ ਬਾਹਰ ਡਿੱਗਦਾ ਰਹਿੰਦਾ।

ਇਹ ਕੰਮ ਔਰਤਾਂ ਦਾ ਹੁੰਦਾ ਸੀ ਪਰ ਜਦੋਂ ਮੈਂ ਚੜ੍ਹਦੀ ਉਮਰੇ ਸੀ ਤਾਂ ਮੈਂ ਆਟਾ ਪੀਹਣ ਵਿਚ ਆਪਣੀ ਮਾਂ ਦੀ ਮੱਦਦ ਕਰਦਾ। ਮੈਂ ਆਪਣੀ ਪੈਂਟ ਲਾਹ ਦਿੰਦਾ ਤੇ ਜਦੋਂ ਮੈਂ ਲੱਠ ਘੁੰਮਾਉਣ ਲਈ ਆਪਣੀ ਬਾਂਹ ਹਿਲਾਉਂਦਾ ਤਾਂ ਉਸ ਵੇਲੇ ਮੇਰੀ ਕਮੀਜ਼ ਨਾਲ਼ ਮੇਰੇ ਸਰੀਰ ਨੂੰ ਹਰ ਵਾਰੀ ਤਾਜ਼ੀ ਹਵਾ ਲਗਦੀ। ਇਹ ਕੰਮ ਬੜਾ ਔਖਾ ਸੀ ਤੇ ਸਮਾਂ ਵੀ ਬੜਾ ਲਗਦਾ।

ਕੀ ਅਸੀਂ ਅਜੇ ਕਨੇਡਾ ਦੀ ਗੱਲ ਤੱਕ ਪਹੁੰਚੇ ਕਿ ਨਹੀਂ?

ਹਾਂ। ਆਪਣੇ ਹੋਮਸਟਿੱਡ (ਸਰਕਾਰ ਵਲੋਂ ਮਿਲ਼ੀ ਥਾਂ) ਵਿਚ ਜਾਣ ਤੋਂ ਥੋੜ੍ਹੀ ਦੇਰ ਪਹਿਲਾਂ ਮੈਂ ਲੈਮੌਂਟ ਵਿਚ 1930 ਦੀ ਫਸਲ ਕੱਟਣ ਸਮੇਂ ਜਿਹੜੇ ਆਖਰੀ ਕਿਸਾਨ ਨਾਲ਼ ਕੰਮ ਕੀਤਾ ਸੀ ਉਹਨੇ ਮੈਨੂੰ ਆਪਣਾ ਜ਼ੋਰਨਾ ਦੇਣ ਦੀ ਪੇਸ਼ਕਸ਼ ਕੀਤੀ। ਉਹ ਪਹਿਲਾਂ ਆਏ ਹੋਏ ਆਵਾਸੀਆਂ ਵਿਚੋਂ ਸੀ ਤੇ ਉਹਨੂੰ ਹੁਣ ਜ਼ੋਰਨੇ ਦੀ ਲੋੜ ਨਹੀਂ ਸੀ ਰਹੀ। ਮੈਂ ਉਹਨੂੰ ਕਿਹਾ ਕਿ ਅਸੀਂ ਤਾਂ ਕਨੇਡਾ ਵਧੀਆ ਜੀਵਨ ਜੀਣ ਦੀ ਆਸ ਵਿਚ ਆਏ ਸੀ ਤੇ ਜੇ ਅਸੀਂ ਏਥੇ ਵੀ ਜ਼ੋਰਨੇ ਨਾਲ਼ ਹੀ ਆਟਾ ਪੀਹਣਾ ਸੀ ਤਾਂ ਇਹਦੇ ਨਾਲੋਂ ਤਾਂ ਅਸੀਂ ਨਾ ਹੀ ਆਉਂਦੇ। ਸੋ ਅਸੀਂ ਆਪਣੇ ਹੋਮਸਟਿੱਡ ਨੂੰ ਜ਼ੋਰਨੇ ਤੋਂ ਬਿਨਾਂ ਹੀ ਚਲੇ ਗਏ।

ਅਸੀਂ ਆਪਣੀ ਜ਼ਮੀਨ 'ਤੇ ਗਏ ਤੇ ਤੈਨੂੰ ਪਤਾ ਹੀ ਹੈ ਕਿ ਕਿਸ ਤਰ੍ਹਾਂ ਅਸੀਂ ਫਸਲਾਂ ਉਗਾਉਣ ਲਈ ਜ਼ਮੀਨ ਸਾਫ ਕੀਤੀ ਤੇ ਘਰ ਬਣਾਇਆ। ਆਪਣੇ ਕੋਲ਼ ਕੋਈ ਪੈਸਾ ਨਹੀਂ ਸੀ, ਕੋਈ ਮਸ਼ੀਨਰੀ ਨਹੀਂ ਸੀ, ਨਾ ਹੀ ਫਸਲ ਵੇਚਣ ਵਾਸਤੇ ਨੇੜੇ ਕੋਈ ਮੰਡੀ ਸੀ। ਅਸੀਂ ਬਿਨਾਂ ਕਿਸੇ ਔਜ਼ਾਰ ਦੇ ਹੱਥਾਂ ਨਾਲ ਹੀ ਗੁਜ਼ਾਰੇ ਜੋਗੀ ਜ਼ਮੀਨ ਸਾਫ ਕਰ ਲਈ ਸੀ। ਨਾਲ਼ ਇਹ ਵੀ ਗੱਲ ਹੈ ਕਿ ਤੀਹਵਿਆਂ ਦੌਰਾਨ ਫਸਲ ਉਦਾਂ ਹੀ ਬਹੁਤ ਘੱਟ ਹੁੰਦੀ ਸੀ। ਫੇਰ ਵੀ ਅਸੀਂ ਕੁਝ ਨਾ ਕੁਝ ਤਾਂ ਉਗਾ ਹੀ ਸਕਦੇ ਸਾਂ ਪਰ ਅਸੀਂ ਏਦਾਂ ਕੀਤਾ ਨਹੀਂ। ਇਸ ਕਰਕੇ ਮੈਨੂੰ ਹਰ ਸਾਲ ਬਾਹਰ ਕੰਮ ਦੀ ਭਾਲ ਵਿਚ ਜਾਣਾ ਪੈਂਦਾ। ਤੇਰੀ ਮਾਂ ਨੂੰ ਪਹਿਲਾਂ ਇਕ ਬੱਚੇ ਨਾਲ਼ ਫੇਰ ਦੋਂਹ ਨਾਲ਼ ਘਰ ਵਿਚ ਕੱਲੀ ਨੂੰ ਰਹਿਣਾ ਪਿਆ। ਤੈਨੂੰ ਘਰ ਦਾ ਚੇਤਾ ਹੈ ਨਾ, ਜਿਸ ਹਿੱਸੇ ਵਿਚ ਪਿੱਛੋਂ ਜਾ ਕੇ ਆਪਾਂ ਕੁੱਕੜ ਰੱਖਦੇ ਹੁੰਦੇ ਸੀ।

ਮੈਂ ਜਵਾਬ ਵਿਚ ਕਿਹਾ, ਹਾਂ ਮੈਨੂੰ ਚੇਤਾ ਹੈ ਅਤੇ ਮੇਰੇ ਖਿਆਲ ਵਿਚ ਉਹ ਥਾਂ ਕੁੱਕੜਾਂ ਲਈ ਵੀ ਠੀਕ ਨਹੀਂ ਸੀ।

ਮੇਰੇ ਪਿਓ ਨੇ ਗੱਲ ਜ਼ਾਰੀ ਰੱਖੀ: 1934 ਵਿਚ ਮੇਰੇ ਕੋਲ਼ੋਂ ਫਸਲਾਂ ਦੀ ਕਟਾਈ ਸਮੇਂ ਵੀ ਕੋਈ ਕਮਾਈ ਨਾ ਹੋ ਸਕੀ। ਮੈਂ ਘਰੋਂ ਗਿਆ ਸੀ ਤਾਂ ਮੇਰੇ ਕੋਲ਼ 96 ਸੈਂਟ ਸਨ ਤੇ ਸਾਰੇ ਸਮੇਂ ਵਿਚ ਮੈਂ 6 ਡਾਲਰ ਕਮਾਏ, ਕਾਫੀ ਬੁਰਾ ਹਾਲ ਸੀ।

ਤੇ ਉਨ੍ਹਾਂ ਨੇ ਕਿਹਾ ਕਿ ਉਹ ਸਾਨੂੰ ਦੇਸ ਵਿਚੋਂ ਕੱਢ ਦੇਣਗੇ (ਡੀਪੋਰਟ) ਕਿਉਂਕਿ ਅਸੀਂ ਕਮਿਉਨਿਸਟ ਸਾਂ।

ਤੈਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਆਪਣੇ ਮੁਲਕ ਦੇ ਇਤਿਹਾਸ ਦਾ ਨਹੀਂ ਪਤਾ ਤਾਂ ਤੁਸੀਂ ਮਾੜੇ ਇਨਕਲਾਬੀ ਬਣੋਂਗੇ। ਇਹੋ ਜਿਹੀਆਂ ਕਹਾਣੀਆਂ ਹੀ ਤੁਹਾਡੇ ਦੇਸ ਦਾ ਇਤਿਹਾਸ ਬਣਾਉਂਦੀਆਂ ਹਨ।

**ਠੀਕ ਹੈ।**

ਮੇਰੇ ਪਿਓ ਨੇ ਗੱਲ ਜ਼ਾਰੀ ਰੱਖਦਿਆਂ ਕਿਹਾ, 1934 ਦੀ ਪੱਤਝੜ ਦਾ ਸਮਾਂ ਸੀ। ਤੇਰੀ ਮਾਂ ਨੇ ਮੇਰੇ ਵਾਸਤੇ ਇਕ ਕੁੱਕੜ ਰਿੰਨਿਆਂ ਅਤੇ ਰੋਟੀ (ਬਰੈੱਡ) ਬਣਾਈ ਅਤੇ ਮੈਂ ਰੇਲ 'ਤੇ ਐਡਮੰਟਨ ਨੂੰ ਚਲੇ ਗਿਆ।

ਉਸ ਸਾਲ ਪੁਲਸ ਰੇਲ 'ਤੇ ਸਫਰ (ਚੋਰੀਂ) ਕਰਨ ਵਾਲਿਆਂ ਨੂੰ ਫੜ ਕੇ ਬਹੁਤ ਬੁਰੀ ਤਰ੍ਹਾਂ ਕੁੱਟ ਰਹੀ ਸੀ। ਪਰ ਜਦੋਂ ਮੇਰਾ ਪਿਓ ਤੇ ਉਹਦਾ ਸਾਥੀ ਸੇਲੇਵਿਚ ਹਾਈ ਪ੍ਰੇਰੀ ਪਹੁੰਚੇ ਤਾਂ ਉੱਥੇ ਉਨ੍ਹਾਂ ਨੂੰ ਸਨਸੈਟ ਹਾਊਸ ਦੇ ਕਈ ਬੰਦੇ ਮਿਲੇ, ਇਸ ਕਰਕੇ ਉਨ੍ਹਾਂ ਨੂੰ ਕੋਈ ਫਿਕਰ ਨਾ ਰਿਹਾ। ਸਨਸੈੱਟ ਹਾਊਸ ਦੇ ਸਾਰੇ ਆਦਮੀ ਕਮਿਉਨਿਸਟ ਸਨ ਤੇ ਇਕ ਦੂਜੇ ਦੀ ਮਦਦ ਕਰਦੇ ਸਨ। ਉਨ੍ਹਾਂ ਦੀ ਗਿਣਤੀ ਵੀ ਕਾਫੀ ਸੀ। ਉਹ ਰੇਲ 'ਤੇ ਮਾਲਕਾਂ ਵਾਂਗ ਸਫਰ ਕਰਦੇ ਸਨ ਗਰੀਬ ਮੰਗਤਿਆਂ ਵਾਂਗ ਨਹੀਂ ਕਿਉਂਕਿ ਕੋਈ ਉਨ੍ਹਾਂ ਨੂੰ ਹੱਥ ਨਹੀਂ ਸੀ ਲਾ ਸਕਦਾ।

ਵੈਸਟਲੌਕ ਵਿਚ ਉਦੋਂ ਆਮ ਤੌਰ 'ਤੇ ਦੋ ਹੀ ਆਰ ਸੀ ਐਮ ਪੀ (ਰੋਆਇਲ ਕਨੇਡੀਅਨ ਮਾਉਂਟਡ ਪੋਲੀਸ) ਸਿਪਾਹੀ ਹੁੰਦੇ ਸਨ। ਗੱਡੀ ਨੇ ਉੱਥੇ ਪਾਣੀ ਲੈਣ ਵਾਸਤੇ ਖੜ੍ਹਨਾ ਸੀ। ਜ਼ਰੂਰ ਕਿਸੇ ਨੇ ਪਹਿਲਾਂ ਹੀ ਤਾਰ ਪਾ ਕੇ ਉਨ੍ਹਾਂ ਨੂੰ ਇਤਲਾਹ ਕਰ ਦਿੱਤੀ ਸੀ। ਆਰ ਸੀ ਐਮ ਪੀ ਨੇ ਹੋਰ ਬੰਦੇ ਮੰਗਵਾ ਲਏ ਸਨ ਤੇ ਉੱਥੇ ਪੰਜ ਸਿਪਾਹੀ ਗੱਡੀ ਦੀ ਉਡੀਕ ਕਰ ਰਹੇ ਸਨ।

ਚਾਰ ਸਿਪਾਹੀਆਂ ਨੇ ਪੁਲਸ ਦੀ ਕਾਰ ਵਿਚ ਬੈਠਿਆਂ ਗੱਡੀ ਵੱਲ ਆਪਣੀਆਂ ਬੰਦੂਕਾਂ ਸਿੱਧੀਆਂ ਕੀਤੀਆਂ ਹੋਈਆਂ ਸਨ ਤੇ ਪੰਜਵੇਂ ਪੁਲਸੀਏ ਨੂੰ ਉਨ੍ਹਾਂ ਨੇ ਬੰਦਿਆਂ ਨੂੰ ਕੁੱਟਣ ਵਾਸਤੇ ਗੱਡੀ ਵੱਲ ਭੇਜਿਆ। ਜਿਹੜੇ ਚਾਰ ਪਹਿਲੇ ਬੰਦੇ ਉਹਨੂੰ ਮਿਲੇ ਉਹ ਸਨ ਮੇਰਾ ਪਿਓ, ਸੇਲੇਵਿਚ, ਅਲੈਕਸੇਵਿਚ ਅਤੇ ਵੇਸਿਲ ਸ਼ਿਊਚੱਕ। ਸਿਪਾਹੀ ਨੇ ਧਿਆਨ ਨਾਲ਼ ਉਨ੍ਹਾਂ ਵੱਲ ਦੇਖਿਆ ਤੇ ਫੇਰ ਡੰਡਾ ਵਰਾਹੁਣ ਦੀ ਥਾਂ ਉਹ ਉਨ੍ਹਾਂ ਨਾਲ਼ ਗੱਲਾਂ ਕਰਨ ਲੱਗ ਪਿਆ। ਪੁਲਸੀਏ ਨੇ ਉਨ੍ਹਾਂ ਨੂੰ ਇਸ ਗੱਲ ਲਈ ਮੰਨਾ ਲਿਆ ਕਿ ਉਹ ਗੱਡੀ 'ਚੋਂ ਉੱਤਰ ਕੇ ਬਾਹਰ ਆ ਕੇ ਗੱਲਬਾਤ ਕਰਨ। ਗੱਡੀ ਉਸ ਵੇਲੇ ਛਾਂਟੀ ਕਰ ਰਹੀ ਸੀ, ਨਵੇਂ ਡੱਬੇ ਜੋੜ ਰਹੀ ਸੀ ਇਸ ਕਰਕੇ ਉਨ੍ਹਾਂ ਨੇ ਸੋਚਿਆ ਕਿ ਉਹ ਸੁਖਾਲੇ ਹੀ ਮੁੜ ਕੇ ਗੱਡੀ 'ਤੇ ਚੜ੍ਹ ਸਕਦੇ ਸਨ। ਪਰ ਗੱਡੀ ਪਾਣੀ ਭਰਨ ਬਾਅਦ ਅੱਧਾ ਕੁ ਮੀਲ ਪਿਛਾਂਹ ਨੂੰ ਮੁੜ ਗਈ ਤੇ ਫੇਰ ਪੂਰੀ ਰਫਤਾਰ ਨਾਲ਼ ਉਨ੍ਹਾਂ ਦੇ ਕੋਲ਼ ਦੀ ਲੰਘ ਗਈ ਤੇ ਉਹ ਸਿਰਫ ਉਹਦੇ ਉਡਦੇ ਚੰਗਿਆੜੇ ਹੀ ਦੇਖ ਸਕੇ। ਸਾਰੇ ਸਿਪਾਹੀ ਉਨ੍ਹਾਂ ਵੱਲ ਦੇਖ ਕੇ ਉੱਚੀ ਉੱਚੀ ਹੱਸ ਰਹੇ ਸਨ।

ਆਰ ਸੀ ਐਮ ਪੀ ਵਾਲਿਆਂ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਠਾਣੇ ਲੈ ਗਏ। ਪਰ ਉਨ੍ਹਾਂ ਦੀ ਗਿਣਤੀ ਬਹੁਤ ਸੀ ਤੇ ਤੀਹਵਿਆਂ ਦੌਰਾਨ ਜੇਲ ਪਹਿਲਾਂ ਹੀ ਤੂੜੀ ਹੋਈ ਹੁੰਦੀ ਸੀ ਇਸ ਲਈ ਪੁਲਸ ਵਾਲਿਆਂ ਨੇ ਕੁਝ ਇਕ ਦੇ ਨਾਂ ਲਿਖੇ ਤੇ ਫੇਰ ਦਿਲ ਛੱਡ ਗਏ।

ਠਾਣੇ ਦੇ ਬਾਹਰ ਇਕ ਫੁੱਲਾਂ ਦਾ ਬਾਗ ਸੀ ਤੇ ਹਿਰਾਸਤ ਵਿਚ ਲਏ ਬੰਦੇ ਜਦੋਂ ਅੰਦਰ ਗਏ ਤਾਂ ਉਹ ਆਪਣੀਆਂ ਗਠਰੀਆਂ ਫੁੱਲਾਂ 'ਤੇ ਸੁੱਟ ਗਏ। ਕਿਉਂਕਿ ਉਹ ਹੋਰ ਕਿਸੇ ਤਰ੍ਹਾਂ ਬਦਲਾ ਲੈਣ ਬਾਰੇ ਨਹੀਂ ਸੀ ਸੋਚ ਸਕਦੇ ਇਸ ਕਰਕੇ ਬਦਲਾ ਲੈਣ ਦਾ ਇਹੋ ਘਟੀਆ ਤਰੀਕਾ ਵਰਤਿਆ। ਫੇਰ ਜਦੋਂ ਪੁਲਸੀਆਂ ਨੇ ਕਿਹਾ ਕਿ ਤੁਸੀਂ ਜਾ ਸਕਦੇ ਹੋ ਤਾਂ ਉਹ ਕੁਝ ਦੇਰ ਉੱਥੇ ਹੀ ਬੈਠੇ ਖਾਂਦੇ ਤੇ ਗੱਲਾਂ ਕਰਦੇ ਰਹੇ। ਅਖੀਰ ਉਨ੍ਹਾਂ ਉੱਠ ਕੇ ਜਾਣ ਦਾ ਫੈਸਲਾ ਕਰ ਲਿਆ। ਉਨ੍ਹਾਂ ਨੂੰ ਵੈਸਟਲੌਕ ਤੋਂ ਐਡਮੰਟਨ ਨੂੰ ਤੁਰ ਕੇ ਜਾਣਾ ਪਿਆ ਤੇ ਪੁਲਸ ਵਾਲ਼ਾ ਉਨ੍ਹਾਂ ਦਾ ਪਿੱਛਾ ਕਰਦਾ ਰਿਹਾ। ਕਾਰ ਵਿਚ ਜਾ ਰਹੇ ਇਕ ਪਾਦਰੀ ਨੇ ਉਨ੍ਹਾਂ ਵਿਚੋਂ ਕੁਝ ਇਕ ਨੂੰ ਨਾਲ਼ ਲੈਜਾਣ ਦੀ ਕੋਸ਼ਿਸ਼ ਕੀਤੀ ਪਰ ਪੁਲਸੀਏ ਨੇ ਉਹਦੇ ਨਾਲ਼ ਗੱਲ ਕੀਤੀ ਤੇ ਉਹ ਖਾਲੀ ਹੀ ਆਪਣੀ ਕਾਰ ਚਲਾ ਕੇ ਲੈ ਗਿਆ।

ਐਡਮਿੰਟਨ ਜਾ ਕੇ ਸਾਨੂੰ ਪਤਾ ਲੱਗਾ ਕਿ ਸੈਸਕੈਚਵਾਨ ਵਿਚ ਵੀ ਫਸਲ ਬਹੁਤ ਮਾੜੀ ਹੋਈ ਸੀ ਤੇ ਉੱਥੇ ਜਾਣ ਦਾ ਕੋਈ ਫਾਇਦਾ ਨਹੀਂ ਸੀ।

ਮੇਰੇ ਪਿਓ ਨੇ ਦੱਸਿਆ ਕਿ ਉੱਥੇ ਏ ਯੂ ਯੂ ਸੀ ਹਾਲ (ਉਦੋਂ ਉਹਨੂੰ ਯੂ ਐਲ ਐਫ ਟੀ ਏ ਕਹਿੰਦੇ ਸਨ) ਵਿਚ ਇਕ ਸੰਗੀਤ ਪ੍ਰੋਗਰਾਮ (ਕੰਨਸਰਟ) ਸੀ। ਇਹ ਹਿੱਸਾ ਮੈਂ ਤੈਨੂੰ ਦੱਸਣਾ ਨਹੀਂ ਚਾਹੁੰਦਾ, ਪਰ ਮੈਂ ਕਿਹਾ ਹੈ ਕਿ ਮੈਂ ਸੱਭ ਕੁਝ ਸੱਚ ਸੱਚ ਦੱਸਾਂਗਾ। ਜਿੱਦਾਂ ਮੈਂ ਤੈਨੂੰ ਦੱਸਿਆ ਹੈ ਕਿ ਮੇਰੇ ਕੋਲ਼ 96 ਸੈਂਟ ਸਨ ਤੇ ਕੰਨਸਰਟ ਦਾ ਟਿਕਟ 25 ਸੈਂਟ ਸੀ। ਪਰ ਮਜ਼ਦੂਰਾਂ ਦੀਆਂ ਜਥੇਬੰਦੀਆਂ ਹਮੇਸ਼ਾ ਕਿਸੇ ਨਾ ਕਿਸੇ ਕਾਰਜ ਲਈ ਪੈਸੇ ਇਕੱਠੇ ਕਰਦੀਆਂ ਹੀ ਰਹਿੰਦੀਆਂ ਹਨ। ਇਹ ਕੰਮ ਕਰਨ ਵਾਲ਼ੀ ਇਕ ਔਰਤ ਆਈ ਤੇ ਆ ਕੇ ਮੇਰੇ ਕੋਲ਼ ਬੈਠ ਗਈ ਤੇ ਮੇਰੇ ਕੋਲ਼ੋਂ ਚੰਦਾ ਮੰਗਣ ਲੱਗੀ। ਮੈਂ ਉਹਨੂੰ ਕਿਹਾ ਕਿ ਮੈਨੂੰ ਇਸ ਗੱਲ ਦੀ ਸਮਝ ਹੈ ਕਿ ਮਜ਼ਦੂਰਾਂ ਦੀ ਜਥੇਬੰਦੀ ਖੜ੍ਹੀ ਕਰਨ ਲਈ ਹਮੇਸ਼ਾਂ ਪੈਸੇ ਦੀ ਜ਼ਰੂਰਤ ਹੁੰਦੀ ਹੈ। ਮੈਂ ਉਹਨੂੰ ਦੱਸਿਆ ਕਿ ਮੈਂ ਵੀ ਇਕ ਕਮਿਉਨਿਸਟ ਹਾਂ ਪਰ ਮੇਰੀ ਪਤਨੀ ਤੇ ਦੋ ਬੱਚੇ ਹਨ ਪਿੱਛੇ ਹੋਮਸਟਿੱਡ 'ਤੇ, ਉਨ੍ਹਾਂ ਕੋਲ਼ ਕੋਈ ਪੈਸਾ ਧੇਲਾ ਨਹੀਂ ਤੇ ਉਹ ਸਰਦੀਆਂ ਵਿਚ ਮਰ ਜਾਣਗੇ ਜੇ ਮੈਂ ਕੁਝ ਪੈਸੇ ਲੈ ਕੇ ਘਰ ਨਾ ਮੁੜਿਆ। ਪਰ ਉਹ ਔਰਤ ਪੂਰੀ ਤਰ੍ਹਾਂ ਖੈਹੜੇ ਪਈ ਰਹੀ। ਹਾਰ ਕੇ ਮੈਂ ਬਚਦੇ 71 ਸੈਂਟ ਉਹਦੇ ਸਾਹਮਣੇ ਕਰ ਦਿੱਤੇ ਤੇ ਕਿਹਾ, ਦੇਖ, ਇਹ ਇਕ ਆਦਮੀ, ਇਕ ਔਰਤ ਤੇ ਦੋ ਬੱਚਿਆਂ ਦੀ ਕੁੱਲ ਪੂੰਜੀ ਹੈ, ਜੇ ਤੇਰੀ ਜ਼ਮੀਰ ਇਜਾਜ਼ਤ ਦਿੰਦੀ ਹੈ ਤਾਂ ਚੁੱਕ ਲੈ। ਉਹਨੇ ਪੈਸੇ ਲੈ ਲਏ। ਸੇਲੇਵਿਚ ਨੇ ਇਹ ਸਭ ਦੇਖਿਆ। ਗਰੀਬੀ ਦੀ ਮਾਰੀ ਹੋਈ ਵਿਚਾਰੀ, ਉਹਨੇ ਕਿਹਾ।

ਮੇਰੇ ਪਿਓ ਨੂੰ ਚੇਤਾ ਹੈ ਕਿ ਉਹ ਗੱਡੀ 'ਚ ਦੱਖਣ ਵੱਲ ਚਲੇ ਗਏ। ਇਕ ਕਸਬੇ ਦਾ ਨਾਂ ਮਿਰਰ ਸੀ ਜਿੱਥੇ ਉਨ੍ਹਾਂ ਨੂੰ ਪੀਣ ਲਈ ਪਾਣੀ ਤਾਂ ਮਿਲ਼ ਗਿਆ ਪਰ ਉਨ੍ਹਾਂ ਨੂੰ ਗੱਡੀ 'ਚੋਂ ਉਤਰਨ ਨਹੀਂ ਸੀ ਦਿੱਤਾ ਗਿਆ। ਉਹ ਅਗਲੇ ਸਟੇਸ਼ਨ 'ਤੇ ਜਾ ਕੇ ਉੱਤਰੇ ਪਰ ਉਦੋਂ ਤੱਕ ਇਹ ਗੱਲ ਸਾਫ ਹੋ ਚੁੱਕੀ ਸੀ ਕਿ ਉੱਥੇ ਵੀ ਕੋਈ ਕਟਾਈਯੋਗ ਫਸਲਾਂ ਨਹੀਂ ਸਨ ਜਿੱਥੇ ਉਨ੍ਹਾਂ ਨੂੰ ਕੰਮ ਮਿਲ਼ ਸਕਦਾ।

ਮੇਰੇ ਪਿਓ ਨੂੰ ਇਸ ਗੱਲ ਦਾ ਵੀ ਚੇਤਾ ਹੈ ਕਿ ਇਕ ਰਾਤ ਸੇਲੇਵਿਚ, ਜਿਹੜਾ ਕਿ ਬਹੁਤ ਡੂੰਘੀ ਨੀਂਦ ਸੌਂਦਾ ਸੀ, ਨੇ ਉਹਨੂੰ ਕਿਹਾ ਕਿ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਉਹਨੂੰ ਉਠਾਲ ਦੇਵੇ ਤਾਂ ਕਿ ਉਹ ਜਾ ਕੇ ਥੋੜ੍ਹੇ ਜਿਹੇ ਆਲੂ ਚੋਰੀ ਕਰ ਲਿਆਵੇ। ਜਿਹੜਾ ਸਮਾਨ ਉਹ ਕੋਲ਼ ਲੈ ਕੇ ਆਏ ਸਨ ਸਾਰਾ ਖਤਮ ਹੋ ਚੁੱਕਾ ਸੀ। ਮੇਰੇ ਪਿਓ ਨੇ ਸੇਲੇਵਿਚ ਨੂੰ ਸੁੱਤਾ ਰਹਿਣ ਦਿੱਤਾ ਤੇ ਆਲੂ ਆਪ ਲੈ ਆਇਆ। ਇਸ ਨਾਲ਼ ਸੇਲੇਵਿਚ ਬੜਾ ਹੈਰਾਨ ਹੋਇਆ ਕਿਉਂਕਿ ਉਹਦੇ ਖਿਆਲ ਵਿਚ ਮੇਰਾ ਪਿਓ ਇਸ ਕਿਸਮ ਦਾ ਕੰਮ ਕਰਨ ਵਾਲ਼ਾ ਨਹੀਂ ਸੀ।

ਮੇਰੇ ਪਿਓ ਨੇ ਪੌਣੀ ਕੁ ਬੋਰੀ ਆਲੂਆਂ ਦੀ ਲੈ ਆਂਦੀ ਜਿਹੜੀ ਕਿ ਉਨ੍ਹਾਂ ਵਾਂਗ ਗੱਡੀ ਵਿਚ ਚੋਰੀਂ ਸਫਰ ਕਰਨ ਵਾਲ਼ੇ ਸਾਰਿਆਂ ਲਈ ਕਾਫੀ ਸੀ। ਪਰ ਉੱਥੇ ਕੋਈ ਕੰਮ ਨਾ ਮਿਲ਼ਿਆ ਇਸ ਕਰਕੇ ਉਹ ਮੁੜ ਕੇ ਐਡਮੰਟਨ ਨੂੰ ਆ ਗਏ ਤੇ ਫੇਰ ਸੇਲੇਵਿਚ ਤਾਂ ਆਪਣੇ ਘਰ ਮੁੜ ਗਿਆ। ਮੇਰਾ ਪਿਓ ਖਾਲੀ ਹੱਥੀਂ ਘਰ ਨਹੀਂ ਸੀ ਮੁੜਨਾ ਚਾਹੁੰਦਾ ਤੇ ਉਹਨੂੰ ਪਤਾ ਸੀ ਕਿ ਲੈਮੌਂਟ ਵਿਚ ਹਮੇਸ਼ਾਂ ਫਸਲਾਂ ਹੁੰਦੀਆਂ ਹਨ।

ਮੈਂ ਲੈਮੌਂਟ ਵਿਚ ਕਈਆਂ ਲੋਕਾਂ ਨੂੰ ਜਾਣਦਾ ਸੀ, ਮੇਰੇ ਪਿਓ ਨੇ ਕਿਹਾ, ਕਿਉਂਕਿ ਉੱਥੇ ਹੀ ਤੇਰੀ ਮਾਂ ਅਤੇ ਮੈਂ ਕੰਮ ਕਰਦੇ ਰਹੇ ਸਾਂ। ਇਸ ਕਰਕੇ ਮੈਂ ਸੋਚਿਆ ਕਿ ਜੇ ਮੈਂ ਕੁਝ ਦਿਨ ਐਡਮੰਟਨ ਵਿਚ ਹੀ ਰੁਕਿਆ ਰਹਾਂ ਤਾਂ ਮੈਨੂੰ ਕੋਈ ਨਾ ਕੋਈ ਜਾਣ ਪਛਾਣ ਵਾਲ਼ਾ ਮਿਲ਼ ਹੀ ਜਾਵੇਗਾ ਜਿਹਦੇ ਨਾਲ਼ ਮੈਨੂੰ ਉੱਥੇ ਜਾਣ ਲਈ ਸਵਾਰੀ ਮਿਲ਼ ਜਾਵੇਗੀ। ਪਰ ਮੈਨੂੰ ਜਾਨਣ ਵਾਲ਼ਾ ਕੋਈ ਵੀ ਮੇਰੀ ਨਜ਼ਰੀ ਨਾ ਪਿਆ। ਐਡਮੰਟਨ ਵਿਚ ਗੱਡੀ ਫੜਨੀ ਬਹੁਤ ਔਖੀ ਸੀ ਕਿਉਂਕਿ ਰੇਲਵੇ ਦੇ ਸਿਪਾਹੀ ਖਾਸ ਤੌਰ ’ਤੇ ਬਹੁਤ ਜ਼ਾਲਮ ਸਨ ਤੇ ਆਪਣੇ ਕੁੱਤੇ ਲੈ ਕੇ ਗੱਡੀਆਂ ਦੀ ਨਿਗਰਾਨੀ ਕਰਦੇ ਸਨ। ਅਸੀਂ ਸਾਰੇ ਬੰਦੇ ਆਪਣੀਆਂ ਕੰਬਲ਼ੀਆਂ ਆਪਣੇ ਕੋਲ਼ ਆਪਣੀ ਪਿੱਠ ਪਿੱਛੇ ਬੰਨ੍ਹੀ ਰੱਖਦੇ ਸਾਂ ਤੇ ਜਿੱਥੇ ਵੀ ਕਿਤੇ ਸੂਤ ਲਗਦਾ ਸੌਂ ਜਾਂਦੇ। ਮੈਂ ਇਮੀਗਰੇਸ਼ਨ ਹਾਲ ਦੀਆਂ ਪੌੜੀਆਂ ਥੱਲੇ ਸੌਂ ਜਾਂਦਾ ਕਿਉਂਕਿ ਉਹੋ ਇਕ ਇਮਾਰਤ ਸੀ ਜਿਹਦੇ ਬਾਰੇ ਮੈਨੂੰ ਪਤਾ ਸੀ। ਤੇਰੇ ਸਮਝਣ ਵਾਲ਼ੀ ਗੱਲ ਇਹ ਹੈ ਕਿ ਮੇਰੇ ਵਰਗੇ ਬਹੁਤ ਬੰਦੇ ਸਨ ਉੱਥੇ ਜਿਹੜੇ ਐਡਮੰਟਨ ਦੇ ਆਲੇ ਦੁਆਲੇ ਤੁਰੇ ਫਿਰਦੇ ਸਨ। ਏਦਾਂ ਹੀ ਅਨੇਕਾਂ ਔਰਤਾਂ ਜਿਹੜੀਆਂ ਇਕੱਲੀਆਂ ਘਰਾਂ ਦਾ ਖਿਆਲ ਰੱਖ ਰਹੀਆਂ ਸਨ। ਸਾਰੇ ਉਡੀਕ ਵਿਚ ਸਨ ਪਰ ਕਟਾਈ ਦਾ ਕੰਮ ਮਿਲਣ ਲਈ ਕਿਸੇ ਪਾਸੇ ਕੋਈ ਫਸਲਾਂ ਨਹੀਂ ਸਨ। ਇਮੀਗਰੇਸ਼ਨ ਹਾਲ ਵਿਚ ਉਹ ਸਾਨੂੰ ਖਾਣਾ ਦੇ ਦਿੰਦੇ ਸਨ। ਦਿਨ ਵਿਚ ਦੋ ਵਾਰ ਅਸੀਂ ਕਤਾਰ ਵਿਚ ਖੜ੍ਹ ਜਾਂਦੇ। ਪਹਿਲਾਂ ਤੁਸੀਂ ਇਕ ਕੌਲੀ ਤੇ ਚਮਚਾ ਚੁੱਕਦੇ। ਪਹਿਲਾ ਆਦਮੀ ਥੋੜ੍ਹਾ ਜਿਹਾ ਜਵੀ (ਓਟ) ਦਾ ਦਲ਼ੀਆ ਤੁਹਾਡੀ ਕੌਲੀ ਵਿਚ ਪਾ ਦਿੰਦਾ। ਦੂਜਾ ਖੰਡ ਦੇ ਦੋ ਚਮਚੇ ਪਾ ਦਿੰਦਾ ਤੇ ਤੀਜਾ ਕੌਲੀ ਵਿਚ ਬਚਦੇ ਥਾਂ ਨੂੰ ਦੁੱਧ ਨਾਲ਼ ਭਰ ਦਿੰਦਾ।

ਦੋ ਦਿਨਾਂ ਬਾਅਦ, ਮੇਰੇ ਪਿਓ ਨੇ ਗੱਲ ਜ਼ਾਰੀ ਰੱਖਦਿਆਂ ਕਿਹਾ, ਮੈਂ ਬਹੁਤ ਕਮਜ਼ੋਰ ਹੋ ਗਿਆ ਤੇ ਮੇਰੇ ਕੋਲ਼ੋਂ ਇਹ ਦਲ਼ੀਆ ਨਾ ਖਾਧਾ ਜਾਵੇ। ਹੈ ਕਿ ਨਹੀਂ ਅਜੀਬ ਗੱਲ ? ਉਹ ਮੇਰੇ ਸਾਹਮਣੇ ਪਿਆ ਹੁੰਦਾ ਤੇ ਮੇਰੇ ਕੋਲ਼ੋਂ ਖਾਧਾ ਨਾ ਜਾਂਦਾ। ਮੇਰੇ ਅੰਦਰ ਹੀ ਨਹੀਂ ਸੀ ਲੰਘਦਾ। ਮੇਰਾ ਖਿਆਲ ਹੈ ਕਿ ਏਨੀ ਜ਼ਿਆਦਾ ਖੰਡ ਕਾਰਨ ਜਾਂ ਸ਼ਾਇਦ ਜਵੀ ਵਿਚ ਕੋਈ ਤਾਕਤਵਰ ਤੱਤ ਨਾ ਹੋਣ ਕਰਕੇ। ਮੈਂ ਲੈਮੌਂਟ ਤੱਕ ਜਾਣ ਲਈ ਕਿਸੇ ਸਵਾਰੀ ਦੇ ਮਿਲ਼ ਜਾਣ ਦੀ ਆਸ ਛੱਡ ਦਿੱਤੀ। ਫੇਰ ਮੈਂ ਏਦਾਂ ਕੀਤਾ ਕਿ ਐਡਮੰਟਨ ਦੀਆਂ ਸਾਰੀਆਂ ਬੇਕਰੀਆਂ ਵਲ ਗਿਆ ਤੇ ਉਨ੍ਹਾਂ ਨੂੰ ਆਪਣੀ ਸਥਿਤੀ ਬਾਰੇ ਦੱਸਿਆ। ਪਹਿਲੀਆਂ ਚਾਰ ਨੇ ਮੈਨੂੰ ਕੋਰਾ ਨਾਂਹ ਕਰ ਦਿੱਤੀ। ਜਦ ਤੱਕ ਮੈਂ ਪੰਜਵੀਂ ਬੇਕਰੀ ’ਤੇ ਗਿਆ ਮੇਰੇ ਨਾਲ਼ ਇਕ ਹੋਰ ਬੰਦਾ ਆ ਰਲ਼ਿਆ। ਉਹਦੇ ਮਨ ਵਿਚ ਵੀ ਮੇਰੇ ਵਾਲ਼ਾ ਹੀ ਖਿਆਲ ਆਇਆ ਸੀ। ਇਸ ਪੰਜਵੀਂ ਬੇਕਰੀ ਵਾਲਿਆਂ ਨੇ ਸਾਨੂੰ ਬਰੈੱਡ ਦਾ ਇਕ ਲੋਫ ਦੇ ਦਿੱਤਾ। ਮੈਂ ਆਪਣੇ ਹਿੱਸੇ ਦੀਆਂ ਅੱਧੀਆਂ ਰੋਟੀਆਂ (ਅੱਧਾ ਲੋਫ) ਲੈ ਕੇ ਲੈਮੌਂਟ ਨੂੰ ਜਾਂਦੇ ਹਾਈਵੇਅ ਵੱਲ ਨੂੰ ਤੁਰ ਪਿਆ।

ਬਹੁਤ ਲੰਮਾ ਸਮਾਂ ਰਾਈਡ ਦੀ ਆਸ ਵਿਚ ਅਗੂੰਠਾ ਖੜ੍ਹਾ ਕਰਕੇ ਉਡੀਕਦਾ ਰਿਹਾ ਪਰ ਕਿਸੇ ਨੇ ਕੋਈ ਗੱਡੀ ਨਾ ਰੋਕੀ। ਸੜਕ ’ਤੇ ਕਾਫੀ ਟਰੈਫਿਕ ਸੀ ਤੇ ਕੋਲ਼ ਦੀ ਲੰਘ ਰਹੀਆਂ ਕਈ ਕਾਰਾਂ ਵਿਚ ਕੁੱਤੇ ਵੀ ਸਵਾਰ ਸਨ। ਪਰ ਮੈਂ ਤਾਂ ਸਿਰਫ ਇਕ ਇਨਸਾਨ ਸਾਂ ਸੋ ਮੈਂ ਹਾਰ ਕੇ ਤੁਰ ਪਿਆ।

ਕਈ ਚਿਰ ਤੁਰਨ ਬਾਅਦ ਮੈਂ ਕਾਫੀ ਥੱਕ ਗਿਆ ਤੇ ਮੈਨੂੰ ਭੁੱਖ ਵੀ ਲੱਗੀ ਹੋਈ ਸੀ। ਮੈਂ ਇਕ ਕਿਸਾਨ ਦੇ ਵਿਹੜੇ ਵਿਚ ਗਿਆ। ਘਰਬਾਰ ਦੀ ਦਿੱਖ ਤੋਂ ਉਹ ਕਾਫੀ ਅਮੀਰ ਜਾਪਦਾ ਸੀ। ਉੱਥੇ ਫਿਰਦੇ ਇਕ ਆਦਮੀ ਨੂੰ ਮੈਂ ਕੁਝ ਖਾਣੇ ਲਈ ਪੁੱਛਿਆ।



ਉਹ ਪਰ੍ਹੇ ਚਲੇ ਗਿਆ ਤੇ ਉਦੋਂ ਹੀ ਇਕ ਔਰਤ ਅੰਦਰੋਂ ਆਈ ਤੇ ਉਹਦੇ ਕੋਲ਼ ਪਤਲੇ ਦੁੱਧ ਦਾ ਇਕ ਡੱਬਾ ਸੀ ਜਿਹੜਾ ਉਹਨੇ ਮੇਰੇ ਅੱਗੇ ਰੱਖ ਦਿੱਤਾ। ਮੈਂ ਉਨ੍ਹਾਂ ਦਾ ਡੱਬਾ ਨਹੀਂ ਸੀ ਲੈ ਕੇ ਜਾਣਾ ਚਾਹੁੰਦਾ ਜੋ ਕਿ ਨਵਾਂ ਲਗਦਾ ਸੀ, ਇਸ ਕਰਕੇ ਮੈਂ ਉੱਥੇ ਬੈਠ ਕੇ ਆਪਣੀ ਰੋਟੀ ਕੱਢ ਕੇ ਦੁੱਧ ਨਾਲ਼ ਖਾਣ ਲੱਗ ਪਿਆ। ਉਸ ਕਿਸਾਨ ਦੇ ਬਹੁਤ ਸਾਰੀਆਂ ਟਰਕੀਆਂ (ਵੱਡੇ ਕੁੱਕੜ) ਅਤੇ ਕੁੱਕੜ ਕੁੱਕੜੀਆਂ ਅਤੇ ਹੰਸ ਆਦਿ ਜਾਨਵਰ ਸਨ ਤੇ ਤੁਹਾਨੂੰ ਪਤਾ ਹੈ ਨਾ ਕਿ ਇਹ ਜਾਨਵਰ ਕਿੰਨੇ ਉਤਸੁਕ ਹੁੰਦੇ ਹਨ। ਉਹ ਸਾਰੇ ਹੀ ਉੱਧਰ ਨੂੰ ਆ ਗਏ ਜਿੱਥੇ ਮੈਂ ਬੈਠਾ ਸੀ। ਮੈਂ ਉੱਥੇ ਬੈਠਾ ਰੋਟੀ ਤੇ ਦੁੱਧ ਦੇ ਮਜੇ ਲੈ ਰਿਹਾ ਸੀ ਤੇ ਮੇਰੇ ਆਲੇ ਦੁਆਲੇ ਜਾਨਵਰ ਆਪੋ ਆਪਣੇ ਰਾਗ ਅਲਾਪ ਰਹੇ ਸਨ। ਮੈਂ ਫੇਰ ਉੱਥੋਂ ਚੱਲ ਪਿਆ। ਰਾਤ ਤੱਕ ਮੈਂ ਫੋਰਟ ਸਸਕੈਚਵਾਨ ਪਹੁੰਚ ਗਿਆ। ਉੱਥੇ ਕੈਦੀ ਇਕ ਵੱਡੇ ਸਾਰੇ ਫਾਰਮ ’ਤੇ ਕੰਮ ਕਰਦੇ ਸਨ ਤੇ ਉਹ ਉਸ ਵੇਲੇ ਮਿੱਠੇ ਲੂਸਣ ਦੀਆਂ ਭਰੀਆਂ ਬੰਨ ਕੇ ਹਟੇ ਸਨ। ਮੈਂ ਕੁਝ ਭਰੀਆਂ ਖਿਲਾਰੀਆਂ ਤੇ ਆਪਣੇ ਸੌਣ ਲਈ ਥਾਂ ਬਣਾਇਆ ਤੇ ਸੌਂ ਗਿਆ।

ਮੇਰੇ ਪਿਓ ਨੇ ਅੱਗੇ ਕਿਹਾ, ਅਗਲੀ ਸਵੇਰ ਮੈਂ ਫੇਰ ਉੱਠ ਕੇ ਤੁਰ ਪਿਆ। ਦੁਪਹਿਰ ਜਿਹੇ ਨੂੰ ਇਕ ਪੁਰਾਣਾ ਖੜਕਿਆ ਹੋਇਆ ਟਰੱਕ ਦੂਜੇ ਪਾਸੇ ਨੂੰ ਜਾਂਦਾ ਹੋਇਆ ਮੇਰੇ ਕੋਲ਼ ਦੀ ਲੰਘਿਆ। ਫੇਰ ਉਹ ਰੁਕ ਗਿਆ ਤੇ ਮੁੜ ਕੇ ਮੇਰੇ ਕੋਲ਼ ਆ ਗਿਆ। ਟਰੱਕ ਵਿਚ ਇਕ ਕਿਸਾਨ ਤੇ ਉਹਦਾ ਮੁੰਡਾ ਸਨ। ਕੀ ਤੂੰ ਡਾਲਰ ਦਿਹਾੜੀ ’ਤੇ ਭਰੀਆਂ ਬੰਨ੍ਹੇਗਾ ? ਕਿਸਾਨ ਨੇ ਮੈਨੂੰ ਪੁੱਛਿਆ। ਮੈਂ ਕਿਹਾ, ਮੈਂ ਕਰ ਲਵਾਂਗਾ। ਉਹਨੇ ਮੈਨੂੰ ਟਰੱਕ ਦੇ ਪਿੱਛੇ ਬੈਠਣ ਦਾ ਇਸ਼ਾਰਾ ਕੀਤਾ। ਅਸੀਂ ਐਡਮੰਟਨ ਨੂੰ ਗਏ। ਜਦ ਤੱਕ ਉਹ ਉੱਥੇ ਆਪਣਾ ਕੰਮਕਾਰ ਨਿਪਟਾਉਂਦੇ ਰਹੇ ਮੈਂ ਉਨ੍ਹਾਂ ਦੀ ਉਡੀਕ ਕਰਦਾ ਰਿਹਾ ਅਤੇ ਸ਼ਾਮ ਤੱਕ ਅਸੀਂ ਉਨ੍ਹਾਂ ਦੇ ਫਾਰਮ ’ਤੇ ਪਹੁੰਚ ਗਏ ਜੋ ਕਿ ਗਿਬਸਨ ਦੇ ਨਜ਼ਦੀਕ ਸੀ।

ਦਿਹਾੜੀ ਦਾ ਇੱਕੋ ਡਾਲਰ ? ਮੈਂ ਆਪਣੇ ਪਿਓ ਨੂੰ ਪੁੱਛਿਆ। ਪਰ ਤੂੰ ਤਾਂ ਕਿਹਾ ਸੀ ਕਿ 1928 ਵਿਚ ਤੂੰ ਕਿਸਾਨਾਂ ਵਾਸਤੇ ਢਾਈ ਡਾਲਰ ਦਿਹਾੜੀ ’ਤੇ ਕੰਮ ਕਰਦਾ ਸੀ।

ਹਾਂ ਉਹ 1928 ਦੀ ਗੱਲ ਸੀ, ਮੇਰੇ ਪਿਓ ਨੇ ਜਵਾਬ ਦਿੱਤਾ ਤੇ ਹੁਣ ਮੈਂ ਗੱਲ ਕਰ ਰਿਹਾ ਹਾਂ 1934 ਦੀ। ਉਸ ਫਾਰਮਰ ਕੋਲ਼ ਫਸਲਾਂ ਕੱਠੀਆਂ ਕਰਨ ਵਾਲ਼ੀਆਂ ਦੋ ਮਸ਼ੀਨਾਂ ਸਨ। ਇਕ ਉਹ ਆਪ ਚਲਾਉਂਦਾ ਸੀ ਤੇ ਦੂਜੇ ’ਤੇ ਉਹਦਾ ਮੁੰਡਾ ਕੰਮ ਕਰਦਾ ਸੀ। ਭਰੀਆਂ ਬੰਨ੍ਹਣ ਵਾਲ਼ੇ ਦੋ ਕਾਮੇ ਸਨ: ਇਕ ਸਟੈਫਨ ਨਾਂ ਦਾ ਸਚੈਕੋਸਲੋਵਾਕੀਅਨ ਸੀ ਤੇ ਦੂਜਾ ਮੈਂ।

ਮੇਰੇ ਪਿਓ ਨੇ ਦੱਸਿਆ ਕਿ ਉਹ ਲੰਮਾ ਸਮਾਂ ਭੁੱਖਾ ਰਹਿਣ ਕਰਕੇ ਤੇ ਤੁਰਨ ਕਰਕੇ ਬਹੁਤ ਕਮਜ਼ੋਰ ਮਹਿਸੂਸ ਕਰ ਰਿਹਾ ਸੀ। ਸਵੇਰ ਵੇਲੇ ਉਹਦੀ ਨਕਸੀਰ ਫੁੱਟ ਗਈ ਤੇ ਸਾਰਾ ਦਿਨ ਹੌਲੀ ਹੌਲੀ ਉਹਦੀਆਂ ਨਾਸਾਂ ਵਿਚੋਂ ਖ਼ੂਨ ਵਹਿੰਦਾ ਰਿਹਾ। ਉਹ ਸੌਲ੍ਹਾਂ ਘੰਟੇ ਭਰੀਆਂ ਬੰਨ੍ਹਦਾ ਰਿਹਾ ਤੇ ਸਾਰੀ ਦਿਹਾੜੀ ਭਰੀਆਂ ’ਤੇ ਉਸ ਦਾ ਖ਼ੂਨ ਡੁੱਲਦਾ ਰਿਹਾ। ਸ਼ਾਮ ਨੂੰ ਉਹਨੇ ਫਾਰਮਰ ਨਾਲ਼ ਗੱਲ ਕੀਤੀ।

ਮੇਰੀ ਗੱਲ ਸੁਣ, ਉਹਨੇ ਫਾਰਮਰ ਨੂੰ ਕਿਹਾ, ਜਦੋਂ ਮੈਂ ਕਿਹਾ ਸੀ ਕਿ ਮੈਂ ਡਾਲਰ ਦਿਹਾੜੀ ’ਤੇ ਭਰੀਆਂ ਬੰਨ੍ਹਾਂਗਾ ਮੇਰਾ ਮਤਲਬ ਸੀ ਕਿ ਇਕ ਨਾਰਮਲ ਦਸ ਘੰਟੇ ਦੀ ਦਿਹਾੜੀ। ਕੀ ਅਸੀਂ ਹਰ ਰੋਜ਼ ਸੋਲ੍ਹਾਂ ਘੰਟੇ ਕੰਮ ਕਰਨਾ ਹੈ ?

ਕਿਸਾਨ ਨੇ ਜਵਾਬ ਦਿੱਤਾ ਕਿ ਜਿੰਨਾ ਚਿਰ ਫਸਲ ਦਾ ਕੰਮ ਖਤਮ ਨਹੀਂ ਹੋ ਜਾਂਦਾ ਅਸੀਂ ਲੋੜ ਅਨੁਸਾਰ ਕੰਮ ਕਰਦੇ ਰਹਾਂਗੇ।

**ਫੇਰ ਸਾਨੂੰ ਹੋਰ ਤਨਖਾਹ ਦੇ।**

ਤੂੰ ਬਹੁਤੀਆਂ ਮੰਗਾਂ ਨਾ ਮੰਗਣੀਆਂ ਸ਼ੁਰੂ ਕਰ, ਤੂੰ ਸਟੈਫਨ ਦੇ ਮੁਕਾਬਲੇ ਮਸੀਂ ਚੌਥਾ ਹਿੱਸਾ ਕੰਮ ਕੀਤਾ ਹੈ।

ਹਾਂ, ਮੈਨੂੰ ਪਤਾ ਹੈ। ਮੈਂ ਕਮਜ਼ੋਰ ਹਾਂ ਤੇ ਸਾਰਾ ਦਿਨ ਮੇਰੀ ਨਕਸੀਰ ਫੁੱਟੀ ਰਹੀ ਹੈ ਪਰ ਮੇਰੇ ਕੋਲ਼ੋਂ ਜਿੰਨਾ ਹੋ ਸਕਿਆ ਮੈਂ ਸੋਲ੍ਹਾਂ ਘੰਟੇ ਕਰਦਾ ਰਿਹਾ ਹਾਂ। ਮੈਂ ਦਸਾਂ ਘੰਟਿਆਂ ਦੇ ਦਿਨ ਲਈ ਡਾਲਰ ’ਤੇ ਕੰਮ ਕਰਾਂਗਾ ਪਰ ਦਸਾਂ ਘੰਟਿਆਂ ਤੋਂ ਵਾਧੂ ਕੰਮ ਲਈ ਮੈਂ ਘੰਟੇ ਦੇ ਦਸ ਸੈਂਟ ਦੇ ਹਿਸਾਬ ਨਾਲ਼ ਹੋਰ ਪੈਸੇ ਲਵਾਂਗਾ। ਮੇਰੇ ਅੱਜ ਦੇ ਇਕ ਡਾਲਰ ਤੇ ਸੱਠ ਸੈਂਟ ਬਣਦੇ ਹਨ।

ਅਗਲੀ ਸਵੇਰ ਫਾਰਮਰ ਨੇ ਉਹਨੂੰ ਨਾਸ਼ਤਾ ਦਿੱਤਾ ਤੇ ਕਿਹਾ ਕਿ ਉਹਦੇ ਲਈ ਉੱਥੇ ਹੋਰ ਕੰਮ ਨਹੀਂ ਸੀ।

ਠੀਕ ਹੈ, ਮੇਰੇ ਪਿਓ ਨੇ ਕਿਹਾ, ਪਰ ਜਿਹੜੇ ਇਕ ਡਾਲਰ ਤੇ ਸੱਠ ਸੈਂਟ ਮੈਂ ਕੱਲ੍ਹ ਕਮਾਏ ਹਨ ਉਹ ਕਿੱਥੇ ਹਨ ?

ਤੈਨੂੰ ਕੋਈ ਪੈਸਾ ਨਹੀਂ ਮਿਲਣਾ, ਡਾਲਰ ਵੀ ਨਹੀਂ, ਫਾਰਮਰ ਦਾ ਜਵਾਬ ਸੀ। ਤੂੰ ਲੋੜ ਜਿੰਨਾ ਵੀ ਕੰਮ ਨਹੀਂ ਕੀਤਾ।

ਮੇਰਾ ਪਿਓ ਹੌਲ਼ੀ ਹੌਲ਼ੀ ਸੜਕ ਵਲ ਤੁਰ ਪਿਆ। ਪਰ ਫਾਰਮਰ ਦੀ ਪਤਨੀ ਨੇ ਰੌਲ਼ੀ ਪਾਈ ਤੇ ਫੇਰ ਉਹਦਾ ਮੁੰਡਾ ਵੀ ਨਾਲ਼ ਰਲ਼ ਗਿਆ, ਇਸ ਕਰਕੇ ਫਾਰਮਰ ਬਾਹਰ ਆਇਆ ਤੇ ਮੇਰੇ ਪਿਓ ਵੱਲ ਇਕ ਡਾਲਰ ਵਗਾਹ ਮਾਰਿਆ। ਮੇਰੇ ਪਿਓ ਨੇ ਮੁੜ ਕੇ ਜਾ ਕੇ ਮਰੋੜਿਆ ਹੋਇਆ ਡਾਲਰ ਦਾ ਨੋਟ ਚੁੱਕਿਆ ਤੇ ਲੈਮੌਂਟ ਵੱਲ ਨੂੰ ਤੁਰ ਪਿਆ।

ਦਰਿਆ ਦੇ ਲਾਗੇ ਇਕ ਵੱਡਾ ਸਾਰਾ ਫਾਰਮ ਸੀ ਜਿੱਥੇ ਬਹੁਤ ਸਾਰੇ ਬੰਡਲ ਬੰਨਣ ਵਾਲ਼ੇ ਪਏ ਸਨ। ਇਹ ਫਾਰਮ ਇਕ ਫਰਾਂਸੀਸੀ ਫਾਰਮਰ ਦੀ ਮਲਕੀਅਤ ਸੀ ਜਿਹੜਾ ਇਕ ਟਰੈਕਟਰ ਨਾਲ਼ ਫਸਲ ਕੱਟ ਰਿਹਾ ਸੀ। ਮੇਰੇ ਪਿਓ ਨੇ ਇਕ ਪਾਸੇ ਖੜ੍ਹ ਕੇ ਫਾਰਮਰ ਦੀ ਉਡੀਕ ਕੀਤੀ ਜਦ ਤੱਕ ਉਹ ਟਰੈਕਟਰ ਲੈ ਕੇ ਖੇਤ ਦੇ ਉਸ ਪਾਸੇ ਨਹੀਂ ਆ ਗਿਆ।

ਤੇਰੀਆਂ ਬਹੁਤ ਸਾਰੀਆਂ ਭਰੀਆਂ ਬੰਨ੍ਹਣ ਵਾਲ਼ੀਆਂ ਪਈਆਂ ਹਨ ਕੀ ਤੂੰ ਮੈਨੂੰ ਦਿਹਾੜੀ ਦਾ ਇਕ ਡਾਲਰ ਦੇਵੇਂਗਾ ਇਹ ਭਰੀਆਂ ਬੰਨਣ ਬਦਲੇ ?

ਫਾਰਮਰ ਨੇ ਕਿਹਾ ਕਿ ਉਹ ਦੇਵੇਗਾ। ਮੇਰੇ ਪਿਓ ਨੇ ਉੱਥੇ ਭਰੀਆਂ ਬੰਨਣੀਆਂ ਸ਼ੁਰੂ ਕਰ ਦਿੱਤੀਆਂ ਤੇ ਜਿੰਨਾ ਚਿਰ ਸਾਰਾ ਕੰਮ ਖਤਮ ਨਹੀਂ ਹੋ ਗਿਆ ਉਹ ਲੱਗਾ ਰਿਹਾ। ਉਹਨੂੰ ਉੱਥੇ ਪੰਜ ਦਿਨ ਲੱਗ ਗਏ। ਹੁਣ ਉਹਦੇ ਕੋਲ਼ ਛੇ ਡਾਲਰ ਸਨ ਪਰ ਉਹਦੇ ਕੱਪੜੇ ਸਾਰੇ ਪਾਟ ਗਏ ਸਨ।

ਤਾਜ਼ੇ ਕੱਟੇ ਬੰਡਲਾਂ ਨੂੰ ਬੰਨਣਾ ਮੁਕਾਬਲਤਨ ਸੌਖਾ ਹੁੰਦਾ ਹੈ ਕਿਉਂਕਿ ਉਹ ਹਰੇ ਅਤੇ ਸਿੱਲੇ ਹੁੰਦੇ ਹਨ। ਪਰ ਜਿਹੜੇ ਬੰਡਲ਼ ਜ਼ਿਆਦਾ ਦੇਰ ਦੇ ਪਏ ਹੁੰਦੇ ਹਨ ਉਹ ਥੱਲਿਓਂ ਚੜ੍ਹੇ ਸਲ੍ਹਾਬੇ ਕਾਰਨ ਭਾਰੇ ਹੁੰਦੇ ਹਨ ਪਰ ਉੱਪਰੋਂ ਉਹ ਸੁੱਕੇ ਹੁੰਦੇ ਹਨ ਤੇ ਖਿਲਰਦੇ ਰਹਿੰਦੇ ਹਨ ਇਸ ਕਰਕੇ ਉਨ੍ਹਾਂ ਨੂੰ ਓਨੀ ਤੇਜ਼ੀ ਨਾਲ਼ ਨਹੀਂ ਬੰਨਿਆਂ ਜਾ ਸਕਦਾ। ਉਨ੍ਹਾਂ ਨੂੰ ਰੁੱਗ ਭਰ ਭਰ ਕੇ ਸਾਵਧਾਨੀ ਨਾਲ਼ ਚੁੱਕਣਾ ਪੈਂਦਾ ਹੈ। ਸੁੱਕੇ ਹੋਏ ਬੂਟੇ ਝਰੀਟਾਂ ਪਾ ਦਿੰਦੇ ਹਨ ਅਤੇ ਕੱਪੜੇ ਪਾੜ ਦਿੰਦੇ ਹਨ। ਪੰਜ ਦਿਨਾਂ ਦੇ ਅਖੀਰ ’ਚ ਮੇਰੇ ਪਿਓ ਦੀ ਜੈਕਿਟ ਤੇ ਓਵਰਆਲ ਬੁਰੇ ਹਾਲੀਂ ਸਨ।

ਤੇ ਮੇਰੇ ਪਿਓ ਕੋਲ਼ ਸਿਰਫ ਛੇ ਡਾਲਰ ਹੀ ਸਨ। ਜੋਰ ਦਾ ਮੀਂਹ ਪੈਣਾ ਸ਼ੁਰੂ ਹੋ ਗਿਆ ਸੀ ਤੇ ਲਗਦਾ ਸੀ ਕਿ ਕੁਝ ਦਿਨਾਂ ਦੀ ਝੜੀ ਲਾ ਕੇ ਹੀ ਹਟੇਗਾ। ਕੀ ਕੀਤਾ ਜਾਵੇ ? ਮੀਂਹ ਦੇ ਦਿਨ ਲੰਘਾਉਣ ਦਾ ਇਕੋ ਇਕ ਤਰੀਕਾ ਸੀ ਕਿ ਕੋਈ ਹਮਦਰਦ ਫਾਰਮਰ ਲੱਭਿਆ ਜਾਵੇ ਜਿਹੜਾ ਤੁਹਾਨੂੰ ਆਪਣੇ ਬਾਰਨ ਜਾਂ ਦਾਣੇ ਰੱਖਣ ਵਾਲ਼ੇ ਕੋਠੇ ਵਿਚ ਮੀਂਹ ਤੋਂ ਬਚਣ ਲਈ ਸੌਂ ਲੈਣ ਦੇਵੇ। ਪਰ ਉੱਥੇ ਇਹੋ ਜਿਹਾ ਕੋਈ ਨਹੀਂ ਸੀ ਜਿਹੜਾ ਇਕ ਮਜ਼ਦੂਰ ਨੂੰ ਖਾਣ ਨੂੰ ਦੇਵੇ ਜਦ ਬਦਲੇ ਵਿਚ ਉਹਦੇ ਕੋਲ਼ੋਂ ਕੋਈ ਕੰਮ ਨਾ ਕਰਵਾਇਆ ਜਾ ਸਕਦਾ ਹੋਵੇ। ਅਤੇ ਇਸ ਗੱਲ ਦਾ ਵੀ ਕੋਈ ਪਤਾ ਨਹੀਂ ਸੀ ਕਿ ਮੀਂਹ ਬੰਦ ਹੋਣ ਬਾਅਦ ਵੀ ਕੋਈ ਕੰਮ ਹੋਵੇਗਾ ਜਾਂ ਨਹੀਂ। ਲੋਕ ਕਹਿ ਰਹੇ ਸਨ ਕਿ ਦਾਣੇ ਕੱਢਣ ਦੇ ਕੰਮ ਦਾ ਵੀ ਦਿਹਾੜੀ ਦਾ ਇਕ ਹੀ ਡਾਲਰ ਮਿਲਣਾ ਸੀ।

ਮੇਰੇ ਪਿਓ ਨੇ ਫੈਸਲਾ ਕੀਤਾ ਕਿ ਉਹ ਆਪਣੇ 6 ਡਾਲਰ ਲੈ ਕੇ ਘਰ ਮੁੜ ਜਾਵੇ। ਪਰ ਏਨੇ ਕੁ ਪੈਸਿਆਂ ਨਾਲ਼ ਉਹ ਸਿਆਲ ਕਿੱਦਾਂ ਕੱਢਣਗੇ ? ਉਹ ਲੂਣ, ਆਟਾ, ਖੰਡ ਤੇ ਮਿੱਟੀ ਦਾ ਤੇਲ ਕਾਹਦੇ ਨਾਲ਼ ਖਰੀਦਣਗੇ ?

ਉਹ ਉਸ ਵੇਲੇ ਕੋਸਟੀਸ਼ਿਨਜ਼ ਦੇ ਘਰ ਲਾਗੇ ਸੀ। ਚਾਰ ਸਾਲ ਪਹਿਲਾਂ ਕੋਸਟੀਸ਼ਿਨਜ਼ ਨੇ ਆਪਣੀ ਜ਼ੋਰਨਾ ਮੇਰੇ ਪਿਓ ਨੂੰ ਦੇਣ ਦੀ ਪੇਸ਼ਕਸ਼ ਕੀਤੀ ਸੀ ਪਰ ਮੇਰੇ ਪਿਓ ਨੇ ਲੈਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਸੀ ਕਿ ਉਹ ਕਨੇਡਾ ਨੂੰ ਇਹੋ ਜਿਹਾ ਜੀਵਨ ਜੀਣ ਖਾਤਰ ਨਹੀਂ ਸੀ ਆਇਆ। ਹੁਣ ਉਹ ਕੋਸਟੀਸ਼ਿਨਜ਼ ਨੂੰ ਫੇਰ ਮਿਲਣ ਗਿਆ। ਕੋਸਟੀਸ਼ਿਨਜ਼ ਨੇ ਉਹਨੂੰ ਲੰਚ ਖੁਆਇਆ। ਕੀ ਉਹ ਅਜੇ ਵੀ ਉਹਨੂੰ ਚੱਕੀ ਦੇਣ ਲਈ ਤਿਆਰ ਹੈ ? ਮੇਰੇ ਪਿਓ ਨੇ ਪੁੱਛਿਆ। ਉਹ ਬਿਲਕੁਲ ਤਿਆਰ ਸੀ ਪਰ ਮੁਸ਼ਕਿਲ ਇਹ ਸੀ ਕਿ ਉਹ ਮਸ਼ੀਨ ਨੂੰ ਆਪਣੇ ਘਰ ਲੈ ਕੇ ਕਿੱਦਾਂ ਜਾਵੇਗਾ ? ਥੱਲੇ ਵਾਲ਼ੇ ਪੱਥਰ ਦਾ ਭਾਰ 70 ਜਾਂ 80 ਪਾਉਂਡ ਸੀ ਤੇ ਉੱਪਰਲੇ ਪੱਥਰ ਦਾ ਭਾਰ 200 ਪਾਉਂਡ ਦੁਆਲੇ ਸੀ। ਐਡਮੰਟਨ ਤੋਂ ਰਾਈਕਰੌਫਟ ਦਾ ਗੱਡੀ ਦਾ ਟਿਕਟ ਹੀ ਇਕ ਮੁਸਾਫਰ ਲਈ 14 ਡਾਲਰਾਂ ਦਾ ਸੀ ਤੇ ਮੇਰੇ ਪਿਓ ਕੋਲ਼ ਤਾਂ ਸਿਰਫ 6 ਡਾਲਰ ਹੀ ਸਨ। ਕੋਸਟੀਸ਼ਿਨਜ਼ ਨੇ ਆਪਣੇ ਬੇਟੇ ਨੂੰ ਸੱਦਿਆ ਤੇ ਕਿਹਾ ਕਿ ਉਹ ਘੋੜਿਆਂ ਨੂੰ ਜੋੜੇ। ਕਿਉਂਕਿ ਮੀਂਹ ਪੈ ਕੇ ਹਟਿਆ ਸੀ ਤੇ ਸਭ ਕੁਝ ਗਿੱਲਾ ਸੀ ਉਹ ਕੁਝ ਵੀ ਕਰ ਨਹੀਂ ਸਨ ਰਹੇ, ਇਸ ਤਰ੍ਹਾਂ ਉਹਦਾ ਪੁੱਤਰ ਮੇਰੇ ਪਿਓ ਨੂੰ ਜ਼ੋਰਨਾ ਸਣੇ 14 ਮੀਲ ਦੂਰ ਲੈਮੌਂਟ ਛੱਡ ਕੇ ਆਇਆ।

ਲੈਮੌਂਟ ਜਾਂਦਿਆਂ ਹੀ ਮੇਰਾ ਪਿਓ ਸਿੱਧਾ ਤਾਰਨੌਵ ਨਾਂ ਦੇ ਯੁਕਰੇਨੀਅਨ ਯਹੂਦੀ ਦੀ ਦੁਕਾਨ ਵਿਚ ਗਿਆ। ਸਾਰੇ ਤਾਰਨੌਵ ਦੀ ਦੁਕਾਨ ’ਤੇ ਹੀ ਜਾਂਦੇ ਹੁੰਦੇ ਸਨ। ਜਿਹੜੇ ਯੁਕਰੇਨੀਅਨ ਆਪਣੇ ਪੁਰਾਣੇ ਮੁਲਕ ਵਿਚ ਯਹੂਦੀਆਂ ਖਿਲਾਫ ਜ਼ਹਿਰ ਨਾਲ਼ ਭਰੇ ਹੁੰਦੇ ਸਨ ਉਨ੍ਹਾਂ ਨੂੰ ਵੀ ਏਥੇ ਆ ਕੇ ਅਹਿਸਾਸ ਹੋਇਆ ਕਿ ਉਨ੍ਹਾਂ ਦੀ ਮੱਦਦ ’ਤੇ ਸਿਰਫ ਉਹ ਯਹੂਦੀ ਹੀ ਬਹੁੜਦੇ ਸਨ ਜਿਹੜੇ ਏਥੇ ਪਹਿਲਾਂ ਦੇ ਆਏ ਹੋਏ ਸਨ। ਯਹੂਦੀਆਂ ਦੇ ਪੱਖੋਂ ਇਹ ਗੱਲ ਸੀ ਕਿ ਉਨ੍ਹਾਂ ਨਾਲ਼ ਇਸ ਮੁਲਕ ਵਿਚ ਵੀ ਉਸੇ ਤਰ੍ਹਾਂ ਹੀ ਨਫਰਤ ਕੀਤੀ ਜਾਂਦੀ ਸੀ ਜਿੱਦਾਂ ਪੁਰਾਣੇ ਮੁਲਕ ਵਿਚ, ਇਸ ਕਰਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਹੁੰਦੀ ਸੀ ਜਦੋਂ ਉਹ ਕਿਸੇ ਅਜਿਹੇ ਬੰਦੇ ਨੂੰ ਮਿਲਦੇ ਜੋ ਉਨ੍ਹਾਂ ਦੀ ਬੋਲੀ ਬੋਲ ਸਕਦਾ ਹੋਵੇ ਤੇ ਉਨ੍ਹਾਂ ਦੇ ਸਭਿਆਚਾਰ ਤੋਂ ਵਾਕਿਫ ਹੋਵੇ।

ਤਾਰਨੌਵ ਦਾ ਛੋਟਾ ਜਿਹਾ ਕਾਰੋਬਾਰ ਸੀ, ਜਿਹਦੇ ਵਿਚ ਇਕ ਦੁਕਾਨ, ਰੈਸਟੋਰੈਂਟ ਤੇ ਹੋਰ ਛੋਟੀਆਂ ਮੋਟੀਆਂ ਚੀਜ਼ਾਂ। ਉਹ ਲੋੜ ਵੇਲੇ ਲੋਕਾਂ ਨੂੰ ਰਹਿਣ ਲਈ ਥਾਂ ਦੇ ਦਿੰਦਾ, ਖਾਣਾ ਦੇ ਦਿੰਦਾ, ਉਨ੍ਹਾਂ ਲਈ ਉਨ੍ਹਾਂ ਦੀ ਡਾਕ ਸਾਂਭ ਰੱਖਦਾ, ਕਾਨੂੰਨੀ ਮਸਲਿਆਂ ਬਾਰੇ ਉਨ੍ਹਾਂ ਨੂੰ ਸਲਾਹ ਮਸ਼ਵਰਾ ਦੇ ਦਿੰਦਾ, ਚਿੱਠੀਆਂ ਲਿਖ ਦਿੰਦਾ, ਹੋਰ ਵੀ ਜੋ ਕੁਝ ਇਹੋ ਜਿਹਾ ਕਰਨ ਦੀ ਲੋੜ ਹੁੰਦੀ ਕਰ ਦਿੰਦਾ। ਉਹ ਪੂਰਾ ਅਸੂਲੀ ਤੇ ਇਮਾਨਦਾਰ ਸੀ ਤੇ ਜਦੋਂ ਉਹਨੂੰ ਪਤਾ ਹੋਵੇ ਕਿ ਅਗਲੇ ਕੋਲ਼ ਪੈਸੇ ਨਹੀਂ ਤਾਂ ਉਸ ਵੇਲੇ ਉਹਦੇ ਕੋਲ਼ੋਂ ਪੈਸੇ ਨਹੀਂ ਸੀ ਮੰਗਦਾ।

ਮੇਰੇ ਪਿਓ ਨੇ ਰਾਤ ਉੱਥੇ ਕੱਟੀ। ਤਾਰਨੌਵ ਨੇ ਉਹਨੂੰ ਸਵੇਰ ਨੂੰ ਸਲਾਹ ਦਿੱਤੀ ਕਿ ਉਹ ਨੇੜੇ ਪੈਂਦੇ ਪਸ਼ੂਆਂ ਦੇ ਬਾੜੇ (ਸਟੌਕਯਾਰਡ) ਨੂੰ ਜਾਵੇ ਕਿਉਂਕਿ ਉਹ ਪਸ਼ੂਆਂ ਨੂੰ ਐਡਮੰਟਨ ਵਾਸਤੇ ਗੱਡੀ ਵਿਚ ਚਾੜ੍ਹ ਰਹੇ ਸਨ।

ਜਿਸ ਵੇਲੇ ਮੇਰਾ ਪਿਓ ਆਪਣੀ ਆਟਾ ਪੀਹਣ ਵਾਲ਼ੀ ਮਸ਼ੀਨ ਲੈ ਕੇ ਸਟੌਕਯਾਰਡ ਵਿਚ ਪਹੁੰਚਿਆ ਉੱਥੇ ਉਹਨੂੰ ਇਕ ਯੁਕਰੇਨੀਅਨ ਕਿਸਾਨ ਮਿਲ਼ ਪਿਆ ਜਿਹੜਾ ਆਪਣੇ ਸੂਰ ਐਡਮੰਟਨ ਨੂੰ ਲੈ ਕੇ ਜਾ ਰਿਹਾ ਸੀ। ਉਸ ਕਿਸਾਨ ਨੇ ਮੇਰੇ ਪਿਓ ਨੂੰ ਕਿਹਾ ਕਿ ਉਹ ਉਹਦੇ ਨਾਲ਼ ਆ ਸਕਦਾ ਸੀ ਜੇ ਉਹ ਉਹਨੂੰ ਪੰਜ ਡਾਲਰ ਦੇ ਦੇਵੇ। ਮੇਰੇ ਪਿਓ ਨੇ ਉਹਨੂੰ ਕਿਹਾ ਕਿ ਉਹਨੇ ਫਸਲਾਂ ਦੇ ਕੰਮ ਵਿਚੋਂ ਸਿਰਫ 6 ਡਾਲਰ ਕਮਾਏ ਹਨ ਤੇ ਐਡਮੰਟਨ ਉਹਦੇ ਘਰ ਤੋਂ ਫੇਰ ਵੀ ਕਾਫੀ ਦੂਰ ਸੀ। ਸੋ ਉਨ੍ਹਾਂ ਦਾ ਅਖੀਰ ਵਿਚ ਇਕ ਡਾਲਰ ਪੱਚੀਆਂ ਸੈਂਟਾਂ ’ਤੇ ਫੈਸਲਾ ਹੋ ਗਿਆ। ਮੇਰੇ ਪਿਓ ਕੋਲ਼ ਹੁਣ ਚਾਰ ਡਾਲਰ ਤੇ ਪਝੱਤਰ ਸੈਂਟ ਬਚਦੇ ਸਨ।

ਕਿਸਾਨ ਆਪਣੇ ਸੂਰਾਂ ਨੂੰ ਐਡਮੰਟਨ ਵਿਚ 101 ਸਟਰੀਟ ’ਤੇ ਲੈ ਕੇ ਜਾ ਰਿਹਾ ਸੀ ਜਿਹੜੀ ਸਟਰੀਟ ਉੱਤੇ ਇਮੀਗਰੇਸ਼ਨ ਹਾਲ ਹੈ। ਉਹਨੇ ਮੇਰੇ ਪਿਓ ਨੂੰ ਉਹਦੀ ਚੱਕੀ ਸਣੇ ਉੱਥੇ ਛੱਡ ਦਿੱਤਾ। ਮੇਰੇ ਪਿਓ ਨੇ ਚੱਕੀ ਦੇ ਛੋਟੇ ਪੁੜ ਨੂੰ ਇਮੀਗਰੇਸ਼ਨ ਹਾਲ ਦੀਆਂ ਪੌੜੀਆਂ ਦੇ ਥੱਲੇ ਲੁਕਾ ਦਿੱਤਾ ਅਤੇ ਦੂਜੇ ਵੱਡੇ ਪੁੜ ਨੂੰ ਚਾਦਰ ਵਿਚ ਲਪੇਟ ਕੇ ਪਿੱਠ ’ਤੇ ਚੁੱਕ ਕੇ ਪੰਜ ਮੀਲ ਦੂਰੀ ’ਤੇ ਪੈਂਦੇ ਡੁਨਵੇਗਨ ਫਰਾਈਟ ਮਾਰਸ਼ਲਿੰਗ ਯਾਰਡ ਵੱਲ ਨੂੰ ਤੁਰ ਪਿਆ।

ਦੋ ਸੌ ਪਾਉਂਡ ਕਾਫੀ ਵਜ਼ਨ ਹੁੰਦਾ ਹੈ ਤੇ ਹੁਣ ਹਨੇਰਾ ਵੀ ਵਧ ਰਿਹਾ ਸੀ। ਕਈ ਐਲੀਵੇਟਰਾਂ ਦੇ ਕੋਲ਼ ਦੀ ਲੰਘਦਿਆਂ ਉਹ ਉਨ੍ਹਾਂ ਨਾਲ਼ ਲੱਗ ਕੇ ਕੁਝ ਦੇਰ ਆਰਾਮ ਕਰ ਲੈਂਦਾ। ਥੋੜੀ ਦੂਰੀ ’ਤੇ ਉਹਨੇ ਆਪਣੇ ਵੱਲ ਆਉਂਦੀ ਇਕ ਬੈਟਰੀ ਦੀ ਲੋਅ ਦੇਖੀ ਪਰ ਉਹਨੇ ਓਨਾਂ ਚਿਰ ਉਹਦੀ ਵੱਲ ਕੋਈ ਧਿਆਨ ਨਾ ਦਿੱਤਾ ਜਿੰਨਾ ਚਿਰ ਉਹ ਵਿਅਕਤੀ ਉਹਦੇ ਕੋਲ਼ ਨਾ ਆ ਗਿਆ।

ਤੂੰ ਕੀ ਚੁੱਕੀ ਲਈ ਜਾ ਰਿਹਾ ਹੈਂ ? ਬੈਟਰੀ ਵਾਲ਼ੇ ਵਿਅਕਤੀ ਨੇ ਪੁੱਛਿਆ।

ਸੋਨਾ, ਮੇਰੇ ਪਿਓ ਨੇ ਖਿੱਝ ਨਾਲ਼ ਜਵਾਬ ਦਿੱਤਾ ਤੇ ਅੱਗੇ ਤੁਰਨ ਲਈ ਕਦਮ ਪੁੱਟਿਆ।

ਉਸ ਬੰਦੇ ਨੇ ਪੱਥਰ ਨੂੰ ਹੱਥ ਪਾਇਆ ਪਰ ਕਿਉਂਕਿ ਉਹ ਬਹੁਤ ਭਾਰਾ ਸੀ ਇਸ ਲਈ ਮੇਰਾ ਪਿਓ ਡਿੱਗ ਪਿਆ। ਥੱਲੇ ਡਿੱਗਿਆ ਪਿਆ ਉਹ ਗਾਲ਼ਾਂ ਕੱਢਣ ਲੱਗ ਪਿਆ ਪਰ ਉਹ ਠੀਕ ਤਰ੍ਹਾਂ ਗਾਲ਼ਾਂ ਕੱਢਣ ਜੋਗੀ ਅੰਗ੍ਰੇਜ਼ੀ ਨਹੀਂ ਸੀ ਜਾਣਦਾ।

ਤੂੰ ਕਿਹੜੀ ਜ਼ਬਾਨ ਬੋਲਦਾ ਏਂ ? ਉਸ ਬੰਦੇ ਨੇ ਪੁੱਛਿਆ।

ਯੁਕਰੇਨੀਅਨ, ਮੇਰੇ ਪਿਓ ਨੇ ਜਵਾਬ ਦਿੱਤਾ, ਤੇ ਉਹਨੂੰ ਹੈਰਾਨੀ ਹੋਈ ਜਦੋਂ ਉਹ ਬੰਦਾ ਵੀ ਯੁਕਰੇਨੀਅਨ ਹੀ ਬੋਲਣ ਲੱਗ ਪਿਆ। ਤਿੰਨ ਜ਼ੁਬਾਨਾਂ ਬੋਲ ਸਕਣ ਵਾਲ਼ਾ ਉਹ ਬੰਦਾ ਬਰੁਡਰਹਾਈਮ ਤੋਂ ਆਇਆ ਹੋਇਆ ਜਰਮਨ ਪਿਛੋਕੜ ਦਾ ਆਰ ਸੀ ਐਮ ਪੀ ਦਾ ਸਿਪਾਹੀ ਸੀ। ਮੇਰੇ ਪਿਓ ਨੇ ਉਹਨੂੰ ਦੱਸਿਆ ਕਿ ਉਹਨੇ ਇਸ ਸਾਲ ਦੀ ਫਸਲ ’ਤੇ ਬਹੁਤੇ ਪੈਸੇ ਨਹੀਂ ਕਮਾਏ ਤੇ ਕਿਸੇ ਨੇ ਉਹਨੂੰ ਆਟਾ ਪੀਹਣ ਵਾਲ਼ੀ ਚੱਕੀ ਦੇ ਦਿੱਤੀ ਹੈ ਜਿਸ ਨੂੰ ਉਹ ਘਰ ਲੈ ਕੇ ਜਾ ਰਿਹਾ ਹੈ।

ਤੂੰ ਇਹਨੂੰ ਘਰ ਕਿੱਦਾਂ ਲੈ ਕੇ ਜਾਵੇਂਗਾ? ਉਸ ਨੇ ਪੁੱਛਿਆ।

ਉਹਦੀ ਮੈਂ ਸਕੀਮ ਬਣਾਈ ਹੋਈ ਹੈ। ਮੈਂ ਪੁੜਾਂ ਨੂੰ ਗੱਡੀ ਦੇ ਡੱਬੇ ਦੇ ਥੱਲੇ ਬੰਨ ਦੇਵਾਂਗਾ ਜਦੋਂ ਕਿ ਗੱਡੀ ਅਜੇ ਮਾਰਸ਼ਲਿੰਗ ਯਾਰਡ ਵਿਚ ਹੀ ਹੋਵੇਗੀ ਤੇ ਫੇਰ ਜਦੋਂ ਗੱਡੀ ਤੁਰੇਗੀ ਮੈਂ ਮਲਕਚਾਰੇ ਉਸੇ ਗੱਡੀ ’ਤੇ ਸਵਾਰ ਹੋ ਜਾਵਾਂਗਾ ਅਤੇ ਇਸ ਤਰ੍ਹਾਂ ਰਾਈਕਰੌਫਟ ਪਹੁੰਚ ਜਾਵਾਂਗਾ।

ਪਰ ਜੇ ਤੇਰੇ ਕੋਲ਼ੋਂ ਏਦਾਂ ਨਾ ਕਰ ਹੋਇਆ? ਜੇ ਤੂੰ ਪੱਥਰਾਂ ਸਣੇ ਗੱਡੀ ਵਿਚੋਂ ਛਾਲ ਮਾਰਨ ਦੀ ਕੋਸ਼ਿਸ਼ ਕੀਤੀ? ਚਲਦੀ ਗੱਡੀ ਵਿਚੋਂ ਛਾਲ ਮਾਰਨੀ ਤਾਂ ਕੱਲੇ ਬੰਦੇ ਲਈ ਹੀ ਬਹੁਤ ਔਖੀ ਹੁੰਦੀ ਹੈ ਤੇ ਜੇ ਤੂੰ ਪਿੱਠ ਪਿੱਛੇ ਏਨਾ ਭਾਰ ਲੈ ਕੇ ਛਾਲ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਗੱਡੀ ਥੱਲੇ ਡਿੱਗ ਪਵੇਂਗਾ ਤੇ ਕੱਟਿਆ ਜਾਵੇਂਗਾ।

ਮੈਂ ਇਹ ਖਤਰਾ ਲੈ ਲਵਾਂਗਾ, ਮੇਰੇ ਪਿਓ ਨੇ ਕਿਹਾ, ਮੇਰੇ ਕੋਲ਼ ਹੋਰ ਕੋਈ ਰਾਹ ਵੀ ਤਾਂ ਨਹੀਂ।

ਮੂਰਖ ਨਾ ਬਣ। ਆਰ ਸੀ ਐਮ ਪੀ ਦੇ ਦਫਤਰ ਨੂੰ ਜਾਹ ਤੇ ਉਹ ਤੈਨੂੰ ਗੱਡੀ ਵਿਚ ਮੁਫਤ ਸਫਰ ਕਰਨ ਦੀ ਆਗਿਆ ਦੇ ਦੇਣਗੇ।

ਮੇਰਾ ਪਿਓ ਉਸ ਦੀ ਇਸ ਗੱਲ ’ਤੇ ਹੱਸ ਪਿਆ। ਪੁਲਸ ਮੈਨੂੰ ਆਗਿਆ ਦੇ ਦੇਵੇਗੀ? ਉਹ ਤਾਂ ਅਮੀਰਾਂ ਦੇ (ਬੁਰਜੁਆਜ਼ੀ) ਏਜੰਟ ਹਨ। ਪਾਂਹਨਸਕੀ ਸੋਬਾਕੀ। ਤੂੰ ਇਕ ਗਰੀਬ ਦੀ ਕਿਓਂ ਮਦਦ ਕਰੇਂਗਾ।

ਤੂੰ ਤਾਂ ਕਮਿਉਨਿਸਟਾਂ ਵਾਂਗ ਗੱਲਾਂ ਕਰਦਾ ਏਂ। ਤੈਨੂੰ ਲਾਲ ਐਨਕਾਂ ਰਾਹੀਂ ਦੇਖਣਾ ਕਿਹਨੇ ਸਿਖਾਲਿਆ ਹੈ?

ਲਾਲ ਐਨਕਾਂ! ਮੈਨੂੰ ਏਥੇ ਆਏ ਨੂੰ ਛੇ ਸਾਲ ਹੋਏ ਹਨ, ਮੈਂ ਆਪਣੇ ਪੁਰਾਣੇ ਮੁਲਕ ਨਾਲੋਂ ਕਿਤੇ ਜ਼ਿਆਦਾ ਸਖਤ ਕੰਮ ਕਰਦਾ ਹਾਂ ਤੇ ਪੱਲੇ ਕੁਝ ਵੀ ਨਹੀਂ। ਮੈਨੂੰ ਖੁਦ ਆਪਣੀ ਹਾਲਤ ਨਹੀਂ ਦਿਸਦੀ? ਮੇਰੇ ਘਰ ਵਾਲ਼ੀ ਤੇ ਬੱਚੇ ਘਰ ਬੈਠੇ ਮੇਰੀ ਉਡੀਕ ਕਰ ਰਹੇ ਹਨ ਕਿ ਮੈਂ ਸਿਆਲ਼ ਕੱਢਣ ਜੋਗੇ ਪੈਸੇ ਕਮਾ ਕੇ ਲਿਆਵਾਂ। ਲਾਲ ਐਨਕਾਂ ਮੈਨੂੰ ਕੋਈ ਹੋਰ ਦੇਵੇਗਾ? ਮੈਨੂੰ ਖੁਦ ਨਹੀਂ ਇਹ ਸਭ ਕੁਝ ਦਿਸਦਾ?

ਸਭ ਠੀਕ ਹੋ ਜਾਵੇਗਾ। ਪਰ ਇਸ ਵੇਲੇ ਪੁਲਸ ਤੇਰੀ ਮੱਦਦ ਕਰ ਦੇਵੇਗੀ। ਉਹਨੇ ਮੇਰੇ ਪਿਓ ਨੂੰ ਇਕ ਪਤਾ ਦਿੱਤਾ।

ਮੇਰਾ ਪਿਓ ਮਾਰਸ਼ਲਿੰਗ ਯਾਰਡ ਵਲ ਤੁਰਦਾ ਰਿਹਾ ਤੇ ਉੱਥੇ ਜਾ ਕੇ ਉਹਨੇ ਉਹ ਪੱਥਰ ਲੁਕੋ ਦਿੱਤਾ। ਉਹ ਮੁੜਦੇ ਫੇਰੇ ਦੂਜਾ ਪੱਥਰ ਵੀ ਉੱਥੇ ਲੈ ਆਇਆ। ਫੇਰ ਉਹ ਮੁੜ ਕੇ ਜਾ ਕੇ ਇਮੀਗਰੇਸ਼ਨ ਹਾਲ ਦੀਆਂ ਪੌੜੀਆਂ ਥੱਲੇ ਸੌਂ ਗਿਆ। ਸਵੇਰ ਨੂੰ ਉਹ ਮੁਫਤ ਮਿਲਦੇ ਖਾਣੇ ਵਾਲ਼ੀ ਕਤਾਰ ਵਿਚ ਖੜ੍ਹ ਗਿਆ। ਉਹਨੇ ਦਲ਼ੀਆ ਖਾਧਾ ਤੇ ਉਹ ਉਸ ਜਗ੍ਹਾ ਵੱਲ ਨੂੰ ਚਲੇ ਗਿਆ ਜਿੱਥੇ ਦਾ ਪਤਾ ਉਹਨੂੰ ਰਾਤੀਂ ਪੁਲਸੀਏ ਨੇ ਦਿੱਤਾ ਸੀ।

ਤੇਰਾ ਖਿਆਲ ਸੀ ਕਿ ਉਹ ਤੇਰੀ ਮੱਦਦ ਕਰਨਗੇ? ਮੈਂ ਆਪਣੇ ਪਿਓ ਨੂੰ ਪੁੱਛਿਆ।

ਨਾ, ਮੈਨੂੰ ਬਿਲਕੁਲ ਕੋਈ ਭੁਲੇਖਾ ਨਹੀਂ ਸੀ। ਮੈਂ ਪੂੰਜੀਵਾਦੀ ਢਾਂਚੇ ਖਿਲਾਫ ਸਬੂਤ ਪ੍ਰਾਪਤ ਕਰਨਾ ਚਾਹੁੰਦਾ ਸੀ।

ਸੱਚੀਂ, ਤੇਰੇ ਕੋਲ਼ ਲੋੜ ਜੋਗੇ ਸਬੂਤ ਨਹੀਂ ਸਨ? – ਤੂੰ ਕੋਈ ਕਮਾਈ ਨਹੀਂ ਸੀ ਕਰ ਰਿਹਾ, ਤੇ ਉਹ ਤੇਰਾ ਫਜ਼ੂਲ ਜਿਹਾ ਘਰ, ਫਾਰਮ ਤੇ ਨਾ ਕੋਈ ਸੜਕ ਨਾ ਰਾਹ। ਤੈਨੂੰ ਪੁਲਸੀਆਂ ਅੱਗੇ ਹੱਥ ਅੱਡ ਕੇ ਹੋਰ ਸਬੂਤ ਮੰਗਣ ਦੀ ਲੋੜ ਸੀ?

ਮੇਰੇ ਪਿਓ ਨੇ ਵੋਦਕਾ ਦੀ ਬੋਤਲ, ਜਿਹੜੀ ਮੈਂ ਉਹਦੇ ਮੂਹਰੇ ਰੱਖੀ ਸੀ, ਵਿਚੋਂ ਘੁੱਟ ਭਰਦਿਆ ਕਿਹਾ, ਚੱਲ ਛੱਡ। ਤੀਹ ਵਰ੍ਹੇ ਪਹਿਲਾਂ ਮੈਂ ਸਵੇਰ ਨੂੰ ਅੱਠ ਵਜੇ ਠਾਣੇ ਅੱਗੇ ਜਾ ਕੇ ਖੜ੍ਹਾ ਸੀ। ਉਹ ਜਰਮਨ ਸਿਪਾਹੀ ਤਾਂ ਉੱਥੇ ਹੈ ਨਹੀਂ ਸੀ ਪਰ ਉੱਥੇ ਕੋਈ ਹੋਰ ਸਾਰਜੈਂਟ ਵਗੈਰਾ ਸੀ। ਉਹਨੇ ਮੈਨੂੰ ਪੁੱਛਿਆ, ਤੈਨੂੰ ਕੀ ਚਾਹੀਦਾ ਹੈ? ਮੈਂ ਆਪਣੀ ਪਾਟੀ ਜੈਕਟ ਦੀ ਬਾਂਹ ਉਹਦੇ ਵੱਲ ਹਿਲਾਈ। ਫੇਰ ਮੈਂ ਥੱਲੇ ਨੂੰ ਮੂਧਾ ਹੋ ਕੇ ਆਪਣੇ ਪਾਟੇ ਹੋਏ ਓਵਰਆਲ ਦੀਆਂ ਲੱਤਾਂ ਹਿਲਾਈਆਂ। ਫੇਰ ਮੈਂ ਆਪਣੀ ਪੈਂਟ ਦੀ ਲੱਤ ਉੱਪਰ ਨੂੰ ਚੁੱਕੀ ਤਾਂ ਕਿ ਉਹ ਮੇਰੇ ਟੱਲੀ ਦੇ ਪਾਟੇ ਹੋਏ ਬੂਟ ਦੇਖ ਸਕੇ ਜਿਨ੍ਹਾਂ ਨੂੰ ਮੈਂ ਤਿੜ ਜਿਹੀ ਨਾਲ਼ ਮੁਰੰਮਤ ਕੀਤਾ ਹੋਇਆ ਸੀ। ਆਪਣੀ ਟੁੱਟੀ ਹੋਈ ਅੰਗ੍ਰੇਜ਼ੀ ਵਿਚ ਮੈਂ ਉਹਨੂੰ ਆਪਣੇ ਕਮਾਏ ਛੇ ਡਾਲਰਾਂ ਬਾਰੇ, ਆਪਣੀ ਪਤਨੀ ਤੇ ਬੱਚਿਆਂ ਬਾਰੇ ਤੇ ਜ਼ੋਰਨਾ ਬਾਰੇ ਦੱਸਿਆ। ਮੈਂ ਉਹਨੂੰ ਆਪਣੇ ਬਚੇ ਹੋਏ ਚਾਰ ਡਾਲਰ ਤੇ ਪਝੱਤਰ ਸੈਂਟ ਵੀ ਦਿਖਾ ਦਿੱਤੇ। ਉਹ ਕਹਿੰਦਾ ਕਿ ਉਹ ਮੇਰੀ ਸਮੱਸਿਆ ਸਮਝਦਾ ਸੀ ਤੇ ਦੁਖੀ ਤੇ ਹੈਰਾਨ ਸੀ ਪਰ ਆਰ ਸੀ ਐਮ ਪੀ ਕੋਲ਼ ਇਸ ਕਿਸਮ ਦੀ ਸਥਿਤੀ ਵਿਚ ਮਦਦ ਕਰਨ ਵਾਸਤੇ ਕੋਈ ਪੈਸੇ ਨਹੀਂ ਸਨ। ਮੈਂ ਦੇਖ ਸਕਦਾ ਸੀ ਕਿ ਉਹ ਇਹ ਗੱਲ ਦਿਲੋਂ ਕਹਿ ਰਿਹਾ ਸੀ ਤੇ ਉਹ ਮੈਨੂੰ ਆਪਣੀ ਜੇਬ ਵਿਚੋਂ ਵੀ ਪੈਸੇ ਦੇ ਦਿੰਦਾ ਜੇ ਉਹਦੇ ਕੋਲ਼ ਹੁੰਦੇ ਪਰ ਉਨ੍ਹਾਂ ਦਿਨਾਂ ਵਿਚ ਪੁਲਸ ਵਾਲਿਆਂ ਨੂੰ ਵੀ ਕੋਈ ਏਨੀ ਬਹੁਤੀ ਤਨਖਾਹ ਨਹੀਂ ਸੀ ਮਿਲਦੀ। ਸਾਰਜੈਂਟ ਨੇ ਮੈਨੂੰ ਕਿਹਾ ਕਿ ਮੈਂ ਉਹ ਪੱਥਰ ਲੈ ਕੇ ਗੱਡੀ ਨਹੀਂ ਚੜ੍ਹ ਸਕਦਾ ਕਿਉਂਕਿ ਇਸ ਤਰ੍ਹਾਂ ਤੂੰ ਮਰ ਸਕਦਾ ਏਂ। ਮੈਨੂੰ ਤੇਰੇ ਨਾਲ਼ ਹਮਦਰਦੀ ਹੈ ਪਰ ਜੇ ਅਸੀਂ ਤੈਨੂੰ ਕੱਲ੍ਹ ਨੂੰ ਗੱਡੀ ਚੜ੍ਹਨ ਦੀ ਕੋਸ਼ਿਸ਼ ਕਰਦੇ ਨੂੰ ਦੇਖ ਲਿਆ ਤਾਂ ਫੜ੍ਹ ਲਵਾਂਗੇ ਤੇ ਜੇਲ੍ਹ ਵਿਚ ਸੁੱਟ ਦੇਵਾਂਗੇ ਤਾਂ ਕਿ ਮਰ ਕੇ ਆਪਣੇ ਬੱਚਿਆਂ ਨੂੰ ਲਾਵਾਰਸ ਨਾ ਛੱਡ ਜਾਵੇਂ।

ਸਾਰਜੈਂਟ ਨੇ ਮੇਰੇ ਪਿਓ ਨੂੰ ਮਦਦ ਵਾਲ਼ੇ ਦਫਤਰ ਦਾ ਪਤਾ ਦਿੱਤਾ। ਤੇ ਮੇਰਾ ਪਿਓ ਉੱਥੇ ਚਲੇ ਗਿਆ। ਉੱਥੇ ਜਾ ਕੇ ਵੀ ਉਹਨੇ ਉਹੀ ਪਹਿਲਾਂ ਵਾਂਗ ਆਪਣੀਆਂ ਲੱਤਾਂ ਬਾਹਾਂ ਹਿਲਾ ਆਪਣੇ ਪਾਟੇ ਕੱਪੜੇ ਤੇ ਬੂਟ ਦਿਖਾਏ। ਉਨ੍ਹਾਂ ਨੇ ਵੀ ਹਮਦਰਦੀ ਦਿਖਾਈ ਪਰ ਕਿਹਾ ਕਿ ਉਹ ਸਿਰਫ ਐਡਮੰਟਨ ਸ਼ਹਿਰ ਵਾਸੀਆਂ ਦੀ ਹੀ ਮਦਦ ਕਰ ਸਕਦੇ ਸਨ ਤੇ ਉਹਨੂੰ ਸ਼ਹਿਰ ਦੀ ਹੱਦ ਤੋਂ ਬਾਹਰ ਗੱਡੀ ਵਿਚ ਸਫਰ ਕਰਨ ਲਈ ਮੁਫਤ ਟਿਕਟ ਨਹੀਂ ਸਨ ਦੇ ਸਕਦੇ। ਉਹ ਤਾਂ ਉਹਨੂੰ ਖਾਣੇ ਲਈ ਪਰਚੀ ਦੇਣ ਤੋਂ ਵੀ ਨਾਂਹ ਕਰ ਗਏ ਕਿਉਂਕਿ ਉਹਨੇ ਆਪਣੇ ਕੋਲ਼ ਦੇ ਚਾਰ ਡਾਲਰ ਤੇ ਪਝੱਤਰ ਸੈਂਟ ਦਿਖਾ ਦਿੱਤੇ ਸਨ। ਉਨ੍ਹਾਂ ਨੇ ਉਹਨੂੰ ਪਾਰਲੀਮੈਂਟ ਦੀ ਇਮਾਰਤ ਲਾਗੇ ਇਕ ਹੋਰ ਥਾਂ ਭੇਜ ਦਿੱਤਾ। ਉਸ ਦਫਤਰ ਦੇ ਬਾਹਰ ਇਕ ਨਾਂ ਲਿਖਿਆ ਹੋਇਆ ਸੀ: ਮਿਸਟਰ ਮਕੈਂਜ਼ੀ। ਮੇਰਾ ਪਿਓ ਉਸ ਦਫਤਰ ਦੇ ਅੰਦਰ ਗਿਆ ਜਿੱਥੇ ਇਕ ਸੈਕਰੇਟਰੀ ਬੈਠੀ ਸੀ। ਉਹਨੇ ਆਪਣੀ ਪਾਟੀ ਜੈਕਟ ਹਿਲਾਈ, ਪੈਂਟ ਦਿਖਾਈ ਤੇ ਆਪਣੇ ਤਿੜ ਨਾਲ਼ ਬੰਨ੍ਹੇ ਪਾਟੇ ਹੋਏ ਬੂਟ ਦਿਖਾਏ।

ਸੈਕਰੇਟਰੀ ਨੇ ਆਪਣੇ ਮੋਢੇ ਉੱਪਰਦੀ ਪਿਛਾਂਹ ਨੂੰ ਦੇਖਦਿਆਂ ਵਾਜ ਮਾਰੀ: ਮਿਸਟਰ ਮਕੈਂਜ਼ੀ। ਇਕ ਪਾਹਨ (ਅਫਸਰ) ਅੰਦਰ ਆਇਆ ਤੇ ਮੇਰੇ ਪਿਓ ਨੇ ਫੇਰ ਆਪਣੀਆਂ ਲੱਤਾਂ ਬਾਹਾਂ ਹਿਲਾਉਣੀਆਂ ਸ਼ੁਰੂ ਕਰ ਦਿੱਤੀਆਂ ਪਰ ਮਿਸਟਰ ਮਕੈਂਜ਼ੀ ਨੇ ਉਹਨੂੰ ਕਿਹਾ ਕਿ ਕਿਰਪਾ ਕਰਕੇ ਉਹ ਸਭ ਕੁਝ ਨਾ ਦੁਹਰਾਵੇ ਕਿਉਂਕਿ ਉਹਨੂੰ ਪਹਿਲਾਂ ਹੀ ਇਸ ਕਹਾਣੀ ਦਾ ਪਤਾ ਲੱਗ ਚੁੱਕਾ ਹੈ।

ਤੈਨੂੰ ਕਨੇਡਾ ਵਿਚ ਰਹਿੰਦਿਆਂ ਕਿੰਨਾ ਚਿਰ ਹੋਇਆ ਹੈ? ਉਹਨੇ ਪੁੱਛਿਆ।

ਛੇ ਸਾਲ, ਮੇਰੇ ਪਿਓ ਨੇ ਜਵਾਬ ਦਿੱਤਾ।

ਕੀ ਤੂੰ ਕਨੇਡੀਅਨ ਨਾਗਰਿਕ ਹੈਂ?

ਨਹੀਂ।

ਕਿਉਂ ਨਹੀਂ?

ਮੈਨੂੰ ਵਕਤ ਹੀ ਨਹੀਂ ਮਿਲਿਆ। ਮੈਂ ਫਸਲਾਂ ਬੀਜਣ ਲਈ ਧਰਤੀ ਸਾਫ ਕਰਦਾ ਰਿਹਾ ਹਾਂ, ਉਧਾਰ ਲਏ ਹੋਏ ਪੈਸੇ ਮੋੜਦਾ ਰਿਹਾ ਹਾਂ, ਘਰ ਬਣਾਉਂਦਾ ਰਿਹਾ ਹਾਂ, ਫਸਲਾਂ ਉਗਾਉਂਦਾ ਰਿਹਾ ਹਾਂ। ਨਾ ਹੀ ਮੇਰੇ ਕੋਲ਼ ਅਰਜ਼ੀ ਦੇਣ ਲਈ ਪੈਸੇ ਸਨ।

ਫੇਰ ਅਸੀਂ ਤੇਰੀ ਕੋਈ ਮਦਦ ਨਹੀਂ ਕਰ ਸਕਦੇ। ਤੂੰ ਕਨੇਡੀਅਨ ਸ਼ਹਿਰੀ ਨਹੀਂ।

ਪਰ ਮੈਨੂੰ ਮਦਦ ਦੀ ਲੋੜ ਹੈ।

ਸਾਨੂੰ ਤੇਰੇ ਵਰਗੇ ਲੋਕਾਂ ਦੀ ਏਥੇ ਲੋੜ ਨਹੀਂ! ਮੈਂ ਤੈਨੂੰ ਮੁੜ ਕੇ ਰੂਸ ਜਾਣ ਦੀ ਟਿਕਟ ਦੇ ਸਕਦਾ ਹਾਂ।

ਮੇਰੇ ਪਿਓ ਨੇ ਕਿਹਾ, ਮੈਨੂੰ ਮਦਦ ਦੀ ਲੋੜ ਹੈ ਤੇ ਮੈਂ ਏਥੇ ਇਸ ਦਫਤਰ ਵਿਚ ਓਨਾਂ ਚਿਰ ਬੈਠਾ ਰਹਿਣਾ ਜਿੰਨਾ ਚਿਰ ਮੈਨੂੰ ਮਦਦ ਨਹੀਂ ਮਿਲਦੀ।

ਉਹ ਸਾਰਾ ਦਿਨ ਉੱਥੇ ਬੈਠਾ ਰਿਹਾ। ਉਹ ਏਦਾਂ ਵਰਤਾਅ ਕਰਦੇ ਰਹੇ ਜਿੱਦਾਂ ਉਹ ਉੱਥੇ ਹੁੰਦਾ ਹੀ ਨਹੀਂ। ਚਾਰ ਵਜੇ ਮਿਸਟਰ ਮਕੈਂਜ਼ੀ ਨੇ ਉਹਨੂੰ ਕਿਹਾ ਕਿ ਉਹ ਦਫਤਰ ਬੰਦ ਕਰ ਰਹੇ ਹਨ ਇਸ ਕਰਕੇ ਉਹਨੂੰ ਦਫਤਰ ਵਿਚੋਂ ਜਾਣਾ ਪਵੇਗਾ। ਮੇਰਾ ਪਿਓ ਕਹਿੰਦਾ ਕਿ ਜਿੰਨਾ ਚਿਰ ਉਹਨੂੰ ਮਦਦ ਨਹੀਂ ਮਿਲਦੀ ਉਹ ਨਹੀਂ ਜਾਵੇਗਾ।

ਅੱਛਾ, ਤਾਂ ਤੈਨੂੰ ਮਦਦ ਚਾਹੀਦੀ ਹੈ। ਇਹ ਗੱਲ ਹੈ। ਮਿਸਟਰ ਮਕੈਂਜ਼ੀ ਨੇ ਇਹ ਕਹਿ ਕੇ ਫੋਨ ਘੁੰਮਾਇਆ। ਥੋੜ੍ਹੀ ਦੇਰ ਬਾਅਦ ਹੀ ਇਕ ਸਿਪਾਹੀ ਦਫਤਰ ਵਿਚ ਦਾਖਲ ਹੋਇਆ।

ਕੀ ਤੁਸੀਂ ਪੁਲਸ ਨੂੰ ਬੁਲਾਇਆ ਹੈ? ਉਹਨੇ ਆਲ਼ਾ ਦੁਆਲ਼ਾ ਦੇਖਦਿਆਂ ਪੁੱਛਿਆ।

ਉਸ ਆਦਮੀ ਨੂੰ ਦਫਤਰੋਂ ਬਾਹਰ ਕੱਢ ਦੇਹ, ਮਿਸਟਰ ਮਕੈਂਜ਼ੀ ਨੇ ਕਿਹਾ।

ਕਿਹੜੇ ਆਦਮੀ ਨੂੰ? ਸਿਪਾਹੀ ਨੇ ਪੁੱਛਿਆ ਭਾਵੇਂ ਕਿ ਉਹਨੂੰ ਦਿਸਦਾ ਸੀ ਕਿ ਦਫਤਰ ਵਿਚ ਮੇਰੇ ਪਿਓ ਤੋਂ ਬਿਨਾਂ ਹੋਰ ਕੋਈ ਨਹੀਂ ਸੀ।

ਉਸ ਨੂੰ। ਮੇਰੇ ਪਿਓ ਵੱਲ ਉਂਗਲੀ ਕਰਦਿਆਂ ਮਿਸਟਰ ਮਕੈਂਜ਼ੀ ਨੇ ਕਿਹਾ।

ਧੱਕੜ ਸਿਪਾਹੀ ਨੇ ਇਕ ਹੱਥ ਮੇਰੇ ਪਿਓ ਦੇ ਕਾਲਰ ਨੂੰ ਪਾ ਕੇ ਤੇ ਦੂਜੇ ਨਾਲ਼ ਪੈਂਟ ਦੀ ਪੇਟੀ ਵਾਲ਼ੀ ਜਗ੍ਹਾ ਤੋਂ ਫੜ੍ਹ ਕੇ ਜ਼ੋਰ ਨਾਲ਼ ਬਾਹਰਲੀਆਂ ਪੌੜੀਆਂ ਤੋਂ ਧੱਕਾ ਮਾਰ ਕੇ ਬਾਹਰ ਸੁੱਟ ਦਿੱਤਾ। ਡਿੱਗਣ ਤੋਂ ਬਚਣ ਲਈ ਮੇਰਾ ਪਿਓ ਪੂਰੀ ਰਫਤਾਰ ਨਾਲ਼ ਦੌੜਿਆ ਪਰ ਫੇਰ ਵੀ ਅਖੀਰ ਜਾ ਕੇ ਲਾਅਨ ਉੱਪਰ ਮੂਧੇ ਮੂੰਹ ਡਿੱਗ ਪਿਆ। ਕਰਾਈਸਟ, ਇਹੋ ਜਿਹੇ ਮੌਕੇ ਬੰਦੇ ਦਾ ਰੋਣ ਨੂੰ ਬੜਾ ਜੀਅ ਕਰਦਾ ਹੈ। ਹੱਥਾਂ ਪੈਰਾਂ ’ਤੇ ਮੂਧੇ ਹੋਏ ਮੇਰੇ ਪਿਓ ਨੇ ਦੰਦ ਕਰੀਚਦਿਆਂ ਕਿਹਾ ਸਨਆਫਏਬਿੱਚ (ਕੁੱਤੀ ਦਾ ਪੁੱਤ) ਤੇ ਹੌਲੀ ਹੌਲੀ ਤਾਕਤ ਫੜ੍ਹਦਾ ਹੋਇਆ ਉੱਠ ਖੜ੍ਹਾ ਹੋਇਆ।

ਮੈਂ ਉਹਨੂੰ ਵੋਧਕਾ ਦੀ ਬੋਤਲ ਫੜਾਉਂਦਿਆਂ ਕਿਹਾ, ਚੱਲ ਤੈਨੂੰ ਕੈਪੀਟਿਲਿਜ਼ਮ ਦੇ ਖਿਲਾਫ ਚਾਹੀਦੇ ਸਬੂਤ ਤਾਂ ਮਿਲ਼ ਗਏ ਨਾ।

ਹਾਂ, ਉਹ ਤਾਂ ਮੈਨੂੰ ਸੱਚ ਮੁੱਚ ਮਿਲ਼ ਗਏ। ਤੇ ਸਬੂਤਾਂ ਦੇ ਭਾਰ ਥੱਲੇ ਦੱਬਿਆ ਮੈਂ ਫੇਰ ਦੁਨਵੇਗਨ ਮਾਰਸ਼ਲਿੰਗ ਯਾਰਡ ਵੱਲ ਨੂੰ ਤੁਰ ਪਿਆ। ਮੈਂ ਉੱਥੇ ਲਾਗੇ ਦੇ ਇਕ ਖੇਤ ਵਿਚ ਜਾ ਪਿਆ। ਮੈਂ ਆਲੂਆਂ ਦੀਆਂ ਵੱਟਾਂ ਦੇ ਵਿਚਾਲੇ ਪਿਆ ਸੀ ਤਾਂ ਕਿ ਕੋਈ ਮੈਨੂੰ ਦੇਖ ਨਾ ਲਵੇ। ਉੱਥੇ ਪਏ ਨੇ ਮੈਂ ਹੱਥਾਂ ਨਾਲ਼ ਆਲੂ ਪੁੱਟੇ ਤੇ ਕਮੀਜ਼ ਦੇ ਅੰਦਲੇ ਪਾਸੇ ਘਸੋੜ ਲਏ ਜਿੱਦਾਂ ਗਰੀਬ ਕਿਸਾਨ ਕਰਦੇ ਹੁੰਦੇ ਹਨ, ਤੈਨੂੰ ਪਤਾ ਹੀ ਹੈ ਜ਼ਾ ਪਜ਼ੂਖੂ।

ਹਾਂ ਪਤਾ ਹੈ।

ਫੇਰ ਮੈਂ ਇਕ ਵੱਖਰੀ ਥਾਂ ਗਿਆ ਤੇ ਜਾ ਕੇ ਅੱਗ ਬਾਲ਼ੀ ਜਿਹਦੇ ’ਤੇ ਮੈਂ ਆਲੂ ਭੁੰਨੇ। ਬੜੇ ਰੱਜ ਕੇ ਮੈਂ ਆਲੂ ਖਾਧੇ।

ਤੂੰ ਪਹਿਲਾਂ ਵੀ ਆਲੂ ਰਿੰਨਣ ਦੀ ਗੱਲ ਕੀਤੀ ਸੀ, ਤੂੰ ਉਨ੍ਹਾਂ ਨੂੰ ਕਾਹਦੇ ਵਿਚ ਰਿੰਨਿਆ ਸੀ?

ਟੀਨ ਦੇ ਡੱਬੇ ਵਿਚ। ਟੀਨ ਦੇ ਡੱਬੇ ਹਰ ਪਾਸੇ ਰੁਲਦੇ ਪਏ ਹੁੰਦੇ ਸੀ। ਸਾਡੇ ਵਿਚੋਂ ਬਹੁਤੇ ਲੀੜੇ ਜਿਹੇ ’ਚ ਬੰਨ੍ਹ ਕੇ ਲੂਣ ਆਪਣੇ ਕੋਲ਼ ਰੱਖਦੇ ਹੁੰਦੇ ਸੀ। ਇਹ ਕੋਈ ਸਮੱਸਿਆ ਨਹੀਂ ਸੀ। ਮੇਰੇ ਲਈ ਬਾਕੀ ਦਾ ਸਫਰ ਵੀ ਕੋਈ ਏਡੀ ਮੁਸ਼ਕਲ ਵਾਲ਼ਾ ਨਹੀਂ ਸੀ। ਸੂਰਜ ਚੜ੍ਹਨ ਤੋਂ ਪਹਿਲਾਂ ਹੀ ਮੈਂ ਪੱਥਰਾਂ ਨੂੰ ਰਾਈਕਰੌਫਟ ਨੂੰ ਜਾਣ ਵਾਲ਼ੀ ਇਕ ਗੱਡੀ ਦੇ ਥੱਲੇ ਬੰਨ ਦਿੱਤਾ ਤੇ ਜਿੱਦਾਂ ਮੈਂ ਸਕੀਮ ਬਣਾਈ ਹੋਈ ਸੀ ਉਸੇ ਗੱਡੀ ’ਤੇ ਮਲਕਚਾਰੇ ਜਾ ਚੜ੍ਹਿਆ। ਰਾਈਕਰੌਫਟ ਜਾ ਕੇ ਮੈਂ ਪੱਥਰਾਂ ਨੂੰ ਰੌਸਲਾਨੋਵਸਕੀ ਕੋਲ਼ ਛੱਡ ਕੇ 14 ਮੀਲ ਤੁਰ ਕੇ ਘਰ ਨੂੰ ਗਿਆ। ਆਮ ਤੌਰ ’ਤੇ ਮੈਂ ਬਰਨਟ ਰਿਵਰ ਤੱਕ ਗੱਡੀ ਵਿਚ ਹੀ ਜਾਂਦਾ ਹੁੰਦਾ ਸੀ ਜਿਹੜੀ ਕਿ ਘਰ ਦੇ ਲਾਗੇ ਪੈਂਦੀ ਸੀ ਤੇ ਜਦੋਂ ਉਚਾਈ ਢਲਾਈ ਕਰਕੇ ਗੱਡੀ ਥੋੜ੍ਹੀ ਹੌਲੀ ਹੁੰਦੀ ਤਾਂ ਛਾਲ ਮਾਰ ਜਾਂਦਾ ਪਰ ਇਸ ਵਾਰ ਪੱਥਰਾਂ ਦੇ ਕਰਕੇ ਮੈਂ ਅਜਿਹਾ ਨਹੀਂ ਸੀ ਕਰ ਸਕਦਾ। ਐਂਡਰਿਊ ਅਤੇ ਸਾਵਾ ਸ਼ੂਰਾ ਕੋਲ਼ ਉਦੋਂ ਤੱਕ ਇਕ ਇਕ ਘੋੜਾ ਰੱਖਣ ਜੋਗੇ ਪੈਸੇ ਹੋ ਗਏ ਸਨ। ਸੋ ਘਰ ਜਾਂਦਾ ਹੋਇਆ ਮੈਂ ਐਂਡਰਿਊ ਕੋਲ਼ ਰੁਕਿਆ ਤੇ ਕਿਹਾ ਕਿ ਉਹ ਜਦੋਂ ਅਗਲੀ ਵਾਰੀ ਰਾਈਕਰੌਫਟ ਜਾਣ ਤਾਂ ਮੇਰੇ ਪੱਥਰ ਲੈ ਕੇ ਆਉਣ। ਇਹ ਉਨ੍ਹਾਂ ਨੇ ਮੇਰੇ ਲਈ ਕਰ ਦਿੱਤਾ ਤੇ ਬਦਲੇ ਵਿਚ ਮੈਂ ਉਨ੍ਹਾਂ ਲਈ ਕੁਝ ਕੰਮ ਕਰ ਦਿੱਤਾ। ਮੈਨੂੰ ਅਜੇ ਵੀ ਐਂਡਰਿਊ ਕੋਲ਼ੋਂ ਪੱਥਰ ਇਕ ਮੀਲ ਚੁੱਕ ਕੇ ਘਰ ਨੂੰ ਲਿਜਾਣੇ ਪੈਣੇ ਸਨ ਕਿਉਂਕਿ ਉਸ ਵੇਲੇ ਆਪਣੇ ਘਰ ਤੱਕ ਛੋਟੀ ਨਦੀ ਦੇ ਉੱਪਰ ਦੀ ਕੋਈ ਸੜਕ ਨਹੀਂ ਸੀ ਜਾਂਦੀ। ਉਸੇ ਦਿਨ ਮੈਂ ਰਾਈਕਰੌਫਟ ਤੋਂ ਕੁਝ ਲੂਣ, ਮਿੱਟੀ ਦਾ ਤੇਲ ਤੇ ਹੋਰ ਸਮਾਨ ਖ਼੍ਰੀਦਿਆ ਤੇ ਆਪਣੇ ਚਾਰ ਡਾਲਰ ਤੇ ਪਝੱਤਰ ਸੈਂਟ ਖਰਚ ਦਿੱਤੇ।

ਸਾਡੇ ਕੋਲ਼ ਇਕ ਵੀ ਪੈਸਾ ਨਹੀਂ ਸੀ ਬਚਿਆ, ਮੇਰੇ ਪਿਓ ਨੇ ਕਿਹਾ, ਤੇ ਸਿਆਲ ਤਾਂ ਅਜੇ ਸ਼ੁਰੂ ਵੀ ਨਹੀਂ ਸੀ ਹੋਇਆ। ਤੇਰੀ ਮਾਂ ਪਹਿਲਾਂ ਹੀ ਰਿਲੀਫ ਦਫਤਰ (ਮਦਦ ਦੇਣ ਵਾਲ਼ਾ ਦਫਤਰ) ਜਾ ਚੁੱਕੀ ਸੀ ਤੇ ਉਨ੍ਹਾਂ ਨੇ ਉਹਨੂੰ ਨਾਂਹ ਕਰ ਦਿੱਤੀ ਸੀ। ਸੇਲੇਵਿਚ ’ਤੇ ਹਮਲਾ ਕਰਨ ਦਾ ਮੁਕੱਦਮਾ ਚਲ ਰਿਹਾ ਸੀ ਕਿਉਂਕਿ ਉਹਨੇ ਰਿਲੀਫ ਦਫਤਰ ਵਿਚ ਜਾ ਕੇ ਝਗੜਾ ਕੀਤਾ ਸੀ।

ਨਿਕੋਲਾਇਆਚੱਕ ਤੇ ਮੈਂ ਰਿਲੀਫ ਦਫਤਰ ਵਿਚ ਗਏ ਤੇ ਸਾਨੂੰ ਦੋਵਾਂ ਨੂੰ ਪੰਜ ਪੰਜ ਡਾਲਰ ਦੇ ਵਾਉਚਰ ਮਿਲ਼ ਗਏ। ਫੇਰ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਜਿਸ ਵੀ ਕਿਸੇ ਨੇ ਏਥੋਂ ਸਹਾਇਤਾ ਪ੍ਰਾਪਤ ਕੀਤੀ ਉਸ ਨੂੰ ਡੀਪੋਰਟ ਕਰ ਦਿੱਤਾ ਜਾਵੇਗਾ, ਇਸ ਲਈ ਅਸੀਂ ਮੁੜ ਕੇ ਉੱਥੇ ਨਾ ਗਏ।

ਮੇਰੇ ਪਿਓ ਨੇ ਨਿਕੋਲਾਇਆਚੱਕ ਨੂੰ ਕਿਹਾ, ਹੁਣ ਦੱਸ ਫੇਰ ਗੁਜ਼ਾਰਾ ਕਿੱਦਾਂ ਕਰਾਂਗੇ?

ਮੇਰੇ ਕੋਲ਼ ਇਕ ਤਰੀਕਾ ਹੈ, ਨਿਕੋਲਾਇਆਚੱਕ ਨੇ ਜਵਾਬ ਦਿੱਤਾ ਪਰ ਕੰਮ ਕਾਫੀ ਔਖਾ ਹੈ।

ਔਖਾ ਅਸੰਭਵ ਨਹੀਂ ਹੁੰਦਾ।

ਨਿਕੋਲਾਇਆਚੱਕ ਨੇ ਕਿਹਾ, ਮੈਨੂੰ ਪਤਾ ਹੈ ਕਿ ਕਾਟੋਆਂ ਨੂੰ ਕਿੱਦਾਂ ਮਾਰਨਾ ਤੇ ਕਿੱਦਾਂ ਉਨ੍ਹਾਂ ਦੀ ਖੱਲ੍ਹ ਲਾਹੁਣੀ ਹੈ, ਇਹ ਕੰਮ ਮੈਂ ਤੈਨੂੰ ਵੀ ਸਿਖਾ ਸਕਦਾ ਹਾਂ।

ਪਰ ਗੋਲ਼ੀਆਂ ਲਈ ਤਾਂ ਪੈਸੇ ਚਾਹੀਦੇ ਹਨ।

ਮੇਰੇ ਕੋਲ਼ ਦੋ ਬਕਸੇ ਗੋਲ਼ੀਆਂ ਦੇ ਹਨ, ਨਿਕੋਲਾਇਆਚੱਕ ਨੇ ਕਿਹਾ ਤੇ ਇਕ ਬਾਕਸ ਪੱਚੀਆਂ ਸੈਂਟਾਂ ਦਾ ਆਉਂਦਾ ਹੈ। ਉਨ੍ਹਾਂ ਵਿਚੋਂ ਇਕ ਮੈਂ ਤੈਨੂੰ ਉਧਾਰਾ ਦੇ ਦੇਵਾਂਗਾ। ਕੀ ਤੂੰ ਕਿਸੇ ਕੋਲ਼ੋਂ .22 ਰਾਈਫਲ ਉਧਾਰੀ ਲੈ ਸਕਦਾ ਏਂ?

ਬਿਲਕੁਲ। ਓਮੀਲਾਨ ਕੋਲ਼ ਹੈਗੀ ਆ।

ਬਾਕਸ ਵਿਚ ਪੰਜਾਹ ਗੋਲ਼ੀਆਂ ਸਨ। ਤੁਸੀਂ ਭਾਵੇਂ ਜਿੰਨੇ ਮਰਜ਼ੀ ਸਾਵਧਾਨ ਹੋਵੋ ਫੇਰ ਵੀ ਕਈ ਵਾਰੀ ਤੁਹਾਡਾ ਨਿਸ਼ਾਨਾ ਠੀਕ ਨਹੀਂ ਬਹਿੰਦਾ ਤੇ ਇਸ ਤਰ੍ਹਾਂ ਇਕ ਕਾਟੋ ਮਾਰਨ ਵਾਸਤੇ ਸ਼ਾਇਦ ਤੁਹਾਨੂੰ ਕਈ ਗੋਲ਼ੀਆਂ ਚਲਾਉਣੀਆਂ ਪੈਣ। ਔਸਤ ਇਕ ਕਾਟੋ ਮਾਰਨ ਲਈ ਦੋ ਗੋਲ਼ੀਆਂ ਦੀ ਸੀ ਤੇ ਕਾਟੋ ਦੀ ਇਕ ਚਮੜੀ ਢਾਈਆਂ ਸੈਂਟਾਂ ਦੀ ਵਿਕਦੀ ਸੀ। ਪਹਿਲੇ ਦਿਨ ਜਦੋਂ ਉਹ ਸ਼ਿਕਾਰ ਕਰਨ ਗਏ ਉਨ੍ਹਾਂ ਨੇ 25 ਕਾਟੋ ਮਾਰੀਆਂ ਤੇ ਉਨ੍ਹਾਂ ਨੂੰ ਆਸ ਸੀ ਕਿ ਉਹ ਪਝੱਤਰ ਸੈਂਟ ਬਣਾ ਲੈਣਗੇ। ਉਨ੍ਹਾਂ ਦੀ ਛਿੱਲ ਲਾਹੁਣ ਤੇ ਖਿੱਚਾਈ (ਸਟਰੈਚ) ਕਰਨ ਬਾਅਦ ਮੇਰਾ ਪਿਓ ਹਾਰਪਰ ਕੋ–ਅੱਪ ਵਾਲਿਆਂ ਦੇ ਵੇਚਣ ਵਾਸਤੇ 18 ਮੀਲ ਦੂਰ ਤੁਰ ਕੇ ਸਪਿਰਟ ਰਿਵਰ ਨੂੰ ਗਿਆ। ਤੇ ਅਚਾਨਕ ਉਸ ਵੇਲੇ ਇਕ ਚਮਤਕਾਰ ਵਾਪਰਿਆ। ਕੀਮਤ ਉੱਤੇ ਚਲੇ ਗਈ ਸੀ ਤੇ ਉਹਨੂੰ ਇਕ ਚਮੜੀ ਦੇ ਪੰਜ ਸੈਂਟ ਮਿਲ਼ ਗਏ। ਉਹਨੇ ਗੋਲ਼ੀਆਂ ਦੇ ਦੋ ਡੱਬੇ ਖ਼੍ਰੀਦੇ ਅਤੇ ਫੇਰ ਵੀ ਉਹਦੇ ਕੋਲ਼ ਪਝੱਤਰ ਸੈਂਟ ਬਚ ਰਹੇ। ਉਹਨੂੰ ਇਸ ਗੱਲ ਦਾ ਚੇਤਾ ਨਹੀਂ ਕਿ ਉਹਨੇ ਉਨ੍ਹਾਂ ਪੈਸਿਆਂ ਦਾ ਕੀ ਖ਼੍ਰੀਦਿਆ ਸੀ।

ਅਸੀਂ ਕਿਸੇ ਨੂੰ ਦੱਸ ਨਹੀਂ ਸੀ ਸਕਦੇ, ਮੇਰੇ ਪਿਓ ਨੇ ਕਿਹਾ, ਕਿ ਅਸੀਂ ਕਾਟੋਆਂ ਪੰਜਾਂ ਸੈਂਟਾਂ ਨੂੰ ਵੇਚ ਰਹੇ ਸਾਂ। ਜੇ ਅਸੀਂ ਦੱਸਦੇ ਤਾਂ ਸਾਨੂੰ ਕਿਸੇ ਨੇ ਆਪਣੀ .22 ਰਾਈਫਲ ਉਧਾਰੀ ਨਹੀਂ ਸੀ ਦੇਣੀ। ਮੈਂ ਤੇ ਨਿਕੋਲਾਇਆਚੱਕ ਅਗਲੀ ਸਵੇਰ ਸਵੱਖਤੇ ਹੀ ਖਿਸਕ ਗਏ ਅਤੇ ਸਾਡੀਆਂ ਘਰ ਵਾਲ਼ੀਆਂ ਨੇ ਸਾਰਿਆਂ ਨੂੰ ਕਿਹਾ ਕਿ ਅਸੀਂ ਕੰਮ ਦੀ ਭਾਲ ਵਿਚ ਕਿਤੇ ਗਏ ਹਾਂ। ਅਸੀਂ ਰਾਤ ਵੀ ਬਾਹਰ ਹੀ ਰਹੇ ਜਿੰਨਾ ਚਿਰ ਸਾਡੀਆਂ ਗੋਲ਼ੀਆਂ ਖਤਮ ਨਹੀਂ ਹੋ ਗਈਆਂ। ਇਸ ਵਾਰ ਨਿਕੋਲਾਇਆਚੱਕ ਸਪਿਰਟ ਰਿਵਰ ਨੂੰ ਗਿਆ। ਮੈਂ ਉਹਨੂੰ ਦੱਸ ਦਿੱਤਾ ਸੀ ਕਿ ਉਹ ਮੇਰੇ ਪੈਸਿਆਂ ਦੀਆਂ ਕਿਹੜੀਆਂ ਚੀਜ਼ਾਂ ਖ਼੍ਰੀਦ ਕੇ ਲਿਆਵੇ ਜੋ ਉਹਨੇ ਲੈ ਆਂਦੀਆਂ ਤੇ ਸਗੋਂ ਮੈਨੂੰ ਕੁਝ ਪੈਸੇ ਹੋਰ ਵੀ ਦਿੱਤੇ ਕਿਉਂਕਿ ਚਮੜੀਆਂ ਦੀ ਕੀਮਤ ਸਾਢੇ ਸੱਤ ਸੈਂਟ ਹੋ ਗਈ ਸੀ। ਮੌਸਮ ਬਦਲਣ ਤੱਕ ਚਮੜੀਆਂ ਦੀ ਕੀਮਤ ਸਾਢੇ ਬਾਰਾਂ ਸੈਂਟ ਤੱਕ ਪਹੁੰਚ ਗਈ ਸੀ। ਇਸ ਤਰ੍ਹਾਂ ਅਸੀਂ ਆਪਣਾ ਸਿਆਲ ਬੜਾ ਵਧੀਆਂ ਲੰਘਾ ਲਿਆ ਸੀ।

ਮੈਂ ਪੁੱਛਿਆ, ਇਹ ਸਾਰਾ ਸਮਾਂ ਮਾਂ ਕੀ ਕਰਦੀ ਹੁੰਦੀ ਸੀ? ਉਹ ਤੇ ਦੋ ਬੱਚੇ ਸਿਆਲ ਦਾ ਬਹੁਤਾ ਸਮਾਂ ਇਕੱਲੇ ਹੀ ਰਹੇ।

ਉਹ ਉਹੀ ਕਰਦੀ ਸੀ ਜੋ ਛੋਟੇ ਬੱਚਿਆਂ ਦੀ ਦੇਖ ਭਾਲ ਕਰ ਰਹੀਆਂ ਔਰਤਾਂ ਆਮ ਤੌਰ ’ਤੇ ਕਰਦੀਆਂ ਹਨ। ਉਹ ਆਪਣੇ ਬੱਚਿਆਂ ਲਈ ਇਕ ਚੰਗੀ ਮਾਂ ਸੀ। ਬਹੁਤ ਸਾਰਾ ਕੰਮ ਹੁੰਦਾ ਸੀ ਕਰਨ ਵਾਲ਼ਾ। ਲੱਕੜਾਂ ਤੇ ਪਾਣੀ ਬਾਹਰੋਂ ਲੈ ਕੇ ਆਉਣਾ ਤੇ ਹੋਰ ਕਿੰਨਾ ਕੁਝ।

ਪਰ ਉਹ ਇਸ ਸਭ ਕਾਸੇ ਬਾਰੇ ਕੀ ਸੋਚਦੀ ਸੀ? ਗਰਮੀਆਂ ਹੀ ਵਥੇਰੀਆਂ ਤੰਗੀ ਵਾਲ਼ੀਆਂ ਹੁੰਦੀਆਂ ਹਨ ਪਰ ਸਰਦੀਆਂ? ਮੈਨੂੰ ਤਾਂ ਉਹ ਹਮੇਸ਼ਾਂ ਇਹੀ ਕਹਿੰਦੀ ਹੁੰਦੀ ਸੀ ਕਿ ਜੇ ਆਪਾਂ ਲਗਾਤਾਰ ਕੱਟ ਕੇ ਲੱਕੜਾਂ ਨਾ ਅੰਦਰ ਲਿਆਂਦੀਆਂ ਤਾਂ ਅਸੀਂ ਠੰਡ ਨਾਲ਼ ਜੰਮ ਕੇ ਮਰ ਜਾਵਾਂਗੇ। ਕੀ ਉਹ ਸਭ ਕਾਸੇ ਤੋਂ ਔਖੀ (ਬਿਟਰ) ਸੀ? ਜਦੋਂ ਉਹਦੇ ਮਨ ’ਤੇ ਡਰ ਵਧ ਰਿਹਾ ਸੀ ਕੀ ਉਹ ਸਭ ਕਾਸੇ ਤੋਂ ਖਿਝੀ ਹੋਈ ਸੀ?

ਪਤਾ ਨਹੀਂ।

ਕੀ ਤੁਸੀਂ ਇਕ ਦੂਜੇ ਨਾਲ਼ ਗੱਲਾਂ ਬਾਤਾਂ ਕਰਦੇ ਹੁੰਦੇ ਸੀ?

ਹਾਂ, ਅਸੀਂ ਗੱਲਬਾਤ ਕਰਦੇ ਹੁੰਦੇ ਸੀ ਪਰ ...

ਜਿਸ ਦਿਨ ਉਹ ਰਿਲੀਫ ਦਫਤਰ ਤੋਂ ਮੁੜ ਕੇ ਘਰ ਆਇਆ ਸੀ ਉਹਨੇ ਘਰ ਆ ਕੇ ਉਹਨੂੰ ਕੁੱਟਿਆ ਸੀ। ਉਹ ਥੱਕਾ ਟੁੱਟਾ, ਭੁੱਖਾ ਤੇ ਗੁੱਸੇ ’ਚ ਘਰ ਆਇਆ ਸੀ। ਉਨ੍ਹਾਂ ਦੋਵਾਂ ਨੇ ਹੀ ਮੈਨੂੰ ਆਪੋ ਆਪਣੇ ਤਰੀਕੇ ਨਾਲ਼ ਇਸ ਬਾਰੇ ਦੱਸਿਆ ਸੀ ਕਿ ਸਾਰੀ ਗੱਲ ਕਿੱਦਾਂ ਸ਼ੁਰੂ ਹੋਈ। ਇਸ ਲਈ ਮੈਂ ਉਨ੍ਹਾਂ ਦੋਵਾਂ ਪਾਸਿਆਂ ਦੀ ਗੱਲ ਵਿਚੋਂ ਕੋਈ ਵੀ ਗੱਲ ਏਥੇ ਨਹੀਂ ਦੱਸ ਰਹੀ ਕਿਉਂਕਿ ਮੇਰੇ ਖਿਆਲ ਵਿਚ ਵਿਸਥਾਰ ਦੀ ਏਨੀ ਲੋੜ ਵੀ ਨਹੀਂ। ਦੋਵਾਂ ਦੀ ਹੀ ਗੱਲ ਦਾ ਸਾਰ ਇਹੀ ਸੀ ਕਿ ਬਿਨਾਂ ਕਿਸੇ ਖਾਸ ਕਾਰਨ ਮੇਰੇ ਪਿਓ ਨੇ ਮੇਰੀ ਮਾਂ ਨੂੰ ਕੁੱਟਿਆ ਸੀ।

ਮੈਨੂੰ ਭੁੱਖਾ ਮਾਰਿਆ ਗਿਆ, ਬੇਇਜ਼ਤ ਕੀਤਾ ਗਿਆ, ਜਲੀਲ ਕੀਤਾ ਗਿਆ, ਮੇਰੇ ਪਿਓ ਨੇ ਕਿਹਾ। ਉਨਾਂ ’ਚੋਂ ਕਿਸੇ ਅਫਸਰ ਨੇ ਵੀ ਮੇਰੇ ਨਾਲ਼ ਇਨਸਾਨਾਂ ਵਾਲ਼ਾ ਵਰਤਾਅ ਨਹੀਂ ਕੀਤਾ, ਸਗੋਂ ਜਾਨਵਰਾਂ ਵਾਲ਼ਾ ਵਰਤਾਅ ਕੀਤਾ ਪਰ ਕੋਈ ਗੱਲ ਨਹੀਂ ... ਘੱਟੋ ਘੱਟ ਮੈਂ ਆਪਣੇ ਘਰ ਵਿਚ ਤਾਂ ਮਾਲਕ ਸੀ ਤੇ ਮੈਂ ਆਪਣੀ ਤੀਵੀਂ ਤੇ ਬੱਚਿਆ ਨੂੰ ਮਰਜੀ ਨਾਲ਼ ਕੁੱਟ ਸਕਦਾ ਸੀ ਤੇ ਮੈਂ ਏਦਾਂ ਹੀ ਕੀਤਾ।

ਮੈਂ ਉਹਨੂੰ ਵੋਦਕਾ ਦੀ ਬੋਤਲ ਫੜਾਉਣ ਲੱਗੀ ਪਰ ਫੇਰ ਸੋਚਿਆ ਕਿ ਪਹਿਲਾਂ ਮੈਂ ਹੀ ਕਿਉਂ ਨਾ ਘੁੱਟ ਭਰ ਲਵਾਂ।

ਪਰ ਤੂੰ ਮੈਨੂੰ ਪਹਿਲਾਂ ਹੀ ਦੱਸਿਆ ਸੀ ਕਿ ... ਮੈਂ ਕਿਹਾ। ਉਹਨੂੰ ਵੀ ਓਨਾਂ ਹੀ ਜਲੀਲ ਕੀਤਾ ਗਿਆ ਸੀ ਤੇ ਬੇਇਜ਼ਤ ਕੀਤਾ ਗਿਆ ਸੀ, ਨਾਲੇ ਕਿਸਾਨ ਔਰਤਾਂ ਹਮੇਸ਼ਾ ਮਰਦਾਂ ਨਾਲੋਂ ਜ਼ਿਆਦਾ ਕੰਮ ਕਰਦੀਆਂ ਹਨ, ਤੇ ਉਤੋਂ ਦੀ ਉਹਨੂੰ ਤੇਰੀਆਂ ਜੁੱਤੀਆਂ ਖਾਣੀਆਂ ਪੈਂਦੀਆਂ। ਕੀ

ਉਹ ਕੁਰੱਤਣ ਨਾਲ ਭਰੀ ਹੋਈ ਸੀ?

ਸ਼ਾਇਦ ਉਹ ਹੋਵੇਗੀ, ਪਰ ਉਹ ਕਦੇ ਵੀ ਡਰਦੀ ਨਹੀਂ ਸੀ। ਮੈਨੂੰ ਉਹਦੇ ਵਰਗਾ ਹੋਰ ਕੋਈ ਵੀ ਬੰਦਾ ਨਹੀਂ ਮਿਲਿਆ। ਉਹਨੂੰ ਕਦੇ ਵੀ ਡਰ ਨਹੀਂ ਸੀ ਲੱਗਦਾ। ਏਥੇ ਤੱਕ ਕਿ ਇਕ ਵਾਰ ਮੈਂ ਉਹਦੇ ਸਿਰ ਨਾਲ਼ ਪਸਤੌਲ ਲਾ ਦਿੱਤਾ ਸੀ ਪਰ ਉਹ ਡਰੀ ਨਹੀਂ ਸਗੋਂ ਉਹਨੇ ਮੇਰੀਆਂ ਅੱਖਾਂ ਵਿਚ ਥੁੱਕ ਦਿੱਤਾ। ਜੇ ਤੂੰ ਮੈਨੂੰ ਮਾਰ ਦੇਵੇਂਗਾ, ਤਾਂ ਇਨ੍ਹਾਂ ਨਿਆਣਿਆਂ ਨੂੰ ਕਿਵੇਂ ਸਾਂਭੇਂਗਾ? ਉਹਨੇ ਪੁੱਛਿਆ ਸੀ। ਕਦੇ ਵੀ ਡਰਦੀ ਨਹੀਂ ਸੀ ਉਹ।

ਉਹ ਤਾਂ ਸਿਰਫ ਉਹਦਾ ਪਤੀ ਹੀ ਸੀ ਇਸ ਕਰਕੇ ਉਹਨੂੰ ਕੀ ਪਤਾ ਹੋਵੇਗਾ। ਬਾਕੀ ਕਿਸਾਨ ਔਰਤਾਂ ਵਾਂਗ ਮੇਰੀ ਮਾਂ ਨੇ ਵੀ ਕਦੇ ਦੂਜਿਆਂ ਵਲੋਂ ਕੀਤੇ ਵਰਤਾਅ ਨੂੰ ਸਹਿਣ ਨਹੀਂ ਸੀ ਕੀਤਾ ਨਾ ਹੀ ਕਦੇ ਆਪਣੇ ਆਪ ਨੂੰ ਘਟੀਆ ਸਮਝਿਆ ਸੀ। ਪਰ ਮੈਂ ਉਹਦੀ ਧੀ ਸਾਂ ਤੇ ਮੈਨੂੰ ਪਤਾ ਸੀ ਕਿ ਉਹ ਡਰਦੀ ਸੀ। ਠੰਡ ਨਾਲ ਜੰਮ ਜਾਣ ਦਾ ਡਰ, ਭੁੱਖ ਨਾਲ਼ ਮਰ ਜਾਣ ਦਾ ਡਰ। ਨਹੀਂ ਇਹ ਗੱਲ ਵੀ ਠੀਕ ਨਹੀਂ ਕਿਉਂਕਿ ਮੌਤ ਦਾ ਡਰਾਵਾ ਉਹਦੇ ਲਈ ਕੋਈ ਬਹੁਤਾ ਮਹੱਤਵ ਨਹੀਂ ਸੀ ਰੱਖਦਾ। ਉਹ ਜਿਹੜੀ ਚੀਜ਼ ਤੋਂ ਡਰਦੀ ਸੀ ਉਹ ਸੀ, ਠੰਡ, ਭੁੱਖ, ਬੀਮਾਰੀ ...

ਬਸੰਤ ਦੇ ਮੌਸਮ ਵਿਚ, ਮੇਰੇ ਪਿਓ ਨੇ ਆਪਣੀ ਗੱਲ ਜ਼ਾਰੀ ਰੱਖੀ, ਇਕ ਹੋਰ ਅਫਸਰ ਆ ਗਿਆ। ਉਹ ਕਹਿੰਦਾ ਕਿ ਕਿਉਂਕਿ ਅਸੀਂ ਰਿਲੀਫ ਦਫਤਰ ਤੋਂ ਪੰਜ ਡਾਲਰ ਦਾ ਵਾਊਚਰ ਲਿਆ ਸੀ ਇਸ ਕਰਕੇ ਸਾਨੂੰ ਡੀਪੋਰਟ ਕੀਤਾ ਜਾਵੇਗਾ। ਪਰ ਉਹ ਸਿਆਸੀ ਸਥਿਤੀ ਦੀ ਵਜ੍ਹਾ ਕਰਕੇ ਸੋਵੀਅਤ ਯੁਕਰੇਨੀਅਨਾਂ ਨੂੰ ਨਹੀਂ ਸੀ ਕੱਢ ਸਕਦੇ। ਉਸ ਵੇਲੇ ਯੁਕਰੇਨ ਦਾ ਸਾਡੇ ਵਾਲਾ ਹਿੱਸਾ ਅਜੇ ਪੋਲਿਸ਼ ਅਮਪਾਇਰ ਦੇ ਥੱਲੇ ਹੀ ਸੀ। ਵਿਨੀਪੈੱਗ ਦੀ ਜਨਰਲ ਸਟਰਾਈਕ ਬਾਅਦ ਉਨ੍ਹਾਂ ਨੇ ਸਾਡੇ ਹਜ਼ਾਰਾਂ ਲੋਕਾਂ ਨੂੰ ਡੀਪੋਰਟ ਕਰ ਦਿੱਤਾ ਸੀ ਤੇ ਉਹ ਗਰੀਬ ਲੋਕਾਂ ਤੋਂ ਅਜੇ ਵੀ ਇਸ ਗੱਲੋਂ ਡਰੇ ਹੋਏ ਸਨ ਕਿ ਕਿਤੇ ਉਹ ਕਮਿਊਨਿਸਟ ਨਾ ਬਣ ਜਾਣ। ਨਿਕੋਲਾਇਆਚੱਕ ਤਾਂ ਕਮਿਊਨਿਸਟ ਨਹੀਂ ਸੀ ਇਸ ਕਰਕੇ ਉਹਨੂੰ ਨਹੀਂ ਸੀ ਡੀਪੋਰਟ ਕੀਤਾ ਜਾਣਾ ਪਰ ਉਸ ਅਫਸਰ ਨੇ ਮੈਨੂੰ ਦੱਸਿਆ ਕਿ ਸਾਨੂੰ ਜ਼ਰੂਰ ਡੀਪੋਰਟ ਕੀਤਾ ਜਾਵੇਗਾ। ਫੇਰ ਸਾਨੂੰ ਪਤਾ ਨਾ ਲੱਗੇ ਕਿ ਕੀਤਾ ਜਾਵੇ। ਹੋਰ ਨਵੀਂ ਧਰਤੀ ਸਾਫ ਕਰਨ ਵਿਚ ਵੀ ਕੋਈ ਤੁਕ ਨਜ਼ਰ ਨਹੀਂ ਸੀ ਆਉਂਦੀ ਕਿਉਂਕਿ ਅਸੀਂ ਆਉਣ ਵਾਲ਼ੀ ਬਸੰਤ ਵਿਚ ਕੋਈ ਫਸਲਾਂ ਤਾਂ ਬੀਜ ਨਹੀਂ ਸਕਾਂਗੇ। ਸਾਡੇ ਆਲੇ ਦੁਆਲੇ ਲੋਕਾਂ ਨੂੰ ਡੀਪੋਰਟ ਕੀਤਾ ਜਾ ਰਿਹਾ ਸੀ। ਸੋ ਅਸੀਂ ਸਾਰਾ ਸਮਾਂ ਪੈਰ ਜਿਹੇ ਮਲਦੇ ਰਹੇ, ਕੰਮ ਤਾਂ ਕਰੀ ਜਾਂਦੇ ਸੀ ਪਰ ਬਹੁਤਾ ਉਡੀਕ ਜਿਹੀ ਕਰਦੇ ਸੀ।

ਗਰਮੀਆਂ ਵਿਚ ਇਕ ਪੁਲਸ ਦਾ ਸਿਪਾਹੀ ਆਇਆ, ਮੇਰੇ ਪਿਓ ਨੇ ਦੱਸਿਆ। ਅਸੀਂ ਇਕ ਬਗੀਚਾ ਤਾਂ ਲਾਇਆ ਹੋਇਆ ਸੀ ਪਰ ਉਸ ਵਿਚੋਂ ਉਸ ਸਾਲ ਫਸਲ ਬਹੁਤ ਮਾੜੀ ਨਿਕਲੀ ਸੀ। ਮੈਂ ਅਣਬੁਝੇ ਜਿਹੇ ਮਨ ਨਾਲ ਬਾਹਰ ਜ਼ਮੀਨ ਸਾਫ ਕਰ ਰਿਹਾ ਸੀ। ਕਿਸੇ ਨੂੰ ਕੁਝ ਨਹੀਂ ਸੀ ਪਤਾ ਕਿ ਕੀ ਹੋਣਾ ਹੈ। ਪੁਲਸ ਵਾਲ਼ੇ ਨੇ ਤੇਰੀ ਮਾਂ ਨਾਲ਼ ਗੱਲ ਕੀਤੀ, ਘਰ ਦੇ ਦੁਆਲੇ ਚੱਕਰ ਜਿਹਾ ਕੱਢਿਆ ਫੇਰ ਇਕ ਮਰੀਅਲ ਜਿਹੀ ਗਾਜਰ ਪੁੱਟੀ ਤੇ ਖਾ ਗਿਆ। ਫੇਰ ਉਹ ਮੇਰੇ ਕੋਲ਼ ਆਇਆ। ਮੈਨੂੰ ਨਹੀਂ ਸੀ ਪਤਾ ਕਿ ਉਹ ਆਇਆ ਹੋਇਆ ਹੈ। ਥੋੜ੍ਹੀ ਦੇਰ ਬਾਅਦ ਉਹ ਮੇਰੇ ਕੋਲ਼ ਆਇਆ ਤੇ ਕਹਿਣ ਲੱਗਾ: ਮੈਂ ਤੈਨੂੰ ਪਿਛਲੇ ਦੋ ਘੰਟਿਆਂ ਤੋਂ ਕੰਮ ਕਰਦੇ ਨੂੰ ਦੇਖ ਰਿਹਾ ਹਾਂ। ਸੱਚੀਂ? ਇੱਥੇ ਮੱਛਰ ਕਿੰਨਾ ਹੈ, ਪੁਲਸ ਵਾਲ਼ੇ ਨੇ ਕਿਹਾ। ਉੱਥੇ ਸਾਡੇ ਸਾਫ ਕਰਨ ਤੋਂ ਪਹਿਲਾਂ ਝਾੜੀਆਂ ਸਨ, ਪਾਣੀ ਖੜ੍ਹਾ ਰਹਿੰਦਾ ਸੀ ਤੇ ਅਜਿਹੀ ਥਾਂ ਮੱਛਰ ਤਾਂ ਬੇਹਸਾਬਾ ਪੈਦਾ ਹੁੰਦਾ ਹੈ। ਜਿੱਥੇ ਵੀ ਕੋਈ ਬੰਦਾ ਜਾਂਦਾ ਹੈ ਉੱਥੇ ਹੀ ਮੱਛਰਾਂ ਦਾ ਬੱਦਲ ਏਨਾ ਗਾਹੜਾ ਹੁੰਦਾ ਹੈ ਕਿ ਤੁਸੀਂ ਉਸ ਬੰਦੇ ਨੂੰ ਮੁਸ਼ਕਲ ਨਾਲ਼ ਹੀ ਦੇਖ ਸਕਦੇ ਹੋ।

ਹਾਂ, ਮੱਛਰ ਤਾਂ ਏਦਾਂ ਹੀ ਹਨ, ਮੈਂ ਕਿਹਾ।

ਮੇਰੀ ਮਾਂ ਨੇ ਇਕ ਵਾਰ ਮੈਨੂੰ ਦੱਸਿਆ ਸੀ ਕਿ ਛੋਟੀ ਰੋਜ਼ੀ ਨੂੰ ਬਾਹਰ ਨਹੀਂ ਸੀ ਲੈ ਕੇ ਜਾ ਸਕਦੀ ਕਿਉਂਕਿ ਉਹਨੂੰ ਮੱਛਰ ਕੱਟਣਗੇ ਤੇ ਉਹਦੇ ਨਾਲ਼ ਉਹ ਬੀਮਾਰ ਹੋ ਕੇ ਮਰ ਸਕਦੀ ਹੈ। ਹਾਂ ਮੈਨੂੰ ਬੱਚਿਆਂ ਬਾਰੇ ਤਾਂ ਕੋਈ ਪਤਾ ਨਹੀਂ, ਕਿਉਂਕਿ ਇਹ ਤਾਂ ਉਹਦਾ ਕੰਮ ਸੀ।

ਪੁਲਸ ਵਾਲ਼ੇ ਨੇ ਕਿਹਾ ਕਿ ਉਹ ਮੈਨੂੰ ਮੱਛਰਾਂ ਵਿਚ ਘਿਰੇ ਹੋਏ ਨੂੰ ਕੰਮ ਕਰਦੇ ਨੂੰ ਦੇਖਦਾ ਰਿਹਾ ਹੈ। ਉਹਨੇ ਮੈਨੂੰ ਪੁੱਛਿਆ ਕਿ ਡੀਪੋਰਟ ਕੀਤੇ ਜਾਣ ਬਾਰੇ ਮੈਂ ਕੀ ਸੋਚਦਾ ਹਾਂ। ਮੈਂ ਉਹਨੂੰ ਕਿਹਾ ਕਿ ਮੈਨੂੰ ਤਾਂ ਬਹੁਤੀ ਪਰਵਾਹ ਨਹੀਂ ਕਿ ਏਥੇ ਰਹਾਂ ਜਾਂ ਉੱਥੇ ਪਰ ਇਕ ਗੱਲ ਜ਼ਰੂਰ ਹੈ ਕਿ ਉਨ੍ਹਾਂ ਨੇ ਜੋ ਵੀ ਫੈਸਲਾ ਕਰਨਾ ਹੈ ਛੇਤੀ ਕਰ ਦੇਣ। ਪੁਲਸ ਵਾਲ਼ੇ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਤੱਕ ਉਨ੍ਹਾਂ ਬਾਰੇ ਪਹਿਲੀ ਪੁਲਸ ਰੀਪੋਰਟ ਕਰਕੇ ਨਹੀਂ ਕੱਢਿਆ ਗਿਆ। ਪਰ ਮੈਨੂੰ ਤਾਂ ਉਸ ਰੀਪੋਰਟ ਬਾਰੇ ਕੁਝ ਪਤਾ ਹੀ ਨਹੀਂ ਸੀ।

ਤੂੰ ਇਹ ਦੇਸ ਛੱਡ ਕੇ ਜਾਣ ਬਾਰੇ ਕਿਉਂ ਕੋਈ ਪਰਵਾਹ ਨਹੀਂ ਕਰਦਾ? ਪੁਲਸ ਵਾਲ਼ੇ ਨੇ ਪੁੱਛਿਆ।

ਤੂੰ ਮੇਰਾ ਘਰ ਦੇਖਿਆ ਹੀ ਹੈ, ਮੇਰੇ ਪਿਓ ਨੇ ਕਿਹਾ, ਤੂੰ ਦੇਖਿਆ ਹੀ ਹੈ ਮੇਰੇ ਬੱਚਿਆਂ ਦੇ ਕਿੱਦਾਂ ਦੇ ਕੱਪੜੇ ਪਾਏ ਹੋਏ ਹਨ, ਤੂੰ ਸਾਡੇ ਘਰ ਦਾ ਫਰਨੀਚਰ ਵੀ ਦੇਖਿਆ ਹੈ, ਅਸੀਂ ਖਾਣਾ ਕਿੱਦਾਂ ਦਾ ਖਾਂਦੇ ਹਾਂ? ਤੂੰ ਮੈਨੂੰ ਦੱਸ ਕਿ ਕੀ ਸੰਭਵ ਹੈ ਕਿ ਜ਼ਿੰਦਗੀ ਏਦੂੰ ਵੀ ਬੁਰੀ ਹੋ ਸਕੇ?

ਨਹੀਂ। ਪੁਲਸ ਵਾਲ਼ੇ ਨੇ ਜੁਆਬ ਦਿੱਤਾ।

ਫੇਰ ਤੂੰ ਹੀ ਦੱਸ ਕਿ ਮੈਂ ਕਿਉਂ ਪਰਵਾਹ ਕਰਾਂ ਏਥੋਂ ਜਾਣ ਬਾਰੇ?

ਠੀਕ ਹੈ, ਪਰ ਤੂੰ ਆਪਣੇ ਘਰ ਵਾਪਸ ਕਿਉਂ ਨਹੀਂ ਜਾਣਾ ਚਾਹੁੰਦਾ? ਪੁਲਸ ਵਾਲ਼ੇ ਨੇ ਪੁੱਛਿਆ।

ਉੱਥੇ ਵੀ ਹਾਲਤ ਏਦੂੰ ਕੋਈ ਬਹੁਤੇ ਵਧੀਆ ਨਹੀਂ। ਉੱਥੇ ਚੰਗੀ ਗੱਲ ਇਹ ਹੋਵੇਗੀ ਕਿ ਅਸੀਂ ਆਪਣੇ ਲੋਕਾਂ ਵਿਚ ਹੋਵਾਂਗੇ। ਪਰ ਦੂਜੇ ਪਾਸੇ, ਮੈਂ ਛੇ ਸਾਲ ਪਹਿਲਾਂ ਉਹ ਥਾਂ ਛੱਡਿਆ ਅਮਰੀਕਾ ਜਾਣ ਵਾਸਤੇ ਤੇ ਜੇ ਹੁਣ ਮੈਂ ਵਾਪਸ ਚਲੇ ਜਾਂਦਾ ਹਾਂ ਤਾਂ ਉਹ ਮੈਨੂੰ ਮੇਰੀ ਬਾਕੀ ਦੀ ਸਾਰੀ ਜ਼ਿੰਦਗੀ 'ਅਮਰੀਕਨ' ਕਹਿਣਗੇ ਤੇ ਹਮੇਸ਼ਾ ਗੱਲਾਂ ਬਣਾਉਣਗੇ ਕਿ ਕਿੱਦਾਂ ਮੈਂ ਵਧੀਆ ਜੀਵਨ ਦੀ ਆਸ ਵਿਚ ਗਿਆ ਸੀ ਤੇ ਬੁਰੇ ਹਾਲੀਂ ਭੁੱਖਾ ਮੁੜ ਆਇਆ।

ਹਾਂ ਗੱਲ ਖਾਨੇ ਪੈਂਦੀ ਹੈ, ਪੁਲਸ ਵਾਲ਼ੇ ਨੇ ਕਿਹਾ। ਅਸੀਂ ਤੈਨੂੰ ਡੀਪੋਰਟ ਨਹੀਂ ਕਰਾਂਗੇ ਜੇ ਤੂੰ ਇਸ ਪੇਪਰ 'ਤੇ ਦਸਤਖਤ ਕਰ ਦੇਵੇਂ ਕਿ ਤੂੰ ਮੁੜ ਕੇ ਕਦੇ ਰਿਲੀਫ ਲਈ ਅਰਜ਼ੀ ਨਹੀਂ ਦੇਵੇਂਗਾ।

ਪਰ ਮੇਰੇ ਪਿਓ ਨੇ ਇਹ ਕਰਨ ਤੋਂ ਨਾਂਹ ਕਰ ਦਿੱਤੀ। ਤੇਰਾ ਜੋ ਜੀਅ ਕਰਦਾ ਹੈ ਕਰ ਪਰ ਮੈਂ ਇਹੋ ਜਿਹੇ ਪੇਪਰ 'ਤੇ ਸਾਈਨ ਨਹੀਂ ਕਰਨੇ। ਮੇਰੇ ਆਪਣੇ ਲਈ ਤਾਂ ਮੈਨੂੰ ਪਰਵਾਹ ਨਹੀਂ ਪਰ ਜੇ ਮੇਰੇ ਨਿਆਣੇ ਭੁੱਖੇ ਹੋਏ ਤਾਂ ਮੈਂ ਉਨ੍ਹਾਂ ਨੂੰ ਖੁਆਉਣ ਲਈ ਜੋ ਵੀ ਕਰਨ ਦੀ ਲੋੜ ਹੋਈ ਕਰਾਂਗਾ।

ਉਨ੍ਹਾਂ ਨੂੰ ਛੇਤੀ ਹੀ ਦੁਕਾਨਦਾਰ ਹੇਗ ਜਿਹੜਾ ਕਿ ਪੋਸਟਆਫਿਸ ਦਾ ਪੋਸਟਮਾਸਟਰ ਵੀ ਸੀ ਰਾਹੀਂ ਇਸ ਗੱਲ ਦਾ ਪਤਾ ਲੱਗ ਗਿਆ ਕਿ ਉਨ੍ਹਾਂ ਨੂੰ ਏਥੋਂ ਕੱਢਣ ਦੀ ਤਰੀਕ ਅੱਗੇ ਪਾ ਦਿੱਤੀ ਗਈ ਹੈ। ਉਹ ਇਸ ਗੱਲ ਤੋਂ ਬਹੁਤ ਦੁਖੀ ਸਨ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਨੂੰ ਕੱਢਿਆ ਜਾਵੇਗਾ ਜਾਂ ਏਥੇ ਰਹਿਣ ਦੀ ਇਜਾਜ਼ਤ ਮਿਲ਼ ਜਾਵੇਗੀ।

ਮੇਰੇ ਕੋਲ਼ ਅਜੇ ਵੀ ਕਾਟੋਆਂ ਤੋਂ ਕਮਾਏ ਕੁਝ ਪੈਸੇ ਬਚਦੇ ਸਨ ਤੇ ਉਨ੍ਹਾਂ ਗਰਮੀਆਂ ਵਿਚ ਮੈਂ ਗਰੈਂਡ ਪ੍ਰੇਰੀ ਦੀ ਅਦਾਲਤ ਵਿਚ ਗਿਆ ਤੇ ਨਾਗਰਿਕਤਾ ਲੈਣ ਵਾਸਤੇ ਲੋੜੀਂਦੀ ਅਰਜ਼ੀ ਭਰਨ ਲਈ ਪੰਜ ਡਾਲਰ ਫੀਸ ਦੇ ਦਿੱਤੀ।

ਕਚਹਿਰੀ ਵਿਚ ਲੋਕਾਂ ਦੀ ਭੀੜ ਲੱਗੀ ਹੋਈ ਸੀ ਜਿਨ੍ਹਾਂ ਨੂੰ ਵਾਜ ਪੈਣ ਦੀ ਆਸ ਸੀ। ਮੇਰਾ ਨੰਬਰ ਦੂਜਾ ਸੀ। ਸੈਕਰੇਟਰੀ ਨੇ ਜੱਜ ਨੂੰ ਕਿਹਾ ਕਿ ਮੈਂ ਅੰਗ੍ਰੇਜ਼ੀ ਨਹੀਂ ਬੋਲਦਾ ਪਰ ਜੱਜ ਨੇ ਕਿਹਾ ਕਿ ਉਹ ਮੇਰੇ ਨਾਲ਼ ਆਪ ਗੱਲ ਕਰੇਗਾ ਇਸ ਗੱਲ ਦਾ ਪਤਾ ਲਾਉਣ ਲਈ।

ਉਹਨੇ ਮੈਨੂੰ ਰਿਲੀਫ ਬਾਰੇ ਪੁੱਛਿਆ ਤੇ ਮੈਂ ਉਹਨੂੰ ਕਿਹਾ ਕਿ ਮੈਂ ਫਸਲਾਂ ਦੀ ਕਟਾਈ ਸਮੇਂ ਕੋਈ ਪੈਸਾ ਨਹੀਂ ਸੀ ਬਣਾ ਸਕਿਆ ਤੇ ਮੇਰੇ ਕੋਲ਼ ਸਰਦੀਆਂ ਲੰਘਾਉਣ ਲਈ ਕੋਈ ਪੈਸਾ ਨਹੀਂ ਸੀ। ਫੇਰ ਮੈਂ ਉਹਨੂੰ ਕਾਟੋਆਂ ਬਾਰੇ ਦੱਸਿਆ।

ਕੁਦਰਤੀ, ਜੱਜ ਕਹਿਣ ਲੱਗਾ, ਜਿੰਨੀ ਛੇਤੀ ਤੇਰੇ ਹੱਥ ਵਿਚ ਪੈਸੇ ਆਏ ਤੂੰ ਭੱਜ ਕੇ ਗਿਆ ਤੇ ਰਿਲੀਫ ਦਫਤਰ ਤੋਂ ਲਏ ਹੋਏ ਪੰਜ ਡਾਲਰ ਮੋੜ ਦਿੱਤੇ।

ਨਹੀਂ।

ਕਿਉਂ ਨਹੀਂ?

ਮੇਰੇ ਕੋਲ਼ ਵਾਧੂ ਪੰਜ ਡਾਲਰ ਹੈ ਹੀ ਨਹੀਂ। ਮੇਰੇ ਕੋਲ਼ੋਂ ਤਾਂ ਆਪਣੇ ਅਤੇ ਟੱਬਰ ਦੇ ਗੁਜ਼ਾਰੇ ਜੋਗੇ ਪੈਸੇ ਹੀ ਮਸਾਂ ਬਣੇ ਸਨ।

ਪਰ ਤੇਰੇ ਕੋਲ਼ ਇਹ ਅਰਜ਼ੀ ਦੇਣ ਲਈ ਤਾਂ ਪੰਜ ਡਾਲਰ ਬਚੇ ਹੋਏ ਸਨ?

ਹਾਂ, ਤੇ ਮੈਂ ਇਸ ਗੱਲ ਨੂੰ ਜ਼ਰੂਰੀ ਸਮਝਿਆ ਕਿਉਂਕਿ ਮੈਂ ਇਸ ਗੱਲ ਦੀ ਉਡੀਕ 'ਚ ਹੀ ਨਹੀਂ ਬੈਠਾ ਰਹਿਣਾ ਚਾਹੁੰਦਾ ਕਿ ਉਹ ਕਦੋਂ ਮੈਨੂੰ ਡੀਪੋਰਟ ਕਰਦੇ ਹਨ।

ਜੱਜ ਕਹਿੰਦਾ ਕਿ ਮੈਂ ਤਾਂ ਬੜੀ ਸੋਹਣੀ ਅੰਗ੍ਰੇਜ਼ੀ ਬੋਲਦਾ ਹਾਂ ਤੇ ਮੇਰੇ ਨਾਲ਼ ਗੱਲਾਂ ਕਰਨੀਆਂ ਉਹਨੂੰ ਬਹੁਤ ਚੰਗੀਆਂ ਲੱਗੀਆਂ ਇਸ ਕਰਕੇ ਮੈਨੂੰ ਉਸੇ ਵੇਲੇ ਨਾਗਰਿਕਤਾ ਦੇਣ ਦੀ ਥਾਂ ਉਹ ਚਾਹੇਗਾ ਕਿ ਮੈਂ ਮੁੜ ਕੇ ਫੇਰ ਆਵਾਂ ਤਾਂ ਕਿ ਉਹ ਮੇਰੇ ਨਾਲ਼ ਹੋਰ ਗੱਲਾਂ ਕਰ ਸਕੇ। ਕਚਹਿਰੀ ਵਿਚ ਘੁਸਰ ਮੁਸਰ ਜਿਹੀ ਹੋਈ। ਉੱਥੇ ਸਾਰੇ ਲੋਕ ਇਹ ਦੇਖਣ ਲਈ ਉਤਸੁਕ ਸਨ ਕਿ ਇਕ ਕਮਿਊਨਿਸਟ ਨਾਲ਼ ਕਿਸ ਤਰਾਂ ਵਰਤਾ ਕੀਤਾ ਜਾਵੇਗਾ।

ਮੈਂ ਘਰ ਨੂੰ ਜਾਣ ਤੋਂ ਪਹਿਲਾਂ ਹੇਗ ਦੀ ਦੁਕਾਨ ਵਿਚ ਰੁਕਿਆ। ਤੈਨੂੰ ਤੇਰੇ ਪੇਪਰ ਮਿਲ਼ ਗਏ? ਹੇਗ ਕਹਿਣ ਲੱਗਾ ਤੇ ਮੈਂ ਕਿਹਾ ਕਿ ਨਹੀਂ ਤੇ ਉਹਨੂੰ ਦੱਸਿਆ ਕਿ ਜੱਜ ਨੇ ਮੈਨੂੰ ਕੀ ਕਿਹਾ ਸੀ।

ਹੇਗ ਕਹਿਣ ਲੱਗਾ, ਪਰ ਮੈਂ ਸਰਕਾਰੀ ਏਜੰਟ ਹਾਂ, ਪੋਸਟਮਾਸਟਰ ਹੋਣ ਕਰਕੇ ਮੈਨੂੰ ਜੱਜ ਨਾਲੋਂ ਜਾਦੇ ਪਤਾ ਹੈ।

ਮੈਂ ਉਹਨੂੰ ਕਿਹਾ ਕਿ ਉਹ ਤਾਂ ਕਮਲੀਆਂ ਗੱਲਾਂ ਕਰਦਾ ਸੀ। ਪਰ ਹਫਤੇ ਬਾਅਦ ਹੀ ਜਦੋਂ ਮੈਂ ਮੁੜ ਕੇ ਉਹਦੀ ਦੁਕਾਨੇ ਗਿਆ ਤਾਂ ਉਹਨੇ ਮੇਰੇ ਮੂਹਰੇ ਇਕ ਲਫਾਫਾ ਹਿਲਾਇਆ। ਉਹਨੂੰ ਡਾਕ ਖੋਲ੍ਹਣੀ ਤਾਂ ਨਹੀਂ ਸੀ ਚਾਹੀਦੀ ਪਰ ਉਹਨੂੰ ਪਤਾ ਸੀ ਕਿ ਉਸ ਵਿਚ ਕੀ ਸੀ।

ਤੇ ਏਦਾਂ ਮੈਂ ਕਨੇਡੀਅਨ ਬਣਿਆਂ।

ਨਾਗਰਿਕਾਂ ਦੀਆਂ ਪਤਨੀਆਂ ਤਕਰੀਬਨ ਆਪਣੇ ਆਪ ਨਾਗਰਿਕ ਬਣ ਜਾਂਦੀਆਂ ਸਨ ਇਸ ਕਰਕੇ ਮੇਰੀ ਮਾਂ ਨੂੰ ਛੇਤੀ ਹੀ ਉਹਦੇ ਪੇਪਰ ਵੀ ਮਿਲ਼ ਗਏ। ਤੇ ਇਸ ਤਰ੍ਹਾਂ ਉਸ ਤੋਂ ਛੇ ਸਾਲ ਬਾਅਦ ਮੈਂ ਜੰਮਦੀ ਹੀ ਕਨੇਡੀਅਨ ਸੀ।

ਜਦੋਂ ਮੇਰੇ ਪਿਓ ਨੇ ਪਹਿਲਾਂ ਮੈਨੂੰ ਇਹ ਕਹਾਣੀ ਦੱਸੀ ਸੀ ਤਾਂ ਇਕ ਤਰ੍ਹਾਂ ਬੜੀ ਸਮਝ ਆਉਣ ਵਾਲ਼ੀ ਸਿੱਧੀ ਗੱਲ ਸੀ - ਇਕ ਗਰੀਬ ਪਰਵਾਰ ਦਾ ਆਪਣੇ ਜੀਵਨ ਲਈ ਸੰਘਰਸ਼। ਉਹ ਔਖਿਆਂ ਸਮਿਆਂ ਵਿਚੋਂ ਬਚ ਨਿਕਲੇ ਪਰ ਲਗਦਾ ਹੈ ਕਿ ਉਨ੍ਹਾਂ ਦਾ ਜੀਵਨ ਬੇਲੋੜਿਆਂ ਹੀ ਔਖਾ ਬਣਾ ਦਿੱਤਾ ਗਿਆ ਸੀ। ਪ੍ਰੇਰੀ ਵਿਚ ਆਏ ਹੋਏ ਯੁਕਰੇਨੀਅਨ ਆਵਾਸੀਆਂ ਬਾਰੇ ਜੇਮਸ ਮੈਕਗੈਰ ਨੇ ਲਿਖਿਆ ਹੈ: "ਖਾਲੀ ਪਈ ਧਰਤੀ 'ਤੇ ਉਹ ਖਾਲੀ ਹੱਥੀਂ ਆਏ"। ਪਰ ਇਹ ਧਰਤੀ ਤਾਂ ਮੁੱਢ ਤੋਂ ਖਾਲੀ ਨਹੀਂ ਸੀ - ਇੱਥੇ ਤਾਂ ਮੱਝਾਂ ਦੇ ਵੱਗਾਂ ਦੇ ਵੱਗ ਫਿਰਦੇ ਹੁੰਦੇ ਸਨ ਤੇ ਅਨੇਕਾਂ ਹੋਰ ਜਾਨਵਰ ਹੁੰਦੇ ਸਨ। ਏਥੇ ਪਹਿਲਾਂ ਇੰਡੀਅਨ (ਮੂਲ-ਵਾਸੀ) ਫੇਰ ਇੰਡੀਅਨ ਤੇ ਮੇਟੀਜ਼ (ਯੁਰਪੀਅਨ ਤੇ ਮੂਲਵਾਸੀਆਂ ਤੋਂ ਪੈਦਾ ਹੋਈ ਔਲਾਦ) ਰਹਿੰਦੇ ਸਨ। ਉਹ ਸਾਰੇ ਕਿੱਥੇ ਚਲੇ ਗਏ?

ਤੇ ਮੇਰਾ ਪਿਓ ਸੜਕ 'ਤੇ ਭੁੱਖਾ ਕਿਉਂ ਤੁਰਿਆ ਜਾ ਰਿਹਾ ਸੀ? ਮੇਰੀ ਮਾਂ ਕਿਉਂ ਉਜਾੜ ਵਿਚ ਗਰੀਬੀ ਤੇ ਮਾਰ ਕੁਟਾਈ ਦਾ ਜੀਵਨ ਬਤੀਤ ਕਰਦੀ ਸੀ? ਕੀ ਇਹ ਸਿਰਫ ਉਸ ਵੇਲੇ ਦੇ ਆਰਥਿਕ ਮੰਦਵਾੜੇ (ਡਿਪਰੈਸ਼ਨ) ਕਾਰਨ ਹੀ ਸੀ? ਕਿਉਂਕਿ ਉਹ ਅਲਬਰਟਾ ਵਿਚ ਰਹਿੰਦੇ ਸਨ? ਕੀ ਇਸ ਕਰਕੇ ਕਿ ਉਹ ਯੁਕਰੇਨੀਅਨ ਸਨ? ਜਾਂ ਕੁਝ ਹੋਰ ਗਲਤ ਸੀ ਜਿਹੜਾ ਕੱਲੇ ਕਾਰੇ ਆਵਾਸੀਆਂ ਦੀ ਕਿਸਮਤ ਨਾਲੋਂ ਡੂੰਘੀਆਂ ਜੜ੍ਹਾਂ ਵਾਲ਼ਾ ਸੀ?

**ਪੰਜਾਬੀ ਅਨੁਵਾਦ - ਸਾਧੂ ਬਿਨਿੰਗ**
**Sadhu Binning**
**sadhu.binning@gmail.com**

*ਪ੍ਰਦੂਸ਼ਤ ਹਵਾ*

# ਸਮੇਂ ਤੋਂ ਪਹਿਲਾਂ ਹੋਣ ਵਾਲੀਆਂ 55 ਲੱਖ ਮੌਤਾਂ ਦੀ ਜ਼ਿੰਮੇਵਾਰ





ਇਹ ਅੰਕੜਾ 2015 ਦੇ ਇੱਕ ਸਾਲ ਦਾ ਹੈ, ਅਤੇ ਸੰਸਾਰ ਭਰ ਦਾ ਹੈ ਅਤੇ ਇਸ ਰਿਪੋਰਟ ਅਨੁਸਾਰ ਪ੍ਰਦੂਸ਼ਤ ਹਵਾ ਮਨੁੱਖੀ ਮੌਤਾਂ ਦਾ ਪੰਜਵਾਂ ਸਭ ਤੋਂ ਅਹਿਮ ਕਾਰਨ ਬਣ ਚੁੱਕਾ ਹੈ? ਇਹਨਾਂ 55 ਲੱਖ ਮੌਤਾਂ ਵਿੱਚੋਂ 11 ਲੱਖ ਤੋਂ ਵਧੇਰੇ ਮੌਤਾਂ ਭਾਰਤ ਵਿੱਚ ਹੋਈਆਂ ਹਨ; ਅਤੇ ਇਸ ਹਿਸਾਬ ਨਾਲ ਭਾਰਤ ਵਿੱਚ ਪ੍ਰਦੂਸ਼ਣ ਦਾ ਪੱਧਰ ਵਧ ਰਿਹਾ ਹੈ? ਅਗਲੇ ਇੱਕ ਦਹਾਕੇ ਤੱਕ ਭਾਰਤ ਇਸ ਮਾਮਲੇ ਵਿੱਚ ਚੀਨ ਤੋਂ ਅੱਗੇ ਲੰਘ ਸਕਦਾ ਹੈ, ਫ਼ਿਲਹਾਲ ਚੀਨ ਪਹਿਲੇ ਥਾਂ ਉੱਤੇ ਹੈ?

ਪਿਛਲੇ ਕੁਝ ਦਿਨਾਂ ਤੋਂ ਉੱਤਰੀ ਭਾਰਤ ਵਿੱਚ ਧੂਏਂ ਵਿੱਚ ਲਿਪਟਿਆ ਮਾਮੂਲੀ ਜਿਹਾ ਕੋਹਰਾ ਜਿਸ ਤਰ੍ਹਾਂ ਤਰਾਂ ਚਿੱਟੀ ਚਾਦਰ ਬਣ ਕੇ ਫੈਲਿਆ ਹੋਇਆ ਹੈ ਅਤੇ ਜਿਸ ਤਰ੍ਹਾਂ ਸੜਕ ਦੁਰਘਟਨਾਵਾਂ ਕਾਰਨ ਕੀਮਤੀ ਮਨੁੱਖੀ ਜਾਨਾਂ ਜਾ ਰਹੀਆਂ ਹਨ, ਹਰ ਕਿਸੇ ਸੋਚਵਾਨ ਵਿਅਕਤੀ ਲਈ ਪ੍ਰਦੂਸ਼ਣ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ? ਘਰਾਂ ਤੋਂ ਬਾਹਰ ਨਿਕਲ ਕੇ ਸਾਹ ਲੈਣਾ ਔਖਾ ਹੋਇਆ ਪਿਆ ਹੈ, ਪੂਰੇ ਦੇ ਪੂਰੇ ਟੱਬਰ ਗਲਾ ਖਰਾਬ, ਜ਼ੁਕਾਮ, ਖੰਘ ਨਾਲ ਬਿਮਾਰ ਹਨ? ਦਮਾ ਤੇ ਸਾਹ ਦੀਆਂ ਬਿਮਾਰੀਆਂ ਹੀ ਨਹੀਂ, ਦਿਲ ਦੀਆਂ ਬਿਮਾਰੀਆਂ ਸਮੇਤ ਹੋਰ ਸਭ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਲੋਕਾਂ ਲਈ ਇਹ ਚਿੱਟੀ ਚਾਦਰ ਮੌਤ ਦੀ ਚਾਦਰ ਬਣੀ ਹੋਈ ਹੈ?

ਬਿਨਾਂ ਸ਼ੱਕ ਪਰਾਲੀ ਫੂਕਣ ਨੇ ਹਵਾ ਦੇ ਪ੍ਰਦੂਸ਼ਣ ਨੂੰ ਖਤਰਨਾਕ ਪੱਧਰ ਤੱਕ ਵਧਾਇਆ ਹੈ, ਅਤੇ ਇਕਦਮ ਹਵਾ ਦਾ ਪ੍ਰਦੂਸ਼ਣ ਸਭ ਲਈ ਸੋਚਣ ਦਾ ਮਸਲਾ ਬਣ ਗਿਆ ਹੈ? ਪਰ ਪਰਾਲੀ ਫੂਕਣਾ ਤਾਂ ਸਿਰਫ਼ ਇੱਕ ਤਤਕਾਲੀ ਕਾਰਨ ਹੈ, ਜਿਸ ਨੇ ਹਵਾ ਪ੍ਰਦੂਸ਼ਣ ਦੀ ਉਹ ਭਿਅੰਕਰਤਾ ਦਿਖਾਈ ਹੈ, ਜਿਹੜੀ ਸ਼ਾਇਦ ਅਸੀਂ ਅਜੇ 8-10 ਸਾਲਾਂ ਬਾਅਦ ਦੇਖਣੀ ਸੀ! ਹਵਾ-ਪ੍ਰਦੂਸ਼ਣ ਭਾਰਤ ਵਿੱਚ ਪਿਛਲੇ ਢਾਈ-ਤਿੰਨ ਦਹਾਕਿਆਂ ਤੋਂ ਲਗਾਤਾਰ ਵਧ ਰਿਹਾ ਹੈ? ਸੜਕਾਂ ਉੱਤੇ ਵਧ ਰਹੀ ਕਾਰਾਂ-ਟਰੱਕਾਂ-ਬੱਸਾਂ ਦੀ ਭੀੜ, ਫੈਕਟਰੀਆਂ ਵਿੱਚੋਂ ਬਿਨਾਂ ਰੋਕ-ਟੋਕ ਦੇ ਨਿਕਲਦਾ ਧੂਆਂ, ਕਾਗਜ਼ ਬਣਾਉਣ ਤੇ ਹੋਰ ਤਰ੍ਹਾਂ-ਤਰ੍ਹਾਂ ਦੇ ਪ੍ਰੋਜੈਕਟਾਂ ਲਈ ਸਾਫ਼ ਹੋ ਰਹੇ ਜੰਗਲ, ਦੁਨੀਆਂ ਦੇ ਹਰ ਕੋਨੇ ਵਿੱਚ ਚਲ ਰਹੀਆਂ ਜੰਗਾਂ ਹਵਾ ਪ੍ਰਦੂਸ਼ਣ ਦੇ ਮੁੱਖ ਕਾਰਨਾਂ ਵਿੱਚੋਂ ਹਨ?

ਪਰ ਜਦੋਂ ਅਸੀਂ ਮੁੱਖ ਕਾਰਨਾਂ ਨੂੰ ਇਸ ਤਰ੍ਹਾਂ ਲਿਖਦੇ ਹਾਂ ਤਾਂ ਅਸਲੀ ਮੁੱਖ ਕਾਰਨ ਕਿਤੇ ਲੁਕ ਜਾਂਦਾ ਹੈ, ਅਸਲੀ ਕਾਰਨ ਹੈ ਸਭ ਤਰ੍ਹਾਂ ਦੇ ਉਦਯੋਗਾਂ, ਖੇਤੀ ਆਦਿ ਦੇ ਕੇਂਦਰ ਵਿੱਚ ਮੁਨਾਫ਼ਾ ਹੋਣਾ; ਜਦੋਂ ਮੁਨਾਫ਼ਾ ਮੁੱਖ ਹੋਵੇ ਤਾਂ ਮਨੁੱਖੀ ਸਿਹਤ ਤਾਂ ਕੀ, ਮਨੁੱਖ ਤੇ ਕੁਦਰਤ ਦੀ ਹੋਂਦ ਵੀ ਪਿੱਛੇ ਰਹਿ ਜਾਂਦੀ ਹੈ? ਜਦੋਂ ਕਾਰਾਂ ਦੇ ਨਿਰਮਾਤਾਵਾਂ ਦਾ ਉਦੇਸ਼ ਹਰ ਆਉਣ ਵਾਲੇ ਸਾਲ ਵਿੱਚ ਵਧੇਰੇ ਕਾਰਾਂ ਵੇਚਣਾ ਹੋਵੇ, ਤੇਲ-ਕਾਰਪੋਰੇਸ਼ਨਾਂ ਦਾ ਉਦੇਸ਼ ਵਧੇਰੇ ਤੇਲ ਵੇਚਣਾ ਹੋਵੇ ਤਾਂ ਪ੍ਰਦੂਸ਼ਣ ਕਿਵੇਂ ਘਟ ਸਕਦਾ ਹੈ?

ਅਸਲ ਵਿੱਚ ਜਿੰਨਾ ਚਿਰ ਮੁਨਾਫ਼ਾ-ਕੇਂਦਰਤ ਢਾਂਚਾ ਕਾਇਮ ਹੈ, ਪ੍ਰਦੂਸ਼ਣ ਘਟੇਗਾ ਇਹ ਸੰਭਵ ਹੀ ਨਹੀਂ ਹੈ, ਉਲਟਾ ਪ੍ਰਦੂਸ਼ਣ ਖੁਦ ਮੁਨਾਫ਼ਾ ਕਮਾਉਣ ਦਾ ਇੱਕ ਜ਼ਰੀਆ ਬਣ ਗਿਆ ਹੈ? ਪਾਣੀ-ਪ੍ਰਦੂਸ਼ਣ ਨੇ ਫਿਲਟਰਾਂ ਦਾ ਬਿਜ਼ਨੈੱਸ ਖੜਾ ਕੀਤਾ ਤਾਂ ਹਵਾ-ਪ੍ਰਦੂਸ਼ਣ ਨੇ ਹਵਾ-ਫਿਲਟਰ ਮਾਰਕੀਟ ਵਿੱਚ ਲਿਆ ਖੜੇ ਕੀਤੇ ਹਨ? ਮੂੰਹ ਉੱਤੇ ਰੱਖਣ ਵਾਲ਼ੇ ਫਿਲਟਰਾਂ ਤੋਂ ਲੈ ਕੇ ਕਰੋੜਾਂ ਦੀ ਗਿਣਤੀ ਵਿੱਚ ਮਰੀਜ਼ ਪੈਦਾ ਹੋਣ ਨਾਲ ਦਵਾਈਆਂ ਦੀ ਕੰਪਨੀਆਂ ਦੀ ਚਾਂਦੀ ਹੈ?

ਕੁਲ ਮਿਲਾ ਕੇ ਗੱਲ ਇਹ ਹੈ ਕਿ ਦੋਸਤੋ, ਬੁਰਾਈ ਦੀ ਚਰਚਾ ਕਰਦੇ ਸਮੇਂ ਬੁਰਾਈ ਦੀ ਮਾਂ ਨਾ ਭੁੱਲੋ, ਬੁਰਾਈ ਮਾਰਨ ਲਈ ਬੁਰਾਈ ਦੀ ਮਾਂ ਮਾਰੋ? ਜੇ ਮਰੀਜ਼ ਨੂੰ ਟੀਬੀ ਹੈ ਤਾਂ ਬੁਖਾਰ ਕਰੋਸੀਨ ਦੀਆਂ ਗੋਲੀਆਂ ਖਵਾ ਕੇ ਠੀਕ ਨਹੀਂ ਹੋਣਾ, ਬੇਸ਼ੱਕ ਕਰੋਸੀਨ ਦੀ ਗੋਲੀ ਇੱਕ ਵਾਰ ਬੁਖਾਰ ਉਤਾਰ ਕੇ ਠੀਕ ਹੋਣ ਦਾ ਭੁਲੇਖਾ ਖੜਾ ਕਰਦੀ ਹੈ, ਤੇ ਮਰੀਜ਼ ਕੁਝ ਹੋਰ ਕਦਮ ਮੌਤ ਦੇ ਕਰੀਬ ਪਹੁੰਚ ਜਾਂਦਾ ਹੈ? ਅਜਿਹਾ ਹੀ ਭੁਲੇਖਾ ਹਵਾ-ਪ੍ਰਦੂਸ਼ਣ ਨੂੰ ਠੀਕ ਕਰਨ ਦੇ ਕਰੋਸੀਨ-ਰੂਪੀ ਨੁਸਖੇ ਵੀ ਕਰਦੇ ਹਨ?

ਜਾਂਦੇ-ਜਾਂਦੇ ਇੱਕ ਹੋਰ ਗੱਲ, ਇੱਕ ਅਧਿਐਨ ਮੁਤਾਬਕ ਦੁਨੀਆਂ ਦੇ 92% ਲੋਕ ਦੂਸ਼ਿਤ ਹਵਾ ਵਿੱਚ ਰਹਿੰਦੇ ਹਨ? ਸਾਫ਼ ਹੈ ਕਿ ਹਵਾ-ਪ੍ਰਦੂਸ਼ਣ ਦਾ ਸਭ ਤੋਂ ਬੁਰਾ ਅਸਰ ਗਰੀਬਾਂ ਉੱਤੇ ਹੀ ਪੈਂਦਾ ਹੈ? ਇੱਕ ਤਾਂ ਉਹ ਰਹਿੰਦੇ ਹੀ ਪ੍ਰਦੂਸ਼ਿਤ ਥਾਂਵਾਂ ਉੱਤੇ ਰਹਿੰਦੇ ਹਨ, ਉਹਨਾਂ ਦੇ ਘਰਾਂ ਵਿੱਚ ਤਾਂ ਤਖਤੇ ਵੀ ਪੂਰੇ ਨਹੀਂ ਹੁੰਦੇ ਜਿਹੜੇ ਸੜਕਾਂ ਤੇ ਅਸਮਾਨ ਉੱਤੋਂ ਡਿੱਗਦੀ ਧੂੜ-ਮਿੱਟੀ ਹੀ ਰੋਕ ਸਕਣ ਜਿਹੜੀ ਉਹਨਾਂ ਦੇ ਜੀਵਨ ਨੂੰ ਲਗਾਤਾਰ ਢਕਣ ਦੇ ਆਹਰ ਵਿੱਚ ਲੱਗੀ ਰਹਿੰਦੀ ਹੈ? ਅਮੀਰ ਤਾਂ ਆਪਣੇ ਘਰਾਂ ਵਿੱਚ ਬਹੁਤ ਹੱਦ ਤੱਕ ਹਵਾ-ਪ੍ਰਦੂਸ਼ਣ ਤੋਂ ਮਹਿਫ਼ੂਜ਼ ਹਨ, ਸਫ਼ਰ ਵੀ ਇਹਨਾਂ ਨੇ ਏਸੀ ਲੱਗੀਆਂ ਬੰਦ ਕਾਰਾਂ ਵਿੱਚ ਹੀ ਕਰਨਾ ਹੈ ਜਿਸ ਵਿੱਚ ਧੂੜ, ਬਦਬੂ ਤਾਂ ਕੀ, ਰਾਹਾਂ ਵਿੱਚ ਰੁਲਦੇ ਲੋਕਾਂ ਦੇ ਚੇਹਰਿਆਂ ਦੇ ਹਾਵ-ਭਾਵ ਵੀ ਨਹੀਂ ਘੁਸਪੈਠ ਕਰ ਸਕਦੇ! ਇਸ ਤਬਕੇ ਦੀਆਂ ਪ੍ਰਦੂਸ਼ਣ ਬਾਰੇ ਮਾਰੀਆਂ ਕੂਕਾਂ ਨਿਰੀਆਂ ਪਾਖੰਡ ਹਨ, ਦਰਅਸਲ ਇਹੀ ਉਹ ਤਬਕਾ ਹੈ ਜਿਹੜਾ ਪ੍ਰਦੂਸ਼ਣ ਲਈ ਅਸਲ ਦੋਸ਼ੀ ਹੈ, ਭਾਵੇਂ ਵੱਡੇ ਕੁਦਰਤਪ੍ਰਸਤ ਤੇ ਸ਼ੁੱਧ ਵਾਤਾਵਰਣ-ਪ੍ਰੇਮੀ ਸਮੁੱਚੀ ਮਨੁੱਖਤਾ ਨੂੰ ਧਰਤੀ ਦਾ ਦੁਸ਼ਮਣ ਐਲਾਨ ਦਿੰਦੇ ਹਨ? ਇਹ ਵੀ ਦੇਖਣ ਵਾਲੀ ਗੱਲ ਹੈ ਕਿ ਇਹਨਾਂ ਵੱਡੇ ਕੁਦਰਤਪ੍ਰਸਤਾਂ ਤੇ ਸ਼ੁੱਧ ਵਾਤਾਵਰਣ-ਪ੍ਰੇਮੀਆਂ ਵਿੱਚੋਂ ਬਹੁਤੇ ਇਸੇ ਇੱਕ ਛੋਟੇ ਜਿਹੇ ਅਮੀਰ ਤਬਕੇ ਵਿੱਚੋਂ ਹੀ ਆਉਂਦੇ ਹਨ; ਟੀਬੀ ਦੇ ਮਰੀਜ਼ ਨੂੰ ਕਰੋਸੀਨ ਦੀਆਂ ਗੋਲੀਆਂ ਵੰਡ ਕੇ ਮਨੁੱਖਤਾ ਦੇ ਮੈਡਲ ਮੋਢੇ ਲਟਕਉਣ ਵਾਲ਼ੇ ਯੋਧੇ ਇਹੀ ਹੁੰਦੇ ਹਨ! ਇਹ ਕਦੇ ਵੀ ਪ੍ਰਦੂਸ਼ਣ ਪਿੱਛੇ ਮੁਨਾਫ਼ੇ ਦੀ ਹਵਸ ਵੱਲ ਭੁੱਲ ਕੇ ਵੀ ਇਸ਼ਾਰਾ ਨਹੀਂ ਕਰਨਗੇ, ਆਖਰ ਇਹੀ ਮੁਨਾਫ਼ਾ ਤਾਂ ਇਹਨਾਂ ਦੀ ਜਿਉਣ ਦੀ ਸ਼ਰਤ ਹੈ!

- ਡਾ. ਅੰਮ੍ਰਿਤਪਾਲ



**Trish Hennessy**

In 2015 Patrick Brown won the leadership of Ontario's Progressive Conservatives (PC) on a promise of party renewal and provincial change, but since then he has made surprisingly few defining policy announcements.

He's opposing a $15 minimum wage—which both Premier Kathleen Wynne and NDP Leader Andrea Horwath support (Horwath came out first on this one, for the record).

He's full of anti-Liberal rhetoric on that powder keg of a file, hydro.

But substantively, he's yet to offer definitive, bold new policy direction that sets the PCs apart from the others.

Given a 2018 provincial election is coming soon, will his November 25 party convention shed light on his agenda for change?

Brown has supplied his party membership with 139 proposed policy resolutions and asked them to vote on their priorities to help shape party priorities in 2018.

But that list of 139 resolutions provides little clarity.

It lacks the narrative cohesion of, say, the Mike Harris Common Sense Revolution of the 1990s.

It lacks the bold, if politically ill-conceived, policy stance of former PC Leader Tim Hudak's 'one million jobs' promise.

It leans heavily on tried and true conservative chestnuts, such as keeping taxes low and cutting red tape (code word for more deregulation). The word 'red tape' comes up a lot in the resolutions document—18 times, to be precise.

Words matter, even in a fairly vague collection of motherhood statements like the resolutions document headed to the PC convention. They matter because they reveal a party's values and priorities.

For instance, a word search for terms like income inequality, poverty reduction, affordable university tuition, and minimum wage reveals these terms come up exactly zero times in the PC convention document.

Income inequality remains stubbornly high in Ontario—in part because of a rise in lower paying, less secure jobs; in part, because the richest households have been gaining the lion's share of economic growth—yet there is no strategy in this document to tackle it.

**Vague jobs strategy**

The PC jobs strategy appears vague in this document. Resolution 76 says the "PC Party policy is to get Ontario's economy going again—making it the number one jurisdiction to do business in—by having job creation become our primary focus, especially through small and medium-sized businesses." But there is no detail related to this resolution.

Resolution 3 says it will "work to connect people to jobs, and jobs to people" but most of it rests on the provision of "information." They will provide "young people and their families more information about their career options." They will improve "the quality and availability of labour market information" and create " a post-secondary information portal."

Apparently, information is the secret antidote to the loss of manufacturing jobs and the rise of lower paying service sector jobs in Ontario.

Ontario has just completed the biggest review of labour and employment law in a generation, but, oddly, the PC resolutions document going to the convention doesn't take a stance on new laws to ensure workers get paid for sick days or to make it easier for workers to unionize. Are they for or against? It's important for the electorate to know.

**Education**

Mike Harris turned the teachers in charge of our children's education into public enemy number one in the mid- to late-1990s but, thankfully, the PC resolution document avoids



that narrative in 2017.

Resolution 3 promotes a "moratorium on school closures and an immediate review of any schools that are slated to close." Resolution 4 seeks "to ensure support for students in need." And resolution 5 commits to "empower teachers and give them the tools, training, and flexibility they need to use their professional judgment to promote student achievement and support student needs."

What is glaringly absent from any of these resolutions is a commitment to fix the flawed education funding formula that the Harris government implemented 20 years ago and that continues to underfund schools, special needs programs, and the education system as a whole.

**Early learning and child care**

There is only one reference to the word child care in the PC resolution document, and it's brief: resolution 7 commits to "create a wider range of options" for child care.

There is no accompanying language to ensure that those options include an expansion of public, affordable, regulated child care spaces. There is no promise to eliminate child care subsidy waiting lists.

Child care fees in Ontario are among the most expensive in Canada, but the PC document is silent on how the party would address this problem.

**Health care**

Like any resolutions document, there are policy nods to woo seniors worried about good long-term care options, a Harris-like resolution to "eliminate hallway healthcare" and reduce overcrowding in hospitals, and a resolution to create a "world-class home care system."

With an aging boomer population, this is clearly needed now more than ever. But advancing resolutions without raising taxes to pay for these desperately needed investments is a missing piece of the puzzle in the PC platform document.

In fact, it's difficult to envision how public service provision and affordability would improve under this set of resolutions.

For instance, in the resolutions document, there is a commitment "to improve drug coverage for Ontarians" but it relies on "working with existing private sector drug plans to cover more people."

That is not nearly as compelling as the free pharmacare for anyone 24 and under, which the Liberal government is offering, nor the universal pharmacare for everyone, which the NDP is proposing (and which is the better policy on offer on this file).

**Where is the climate change plan?**

Given the scientific evidence that climate change is a real and pressing danger, it is astonishing that the one mention in the PC resolutions of climate change is to cancel programs addressing the problem.

Resolution 35 says it will "cancel the Liberal slush fund known as the Climate Change Action Plan, dismantle cap-and-trade, and withdraw from the Western Climate Initiative (WCI), and to return 100% of revenues from Trudeau's Federal carbon pricing benchmark to taxpayers."

Resolution 26 would "streamline the Municipal class Environmental Assessment (MCEA) process to help municipalities implement routine infrastructure projects faster."

Resolution 31 would "repeal the Green Energy Act."

Resolution 32 would "eliminate the Drive Clean program."

Resolution 33 would "improve the environmental regulatory process so that it is less burdensome"—meaning more deregulation.

In short, the environmental resolutions in this document reflect a familiar conservative contempt for regulation, taxation, and bureaucracy. It doesn't tackle climate change.

**The hydro powder keg**

Given the energy file is a powder keg for the sitting government, the Progressive Conservative convention document has several resolutions that speak to undoing some aspects of the Liberals' hydro policy … or does it?

Notable is resolution 57: "PC Party policy is not to allow any further sale of Hydro One to private investors." But it doesn't acknowledge the reality that the sitting government has stated it won't be selling any more shares and its legislation requires the government to be the largest shareholder. Nor does it go as far as NDP Leader Andrea Horwath's more detailed commitment to reverse the sell-off of Hydro One.

Resolution 77 would "stop the bleeding by placing an immediate moratorium on all new energy development or energy contracts until a PC government examines them for need and establishes value for money."

Resolution 78 would "reduce spending by recognizing that we have an energy surplus, and cancelling all contracts for power projects that we do not need and have not yet been permitted to build."

Resolution 80 would "help businesses remain and grow in Ontario by simplifying energy pricing systems for commercial and industrial users."

Resolution 82 would

**Honorary Advisory Board**

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harcharan Singh Parhar Calgary**

**Malkit Singh Abbotsford (BC)**

**Narbhinder Singh (India) (Punjab)**
935-443-0211

**Buta Singh Nawan Shahr (Punjab)**
946-347-4342
atoozed@gmail.com

**Jaswant Zirakh (India) (Punjab)**
98151-69825
jaswantzirakh@gmail.com

"remove the 'smart meter' charge that is currently embedded into your electricity bill." It's classic opposition pocketbook politics—and the majority of PC members who voted on these resolutions support this approach. But these resolutions do not form a coherent roadmap for reform, nor do they address the Liberals' "fair hydro plan", which the PC party opposed.

**Low taxes**

Tax cuts were at the core of the Mike Harris "common sense revolution" and they have a presence in the resolutions document, with words like "protect taxpayers" dutifully on parade.

Resolution 74 is your basic conservative motherhood statement: "PC Party policy is to cut your taxes and provide tax credits, to make life more affordable for families and businesses." For the record, 90.1 per cent of the membership approved of this resolution.

But given the fact that tax cuts are the apple pie of conservative politics, the document is light on details on what its tax, or tax cut, agenda might be in 2018.

Twenty years of tax cuts have deprived Ontario's fiscal coffers of needed revenue to pay for the things that benefit everyone, such as public health care. Ontario politicians are quietly reaching the limits of tax cut politicking—in part, because there's little more left to cut and, in part, because more tax cuts will inevitably lead to more fiscal deficits and a higher debt level, which is something PC resolution 75 is opposed to.

How the party plans to balance the books while making needed investments in public services remains in question. Perhaps the weekend's convention will add clarity.

**Trish Hennessy is director of the CCPA Ontario office. Follow her on Twitter: @trishhennessy**



Gurpreet Singh

Surrey writer and broadcaster Gurpreet Singh wasn't able to secure alternative treatments from a Pakistani hakim for his father, who was living in the Indian state of Punjab.Charlie Smith

My father passed away on November 4 while fighting lung cancer in Punjab, India.

He was diagnosed with the disease in 2015. The chemotherapy had turned him frail and weak but he kept going partly because of his willpower.

Though the whole family was prepared to face this, there was still some hope of his recovery. While we can never be sure about this, a hakim (a wise man) from Pakistan who is an expert in alternative medicine had assured us that if we tried his treatment, my father would be healthy.

I came to know about him from a friend of Pakistani origin in Canada. He himself is a cancer survivor and was healed after receiving the treatment given by this particular practitioner. He says that the doctors had told him that he wouldn't live very long about four years back, but thanks to the medicine given by this hakim he says he's now cancer free.

He explained to me that he was never asked to give up chemotherapy and was rather recommended to try alternative medicine alongside chemo. He told me that the medicine helped check the bad effects of chemo and assisted in the speedy recovery of cancer patients.

After getting the contact information of the hakim in Pakistan, I called his clinic in Islamabad. On the other end of the line, he was very soft-spoken and after listening to all the details, told me "God willing, your father will be fine soon."

"You will hear a good news," he said confidently.

He also stated that he likes Sikhs and would be happy to do anything for them. He then asked me to send someone to pick up the medicine.

Accordingly, through my Pakistani friends I had the medicine picked up from him. However, I was told that it could not be couriered to India for security reasons.

In fact, there was no courier company in Pakistan, they said, that was ready to mail it to India or even Canada in the post 9/11 environment. It was decided to get it here in Canada through somebody traveling to Vancouver from Pakistan.

My family in India had an inability to go to Pakistan to get it directly due to visa restrictions. Ironically, this was all out of bounds for my family in India despite the city they live in being only about two-and-a-half hours from the Indo-Pak border. Anyone could have just crossed over to Pakistan to get the medicine.

In the meantime I went to India on October 31 to meet my father when the medicine had still not reached Vancouver. Three days later he passed away after his condition deteriorated because of sudden cardiac arrest.

Although it cannot be said that the medicine from Pakistan would have done any miracle, had it reached him on time, he might have started recovering. Maybe or maybe not, yet it was our last hope that died because of the hostile environment between two neighbouring countries which were separated on religious lines in 1947.

My father was born on the Pakistan side of undivided India. His family migrated to India following partition due to sectarian violence that led to a large-scale transfer of the population from both sides. He survived the violence when he was about eight years old.

Since partition, the two nations have fought two major wars. Under a right-wing Hindu nationalist government in India the distances between the two sides have grown.

Despite being children of a common mother like Canada and the United States, relations between India and Pakistan continue to be hostile—to the point where the everyday exchange between people on either side of the border is unthinkable.

I have made most of my Pakistani friends only because I live in Canada where Indians and Pakistanis live in harmony. In fact, when my father visited Canada on two occasions he had a warm meetings with these Pakistani friends with whom he felt deeply connected.

On the ground, the conditions on the borders separating India and Pakistan are as hardened as the hearts of the political leaders in New Delhi and Islamabad. Hopefully, there will be an end to this one day and people can easily travel across the borders to fulfill their needs and build bridges.

Gurpreet Singh is cofounder of Radical Desi magazine. He's also the author of Why Mewa Singh Killed William Hopkinson: Revisiting the Murder of a Canadian Immigration Inspector and Fighting Hatred With Love: Voices of the Air India Victims' Families. Both were published by Chetna Parkashan

# ਧਰਮ... ਮੁਨਾਫ਼ੇ ਦੀ ਇੱਕ ਸਨਅਤ

ਮਨਦੀਪ

ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼ ਨੇ 'ਜਰਮਨ ਵਿਚਾਰਧਾਰਾ', 'ਸਰਮਾਇਆ', 'ਕਮਿਊਨਿਸਟ ਮੈਨੀਫੈਸਟੋ' ਆਦਿ ਕ੍ਰਿਤਾਂ 'ਚ ਦਰਸਾਇਆ ਕਿ ਲੁਟੇਰੀਆਂ ਜਮਾਤਾਂ ਆਮ ਲੋਕਾਂ ਨੂੰ ਹਨੇਰੇ ਵਿਚ ਰੱਖਣ ਅਤੇ ਦਬਾਕੇ ਰੱਖਣ ਦੇ ਇੱਕ ਸੰਦ ਵਜੋਂ ਧਰਮ ਦੀ ਮਜ਼ਬੂਤੀ ਵਿਚ ਦਿਲਚਸਪੀ ਰੱਖਦੀਆਂ ਹਨ ਅਤੇ ਮੌਜੂਦਾ ਸਾਮਰਾਜੀ ਪੂੰਜੀਵਾਦੀ ਦੌਰ ਅੰਦਰ ਧਰਮ ਸਬੰਧੀ ਸਾਹਮਣੇ ਆਏ ਤੱਥਾਂ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਦੇਸ਼ ਵਿਚ ਧਰਮ ਇੱਕ ਪੈਸਾ ਕਮਾਉਣ ਵਾਲੇ ਵੱਡੇ ਸਨਅਤੀ ਕਾਰੋਬਾਰ ਦੇ ਤੌਰ 'ਤੇ ਕਾਰਜਸ਼ੀਲ ਹੈ ਜਿਸਨੂੰ "ਧਰਮ ਨਿਰਪੱਖ ਸਮਾਜਵਾਦੀ ਲੋਕਤੰਤਰੀ ਗਣਰਾਜ" (ਭਾਰਤੀ ਰਾਜ ਪ੍ਰਬੰਧ) ਦਾ ਥਾਪੜਾ ਪ੍ਰਾਪਤ ਹੈ। ਇੱਕ ਅੰਕੜੇ ਮੁਤਾਬਕ ਦੇਸ਼ ਦੇ ਦਸ ਵੱਡੇ ਮੰਦਰਾਂ ਦੀ ਜਾਇਦਾਦ ਦੇਸ਼ ਦੇ 500 ਸਨਅਤੀ ਘਰਾਣਿਆਂ ਤੋਂ ਜ਼ਿਆਦਾ ਹੈ। ਤਿਰੂਪਤੀ ਬਾਲਾ ਜੀ ਵਰਗੇ 100 ਵੱਡੇ ਮੰਦਰਾਂ ਵਿਚ 3600 ਅਰਬ ਰੁਪਏ ਦਾ ਸੋਨਾ ਹੈ। ਦੇਸ਼ ਦੇ ਵਿਭਿੰਨ ਪ੍ਰਾਂਤਾਂ ਵਿਚ ਭਿੰਨ-ਭਿੰਨ ਪ੍ਰਕਾਰ ਦੇ ਘੱਟ ਗਿਣਤੀ "ਧਾਰਮਿਕ ਅਦਾਰਿਆਂ" ਦੇ ਪ੍ਰਮੁੱਖ ਧਾਰਮਿਕ ਸਥਾਨਾਂ ਉੱਪਰ ਚੜ੍ਹਾਵੇ ਦੇ ਅੰਕੜਿਆਂ ਨੂੰ ਨਸ਼ਰ ਕਰਦੀਆਂ ਖ਼ਬਰਾਂ ਆਮ ਤੌਰ 'ਤੇ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਵਿਚ ਆਉਂਦੀਆਂ ਰਹਿੰਦੀਆਂ ਹਨ। ਇਕੱਲੇ ਸੂਬਾ ਪੰਜਾਬ ਅੰਦਰ ਸ਼੍ਰੋਮਣੀ ਕਮੇਟੀ ਦਾ ਅਰਬਾਂ ਦਾ ਬਜਟ ਆਏ ਸਾਲ ਸਾਹਮਣੇ ਆਉਂਦਾ ਹੈ। ਛੋਟੇ-ਛੋਟੇ ਡੇਰਿਆਂ ਤੇ ਹੋਰ ਅਨੇਕਾਂ 'ਪੂਜਣਯੋਗ' ਸਥਾਨਾਂ ਉੱਪਰ ਚੜ੍ਹਦੇ ਚੜ੍ਹਾਵਿਆਂ ਦੇ ਅੰਕੜੇ ਇਕੱਠੇ ਕਰਨ ਲਈ ਕੋਈ ਸਰਵੇਖਣ ਟੀਮ ਨਹੀਂ ਹੈ। ਧਰਮ-ਕਰਮ ਦੇ ਚੱਕਰਾਂ 'ਚ ਪਾ ਕੇ ਲੋਕਾਂ ਦੀਆਂ ਜੇਬਾਂ ਖਾਲੀ ਕਰਵਾਉਣ ਦਾ ਇਹ ਸਦਾਬਹਾਰ ਤੇ ਲਗਾਤਾਰ ਚੱਲਦਾ ਰਹਿਣ ਵਾਲਾ ਮੁਨਾਫੇਖੋਰ ਧੰਦਾ ਹੈ, ਜਿਸਤੇ ਆਰਥਿਕ ਮੰਦੀ ਦਾ ਕੋਈ ਅਸਰ ਨਹੀਂ ਹੁੰਦਾ। ਦੇਸ਼ ਦੇ ਮਿਹਨਤੀ ਲੋਕਾਂ ਨੂੰ ਲਾਈਲੱਗ ਬਣਾਕੇ ਰੱਖਣ ਲਈ ਹਾਕਮ ਜਮਾਤਾਂ ਵੱਲੋਂ ਕ੍ਰਿਕਟਰ, ਫ਼ਿਲਮੀ ਸਿਤਾਰੇ, ਰਾਜਨੀਤੀਵੇਤਾ ਤੇ ਉੱਚ ਕੁਲੀਨ ਘਰਾਣਿਆਂ ਦੇ "ਫਰਜੰਦ" ਆਦਿ ਜਾਅਲੀ ਨਾਇਕ ਪੈਦਾ ਕੀਤੇ ਜਾਂਦੇ ਹਨ। ਸਮਾਜ ਦੇ ਇਹ "ਬਹੁ-ਚਰਚਿਤ" ਚਿਹਰੇ ਲੋਕਾਂ ਵਿਚ ਪਿਛਾਂਹਖਿਚੂ ਸੰਸਕਾਰਾਂ ਦਾ ਪ੍ਰਸਾਰ ਕਰਨ ਦੇ ਵਾਹਕ ਬਣਦੇ ਹਨ। ਪਿਛਲੇ ਦਿਨੀਂ ਕ੍ਰਿਕਟ ਪ੍ਰੇਮੀਆਂ ਦੇ ਚਹੇਤੇ ਕ੍ਰਿਕਟਰ ਮਹਿੰਦਰ ਸਿੰਘ ਧੋਨੀ ਦੇ ਰਾਂਚੀ ਤੋਂ 60 ਕਿਲੋਮੀਟਰ ਦੂਰ ਤਮਾੜ 'ਚ ਦੁਰਗਾ ਮਾਤਾ ਦੇ ਪ੍ਰਾਚੀਨ ਦਿਊੜੀ ਮੰਦਰ 'ਚ ਮੋਟਾ ਚੜ੍ਹਾਵਾ ਚੜ੍ਹਾਉਣ ਦੇ ਚਰਚੇ ਹੁੰਦੇ ਰਹੇ। ਧੋਨੀ ਇਸ ਮੰਦਰ ਵਿਚ ਉਸ ਸਮੇਂ ਤੋਂ ਜਾਂਦਾ ਆ ਰਿਹਾ ਹੈ ਜਦੋਂ ਉਹ ਕ੍ਰਿਕਟ ਜਗਤ ਦਾ ਮਕਬੂਲ ਚਿਹਰਾ ਨਹੀਂ ਸੀ ਬਣਿਆ। ਉਸ ਸਮੇਂ ਇਸ ਮੰਦਰ 'ਚ ਦੋ-ਚਾਰ ਦਰਜਨਾਂ ਸ਼ਰਧਾਲੂ ਹੀ ਮੱਥਾ ਟੇਕਣ ਆਉਂਦੇ ਸਨ ਤੇ ਚੜ੍ਹਾਵਾ ਵੀ 5000 ਰੁਪਏ ਮਹੀਨੇ ਤੋਂ ਨਹੀਂ ਸੀ ਟੱਪਦਾ। ਪ੍ਰੰਤੂ ਦੇਵੀ ਮਾਤਾ ਦੀ ਕ੍ਰਿਪਾ ਦੇ ਨਾਲ ਜਿਉਂ-ਜਿਉਂ ਧੋਨੀ ਦੇ ਬੈਂਕ ਲਾਕਰ ਆਫਰਦੇ ਗਏ ਤਿਉਂ-ਤਿਉਂ ਮੰਦਰ ਦੀ ਵੀ "ਤਰੱਕੀ" ਹੁੰਦੀ ਗਈ। ਅੱਜ ਕੱਲਦੁਰਗਾ ਮਾਤਾ ਜੀ ਦੇ ਆਸ-ਪਾਸ 5000 ਤੋਂ ਉੱਪਰ ਸ਼ਰਧਾਲੂਆਂ ਦਾ ਮਜਮਾ ਲੱਗਾ ਰਹਿੰਦਾ ਹੈ ਤੇ ਚੜ੍ਹਾਵਾ ਮਹੀਨਾਵਾਰ ਲੱਖਾਂ ਰੁਪਏ। ਹੋਰ ਤਾਂ ਹੋਰ ਧੋਨੀ ਉੱਪਰ ਮਾਤਾ ਜੀ ਦੀ ਪਈ ਕ੍ਰਿਪਾ ਦ੍ਰਿਸ਼ਟੀ ਤੋਂ ਬਾਅਦ ਹੁਣ ਇਸ ਮੰਦਰ ਵਿਚ ਕਾਂਗਰਸ ਦੇ ਸਾਂਸਦ ਤੇ ਸਾਬਕਾ ਮੰਤਰੀ ਸੁਬੋਧਕਾਂਤ ਸਹਾਏ ਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਅਰਜੁਨ ਮੁੰਡਾ ਵਰਗੇ ਵੀ.ਆਈ.ਪੀਜ਼ ਵੀ ਆਪਣੀ ਹਾਜਰੀ ਲਗਵਾਉਣ ਲੱਗੇ ਹਨ। ਇਸੇ ਤਰ੍ਹਾਂ ਹਾਲ ਹੀ ਫ਼ਿਲਮ ਇੰਡਸਟਰੀ ਦੇ ਮੰਨੇ-ਪ੍ਰਮੰਨੇ ਕਲਾਕਾਰ ਅਮਿਤਾਬ ਬਚਨ ਨੇ ਤਿਪੂਪਤੀ ਮੰਦਰ ਜੋ ਭਾਰਤ ਦਾ ਪਹਿਲੇ ਨੰਬਰ ਦਾ ਅਮੀਰ ਮੰਦਰ ਹੈ, ਜਿਸਦੇ ਤਹਿਖਾਨੇ 'ਚ ਅੱਠ ਟਨ ਗਹਿਣੇ, ਬੈਂਕਾਂ 'ਚ ਤਿੰਨ ਕੁਇੰਟਲ ਸੋਨਾ ਤੇ 1000 ਕਰੋੜ ਦੀਆਂ ਐਫ.ਡੀਜ਼ ਹਨ, ਜਿੱਥੇ 70 ਹਜ਼ਾਰ ਸ਼ਰਧਾਲੂ ਹਰ ਰੋਜ ਪੂਜਾ ਕਰਨ ਆਉਂਦੇ ਹਨ, ਜਿੱਥੇ ਹਰ ਮਹੀਨੇ 10 ਕਰੋੜ ਰੁਪਏ ਤੋਂ ਜਿਆਦਾ ਚੜ੍ਹਾਵਾ ਚੜ੍ਹਦਾ ਹੈ ਤੇ ਇੱਕ ਸਾਲ ਵਿਚ 650 ਕਰੋੜ ਰੁਪਏ ਤੋਂ ਉੱਪਰ, ਜਿਸਦੀ ਜਾਇਦਾਦ ਦੀ ਰਾਖੀ ਲਈ 52 ਹਜ਼ਾਰ ਕਰੋੜ ਰੁਪਏ ਦਾ ਬੀਮਾ ਕਰਵਾਇਆ ਗਿਆ ਹੈ, ਜਿਸ ਵਿਚ ਗ਼ੈਰ ਕਾਨੂੰਨੀ ਖਨਨ ਦੇ ਸਰਗਨੇ ਰੈੱਡੀ ਨੇ 45 ਕਰੋੜ ਦਾ ਹੀਰਿਆਂ ਜੜਿਆ ਮੁਕਟ ਭੇਂਟ ਕੀਤਾ ਹੈ; ਉਸ ਤਿਰੂਪਤੀ ਮੰਦਰ ਵਿਚ 'ਨਾਚੀਜ਼' ਬਚਨ ਸਾਹਿਬ ਨੇ ਆਪਣੀ 'ਕਿਰਤ ਕਮਾਈ' 'ਚੋਂ 10 ਕਰੋੜ ਦੇ ਸੋਨੇ ਦਾ 'ਮਾਮੂਲੀ ਜਿਹਾ ਨਜ਼ਰਾਨਾ' ਪੇਸ਼ ਕੀਤਾ ਹੈ। ਇਵੇਂ ਭਾਰਤੀ ਏਅਰਵੇਜ਼ ਕਿੰਗਫਿਸ਼ਰ ਨੂੰ ਘਾਟੇ 'ਚੋਂ ਕੱਢਣ ਲਈ ਕਿੰਗਫਿਸ਼ਰ ਦੇ ਚੇਅਰਮੈਨ ਵਿਜੇ ਮਾਲੀਆ ਵੱਲੋਂ ਤਿੰਨ ਕਿੱਲੋ ਦੀ ਸੋਨੇ ਦੀ ਇੱਟ ਦਾ ਚੜ੍ਹਾਵਾ ਚੜ੍ਹਾਇਆ ਗਿਆ। ਇਹ ਚੜ੍ਹਾਵੇ ਦੇਸ਼ ਦੇ ਚੋਟੀ ਦੇ ਮੰਦਰਾਂ ਵਿਚ ਚੜ੍ਹਾਏ ਗਏ। ਇਨ੍ਹਾਂ ਮੰਦਰਾਂ ਵਿਚ ਤਿਰੂਪਤੀ, ਵੈਸ਼ਨੋ ਦੇਵੀ, ਪਦਮਨਾਥ, ਸਾਈਂ ਮੰਦਰ ਆਦਿ ਦੇ ਨਾਂ ਸ਼ੁਮਾਰ ਹਨ। ਜਿਨ੍ਹਾਂ ਦੇ ਤਹਿਖਾਨੇ ਬੇਸ਼ੁਮਾਰ ਸੋਨੇ, ਚਾਂਦੀ, ਹੀਰੇ-ਜਵਾਹਰਾਤ, ਸਿੱਕੇ, ਗਹਿਣੇ ਤੇ ਖਰਬਾਂ ਰੁਪਇਆਂ ਨਾਲ ਭਰੇ ਪਏ ਹਨ। ਇੱਕ ਅੰਦਾਜੇ ਮੁਤਾਬਕ ਦੇਸ਼ ਦੇ ਮੰਦਰਾਂ ਵਿੱਚ 35 ਹਜ਼ਾਰ ਟਨ ਸੋਨਾ ਹੈ। ਇੱਥੇ ਇੱਕ ਪਾਸੇ ਦੇਸ਼ ਵਿਚ ਭਗਵਾਨ ਬੇਥਾਹ ਧਨ ਦੌਲਤ ਨਾਲ ਲੱਦੇ ਪਏ ਹਨ ਤੇ ਦੂਸਰੇ ਪਾਸੇ ਇਨ੍ਹਾਂ ਭਗਵਾਨਾਂ ਦੁਆਲੇ ਇਕੱਠੇ ਹੋਏ ਧਨ ਨੂੰ ਪੈਦਾ ਕਰਨ ਵਾਲੇ ਦੇਸ਼ ਦੇ ਕਰੋੜਾਂ ਕਮਾਊ ਭੁੱਖਮਰੀ, ਗ਼ਰੀਬੀ, ਅਨਪੜਤਾ, ਬਿਮਾਰੀਆਂ ਤੇ ਕੁਪੋਸ਼ਣ ਦੇ ਸ਼ਿਕਾਰ ਹਨ। ਮੌਜੂਦਾ ਸਾਮਰਾਜੀ ਪੂੰਜੀਵਾਦੀ ਦੌਰ ਅੰਦਰ ਪੈਦਾ ਹੋਏ ਫ਼ੈਸ਼ਨ, ਮਾਡਲਿੰਗ, ਸ਼ੇਅਰ ਮਾਰਕੀਟ, ਸੱਟੇਬਾਜੀ ਆਦਿ ਦੇ ਬਜ਼ਾਰ ਵਾਂਗ ਧਰਮ ਵੀ ਇੱਕ ਗ਼ੈਰ ਪੈਦਾਵਾਰੀ ਅਦਾਰਾ ਹੈ। ਪ੍ਰੰਤੂ ਫਿਰ ਵੀ ਧਰਮ ਰਾਹੀਂ ਹੁੰਦੇ ਮੁਨਾਫ਼ੇ ਦਾ ਕਾਰੋਬਾਰ ਬਾਕੀ ਦੇ ਸਨਅਤੀ ਕਾਰੋਬਾਰ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੈ। ਘੋਰ ਗ਼ਰੀਬੀ ਦਾ ਸ਼ਿਕਾਰ ਦੇਸ਼ ਦੇ ਮਿਹਨਤਕਸ਼ ਲੋਕ ਧਾਰਮਿਕ ਅੰਧਵਿਸ਼ਵਾਸਾਂ ਦੇ ਧੰਦੂਕਾਰੇ ਵਿਚ ਫਸਕੇ ਆਪਣੀ ਲੁੱਟ ਕਰਵਾ ਰਹੇ ਹਨ ਅਤੇ ਸਮਾਜ ਦੇ ਚੇਤੰਨ ਵਰਗ ਨੂੰ ਹਾਕਮ ਜਮਾਤਾਂ ਵੱਲੋਂ ਲੋਕਾਂ ਤੇ ਲੁੱਟ-ਜਬਰ ਤੇ ਅਨਿਆਂ ਦੇ ਪ੍ਰਬੰਧ ਨੂੰ ਸਥਾਪਤ ਰੱਖਣ ਲਈ ਫੈਲਾਏ ਜਾਂਦੇ ਗ਼ੈਰ ਵਿਗਿਆਨਕ ਵਿਚਾਰਾਂ ਖਿਲਾਫ਼ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਦੀ ਇੱਕ ਮਜਬੂਤ ਮੁਹਿੰਮ ਉਸਾਰਨ ਲਈ ਅੱਗੇ ਆਉਣਾ ਚਾਹੀਦਾ ਹੈ।

# ਮਹਾਨ ਅਕਤੂਬਰ ਇਨਕਲਾਬ ਅਤੇ ਮੈਡੀਸਨ

## (Great October Revolution and Medicine)



ਲੰਘੇ ਪਰਸੋਂ, ਭਾਵ 7 ਨਵੰਬਰ ਨੂੰ ਮਹਾਨ ਅਕਤੂਬਰ ਇਨਕਲਾਬ ਦੀ 100ਵੀਂ ਵਰ੍ਹੇਗੰਢ ਸੀ। ਪੁਰਾਣੇ ਰੂਸੀ ਕੈਲੰਡਰ... ਅਨੁਸਾਰ, 1917 ਵਿੱਚ ਇਸ ਦਿਨ 25 ਅਕਤੂਬਰ ਸੀ, ਜਿਸ ਕਾਰਨ ਮਨੁੱਖਤਾ ਦੇ ਇਤਿਹਾਸ ਦੀ ਇਸ ਮਹਾਨ ਘਟਨਾ ਨੂੰ 'ਅਕਤੂਬਰ ਇਨਕਲਾਬ'ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਇਨਕਲਾਬ ਤੋਂ ਸਮਾਜ ਤੇ ਮਨੁੱਖੀ ਜੀਵਨ ਦਾ ਕੋਈ ਪੱਖ ਅਛੂਤਾ ਨਹੀਂ ਰਿਹਾ, ਨਾ ਹੀ ਰੂਸ ਵਿੱਚ ਤੇ ਨਾ ਹੀ ਰੂਸ ਤੋਂ ਬਾਹਰ। ਮੈਡੀਸਨ ਤੇ ਸਿਹਤ ਸੇਵਾਵਾਂ ਦਾ ਖੇਤਰ ਫਿਰ ਕੋਈ ਛੋਟ ਕਿਵੇਂ ਹੋ ਸਕਦਾ ਸੀ।

ਅਕਤੂਬਰ ਇਨਕਲਾਬ ਤੋਂ ਤੁਰੰਤ ਬਾਅਦ ਸਾਰੇ ਨਾਗਰਿਕਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਪ੍ਰਦਾਨ ਕਰਨੀਆਂ ਸਰਕਾਰ ਦੀ ਜ਼ਿੰਮੇਵਾਰੀ ਬਣਾ ਦਿੱਤਾ ਗਿਆ। 'Social and Preventive Medicine' ਜਿਹੜਾ ਕਿ ਸਮੁੱਚੀ ਦੁਨੀਆਂ ਵਿੱਚ ਮੈਡੀਕਲ ਸਿੱਖਿਆ ਦੇ ਸਿਲੇਬਸ ਦਾ ਇੱਕ ਅਹਿਮ ਵਿਸ਼ਾ ਹੈ, ਦੀ ਮਸ਼ਹੂਰ ਪਾਠ-ਪੁਸਤਕ 'ਅਨੁਸਾਰ ਦੁਨੀਆਂ ਵਿੱਚ ਅਜਿਹਾ ਪਹਿਲੀ ਵਾਰ ਹੋਇਆ ਜਦੋਂ ਸਿਹਤ ਸੇਵਾਵਾਂ ਦਾ ਸਮਾਜੀਕਰਨ ਕੀਤਾ ਗਿਆ ਅਤੇ ਸਿਹਤ ਸੇਵਾਵਾਂ ਵਿਅਕਤੀਗਤ ਧੰਦਾ ਜਾਂ ਬਿਜਨੈੱਸ ਨਾ ਰਿਹਾ। ਪਹਿਲੀ ਸੰਸਾਰ ਜੰਗ ਦੀ ਤਬਾਹੀ ਅਤੇ 18 ਮੁਲਕਾਂ ਦੇ ਹਮਲੇ ਨੂੰ ਝੱਲਦੇ ਹੋਏ ਲੈਨਿਨ ਦੀ ਅਗਵਾਈ ਹੇਠ ਬਣੀ ਲੋਕਾਂ ਦੀ ਸਰਕਾਰ ਨੇ ਸਮੁੱਚੇ ਲੋਕਾਂ ਨੂੰ ਹਰ ਤਰ੍ਹਾਂ ਦੀ ਸਿਹਤ ਸਹੂਲਤ ਪ੍ਰਦਾਨ ਕਰਨ ਲਈ ਅਸਲੋਂ ਨਵਾਂ ਸਿਹਤ ਢਾਂਚਾ ਖੜ੍ਹਾ ਕਰਨ ਦੀ ਚੁਣੌਤੀ ਕਬੂਲੀ। ਇਸ ਦੀ ਜ਼ਿੰਮੇਵਾਰੀ ਨਿਕੋਲਾਈ ਸੇਮਸ਼ਕੋ ਉੱਤੇ ਪਈ ਜਿਹੜਾ ਖੁਦ ਡਾਕਟਰ ਸੀ ਅਤੇ ਸਿਹਤ ਮੰਤਰਾਲੇ ਦਾ ਮੁੱਖ ਕੁਮਿਸਾਰ ਸੀ। ਉਸਦੇ ਨਾਮ ਨਾਲ ਹੀ ਇਹ ਸਿਹਤ ਢਾਂਚਾ 'ਸੇਮਸ਼ਕੋ ਹੈਲਥਕੇਅਰ ਸਿਸਟਮ' ਦੇ ਨਾਮ ਨਾਲ ਜਾਣਿਆ ਗਿਆ।

ਉਸ ਸਮੇਂ ਰੂਸ ਨਾ ਸਿਰਫ ਭੁੱਖਮਰੀ ਦੀ ਹਾਲਤ ਵਿੱਚ ਸੀ, ਸਗੋਂ ਟੀਬੀ, ਮਲੇਰੀਆ, ਟਾਈਫਸ, ਟਾਈਫਾਇਡ ਤੇ ਹੈਜ਼ਾ ਮਹਾਂਮਾਰੀਆਂ ਸਨ। 1917 ਤੋਂ ਪਹਿਲਾਂ ਲਿਖੇ ਗਏ ਰੂਸੀ ਸਾਹਿਤ ਵਿੱਚ ਸ਼ਾਇਦ ਹੀ ਕੋਈ ਨਾਵਲ ਹੋਵੇ ਜਿਸ ਵਿੱਚ ਨਾਇਕ ਜਾਂ ਫਿਰ ਕੋਈ ਹੋਰ ਅਹਿਮ ਪਾਤਰ ਟੀਬੀ ਜਾਂ ਟਾਈਫਸ ਦਾ ਸ਼ਿਕਾਰ ਨਾ ਹੋਵੇ। ਟਾਈਫਸ ਦਾ ਪ੍ਰਕੋਪ ਇੰਨਾ ਜ਼ਿਆਦਾ ਸੀ ਕਿ ਲੈਨਿਨ ਨੂੰ ਕਹਿਣਾ ਪਿਆ ਕਿ ਰੂਸ ਵਿੱਚ ਟਾਈਫਸ ਰਹੇਗਾ, ਜਾਂ ਸਮਾਜਵਾਦ। ਕੁਝ ਕੁ ਦਹਾਕਿਆਂ ਵਿੱਚ ਹੀ ਇਹਨਾਂ ਮਹਾਂਮਾਰੀਆਂ ਉੱਤੇ ਕਾਬੂ ਪਾ ਲਿਆ ਗਿਆ। 1960 ਵਿੱਚ ਸੋਵੀਅਤ ਯੂਨੀਅਨ ਨੂੰ ਰੁ8+ ਵੱਲੋਂ ਮਲੇਰੀਆ ਮੁਕਤ ਐਲਾਨਿਆ ਗਿਆ। ਟਾਈਫਸ ਜਿਹੜਾ ਕਿ ਮੌਤ ਦਾ ਦੂਜਾ ਨਾਮ ਸੀ, ਇੰਨਾ ਘਟ ਗਿਆ ਕਿ ਦੂਜੀ ਸੰਸਾਰ ਜੰਗ ਸਮੇਂ ਵੀ ਬਹੁਤ ਘੱਟ ਫੈਲਿਆ। ਇਹ ਸੋਵੀਅਤ ਸਿਹਤ ਢਾਂਚਾ ਹੀ ਸੀ ਜਿਹੜਾ ਨਾਜ਼ੀਆਂ ਖਿਲਾਫ਼ ਦੂਜੀ ਸੰਸਾਰ ਜੰਗ ਦੇ ਛੇ ਸਾਲ ਦੌਰਾਨ ਵੀ ਜਿਸ ਵਿੱਚ 2.5 ਕਰੋੜ ਰੂਸੀ ਮਾਰੇ ਗਏ, ਖਿੰਡਣਾ ਤਾਂ ਦੂਰ, ਇਸ ਮੁਸ਼ਕਿਲ ਦੌਰ ਵਿੱਚ ਵੀ ਉਸੇ ਤਰ੍ਹਾਂ ਸਿਹਤ ਸੁਵਿਧਾਵਾਂ ਪ੍ਰਦਾਨ ਕਰਦਾ ਰਿਹਾ।

ਸਿਹਤ ਸੇਵਾਵਾਂ ਲਈ ਡਾਕਟਰਾਂ, ਹੋਰ ਸਿਹਤ ਕਾਮਿਆਂ ਤੇ ਸਾਜ਼ੋਸਮਾਨ ਦੇ ਮਾਮਲੇ ਵਿੱਚ ਲਾਮਿਸਾਲ ਤਰੱਕੀ ਹੋਈ। 1956 ਵਿੱਚ ਬੈੱਡ:ਆਬਾਦੀ ਅਨੁਪਾਤ 1:147 ਸੀ (ਵਰਣਨਯੋਗ ਹੈ ਕਿ ਭਾਰਤ ਵਿੱਚ ਇਹ ਅੱਜ ਵੀ 1:1000 ਤੋਂ ਉੱਤੇ ਹੈ ਤੇ 350 ਵਿਅਕਤੀਆਂ ਪਿੱਛੇ ਇੱਕ ਬੈੱਡ ਅੱਜ ਵੀ ਸਟੈਂਡਰਡ ਮੰਨਿਆ ਜਾਂਦਾ ਹੈ); ਡਾਕਟਰ:ਆਬਾਦੀ ਅਨੁਪਾਤ 1:560 ਸੀ, ਜਦਕਿ ਉਸੇ ਸਮੇਂ ਇੰਗਲੈਂਡ ਵਿੱਚ ਇਹ ਅਨੁਪਾਤ 1:1149 ਸੀ ਅਤੇ ਅਮਰੀਕਾ ਵਿੱਚ ਇਹ 1:750 ਸੀ। 27 ਸੰਸਥਾਵਾਂ ਮੈਡੀਕਲ ਖੋਜਕਾਰਜਾਂ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਸਨ। ਡਾਕਟਰਾਂ ਤੇ ਸਿਹਤ ਵਿਗਿਆਨੀਆਂ ਲਈ ਸੈੱਟ ਹੋਣ, ਪ੍ਰੈਕਟਿਸ ਚਲਾਉਣ ਦੇ ਬੋਝ ਤੋਂ ਮੁਕਤ ਹੋ ਕੇ ਮਨੁੱਖਤਾ ਲਈ ਕੰਮ ਕਰਨ ਦੇ ਹਾਲਾਤ ਪੈਦਾ ਹੋਏ, ਜਿਸਦੀ ਮਹੱਤਤਾ ਅੱਜ ਦੇ ਮੈਡੀਕਲ ਖੇਤਰ ਦੇ ਦਮਘੋਟੂ ਮਾਹੌਲ ਵਿੱਚ ਵਿਚਰਦੇ ਅਤੇ ਹੋਰ ਪੈਸਾ, ਹੋਰ ਪੈਸੇਦੀ ਦੌੜ ਨੂੰ ਦੇਖਦੇ ਇਮਾਨਦਾਰ ਤੇ ਮਨੁੱਖੀ ਸਰੋਕਾਰ ਰੱਖਦੇ ਡਾਕਟਰ ਹੀ ਮਹਿਸੂਸ ਕਰ ਸਕਦੇ ਹਨ।

**- ਡਾ. ਅੰਮ੍ਰਿਤਪਾਲ**













# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਵਿਚਾਰ ਚਰਚਾ 'ਚ ਕਈ ਮੁੱਦੇ ਭਾਰੂ ਰਹੇ










ਕੈਲਗਰੀ, (ਮਾ.ਭਜਨ) : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਨਵੰਬਰ ਮਹੀਨੇ ਦੀ ਮੀਟਿੰਗ ਜੈਨਸਿਸ ਸੈਂਟਰ ਵਿੱਚ ਹੋਈ ਵੱਖ-ਵੱਖ ਭਖਦੇ ਮਸਲਿਆਂ ਤੇ ਜਗਦੇਵ ਸਿੰਘ ਸਿੱਧੂ, ਹਰੀਪਾਲ, ਰਿਸ਼ੀ ਨਾਗਰ ਅਤੇ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਮਾਨ ਨੇ ਵਿਚਾਰ ਪੇਸ਼ ਕੀਤੇ। ਪਿਛਲੇ ਡੇਢ ਸਾਲ ਤੋਂ ਚੱਲ ਰਹੀਆਂ ਪੰਜਾਬੀ ਕਲਾਸਾਂ ਬਾਰੇ ਸੁਖਵੀਰ ਗਰੇਵਾਲ ਨੇ ਅਤੇ ਗੁਰਚਰਨ ਕੌਰ ਥਿੰਦ ਨੇ ਕੈਨੇਡਾ ਵਿੱਚ ਹੋ ਰਹੇ ਨਸਲਵਾਦ ਬਾਰੇ ਵਿਚਾਰ ਪੇਸ਼ ਕੀਤੇ। ਹਰਨੇਕ ਬੱਧਣੀ, ਮਾ. ਬਚਿੱਤਰ ਗਿੱਲ ਅਤੇ ਬਲਜਿੰਦਰ ਸੰਘਾ ਨੇ ਹਾਲਾਤਾਂ ਨਾਲ ਮੇਲ਼ ਖਾਂਦੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਮਾਸਟਰ ਭਜਨ ਨੇ ਕੀਤਾ।

ਸਭ ਤੋਂ ਪਹਿਲਾਂ ਜਗਦੇਵ ਸਿੰਘ ਸਿੱਧੂ ਨੇ ਭਾਰਤ ਅਤੇ ਸੰਸਾਰ ਭਰ ਵਿੱਚ ਲੇਖਕਾਂ ਅਤੇ ਪੱਤਰਕਾਰਾਂ ਦੇ ਹੋ ਰਹੇ ਕਤਲਾਂ ਬਾਰੇ ਮਤਾ ਰੱਖਿਆ। ਉਹਨਾਂ ਕਿਹਾ ਕਿ ਗੌਰੀ ਲੰਕੇਸ਼ ਦੇ ਕਤਲ ਤੋਂ ਬਾਅਦ ਪਨਾਮਾ ਪੇਪਰ ਲੀਕ ਮਾਮਲੇ ਆਦਿ ਬਾਰੇ ਰਾਜਨੀਤੀ ਜਾਰੀ ਹੈ ਜਿਸਦੀ ਨਿਖੇਧੀ ਅਤੇ ਵਿਰੋਧ ਕਰਨਾ ਬਣਦਾ ਹੈ। 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਸ੍ਰੀ ਗੁਰੂ ਨਾਨਕ ਜੀ ਦੀ ਮਨੁੱਖਤਾਵਾਦੀ ਵਿਚਾਰਧਾਰਾ ਬਾਰੇ ਗੱਲ ਕਰਦਿਆਂ ਕਿਹਾ ਕਿ ਅੱਜ ਸਿੱਖ ਸੰਸਥਾਵਾਂ ਵਲੋਂ ਰਵਾਇਤੀ ਤੌਰ 'ਤੇ ਦਿਨ ਮਨਾ ਕੇ ਜਾਂ ਪੂਜਾ ਪਾਠ ਕਰਾ ਕੇ ਸਿੱਖ ਜਗਤ ਨੂੰ ਕਰਮਾਂ-ਕਾਡਾਂ ਵਿੱਚ ਪਾਇਆ ਜਾ ਰਿਹਾ ਹੈ ਜੋ ਬਹੁਤ ਘਾਤਕ ਹੈ। ਰੇਡੀਓ ਰੈਡ ਐਫ.ਐਮ. ਦੇ ਨਿਊਜ਼ ਡਾਇਰੈਕਟਰ ਨੇ ਕੈਨੇਡਾ ਦੇ ਕਈ ਘੁਟਾਲਿਆਂ ਬਾਰੇ ਸਨਸਨੀਖੇਜ਼ ਪ੍ਰਗਟਾਵੇ ਪੇਸ਼ ਕਰਦੇ ਦੱਸਿਆ ਕਿ ਕਈ ਪ੍ਰਧਾਨ ਮੰਤਰੀਆਂ ਦੇ ਨਾਮ ਵੀ ਇਸ ਵਿੱਚ ਸ਼ਾਮਲ ਹਨ। ਉਹਨਾਂ ਬਿਲੀਅਨ, ਟਰਿਲੀਅਨ ਡਾਲਰਾਂ ਦੇ ਅੰਕੜਿਆਂ ਦੇ ਹਵਾਲਿਆਂ ਨਾਲ ਇਹ ਜਾਣਕਾਰੀ ਸਾਂਝੀ ਕੀਤੀ। ਕੈਲਗਰੀ ਸਕੂਲ ਬੋਰਡ ਦੇ ਸੁਪਰਡੈਂਟ ਸਮੇਤ ਕਈ ਉਚ ਅਧਿਕਾਰੀਆਂ ਨੂੰ ਮਿਲ ਰਹੀਆਂ ਤਨਖਾਹਾਂ ਅਤੇ ਭੱਤਿਆਂ ਦਾ ਜ਼ਿਕਰ ਕਰਦਿਆਂ ਉਹਨਾਂ ਦੱਸਿਆ ਕਿ ਕਿਵੇਂ ਫਜ਼ੂਲ ਖਰਚੀ ਰਾਹੀਂ ਜਨਤਾ ਦੇ ਟੈਕਸਾਂ ਦੇ ਲੱਖਾਂ ਡਾਲਰ ਅਜ਼ਾਈਂ ਜਾ ਰਹੇ ਹਨ। ਲੋਕਾਂ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ।

ਸੋਹਨ ਮਾਨ ਨੇ ਚੀ ਗਵੇਰਾ ਦੀ ਸ਼ਹਾਦਤ ਦੇ 50ਵੇਂ ਵਰ੍ਹੇ ਤੇ ਬੋਲਦਿਆਂ ਕਿਹਾ ਕਿ ਅਮਰੀਕਨ ਸਾਮਰਾਜ ਖਿਲਾਫ ਫੀਡਲ ਕਾਸਟਰੋ ਨਾਲ ਰਲ਼ ਕੇ ਕਿਊਬਾ ਨੂੰ ਇੱਕ ਸੰਸਾਰ ਮਾਡਲ ਬਣਾਉਣ ਵਿੱਚ ਚੀ ਗਵੇਰਾ ਦੀ ਮੁੱਖ ਭੂਮਿਕਾ ਹੈ। ਭਾਵੇਂ ਸੀ. ਆਈ. ਏ. ਅਮਰੀਕਾ ਦੇ ਇਸ਼ਾਰੇ ਤੇ ਉਸਦਾ ਕਤਲ ਕਰਵਾ ਦਿੱਤਾ ਗਿਆ ਪਰ ਉਹ ਲੋਕਾਂ ਦੇ ਦਿਲ ਵਿੱਚ ਅੱਜ ਵੀ ਜ਼ਿੰਦਾ ਹੈ। ਉਹਨਾਂ ਕਿਹਾ ਕਿ ਅਮਰੀਕਾ ਅੱਜ ਵੀ ਕਿਊਬਾ 'ਤੇ ਪਾਬੰਦੀਆਂ ਲਾ ਰਿਹਾ ਹੈ ਜਿਸਦੀ ਸੰਸਾਰ ਦੇ 193 'ਚੋਂ 191 ਦੇਸ਼ ਨਿੰਦਾ ਕਰ ਰਹੇ ਹਨ।

ਜਗਦੇਵ ਸਿੰਘ ਸਿੱਧੂ ਨੇ ਕਿਰਤੀ ਫਲਸਫੇ ਦੇ ਮਹਾਨ ਆਗੂ ਕਾਰਲ ਮਾਰਕਸ ਦੇ ਸਾਥੀ ਫਰੈਡਰਿਕ ਐਂਗਲਜ਼ ਦੇ ਜੀਵਨ ਅਤੇ ਸਮਾਜ ਨੂੰ ਦੇਣ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਕਿਤਾਬ 'ਸਰਮਾਇਆ' (ਕੈਪੀਟਲ) ਨੂੰ ਪੂਰਾ ਕਰਨ ਵਿੱਚ ਫਰੈਡਰਿਕ ਐਂਗਲਜ਼ ਦੀ ਬਹੁਤ ਵੱਡੀ ਦੇਣ ਹੈ। ਇਹ ਫਲਸਫਾ ਦੁਨੀਆਂ ਭਰ ਦੇ ਕਿਰਤੀਆਂ ਨੂੰ ਸਹੀ ਅਗਵਾਈ ਦੇ ਰਿਹਾ ਹੈ। ਹਰੀਪਾਲ ਨੇ ਬਾਲ ਦਿਵਸ (14 ਨਵੰਬਰ) ਤੇ ਬੋਲਦਿਆਂ ਸੰਸਾਰ ਭਰ ਦੇ ਬੱਚਿਆਂ ਨਾਲ ਹੋ ਰਹੇ ਜ਼ੁਲਮਾਂ ਬਾਰੇ ਦਿਲ ਨੂੰ ਹਲੂਣ ਵਾਲ਼ੇ ਤੱਥ ਸਾਹਮਣੇ ਲਿਆ ਕੇ ਸਭ ਨੂੰ ਹੈਰਾਨ ਤੇ ਭਾਵੁਕ ਕਰ ਦਿੱਤਾ। ਉਹਨਾਂ ਕਿਹਾ ਕਿ ਬਾਲ ਮਜ਼ਦੂਰੀ ਹੀ ਇਕੱਲੀ ਸਮੱਸਿਆ ਨਹੀਂ ਸਗੋਂ ਬੱਚਿਆਂ ਨੂੰ ਸੈਕਸ ਧੰਦੇ ਵਿੱਚ ਵੀ ਧੱਕਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਗਰੀਬ ਦੇਸ਼ਾਂ ਵਿੱਚ ਤਾਂ ਇਹ ਹੋ ਹੀ ਰਿਹਾ ਹੈ ਪ੍ਰੰਤੂ ਕੈਨੇਡਾ-ਅਮਰੀਕਾ ਵਰਗੇ ਅਮੀਰ ਅਤੇ ਵਿਕਸਤ ਮੁਲਕਾਂ ਵਿੱਚ ਵੀ ਬੱਚੇ ਲੱਖਾਂ ਦੀ ਗਿਣਤੀ 'ਚ ਸਕੂਲਾਂ ਨੂੰ ਭੁੱਖੇ ਜਾ ਰਹੇ ਹਨ। ਉਹਨਾਂ ਕਿਊਬਾ ਵਰਗੇ ਕੁਝ ਮੁਲਕਾਂ ਦੀਆਂ ਮਿਸਾਲਾਂ ਦਿੰਦੇ ਹੋਏ ਕਿਹਾ ਕਿ ਉਥੇ ਬੱਚਿਆਂ ਦੀ ਹਾਲਤ ਕਾਫੀ ਬਿਹਤਰ ਹੈ ।

ਸੁਖਵੀਰ ਗਰੇਵਾਲ ਨੇ ਜੈਨਸਿਸ ਸੈਂਟਰ ਵਿੱਚ ਚੱਲ ਰਹੀਆਂ ਪੰਜਾਬੀ ਦੀਆਂ ਕਲਾਸਾਂ ਲਈ ਵਲੰਟੀਅਰਾਂ ਦੀ ਲੋੜ ਬਾਰੇ ਜਾਣਕਾਰੀ ਸਾਂਝੀ ਕੀਤੀ। ਗੁਰਚਰਨ ਕੌਰ ਥਿੰਦ ਨੇ ਕੈਨੇਡਾ ਵਿੱਚ ਵੱਧ ਰਹੇ ਨਸਲਵਾਦ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਹੀ ਗੰਭੀਰ ਚੁਣੌਤੀ ਹੈ। ਮਾਸਟਰ ਭਜਨ ਨੇ ਕਿਹਾ ਕਿ ਠੰਢ ਕਾਰਨ ਐਸੋਸੀਏਸ਼ਨ ਦੀਆਂ ਅਗਲੀਆਂ ਕੁਝ ਮੀਟਿੰਗਾਂ ਜੈਨਸਿਸ ਸੈਂਟਰ ਵਿੱਚ ਹੋਣਗੀਆਂ। ਦਸੰਬਰ ਮਹੀਨੇ ਦੀ ਮੀਟਿੰਗ 3 ਦਸੰਬਰ ਨੂੰ 1:30 ਵਜੇ ਤੋਂ 3:30 ਵਜੇ ਤੱਕ ਜੈਨਸਿਸ ਸੈਂਟਰ ਦੇ ਕਮਰਾ ਨੰਬਰ 123-ਡੀ 'ਚ ਹੋਵੇਗੀ। ਮੀਟਿੰਗ ਦਾ ਲਾਈਵ ਪ੍ਰੋਗਰਾਮ ਦਿਖਾਉਣ ਅਤੇ ਫੋਟੋਗਰਾਫੀ ਲਈ ਹਰਚਰਨ ਪਰਹਾਰ ਦਾ ਧੰਨਵਾਦ ਕੀਤਾ ਗਿਆ ਅਤੇ ਸਮੁੱਚੇ ਮੀਡੀਏ ਦਾ ਸਹਿਯੋਗ ਲਈ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਫੋਨ ਨੰਬਰ 403-455-4220 ਤੇ ਸੰਪਰਕ ਕੀਤਾ ਜਾ ਸਕਦਾ ਹੈ।















# 1984 ਦੇ ਸਿੱਖ ਕਤਲੇਆਮ ਬਾਰੇ : ਡਾਕੂਮੈਂਟਰੀ 'ਇੱਕ ਨਾਸੂਰ' ਦੀ ਟੋਰਾਂਟੋ ਵਿਖੇ ਪੇਸ਼ਕਾਰੀ




(ਹਰਜੀਤ ਬੇਦੀ, ਡਾ:ਹਰਦੀਪ) ਜਰਨਲਿਸਟ ਕੰਵਰ ਸੰਧੂ ਦੁਆਰਾ ਤਿਆਰ ਡਾਕੂਮੈਂਟਰੀ "ਇਕ ਨਾਸੂਰ" ਦੀ ਟੋਰਾਂਟੋ ਵਿਖੇ ਸਫ਼ਲ ਪੇਸ਼ਕਾਰੀ, ਪ੍ਰੋਗਰਾਮ ਦੇ ਆਯੋਜਕ ਰੇਡਿਓ "ਨਗਾਰਾ", ਮੁਲਾਕਾਤ ਅਤੇ ਪੰਜਾਬੀ ਪੇਪਰ "ਸਰੋਕਾਰਾਂ ਦੀ ਆਵਾਜ਼" ਸਨ, ਫ਼ਿਲਮ ਦੌਰਾਨ ਦਰਸ਼ਕ ਹੋਏ ਭਾਵੁਕ। ਇਹ ਫ਼ਿਲਮ 1984 ਵਿੱਚ ਹੋਏ ਸਿੱਖ ਫਿਰਕੇ ਦੇ ਕਤਲੇਆਮ ਦੀ ਸਚਾਈ ਦੀਆਂ ਪਰਤਾਂ ਖੋਲ੍ਹਦਾ ਇੱਕ ਅਹਿਮ ਦਸਤਾਵੇਜ਼ ਹੈ। ਇਹ ਉਸ ਕਾਲੇ ਦੌਰ ਦੇ ਪੀੜਿਤ ਪਰਿਵਾਰਾਂ ਨਾਲ ਨਿੱਜੀ ਇੰਟਰਵਿਊ ਦੇ ਅਧਾਰਤ ਕਲਮਬੰਦ ਕੀਤੀ ਦਰਦ ਕਹਾਣੀ ਹੈ। ਉਸ ਦੌਰ ਦੀ ਕਹਾਣੀ, ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਦੀ ਹੱਤਿਆ ਤੋਂ ਬਾਅਦ, ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਬੇ-ਕਸੂਰ ਲੋਕਾਂ ਨੂੰ ਇੱਕ ਸਿਆਸੀ ਹੁਕਮਰਾਨ ਪਾਰਟੀ ਦੀ ਦਰਿੰਦਗੀ ਦਾ ਸਿਰਫ ਚਾਰ ਦਿਨਾਂ ਦੇ ਟ੍ਰੇਲਰ ਦਾ ਦਰਦ ਭੁਗਤਣਾ ਪਿਆ। ਇਹ ਉਹ ਦੌਰ ਸੀ ਜਿਸ ਵੇਲੇ ਕੋਈ ਅਖੌਤੀ ਵਿਰੋਧੀ ਪਾਰਟੀਆਂ ਵੀ ਹੁਕਮਰਾਨ ਪਾਰਟੀ ਦੇ ਵਿਰੋਧ ਵਿੱਚ ਵੀ ਬੇ-ਕਸੂਰ ਲੋਕਾਂ ਦੀ ਮਦਦ ਲਈ ਨਹੀਂ ਉਤਰੀਆਂ, ਚਾਹੇ ਉਸ ਤੋਂ ਬਾਅਦ ਵੋਟਾਂ ਲਈ ਇਹ ਵਿਰੋਧੀ ਪਾਰਟੀਆਂ ਸਿੱਖ ਹਿਤੈਸ਼ੀ ਬਣਨ ਦਾ ਖੇਖਣ ਕਰਦੀਆਂ ਨਜ਼ਰ ਆ ਰਹੀਆਂ ਹਨ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਨ੍ਹਾਂ ਵੋਟਾਂ ਵਾਲੀਆਂ ਪਾਰਟੀਆਂ ਦੇ ਖਾਸੇ ਵਿੱਚ ਬੁਨਿਆਦੀ ਤੌਰ 'ਤੇ ਕੋਈ ਵਖਰੇਵਾਂ ਨਹੀਂ ਸਿਰਫ਼ ਸੱਤਾ ਪ੍ਰਾਪਤੀ ਲਈ ਵਿਰੋਧ ਦਾ ਵਿਖਾਵਾ ਹੈ। ਇਹ ਸਾਰੀਆਂ ਪਾਰਟੀਆਂ ਕਿਸੇ ਨਾ ਕਿਸੇ ਫਿਰਕੇ ਦੇ ਖਿਲਾਫ਼ ਜ਼ਹਿਰ ਦੀ ਖੇਤੀ ਕਰਕੇ ਇਹ ਵੋਟ ਸਿਆਸਤ ਚਲਾ ਰਹੀਆਂ ਹਨ। ਅਜੋਕੇ ਦੌਰ ਵਿੱਚ ਵੀ ਇਹੀ ਗੱਲ ਸਿੱਧ ਕਰ ਦਿੱਤੀ ਹੈ ਕਿ ਸਿੱਖ ਕਤਲੇਆਮ ਵਿਰੁੱਧ ਬੋਲਣ ਵਾਲੀਆਂ ਕੁੱਝ ਵਿਰੋਧੀ ਪਾਰਟੀਆਂ ਬੇ-ਕਸੂਰ ਘੱਟ-ਗਿਣਤੀ ਮੁਸਲਮਾਨਾਂ ਖਿਲਾਫ਼ ਜ਼ਹਿਰ ਉਗਲਦੀਆਂ ਨਜ਼ਰ ਆ ਰਹੀਆਂ ਹਨ।

ਇਸ ਸਿੱਖ ਕਤਲੇਆਮ ਵਿਰੁੱਧ ਨਜ਼ਰ ਇਹ ਡਾਕੂਮੈਂਟਰੀ ਦੇਖ ਕੇ ਇਹ ਸਿੱਧ ਹੁੰਦਾ ਹੈ ਕਿ ਇਹ ਦੰਗੇ ਨਹੀਂ ਸਨ ਸਗੋਂ ਇੱਕ ਸੋਚੀ ਸਮਝੀ ਸਾਜਿਸ਼ ਅਧੀਨ ਬੇਕਸੂਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ। ਪੀੜਤ ਪਰਿਵਾਰਾਂ ਦੇ ਬਿਆਨ ਸਨ ਕਿ ਆਪਣੇ ਆਪ ਨੂੰ ਖਤਰੇ ਵਿੱਚ ਪਾ ਕੇ ਬਹੁਤ ਸਾਰੇ ਹਿੰਦੂ ਅਤੇ ਮੁਸਲਿਮ ਪਰਿਵਾਰਾਂ ਨੇ ਆਪਣੇ ਸਿੱਖ ਗੁਆਂਢੀਆਂ ਨੂੰ ਬਚਾਇਆ। ਇਹ ਤੱਥ ਇਸ ਗੱਲ ਨੂੰ ਸਵੀਕਾਰਦੇ ਹਨ ਕਿ ਇਸ ਵਹਿਸ਼ੀ ਦੌਰ ਵਿੱਚ ਵੀ ਮਨੁੱਖਤਾ ਅਤੇ ਮਨੁੱਖੀ ਭਾਈਚਾਰੇ ਦੀ ਲੋਅ ਜਗਦੀ ਰਹੀ। ਇਸ ਭਿਆਨਕ ਕਾਂਡ ਲਈ ਤੱਤਕਾਲੀਨ ਹੁਕਮਰਾਨ ਪਾਰਟੀ ਦੀ ਅਗਵਾਈ ਵਿੱਚ ਦਿੱਲੀ ਦੇ ਕੁੱਝ ਗੁੰਡਿਆਂ ਦੇ ਨਾਲ ਨਾਲ ਬਾਹਰੋਂ ਬੰਦੇ ਲਿਆਂਦੇ ਗਏ ਸਨ ਜਿਨ੍ਹਾਂ ਨੂੰ ਇੱਕ ਖਾਸ ਸਮੇਂ ਤੱਕ ਕਤਲੇਆਮ, ਲੁੱਟਖੋਹ ਅਤੇ ਬਲਾਤਕਾਰ ਤੱਕ ਕਰਨ ਦੀ ਹਦਾਇਤ ਸੀ। ਇਸ ਡਾਕੂਮੈਂਟਰੀ ਵਿੱਚ ਪੀੜਤ ਪਰਿਵਾਰਾਂ ਦੇ ਬਾਕੀ ਬਚੇ ਮੈਂਬਰਾਂ ਦੁਆਰਾ ਉਸ ਸਮੇਂ ਦੀ ਹੁਕਮਰਾਨ ਪਾਰਟੀ ਦੇ ਕੁੱਝ ਆਗੂਆਂ ਦੇ ਨਾਂ ਵੀ ਲਏ ਜੋ ਇਸ ਗੈਰ ਮਨੁੱਖੀ ਕਾਰੇ ਦੀ ਅਗਵਾਈ ਕਰਦੇ ਨਜ਼ਰ ਆਏ। ਇਹ ਸਾਰੇ ਲੀਡਰ ਬਾਅਦ ਵਿੱਚ ਵੀ ਉਸੇ ਤਰ੍ਹਾਂ ਉੱਚ ਸਿਆਸੀ ਅਹੁਦਿਆਂ ਨਾਲ ਨਿਵਾਜ਼ੇ ਜਾਂਦੇ ਰਹੇ। ਚਾਹੇ ਉਨ੍ਹਾਂ ਖਿਲਾਫ ਇਸ ਕਤਲੇਆਮ ਦੇ ਮੁਕੱਦਮੇ ਚਲਦੇ ਰਹੇ ਹਨ। ਪੀੜਤ ਪਰਿਵਾਰਾਂ ਦੇ ਕਹਿਣ ਮੁਤਾਬਕ ਉਨ੍ਹਾਂ ਦਾ ਦਿਲ ਹੀ ਪੁੱਛਿਆ ਜਾਣਦਾ ਹੈ ਜਦੋਂ ਅਜਿਹੇ ਲੀਡਰ ਉਂਜ ਵੀ ਉਹਨਾਂ ਸਾਹਮਣੇ ਘੁੰਮਦੇ ਨਜ਼ਰ ਆ ਰਹੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਅਜੇ ਤੱਕ ਨਹੀਂ ਮਿਲੀ।

ਇਸ ਡਾਕੂਮੈਂਟਰੀ ਵਿੱਚ ਸਿਰਫ ਪੀੜਤ ਲੋਕਾਂ ਦੀ ਇੰਟਰਵਿਊ ਲੈ ਕੇ ਉਹਨਾਂ ਦਾ ਪੱਖ ਅਤੇ ਸੱਚਾਈ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਨੂੰ ਪੇਸ਼ ਕਰਨ ਵਿੱਚ ਇਹ ਫਿਲਮ ਕਾਮਯਾਬ ਰਹੀ ਹੈ। ਕੰਵਰ ਸੰਧੂ ਇੱਕ ਨਿੱਧੜਕ ਪੱਤਰਕਾਰ ਦੇ ਤੌਰ 'ਤੇ ਜਾਣੇ ਜਾਂਦੇ ਹਨ ਅਤੇ ਉਨ੍ਹਾਂ ਦਾ ਇਹ ਉੱਦਮ ਉਸ ਦੇ ਅਜਿਹਾ ਹੋਣ ਦੀ ਗਵਾਹੀ ਭਰਦਾ ਹੈ। ਇਸ ਫਿਲਮ ਵਿੱਚ ਪੀੜਤ ਪਰਿਵਾਰ ਇਸ ਗੱਲ ਲਈ ਵੀ ਨਾਰਾਜ਼ਗੀ ਜਾਹਿਰ ਕਰਦੇ ਨਜਰ ਆ ਰਹੇ ਹਨ ਕਿ ਇਸ ਤੋਂ ਬਾਅਦ ਵਿੱਚ ਮੁੜ-ਵਸੇਵੇਂ ਅਤੇ ਇਨਸਾਫ਼ ਪ੍ਰਾਪਤੀ ਦਾ ਸਮਾਂ ਵੀ ਘੱਟ ਤਕਲੀਫਾਂ ਵਾਲਾ ਨਹੀਂ ਹੈ। ਮੁਕੱਦਮੇ ਦੀ ਸੁਣਵਾਈ ਦੀ ਲੰਬੀ ਪ੍ਰਕਿਰਿਆ ਵੀ ਬੇਹੱਦ ਧਮਕੀ ਭਰੀ ਅਤੇ ਖ਼ਜ਼ਲ ਖੁਆਰੀ ਵਾਲੀ ਹੈ। ਜਿਸ ਤੋਂ ਜਾਪਦਾ ਸੀ ਕਿ ਇਨ੍ਹਾਂ ਨੂੰ ਕੋਰਟਾਂ ਵਿੱਚ ਵੀ ਵਿਉਂਤਬੰਦ ਤਰੀਕੇ ਨਾਲ ਹੀ ਪ੍ਰੇਸ਼ਾਨ ਕੀਤਾ ਗਿਆ। ਇਸ ਵਿੱਚ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ 33 ਸਾਲਾਂ ਬਾਅਦ ਵੀ ਇੱਕ ਵੀ ਦੋਸ਼ੀ ਨੂੰ ਸਜ਼ਾ ਨਹੀਂ ਹੋਈ। ਪੀੜਤ ਪਰਿਵਾਰਾਂ ਦੇ ਮੁੜ-ਵਸੇਬੇ ਲਈ ਵੀ ਕੋਈ ਤਸੱਲੀਬਖਸ਼ ਸਹਾਇਤਾ ਪ੍ਰਾਪਤ ਨਹੀਂ ਹੋਈ ਪਰ ਪਰਿਵਾਰਾਂ ਨੂੰ ਸਹਾਇਤਾ ਨਾਲੋਂ ਜ਼ਿਆਦਾ, ਇਨਸਾਫ਼ ਦੀ ਪ੍ਰਾਪਤੀ ਲਈ ਗੁਹਾਰ ਲਗਾਉਂਦੇ ਨਜ਼ਰ ਆ ਰਹੇ ਸਨ।

ਇਸ ਡਾਕੂਮੈਂਟਰੀ ਨੂੰ ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਇੰਨੀ ਵੱਧ ਗਿਣਤੀ ਵਿੱਚ ਦੇਖਣ ਆਉਣਾ ਇਹ ਸਿੱਧ ਕਰਦਾ ਹੈ ਕਿ ਕਮਿਊਨਿਟੀ ਦੇ ਲੋਕ ਮਨੁੱਖਤਾਵਾਦੀ ਅਤੇ ਇਨਸਾਫਪਸੰਦ ਹਨ। ਇਹ ਫਿਲਮ ਨਫ਼ਰਤ, ਫਿਰਕਾਪ੍ਰਸਤੀ ਅਤੇ ਕਤਲੋਗਾਰਤ ਦੇ ਖਿਲਾਫ਼ ਲੋਕਾਂ ਨੂੰ ਨਸੀਹਤ ਦੇਣ ਦੇ ਨਾਲ ਨਾਲ ਸੱਤਾਧਾਰੀ ਪਾਰਟੀਆਂ ਦੇ ਅਣਮਨੁੱਖੀ ਕਿਰਦਾਰ ਖਿਲਾਫ਼ ਲੋਕਾਂ ਨੂੰ ਸੁਨੇਹਾ ਦੇਣ ਵਿੱਚ ਸਫ਼ਲ ਹੋਈ ਹੈ ਪਰ ਇਸ ਫ਼ਿਲਮ ਵਿੱਚ, ਉਸ ਦੌਰ ਦੇ ਕਾਲੇ ਇਤਿਹਾਸ ਦੌਰਾਨ, 1984 ਤੋਂ ਪਹਿਲਾਂ ਤੇ ਬਾਅਦ ਝੂਠੇ ਮੁਕਾਬਲੇ ਅਤੇ ਦੂਸਰੇ ਇੱਕੋ ਫਿਰਕੇ ਦੇ ਬੇ-ਕਸੂਰ ਲੋਕਾਂ ਦੇ ਕਤਲਾਂ ਬਾਰੇ ਜ਼ਿਕਰ ਤੱਕ ਨਹੀਂ ਹੈ ਜਿਸ ਤੋਂ ਬਗੈਰ ਹੁਣ ਵਾਲੀਆਂ ਪੀੜ੍ਹੀਆਂ ਲਈ ਫਿਰਕਾਪ੍ਰਸਤੀ ਅਤੇ ਨਫ਼ਰਤ ਦੀ ਸਿਆਸਤ ਸਬੰਧੀ ਜਾਗਰੂਕਤਾ ਅਧੂਰੀ ਹੈ। ਸਵਾਲ ਜਵਾਬ ਦੌਰਾਨ ਇਹ ਗੱਲ ਵੀ ਉੱਭਰੀ ਕਿ ਇਨਾਂ ਪੀੜਤ ਪਰੀਵਾਰਾਂ ਦੇ ਮੁੜ-ਵਸੇਬੇ ਲਈ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾਵਾਂ, ਧਾਰਮਿਕ ਜਾਂ ਗੈਰ-ਧਾਰਮਿਕ ਸਵੈ-ਸੇਵੀ ਜੱਥੇਬੰਦੀਆਂ ਦੀ ਲੋੜੀਂਦੀ ਮਦਦ ਵੀ ਪ੍ਰਾਪਤ ਕਿਉਂ ਨਹੀਂ ਹੋਈ? ਪਰ ਇਸ ਦੇ ਨਾਲ ਹੀ ਇਹ ਗੱਲ ਵੀ ਸਪਸ਼ਟ ਦੇਖਣ ਨੂੰ ਮਿਲੀ ਕਿ ਪੀੜਤ ਧਰਮ ਨਾਲ ਸਬੰਧਤ ਲੋਕ ਹੀ ਬਹੁ-ਗਿਣਤੀ ਵਿੱਚ ਹਾਜ਼ਰ ਸਨ। ਭਾਰਤੀ ਕੌਮ ਦਾ ਇਹੀ ਦੁਖਾਂਤ ਹੈ ਕਿ ਉਹ ਧਰਮਾਂ, ਜਾਤਾਂ ਅਤੇ ਖਿੱਤਿਆਂ ਵਿੱਚ ਵੰਡੀ ਹੋਣ ਕਾਰਨ ਆਪਸੀ ਇੱਕਮੁੱਠਤਾ ਨਹੀਂ ਦਿਖਾਉਂਦੀ। ਪਰ ਆਸ ਦੀ ਕਿਰਨ ਵੀ ਦਿਖਾਈ ਦਿੱਤੀ ਕਿ ਦਰਸ਼ਕਾਂ ਵਿੱਚ ਦੂਜਿਆਂ ਧਰਮਾਂ ਦੇ ਲੋਕ ਵੀ ਸ਼ਾਮਲ ਸਨ। ਤੱਤ ਰੂਪ ਵਿੱਚ ਇਹ ਫਿਲਮ ਦਰਸ਼ਕਾਂ ਨੂੰ ਧਰਮ ਨਿਰਪੱਖਤਾ, ਮਨੁੱਖੀ ਭਾਈਚਾਰੇ ਅਤੇ ਇਨਸਾਫ ਦੀ ਪ੍ਰਾਪਤੀ ਲਈ ਇੱਕਮੁੱਠ ਹੋਣ ਲਈ ਪ੍ਰੇਰਦੀ ਹੈ। ਇਸ ਤੋਂ ਬਿਨਾਂ ਮੀਡੀਆ ਦੇ ਡਾ: ਬਲਜਿੰਦਰ ਸਿੰਘ, ਰਾਜਿੰਦਰ ਸੈਣੀ, ਹਰਬੰਸ ਸਿੰਘ, ਚਰਨਜੀਤ ਬਰਾੜ, ਦਵਿੰਦਰ ਤੂਰ, ਹਰਜਿੰਦਰ ਗਿੱਲ, ਡਾ:ਬਲਜਿੰਦਰ ਸੇਖੋਂ, ਡਾ: ਹਰਦੀਪ ਸਿੰਘ, ਸ਼ਮਸ਼ਾਦ ਸ਼ਮਸ਼ ਤੇ ਕਈ ਹੋਰ ਹਾਜ਼ਰ ਸਨ।













# ਸਿੱਖ ਧਰਮ, ਸਾਡਾ ਕਿਰਦਾਰ ਤੇ ਸਿਆਸੀ ਮੌਕਾਪ੍ਰਸਤੀ



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com



**ਸਿੱਖ ਧਰਮ ਤੇ ਸਾਡਾ ਕਿਰਦਾਰ !**

ਸਿੱਖ ਧਰਮ ਨੂੰ ਜਿਤਨਾ ਕੁ ਮੈਂ ਸਮਝਿਆ ਹੈ, ਉਸ ਅਨੁਸਾਰ ਸਿੱਖ ਧਰਮ ਜਿਥੇ ਗਰੀਬ, ਮਜ਼ਲੂਮ, ਕਿਰਤੀਆਂ, ਲਿਤਾੜਿਆਂ ਆਦਿ ਦੇ ਹੱਕ ਵਿੱਚ ਖੜਨਾ ਸਿਖਾਉਂਦਾ ਹੈ, ਉੱਥੇ ਜਾਲਮਾਂ, ਜਰਵਾਣਿਆਂ, ਜਾਬਰਾਂ, ਲੁਟੇਰਿਆਂ ਖਿਲਾਫ ਲੜਨ-ਖੜਨ ਲਈ ਵੀ ਵੰਗਾਰਦਾ ਹੈ। ਗੁਰੂ ਸਾਹਿਬਾਨ ਨੇ ਇਹ ਵਿਚਾਰਧਾਰਾ ਸਿਰਫ ਆਪਣੀ ਬਾਣੀ ਰਾਹੀਂ ਪ੍ਰਚਾਰੀ ਹੀ ਨਹੀਂ, ਸਗੋਂ ਆਪ ਵੀ ਕੁਰਬਾਨੀਆਂ ਕਰਕੇ ਮਾਰਗ ਦਰਸ਼ਨ ਕੀਤਾ। ਪਰ ਜਦੋਂ ਮੈਂ ਅੱਜ ਦੇ ਸਿੱਖ ਧਾਰਮਿਕ ਤੇ ਰਾਜਨੀਤਕ ਨੇਤਾਵਾਂ ਦਾ ਕਿਰਦਾਰ ਦੇਖਦਾ ਹਾਂ ਤਾਂ ਅਕਸਰ ਦੁਬਿਧਾ ਵਿੱਚ ਪੈ ਜਾਂਦਾ ਹਾਂ ਕਿ ਇਹ ਕਿਸ ਸਿੱਖੀ ਨੂੰ ਅਪਨਾਏ ਹੋਏ ਹਨ। ਜੇ ਇੰਡੀਆ ਨੂੰ ਛੱਡ ਵੀ ਦੇਈਏ ਤਾਂ ਵਿਦੇਸ਼ਾਂ ਦੇ ਲੀਡਰਾਂ ਦਾਂ ਕਰਦਾਰ ਕੋਈ ਵੱਖਰਾ ਨਜ਼ਰ ਨਹੀਂ ਆਉਂਦਾ। ਗੁਰੂ ਨਾਨਕ ਸਾਹਿਬ ਤਾਂ ਬਾਬਰ ਨੂੰ ਜਾਬਰ ਕਹਿੰਦੇ ਨੇ ਤੇ ਲੁਟੇਰੇ ਮਲਕ ਭਾਗੋਆਂ ਦੇ ਘਰ ਦਾ ਖਾਣਾ ਖਾਣ ਤੋਂ ਵੀ ਇਨਕਾਰ ਕਰ ਦਿੰਦੇ ਹਨ, ਉਨ੍ਹਾਂ ਨੂੰ ਮਲਕ ਭਾਗੋ ਦੇ ਖਾਣੇ ਵਿਚੋਂ ਖ਼ੂਨ ਦਿਸਦਾ ਹੈ, ਪਰ ਸਾਡੇ ਲੀਡਰ, ਗੁਰੂ ਨਾਨਕ ਸਾਹਿਬ ਦੇ ਘਰ ਵਿੱਚ ਖੜ੍ਹ ਕੇ ਬਾਬਰ ਨੂੰ ਜਾਬਰ ਕਹਿਣ ਤੇ ਮਲਕ ਭਾਗੋਆਂ ਦੇ ਖ਼ੂਨੀ ਭੋਜਨ ਨੂੰ ਠੁਕਰਾਉਣ ਦੀ ਥਾਂ ਉਨ੍ਹਾਂ ਨੂੰ ਸਿਰੋਪੇ ਦਿੰਦੇ ਹਨ। ਉਨ੍ਹਾਂ ਦੀ ਚੜ੍ਹਦੀ ਕਲਾ, ਲੰਮੀ ਉਮਰ ਤੇ ਕਮਾਈ ਵਿੱਚ ਬਰਕਤ ਪਾਉਣ ਲਈ ਅਰਦਾਸ ਕਰਦੇ ਹਨ। ਅਸਲ ਵਿੱਚ ਤਾਂ ਮਲਕ ਭਾਗੋਆਂ ਤੇ ਲੁਟੇਰੇ ਸਿਆਸਤਦਾਨਾਂ ਨੇ ਹੀ ਸਿੱਖੀ ਤੇ ਕਬਜ਼ਾ ਕਰ ਲਿਆ ਹੋਇਆ ਹੈ। ਸਾਡੇ ਲੀਡਰ ਕਿਰਤੀ ਭਾਈ ਲਾਲੋਆਂ, ਮਜਲੂਮਾਂ, ਲਿਤਾੜਿਆਂ ਨਾਲ ਖੜ੍ਹਨ ਦੀ ਥਾਂ, ਉਨ੍ਹਾਂ ਲੁਟੇਰਾ ਪਾਰਟੀਆਂ ਵਿੱਚ ਸ਼ਾਮਲ ਹੁੰਦੇ ਹਨ, ਜਿਹੜੇ ਆਮ ਲੋਕਾਂ ਨੂੰ ਮਿਲਦੀ ਮਿਨੀਮਮ ਵੇਜ ਨੂੰ ਵੀ ਘਟਾਉਣ ਦੀ ਵਕਾਲਤ ਕਰ ਰਹੇ ਹਨ। ਜਿਹੜੀ ਪਾਰਟੀ ਦਾ ਅਧਾਰ ਹੀ ਇਮੀਗਰੈਂਟ ਜਾਂ ਲੋਕ ਵਿਰੋਧੀ ਹੈ, ਉਨ੍ਹਾਂ ਨਾਲ ਕਿਸ ਅਧਾਰ ਤੇ ਇਹ ਲੋਕ ਖੜ੍ਹਦੇ ਹਨ।

ਮੈਂ ਖ਼ੁਦ ਅਜਿਹੇ ਲੋਕਾਂ ਨੂੰ ਨਿੱਜੀ ਰੂਪ ਵਿੱਚ ਜਾਣਦਾ ਹਾਂ, ਜਿਹੜੇ ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ੇ ਤੇ ਆਏ ਬੱਚਿਆਂ ਨੂੰ ਮਿਨੀਮਮ ਵੇਜ ਤੋਂ ਵੀ ਅੱਧ ਤੇ ਕੰਮ ਕਰਾਉਂਦੇ ਹਨ, ਉਨ੍ਹਾਂ ਦਾ ਖ਼ੂਨ ਚੂਸਦੇ ਹਨ ਤੇ ਫਿਰ ਉਹੀ ਲੋਕ ਗੁਰਦੁਆਰੇ ਲੰਗਰ ਲਗਾਉਂਦੇ ਹਨ, ਚੈਰਿਟੀ ਲਈ ਡੋਨੇਸ਼ਨਾਂ ਦਿੰਦੇ ਹਨ। ਪਰ ਕੋਈ ਗ੍ਰੰਥੀ, ਸੰਤ ਮਹਾਂਪੁਰਖ ਉਨ੍ਹਾਂ ਨੂੰ ਨਹੀਂ ਦੱਸਦਾ ਕਿ ਤੁਹਾਡੀ ਕਮਾਈ ਪਾਪਾਂ ਦੀ ਹੈ।

ਪਿਛਲੇ ਦਿਨੀਂ ਉਹੀ ਲੋਕ ਐਨ. ਡੀ. ਪੀ ਲੀਡਰ ਜਗਮੀਤ ਸਿੰਘ ਨੂੰ ਸਿਰੋਪੇ ਦਿੰਦੇ ਸਨ, ਜਿਹੜੇ ਕੁਝ ਦਿਨ ਪਹਿਲਾਂ ਜੇਸਨ ਕੇਨੀ ਨੂੰ ਸਨਮਾਨਿਤ ਕਰਕੇ ਫੋਟੋਆਂ ਖਿਚਾਉਂਦੇ ਸਨ। ਫੇਸਬੁੱਕ ਤੇ ਕੁਝ ਖਾਲਿਸਤਾਨੀ ਲੀਡਰਾਂ ਦੀਆਂ ਕੇਨੀ ਨਾਲ ਸਟੇਜ ਤੇ ਫੋਟੋਆਂ ਦੇਖ ਕੇ ਸੋਚਣਾ ਬਣਦਾ ਹੈ ਕਿ ਇਨ੍ਹਾਂ ਲੋਕਾਂ ਦਾ ਖਾਲਿਸਤਾਨ ਕਿਹੋ ਜਿਹਾ ਹੋਵੇਗਾ, ਜਿਹੜੇ ਲੋਕ ਵਿਰੋਧੀ ਲੁਟੇਰੇ ਹਾਕਮਾਂ ਨਾਲ ਖੜਨ ਵਿੱਚ ਫ਼ਖ਼ਰ ਸਮਝਦੇ ਹਨ। ਸਿੱਖ ਯੂਥ, ਜਿਨ੍ਹਾਂ ਤੋਂ ਲੋਕਾਂ ਨੂੰ ਬੜੀਆਂ ਆਸਾਂ ਸਨ, ਗੁਰਦੁਆਰੇ ਦੀਆਂ ਵੋਟਾਂ ਜਿੱਤਣ ਲਈ ਉਨ੍ਹਾਂ ਲੀਡਰਾਂ ਨਾਲ ਵੀ ਸਾਂਝ ਪਾ ਲੈਂਦੇ ਹਨ, ਜਿਨ੍ਹਾਂ ਤੇ ਲੜਕੀਆਂ ਨਾਲ ਸ਼ੋਸ਼ਣ ਕਰਨ ਦੇ ਇਲਜਾਮ ਹਨ। ਚੋਲ਼ਾ, ਜਿਤਨਾ ਮਰਜ਼ੀ ਵੱਡਾ ਪਾ ਲਈਏ, ਪਰ ਉਨ੍ਹਾਂ ਸਿੰਘਾਂ ਵਾਲਾ ਕਿਰਦਾਰ ਕਿਥੋਂ ਲਵੋਗੇ, ਜਿਹੜੇ ਲੰਗਰ ਵਿੱਚੇ ਛੱਡ ਕੇ ਕਿਸੇ ਮਜ਼ਲੂਮ ਦੀ ਧੀ ਛੁਡਾਉਣ ਲਈ ਭੱਜ ਪਏ ਸਨ।

ਲੀਡਰਾਂ ਤੇ ਉਨ੍ਹਾਂ ਦੇ ਝੋਲੀ ਚੁੱਕਾਂ ਦਾ ਕਿਰਦਾਰ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਮੌਕਾਪ੍ਰਸਤੀ ਦੀ ਵੀ ਕੋਈ ਹੱਦ ਹੁੰਦੀ ਹੈ। ਪਿਛਲੇ ਦਿਨੀਂ ਜਿਹੜੇ ਸਾਡੇ ਲੀਡਰ ਐਨ ਡੀ ਪੀ ਦੇ ਲੀਡਰ ਜਗਮੀਤ ਸਿੰਘ ਲਈ ਫੰਡ ਇਕੱਠਾ ਕਰ ਰਹੇ ਸਨ, ਉਹੀ ਕੁਝ ਦਿਨ ਪਹਿਲਾਂ ਜੇਸਨ ਕੇਨੀ ਨਾਲ ਫੋਟੋਆਂ ਖਿਚਾਉਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਸਨ ਅਤੇ ਪੰਜਾਬ ਵਿੱਚ ਉਹ ਆਮ ਆਦਮੀ ਪਾਰਟੀ ਦੇ ਲੀਡਰ ਹੁੰਦੇ ਹਨ। ਜਿਹੜੇ ਲੋਕ ਕੈਲਗਰੀ ਵਿੱਚ ਵਾਈਲਡਰੋਜ ਤੇ ਹੁਣ ਯੁਨਾਈਟਡ ਕਨਜਰਵੇਟਿਵ ਦੇ ਲੀਡਰ ਹਨ, ਉਸੇ ਵਕਤ ਇੰਡੀਆ ਵਿੱਚ ਉਹ ਆਪ ਦੇ ਮੋਹਰੀ ਹਨ, ਇਹ ਕੀ ਜੋੜ ਬਣਦਾ ਹੈ? ਕੀ ਅਸੀਂ ਇਤਨੇ ਮੂਰਖ ਹਾਂ ਕਿ ਉਹ ਦੋਨੋਂ ਪਾਸੇ ਸਾਡੇ ਅੱਖੀਂ ਘੱਟਾ ਪਾ ਰਹੇ ਹਨ ਤੇ ਅਸੀਂ ਚੁੱਪ ਬੈਠੇ ਹਾਂ। ਕੁਝ ਸਾਲ ਪਹਿਲਾਂ ਤੱਕ ਅਲਬਰਟਾ ਵਿੱਚ ਕੋਈ ਪੰਜਾਬੀ ਐਨ. ਡੀ. ਪੀ. ਦਾ ਨਾਮ ਲੈ ਕੇ ਰਾਜ਼ੀ ਨਹੀਂ ਸੀ, ਹੁਣ ਸਭ ਐਨ. ਡੀ. ਪੀ. ਦੀਆਂ ਨਾਮੀਨੇਸ਼ਨਾਂ ਲੜਨ ਲਈ ਤਿਆਰ ਹਨ? ਅਸੀਂ ਕਰ ਕੀ ਰਹੇ ਹਾਂ? ਉਹੀ ਲੋਕ ਜੋ ਗੁਰਦੁਆਰਿਆਂ ਵਿੱਚ ਕੱਲ ਤੱਕ ਲਿਬਰਲਾਂ ਜਾਂ ਕੰਜਰਵੇਟਿਵਾਂ ਨੂੰ ਸਨਮਾਨਿਤ ਕਰਦੇ ਸਨ ਤੇ ਹੁਣ ਵੀ ਹਨ। ਉਨ੍ਹਾਂ ਵੱਲੋਂ ਗੁਰਦੁਆਰਿਆਂ ਵਿੱਚੋਂ ਹੀ ਥੋਕ ਦੇ ਭਾਅ ਐਨ. ਡੀ. ਪੀ. ਦੀਆਂ ਮੈਂਬਰਸ਼ਿਪਾਂ ਬਣਾ ਕੇ ਇਹ ਭਰਮ ਪਾਲਿਆ ਜਾ ਰਿਹਾ ਹੈ ਕਿ ਕੈਨੇਡਾ ਦਾ ਅਗਲਾ ਪ੍ਰਧਾਨ ਮੰਤਰੀ ਸਿੱਖ ਹੋਵੇਗਾ।

ਲੋਕੋ ਜਾਗੋ! ਦੇਖੋ, ਕੁਝ ਮੌਕਾਪ੍ਰਸਤ ਤੇ ਲੁਟੇਰੇ ਤੁਹਾਨੂੰ ਠੱਗ ਰਹੇ ਹਨ, ਜਿਸ ਕੋਲ ਚਾਰ ਡਾਲਰ ਵੱਧ ਹਨ, ਉਹੀ ਸਾਡਾ ਲੀਡਰ ਹੈ। ਇਨ੍ਹਾਂ ਨੂੰ ਪਛਾਣੋ! ਕੁਝ ਪੜ੍ਹੋ ਤੇ ਵਿਚਾਰੋ।

**ਸਿਆਸੀ ਮੌਕਾਪ੍ਰਸਤੀ ਸਾਡਾ ਸੁਭਾਅ ਬਣ ਚੁੱਕਿਆ ਹੈ**

ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਰਹਿੰਦਿਆਂ ਹੋਇਆਂ ਸਾਊਥ ਏਸ਼ੀਅਨ ਭਾਈਚਾਰੇ ਤੇ ਖਾਸਕਰ ਪੰਜਾਬੀ ਭਾਈਚਾਰੇ ਦੀਆਂ ਸਮਾਜਿਕ, ਧਾਰਮਿਕ, ਰਾਜਨੀਤਕ ਗਤੀਵਿਧੀਆਂ ਬਾਰੇ ਕਮਿਊਨਿਟੀ ਮੈਂਬਰ ਹੋਣ ਨਾਤੇ ਅਤੇ ਪੱਤਰਕਾਰੀ ਦੇ ਨਜ਼ਰੀਏ ਤੋਂ ਬੜੀ ਬਰੀਕੀ ਨਾਲ ਦੇਖਦਾ ਰਿਹਾ ਹਾਂ। ਆਮ ਤੌਰ 'ਤੇ ਕਮਿਉਨਿਟੀ ਦੇ ਹਰ ਖੇਤਰ ਵਿੱਚ ਮੌਕਾਪ੍ਰਸਤ ਲੋਕ ਭਾਰੂ ਹਨ। ਕਮਿਊਨਿਟੀ ਦਾ ਸੂਝਵਾਨ ਤੇ ਤਜਰਬੇਕਾਰ ਤਬਕਾ ਅਕਸਰ ਦਬੂ ਜਿਹਾ ਬਣ ਕੇ ਵਿਚਰਦਾ ਹੈ। ਬਹੁਤ ਸਾਰੇ ਸਹੀ ਨਜ਼ਰੀਏ ਵਾਲੇ ਲੋਕ ਕੁਝ ਕਰਨਾ ਵੀ ਚਾਹੁੰਦੇ ਹਨ, ਪਰ ਆਰਥਿਕ ਹਾਲਾਤਾਂ ਦੇ ਭੰਨੇ ਹੋਏ, ਰੋਟੀ, ਕੱਪੜਾ ਔਰ ਮਕਾਨ ਦੀ ਦੌੜ ਵਿੱਚ ਹੀ ਗੁਆਚੇ ਹੋਏ ਰਹਿ ਜਾਂਦੇ ਹਨ। ਜਿਨ੍ਹਾਂ ਲੋਕਾਂ ਨੇ ਕਿਸੇ ਢੰਗ ਨਾਲ ਚਾਰ ਡਾਲਰ ਕਮਾ ਲਏ ਹਨ ਜਾਂ ਉਨ੍ਹਾਂ ਦੀ ਸਹਾਇਤਾ ਨਾਲ ਬਣੇ ਹੋਏ ਘੜੰਮ ਚੌਧਰੀ ਹੀ ਸਭ ਪਾਸੇ ਭਾਰੂ ਹਨ। ਪੱਛਮੀ ਦੇਸ਼ਾਂ ਦੇ ਸਰਮਾਏਦਾਰੀ ਪ੍ਰਧਾਨ ਸਿਆਸੀ ਸਿਸਟਮ ਵਿੱਚ ਬੇਸ਼ਕ ਉਪਰਲੇ ਪੱਧਰ ਦਾ ਸਾਰਾ ਸਿਸਟਮ ਤਕੜੇ ਸਰਮਾਏਦਾਰਾਂ ਤੇ ਵੱਡੀਆਂ ਕਾਰਪੋਰੇਸ਼ਨਾਂ ਅਨੁਸਾਰ ਹੀ ਚਲਦਾ ਹੈ, ਪਰ ਇਨ੍ਹਾਂ ਨੇ ਲੋਕਾਂ ਵਿੱਚ ਲੋਕਤੰਤਰ ਦਾ ਭਰਮ ਬਣਾਈ ਰੱਖਣ ਲਈ, ਹੇਠਲੇ ਪੱਧਰ ਤੱਕ ਲੋਕਾਂ ਨੂੰ ਸਿਆਸੀ ਪਾਰਟੀਆਂ ਵਿੱਚ ਸ਼ਮੂਲੀਅਤ ਜਰੂਰੀ ਰੱਖੀ ਹੋਈ ਹੈ ਤਾਂ ਕਿ ਲੋਕਲ ਪੱਧਰ ਤੇ ਵੀ ਲੋਕ ਆਪਣੀ ਮਰਜ਼ੀ ਅਨੁਸਾਰ ਆਪਣੀ ਪਾਰਟੀ ਦੇ ਮੈਂਬਰਾਂ ਦੀਆਂ ਵੋਟਾਂ ਨਾਲ ਆਪਣਾ ਐਮ. ਐਲ. ਏ. ਜਾਂ ਐਮ. ਪੀ. ਦਾ ਉਮੀਦਵਾਰ ਚੁਣ ਸਕਣ ਅਤੇ ਲੋਕਾਂ ਵਿੱਚ ਲੋਕਤੰਤਰ ਦਾ ਭਰਮ ਬਣਿਆ ਰਹੇ। ਪਿਛਲ਼ੇ ਸਮੇਂ ਤੋਂ ਇਹ ਦੇਖਣ ਵਿੱਚ ਆਇਆ ਹੈ ਕਿ ਸਿਆਸੀ ਮੌਕਾਪ੍ਰਸਤ ਤੇ ਘੜੰਮ ਚੌਧਰੀ ਇਸ ਲੋਕਤੰਤਰੀ ਸਿਸਟਮ ਦੀ ਦੁਰਵਰਤੋਂ ਕਰਕੇ ਸਿਆਸਤ ਵਿੱਚ ਬਾਜੀ ਮਾਰ ਜਾਂਦੇ ਹਨ। ਆਪਣੇ ਕੋਲੋਂ ਡਾਲਰ ਖਰਚ ਕੇ ਘਰੋਂ ਬੈਠੇ ਲੋਕਾਂ ਨੂੰ ਪੁੱਛੇ ਬਿਨਾਂ ਹੀ ਥੋਕ ਦੇ ਭਾਅ ਪਾਰਟੀ ਮੈਂਬਰ ਬਣਾ ਕੇ, ਪਹਿਲਾਂ ਪਾਰਟੀ ਦੀ ਲੋਕਲ ਲੀਡਰਸ਼ਿਪ ਤੇ ਕਾਬਿਜ ਹੋ ਜਾਂਦੇ ਹਨ ਤੇ ਫਿਰ ਆਪੇ ਬਣਾਈਆਂ ਵੋਟਾਂ ਦੇ ਸਹਾਰੇ ਨਾਮੀਨੇਸ਼ਨ ਜਿੱਤ ਲੈਂਦੇ ਹਨ। ਗੋਰੇ ਜਾਂ ਹੋਰ ਕਮਿਊਨਿਟੀਆਂ ਦੇ ਲੋਕ ਇਮਾਨਦਾਰੀ ਨਾਲ ਸਿਰਫ ਉਨ੍ਹਾਂ ਲੋਕਾਂ ਦੀ ਵੋਟ ਬਣਾਉਂਦੇ ਹਨ, ਜਿਹੜੇ ਪਾਰਟੀ ਦੀ ਵਿਚਾਰਧਾਰਾ ਵਿੱਚ ਵਿਸ਼ਵਾਸ਼ ਰੱਖਦੇ ਹਨ। ਦੂਸਰਾ ਉਹ ਆਪਣੇ ਕੋਲੋਂ ਡਾਲਰ ਖਰਚ ਕੇ ਘਰ ਬੈਠੇ ਵੋਟਾਂ ਬਣਾਉਣ ਨੂੰ ਅਨੈਤਿਕ ਸਮਝਦੇ ਹਨ, ਇਸ ਲਈ ਉਹ ਇਸ ਵੋਟ ਰਾਜਨੀਤੀ ਵਿੱਚ ਪਿਛੇ ਰਹਿ ਜਾਂਦੇ ਹਨ ਅਤੇ ਨਾਮੀਨੇਸ਼ਨ ਹਾਰ ਜਾਂਦੇ ਹਨ। ਹੁਣ ਫੋਨ ਜਾਂ ਇੰਟਰਨੈਟ ਤੇ ਵੋਟਾਂ ਪਾਉਣ ਦਾ ਸਿਸਟਮ ਇਨ੍ਹਾਂ ਦੇ ਬਹੁਤਾ ਹੀ ਰਾਸ ਆ ਰਿਹਾ ਹੈ ਕਿਉਂਕਿ ਹੁਣ ਆਪੇ ਬਣਾਏ ਵੋਟਰਾਂ ਨੂੰ ਵੋਟਾਂ ਲਈ ਭੁਗਤਾਉਣ ਲਈ ਵੀ ਮਿਹਨਤ ਕਰਨ ਦੀ ਲੋੜ ਨਹੀਂ। ਜਾਅਲੀ ਈ-ਮੇਲ ਆਈਡੀਆਂ ਬਣਾ ਕੇ ਆਪ ਹੀ ਵੋਟਾਂ ਪਾ ਲਉ। ਮੇਨ ਸਟਰੀਮ ਗੋਰਿਆਂ ਦਾ ਇਹ ਦੁਖਾਂਤ ਹੈ ਕਿ ਉਹ ਵਿਅਕਤੀ ਨੂੰ ਨਹੀਂ, ਪਾਰਟੀ ਨੂੰ ਵੋਟ ਪਾਉਂਦੇ ਹਨ, ਜਿਸ ਨਾਲ ਅਜਿਹੇ ਮੌਕਾਪ੍ਰਸਤ ਲੋਕ ਐਮ. ਐਲ. ਏ. ਜਾਂ ਐਮ.

ਪੰਜਾਬੀ ਸਿੱਖਣ ਦੀਆਂ ਮੁਫਤ ਕਲਾਸਾਂ
ਕਲਾਸਾਂ ਦਾ ਸਮਾਂ ਸਵੇਰੇ 10:30 ਤੋਂ ਬਾਅਦ ਦੁਪਿਹਰ 12 ਵਜੇ ਤੱਕ
ਮਾਸਟਰ ਭਜਨ ਸਿੰਘ: 403-455-4220 ਸੁਖਬੀਰ ਗਰੇਵਾਲ: 403-402-0770

Avon Accounting & Tax Services
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
Video: Video film with single, double & multiple camera system (Broadcast Quality)
Photography: Digital Photography (Coloured, black and white) digital enhancement
Music: DJ, Lighting, screen Projector live sound etc.
835-2762 or 29 DREAM (37326)
Special Packages Available For All Occasions

Commitment to Excellent Services
Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca
Harbans Singh
416-817-7142

ਪੀ. ਬਣ ਜਾਂਦੇ ਹਨ। ਇਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਵੱਧ ਡਾਲਰ ਖਰਚੋ ਤੇ ਵੱਧ ਮੈਂਬਰਸ਼ਿਪ ਬਣਾ ਕੇ, ਕਿਸੇ ਢੰਗ ਨਾਲ ਨਾਮੀਨੇਸ਼ਨ ਜਿੱਤ ਲਉ, ਫਿਰ ਅਸਲੀ ਵੋਟਾਂ ਵਿੱਚ ਤਾਂ ਲੋਕਾਂ ਨੇ ਬਿਨਾਂ ਸੋਚੇ ਵਿਚਾਰੇ ਪਾਰਟੀ ਨੂੰ ਵੋਟ ਪਾਉਣੀ ਹੈ ਤੇ ਸਾਡੀ ਜਿੱਤ ਪੱਕੀ ਹੈ। ਜੇ ਇਨ੍ਹਾਂ ਦੀ ਅਸੈਂਬਲੀ ਜਾਂ ਪਾਰਲੀਮੈਂਟ ਦੀ ਕਾਰਗੁਜ਼ਾਰੀ ਦੇਖੀ ਜਾਵੇ ਤਾਂ ਨਾਂਹ ਦੇ ਬਰਾਬਰ ਹੁੰਦੀ ਹੈ, ਸਿਰਫ ਤਨਖਾਹ ਲੈਣ ਜਾਂ ਛੋਟੇ-ਮੋਟੇ ਕਮਿਊਨਿਟੀ ਫੰਕਸ਼ਨਾਂ ਵਿੱਚ ਲੈਕਚਰ ਕਰਨ, ਮਰਨ ਦੇ ਭੋਗਾਂ ਜਾਂ ਵਿਆਹਾਂ ਵਿੱਚ ਸ਼ਾਮਲ ਹੋਣਾ ਹੀ ਇਨ੍ਹਾਂ ਦੀ ਕਾਰਗੁਜ਼ਾਰੀ ਹੁੰਦੀ ਹੈ। ਕੁਝ ਸਾਲ ਪਹਿਲਾਂ ਟਰਾਂਟੋ ਦੇ ਇੱਕ ਟੀ.ਵੀ. ਪ੍ਰੋਗਰਾਮ ਤੇ ਲੰਬਾ ਸਮਾਂ ਐਮ. ਪੀ. ਰਹੇ ਇੱਕ ਲੀਡਰ ਨੇ ਲਿਸਟ ਬਣਾਈ ਹੋਈ ਸੀ ਕਿ ਉਸਨੇ ਆਪਣੀਆਂ 3-4 ਟਰਮਾਂ ਵਿੱਚ 2000 ਤੋਂ ਵੱਧ ਭੋਗਾਂ ਜਾਂ ਕਮਿਊਨਿਟੀ ਸਮਾਗਮਾਂ ਵਿੱਚ ਭਾਗ ਲਿਆ ਸੀ। ਪਾਰਲੀਮੈਂਟ ਵਿੱਚ ਉਹ ਕਿੰਨੀ ਵਾਰ, ਕਿਨ੍ਹਾਂ ਮੁੱਦਿਆਂ ਤੇ ਬੋਲਿਆ, ਇਸਦਾ ਕੋਈ ਰਿਕਾਰਡ ਨਹੀਂ ਸੀ। ਫਿਰ ਇੱਕ ਹੋਰ ਬੜਾ ਭਾਰੀ ਦੁਖਾਂਤ ਵਾਪਰ ਰਿਹਾ ਹੈ ਕਿ ਇਹ ਮੌਕਾਪ੍ਰਸਤ ਲੀਡਰ ਸਿਰਫ ਜਿੱਤਣ ਵਾਲੀ ਪਾਰਟੀ ਜਾਂ ਭਾਰੂ ਦੋ ਪਾਰਟੀਆਂ ਵਿੱਚ ਹੀ ਜਾਂਦੇ ਹਨ, ਭਾਵੇਂ ਉਹ ਦੋਨੋਂ ਪਾਰਟੀਆਂ ਲੋਕ ਵਿਰੋਧੀ ਹੋਣ ਤੇ ਤੀਜੀ ਪਾਰਟੀ ਭਾਵੇਂ ਕਿਤਨੀ ਵੀ ਲੋਕ ਪੱਖੀ ਹੋਵੇ, ਉਧਰ ਮੂੰਹ ਨਹੀਂ ਕਰਦੇ ਕਿਉਂਕਿ ਉਨ੍ਹਾਂ ਲਈ ਚੋਣ ਜਿੱਤਣੀ ਹੀ ਮੁੱਖ ਹੁੰਦੀ ਹੈ, ਪਾਰਟੀ ਦੀਆਂ ਪਾਲਸੀਆਂ, ਨੀਤੀਆਂ ਕੀ ਹਨ, ਇਸ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣ ਨਹੀਂ ਹੁੰਦਾ। ਜੇ ਮੈਂ ਪੂਰਾ ਸਹੀ ਨਾ ਵੀ ਵੀ ਹੋਵਾਂ ਤਾਂ ਵੀ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਸਾਡੇ ਦੇਸੀ ਲੀਡਰਾਂ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਮਾਈ ਦਾ ਲਾਲ ਹੋਣਾ, ਜਿਸਨੇ ਆਪਣੀ ਪਾਰਟੀ ਦਾ ਸੰਵਿਧਾਨ ਜਾਂ ਪਾਰਟੀ ਦੀਆਂ ਪਾਲਿਸੀਆਂ ਬਰੀਕੀ ਨਾਲ ਪੜ੍ਹੀਆਂ ਹੋਣ। ਉਨ੍ਹਾਂ ਦਾ ਮਕਸਦ ਸਿਰਫ ਐਮ. ਐਲ. ਏ. ਜਾਂ ਐਮ. ਪੀ. ਜਾਂ ਕਾਊਂਸਲਰ ਬਣਨਾ ਹੁੰਦਾ ਹੈ, ਪਾਰਟੀ ਜਾਂ ਨੀਤੀਆਂ ਨਾਲ ਕੋਈ ਮਤਲਬ ਨਹੀਂ ਹੁੰਦਾ। ਜੇ ਇੱਕ ਪਾਰਟੀ ਵਿੱਚ ਇੱਕ ਧੜੇ ਨੇ ਆਪਣਾ ਬੰਦਾ ਜਿਤਾ ਲਿਆ ਤਾਂ ਕਮਿਊਨਿਟ ਦੇ ਵਿਚੋਂ ਹੀ ਦੂਜੇ ਵਿਰੋਧੀ ਧੜੇ ਨੇ ਦੂਜੀ ਪਾਰਟੀ ਵਿੱਚ ਮੋਰਚਾ ਲਗਾ ਦੇਣਾ ਤਾਂ ਕਿ ਉਸਨੂੰ ਹਰਾਇਆ ਜਾਵੇ ਤੇ ਆਪਣੇ ਧੜੇ ਦੇ ਬੰਦੇ ਨੂੰ ਜਿਤਾਇਆ ਜਾਵੇ। ਫਿਰ ਉਨ੍ਹਾਂ ਨੇ ਉਹੀ ਲੋਕਾਂ ਨੂੰ ਘਰੇ ਬੈਠੇ ਮੈਂਬਰ ਬਣਾ ਲੈਣਾ। ਬਹੁਤ ਵਾਰ ਉਨ੍ਹਾਂ ਦਾ ਮਕਸਦ ਆਪ ਜਿੱਤਣਾ ਘੱਟ ਤੇ ਵਿਰੋਧੀ ਨੂੰ ਹਰਾਉਣਾ ਵੱਧ ਹੁੰਦਾ ਹੈ। ਮੇਰੇ ਨਿੱਜੀ ਤਜਰਬੇ ਅਨੁਸਾਰ ਕਈ ਵਾਰ ਇੱਕ ਹੀ ਵਿਅਕਤੀ ਦੀ ਮੈਂਬਰਸ਼ਿਪ ਕੰਜਰਵੇਟਿਵ, ਲਿਬਰਲ ਜਾਂ ਐਨ. ਡੀ. ਪੀ. ਦੀ ਬਣੀ ਹੁੰਦੀ ਹੈ ਤੇ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਉਸ ਵਿਅਕਤੀ ਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਉਸਦੀ ਤਿੰਨ ਪਾਰਟੀਆਂ ਵਿੱਚ ਮੈਂਬਰਸ਼ਿਪ ਹੈ। ਇਹ ਵੀ ਅਕਸਰ ਦੇਖਿਆ ਗਿਆ ਹੈ ਕਿ ਜੇ ਇੱਕ ਪਾਰਟੀ ਵਿਚੋਂ 2 ਜਾਂ ਤਿੰਨ ਪੰਜਾਬੀ ਖੜ ਜਾਣ ਤਾਂ ਇੱਕੋ ਵਿਅਕਤੀ ਦੀਆਂ 2-3 ਵੋਟਾਂ ਵੀ ਬਣੀਆਂ ਹੁੰਦੀਆਂ ਹਨ। ਕੁਝ ਸਾਲ ਪਹਿਲਾਂ ਇੱਕ ਪਾਰਟੀ ਨੇ ਨਾਮੀਨੇਸ਼ਨ ਦੀ ਦੌੜ ਵਿੱਚ ਸ਼ਾਮਲ 4-5 ਪੰਜਾਬੀ ਉਮੀਦਵਾਰਾਂ ਦੀ ਚੋਣ ਇਸ ਲਈ ਰੱਦ ਕਰ ਦਿੱਤਾ ਸੀ ਕਿ ਬਹੁਤੀਆਂ ਵੋਟਾਂ 3-4 ਵਾਰ ਬਣੀਆਂ ਹੋਈਆਂ ਸਨ ਤੇ ਮੈਂਬਰਾਂ ਨੇ ਫੀਸ ਇੱਕ ਵਾਰ ਵੀ ਨਹੀਂ ਦਿੱਤੀ ਸੀ। ਇਹੀ ਹਾਲ ਪਾਰਟੀਆਂ ਦੇ ਲੀਡਰ ਚੁਣਨ ਵੇਲੇ ਹੁੰਦਾ ਹੈ। ਪਾਰਟੀ ਦੀ ਲੀਡਰਸ਼ਿਪ ਰੇਸ ਵਿੱਚ ਅਕਸਰ 3-4 ਲੀਡਰ ਹੁੰਦੇ ਹਨ। ਸਾਰੇ ਘੜੰਮ ਚੌਧਰੀ ਉਨ੍ਹਾਂ ਵਿਚੋਂ ਇੱਕ-ਇੱਕ ਮੱਲ ਲੈਂਦੇ ਹਨ ਤੇ ਫਿਰ ਉਥੇ ਵੀ ਆਪਣੀ ਟੌਹਰ ਬਣਾਉਣ ਲਈ ਲੋਕਾਂ ਨੂੰ ਪੁਛੇ ਬਿਨਾਂ ਮੈਂਬਰ ਬਣਾ ਲੈਂਦੇ ਹਨ। ਪਾਰਟੀ ਲੀਡਰਸ਼ਿਪ ਚੋਣ ਵਿੱਚ ਵੀ ਅਕਸਰ ਇੱਕ ਵਿਅਕਤੀ ਦੀਆਂ 3-4 ਵੋਟਾਂ ਬਣੀਆਂ ਹੁੰਦੀਆਂ ਹਨ। ਪਿਛੇ ਜਿਹੇ ਇੱਕ ਪਾਰਟੀ ਦੀ ਲੀਡਰਸ਼ਿਪ ਰੇਸ ਵਿੱਚ ਇੰਟਰਨੈਟ ਵੋਟਾਂ ਵਿੱਚ ਘਰੋਂ ਬੈਠੇ ਆਪੇ ਬਣਾਈਆਂ ਵੋਟਾਂ ਭੁਗਤਾ ਲਈਆਂ ਗਈਆਂ ਤੇ ਬਹੁਤ ਸਾਰੇ ਲੋਕਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਉਨ੍ਹਾਂ ਦੀ ਵੋਟ ਬਣੀ ਸੀ ਤੇ ਪਾ ਵੀ ਦਿੱਤੀ ਗਈ। ਇਸੇ ਤਰ੍ਹਾਂ ਇੱਕ ਹੋਰ ਪਾਰਟੀ ਦੀ ਲੀਡਰਸ਼ਿਪ ਰੇਸ ਵਿੱਚ ਆਪਣਾ ਉਮੀਦਵਾਰ ਜਿਤਾਉਣ ਲਈ ਗੁਰਦੁਆਰਿਆਂ ਵਿੱਚ ਕਾਬਿਜ ਕੁਝ ਖਾਸ ਧੜਿਆਂ ਨੇ ਗੁਰਦੁਆਰਿਆਂ ਦੀ ਮੈਂਬਰਸ਼ਿਪ ਨੂੰ ਉਸ ਪਾਰਟੀ ਦੇ ਮੈਂਬਰ ਬਣਾਉਣ ਲਈ ਵਰਤ ਆਨਲਾਈਨ ਵੋਟਿੰਗ ਦਾ ਲਾਭ ਉਠਾ ਕੇ ਆਪਣਾ ਚਹੇਤਾ ਵਿਅਕਤੀ ਲੀਡਰ ਬਣਾ ਲਿਆ।

ਇਹੀ ਹਾਲ ਸਾਡਾ ਗੁਰਦੁਆਰਿਆਂ ਦੀ ਚੋਣਾਂ ਵਿੱਚ ਹੈ। ਵੈਸੇ ਤਾਂ ਪਿਛਲੇ ਕੁਝ ਸਾਲਾਂ ਤੋਂ ਵੱਖ-ਵੱਖ ਸ਼ਹਿਰਾਂ ਵਿੱਚ ਵੱਖ-ਵੱਖ ਧੜਿਆਂ ਨੇ ਆਪਣੇ ਆਪਣੇ ਕਬਜੇ ਵਾਲੇ ਗੁਰਦੁਆਰੇ ਬਣਾ ਲਏ ਹਨ, ਜਿਥੇ ਸਿਰਫ ਉਨ੍ਹਾਂ ਦੇ ਧੜੇ ਦੇ ਖਾਸ ਬੰਦਿਆਂ ਨੂੰ ਮੈਂਬਰਸ਼ਿਪ ਦਿੱਤੀ ਜਾਂਦੀ ਹੈ ਤੇ ਉਹ ਹੀ ਵਾਰੀ-ਵਾਰੀ ਕਮੇਟੀਆਂ ਵਿੱਚ ਆ ਜਾਂਦੇ ਹਨ। ਇਸਦਾ ਇੱਕ ਲਾਭ ਜ਼ਰੂਰ ਹੋਇਆ ਹੈ ਕਿ ਉਨ੍ਹਾਂ ਨੇ ਆਪਣੀ ਆਪਣੀ ਦੁਕਾਨਦਾਰੀ ਚਲਾ ਲਈ ਹੈ ਤੇ ਹੁਣ ਇੱਕ ਦੂਜੇ ਵਿੱਚ ਦਖਲ ਨਹੀਂ ਦਿੰਦੇ ਤੇ ਗੁਰਦੁਆਰਿਆਂ ਦੀਆਂ ਲੜਾਈਆਂ ਘਟੀਆਂ ਹਨ। ਪਰ ਕੁਝ ਗੁਰਦੁਆਰਿਆਂ ਵਿੱਚ ਅਜੇ ਵੀ ਲੋਕਤੰਤਰੀ ਸਿਸਟਮ ਚੱਲ ਰਿਹਾ ਹੈ, ਪਰ ਉਥੇ ਵੀ ਸ਼ਹਿਰ ਦੇ ਘੜੰਮ ਚੌਧਰੀ ਤੇ ਮੌਕਾਪ੍ਰਸਤ ਲੋਕ ਹੀ ਆਪਣੇ ਧੜੇ ਦਾ ਕਬਜਾ ਕਰਾਉਣ ਜਾਂ ਬਰਕਰਾਰ ਰੱਖਣ ਲਈ ਉਸੇ ਤਰ੍ਹਾਂ ਦੇ ਹੱਥਕੰਡੇ ਵਰਤਦੇ ਹਨ, ਜਿਸ ਤਰ੍ਹਾਂ ਦੇ ਸਿਆਸੀ ਪਾਰਟੀਆਂ ਵਿੱਚ ਨਾਮੀਨੇਸ਼ਨ ਜਿੱਤਣ ਲਈ ਵਰਤ ਜਾਂਦੇ ਹਨ। ਇਥੇ ਵੀ ਬਹੁਤੀਆਂ ਵੋਟਾਂ ਧੜਿਆਂ ਵਲੋਂ ਆਪ ਪੈਸਾ ਖਰਚ ਕੇ ਬਣਾਈਆਂ ਜਾਂਦੀਆਂ ਹਨ। ਇੱਕੋ ਵਿਅਕਤੀ ਦੀਆਂ 2-3 ਵਾਰ ਵੋਟਾਂ ਬਣੀਆਂ ਹੁੰਦੀਆਂ ਹਨ, ਜਦਕਿ ਫੀਸ ਉਸਨੇ ਇੱਕ ਵਾਰ ਵੀ ਨਹੀਂ ਦਿੱਤੀ ਹੁੰਦੀ। ਆਪ ਹੀ ਘਰ ਬੈਠ ਕੇ ਫਾਰਮ ਭਰ ਲਏ ਜਾਂਦੇ ਹਨ। ਕਾਬਿਜ ਧੜੇ ਵਲੋਂ ਵਿਰੋਧੀ ਧਿਰ ਨੂੰ ਵੱਧ ਵੋਟਾਂ ਬਣਾਉਣ ਤੋਂ ਰੋਕਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾਂਦੇ ਹਨ। ਕਮੇਟੀ ਵਿੱਚ ਖੜ੍ਹੇ ਕੀਤੇ ਜਾਂਦੇ ਉਮੀਦਵਾਰ ਵੀ ਯੋਗਤਾ ਅਨੁਸਾਰ ਘੱਟ ਤੇ ਵੋਟਾਂ ਜਿੱਤਣ ਦੇ ਪੈਂਤੜੇ ਤੋਂ ਵੱਧ ਖੜ੍ਹੇ ਕੀਤੇ ਜਾਂਦੇ ਹਨ। ਕਮੇਟੀ ਮੈਂਬਰ ਇਲਾਕਾ, ਜਾਤ, ਗੋਤ, ਸਮਾਜ ਵਿੱਚ ਰੁਤਬਾ, ਪਰਿਵਾਰ ਦੀਆਂ ਵੋਟਾਂ, ਕਿਸੇ ਧੜੇ ਵਿੱਚ ਪ੍ਰਭਾਵ ਆਦਿ ਦੇਖ ਖੜੇ ਕੀਤੇ ਜਾਂਦੇ ਹਨ। ਸਿਆਸੀ ਪਾਰਟੀਆਂ ਵਾਂਗ ਮੈਨੀਫੈਸਟੋ ਜਾਰੀ ਕੀਤੇ ਜਾਂਦੇ ਹਨ, ਪਰ ਵੋਟਾਂ ਜਿੱਤਣ ਬਾਅਦ ਕਿਸੇ ਨੂੰ ਚੇਤਾ ਵੀ ਨਹੀਂ ਹੁੰਦਾ ਕਿ ਅਸੀਂ ਕੋਈ ਮੈਨੀਫੈਸਟੋ ਵੀ ਬਣਾਇਆ ਸੀ।

ਪਿਛਲੇ ਸਮੇਂ ਤੋਂ ਕਮਿਊਨਿਟੀ ਵਿੱਚ ਇੱਕ ਹੋਰ ਭਾਰੀ ਦੁਖਾਂਤ ਵਾਪਰ ਰਿਹਾ ਹੈ ਕਿ ਕੁਝ ਮੌਕਾਪ੍ਰਸਤ ਲੋਕ ਬੜੀ ਤੇਜੀ ਨਾਲ ਕਮਿਊਨਿਟੀ ਵਿੱਚ ਆਉਂਦੇ ਹਨ, ਕੁਝ ਸਮੇਂ ਵਿੱਚ ਹਰ ਪਾਸੇ ਛਾਅ ਜਾਂਦੇ ਹਨ। ਕਮਿਊਨਿਟੀ ਦੇ ਹਰ ਛੋਟੇ-ਮੋਟੇ ਫੰਕਸ਼ਨ ਤੇ ਹਾਜ਼ਰ ਦਿਸਦੇ ਹਨ। ਉਹ ਹਰ ਕੰਮ ਲਈ 24 ਘੰਟੇ 7 ਦਿਨ ਹਾਜ਼ਰ ਹੁੰਦੇ ਹਨ। ਉਹ ਤੁਹਾਨੂੰ ਹਰ ਫਿਊਨਰਲ, ਭੋਗ, ਕਲਚਰਲ ਸ਼ੋਅ, ਕਮਿਊਨਿਟੀ ਫੰਕਸ਼ਨ, ਖੇਡਾਂ, ਗੁਰਦੁਆਰੇ, ਫੰਡ ਰਜ਼ਿੰਗ ਆਦਿ ਵਿੱਚ ਸਭ ਜਗ੍ਹਾ ਦਿਸਣਗੇ। ਸਟੇਜ ਤੇ ਮੋਹਰੀ ਹੋਣਗੇ। ਸਟੇਜ ਤੇ ਆਉਣ ਲਈ ਡੋਨੇਸ਼ਨ ਦੇਣਗੇ ਤਾਂ ਕਿ ਉਨ੍ਹਾਂ ਨੂੰ ਸਟੇਜ ਬਿਠਾਇਆ ਜਾਵੇ, ਸਟੇਜ ਤੇ ਬੋਲਣ ਲਈ ਮੌਕਾ ਦਿੱਤਾ ਜਾਵੇ। ਫਿਰ ਉਹ ਹਰ ਜਗ੍ਹਾ ਲੱਭਦੇ ਹਨ ਕਿ ਕਿਵੇਂ ਉਸ ਦੱਸਣ ਕਿ ਉਹੀ ਕਮਿਊਨਿਟੀ ਦੇ ਅਸਲੀ ਸੇਵਾਦਾਰ ਹਨ, ਬਹੁਤ ਵੱਡੇ ਵਲੰਟੀਅਰ ਹਨ। ਫਿਰ ਉਹ ਕੋਈ ਸਮਾਜ ਸੇਵਾ ਦਾ ਕੰਮ ਲੱਭਦੇ ਹਨ ਤਾਂ ਕਿ ਦੱਸ ਸਕਣ ਕਿ ਉਨ੍ਹਾਂ ਨੇ ਕਮਿਊਨਿਟੀ ਲਈ ਬੜਾ ਕੰਮ ਕੀਤਾ ਹੈ। ਫਿਰ ਕੁਝ ਮਹੀਨਿਆਂ ਬਾਅਦ ਪਤਾ ਲਗਦਾ ਹੈ ਕਿ ਉਹ ਐਮ ਐਲ. ਏ., ਐਮ. ਪੀ., ਕਾਊਂਸਲਰ ਆਦਿ ਲਈ ਖੜ੍ਹ ਰਹੇ ਹਨ? ਬਹੁਤੇ ਲੋਕਾਂ ਨੇ ਸਮਾਜ ਸੇਵਾ, ਗੁਰਦੁਆਰਾ ਸੇਵਾ ਜਾਂ ਕਿਸੇ ਸਭਾ ਸੁਸਾਇਟੀ ਵਿੱਚ ਵਲੰਟੀਅਰ ਵਰਕ ਨੂੰ ਸਿਆਸਤ ਵਿੱਚ ਜਾਣ ਲਈ ਪਾਉੜੀ ਬਣਾ ਲਿਆ ਹੈ। ਇਸ ਨਾਲ ਆਮ ਲੋਕਾਂ ਵਿੱਚ ਉਨ੍ਹਾਂ ਲੋਕਾਂ ਦਾ ਵੀ ਅਕਸ ਵਿਗੜ ਰਿਹਾ ਹੈ, ਜੋ ਨਿਸ਼ਕਾਮ ਹੋ ਕੇ ਸਮਾਜ ਲਈ ਕੁਝ ਕਰ ਰਹੇ ਹਨ ਜਾਂ ਕਰਨਾ ਚਾਹੁੰਦੇ ਹਨ। ਹੁਣ ਲੋਕ ਹਰ ਸਮਾਜ ਸੇਵੀ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦੇ ਹਨ ਕਿ ਕਿਸੇ ਨਾ ਕਿਸੇ ਦਿਨ ਇਹ ਚੋਣ ਲੜੇਗਾ? ਲੋਕਾਂ ਨੂੰ ਲਗਦਾ ਹੈ ਕਿ ਬਿਨਾਂ ਕਿਸੇ ਲਾਲਚ ਜਾਂ ਚੌਧਰ ਪ੍ਰਾਪਤ ਕਰਨ ਦੇ ਕੌਣ ਆਪਣਾ ਸਮਾਂ ਵਲੰਟੀਅਰ ਕੰਮਾਂ ਲਈ ਕੱਢ ਸਕਦਾ ਹੈ? ਜਿਸਦਾ ਨੁਕਸਾਨ ਇਹ ਵੀ ਹੋ ਰਿਹਾ ਹੈ ਕਿ ਜੋ ਸਮਾਜ ਦੇ ਭਲੇ ਲਈ ਕੋਈ ਵਲੰਟੀਅਰ ਕੰਮ ਕਰਨਾ ਵੀ ਚਾਹੁੰਦਾ ਹੈ ਤਾਂ ਸੋਚਦਾ ਹੈ ਕਿ ਲੋਕ ਕਿਤੇ ਇਹੀ ਨਾ ਸੋਚਣ ਕਿ ਇਹ ਵੀ ਸੇਵਾ, ਮੇਵਾ ਲੈਣ ਲਈ ਹੀ ਤਾਂ ਨਹੀਂ ਕਰ ਰਿਹਾ? ਇਸ ਲਈ ਸਾਨੂੰ ਅਜਿਹੇ ਨੂੰ ਰੁਝਾਨ ਨੂੰ ਰੋਕਣ ਲਈ ਕੁਝ ਕਰਨਾ ਚਾਹੀਦਾ ਹੈ। ਅਜਿਹੇ ਸਮਾਜ ਸੇਵੀਆਂ ਨੂੰ ਪਛਾਨਣ ਤੇ ਪਛਾੜਨ ਦੀ ਲੋੜ ਹੈ?

ਫਿਰ ਇਸਦਾ ਹੱਲ ਕੀ ਹੋਵੇ? ਮੇਰੀ ਸਮਝ ਅਨੁਸਾਰ ਸਿਆਸੀ ਪਾਰਟੀਆਂ ਨੂੰ ਮੌਕਾਪ੍ਰਸਤ ਲੋਕਾਂ ਨੂੰ ਪਾਰਟੀ ਹਾਈਜੈਕ ਕਰਨ ਤੋਂ ਰੋਕਣ ਜਾਂ ਪਾਰਟੀ ਦੀ ਵਿਚਾਰਧਾਰਾ ਵਾਲੇ ਵਿਅਕਤੀਆਂ ਨੂੰ ਹੀ ਨੁਮਾਇੰਦੇ ਬਣਾਉਣ ਲਈ ਸਖਤ ਕਦਮ ਚੁੱਕਣੇ ਚਾਹੀਦੇ ਹਨ। ਪਾਰਟੀ ਨਾਮਨੇਸ਼ਨ ਵਿੱਚ ਖੜ੍ਹਨ ਲਈ ਘੱਟੋ-ਘੱਟ 5-7 ਸਾਲ ਤੋਂ ਪਾਰਟੀ ਮੈਂਬਰ ਹੋਣਾ ਲਾਜ਼ਮੀ ਹੋਵੇ ਤਾਂ ਕਈ ਚੌਧਰੀ ਸਿਆਸਤ ਛੱਡ ਜਾਣਗੇ। ਇਸੇ ਤਰ੍ਹਾਂ ਪਾਰਟੀ ਨਾਮੀਨੇਸ਼ਨ ਵਿੱਚ ਵੋਟ ਪਾਉਣ ਲਈ ਵੀ ਕੋਈ ਸਮਾਂ ਤੈਅ ਹੋਵੇ, ਨਾ ਕਿ ਵੋਟਾਂ ਤੋਂ ਮਹੀਨਾ ਜਾਂ ਹਫਤਾ ਪਹਿਲਾਂ ਵੋਟਾਂ ਬਣਾ ਕੇ ਕੋਈ ਵੀ ਕਾਬਿਜ ਹੋ ਜਾਵੇ। ਇਸੇ ਤਰ੍ਹਾਂ ਸਾਨੂੰ ਕਮਿਊਨਿਟੀ ਪੱਧਰ ਤੇ ਵੀ ਗੁਰਦੁਆਰਾ ਕਮੇਟੀਆਂ ਵਿੱਚ ਯੋਗਤਾ ਦੇ ਅਧਾਰ ਤੇ ਵਿਅਕਤੀ ਲਿਆਉਣ ਲਈ ਕੋਈ ਨੀਤੀ ਬਣਾਉਣੀ ਚਾਹੀਦੀ ਹੈ। ਲੋਕਾਂ ਨੂੰ ਵੀ ਸੁਚਤੇ ਹੋਣਾ ਚਾਹੀਦਾ ਹੈ ਕਿ ਜੇ ਉਨ੍ਹਾਂ ਨੇ ਵੋਟ ਨਹੀਂ ਬਣਾਈ ਤਾਂ ਵੋਟ ਨਾ ਪਾਉਣ, ਸਗੋਂ ਪਾਰਟੀ ਕੋਲ ਸ਼ਿਕਾਇਤ ਦਰਜ ਕਰਨ। ਇਸੇ ਤਰ੍ਹਾਂ ਜੇ ਉਨ੍ਹਾਂ ਦਾ ਨਾਮ ਇੱਕ ਤੋਂ ਵੱਧ ਪਾਰਟੀਆਂ ਦੀ ਲਿਸਟ ਵਿੱਚ ਹੈ ਤਾਂ ਉਹ ਪਾਰਟੀਆਂ ਤੱਕ ਪਹੁੰਚ ਕਰਨ ਕੇ ਉਨ੍ਹਾਂ ਦੀਆਂ ਜ਼ਾਅਲੀ ਵੋਟਾਂ ਬਣਾਈਆਂ ਗਈਆਂ ਹਨ। ਜੇ ਅਸੀਂ ਸਾਵਧਾਨ ਤੇ ਸਖਤ ਨਾ ਹੋਏ ਤਾਂ ਸਿਆਸੀ ਮੌਕਾਪ੍ਰਸਤ ਸਾਡੀ ਸੁਸਤੀ ਤੇ ਅਗਿਆਨਤਾ ਦਾ ਲਾਭ ਉਠਾ ਕੇ ਆਪਣੇ ਰਾਜਸੀ ਲਾਭ ਲੈਂਦੇ ਰਹਿਣਗੇ?

# ਕਿਰਤ ਕਾਨੂੰਨਾਂ ਨੂੰ ਕਿਉਂ ਬਦਲਣਾ ਚਾਹੁੰਦੀ ਹੈ ਮੋਦੀ ਸਰਕਾਰ

ਡਾ ਅਜੀਤਪਾਲ ਸਿੰਘ ਐਮ ਡੀ
98156-29301



ਪਿਛਲੇ ਦਿਨੀਂ ਇਹ ਖ਼ਬਰ ਸਭ ਨੇ ਪੜ੍ਹੀ ਹੋਵੇਗੀ 2013-16 ਦੇ ਦਰਮਿਆਨ ਕੁੱਲ ਕਾਰਪੋਰੇਟ ਫੰਡਿੰਗ ਦਾ ਕਰੀਬ 74 ਫੀਸਦੀ ਹਿੱਸਾ ਜਾਣੀ ਕਿ ਸੱਤ ਸੌ ਪੰਜ ਕਰੋੜ ਰੁਪਏ ਤੋਂ ਵੀ ਵੱਧ ਇਕੱਲੇ ਭਾਰਤੀ ਜਨਤਾ ਪਾਰਟੀ ਦੇ ਖਾਤੇ ਵਿੱਚ ਗਏ। ਆਖਰ ਭਾਰਤੀ ਜਨਤਾ ਪਾਰਟੀ ਤੇ ਇਹ ਮਿਹਰਬਾਨੀ ਦੀ ਵਜ੍ਹਾ ਉਂਝ ਹੀ ਤਾਂ ਨਹੀਂ ਹੈ ਉਹਦੀ ਸਰਕਾਰ ਲਗਾਤਾਰ ਇਹ ਸੰਕੇਤ ਦੇ ਰਹੀ ਹੈ ਕਿ ਜੇ ਕਾਰਪੋਰੇਟ ਕੰਪਨੀਆਂ ਭਾਜਪਾ ਦੀ ਮੁੱਠੀ ਇਸ ਤਰ੍ਹਾਂ ਗਰਮ ਕਰਦੀਆਂ ਰਹੀਆਂ ਤਾਂ ਸਰਕਾਰ ਬਦਲੇ ਵਿੱਚ ਉਹ ਸਭ ਕੁਝ ਕਰੇਗੀ ਜੋ ਇਹ ਕਾਰਪੋਰੇਟ ਸੈਕਟਰ ਚਾਹੁੰਦਾ ਹੈ। ਚੋਣਾਂ ਨੂੰ ਬੇਹੱਦ ਖਰਚੀਲਾ ਬਣਾ ਕੇ ਆਮ ਖਿਡਾਰੀਆਂ ਨੂੰ ਮੈਦਾਨ ਵਿੱਚੋਂ ਬਾਹਰ ਕਰ ਦੇਣ ਦੀ ਮੋਦੀ-ਅਮਿਤਸ਼ਾਹ ਜੋੜੀ ਦੀ ਰਾਜਨੀਤੀ ਦਾ ਅਧਾਰ ਕਾਰਪੋਰੇਟ ਕੰਪਨੀਆਂ ਹੀ ਹਨ। ਦਸ ਅਗਸਤ ਨੂੰ ਕਿਰਤ ਕਾਨੂੰਨਾਂ ਦੇ ਨਾਂਅ ਹੇਠ ਜੋ ਬਿੱਲ ਲੋਕ ਸਭਾ ਵਿੱਚ ਪਾਸ ਹੋਇਆ ਹੈ ਉਹ ਇਸ ਲੈਣ ਦੇਣ ਦੀ ਇੱਕ ਵੰਨਗੀ ਹੀ ਤਾਂ ਹੈ। ਇਹ ਬਿੱਲ ਦੇ ਕਾਨੂੰਨ ਬਣ ਜਾਣ ਤੇ ਮਜ਼ਦੂਰਾਂ ਦੇ ਸਾਰੇ ਅਧਿਕਾਰ ਖਤਮ ਹੋ ਜਾਣਗੇ ਜਾਂ ਕਹੋ ਕਿ ਕਲਿਆਣਕਾਰੀ ਰਾਜ ਦੀ ਧਾਰਨਾ ਹੀ ਨਸ਼ਟ ਹੋ ਜਾਵੇਗੀ। ਕੰਮ ਦੇ ਘੰਟਿਆਂ ਅਤੇ ਘੱਟੋ ਘੱਟ ਮਜ਼ਦੂਰੀ ਨੂੰ ਲੈ ਕੇ ਮਜ਼ਦੂਰਾਂ ਦੀ ਹਾਲਤ ਗੂੰਗੇ ਗੁਲਾਮਾਂ ਵਰਗੀ ਹੋਵੇਗੀ। ਜੋ ਕਾਰਪੋਰੇਟ ਦਾ ਸੁਪਨਾ ਹੈ। ਚੰਗੇ ਸੱਭਿਆਚਾਰ ਦੀ ਕਸੌਟੀ ਇੱਕ ਅਜਿਹਾ ਜੀਵਨ ਹੈ ਜਿਸ ਵਿੱਚ ਸਭ ਨੂੰ ਕੰਮ ਆਰਾਮ ਮਨੋਰੰਜਨ ਹਾਸਲ ਹੋਵੇ। ਇਨ੍ਹਾਂ ਵਾਸਤੇ ਸਾਰਿਆਂ ਲਈ ਅੱਠ ਘੰਟੇ ਦੇ ਸਿਧਾਂਤ ਨੂੰ ਆਦਰਸ਼ ਮੰਨਿਆ ਗਿਆ ਪਰ ਇਸ ਸਿਧਾਂਤ ਨੂੰ ਉਨ੍ਹਾਂ ਨੇ ਕਦੇ ਵੀ ਨਹੀਂ ਮੰਨਿਆ ਜੋ ਮਜ਼ਦੂਰਾਂ ਦੀ ਕਿਰਤ ਦੀ ਲੁੱਟ ਤੇ ਆਪਣਾ ਸਾਮਰਾਜ ਖੜ੍ਹਾ ਕਰਨਾ ਚਾਹੁੰਦੇ ਹਨ। ਲੁੱਟ ਖਸੁੱਟ ਦੇ ਇਸ ਚੱਕਰ ਖਿਲਾਫ ਮਜ਼ਦੂਰਾਂ ਦੀ ਲੜਾਈ ਦਾ ਸ਼ਾਨਦਾਰ ਇਤਿਹਾਸ ਹੈ। ਮਨੁੱਖੀ ਮਾਣ ਇੱਜਤ ਨਾਲ ਜਿਊਣ ਲਈ ਮਜ਼ਦੂਰਾਂ ਨੇ ਆਪਣੇ ਹੀ ਝੰਡੇ ਨੂੰ ਆਪਣੇ ਹੀ ਖ਼ੂਨ ਨਾਲ ਕਰ ਦਿੱਤਾ ਸੀ। ਮਈ ਦਿਵਸ ਦੇ ਨਾਂ ਦੇ ਨਾਲ ਜਾਣੀ ਜਾਂਦੀ ਇਹ ਘਟਨਾ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਵਾਪਰੀ ਸੀ। 1886 ਵਿੱਚ ਮਜ਼ਦੂਰਾਂ ਦੇ ਇਸ ਸੰਘਰਸ਼ ਦੇ ਕਾਰਨ ਹੀ ਪੂੰਜੀਵਾਦ ਨੇ ਕਲਿਆਣਕਾਰੀ ਰਾਜ ਦੀ ਗੱਲ ਕਰਨੀ ਸ਼ੁਰੂ ਕੀਤੀ ਸੀ। ਪਰ ਇੱਕ ਸੌ ਕੱਤੀ ਸਾਲਾਂ ਪਿੱਛੋਂ ਅੱਜ ਪੂਰੀ ਦੁਨੀਆਂ ਵਿੱਚ ਮਜ਼ਦੂਰਾਂ ਦੀ ਇਨ੍ਹਾਂ ਸਾਰੀਆਂ ਪ੍ਰਾਪਤੀਆਂ ਨੂੰ ਨਸ਼ਟ ਕਰਨ ਦੀ ਸਾਜ਼ਿਸ਼ ਤਿਆਰ ਕੀਤੀ ਗਈ ਹੈ। ਨਿਊ ਇੰਡੀਆ ਦੇ ਜੁਮਲੇ ਹੇਠ ਭਾਰਤ ਦੀ ਹਾਕਮ ਜਮਾਤ ਵੀ ਜ਼ੋਰ ਸ਼ੋਰ ਨਾਲ ਗ਼ਰੀਬ ਨੂੰ ਲੁੱਟਣ ਵਾਲੀ ਜਮਾਤ ਦੇ ਨਾਲ ਪੂਰੀ ਤਰ੍ਹਾਂ ਬੇਸ਼ਰਮੀ ਨਾਲ ਖੜ੍ਹੀ ਹੈ। ਇਸ ਹਾਲਤ ਵਿੱਚ ਤੁਰੰਤ ਕੋਈ ਵੱਡੀ ਬਗ਼ਾਵਤ ਨਾਲ ਉੱਠ ਖੜ੍ਹੀ ਹੋਵੇ ਇਸ ਲਈ ਗਊਮਾਤਾ ਤੋਂ ਲੈ ਕੇ ਭਾਰਤ ਮਾਤਾ ਤੱਕ ਦੇ ਮਸਲੇ ਉਛਾਲੇ ਜਾ ਰਹੇ ਹਨ ਤਾਂ ਕਿ ਦੇਸ਼ ਹਿੰਦੂ ਮੁਸਲਮਾਨ ਦੇ ਗਧੀ ਗੇੜ ਵਿੱਚ ਹੀ ਰਹੇ ਮਜ਼ਦੂਰਾਂ ਦੀ ਆਵਾਜ਼ ਪੂਰੀ ਤਰ੍ਹਾਂ ਗਾਇਬ ਹੋ ਜਾਵੇ। ਕਾਰਪੋਰੇਟ ਵਿੱਚ ਚਲਾਏ ਜਾਂਦੇ ਮੀਡੀਆ ਦੀ ਨਜ਼ਰ ਵਿੱਚ ਮਜ਼ਦੂਰਾਂ ਅਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਨਾ ਅਪਰਾਧ ਹੈ। ਸੋ ਕਿਧਰੇ ਵੀ ਕੋਈ ਗੁੰਜਾਇਸ਼ ਨਹੀਂ ਬਚੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਮੋਦੀ ਸਰਕਾਰ ਕਿਰਤ ਸੁਧਾਰਾਂ ਦੇ ਨਾਂ ਹੇਠ ਮਜ਼ਦੂਰਾਂ ਦੀ ਮਹਾਨ ਪ੍ਰਾਪਤੀਆਂ ਦਾ ਖ਼ੂਨ ਕਰਨਾ ਲੋਚਦੀ ਹੈ। ਜੋ ਕਿ ਅੱਠ ਘੰਟੇ ਤੋਂ ਵੱਧ ਕੰਮ ਨੂੰ ਅਪਰਾਧ ਐਲਾਨਦੇ ਹੋਣ ਜਾਂ ਘੱਟੋ ਘੱਟ ਮਜ਼ਦੂਰੀ ਨੂੰ ਲਾਜ਼ਮੀ ਬਣਾਉਂਦੇ ਹੋਣ। ਉਨ੍ਹਾਂ ਦੇ ਬਦਲਾਅ ਦੀ ਪੁਰਜ਼ੋਰ ਤਿਆਰੀ ਹੋ ਰਹੀ ਹੈ। ਕਾਰਟੂਨਿਸਟ ਕਾਜਲ ਕੁਮਾਰ ਨੇ ਆਪਣੀ ਫੇਸਬੁੱਕ ਦੀ ਫੇਸਬੁੱਕ ਦੀਵਾਰ ਜੋ ਲਿਖਿਆ ਉਹ ਆਉਣ ਵਾਲੇ ਭਿਆਨਕ ਦਿਨਾਂ ਦੀ ਤਸਵੀਰ ਹੈ। ਉਹ ਲਿਖਦੇ ਹਨ :-ਮੁਆਫ ਕਰਨਾ ਇਹ ਮੇਰੀ ਅੱਜ ਤੱਕ ਦੀ ਸਭ ਤੋਂ ਲੰਬੀ ਪੋਸਟ ਹੈ। ਨੌਕਰੀ ਪੇਸ਼ਾ ਲੋਕਾਂ ਨੂੰ ਵੀ ਜ਼ਰੂਰ ਪੜ੍ਹਨਾ ਚਾਹੀਦਾ ਹੈ ਕਿਉਂਕਿ ਹੁਣ ਉਨ੍ਹਾਂ ਦੀ ਜ਼ਿੰਦਗੀ ਬਦਲਣ ਜਾ ਰਹੀ ਹੈ ਅਤੇ ਮੀਡੀਆ ਇਸ ਬਾਰੇ ਚੁੱਪ ਹੈ। ਦਸ ਅਗਸਤ ਨੂੰ ਲੋਕ ਸਭਾ ਵਿੱਚ ਤਨਖ਼ਾਹ ਕੋਡ (ਕੋਡ ਆਫ ਵੇਜਿਜ਼) 2017 ਪੇਸ਼ ਕੀਤਾ ਗਿਆ ਇਸ ਦੇ ਲਾਗੂ ਹੋਣ ਪਿੱਛੋਂ ਇਹ ਸਾਰੇ ਕਾਨੂੰਨ ਰੱਦ ਹੋ ਜਾਣਗੇ ਜਿਵੇਂ ਕਿ ਤਨਖਾਹ ਭੁਗਤਾਨ ਐਕਟ 1936-ਘੱਟੋ-ਘੱਟ ਤਨਖ਼ਾਹ 1948-ਬੋਨਸ ਭੁਗਤਾਨ ਇੱਕ 1965 ਅਤੇ ਬਰਾਬਰ ਤਨਖ਼ਾਹ ਕਾਨੂੰਨ 1976 (ਧਾਰਾ 60) ਇਹ ਤਨਖਾਹ ਕੋਡ ਸਾਰੀਆਂ ਕੰਪਨੀਆਂ ਤੋਂ ਇਲਾਵਾ ਇਨ੍ਹਾਂ ਸਾਰਿਆਂ ਤੇ ਵੀ ਲਾਗੂ ਹੋਣ ਜਾ ਰਿਹਾ ਹੈ। ਜਿਵੇਂ ਕਿ ਕੇਂਦਰ ਸਰਕਾਰ ਦੀ ਅਥਾਰਟੀ ਅਧੀਨ ਕੰਮ ਕਰਦੇ ਅਦਾਰੇ :-ਰੇਲਵੇ ਖਾਣਾ ਤੇਲ ਖੇਤਰ ਪ੍ਰਮੁੱਖ ਬੰਦਰਗਾਹ ਹਵਾਈ ਆਵਾਜਾਈ ਸੇਵਾ ਦੂਰਸੰਚਾਰ ਬੈਂਕ ਬੀਮਾ ਕੰਪਨੀ ਕੇਂਦਰੀ ਕਾਨੂੰਨ ਤਹਿਤ ਸਥਾਪਿਤ ਨਿਗਮ ਜਾਂ ਹੋਰ ਅਥਾਰਟੀ ਕੇਂਦਰ ਦੇ ਜਨਤਕ ਖੇਤਰ ਦੇ ਅਦਾਰੇ ਜਾਂ ਕੇਂਦਰ ਸਰਕਾਰ ਦੀ ਮਾਲਕੀ ਜਾਂ ਉਸ ਦੇ ਕੰਟਰੋਲ ਵਾਲੇ ਸਮਝੌਤਿਆਂ ਰਾਹੀਂ ਸਥਾਪਤ ਕੇਂਦਰ ਜਨਤਕ ਖੇਤਰ ਦੇ ਅਦਾਰੇ ਜਾਂ ਸਹਾਇਕ ਕੰਪਨੀਆਂ ਜਿਸ ਵਿੱਚ ਅਜਿਹੇ ਅਦਾਰਿਆਂ ਨਿਗਮਾਂ ਜਾਂ ਹੋਰ ਅਥਾਰਟੀਆਂ ਖਾਤਰ ਨਿਯੁਕਤ ਠੇਕੇਦਾਰ ਵੀ ਸ਼ਾਮਿਲ ਹਨ।ਕੇਂਦਰੀ ਜਨਤਕ ਖੇਤਰ ਦੇ ਅਦਾਰੇ ਕੰਪਨੀ ਜਾਂ ਆਜ਼ਾਦ ਸਮਝੌਤਾ ਜਿਹੋ ਜਿਹਾ ਮਰਜ਼ੀ ਮਾਮਲਾ ਹੋਵੇ ਕੇਂਦਰ ਸਰਕਾਰ ਧਾਰਾ 2 (5) ਅਧੀਨ ਯਾਨੀ। ਇਹ ਹੁਣ ਹਰ ਨੌਕਰੀ ਪੇਸ਼ਾ ਉੱਪਰ ਲਾਗੂ ਹੋਵੇਗਾ। ਇਸ ਮੁਤਾਬਕ ਹੁਣ ਤਨਖਾਹ ਘੰਟੇ ਦਿਨ ਜਾਂ ਮਹੀਨੇ ਦੇ ਹਿਸਾਬ ਨਾਲ ਤੈਅ ਕੀਤੀ ਜਾ ਸਕਦੀ ਹੈ। ਇਹ ਹੁਣ ਸਮੇਂ ਦੇ ਕੰਮ ਲਈ ਮਜ਼ਦੂਰੀ ਦਰ (ਟੁਕੜੇ ਦੇ ਕੰਮ) ਦੇ ਲਈ ਮਜ਼ਦੂਰੀ ਇੱਕ ਘੱਟੋ ਘੱਟ ਦਰ ਦੇ ਹਿਸਾਬ ਨਾਲ ਦਿੱਤੀ ਜਾਵੇਗੀ (ਧਾਰਾ ਛੇ) ਯਾਨੀ ਨੌਕਰੀ ਘੰਟਾ ਜਾਂ ਦਿਨ ਦੇ ਹਿਸਾਬ ਨਾਲ ਵੀ ਦਿੱਤੀ ਜਾ ਸਕੇਗੀ। ਮਹੀਨੇ ਦੇ ਹਿਸਾਬ ਨਾਲ ਤਨਖਾਹ ਦੀ ਕੋਈ ਲਾਜ਼ਮੀ ਸ਼ਰਤ ਨਹੀਂ ਰਹਿ ਜਾਵੇਗੀ। ਤਨਖਾਹ ਕਮਿਸ਼ਨ ਜਾਂ ਤਨਖਾਹਾਂ ਦੀ ਮੁੜ ਨਿਰਧਾਰਨ ਆਦਿ ਖ਼ਤਮ ਕਰ ਦਿੱਤੇ ਜਾ ਰਹੇ ਹਨ। ਸਰਕਾਰ ਇੱਕ ਸਲਾਹਕਾਰ ਬੋਰਡ ਬਣਾਵੇਗੀ ਜੋ ਮਜ਼ਦੂਰਾਂ ਦੀ ਤਨਖਾਹ ਤੈਅ ਕਰੇਗਾ। ਕਿਸੇ ਵੀ ਕਰਮਚਾਰੀ ਤੇ ਜ਼ੁਰਮਾਨਾ ਨਹੀਂ ਲੈ ਜਾਵੇਗਾ ਜਿਸ ਦੀ ਉਮਰ ਪੰਦਰਾਂ ਸਾਲ ਤੋਂ ਘੱਟ ਹੋਵੇਗੀ। ਜਾਣੀ ਪੰਦਰਾਂ ਸਾਲ ਇਸ ਤੋਂ ਘੱਟ ਉਮਰ ਦੇ ਲੋਕ ਵੀ ਕੰਮ ਤੇ ਰੱਖੇ ਜਾ ਸਕਣਗੇ। ਹੁਣ ਬਾਲ ਮਜ਼ਦੂਰੀ ਰੋਕੂ ਕਾਨੂੰਨ ਖਤਮ ਹੋ ਜਾਵੇਗਾ। ਕਿਸੇ ਨੂੰ ਵੀ ਸਿਰਫ ਦੋ ਦਿਨ ਦਾ ਨੋਟਿਸ ਦੇ ਕੇ ਕੰਮ ਤੋਂ ਕੱਢਿਆ ਜਾ ਸਕੇਗਾ। ਕੰਮ ਦੇ ਘੰਟੇ ਕਿੰਨੇ ਵੀ ਤੇ ਕੀਤੇ ਜਾ ਸਕਦੇ ਹਨ। ਅੱਠ ਘੰਟੇ ਦੀ ਸ਼ਰਤ ਹੁਣ ਖ਼ਤਮ ਕਰ ਦਿੱਤੀ ਗਈ ਹੈ। ਹਫਤਾ ਛੇ ਦਿਨਾਂ ਦਾ ਹੋਵੇਗਾ ਸੱਤਵੇਂ ਦਿਨ ਛੁੱਟੀ ਹੋਵੇਗੀ ਤਾਰਾ 13 (1) ਉੱਨੀ ਸੌ ਸੰਤਾਲੀ ਦੀ ਸੱਤਾ ਬਦਲੀ ਪਿੱਛੋਂ ਕਿਸੇ ਨੇ ਅਜਿਹਾ ਜ਼ਾਲਮ ਕਾਨੂੰਨ ਸ਼ਾਇਦ ਹੀ ਸੁਣਿਆ ਹੋਵੇਗਾ। ਕੌਮਾਂਤਰੀ ਕਿਰਤ ਸੰਗਠਨ (ਆਈ ਲਓ) ਇਸ ਕਾਨੂੰਨ ਦੇ ਸਾਹਮਣੇ ਇੱਕ ਹਾਸੋਹੀਣੀ ਸੰਸਥਾ ਵਿਖਾਈ ਦੇ ਰਿਹਾ ਹੈ। ਅਜੇ ਤੱਕ ਤਾਂ ਸਰਕਾਰ ਮਜ਼ਦੂਰਾਂ ਦੀ ਭਵਿੱਖ ਨਿਧੀ (ਪੀ ਐੱਫ) ਅਤੇ ਬੈਂਕ ਡਿਪਾਜ਼ਿਟ ਹੀ ਹੜੱਪ ਕਰ ਰਹੀ ਸੀ ਹੁਣ ਤਾਂ ਉਨ੍ਹਾਂ ਦੀ ਜ਼ਿੰਦਗੀ ਹੀ ਸ਼ਾਹੂਕਾਰਾਂ ਦੇ ਚੁੰਗਲ ਵਿੱਚ ਪਾਈ ਜਾ ਰਹੀ ਹੈ। ਕਾਇਦੇ ਨਾਲ ਤਾਂ ਇਸ ਮੁੱਦੇ ਤੇ ਦੇਸ਼ ਵਿੱਚ ਲੋਕ ਉਭਾਰ ਦਿੱਸਣਾ ਚਾਹੀਦਾ ਹੈ। ਵਿਰੋਧੀ ਧਿਰ ਲਈ ਗਾਂ- ਗੋਹਾ-ਗਊ ਮੂਤਰ ਦਾ ਅਖਾਣ ਬਦਲਣ ਦਾ ਇਸ ਤੋਂ ਬਿਹਤਰ ਮੌਕਾ ਕੀ ਹੋ ਸਕਦਾ ਹੈ। ਪਰ ਅਫਸੋਸ ਫਿਲਹਾਲ ਕੋਈ ਵੀ ਹੱਲ ਚੱਲ ਨਹੀਂ ਦਿੱਸ ਰਹੀ। ਕਿਧਰੇ ਆਲੋਚਨਾ ਵੀ ਨਹੀਂ ਹੋ ਰਹੀ। ਅਖ਼ਬਾਰਾਂ ਵਿੱਚ ਬਿਆਨ ਵੀ ਨਹੀਂ ਆ ਰਹੀ। ਇਹ ਕਹੀਏ ਕਿ ਜਿਸ ਕਾਰਪੋਰੇਟ ਦੇ ਇਸ਼ਾਰੇ ਤੇ ਮੋਦੀ ਸਰਕਾਰ ਇਕ ਖ਼ੂਨੀ ਖੇਡ ਖੇਡਣ ਜਾ ਰਹੀ ਹੈ ਉਸ ਨੇ ਸਭ ਦੀ ਜੇਬ ਗਰਮ ਕਰ ਰੱਖੀ ਹੈ। ਜਦੋਂ ਜਨਤਾ ਨੇ ਸਰਗਰਮੀ ਫੜ ਲਈ ਤਾਂ ਸਭ ਦੀ ਗਰਮੀ ਉੱਤਰ ਜਾਣੀ ਹੈ। ਪਰ ਦੇਖੋ ਇਹ ਹੁੰਦਾ ਕਦੋਂ ਹੈ।

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ।**

# ਅਣਭੋਲ



ਸੁਖਵੀਰ ਜੋਗਾ
98150-13046



ਜ਼ੋਰਦਾਰ ਖੜਾਕ, ਕਿਸੇ ਚੀਜ਼ ਦੇ ਡਿੱਗਣ-ਟੁੱਟਣ ਦੀ ਆਵਾਜ਼। ਮਨਜੀਤ ਅੱਭੜਬਾਹਿਆਂ ਵਾਂਗ ਉੱਠੀ। ਨਾਲ ਦੇ ਬੈੱਡ ਉੱਤੇ ਹੱਥ ਮਾਰਿਆ, ਬੈੱਡ ਖਾਲੀ ਹੈ। ਹੈਂ! ਉਹ ਝੱਟ ਟਿਊਬ ਲਾਈਟ ਦੀ ਸਵਿੱਚ ਆਨ ਕਰਦੀ ਹੈ। ਨਿਮਰ ਕਿੱਧਰ ਗਈ? ਬੈੱਡਰੂਮ 'ਚੋਂ ਬਾਹਰ ਆਉਂਦੀ ਹੈ। ਚੰਨ-ਚਾਨਣੀ ਰਾਤ ਵਿੱਚ ਸਾਹਮਣੇ ਮੇਨ ਗੇਟ ਕੋਲ ਨਿਮਰ ਸੂਟਕੇਸ਼ ਵਿੱਚੋਂ ਥੱਲੇ ਖਿਲਰੇ ਪਏ ਸਮਾਨ ਨੂੰ, ਮੁੜ ਸੂਟਕੇਸ਼ ਵਿੱਚ ਤੁੰਨਣ ਦੀ ਕੋਸ਼ਿਸ਼ ਕਰ ਰਹੀ ਹੈ। ਅਟੈਚੀ ਵਿੱਚ ਨਿਮਰ ਦੇ ਸੂਟਾਂ ਦੇ ਨਾਲ-ਨਾਲ ਸੋਨੇ ਦੇ ਗਹਿਣਿਆਂ ਵਾਲੇ ਬੌਕਸ 'ਤੇ ਵੀ ਉਸਦੀ ਨਜ਼ਰ ਪੈ ਜਾਂਦੀ ਹੈ। ਲੋਹੜੀ ਲੰਘਿਆਂ ਹਾਲੇ ਕੁੱਝ ਦਿਨ ਹੀ ਹੋਏ ਹਨ, ਪਰ ਮਨਜੀਤ ਦੇ ਮੱਥੇ ਦੀਆਂ ਤ੍ਰੇਲੀਆਂ ਮਈ-ਜੂਨ ਦਾ ਭੁਲੇਖਾ ਪਾਉਣ ਲਗਦੀਆਂ ਹਨ। ਉਸਨੂੰ ਕਹਾਣੀ ਸਮਝਦਿਆਂ ਬਹੁਤੀ ਦੇਰ ਨਹੀਂ ਲਗਦੀ।

ਉਹ ਥੋੜ੍ਹਾ ਤਹਿਸ ਵਿੱਚ ਆ ਕੇ ਕੁੜੀ ਨੂੰ ਫਟਾਫਟ ਡੌਲ੍ਹਿਆਂ ਤੋਂ ਫੜ੍ਹਕੇ ਝੰਜੋੜਦੀ ਹੋਈ ਹੈਰਾਨੀ ਅਤੇ ਗੁੱਸੇ ਭਰੀਆਂ ਨਜ਼ਰਾਂ ਨਾਲ ਪੁੱਛਦੀ ਹੈ, ਇਹ ਕੀ? ਕੁੜੀ ਪਹਿਲਾਂ ਤਾਂ ਭਬੰਤਰ ਗਈ। ਫਿਰ ਉਸ ਥੋੜ੍ਹਾ ਹੌਸਲਾ ਕਰਕੇ ਬਾਹਾਂ ਝਟਕਾਈਆਂ, ਤੇ ਮਾਂ ਦੀ ਗ੍ਰਿਫਤ 'ਚੋਂ ਬਾਹਰ ਹੋ ਕੇ ਬਿਨਾਂ ਕੋਈ ਜਵਾਬ ਦਿੱਤੇ ਹੀ ਸੂਟਕੇਸ ਬੰਦ ਕਰਕੇ ਚੁੱਕ ਚੱਲਣ ਲਈ ਤਿਆਰ ਹੋ ਜਾਂਦੀ ਹੈ। ਥੋੜ੍ਹਾ ਮਨ ਕਰੜਾ ਕਰਕੇ ਉਹ ਮਾਂ ਨੂੰ ਸੰਬੋਧਿਤ ਹੁੰਦੀ ਹੈ, "ਮੈਨੂੰ ਜਾਣ ਦੇ ਮੰਮਾ, ਮੇਰੀ ਕੋਈ ਉਡੀਕ ਕਰ ਰਿਹਾ ਏ...."

ਐਨੀ ਗੱਲ ਸੁਣ ਕੇ ਮਨਜੀਤ ਦੇ ਦਿਮਾਗ ਵਿੱਚ ਭੂਚਾਲ ਆ ਗਿਆ। ਉਸ ਨੇ ਜ਼ੋਰਦਾਰ ਚਪੇੜ ਕੁੜੀ ਦੀ ਸੱਜੀ ਗੱਲ੍ਹ ਤੇ ਮਾਰੀ।

ਕੁੜੀ ਆਪਣੀ ਮਾਂ ਦਾ ਪਹਿਲੀ ਵਾਰ ਐਡਾ ਸਖਤ ਰੂਪ ਵੇਖ ਕੇ ਇਕਦਮ ਡਰ ਗਈ। ਉੱਤੋਂ ਮਨਜੀਤ ਦੇ ਲਗਾਤਾਰ ਸਵਾਲਾਂ ਨੇ ਉਸ ਦਾ ਸਾਹ ਸਤ ਕੱਢ ਦਿੱਤਾ। ਕਿੱਥੇ ਜਾਣੈ ਤੂੰ? ਕੀ ਕਰਨ ਜਾਣੈ? ਕੀਹਦੇ ਕੋਲ ਜਾਣੈ? ਕੌਣ ਉਡੀਕਦਾ ਏ ਤੈਨੂੰ?

ਕੁੱਝ ਦੇਰ ਦੀ ਚੁੱਪ ਅਤੇ ਨਿਮੋਝਾਣੀ ਤੋਂ ਬਾਅਦ ਨਿਮਰ ਫਿਰ ਦਲੇਰੀ ਫੜ੍ਹ ਗਈ, "ਇਸ ਤਰ੍ਹਾਂ ਧੱਕੇਸ਼ਾਹੀ ਅਤੇ ਜ਼ੁਰਮ ਨਾਲ ਤੁਸੀਂ ਮੈਨੂੰ ਰੋਕ ਕੇ ਨਹੀਂ ਰੱਖ ਸਕਦੇ ਮੌਮ। ਕਿੰਨ੍ਹੀ ਦੇਰ ਪਾਬੰਦੀ ਲਗਾ ਲਵੋਂਗੇ ਤੁਸੀਂ ਮੇਰੇ 'ਤੇ? ਕਰਾਂਗੀ ਤਾਂ ਮੈਂ ਉਹੀ ਜੋ ਮੇਰਾ ਦਿਲ ਕਹੇਗਾ।"

"ਕਿਉਂ ਨਹੀਂ ਰੋਕ ਸਕਦੀ? ਆਖਰ ਨੂੰ ਮਾਂ ਹਾਂ ਮੈਂ ਤੇਰੀ? ਤੈਨੂੰ ਇਸ ਲਈ ਨੀ ਜੰਮਿਆਂ-ਪਾਲਿਆ ਕਿ ਤੂੰ ਜੋ ਮਰਜ਼ੀ ਮਨ ਆਈਆਂ ਕਰਦੀ ਤੁਰੀ ਫਿਰੇਂ? ਮਨਜੀਤ ਨੇ ਆਪਣੀ ਕ੍ਰੋਧਤਾ ਦਾ ਪ੍ਰਗਟਾਵਾ ਹੋਰ ਜੋਸ਼ ਨਾਲ ਕਰਦੇ ਹੋਏ ਕਿਹਾ।

"ਜੰਮਿਆਂ-ਪਾਲਿਆ ਏ ਤਾਂ ਕੀ ਹੋਇਆ? ਇਹ ਤਾਂ ਸਾਰੇ ਮਾਪੇ ਹੀ ਕਰਦੇ ਨੇ ਆਪਣੀ ਔਲਾਦ ਲਈ? ਇਸ ਦਾ ਮਤਲਬ ਇਹ ਤਾਂ ਨਹੀਂ ਬੱਚੇ ਗੁਲਾਮ ਬਣ ਜਾਣ ਮਾਪਿਆਂ ਦੇ? ਨਾਲੇ ਮੈਂ ਕੋਈ ਅੱਠ-ਦਸ ਸਾਲ ਦੀ ਅਣਭੋਲ ਬੱਚੀ ਨਹੀਂ ਹਾਂ, 19 ਸਾਲ ਦੀ ਉਮਰ ਹੈ ਮੇਰੀ, ਬਾਲਗ ਹਾਂ ਮੈਂ। ਮੈਨੂੰ ਆਪਣੀ ਜਿੰਦਗੀ ਆਪਣੀ ਮਰਜ਼ੀ ਨਾਲ ਜਿਉਣ ਦਾ ਪੂਰਾ ਹੱਕ ਏ।" ਮਾਂ ਵਾਂਗ ਕੁੜੀ ਵੀ ਚੰਡੀ ਦੇ ਰੂਪ ਵਿੱਚ ਸਾਹਮਣੇ ਸੀ।

ਕੁੜੀ ਦੀ ਬੇਵਾਕਤਾ ਅਤੇ ਟਿਕੀ ਰਾਤ ਵਿੱਚ ਆਂਢੀਆਂ-ਗੁਆਂਢੀਆਂ ਵਿੱਚ ਤਮਾਸ਼ਾ ਨਾ ਬਣ ਜਾਵੇ ਦੇ ਡਰੋਂ ਮਨਜੀਤ ਦੇ ਗੁੱਸੇ ਦਾ ਪਾਰਾ ਸੱਤਵੇਂ ਆਸਮਾਨ ਤੋਂ ਤੁਰੰਤ ਧਰਤੀ 'ਤੇ ਆ ਗਿਆ। ਉਸਨੇ ਕੁੜੀ ਨੂੰ ਨਰਮਾਈ ਨਾਲ ਸਮਝਾਉਣ ਦਾ ਮਨ ਬਣਾ ਲਿਆ, "ਦੇਖ ਬੇਟਾ ਅੱਧੀ ਰਾਤ ਨੂੰ ਘਰੋਂ ਇਸ ਤਰ੍ਹਾਂ ਚੋਰਾਂ ਵਾਂਗ ਜਾਣਾ ਕੋਈ ਸਿਆਣਪ ਵਾਲੀ ਗੱਲ ਨਹੀਂ। ਨਾਲੇ ਬਿਨਾਂ ਸੋਚੇ ਸਮਝੇ ਉਠਾਇਆ ਕੋਈ ਵੀ ਕਦਮ ਸਾਡੀ ਜਿੰਦਗੀ ਵਿੱਚ ਬੜੀ ਭਿਆਨਕ ਤਬਾਹੀ ਲਿਆ ਸਕਦਾ ਏ। ਐਵੇਂ ਕਿਸੇ ਪਿੱਛੇ ਲੱਗ ਕੇ ਆਪਣਾ ਜੀਵਨ ਬਰਬਾਦ ਕਰਨ ਦੇ ਰਾਹ ਨਾ ਤੁਰ। ਇਸ ਰਸਤੇ ਤੇ ਬਹੁਤ ਖ਼ਤਰਨਾਕ ਮੋੜ ਆਉਂਦੇ ਨੇ, ਜਿੰਨ੍ਹਾਂ ਦੇ ਨਤੀਜੇ ਬੜੇ ਖੌਫ਼ਨਾਕ ਹੁੰਦੇ ਨੇ...।"

ਕੁੜੀ ਨੇ ਮਾਂ ਨੂੰ ਵਿੱਚੋਂ ਟੋਕਦਿਆਂ ਬੜੇ ਹੀ ਮਾਣ ਨਾਲ ਜਵਾਬ ਦਿੱਤਾ, "ਮੈਨੂੰ ਕੋਈ ਡਰ ਨਹੀਂ ਮਾਂ, ਮਨਮੀਤ ਬੜਾ ਦਲੇਰ ਮੁੰਡਾ ਏ। ਉਹ ਮੈਨੂੰ ਬਹੁਤ ਪਿਆਰ ਕਰਦਾ ਏ, ਉਸ ਦੇ ਹੁੰਦੇ ਮੈਨੂੰ ਕੋਈ ਪ੍ਰਵਾਹ ਨਹੀਂ...।" ਕੁੜੀ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਹੀ।

"ਇਹ ਪਿਆਰ-ਪੂਰ ਸਭ ਵਿਖਾਵਾ ਹੁੰਦੈ, ਜਦੋਂ ਜ਼ਿੰਮੇਵਾਰੀ ਸਿਰ ਪੈਂਦੀ ਹੈ ਉਦੋਂ ਪਤਾ ਲੱਗਦੈ ਜਿੰਦਗੀ ਕੀ ਹੁੰਦੀ ਹੈ। ਫਿਰ ਇਕੱਠੇ ਜੀਣ ਮਰਨ ਦੀਆਂ ਕਸਮਾਂ ਖਾਣ ਵਾਲੇ ਅੱਧ ਵਿਚਕਾਰ ਛੱਡ ਕੇ ਤੁਰ ਜਾਂਦੇ ਨੇ....।"

"ਨਹੀਂ ਮੌਮ ਤੁਹਾਨੂੰ ਭੁਲੇਖਾ ਹੈ, ਮੇਰਾ ਮਨਮੀਤ ਉਹਨਾਂ 'ਚੋਂ ਨਹੀਂ, ਉਹ ਮੇਰੇ ਬਿਨ੍ਹਾਂ ਸਾਂਹ ਵੀ ਨਹੀਂ ਲੈ ਸਕਦਾ। ਉਹ ਕਦੇ ਵੀ ਧੋਖਾ ਨਹੀਂ ਕਰੇਗਾ ਮੇਰੇ ਨਾਲ, ਮੈਨੂੰ ਉਸ ਤੇ ਪੂਰਾ ਮਾਣ ਹੈ।" ਕੁੜੀ ਪਿੱਛੇ ਹਟਣ ਵਾਲੀ ਨਹੀਂ ਸੀ।

"ਮਾਣ, ਭਰੋਸੇ ਟੁੱਟਦਿਆਂ ਬਹੁਤੀ ਦੇਰ ਨਹੀਂ ਲਗਦੀ, ਜਦੋਂ ਹਕੀਕਤ ਨਾਲ ਵਾਹ ਪੈਂਦਾ ਹੈ ਸਭ ਕੁੱਝ ਕੱਚ ਦੇ ਟੁਕੜਿਆਂ ਵਾਂਗ ਖਿਲਰ ਜਾਂਦਾ ਹੈ। ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਨਾਲੇ ਬੇਟਾ ਹਾਲੇ ਤੇਰੀ ਉਮਰ ਪੜ੍ਹਨ ਲਿਖਣ ਦੀ ਏ, ਪਹਿਲਾਂ ਪੈਰਾਂ ਸਿਰ ਹੋ, ਆਪਣਾ ਕੈਰੀਅਰ ਬਣਾ ਲੈ। ਜੇਕਰ ਸੱਚ-ਮੁੱਚ ਮਨਮੀਤ ਚੰਗਾ ਲੜਕਾ ਹੋਇਆ, ਫਿਰ ਮੈਂ ਤੇਰਾ ਸਾਥ ਦਿਆਂਗੀ।" ਤਲਖ਼ ਹਕੀਕਤਾਂ ਦੀ ਜਾਣੂ ਮਨਜੀਤ ਦਲੀਲ ਦਾ ਸਹਾਰਾ ਲੈਣ ਲੱਗੀ ਸੀ।

"ਮਨਮੀਤ ਸੱਚਮੁੱਚ ਬਹੁਤ ਚੰਗਾ ਲੜਕਾ ਹੈ, ਉਸ ਨੇ ਮੇਰੇ ਨਾਲ ਮੇਰੀ ਪੜ੍ਹਾਈ ਜਾਰੀ ਰੱਖਣ ਦਾ ਵੀ ਵਾਅਦਾ ਕੀਤਾ ਹੈ। ਇਸੇ ਲਈ ਮੈਂ ਆਪਣੇ ਸਰਟੀਫਿਕੇਟ ਵੀ ਨਾਲ ਲੈ ਕੇ ਚੱਲੀ ਹਾਂ। ਪਲੀਜ ਮੰਮਾਂ ਹੁਣ ਤੁਸੀਂ ਮੈਨੂੰ ਜਾਣ ਦਿਓ, ਉਹ ਮੈਨੂੰ ਉਡੀਕ ਰਿਹਾ ਹੋਵੇਗਾ। ਪਹਿਲਾਂ ਹੀ ਬਹੁਤ ਦੇਰ ਹੋ ਗਈ, ਨਾਲੇ ਅੱਜ ਮਸਾਂ ਮੌਕਾ ਮਿਲਿਆ ਹੈ, ਡੈਡੀ ਤੇ ਵੀਰਾ ਵੀ ਘਰ ਨਹੀਂ ਹਨ, ਫਿਰ ਪਤਾ ਨਹੀਂ ਕਿੰਨਾਂ ਚਿਰ ਉਡੀਕਣਾ ਪਵੇ...।" ਕੁੜੀ ਪਹਿਲਾਂ ਤੋਂ ਬਣਾਈ ਪਲਾਨਿੰਗ ਨਾਲ ਮਕਸਦ ਅੱਜ ਹੀ ਪੂਰਾ ਕਰਨ ਤੇ ਤੁਲੀ ਹੋਈ ਸੀ।

"ਤੈਨੂੰ ਪਤਾ ਹੈ ਜਦੋਂ ਕੱਲ੍ਹ ਤੇਰੇ ਡੈਡ ਤੇ ਵੀਰਾ ਘਰ ਮੁੜਨਗੇ ਤੇ ਜਦੋਂ ਉਹਨਾਂ ਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਉਹਨਾਂ ਦੇ ਦਿਲ 'ਤੇ ਕੀ ਬੀਤੇਗੀ? ਸਮਾਜ ਦੇ ਤਾਹਨੇ-ਮੇਹਣੇ ਕੀ ਸਾਨੂੰ ਜਿਉਣ ਦੇ ਦੇਣਗੇ? ਤੂੰ ਕੁੱਝ ਸੋਚ ਮਨਮੀਤ ਦੇ ਬਰਾਬਰ ਪਲੜੇ ਵਿੱਚ ਪੂਰੇ ਪਰਿਵਾਰ ਨੂੰ ਤੋਲ ਰਹੀ ਏ। ਕੀ ਸਾਡੇ ਪ੍ਰਤੀ ਤੇਰੇ ਕੋਈ ਫਰਜ ਨਹੀਂ ਹਨ?" ਮਨਜੀਤ ਕੁੜੀ ਨੂੰ ਪਿੰਘਲਾਉਣ ਲਈ ਹਰ ਹੀਲਾ ਵਰਤ ਰਹੀ ਸੀ।

"ਪਰ ਮੰਮਾ ਮੇਰੀ ਵੀ ਕੋਈ ਲਾਈਫ਼ ਹੈ? ਮੈਂ ਵੀ ਆਪਣੇ ਢੰਗ ਨਾਲ ਆਪਣੀ ਪਸੰਦ ਦੇ ਸਾਥੀ ਨਾਲ ਜ਼ਿੰਦਗੀ ਜਿਉਣਾ ਚਾਹੁੰਦੀ ਹਾਂ? ਮੈਂ ਉਹਨਾਂ ਕੁੜੀਆਂ ਵਿੱਚੋਂ ਨਹੀਂ ਜਿੰਨ੍ਹਾਂ ਨੂੰ ਉਹਨਾਂ ਦੇ ਮਾਪੇ ਜੀਹਦੇ ਨਾਲ ਮਰਜੀ ਵਿਆਹ ਕੇ ਤੋਰ ਦਿੰਦੇ ਹਨ। ਮੈਂ ਆਪਣੇ ਭਵਿੱਖ ਦਾ ਫੈਸਲਾ ਆਪ ਕਰਾਂਗੀ। ਹੁਣ ਤੁਸੀਂ ਮੈਨੂੰ ਜਾਣ ਦਿਓ, ਪਹਿਲਾਂ ਹੀ ਬਹੁਤ ਦੇਰ ਹੋ ਗਈ ਮਨਮੀਤ ਮੈਨੂੰ ਉਡੀਕ ਰਿਹਾ ਹੋਵੇਗਾ।" ਕੁੜੀ ਪੂਰੀ ਤਰ੍ਹਾਂ ਮਨਮੀਤ ਦੇ ਪਿਆਰ ਦੀ ਗ੍ਰਿਫਤ ਵਿੱਚ ਸੀ, ਉਸ ਤੋਂ ਬਿਨਾਂ ਉਸਨੂੰ ਕੁੱਝ ਸੁੱਝ ਹੀ ਨਹੀਂ ਰਿਹਾ ਸੀ।

ਮਨਜੀਤ ਸੋਚ ਰਹੀ ਸੀ ਉਹਨਾਂ ਦੇ ਨਾਲ ਘਰ ਵਿੱਚ ਰਹਿੰਦੇ ਹੋਏ ਵੀ ਕੁੜੀ ਕਿੰਨ੍ਹੇ ਦੂਰ ਜਾ ਚੁੱਕੀ ਸੀ, ਤੇ ਉਸਨੂੰ ਕੋਈ ਖ਼ਬਰ ਤੱਕ ਨਹੀਂ ਲੱਗੀ। ਉਹ ਆਪਣੀ ਬੇਧਿਆਨੀ ਨੂੰ ਵੀ ਨਿਮਰ ਦੇ ਇਹਨਾਂ ਚੱਕਰਾਂ ਵਿੱਚ ਪੈਣ ਲਈ ਬਰਾਬਰ ਦੋਸ਼ੀ ਸਮਝ ਰਹੀ ਸੀ।

ਗੁੱਸਾ, ਰੋਅਬ੍ਹ, ਪਿਆਰ ਅਤੇ ਦਲੀਲਾਂ ਸਭ ਫੇਲ੍ਹ ਹੋ ਜਾਣ ਤੋਂ ਬਾਅਦ ਫਿਰ ਮਨਜੀਤ ਨੇ ਕੁੜੀ ਅੱਗੇ ਤਰਲਾ ਜਿਹਾ ਕਰਦਿਆਂ ਕਿਹਾ ਕਿ "ਚੰਗਾ ਧੀਏ ਜੇ ਤੇਰਾ ਇਹੀ ਫੈਸਲਾ ਏ ਤਾਂ ਮੈਂ ਤੈਨੂੰ ਨਹੀਂ ਰੋਕਾਂਗੀ, ਪਰ ਇਸ ਦੇ ਲਈ ਤੈਨੂੰ ਮੇਰੀ ਇੱਕ ਸ਼ਰਤ ਮੰਨਣੀ ਪਵੇਗੀ। ਤੈਨੂੰ ਮੇਰੀ ਇੱਕ ਕਹਾਣੀ ਸੁਣਨੀ ਪਵੇਗੀ। ਨਾਲੇ ਤੈਨੂੰ ਤੁਹਾਡੇ ਦੋਵੇਂ ਭੈਣ-ਭਰਾਵਾਂ ਦੇ ਬਚਪਨ ਤੋਂ ਲੈ ਕੇ ਹੁਣ ਤੱਕ ਦੇ ਸਵਾਲਾਂ ਦੇ ਜਵਾਬ ਵੀ ਮਿਲ ਜਾਣਗੇ।"

"ਕਿਹੜੇ ਸਵਾਲਾਂ ਦੇ!" ਕੁੜੀ ਨੇ ਹੈਰਾਨੀ ਭਰੀ ਉਤੇਜਨਾ ਨਾਲ ਪੁੱਛਿਆ।

"ਜਿਹੜੇ ਤੁਸੀਂ ਹਰ ਰੋਜ ਪੁੱਛਦੇ ਸੀ...., ਇਹੀ ਕਿ ਸਾਡੇ ਘਰ ਬਾਕੀਆਂ ਵਾਂਗ ਰਿਸ਼ਤੇਦਾਰ ਕਿਉਂ ਨਹੀਂ ਆਉਂਦੇ? ਸਾਡੇ ਚਾਚਾ, ਮਾਸੀ, ਭੂਆ, ਦਾਦਾ-ਦਾਦੀ, ਨਾਨਾ-ਨਾਨੀ ਆਦਿ ਕਿਉਂ ਨਹੀਂ? ਅਸੀਂ ਵੀ ਉਹਨਾਂ ਤੋਂ ਕਹਾਣੀਆਂ ਸੁਣਨੀਆਂ ਸਨ।"

ਸਿਮਰ ਸੂਟਕੇਸ ਤੋਂ ਪਾਸੇ ਹਟ ਗਈ।

"ਤੈਨੂੰ ਇਹ ਵੀ ਦੱਸ ਦਿਆਂ ਕਿ ਇਹਨਾਂ ਸਾਰੇ ਸਵਾਲਾਂ ਦਾ ਜਵਾਬ ਕਿ ਸਾਡਾ ਸਾਰਾ ਖਾਨਦਾਨ '84 ਦੇ ਦੰਗਿਆਂ ਵਿੱਚ ਕਾਨਪੁਰ ਤੋਂ ਉੱਜੜ ਕੇ ਆਇਆ ਸੀ, ਕੋਰਾ ਝੂਠ ਹੈ। ਸੱਚ ਤਾਂ ਇਹ ਹੈ ਕਿ ਕਾਨਪੁਰ ਜਾਂ ਕਿਸੇ ਹੋਰ ਦੰਗਾ ਪੀੜਤ ਸ਼ਹਿਰ ਜਾਂ ਦੰਗਿਆਂ ਦੀਆਂ ਉਹਨਾਂ ਘਟਨਾਵਾਂ ਨਾਲ ਸਾਡੇ ਖਾਨਦਾਨ ਦਾ ਕੋਈ ਦੂਰ ਦਾ ਵੀ ਨਾਤਾ ਨਹੀਂ ਹੈ।"

"ਮੰਮਾ ਤੁਸੀਂ ਕੀ ਕਹਿ ਰਹੇ ਹੋ?"ਕੁੜੀ ਨੇ ਹੈਰਾਨੀ ਅਤੇ ਆਚੰਭਤਾ ਨਾਲ ਪੁੱਛਿਆ। "ਕੀ ਤੁਸੀਂ ਹੁਣ ਤੱਕ ਸਭ ਕੁੱਝ ਝੂਠ ਬੋਲਦੇ ਰਹੇ?" ਸਿਮਰ ਨੇ ਮਾਂ ਨੂੰ ਸਵਾਲ ਕੀਤਾ।

"ਹਾਂ, ਇੱਕ ਝੂਠ ਨੂੰ ਛੁਪਾਉਣ ਲਈ ਬਾਰ-ਬਾਰ ਝੂਠ ਬੋਲਣਾ ਪੈਂਦਾ ਸੀ, ਬੀਤੀ ਜ਼ਿੰਦਗੀ 'ਤੇ ਚੜ੍ਹੇ ਸਭ ਪਰਦੇ ਅੱਜ ਮੈਂ ਉਤਾਰ ਦੇਣਾ ਚਾਹੁੰਦੀ ਹਾਂ।" ਉਹ ਕੰਧ ਨਾਲ ਢਾਸਣਾ ਲਗਾ ਕੇ ਫਰਸ਼ ਤੇ ਬੈਠ ਗਈ।

ਫਿਰ ਉਸ ਕਹਾਣੀ ਸ਼ੁਰੂ ਕਰ ਦਿੱਤੀ, "ਪੰਜ ਕੁ ਦਹਾਕੇ ਪਹਿਲਾਂ ਮੇਰਾ ਜਨਮ ਦੁਆਬੇ ਦੇ ਇੱਕ ਪਿੰਡ ਵਿੱਚ ਪੈਸੇ ਪੱਖੋਂ ਧਨਾਢ ਅਤੇ ਉੱਚੇ ਰੁਤਬੇ ਵਾਲੇ ਜਿੰਮੀਂਦਾਰ ਪਰਿਵਾਰ ਵਿੱਚ ਹੋਇਆ ਸੀ। ਮੇਰੇ ਪਿਤਾ ਜੀ ਆਪਣੇ ਪੰਜੇ ਭੈਣ-ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਜਦੋਂ ਮੇਰਾ ਜਨਮ ਹੋਇਆ, ਮੈਂ ਅਗਲੀ ਪੀੜ੍ਹੀ ਦਾ ਪਹਿਲਾ ਬੱਚਾ ਹੋਣ ਕਾਰਨ ਬਹੁਤ ਚਾਅ ਮਨਾਏ ਗਏ। ਮੇਰੀਆਂ ਭੂਆ, ਚਾਚੇ, ਦਾਦਾ-ਦਾਦੀ ਮੈਨੂੰ ਬਹੁਤ ਜ਼ਿਆਦਾ ਪਿਆਰ ਕਰਦੇ ਸਨ। ਬੜੇ ਚਾਵਾਂ ਤੇ ਮਲਾਵਾਂ ਨਾਲ ਮੇਰਾ ਪਾਲਣ-ਪੋਸ਼ਣ ਹੋਇਆ। ਘਰ ਵਿੱਚ ਮੇਰੇ ਤੋਂ ਬਾਅਦ ਦੋ ਭਰਾਵਾਂ ਦਾ ਜਨਮ ਹੋਇਆ, ਦੋਵੇਂ ਚਾਚਿਆਂ ਅਤੇ ਦੋਵਾਂ ਭੂਆਂ ਦੇ ਬੱਚੇ ਵੀ ਜਨਮੇ ਪਰ ਪਰਿਵਾਰ ਵਿੱਚ ਜੋ ਮਾਣ-ਸਤਿਕਾਰ, ਪਿਆਰ ਮੇਰੇ ਹਿੱਸੇ ਆਇਆ ਉਹ ਸ਼ਾਇਦ ਉਹਨਾਂ ਸਾਰਿਆਂ ਦੇ ਹਿੱਸੇ ਵੀ ਨਹੀਂ ਸੀ ਆਇਆ।" ਮਨਜੀਤ ਦੀਆਂ ਅੱਖਾਂ ਵਿੱਚੋਂ ਹੰਝੂ ਛਲਕ ਤੁਰੇ ਸਨ।

ਕਦੋਂ ਦੀ 'ਮਨਮੀਤ ਉਡੀਕਦਾ ਹੋਊ' ਤੋਂ ਚਿੰਤਤ ਸਿਮਰ ਸਭ ਕੁੱਝ ਭੁੱਲ ਕੇ ਮਾਂ ਦੇ ਸਾਹਮਣੇ ਹੀ ਭੁੰਜੇ ਬੈਠ ਗਈ।

ਮਨਜੀਤ ਨੇ ਲੜੀ ਟੁੱਟਣ ਨਹੀਂ ਦਿੱਤੀ, "ਸ਼ਹਿਰ ਦੇ ਸਭ ਤੋਂ ਵਧੀਆ ਸਕੂਲ ਵਿੱਚ ਮੈਨੂੰ ਪੜ੍ਹਨ ਪਾਇਆ ਗਿਆ। ਪੜ੍ਹਾਈ ਵਿੱਚ ਮੈਂ ਬੜੀ ਹੁਸ਼ਿਆਰ ਸੀ, ਹਮੇਸ਼ਾਂ ਕਲਾਸ ਮੌਨੀਟਰ ਬਣਨਾ ਮੇਰੇ ਹਿੱਸੇ ਹੀ ਆਉਂਦਾ। ਸਾਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਵੀ ਮੇਰੇ ਉੱਤੇ ਬੜਾ ਮਾਣ ਸੀ। ਮੈਂ ਪੜ੍ਹਦੀ ਗਈ, ਅੱਗੇ ਵਧਦੀ ਗਈ, ਦਸਵੀਂ ਤੋਂ ਬਾਅਦ ਗਿਆਨੀ ਦਾ ਕੋਰਸ ਕੀਤਾ। ਸਭ ਫਸਟ ਡਵੀਜ਼ਨ ਵਿੱਚ ਪਾਸ ਕੀਤੇ। ਫਿਰ ਮੈਨੂੰ ਜੇ.ਬੀ.ਟੀ. ਵਿੱਚ ਦਾਖਲਾ ਮਿਲ ਗਿਆ।" ਮਨਜੀਤ ਨੇ ਇੱਕ ਲੰਬਾ ਹਾਉਂਕਾ ਲਿਆ ਤੇ ਅੱਖਾਂ ਬੰਦ ਕਰ ਲਈਆਂ।

ਕੁੱਝ ਪਲਾਂ ਦੀ ਖਾਮੋਸ਼ੀ ਤੋਂ ਬਾਅਦ ਉਸ ਕਹਾਣੀ ਫਿਰ ਸ਼ੁਰੂ ਕਰ ਲਈ, "ਹੁਣ ਤੱਕ ਦੀ ਪੜ੍ਹਾਈ ਮੈਂ ਨਜ਼ਦੀਕੀ ਸ਼ਹਿਰ ਤੋਂ ਹੀ ਕੀਤੀ ਸੀ, ਜਿਸ ਕਰਕੇ ਹਰ ਰੋਜ਼ ਸ਼ਾਮ ਨੂੰ ਘਰ ਆ ਜਾਂਦੀ ਸੀ। ਪਰ ਜਿਸ ਸ਼ਹਿਰ ਵਿੱਚ ਜੇ.ਬੀ.ਟੀ. ਵਿੱਚ ਦਾਖਲਾ ਮਿਲਿਆ ਸੀ, ਉਹ ਮੇਰੇ ਪਿੰਡ ਤੋਂ ਚਾਲੀ ਕਿਲੋਮੀਟਰ ਦੂਰ ਸੀ। ਅੱਜ ਬੇਸ਼ੱਕ ਚਾਲੀ ਕਿਲੋਮੀਟਰ ਦੀ ਦੂਰੀ ਕੋਈ ਬਹੁਤਾ ਮਹੱਤਵ ਨਹੀਂ ਰੱਖਦੀ, ਪਰ ਉਸ ਸਮੇਂ ਆਵਾਜਾਈ ਦੇ ਸਾਧਨਾਂ ਦੀ ਘਾਟ ਕਾਰਨ ਰੋਜ਼ਾਨਾ ਚਾਲੀ ਕਿਲੋਮੀਟਰ ਆਉਣ-ਜਾਣ ਕਰਨਾ ਲੱਗਭਗ ਅਸੰਭਵ ਹੀ ਸੀ। ਜਿਸ ਕਰਕੇ ਮੈਨੂੰ ਹੋਸਟਲ ਹੀ ਰਹਿਣਾ ਪੈਣਾ ਸੀ। ਸਾਡਾ ਸਾਰਾ ਪਰਿਵਾਰ ਚੰਗਾ ਪੜ੍ਹਿਆ ਲਿਖਿਆ ਹੋਣ ਕਾਰਨ ਕਿਸੇ ਨੂੰ ਇਸ ਗੱਲ ਤੇ ਕੋਈ ਆਪੱਤੀ ਨਹੀਂ ਸੀ। ਖੈਰ! ਮੈਨੂੰ ਹੋਸਟਲ ਛੱਡ ਦਿੱਤਾ ਗਿਆ। ਰੌਣਕਾਂ ਭਰੇ ਪਰਿਵਾਰ ਵਿੱਚੋਂ ਆ ਕੇ ਕੁੱਝ ਦਿਨ ਹੋਸਟਲ ਦਾ ਮਾਹੌਲ ਅਜੀਬ ਜਿਹਾ ਲੱਗਿਆ, ਪਰ ਫਿਰ ਨਾਲ ਦੀਆਂ ਸਾਥਣਾਂ ਨਾਲ ਅਜਿਹਾ ਮੇਲ ਮਿਲਿਆ ਕਿ ਸਭ ਨਾਰਮਲ ਹੋ ਗਿਆ। ਮੇਰੇ ਨਾਲ ਸਾਡੇ ਗਵਾਂਢੀ ਪਿੰਡ ਦਾ ਇੱਕ ਮੁੰਡਾ ਵੀ ਪੜ੍ਹਦਾ ਸੀ।" ਐਨੀ ਗੱਲ ਕਹਿਕੇ ਮਨਜੀਤ ਦੇ ਅੰਦਰੋਂ ਰੁੱਗ ਭਰਿਆ ਗਿਆ।

ਕੁੜੀ ਪੂਰੀ ਗਹਿਰਾਈ ਨਾਲ ਮਾਂ ਦੀ ਕਹਾਣੀ ਸੁਣ ਰਹੀ ਸੀ।

"ਉਸਦਾ ਨਾਮ ਸੀ ਰਘਬੀਰ ਸਿੰਘ, ਉੱਚਾ-ਲੰਬਾ ਕੱਦ, ਗੋਰਾ ਰੰਗ, ਭਰਵਾਂ ਸਰੀਰ ਬਹੁਤ ਸੋਹਣਾ ਨੌਜਵਾਨ ਸੀ। ਪਟਿਆਲਾ ਸ਼ਾਹੀ ਪੱਗ ਬੰਨ੍ਹਦਾ ਉਨਾਬੀ ਰੰਗ ਦੀ, ਬੜੀ ਜਚਦੀ ਸੀ ਉਸਦੇ। ਪਿੰਡਾਂ ਦਾ ਹੋਣ ਕਰਕੇ ਜਾਣ-ਪਛਾਣ ਹੋ ਗਈ। ਉਹ ਗੱਲਾਂ ਬਾਤਾਂ ਬੜੀਆਂ ਵਧੀਆ ਕਰਦਾ, ਤੇਜ-ਤਰਾਰ ਵੀ ਬਹੁਤ ਸੀ। ਹਰ ਸਮੇਂ ਹਾਸਾ ਮਜ਼ਾਕ ਕਰਦਾ ਰਹਿੰਦਾ, ਦੂਸਰਿਆਂ ਦੀ ਹੈਲਪ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ। ਸਾਰੀ ਜਮਾਤ ਵਿੱਚ ਉਸਦਾ ਅਕਸ ਬਹੁਤ ਸੂਝਵਾਨ ਨੌਜਵਾਨ ਵਜੋਂ ਬਣ ਗਿਆ। ਹਰ ਕੋਈ ਉਸਦੇ ਪ੍ਰਭਾਵ ਵਿੱਚ ਆ ਜਾਂਦਾ, ਮੈਨੂੰ ਵੀ ਪਤਾ ਹੀ ਨਹੀਂ ਚੱਲਿਆ ਕਦੋਂ ਅਸੀਂ ਨਜ਼ਦੀਕ ਆ ਗਏ, ਵਿਹਲਾ ਟਾਈਮ ਅਸੀਂ ਜ਼ਿਆਦਾਤਰ ਇਕੱਠੇ ਹੀ ਬਿਤਾਉਣ ਲੱਗੇ। ਚੰਗੇ ਖਾਂਦੇ-ਪੀਂਦੇ ਘਰ ਦੀ ਧੀ ਹੋਣ ਕਾਰਨ ਮੈਨੂੰ ਵੀ ਸਾਰੇ ਕਹਿੰਦੇ ਲੋਹੜੇ ਦਾ ਹੁਸਨ ਚੜ੍ਹਿਆ ਹੈ।" ਮਨਜੀਤ ਨੇ ਲੰਮਾ ਸਾਹ ਲਿਆ।

ਇਹ ਵੇਖੇ ਬਿਨਾਂ ਕਿ ਕੁੜੀ ਉਸ ਦੀ ਕਹਾਣੀ ਸੁਣ ਵੀ ਰਹੀ ਹੈ ਕਿ ਨਹੀਂ? ਉਹ ਅੱਗੇ ਤੁਰਦੀ ਰਹੀ, "ਉਹ ਉਸ ਸ਼ਹਿਰ ਵਿੱਚ ਆਪਣੀ ਭੂਆ ਦੇ ਘਰ ਰਹਿੰਦਾ ਸੀ, ਇੱਕ ਐਤਵਾਰ ਨੂੰ ਉਹ ਮੈਨੂੰ ਉਹਨਾਂ ਦੇ ਘਰ ਲੈ ਗਿਆ। ਉਸਦੇ ਭੂਆ ਜੀ ਘਰ ਵਿੱਚ ਇਕੱਲੇ ਹੀ ਸਨ। ਸ਼ਾਮ ਤੱਕ ਉੱਥੇ ਰਹੇ, ਉਹਨਾਂ ਨਾਲ ਬਹੁਤ ਸਾਰੀਆਂ ਗੱਲਾਂ ਬਾਤਾਂ ਅਤੇ ਹਾਸਾ-ਮਜ਼ਾਕ ਚੱਲਦਾ ਰਿਹਾ, ਸ਼ਾਮ ਨੂੰ ਵਾਪਸ ਆਉਣ ਵੇਲੇ ਉਸਦੇ ਭੂਆ ਜੀ ਨੇ ਕਿਹਾ ਕਿ ਉਦਾਸ ਨਾ ਹੋ ਕੁੜੀਏ ਤੈਨੂੰ ਜਲਦੀ ਆਪਣੇ ਭਰਾ ਦੀ ਨੂੰਹ ਬਣਾਕੇ ਲੈ ਆਉਣਾ ਏ, ਜੇ ਤੇਰੇ ਮਾਪੇ ਨਾ ਮੰਨੇ ਤਾਂ ਵੀ ਸਾਨੂੰ ਕੋਈ ਪ੍ਰਵਾਹ ਨਹੀਂ। ਦਿਲ ਵਿੱਚ ਅਜੀਬ ਜਿਹੀਆਂ ਤਰੰਗਾਂ ਛਿੜ ਗਈਆਂ, ਕੋਈ ਅਧੂਰੀ ਹਸਰਤ ਪੂਰੀ ਹੁੰਦੀ ਪ੍ਰਤੀਤ ਹੋਈ। ਸਾਡੇ ਵਿਚਕਾਰ ਰਹਿੰਦੀਆਂ ਦੂਰੀਆਂ ਵੀ ਖਤਮ ਹੋ ਗਈਆਂ। ਮੈਂ ਆਪਣੇ ਆਪ ਨੂੰ ਰਘਬੀਰ ਦੇ ਸਰੀਰ ਦਾ ਹੀ ਇੱਕ ਹਿੱਸਾ ਸਮਝਣ ਲੱਗ ਪਈ। ਮੈਂ ਉਸ ਦੀਆਂ ਗੱਲਾਂ ਸੁਣਦੀ ਮੰਤਰ-ਮੁਗਧ ਹੋਈ ਰਹਿੰਦੀ। ਦੋ-ਚਾਰ ਛੁੱਟੀਆਂ ਸਮੇਂ ਜਦੋਂ ਕਦੇ ਘਰ ਜਾਣਾ ਤਾਂ ਮਨ ਨਾ ਲੱਗਣਾ, ਇੱਕ-ਇੱਕ ਪਲ ਪਹਾੜ ਜਿੱਡਾ ਲੱਗਦਾ। ਦਿਲ ਜਲਦੀ ਵਾਪਸ ਜਾਣ ਨੂੰ ਕਾਹਲ ਕਰਦਾ। ਮੈਂ ਆਪਣੇ ਪਰਿਵਾਰ ਦੀਆਂ ਇੱਛਾਵਾਂ, ਰੀਝਾਂ, ਸਟੇਟਸ ਦਾ ਕੋਈ ਵੀ ਖਿਆਲ ਕੀਤੇ ਬਿਨਾਂ ਅਤੇ ਉਸਦੇ ਬਾਰੇ ਉਸਦੇ ਪਰਿਵਾਰ ਬਾਰੇ ਜਾਂ ਉਸਦੀ ਖਾਨਦਾਨੀ ਬਾਰੇ ਕਿਸੇ ਗੱਲ ਦੀ ਪੜਚੋਲ ਕੀਤੇ ਬਿਨਾਂ ਉਸਨੂੰ ਆਪਣਾ ਸਭ ਕੁੱਝ ਮੰਨ ਲਿਆ।" ਮਨਜੀਤ ਦੇ ਨੈਣਾਂ ਵਿੱਚੋਂ ਹੰਝੂਆਂ ਦੀ ਛੱਲ ਨੇ ਜ਼ੋਰਦਾਰ ਉਛਾਲਾ ਮਾਰਿਆ।

ਨਿਮਰ ਭੈਭੀਤ ਹੋਈ ਸੁਣੀ ਜਾ ਰਹੀ ਸੀ, "ਅਸੀਂ ਸਾਰਾ ਦਿਨ ਆਪਣੇ ਭਵਿੱਖ ਨੂੰ ਲੈ ਕੇ ਵਿਉਂਤਾਂ ਬਣਾਉਂਦੇ ਰਹਿੰਦੇ। ਸਮਾਂ ਆਪਣੀ ਚਾਲ ਚਲਦਾ ਗਿਆ, ਇਮਤਿਹਾਨ ਹੋ ਗਏ। ਹੋਸਟਲ ਛੱਡ ਘਰਾਂ ਨੂੰ ਜਾਣ ਦਾ ਸਮਾਂ ਆ ਗਿਆ। ਚਾਵਾਂ ਦੀ ਬਜਾਏ ਬੜੇ ਹੀ ਦੁਖੀ ਮਨਾਂ ਨਾਲ ਅਸੀਂ ਘਰਾਂ ਨੂੰ ਪਰਤੇ। ਮੈਂ ਸਾਰਾ ਦਿਨ ਆਪਣੇ ਕਮਰੇ ਵਿੱਚ ਉਦਾਸ ਮਨ ਨਾਲ ਪਈ ਰਹਿੰਦੀ। ਮੈਂ ਇੱਕ ਹਫ਼ਤੇ ਲਈ ਵੀ ਵਿਛੋੜਾ ਨਾ ਝੱਲ ਸਕੀ, ਉਸ ਵੱਲੋਂ ਦਿੱਤੇ ਐਡਰੈੱਸ ਤੇ ਚਿੱਠੀ ਪਾ ਕੇ ਉਸਨੂੰ ਮਿਲਣ ਲਈ ਸ਼ਹਿਰ ਸੱਦਿਆ। ਘਰਦਿਆਂ ਦੇ ਅੱਖੀਂ ਘੱਟਾ ਪਾ ਕੇ ਮੈਂ ਸਹੇਲੀ ਦੇ ਬਹਾਨੇ ਉਸਨੂੰ ਮਿਲਣ ਸ਼ਹਿਰ ਗਈ। ਯੁੱਗਾਂ ਦੇ ਵਿਛੜਿਆਂ ਵਾਂਗ ਸਾਰਾ ਦਿਨ ਅਸੀਂ ਦੁੱਖ-ਸੁੱਖ ਫਰੋਲਦੇ ਰਹੇ। ਮੈਂ ਕਿਹਾ ਮੈਥੋਂ ਵਿਛੋੜਾ ਨਹੀਂ ਸਹਿਆ ਜਾਂਦਾ, ਮੈਂ ਅੱਜ ਹੀ ਘਰ ਜਾ ਕੇ ਪਾਪਾ ਨਾਲ ਆਪਣੇ ਵਿਆਹ ਬਾਰੇ ਗੱਲ ਕਰਾਂਗੀ, ਉਹ ਮੈਨੂੰ ਕਦੇ ਵੀ ਇਨਕਾਰ ਨਹੀਂ ਕਰਨਗੇ। ਪਰ ਉਸ ਨੇ ਮਨਾਂ ਕਰ ਦਿੱਤਾ, ਕਹਿੰਦਾ ਤੂੰ ਕਿਸੇ ਨਾਲ ਕੋਈ ਗੱਲ ਨਹੀਂ ਕਰਨੀ, ਸਮਾਂ ਆਉਣ ਤੇ ਮੈਂ ਆਪਣੇ ਆਪ ਸਭ ਪ੍ਰਬੰਧ ਕਰ ਲਵਾਂਗਾ।" ਬਲੂੰਧਰੇ ਹਿਰਦੇ ਨੂੰ ਫਰੋਲਦਿਆਂ ਅਤੇ ਠੰਡ ਨਾਲ ਮਨਜੀਤ ਕੰਬਣ ਲੱਗ ਗਈ ਸੀ। ਕੁੜੀ ਨੇ ਆਪਣਾ ਸ਼ਾਲ ਉਤਾਰ ਕੇ ਮਾਂ ਦੇ ਕੰਧੇ ਉੱਤੋਂ ਦੀ ਲਪੇਟ ਦਿੱਤਾ।

ਥੋੜ੍ਹੀ ਨਿਘਾਸ ਮਿਲੀ, ਉਹ ਆਪ

ਬੀਤੀ ਫਿਰ ਸੁਣਾਉਣ ਲੱਗ ਪਈ, "ਪ੍ਰੀਤਮ ਦੇ ਵਿਛੋੜੇ 'ਚ ਤੜਫਦੀ ਵਕਤ ਲੰਘਾਉਂਦੀ ਰਹੀ। ਇੱਕ ਦਿਨ ਮੇਰੀ ਵੱਡੀ ਭੂਆ ਆਈ ਹੋਈ ਸੀ, ਉਹ ਵੱਡੀ ਬੇਬੇ ਨੂੰ ਮੇਰੇ ਲਈ ਰਿਸ਼ਤੇ ਦੀ ਦੱਸ ਪਾ ਰਹੀ ਸੀ, ਮੁੰਡਾ ਵੱਡੇ ਖਾਨਦਾਨ ਦਾ ਤੇ ਕੋਈ ਅਫ਼ਸਰ ਲੱਗਿਆ ਹੋਇਆ ਸੀ। ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਸਾਰੀ ਰਾਤ ਰੋਂਦੀ ਕਲਪਦੀ ਦੀ ਨਿਕਲੀ। ਅਗਲੇ ਦਿਨ ਰਿਜਲਟ ਲੈਣ ਲਈ ਜਾਣਾ ਸੀ, ਮੈਂ ਉਸਦੇ ਗਲ ਲੱਗਕੇ ਭੁੱਬਾਂ ਮਾਰ-ਮਾਰ ਰੋਈ। ਉਸਨੂੰ ਕਿਹਾ ਕਿ ਜਿਵੇਂ ਮਰਜ਼ੀ ਕਰ ਅੱਜ ਹੀ ਆਪਣੇ ਮਾਂ-ਬਾਪ ਜਾਂ ਭੂਆ ਜੀ ਨੂੰ ਲੈ ਕੇ ਮੇਰੇ ਘਰ ਚੱਲਕੇ ਇੱਕ ਬਾਰੀ ਮੇਰਾ ਹੱਥ ਮੰਗ ਲੈ, ਬਾਕੀ ਸਾਰੀ ਜ਼ਿੰਮੇਵਾਰੀ ਮੇਰੀ। ਪਰ ਉਸਨੇ ਧਰਵਾਸ ਦਿੱਤਾ ਕਿ ਤੂੰ ਫਿਕਰ ਨਾ ਕਰ ਮੈਂ ਜਲਦੀ ਸਾਰਾ ਪ੍ਰਬੰਧ ਕਰ ਲਵਾਂਗਾ। ਰਿਜਲਟ ਵੇਖਿਆ ਮੈਂ ਇਸ ਵਾਰ ਵੀ ਫਸਟ ਡਵੀਜ਼ਨ ਵਿੱਚ ਪਾਸ ਸੀ, ਪਰ ਨੰਬਰ ਪਹਿਲਾਂ ਨਾਲੋਂ ਨੌਂ ਪ੍ਰਸੈਂਟ ਘਟ ਗਏ ਸਨ। ਮੈਨੂੰ ਕੋਈ ਖੁਸ਼ੀ ਗਮੀ ਦਾ ਅਨੁਭਵ ਨਾ ਹੋਇਆ। ਮੇਰੇ ਲਈ ਸਭ ਕੁੱਝ ਉਹੀ ਬਣਿਆ ਹੋਇਆ ਸੀ।" ਉਹ ਨੀਵੀਂ ਪਾ ਕੇ ਗੋਡਿਆਂ ਤੇ ਸਿਰ ਰੱਖ ਚੁੱਪ ਕਰ ਗਈ।

ਦੋ ਪਲਾਂ ਬਾਅਦ ਉਸ ਫਿਰ ਲੜੀ ਜੋੜ ਦਿੱਤੀ, "ਘਰ ਆ ਕੇ ਪਤਾ ਚੱਲਿਆ ਕਿ ਜੋ ਭੂਆ ਜੀ ਰਿਸ਼ਤਾ ਲੈ ਕੇ ਆਏ ਸਨ, ਉਹ ਸਾਰਿਆਂ ਨੂੰ ਫਿੱਟ ਲੱਗਿਆ, ਇਸ ਕਰਕੇ ਆਉਂਦੇ ਐਤਵਾਰ ਨੂੰ ਮੁੰਡੇ ਵਾਲੇ ਸਾਡੇ ਘਰ ਦੇਖ-ਦਿਖਾਈ ਲਈ ਆਉਣਗੇ। ਉਸ ਦਿਨ ਸੋਮਵਾਰ ਸੀ। ਮੇਰੀ ਹਾਲਤ ਪਾਗਲਾਂ ਵਰਗੀ ਹੋ ਗਈ। ਮੈਂ ਉਸ ਤੱਕ ਬੜੀ ਮੁਸ਼ਕਲ ਨਾਲ ਸੁਨੇਹਾ ਪਹੁੰਚਾਇਆ ਕਿ ਮੰਗਲਵਾਰ ਦੀ ਰਾਤ ਨੂੰ ਸਾਡੀ ਹਵੇਲੀ ਦੇ ਪਿਛਵਾੜੇ ਮਿਲੇ। ਅਸੀਂ ਦੇਰ ਰਾਤ ਤੱਕ ਇੱਕ ਦੂਜੇ ਦੇ ਗੱਲ ਲੱਗ ਰੋਂਦੇ ਰਹੇ, ਮੈਂ ਉਸ ਦੀ ਮਿੰਨਤ ਕੀਤੀ ਕਿ ਹੁਣ ਹੋਰ ਦੇਰ ਨਾ ਕਰ, ਨਹੀਂ ਮੈਂ ਆਪ ਗੱਲ ਕਰ ਲੈਂਦੀ ਹਾਂ। ਮੈਨੂੰ ਆਪਣੇ ਪਰਿਵਾਰ ਤੇ ਪੂਰਾ ਮਾਣ ਸੀ ਕਿ ਉਹ ਮੇਰਾ ਕਿਹਾ ਨਹੀਂ ਮੋੜਨਗੇ।" ਉਸ ਦੇ ਨੈਣ ਇੱਕ ਵਾਰ ਫਿਰ ਹਲਕੇ ਜਿਹੇ ਛਲਕ ਪਏ।

"ਉਹ ਕਾਫੀ ਦੇਰ ਚੁੱਪ ਬੈਠਾ ਰਿਹਾ, ਫਿਰ ਉਸ ਨੇ ਫੈਸਲਾ ਸੁਣਾਇਆ ਕਿ ਇਹ ਮਸਲਾ ਹੁਣ ਇਸ ਤਰ੍ਹਾਂ ਹੱਲ ਨਹੀਂ ਹੋਣਾ, ਆਪਾਂ ਚੰਡੀਗੜ੍ਹ ਜਾ ਕੇ ਕੋਰਟ ਵਿੱਚ ਵਿਆਹ ਕਰਵਾ ਲੈਂਦੇ ਹਾਂ, ਬਾਕੀ ਬਾਅਦ ਵਿੱਚ ਸਭ ਕੁੱਝ ਠੀਕ ਹੋ ਜਾਵੇਗਾ। ਉਸ ਦੀ ਕਹੀ ਗੱਲ ਤੇ ਮੈਂ ਫੁੱਲ ਨਾ ਚੜ੍ਹਾਵਾਂ ਇਹ ਕਿਵੇਂ ਹੋ ਸਕਦਾ ਸੀ? ਉਸ ਨੇ ਹੁਕਮ ਕੀਤਾ ਕਿ ਆਪਾਂ ਸ਼ੁੱਕਰਵਾਰ ਦੀ ਦੁਪਹਿਰ ਨੂੰ ਜਲੰਧਰ ਰੇਲਵੇ ਸਟੇਸ਼ਨ ਤੇ ਮਿਲਾਂਗੇ। ਤੂੰ ਵੱਧ ਤੋਂ ਵੱਧ ਨਕਦੀ ਅਤੇ ਗਹਿਣੇ ਆਦਿ ਨਾਲ ਲੈ ਕੇ ਆਵੀਂ ਮੈਂ ਵੀ ਇੰਝ ਹੀ ਕਰਾਂਗਾ।" ਇੱਕ ਲੰਮੀ ਚੁੱਪ ਪਸਰ ਗਈ। ਕੁੜੀ ਮੂੰਹ ਅੱਡੀ ਮਾਂ ਦੇ ਚਿਹਰੇ ਵੱਲ ਤੱਕਦੀ ਰਹੀ।

"ਮੈਂ ਮਿੱਥੇ ਦਿਨ ਦਾ ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗੀ, ਇੱਕ-ਇੱਕ ਪਲ ਰੀਂਘਦਾ ਹੋਇਆ ਸਾਲਾਂ ਵਾਂਗ ਬੀਤਦਾ ਪ੍ਰਤੀਤ ਹੋ ਰਿਹਾ ਸੀ, ਪੂਰੇ ਪਰਿਵਾਰ ਨੂੰ ਇੱਕ ਦੂਜੇ ਤੇ ਲੋਹੜੇ ਦਾ ਮਾਣ ਸੀ, ਜਿਸ ਕਰਕੇ ਘਰ ਦੀ ਹਰ ਵਸਤੂ ਸਾਰਿਆਂ ਦੀ ਆਸਾਨ ਪਹੁੰਚ ਵਿੱਚ ਸੀ। ਮੈਂ ਕਾਫੀ ਸਾਰੇ ਸੋਨੇ ਦੇ ਗਹਿਣੇ ਅਤੇ ਨਕਦੀ ਬੜੀ ਆਸਾਨੀ ਨਾਲ ਇੱਕ ਦਿਨ ਪਹਿਲਾਂ ਹੀ ਆਪਣੇ ਕਬਜ਼ੇ ਵਿੱਚ ਕਰ ਲਏ। ਆਪਣੇ ਸਾਰੇ ਸਰਟੀਫਿਕੇਟ ਵੀ ਬੈਗ ਵਿੱਚ ਪਾ ਲਏ। ਅਗਲੇ ਦਿਨ ਮੈਂ ਦਾਦੀ ਨੂੰ ਕਿਹਾ ਕਿ ਆਪਣੀ ਇੱਕ ਸਹੇਲੀ ਦੇ ਕੁੱਝ ਕੱਪੜੇ ਸ਼ਹਿਰ ਫੜਾ ਕੇ ਆਉਣੇ ਹਨ? ਫੜਾਇਆ ਪੁੱਤ, ਪਰ ਜਲਦੀ ਆਜੀਂ, ਦਾਦੀ ਦੇ ਮੋਹ ਭਿੱਜੇ ਬੋਲ ਅੱਜ ਵੀ ਕੰਨਾਂ ਵਿੱਚ ਗੂੰਜਦੇ ਹਨ।"

"ਤਹਿ ਕੀਤੇ ਸਮੇਂ ਤੋਂ ਮੈਂ ਪਹਿਲਾਂ ਹੀ ਸਟੇਸ਼ਨ ਤੇ ਪਹੁੰਚ ਗਈ, ਉਹ ਕਾਫੀ ਦੇਰ ਪਛੜ ਕੇ ਆਇਆ, ਖਾਲੀ ਹੱਥ। ਥੋੜ੍ਹਾ ਘਬਰਾਹਟ ਵਿੱਚ ਵੀ ਸੀ। ਕਹਿੰਦਾ ਬੜੀ ਮੁਸ਼ਕਿਲ ਨਾਲ ਆਇਆ ਹਾਂ, ਸਮਾਨ ਵਾਲਾ ਬੈਗ ਚੁੱਕਣ ਦਾ ਕੋਈ ਬਹਾਨਾ ਹੀ ਨਹੀਂ ਬਣਿਆ। ਖੈਰ ਅਸੀਂ ਟਰੇਨ ਵਿੱਚ ਬੈਠ ਗਏ, ਟਰੇਨ ਤੁਰੀ ਉਹ ਕਾਫੀ ਦੇਰ ਖਿੜਕੀ ਵਿੱਚ ਖੜਾ ਪਿੱਛੇ ਰਹਿ ਗਏ ਸ਼ਹਿਰ ਨੂੰ ਵੇਖਦਾ ਰਿਹਾ। ਫਿਰ ਮੇਰੇ ਨਾਲ ਬੈਠ ਗਿਆ, ਚੁੱਪਚਾਪ। ਜਿਵੇਂ-ਜਿਵੇਂ ਟਰੇਨ ਅੱਗੇ ਵਧ ਰਹੀ ਸੀ, ਉਹਦੇ ਚਿਹਰੇ ਤੇ ਉਦਾਸੀ ਛਾਈ ਜਾ ਰਹੀ ਸੀ। ਜਿਸ ਤਰ੍ਹਾਂ ਆਲਣੇ ਵਿੱਚ ਬੈਠਾ ਬੋਟ ਦੇਰ ਨਾਲ ਮੁੜੇ ਆਪਣੇ ਪਾਲਣ ਹਾਰਿਆਂ ਦੀ ਆਗੋਸ਼ ਵਿੱਚ ਆ ਕੇ ਸ਼ਾਂਤ ਹੋ ਜਾਂਦਾ ਹੈ, ਮੈਂ ਵੀ ਉਸ ਨਿੱਘ ਦੀ ਤਲਾਸ਼ ਵਿੱਚ ਸੀ, ਪਰ ਉਹ ਮੇਰੇ ਤੋਂ ਦੂਰ ਕਿਤੇ ਹੋਰ ਗਵਾਚਿਆ ਹੋਇਆ ਸੀ। ਗੱਡੀ ਕੂਕਾਂ ਮਾਰਦੀ ਹੋਈ ਅਸੀਂ ਚੁੱਪ-ਚਾਪ ਅੱਗੇ ਵਧਦੇ ਗਏ।" ਫਿਰ ਖਾਮੋਸ਼ੀ ਛਾ ਗਈ।

"ਟਰੇਨ ਰੁਕੀ, ਅਸੀਂ ਲੁਧਿਆਣੇ ਪਹੁੰਚ ਗਏ ਸੀ, ਉਹ ਉਸੇ ਤਰ੍ਹਾਂ ਸ਼ਾਂਤ ਬੈਠਾ ਰਿਹਾ। ਫਿਰ ਉਸਨੇ ਅਚਾਨਕ ਅੱਖਾਂ ਖੋਲ੍ਹੀਆਂ ਤੇ ਕਹਿੰਦਾ ਮੈਂ ਦੋ ਮਿੰਟ ਵਿੱਚ ਪਾਣੀ ਪੀ ਕੇ ਹੁਣੇ ਆਇਆ। ਤੇ ਉਹ ਟਰੇਨ ਤੋਂ ਉੱਤਰ ਗਿਆ। ਦੋ ਮਿੰਟ, ਚਾਰ ਮਿੰਟ, ਪੰਜ ਮਿੰਟ ਸ਼ਾਇਦ ਦਸ-ਪੰਦਰਾਂ ਮਿੰਟ, ਗੱਡੀ ਨੇ ਚੱਲਣ ਲਈ ਕੂਕ ਮਾਰੀ, ਗੱਡੀ ਚੱਲ ਪਈ ਸੀ। ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ, ਸੋਚਿਆ ਸ਼ਾਇਦ ਅੱਗੇ-ਪਿੱਛੇ ਡੱਬੇ ਵਿੱਚ ਚੜ੍ਹ ਗਿਆ ਹੋਣਾ ਏ, ਗੱਡੀ ਤੇਜ਼ ਹੋਣ ਲੱਗੀ, ਮੇਰੀ ਘਬਰਾਹਟ ਵਧਣ ਲੱਗੀ। ਮੇਰੀਆਂ ਨਜ਼ਰਾਂ ਉਸਨੂੰ ਲੱਭਣ ਲੱਗੀਆਂ, ਗੱਡੀ ਹੋਰ ਤੇਜ਼ ਹੋ ਰਹੀ ਸੀ, ਮੈਂ ਇੱਕ ਡੱਬੇ ਤੋਂ ਦੂਜੇ ਡੱਬੇ ਤੱਕ ਉਸ ਨੂੰ ਲੱਭਦੀ ਰਹੀ, ਪਰ ਉਹ ਮੁੜ ਗੱਡੀ ਚੜ੍ਹਿਆ ਹੀ ਨਹੀਂ ਸੀ।" ਕੁੜੀ ਮਾਂ ਦੇ ਗੋਡਿਆਂ ਨੂੰ ਚੁੰਬੜ ਗਈ।

"ਜੇ ਕਿਸੇ ਜਹਾਜ਼ ਦਾ ਪਾਇਲਟ ਅੱਧ ਅਸਮਾਨੋਂ ਪੈਰਾਸ਼ੂਟ ਰਾਹੀਂ ਛਲਾਂਗ ਲਗਾ ਦੇਵੇ? ਖੰਨਾ ਆ ਗਿਆ ਸੀ, ਹੁਣ ਕੀ ਕੀਤਾ ਜਾ ਸਕਦਾ ਸੀ? ਕੁੱਝ ਸਮਝ ਨਹੀਂ ਸੀ ਆ ਰਿਹਾ। ਟਰੇਨ ਮੁੜ ਇੱਕ ਛੋਟੇ ਜਿਹੇ ਸਟੇਸ਼ਨ ਤੇ ਰੁਕ ਗਈ। ਮੈਂ ਟਰੇਨ 'ਚੋਂ ਉੱਤਰ ਗਈ। ਇਹ ਕੌੜੀ ਬਾੜਾ ਪਿੰਡ ਸੀ। ਸ਼ਾਮ ਦਾ ਹਨੇਰਾ ਪਸਰ ਰਿਹਾ ਸੀ। ਮੈਂ ਉੱਥੇ ਖੜ੍ਹੀ ਵਿਚਾਰਾਂ ਤੋਂ ਬਿਨ੍ਹਾਂ ਥੋੜ੍ਹੀ ਦੇਰ ਸੋਚਦੀ ਰਹੀ। ਫਿਰ ਲਹਿੰਦੇ ਵੱਲ ਨੂੰ ਇੱਕ ਪਗਡੰਡੀ ਨਜ਼ਰ ਪਈ, ਉਸ ਤੇ ਚਲ ਪਈ। ਅੱਗੇ ਪਿੰਡੋਂ ਬਾਹਰ ਇੱਕ ਬੇ-ਆਬਾਦ ਜਿਹਾ ਮਕਾਨ ਸੀ। ਅੰਦਰ ਬਗੀਚੀ ਵਿੱਚ ਦਰਵਾਜ਼ੇ ਵੱਲ ਪਿੱਠ ਕਰੀਂ ਇੱਕ ਵਿਅਕਤੀ ਬੈਠਾ ਗੋਡੀ ਕਰ ਰਿਹਾ ਸੀ। ਸਾਹਮਣੇ ਬਰਾਂਡੇ ਵਿੱਚ ਦੋ ਅਧਖੜ ਉਮਰ ਦੇ ਅਤੇ ਇੱਕ ਥੋੜ੍ਹਾ ਸਿਆਣੀ ਉਮਰ ਦਾ ਤਿੰਨ ਵਿਅਕਤੀ, ਧੂਣੀ ਦੁਆਲੇ ਬੈਠੇ ਸ਼ਰਾਬ ਪੀ ਰਹੇ ਸਨ। ਮੈਂ ਉਸਦੇ ਬਿਨ੍ਹਾਂ ਦਰਵਾਜੇ ਵਾਲੇ ਗੇਟ ਵਿੱਚ ਖੜ੍ਹ ਗਈ।" ਮਨਜੀਤ ਦੇ ਕਲੇਜੇ ਵਿੱਚੋਂ ਇੱਕ ਹੌਕਾ ਉੱਠਿਆ ਤੇ ਗਲੇ ਕੋਲ ਆ ਕੇ ਰੁਕ ਗਿਆ।

"ਇੱਕ ਦੀ ਨਜ਼ਰ ਮੇਰੇ ਤੇ ਪਈ, ਉਸਨੇ ਇਸ਼ਾਰੇ ਨਾਲ ਦੂਜਿਆਂ ਨੂੰ ਦੱਸਿਆ, ਉਹਨਾਂ ਅੰਦਰ ਕੁਸਰ-ਮੁਸਰ ਸ਼ੁਰੂ ਹੋ ਗਈ। ਉਹਨਾਂ ਮੈਨੂੰ ਅੰਦਰ ਬੁਲਾ ਲਿਆ। ਮੈਂ ਆਪਣੀ ਬੀਤੀ ਸਾਰੀ ਸੱਚੋ-ਸੱਚ ਦੱਸ ਦਿੱਤੀ। ਮੈਂ ਆਪਣੇ ਭਵਿੱਖ ਦਾ ਫੈਸਲਾ ਉਹਨਾਂ ਉੱਤੇ ਛੱਡਦੇ ਹੋਏ ਕਿਹਾ ਕਿ ਮੈਂ ਹੁਣ ਪਿੱਛੇ ਨਹੀਂ ਮੁੜਨਾ ਤੇ ਨਾ ਹੀ ਹੋਰ ਕਿਤੇ ਜਾਣਾ ਹੈ, ਤੁਸੀਂ ਜੋ ਫੈਸਲਾ ਕਰੋਂਗੇ, ਮੈਨੂੰ ਮਨਜ਼ੂਰ ਹੋਵੇਗਾ। ਮੇਰੀ ਜ਼ਿੰਦਗੀ ਦੀ ਵਾਂਗਡੋਰ ਤੁਹਾਡੇ ਹੱਥ ਹੈ।" ਸਿਮਰ ਦੇ ਦਿਲ ਦੀ ਧੜਕਣ ਤੇਜ਼ ਹੋ ਰਹੀ ਸੀ।

"ਉਹਨਾਂ ਵਿੱਚੋਂ ਇੱਕ ਅਧਖੜ ਉਮਰ ਦਾ ਇਨਸਾਨ ਮੈਨੂੰ ਵੇਖ ਕੇ ਮੁੱਛਾਂ ਨੂੰ ਵੱਟ ਚੜ੍ਹਾਉਣ ਲੱਗਿਆ, ਜਿਵੇਂ ਹੁਣੇ ਭੁੱਖੇ ਜੰਗਲੀ ਬਘਿਆੜਾਂ ਵਾਂਗ ਮੇਰਾ ਅੰਗ-ਅੰਗ ਨੋਚ ਸੁੱਟੇਗਾ। ਉਹ ਕਹਿ ਰਿਹਾ ਸੀ ਮੈਂ ਪਾਖੰਡਣ ਹਾਂ, ਐਨੀ ਭਰ ਜਵਾਨ ਹਾਂ, ਅੱਜ ਦੀ ਰਾਤ ਸਾਨੂੰ ਜੀਅ ਭਰਕੇ ਨਜ਼ਾਰੇ ਲੈਣੇ ਚਾਹੀਦੇ ਹਨ, ਬਾਕੀ ਸਵੇਰੇ ਵੇਖੀ ਜਾਵੇਗੀ। ਪਰ ਵਡੇਰੀ ਉਮਰ ਦਾ ਵਿਅਕਤੀ ਐਹੋ ਜਿਹੀ ਕਿਸੇ ਵੀ ਕਾਰਵਾਈ ਲਈ ਰਜ਼ਾਮੰਦ ਨਹੀਂ ਸੀ। ਮੈਂ ਸ਼ਾਂਤ ਸੀ, ਪੂਰੀ ਤਰ੍ਹਾਂ ਭਾਵਨਾਵਾਂ ਤੋਂ ਲੈੱਸ। ਮੈਂ ਆਪਣਾ ਗਹਿਣੇ ਅਤੇ ਨਕਦੀ ਵਾਲਾ ਬੈਗ ਉਸ ਸਿਆਣੀ ਉਮਰ ਦੇ ਵਿਅਕਤੀ ਦੇ ਸਪੁਰਦ ਕਰ ਦਿੱਤਾ ਤੇ ਕਿਹਾ ਤੁਸੀਂ ਮੇਰਾ ਕਿਸੇ ਨਾਲ ਵੀ ਵਿਆਹ ਕਰ ਦੇਵੋ।" ਮਨਜੀਤ ਹੁਣ ਬਿਲਕੁੱਲ ਨਾਰਮਲ ਅਵਸਥਾ ਵਿੱਚ ਸੀ।

"ਵਡੇਰੀ ਉਮਰ ਵਾਲਾ, ਉਸ ਗੋਡੀ ਕਰਕੇ ਹਟੇ ਵਿਅਕਤੀ ਨੂੰ ਇੱਕ ਪਾਸੇ ਲੈ ਗਿਆ। ਕਾਫੀ ਦੇਰ ਉਹਨਾਂ ਵਿੱਚ ਗੱਲਬਾਤ ਚਲਦੀ ਰਹੀ। ਫਿਰ ਉਸ ਆ ਕੇ ਫੈਸਲਾ ਸੁਣਾਇਆ ਕਿ ਕੱਲ੍ਹ ਸਵੇਰੇ ਤੇਰੇ ਇਸ ਮੁੰਡੇ ਨਾਲ ਆਨੰਦ ਕਾਰਜ ਕਰਵਾ ਦਿੱਤੇ ਜਾਣਗੇ। ਮੈਂ ਉਸ ਵੱਲ ਇੱਕ ਵਾਰ ਵੀ ਵੇਖੇ ਬਿਨ੍ਹਾਂ ਹੀ ਸਹਿਮਤੀ ਦੇ ਦਿੱਤੀ, ਮੈਨੂੰ ਮਨਜ਼ੂਰ ਹੈ ਜੀ।"

"ਅਗਲੇ ਦਿਨ ਪਿੰਡ ਦੇ ਗੁਰੂ ਘਰ ਵਿੱਚ ਸਾਡੇ ਆਨੰਦ ਕਾਰਜ ਕਰਵਾ ਦਿੱਤੇ ਗਏ। ਉਸੇ ਇਨਸਾਨ ਨੇ ਮੇਰਾ ਕੰਨਿਆ ਦਾਨ ਕੀਤਾ। ਅਸੀਂ ਉਸੇ ਘਰ ਵਿੱਚ ਰਹਿਣ ਲੱਗ ਪਏ।" ਉਸਨੇ ਬੁੱਕਲ ਵਿੱਚ ਪਈ ਧੀ ਦੇ ਵਾਲਾਂ ਵਿੱਚ ਹੱਥ ਫੇਰਿਆ।

"ਮੇਰਾ ਪਤੀ ਯੂ.ਪੀ. ਦੇ ਇੱਕ ਮਜ਼ਦੂਰ ਪਰਿਵਾਰ ਦਾ ਅਨਾਥ ਪੁੱਤਰ ਸੀ, ਜੋ ਬਚਪਨ ਵਿੱਚ ਆਪਣੇ ਇੱਕ ਰਿਸ਼ਤੇਦਾਰ ਨਾਲ ਪੰਜਾਬ ਆਇਆ ਸੀ ਤੇ ਇੱਥੋਂ ਦਾ ਹੀ ਹੋ ਕੇ ਰਹਿ ਗਿਆ। ਕਈ ਸਾਲਾਂ ਤੋਂ ਉਹ ਪਿੰਡ ਵਿੱਚ ਮਿਹਨਤ ਮਜ਼ਦੂਰੀ ਕਰਦਾ ਹੋਇਆ ਜ਼ਿੰਦਗੀ ਬਤੀਤ ਕਰ ਰਿਹਾ ਸੀ। ਮੈਂ ਉਸਦੀ ਜ਼ਿੰਦਗੀ ਵਿੱਚ ਆਈ ਤਾਂ ਉਸਨੂੰ ਜਿਉਣ ਦਾ ਮਕਸਦ ਮਿਲ ਗਿਆ। ਮੇਰੇ ਬੀਤੇ ਦਾ ਪੂਰਾ ਸੱਚ ਉਸਦੇ ਸਾਹਮਣੇ ਹੋਣ ਦੇ ਬਾਵਜੂਦ, ਉਸਨੇ ਆਪਣੇ ਭਵਿੱਖ ਦੀ ਵਿਉਂਤਬੰਦੀ ਪੂਰੀ ਤਰ੍ਹਾਂ ਮੇਰੇ ਸਪੁਰਦ ਕਰ ਦਿੱਤੀ। ਮੈਂ ਹਰ ਸਮੇਂ ਆਪਣੇ ਬੀਤੇ ਤੇ ਪੋਚਾ ਮਾਰਨ ਅਤੇ ਭਵਿੱਖ ਨੂੰ ਸੁਨਹਿਰੀ ਬਣਾਉਣ ਲਈ ਵਿਉਂਤਬੰਦੀਆਂ ਬਣਾਉਂਦੀ ਰਹਿੰਦੀ। ਪਰ ਪਿੰਡ ਦੇ ਮਰਦ-ਜਨਾਨੀਆਂ ਹਮੇਸ਼ਾ ਮੇਰੇ ਪਿਛੋਕੜ ਨੂੰ ਉਧੇੜਨ ਦੇ ਯਤਨਾਂ ਵਿੱਚ ਲੱਗੇ ਰਹਿੰਦੇ। ਮਨੁੱਖ ਨੂੰ ਆਪਣਾ ਕਿਰਦਾਰ ਬਣਾਉਣ ਲੱਗਿਆਂ ਦਹਾਕੇ ਬੀਤ ਜਾਂਦੇ ਹਨ, ਪਰ ਇੱਕ ਗਲਤੀ ਉਸਨੂੰ ਪਲਾਂ ਵਿੱਚ ਮਿੱਟੀ ਦਾ ਢੇਰ ਬਣਾ ਦਿੰਦੀ ਹੈ। ਮੈਂ ਪੂਰੀ ਸੋਚ ਵਿਚਾਰ ਨਾਲ ਚੱਲ ਰਹੀ ਸੀ, ਅਸੀਂ ਉਹ ਪਿੰਡ ਛੱਡ ਕੇ ਅੰਬਾਲੇ ਰਹਿਣ ਲੱਗ ਪਏ।" ਕੁੜੀ ਨੇ ਮਾਂ ਦਾ ਖੱਬਾ ਹੱਥ ਆਪਣੇ ਦੋਵੇਂ ਹੱਥਾਂ ਵਿੱਚ ਫੜ੍ਹਿਆ ਹੋਇਆ ਸੀ।

"ਉਹ ਬੜਾ ਹੀ ਨੇਕ ਦਿਲ, ਸ਼ਰੀਫ ਅਤੇ ਪੂਰੀ ਤਰ੍ਹਾਂ ਨਸ਼ੇ ਵਗੈਰਾ ਤੋਂ ਰਹਿਤ ਨੌਜਵਾਨ ਸੀ। ਮੈਂ ਉਸਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ, ਉਹ ਦਸਵੀਂ ਪਾਸ ਕਰ ਗਿਆ। ਨਾਲ-ਨਾਲ ਮੈਂ ਉਸਨੂੰ ਪੰਜਾਬੀ ਰੰਗ ਦੇਣਾ ਸ਼ੁਰੂ ਕਰ ਦਿੱਤਾ। ਉਸ ਦੇ ਨਾਮ ਨਾਲ ਸਿੰਘ ਲਗਾ ਕੇ ਮੈਂ ਉਸ ਨੂੰ ਆਪਣਾ ਗੋਤ ਦੇ ਦਿੱਤਾ, ਉਹ ਰੋਹਤਾਸ਼ ਕੁਮਾਰ ਤੋਂ ਸਰਦਾਰ ਰੋਹਤਾਸ਼ ਸਿੰਘ ਵੜੈਚ ਬਣ ਗਿਆ।" ਮਨਜੀਤ ਦੇ ਚਿਹਰੇ ਤੋਂ ਸਵੈ ਮਾਣ ਦੀਆਂ ਤਰੰਗਾਂ ਉੱਠਣ ਲੱਗੀਆਂ।

"ਮੰਮਾਂ ਕੀ ਕਹਿ ਰਹੇ ਹੋ, ਡੈਡੀ ਪੰਜਾਬੀ ਨਹੀਂ ਹਨ?" ਕੁੜੀ ਨੇ ਪੂਰੀ ਅਸਚਰਜਤਾ ਨਾਲ ਪੁੱਛਿਆ।

"ਹੁਣ ਉਹ ਪੂਰੇ ਪੰਜਾਬੀ ਹੀ ਹਨ।" ਮਨਜੀਤ ਨੇ ਪੂਰੇ ਮਾਣ ਨਾਲ ਕਿਹਾ।

"ਅਸੀਂ ਮਿਹਨਤ ਕਰਦਿਆਂ ਦਿਨ-ਰਾਤ ਇੱਕ ਕਰ ਦਿੱਤਾ। ਮੈਂ ਟੈਸਟ ਕਲੀਅਰ ਕਰਕੇ ਬੈਂਕ ਵਿੱਚ ਕਲਰਕ ਭਰਤੀ ਹੋ ਗਈ। ਸਟੇਸ਼ਨ ਪਟਿਆਲਾ ਮਿਲ ਗਿਆ। ਅਸੀਂ ਪਟਿਆਲੇ ਆ ਕੇ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗੇ। ਫਿਰ ਉਹਨਾਂ ਨੂੰ ਬਿਜਲੀ ਬੋਰਡ ਵਿੱਚ ਕਲਰਕ ਦੀ ਨੌਕਰੀ ਮਿਲ ਗਈ। ਇਹ ਸੰਨ 1988 ਦੀਆਂ ਗੱਲਾਂ ਨੇ।" ਮਨਜੀਤ ਹੁਣ ਰੁਕਣਾ ਨਹੀਂ ਚਾਹੁੰਦੀ ਸੀ।

"ਤੇਰੇ ਪੇਕੇ ਕਿੱਥੇ ਨੇ? ਤੇਰੇ ਸਹੁਰੇ ਕਿੱਥੇ ਨੇ? ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ? ਨਿੱਤ ਐਹੋ ਜਿਹੇ ਹੋਰ ਅਨੇਕਾਂ ਸਵਾਲਾਂ ਦਾ ਢਿੱਡ ਅਸੀਂ ਇੱਕੋ ਗੱਲ ਨਾਲ ਭਰਨ ਲੱਗੇ। ਸਾਡੇ ਪਰਿਵਾਰ ਕਈ ਪੀੜ੍ਹੀਆਂ ਤੋਂ ਯੂ.ਪੀ. ਦੇ ਸ਼ਹਿਰ ਕਾਨਪੁਰ ਵਿੱਚ ਰਹਿੰਦੇ ਸਨ, 1984 ਦੇ ਦੰਗਿਆਂ ਵਿੱਚ ਸਾਡਾ ਸਭ ਕੁੱਝ ਉੱਜੜ ਗਿਆ। ਸਾਡੇ ਮਾਂ-ਬਾਪ, ਭੈਣ-ਭਾਈ ਅਤੇ ਹੋਰ ਬਹੁਤੇ ਰਿਸ਼ਤੇਦਾਰ ਫਸਾਦੀਆਂ ਦੀ ਭੇਟ ਚੜ੍ਹ ਗਏ। ਅਸੀਂ ਉਸ ਸਮੇਂ ਹੋਸਟਲ 'ਚ ਸੀ, ਸਾਡੀ ਜਾਨ ਬਚ ਗਈ। ਅਸੀਂ ਸਭ ਕੁੱਝ ਛੱਡ ਛਡਾਕੇ ਇੱਧਰ ਆ ਗਏ ਤੇ ਇੱਥੇ ਆ ਕੇ ਅਸੀਂ ਵਿਆਹ ਕਰਵਾ ਲਿਆ। ਫਿਰ ਤੇਰੇ ਵੀਰ ਰਣਦੀਪ ਦਾ ਜਨਮ ਹੋਇਆ, ਉਸ ਤੋਂ ਤਿੰਨ ਸਾਲ ਬਾਅਦ ਤੂੰ ਜਨਮ ਲਿਆ। ਤੇਰੇ ਜਨਮ ਤੋਂ ਤਿੰਨ ਸਾਲ ਬਾਅਦ ਅਸੀਂ ਮਾਡਲ ਟਾਊਨ ਦੀ ਇਹ ਕੋਠੀ ਖਰੀਦ ਲਈ।" ਮਨਜੀਤ ਆਪਣੀ ਕਹਾਣੀ ਪੂਰੀ ਕਰਕੇ ਆਪਣੇ ਸਿਰੋਂ ਵਰ੍ਹਿਆਂ ਦਾ ਬੋਝ ਲੱਥਿਆ ਮਹਿਸੂਸ ਕਰ ਰਹੀ ਸੀ। ਦੋਨੋਂ ਪਾਸੇ ਤੂਫਾਨ ਤੋਂ ਬਾਅਦ ਜਿਹੀ ਸ਼ਾਂਤੀ ਪਸਰ ਗਈ ਸੀ।

ਮਨਜੀਤ ਨੇ ਇੱਕ ਵਾਰ ਫਿਰ ਚੁੱਪ ਤੋੜੀ, "ਮੈਂ ਮੁੜ ਕੇ ਆਪਣੇ ਪਿੰਡ ਜਾਂ ਖਾਨਦਾਨ ਦੀ ਕਦੇ ਵੀ ਸੂਹ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਮੈਨੂੰ ਲੱਭਣ ਲਈ ਕਿੱਥੇ-ਕਿੱਥੇ ਭਟਕੇ ਹੋਣਗੇ? ਹੋ ਸਕਦਾ ਏ ਲੋਕਾਂ ਦੇ ਤਾਹਨੇ ਮਿਹਣਿਆਂ ਤੋਂ ਅੱਕ ਕੇ ਕਿਸੇ ਨਾ ਕਿਸੇ ਨੇ ਆਤਮ ਹੱਤਿਆ ਕਰ ਲਈ ਹੋਵੇ? ਇਹ ਵੀ ਹੋ ਸਕਦੈ ਮੇਰੇ ਚਾਚੇ ਜਾਂ ਭਰਾਵਾਂ ਦਾ ਮੇਰੇ ਕਰਕੇ ਕਿਸੇ ਨਾਲ ਝਗੜਾ ਹੋ ਗਿਆ ਹੋਵੇ? ਤੇ ਉਹ ਕਿਸੇ ਨੂੰ ਮਾਰ ਕੇ ਜੇਲ ਵਿੱਚ ਬੈਠੇ ਹੋਣ? ਜਾਂ ਉਹਨਾਂ ਨੂੰ ਹੀ ਕਿਸੇ ਨੇ ਮਾਰ ਦਿੱਤਾ ਹੋਵੇ? ਉਸ ਜ਼ਮਾਨੇ ਵਿੱਚ ਮੈਨੂੰ ਕਿਸੇ ਨੇ ਪੁੱਛਿਆ ਨਹੀਂ ਸੀ, ਮੈਂ ਕਿੱਥੇ ਜਾਂਦੀ ਹਾਂ? ਕਿਉਂ ਜਾਂਦੀ ਹਾਂ? ਕੀ ਕਰਦੀ ਹਾਂ? ਮੈਂ ਉਹਨਾਂ ਦੇ ਮਾਣ, ਭਰੋਸੇ ਨੂੰ ਬਹੁਤ ਵੱਡੀ ਸੱਟ ਮਾਰੀ ਸੀ, ਸੰਭਵ ਹੈ ਸਾਡੇ ਖਾਨਦਾਨ ਵਿੱਚ ਮੁੜ ਕੁੜੀਆਂ ਦਾ ਜੰਮਣਾ ਹੀ ਬੰਦ ਕਰ ਦਿੱਤਾ ਹੋਵੇ? ਮੇਰੇ ਭੂਆ ਜੀ ਜੋ ਮੇਰੇ ਲਈ ਆਪਣੇ ਸਹੁਰੇ ਪਿੰਡੋਂ ਰਿਸ਼ਤਾ ਲੈ ਕੇ ਆਏ ਸਨ, ਉਹ ਉਸ ਪਿੰਡ ਵਿੱਚ ਕਿਵੇਂ ਜੀਅ ਰਹੇ ਹੋਣਗੇ? ਬਹੁਤ ਕੁੱਝ ਹੋ ਸਕਦਾ ਹੈ, ਕੁੱਝ ਨਾ ਕੁੱਝ ਤਾਂ ਜ਼ਰੂਰ ਹੋਇਆ ਹੋਵੇਗਾ। ਪੰਜਾਬ ਦੀ ਜੰਮੀਂ ਕੋਈ ਧੀ ਇਸ ਤਰ੍ਹਾਂ ਚੁੱਪ-ਚਾਪ ਘਰੋਂ ਤੁਰ ਜਾਵੇ ਤੇ ਕੋਈ ਵੀ ਹਲਚਲ ਨਾ ਹੋਵੇ? ਇਹ ਮੁਮਕਿਨ ਨਹੀਂ।"

"ਕਈ ਵਾਰ ਸੋਚਦੀ ਹਾਂ ਜੇਕਰ ਕੌੜੀ ਬਾੜਾ ਪਿੰਡ ਦੇ ਉਹ ਤਿੰਨੋਂ ਜਣੇ ਉਸ ਮੁੱਛਾਂ ਨੂੰ ਵਟ ਦੇਣ ਵਾਲੇ ਅਧਖੜ ਵਿਅਕਤੀ ਵਰਗੀ ਸੋਚ ਦੇ ਹੁੰਦੇ?"

"ਅੱਜ ਆਪਣੀ ਮਿਹਨਤ ਸਦਕਾ ਸਭ ਕੁੱਝ ਪ੍ਰਾਪਤ ਕਰਨ ਦੇ ਸਮਰੱਥ ਹਾਂ, ਪਰ..., ਪਰ ਉਹ ਰਿਸ਼ਤੇ ਜਿਹੜੇ ਮੈਂ ਉਸ ਘਰੋਂ ਪੈਰ ਪੁੱਟਣ ਲੱਗਿਆਂ ਦਫ਼ਨਾ ਆਈ ਸੀ, ਉਹ ਮੁੜ ਕਦੇ ਸੁਰਜੀਤ ਨਹੀਂ ਹੋਣੇ।"

"ਮੈਂ ਉਸ ਗਲਤੀ ਤੋਂ ਬਾਅਦ ਬਹੁਤ ਕੁੱਝ ਸਿੱਖਿਆ, ਹਰ ਕਦਮ ਪੂਰੀ ਸੋਚ, ਸਮਝ ਨਾਲ ਪੁੱਟਿਆ, ਹਜ਼ਾਰਾਂ ਝੂਠਾਂ ਦਾ ਸਹਾਰਾ ਲਿਆ, ਤਾਂ ਜਾ ਕੇ ਅੱਜ ਮੁੜ ਜ਼ਿੰਦਗੀ ਲੀਹ 'ਤੇ ਆਈ ਹੈ। ਫਿਰ ਵੀ ਹਰ ਪਲ ਇੱਕ ਡਰ ਮਨ ਵਿੱਚ ਰਹਿੰਦਾ ਹੈ, ਜੇ ਕੋਈ ਪੋਲ ਖੁੱਲ੍ਹ ਗਈ ਤਾਂ ਬੱਚਿਆਂ ਦੀ ਲਾਈਫ਼ ਦਾ ਕੀ ਬਣੇਗਾ?"

"ਖੈਰ! ਹੁਣ ਤੂੰ ਆਜ਼ਾਦ ਏਂ, ਜੇਕਰ ਘਰ ਦੀ ਚਾਰਦੀਵਾਰੀ ਦੇ ਅੰਦਰ ਰਹਿਕੇ ਕੋਈ ਇੱਛਾ ਪਾਲੇਂਗੀ ਮੈਂ ਤੇਰੇ ਨਾਲ ਹਾਂ ਤੇ ਜੇ ਦਹਿਲੀਜ਼ ਦੇ ਪਾਰ ਜਾਵੇਂਗੀ ਤਾਂ ਵੀ ਮੈਂ ਤੇਰੇ ਨਾਲ ਹਾਂ। ਫੈਸਲਾ ਤੇਰੇ ਹੱਥ ਹੈ.....।"

ਕੁੜੀ ਨੇ ਧਾਂਹ ਮਾਰ ਕੇ ਮਾਂ ਦੇ ਗਲੇ ਨੂੰ ਜੱਫੀ ਪਾ ਲਈ, "ਨਹੀਂ ਮਾਂ ਮੈਂ ਤੇਰੇ ਜਿਹੀ ਅਣਭੋਲ ਨਹੀਂ...।"

# ਅਸੀਂ ਡਰ ਗਏ ਹਾਂ ਜਾਂ ਡਰਾ ਦਿੱਤੇ ਗਏ ਹਾਂ?

ਮੁਕੱਦਮਾ ਸਮੇਟ ਦਿੱਤਾ ਅਤੇ ਆਪਣਾ ਫੈਸਲਾ ਰਾਖਵਾਂ ਰਖ ਲਿਆ। 30 ਦਸੰਬਰ ਨੂੰ, ਜੱਜ ਲੋਇਆ ਦੀ ਮੌਤ ਦੇ ਮਹੀਨੇ ਦੇ ਅੰਦਰ-ਅੰਦਰ ਨਵੇਂ ਜੱਜ ਗੋਸਾਵੀ ਨੇ ਆਪਣਾ ਫੈਸਲਾ ਵੀ ਸੁਣਾ ਦਿੱਤਾ। ਉਸ ਨੇ ਕਿਹਾ ਕਿ ਉਹ ਬਚਾਅ ਵਕੀਲਾਂ ਦੀ ਇਸ ਦਲੀਲ ਤੋਂ ਕਾਇਲ ਹੈ ਕਿ ਅਮਿਤ ਸ਼ਾਹ ਦੇ ਵਿਰੁੱਧ ਸੀ.ਬੀ.ਆਈ. ਨੇ ਨਿਰੋਲ ਸਿਆਸੀ ਮੰਤਵਾਂ ਕਾਰਨ ਮੁਕੱਦਮਾ ਦਾਇਰ ਕੀਤਾ ਸੀ, ਅਤੇ ਉਸ ਨੂੰ ਬਰੀ ਕਰ ਦਿੱਤਾ। ਸੀ.ਬੀ.ਆਈ. ਨੇ ਇਸ ਫੈਸਲੇ ਵਿਰੁੱਧ ਅਪੀਲ ਕਰਨ ਵੱਲ ਮੂੰਹ ਹੀ ਨਾ ਕੀਤਾ ਅਤੇ ਮਾਮਲਾ ਉਥੇ ਹੀ ਖਤਮ ਹੋ ਗਿਆ। ਉਸੇ ਦਿਨ ਮਹੇਂਦਰ ਧੋਨੀ ਨੇ ਟੈਸਟ ਕ੍ਰਿਕਟ ਤੋਂ ਰਿਟਾਇਰ ਹੋਣ ਦਾ ਐਲਾਨ ਕੀਤਾ ਸੀ, ਸੋ ਉਸ ਸਮੇਂ ਸਾਡੀ ਕ੍ਰਿਕਟ ਪ੍ਰੇਮੀ ਕੌਮ ਦੇ ਸਾਰੇ ਚੈਨਲ ਅਤੇ ਸਾਰੀਆਂ ਅਖਬਾਰੀ ਸੁਰਖੀਆਂ ਇਸ ਧਮਾਕੇਦਾਰ ਖਬਰ ਨੇ ਮੱਲੇ ਹੋਏ ਸਨ; ਅਮਿਤ ਸ਼ਾਹ ਦੇ ਬਾਇਜ਼ਤ ਬਰੀ ਹੋ ਜਾਣ ਵੱਲ ਕਿਸੇ ਦਾ ਬਹੁਤਾ ਧਿਆਨ ਹੀ ਨਾ ਗਿਆ।

ਪਰ 48 ਸਾਲਾਂ ਦੇ ਸਿਹਤਮੰਦ ਜੱਜ ਲੋਇਆ, ਜਿਸ ਨੂੰ ਸ਼ੂਗਰ ਜਾਂ ਬਲੱਡ ਪ੍ਰੈਸ਼ਰ ਵਰਗੀ ਵੀ ਕੋਈ ਬੀਮਾਰੀ ਨਹੀਂ ਸੀ, ਦੀ ਅਚਾਨਕ ਮੌਤ ਉਸ ਦੇ ਪਰਵਾਰ ਦੇ ਮਨ ਵਿਚ ਕਈ ਸਵਾਲ ਖੜੇ ਕਰਦੀ ਸੀ। ਜਿਹੜੇ ਜੱਜ ਖੁਦ ਇਸਰਾਰ ਕਰਕੇ ਉਸ ਨੂੰ ਇਸ ਵਿਆਹ ਉਤੇ ਨਾਗਪੁਰ ਲੈ ਕੇ ਗਏ ਸਨ, ਉਹ ਮ੍ਰਿਤਕ ਦੀ ਦੇਹ ਦੇ ਨਾਲ ਕਿਉਂ ਨਾ ਆਏ? (ਸਗੋਂ ਉਹ ਪੂਰੇ 80 ਦਿਨ ਲੰਘਾ ਕੇ ਹੀ ਪਰਵਾਰ ਕੋਲ ਅਫ਼ਸੋਸ ਕਰਨ ਆਏ)। ਪੋਸਟ-ਮਾਰਟਮ ਕਰਾਉਣ ਲਈ ਪਰਵਾਰ ਦੇ ਕਿਸੇ ਮੈਂਬਰ ਕੋਲੋਂ ਮਨਜ਼ੂਰੀ ਕਿਉਂ ਨਾ ਮੰਗੀ ਗਈ, ਜਦਕਿ ਪੋਸਟ-ਮਾਰਟਮ ਦੀ ਰਿਪੋਰਟ ਦੇ ਹਰ ਸਫ਼ੇ ਉਤੇ ਕਿਸੇ ਨੇ ਮ੍ਰਿਤਕ ਦਾ 'ਚਚੇਰਾ ਭਾਈ' ਲਿਖ ਕੇ ਦਸਤਖਤ ਕੀਤੇ ਹੋਏ ਹਨ। (ਨਾਗਪੁਰ ਵਿਚ ਲੋਇਆ ਦਾ ਕੋਈ 'ਚਚੇਰਾ ਭਾਈ' ਨਹੀਂ ਰਹਿੰਦਾ)। ਪੋਸਟ-ਮਾਰਟਮ ਰਿਪੋਰਟ ਵਿਚ ਮੌਤ ਦਾ ਸਮਾਂ ਸਵੇਰ ਦੇ ਸਵਾ ਛੇ ਵਜੇ ਦਰਜ

(ਸਫ਼ਾ 6 ਦੀ ਬਾਕੀ)

ਹੈ, ਜਦਕਿ ਪਰਵਾਰ ਨੂੰ ਸਵੇਰੇ ਪੰਜ ਹੀ ਫੋਨ ਆ ਗਿਆ ਸੀ ਕਿ ਬੀਤੀ ਰਾਤ ਜੱਜ ਲੋਇਆ ਚੱਲ ਵਸੇ ਹਨ। ਮ੍ਰਿਤਕ ਦੀ ਦੇਹ ਨੂੰ ਗਾਟੇਗਾਓਂ ਭੇਜਣ ਦਾ ਫੈਸਲਾ ਜਾਂ ਇਸ ਬਾਰੇ ਇੰਤਜ਼ਾਮ ਕਰਨ ਵਾਲਾ ਈਸ਼ਵਰ ਬਹੇਤੀ ਕੌਣ ਹੈ ਅਤੇ ਉਸ ਨੂੰ ਲਾਤੂਰ ਬੈਠੇ ਨੂੰ ਨਾਗਪੁਰ ਤੋਂ ਕੌਣ ਨਿਰਦੇਸ਼ ਦੇ ਰਿਹਾ ਸੀ? ਅਤੇ ਮ੍ਰਿਤਕ ਦੇ ਕੱਪੜਿਆਂ ਉਤੇ ਖੂਨ ਦੇ ਨਿਸ਼ਾਨ... ਸਵਾਲ ਅਣਗਿਣਤ ਹਨ ਤੇ ਹੈਣ ਵੀ ਇਹੋ ਜਿਹੇ ਕਿ ਕਿਸੇ ਕਾਲਪਨਿਕ ਜਾਸੂਸੀ ਨਾਵਲ ਦਾ ਪਲਾਟ ਸਿਰਜ ਸਕਦੇ ਹਨ।


ਜਦੋਂ ਪਰਵਾਰ ਨੂੰ ਕੋਈ ਸੁਣਵਾਈ ਨਾ ਹੁੰਦੀ ਦਿਸੀ, ਕਿਸੇ ਨੇ ਅਗਲੇਰੀ ਤਫ਼ਤੀਸ਼ ਕਰਾਉਣ ਦੀ ਉਨ੍ਹਾਂ ਦੀ ਦਰਖਾਸਤ ਵੱਲ ਕੰਨ ਨਾ ਧਰੇ ਤਾਂ ਉਨ੍ਹਾਂ ਨੇ ਪੱਤਰਕਾਰ ਨਿਰੰਜਨ ਟਾਕਲੇ ਨਾਲ ਸੰਪਰਕ ਕੀਤਾ। ਟਾਕਲੇ ਨੇ ਪਰਵਾਰਕ ਮੈਂਬਰਾਂ (ਬ੍ਰਿਜ ਲੋਇਆ ਦੇ ਪਿਤਾ, ਭੈਣਾਂ ਅਤੇ ਭਣੇਵੀਂ ) ਨਾਲ ਕਈ ਮੁਲਾਕਾਤਾਂ ਕਰਕੇ ਉਨ੍ਹਾਂ ਦਿਨਾਂ ਦੀਆਂ ਘਟਨਾਵਾਂ ਬਾਰੇ ਸਾਰੀ ਜਾਣਕਾਰੀ ਇਕੱਤਰ ਅਤੇ ਸੂਤਰਬੱਧ ਕੀਤੀ। ਨਾਗਪੁਰ ਦੇ ਹਸਪਤਾਲਾਂ-ਜਿੱਥੇ ਲੋਇਆ ਨੂੰ ਪਹਿਲੋਂ ਖੜਿਆ ਗਿਆ, ਅਤੇ ਮਗਰੋਂ ਉਸ ਦਾ ਪੋਸਟ ਮਾਰਟਮ ਕੀਤਾ ਗਿਆ- ਵਿਚ ਜਾ ਕੇ ਕਈ ਅਹਿਮ ਸੁਰਾਗ ਲੱਭੇ। ਨਾਗਪੁਰ ਸਦਰ ਦੇ ਪੁਲਸ ਕਰਮਚਾਰੀਆਂ ਨੂੰ ਮਿਲਿਆ। ਉਸ ਨੇ ਚੀਫ਼-ਜਸਟਿਸ ਮੋਹਿਤ ਸ਼ਾਹ, ਈਸ਼ਵਰ ਬਹੇਤੀ ਤੇ ਖੁਦ ਅਮਿਤ ਸ਼ਾਹ ਤੱਕ ਨਾਲ ਸੰਪਰਕ ਕੀਤਾ ਤਾਂ ਜੋ ਪਰਵਾਰ ਦੇ ਇਨ੍ਹਾਂ ਕਥਨਾਂ ਜਾਂ ਸੰਸਿਆਂ ਬਾਰੇ ਉਹ ਵੀ ਆਪਣਾ ਪੱਖ ਪੇਸ਼ ਕਰ ਸਕਣ। ਇਨ੍ਹਾਂ ਵਿਚੋਂ ਕਿਸੇ ਵੱਲੋਂ ਅਜੇ ਤੀਕ ਕੋਈ ਜਵਾਬ ਨਹੀਂ ਆਇਆ। ਜੱਜ ਲੋਇਆ ਦੀ ਪਤਨੀ ਅਤੇ ਪੁੱਤਰ ਨੇ ਵੀ ਉਸ ਨਾਲ ਇਸ ਕੇਸ ਬਾਰੇ ਕੋਈ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਹ ਅਜੇ ਤੱਕ ਡਰੇ ਹੋਏ ਹਨ।

ਇਨ੍ਹਾਂ ਸਾਰੇ ਤੱਥਾਂ ਦੇ ਆਧਾਰ ਉਤੇ, ਕਈ ਅਹਿਮ ਸਵਾਲ ਖੜੇ ਕਰਦਾ ਨਿਰੰਜਨ ਟਾਕਲੇ ਦਾ ਲੰਮਾ ਲੇਖ 20 ਨਵੰਬਰ ਨੂੰ ਅੰਗਰੇਜ਼ੀ ਦੇ ਮਸ਼ਹੂਰ ਪੱਤਰ 'ਦੀ ਕੈਰੇਵੈਨ' ਨੇ ਨਸ਼ਰ ਕੀਤਾ। ਕਿਸੇ ਵੀ ਹੋਰ ਸਮੇਂ ਅਤੇ ਸਥਾਨ ਵਿਚ ਏਨੇ ਸਾਰੇ ਤੱਥ ਉਜਾਗਰ ਕਰਦਾ ਇਹੋ ਜਿਹਾ ਲੇਖ ਸਾਰੇ ਚੈਨਲਾਂ ਅਤੇ ਅਖਬਾਰਾਂ ਵਲੋਂ ਫੌਰਨ ਵਿਚਾਰਿਆ ਜਾਣਾ ਚਾਹੀਦਾ ਸੀ। ਅਖਬਾਰੀ ਸੁਰਖੀਆਂ ਵਿਚ ਤਰਥੱਲੀ ਮਚਣੀ ਚਾਹੀਦੀ ਸੀ। ਪਰ ਨਹੀਂ, ਏਥੇ ਤਾਂ ਸੰਪੂਰਨ ਸੰਨਾਟਾ ਛਾਇਆ ਹੋਇਆ ਹੈ : ਤਕਰੀਬਨ ਇਕ ਹਫ਼ਤਾ ਲੰਘ ਜਾਣ ਦੇ ਬਾਵਜੂਦ ਕਿਸੇ ਚੈਨਲ ਨੇ (ਸਿਵਾਏ ਐੱਨ.ਡੀ.ਟੀ.ਵੀ. ਵਾਲੇ ਰਵੀਸ਼ ਕੁਮਾਰ ਦੇ) ਇਸ ਬਾਰੇ ਚੂੰ ਵੀ ਨਹੀਂ ਕੀਤੀ, ਕਿਸੇ ਅਖਬਾਰ ਨੇ (ਸਿਵਾਏ ਵੈਬ ਉਤੇ ਪੜ੍ਹੀਆਂ ਜਾਣ ਵਾਲੀਆਂ ਅਖਬਾਰਾਂ ਦੇ) ਇਸ ਖੁਲਾਸੇ ਨੂੰ ਸੁਰਖੀਆਂ/ ਸੰਪਾਦਕੀਆਂ ਦੀ ਵਿਚ ਤਾਂ ਥਾਂ ਕੀ ਦੇਣੀ ਸੀ, ਕਿਸੇ ਆਖਰੀ ਸਫ਼ੇ ਉਤੇ ਵੀ ਥਾਂ ਨਹੀਂ ਦਿੱਤੀ।

ਇਹ ਕਿਹੋ ਜਿਹਾ ਦੌਰ ਹੈ, ਇਹ ਕਿਹੋ ਜਿਹਾ ਨਿਜ਼ਾਮ ਹੈ? ਮਹੀਨਿਆਂ ਬੱਧੀ ਚੈਨਲ ਅਤੇ ਅਖਬਾਰਾਂ ਕਿਸੇ ਮਿਥਹਾਸਕ ਰਾਣੀ ਦੀ 'ਬੇਪਤੀ' ਬਾਰੇ ਬਹਿਸਾਂ ਕਰ ਸਕਦੇ ਹਨ, ਕਿਸੇ ਨੌਜਵਾਨ ਸਿਆਸੀ ਆਗੂ ਦੀ ਅਖਾਉਤੀ 'ਸੈਕਸ ਸੀਡੀ' ਦਾ ਮਸਲਾ ਉਛਾਲ ਸਕਦੇ ਹਨ, ਕਿਸੇ ਸ਼ਹਿਰ ਵਿਚ ਗਊਆਂ ਦੀ ਤਸਕਰੀ ਦੇ ਹੌਲਨਾਕ ਤੱਥ ਪੇਸ਼ ਕਰ ਸਕਦੇ ਹਨ, ਯੂਨੀਵਰਸਟੀਆਂ ਵਿਚ ਜਾ ਜਾ ਕੇ 'ਦੇਸ਼ਧਰੋਹੀਆਂ' ਦੇ ਟੋਲੇ ਲੱਭ ਸਕਦੇ ਹਨ। ਅਤੇ ਇਹੋ ਜਿਹੇ ਮਸਲਿਆਂ ਉਤੇ ਇਕ ਨਹੀਂ, ਕਈ ਕਈ ਰਾਜਾਂ ਦੇ ਮੁੱਖ ਮੰਤਰੀ ਬਿਆਨ ਦਾਗ ਸਕਦੇ ਹਨ। ਪਰ ਇਕ ਸੀ.ਬੀ.ਆਈ. ਜੱਜ ਦੀ ਸ਼ੱਕੀ ਹਾਲਾਤ ਵਿਚ ਹੋਈ ਮੌਤ ਬਾਰੇ ਕੋਈ ਮੂੰਹ ਵੀ ਖੋਲ੍ਹਣ ਲਈ ਤਿਆਰ ਨਹੀਂ।

ਸਵਾਲ ਇਹ ਨਹੀਂ ਕਿ ਅਸੀਂ ਡਰ ਗਏ ਹਾਂ ਜਾਂ ਡਰਾ ਦਿੱਤੇ ਗਏ ਹਾਂ। ਤੱਥ ਇਹ ਹੈ ਕਿ ਅਸੀਂ ਨਪੁੰਸਕ ਕੌਮ ਬਣਦੇ ਜਾ ਰਹੇ ਹਾਂ।

## ਅਸੀਂ ਉਸ ਸਕੂਲ ਵਿਚ ਪੜ੍ਹੇ ਹੋਏ ਹਾਂ



ਲਾ ਸੁਬਿਆ ਲਾਉਣਾ ਜ਼ੋਰ ਜਿਹੜਾ
ਆਓ ਸਾਹਮਣੇ ਮਾਈ ਦਾ ਲਾਲ ਕਿਹੜਾ
ਪਿਛੇ ਹਟਣਾ ਨੀ ਅੱਗੇ ਖੜ੍ਹੇ ਹੋਏ ਹਾਂ
ਸਿੱਖ ਵੱਟੇ ਜਿਥੇ ਦਸਦੇ ਸਿਰ ਦੇਣਾ
ਅਸੀਂ ਓਸ ਸਕੂਲ ਵਿਚ ਪੜ੍ਹੇ ਹੋਏ ਹਾਂ।

ਨਾ ਚੱਲਣਾ ਕੋਈ ਹਥਿਆਰ ਤੇਰਾ
ਖਾਲੀ ਜਾਊਗਾ ਹਰ ਇਕ ਵਾਰ ਤੇਰਾ
ਅਸੀਂ ਧਰਮ ਅਸੂਲ 'ਤੇ ਅੜੇ ਹੋਏ ਹਾਂ
ਸਿੱਖੀ ਵੱਟੇ ਜਿਥੇ ਦਸਦੇ ਸਿਰ ਦੇਣਾ
ਅਸੀਂ ਓਸ ਸਕੂਲ ਵਿਚ ਪੜ੍ਹੇ ਹੋਏ ਹਾਂ।

ਸਾਨੂੰ ਡਰ ਨੀ ਜਲਾਦਾਂ ਤੇਰਿਆਂ ਦਾ
ਸਾਹਮਣਾ ਕਰੀਏ ਘੁੱਪ ਹਨ੍ਹੇਰਿਆਂ ਦਾ
ਲੋਆ ਤੱਤੀਆਂ ਤੇ ਅਸੀਂ ਰੜੇ ਹੋਏ ਹਾਂ
ਸਿੱਖੀ ਵੱਟੇ ਜਿਥੇ......

ਕਹਿ ਮਿਸਤਰੀ ਨੂੰ, ਚਿਣੇ, ਨਾ ਦੇਰ ਲਾਵੇ
ਵਿਚ ਸੋਚਾਂ ਦੇ ਤੁਸੀਂ ਪਏ ਕਾਹਦੇ
ਕੀਤੇ ਕੌਲ ਤੋਂ ਕਦੇ ਨਾ ਪਰੇ ਹੋਏ ਹਾਂ
ਸਿੱਖੀ ਵੱਟੇ ਜਿਥੇ....

ਅਸੀਂ ਸ਼ੇਰਾਂ ਦੇਪੁੱਤ ਕੀ ਹਾਰ ਖਾਣੀ
ਵਾਂਗ ਸੋਡੇ ਨੀ ਕੋਈ ਮਰਦਾਰ ਖਾਣੀ
'ਬੀਰ' ਜਿਉਂਦੇ ਚਰਖੜੀਆਂ ਤੇ ਚੜ੍ਹੇ ਹੋਏ ਹਾਂ
ਸਿੱਖੀ ਵੱਟੇ ਜਿਥੇ ਦਸਦੇ ਸਿਰ ਦੇਣਾ
ਅਸੀਂ ਓਸ ਸਕੂਲ ਵਿਚ ਪੜ੍ਹੇ ਹੋਏ ਹਾਂ।

**ਦਲਬੀਰ ਬੀਰ ਔਲਖ, ਪਟਿਆਲਾ**

## .ਗ਼ਜ਼ਲ

ਰਾਤ ਭਰ ਜੇ ਦਿਲਜਲਾ ਕੇ ਪਹੁ ਫੁਟਾਲੇ ਦੇਣਗੇ
ਲੋਕ ਉਹਨਾਂ ਦੇ ਸਿਰਾਂ ਨੂੰ ਹੀ ਦੁਮਾਲੇ ਦੇਣਗੇ।

ਇਸ ਤਰ੍ਹਾਂ ਵਰਤਾਉਣਗੇ ਹੁਣ ਨੀਰ ਥਲ ਦੇ ਮਾਛਕੀ,
ਹੋਠ ਸੁੱਕੇ ਰੱਖ ਕੇ ਤਲ਼ੀਆਂ ਨੂੰ ਛਾਲੇ ਦੇਣਗੇ।

ਆਸ ਤਾਂ ਸੀ ਨਿਹਮਤਾਂ ਦੇ ਲਾਉਣਗੇ ਅੰਬਾਰ ਉਹ,
ਕੀ ਪਤਾ ਸੀ ਰਹਿਨੁਮਾ ਕੇਵਲ ਘੁਟਾਲੇ ਦੇਣਗੇ।

ਸੇਧ ਮਾਪੇ ਦੇਣਗੇ ਕਿੰਝ ਭਟਕਦੀ ਔਲਾਦ ਨੂੰ,
ਕੌਣ ਮਾਡਲ ਰਹਿ ਗਿਆ ਕਿਸ ਦੇ ਹਵਾਲੇ ਦੇਣਗੇ।

ਪਾ ਸਕੇ ਨਾ ਕਫ਼ਨ ਮਾਂ ਤੇ ਸਨ ਰੁਝੇਵੇਂ ਹੋਰ ਵੀ,
ਭੋਗ ਵੇਲੇ ਉਹ ਗਰੰਥਾਂ 'ਤੇ ਦੁਸ਼ਾਲੇ ਦੇਣਗੇ।

ਝੁੱਗੀਆਂ ਵਿਚ ਰੌਸ਼ਨੀ ਕੀ ਕਰਨਗੇ ਇਹ ਰਹਿਨੁਮਾ,
ਰੌਸ਼ਨੀ ਜਦ ਮਹਿਲ ਦੇ ਹੀ ਕਰ ਹਵਾਲੇ ਦੇਣਗੇ।

ਕਰਨਗੇ ਫੁਰਮਾਨ ਸ਼ਾਹੀ ਕਹਿਰ ਇਹ ਵੀ ਪਿੰਡ 'ਤੇ
ਚੁਥੀਆਂ ਵਿਚ ਹੱਥ 'ਤੇ ਹੋਠਾਂ ਨੂੰ ਤਾਲ਼ੇ ਦੇਣਗੇ।

**- ਹਰਮਿੰਦਰ ਸਿੰਘ ਕੋਹਾਰਵਾਲ**

## ਮਾਏ ਨੀ ਇਕ ਲੋਰੀ ਦੇ ਦੇ

ਮਾਏ ਨੀ ਅਣਜੰਮੀ ਧੀ ਨੂੰ ਆਪਣੇ ਨਾਲ ਵਿਛੜੇ ਜੀਅ ਨੂੰ
ਜਾਂਦੀ ਵਾਰੀ ਮਾਏ ਨੀ ਇਕ ਲੋਰੀ ਦੇ ਦੇ।
ਬਾਬਲ ਤੋਂ ਭਾਵੇਂ ਚੋਰੀ ਨੀ ਇਕ ਲੋਰੀ ਦੇ ਦੇ।
ਮੰਨਿਆ ਤੇਰੇ ਘਰ ਸੀ ਵਧ ਗਏ ਧੀਆਂ ਵਾਲੇ ਗੁੱਡੀ-ਪਟੋਲੇ।
ਤੇਰੇ ਦਿਲ ਦਾ ਹਾਉਕਾ ਨੀ ਮੈਂ ਸੁਣਦੀ ਰਹੀਆਂ ਤੇਰੇ ਓਹਲੇ।
ਮੈਨੂੰ ਮਾਰ ਮੁਕਾਉਣ ਦੀ ਗੱਲ ਕਿਉਂ ਤੂੰਹੀਓਂ ਪਹਿਲਾਂ ਤੋਰੀ।
ਨੀ ਇਕ ਲੋਰੀ ਦੇ ਦੇ....।

ਮਾਏ ਨੀ ਮੇਰੀ ਨਾਨੀ ਦੇ ਘਰ ਤੂੰ ਵੀ ਸੀ ਕਦੇ ਧੀ ਬਣ ਜੰਮੀ।
ਕੁੱਖ ਵਿਚ ਕਤਲ ਕਰਵਾਣ ਵਾਲੀ ਕਿਉਂ ਕੀਤੀ ਤੂੰ ਗੱਲ ਨਿਕੰਮੀ।
ਵੀਰਾ ਲੱਭਦੀ ਲੱਭਦੀ ਹੋ ਗਈ ਕਿਉਂ ਮਮਤਾ ਤੋਂ ਕੋਰੀ?
ਨੀ ਇਕ ਲੋਰੀ ਦੇ ਦੇ....।

ਮਾਏ ਨੀ ਤੇਰੀ ਗੋਦੀ ਅੰਦਰ ਬੈਠਣ ਨੂੰ ਮੇਰਾ ਜੀਅ ਕਰਦਾ ਸੀ।
ਬਾਬਲ ਦੀ ਤਿਊੜੀ ਨੂੰ ਤੱਕ ਕੇ ਹਰ ਵਾਰੀ ਮੇਰਾ ਜੀਅ ਡਰਦਾ ਸੀ
ਧੀਆਂ ਬਣ ਕੇ ਜੰਮਣਾ ਏਥੇ ਕਿਉਂ ਬਣ ਗਈ ਕਮਜ਼ੋਰੀ?
ਨੀ ਇਕ ਲੋਰੀ ਦੇ ਦੇ....

ਹਸਪਤਾਲ ਦੇ ਕਮਰੇ ਅੰਦਰ ਪਈਆਂ ਨੇ ਜੋ ਅਜਬ ਮਸ਼ੀਨਾਂ।
ਪੁੱਤਰਾਂ ਨੂੰ ਇਹ ਕੁਝ ਨਾ ਆਖਣ ਸਾਡੇ ਲਈ ਕਿਉਂ ਬਣਨ ਸੰਗੀਨਾ?
ਡਾਕਟਰਾਂ ਚਹੁੰ ਸਿੱਕਿਆਂ ਖਾਤਰ ਕੱਟੀ ਜੀਵਨ-ਡੋਰੀ
ਨੀ ਇਕ ਲੋਰੀ ਦੇ ਦੇ....।

ਧੀ ਤਿੱਤਲੀ ਦੇ ਮਸਲਣ ਵੇਲੇ ਚੁੱਪ ਖੜ੍ਹੇ ਕਿਉਂ ਧਰਮਾਂ ਵਾਲੇ
ਗੂੰਗੇ ਬੋਲੇ ਹੋ ਗਏ ਸਾਰੇ ਨੱਕ ਨਮੂਜਾਂ ਸ਼ਰਮਾ ਵਾਲੇ।
ਬਿਨ ਡੋਲੀ ਤੋਂ ਧਰਮੀ ਮਾਪਿਆਂ ਕਿੱਧਰ ਨੂੰ ਧੀ ਤੋਰੀ।
ਨੀ ਇਕ ਲੋਰੀ ਦੇ ਦੇ....

**- ਗੁਰਭਜਨ ਗਿੱਲ**

## ਮੈਕ.ਫਾਰਲੈਂਡ ਕੈਲਿ.ਫੋਰਨੀਆ

ਇਥੇ ਪਾਸ਼ ਰਹਿੰਦਾ ਹੈ
ਅਖਰੋਟਾਂ ਅੰਗੂਰਾਂ ਆੜੂਆਂ
ਸੰਤਰਿਆਂ ਬਦਾਮਾਂ ਦੇ ਬਾਗਾਂ ਵਿਚ

ਕਣਕ ਤੇ ਕਪਾਹ ਦੇ ਖੇਤਰਾਂ ਵਿਚ
ਹਵਾ ਧੁੱਪ ਪੱਕੇ ਹੋਏ ਫਲ
ਕਬੂਤਰ ਖੜ੍ਹੇ ਅਲਸਾਉਂਦੇ ਟਰੈਕਟਰ
ਪਾਸ਼ ਨਾਲ ਗੱਲਾਂ ਕਰਦੇ ਹਨ-
ਦੱਸ ਤੇਰੇ ਬਚਪਨ ਦੀ
ਤੇਰੀ ਜਵਾਨੀ ਦੀ ਧੁੱਪ ਕਿਹੋ ਜਿਹੀ ਸੀ?
ਕਪਾਹ ਦੀਆਂ ਫੁੱਟੀਆਂ
ਜਦ ਤੇਰੀ ਨੀਂਦ 'ਚ ਖਿੜਦੀਆਂ ਹਨ
ਤਾਰਿਆਂ ਦਾ ਝੁਰਮਟ ਬਣ ਕੇ
ਜੇਲ੍ਹ ਦੀਆਂ ਕੰਧਾਂ 'ਤੇ
ਦੋਨੋ ਦੇ ਟਿੱਬਿਆਂ 'ਤੇ ਰੀਂਘਦੀ ਧੁੱਪ ਨੂੰ ਯਾਦ ਕਰਕੇ
ਸੁੱਤੇ ਕੈਦੀਆਂ ਦੇ ਫੇਫੜਿਆਂ 'ਚ ਘੁੰਮਦੀ ਹਵਾ ਬਣ ਕੇ

ਉਮਰ ਦਾ ਪਰਛਾਵਾਂ ਲੰਮਾ ਹੁੰਦਾ ਜਾਂਦਾ ਹੈ
ਬੱਚਿਆਂ ਦੇ ਧੁੱਪੇ ਪਾਏ ਕੱਪੜੇ ਹਵਾ 'ਚ ਹਿੱਲਦੇ ਹਨ
ਪਾਸ਼ ਚੁੱਪ ਰਹਿੰਦਾ ਹੈ
ਪਾਸ਼ ਇਥੇ ਰਹਿੰਦਾ ਹੈ।

**- ਅਮਰਜੀਤ ਚੰਦਨ**

## ਪਿੰਡ

ਉਹ ਜਦੋਂ ਪਿੰਡ ਤੋਂ ਸ਼ਹਿਰ ਵਿਆਹੀ ਗਈ
ਤਾਂ ਉਸਨੇ ਵੇਖਿਆ
ਸ਼ਹਿਰਾਂ ਵਿਚ ਬੜਾ ਹੀ ਕੁਝ
ਪਿੰਡ ਤੋਂ ਅਲੱਗ ਹੁੰਦਾ ਹੈ
ਕਾਲੇ ਨਾਗਾਂ ਜਿਹੀਆਂ ਸੜਕਾਂ
ਆਧੁਨਿਕ ਤੇ ਫੈਸ਼ਨਦਾਰ ਲੋਕ
ਭਾਂਤ-ਭਾਂਤ ਦੇ ਖਾਣੇ
ਅੰਗਰੇਜ਼ੀ ਤੇ ਹਿੰਦੀ ਬੋਲਦੀਆਂ
ਮਾਲੂਕ ਜਿਹੀਆਂ ਕੁੜੀਆਂ
ਸਜੇ-ਸੰਵਰੇ ਬੱਚੇ

ਕੁਝ ਅਰਸੇ ਬਾਅਦ
ਉਹ ਸ਼ਹਿਰੀ ਰੰਗ 'ਚ ਰੰਗਿਆ
ਚਿਹਰਾ-ਮੁਹਰਾ ਤੇ ਹਾਵ-ਭਾਵ ਲੈ ਕੇ ਪਿੰਡ ਜਾਂਦੀ ਹੈ
ਦੇਖਦੀ ਹੈ-
ਪਿੰਡ ਦੇ ਪਹੇ 'ਤੇ ਖੇਡਦੇ ਜੁਆਕ
ਭੂਆ-ਭੂਆ ਕਰਦੇ ਲੱਤਾਂ ਨੂੰ ਚੰਬੜਦੇ ਨੇ
ਕੁੜਤੇ-ਚਾਦਰੇ ਵਾਲਾ ਚਾਚਾ
ਮੋਹ ਨਾਲ ਸਿਰ 'ਤੇ ਪਿਆਰ ਦਿੰਦਾ ਹੈ
ਸੂਜੀ ਦੇ ਕੜਾਹ ਦੀ ਖੁਸ਼ਬੂ 'ਚ ਰਲਗੱਡ
ਮਾਂ ਦੀ ਮਮਤਾ
ਉਸ ਦੀ ਰੂਹ ਤੱਕ ਨੂੰ ਰਜਾਅ ਦਿੰਦੀ ਹੈ
ਹਾਣ ਦੀ ਗੁਆਂਢਣ 'ਰੱਜੋ' ਜਦ ਪਿਆਰ ਨਾਲ
ਗਾਲ੍ਹ ਕੱਢ ਗਲ੍ਹ ਲਾਉਂਦੀ ਹੈ

ਤਾਂ ਉਹ ਸੋਚਦੀ ਹੈ-
ਠੀਕ ਹੀ ਤਾਂ ਕਹਿੰਦੇ ਨੇ
ਪਿੰਡਾਂ ਵਿਚ ਬੜਾ ਹੀ ਕੁਝ
ਸ਼ਹਿਰਾਂ ਤੋਂ ਅਲੱਗ ਹੁੰਦਾ ਹੈ।

**-ਸਰਬਜੀਤ ਕੌਰ ਜੱਸ**

## .ਗ਼ਜ਼ਲ

ਸਦਾ ਇਕ ਦੂਸਰੇ ਦੇ ਅੰਗ-ਸੰਗ ਹਾਂ,
ਇਹ ਆਪਣਾ ਕਿਸ ਤਰ੍ਹਾਂ ਦਾ ਪਿਆਰ ਹੈ ਜੀ।
ਨਦੀ ਏਂ ਤੂੰ ਤੇ ਮੈਂ ਤੇਰਾ ਕਿਨਾਰਾ,
ਮਿਰਾ ਖੁਰਨਾ ਤਿਰਾ ਵਿਸਥਾਰ ਹੈ ਜੀ।

ਦਵੈਸ਼ਾਂ, ਲਾਲਚਾਂ, ਬਦੀਆਂ, ਡਰਾਂ ਦੀ
ਬਹੁਤ ਡੂੰਘੀ ਨਦੀ ਵਿਚਕਾਰ ਹੈ ਜੀ,
ਜੇ ਮੇਰੀ ਨੀਂਦ ਹੈ ਉਰਲੇ ਕਿਨਾਰੇ
ਤਾਂ ਤੇਰਾ ਖ਼ਾਬ ਪਰਲੇ ਪਾਰ ਹੈ ਜੀ।

ਜ਼ਿਹਨ ਵਿਚ ਸੱਪ ਜੀਭਾਂ ਕੱਢਦੇ ਨੇ,
ਫ਼ਿਜ਼ਾ ਵਿਚ ਬਿਰਖ ਧੂੰਆਂ ਛੱਡਦੇ ਨੇ,
ਇਨ੍ਹਾਂ ਬਾਗਾਂ 'ਚ ਮੇਰਾ ਪੌਣ ਦਾ ਹੁਣ
ਠਹਿਰ ਸਕਣਾ ਬਹੁਤ ਦੁਸ਼ਵਾਰ ਹੈ ਜੀ।

ਤਿਰੇ ਐ ਜ਼ਿੰਦਗੀ। ਆਸ਼ਕ ਨੇ ਜਿਹੜੇ,
ਝਿਜਕਦੇ ਕਦ ਨੇ ਵਤਨੋਂ ਮੌਤ ਵਿਹੜੇ,
ਕਦੋਂ ਘਬਰਾਉਂਦੇ ਉਸਦੇ ਸੇਕ ਤੋਂ ਉਹ
ਜਿਨ੍ਹਾਂ ਨੂੰ ਲਾਟ ਹੀ ਸੰਗ ਪਿਆਰ ਹੈ ਜੀ।

ਜਦੋਂ ਤੱਕ ਹਰਫ਼ ਝਿਲਮਿਲ ਤਾਰਿਆਂ ਦੇ
ਅਤੇ ਅਖ਼ਬਾਰ ਛਪਦੇ ਅੰਬਰਾਂ ਦਾ,
ਮਿਟਾ ਦੇਵੇਗੇ ਸਾਡਾ ਨਾਮ ਤੀਕਰ
ਤੁਹਾਡਾ ਸੋਚਣਾ ਬੇਕਾਰ ਹੈ ਜੀ।

**- ਵਿਜੈ ਵਿਵੇਕ**

## ਕਤਲ

ਮਨੁੱਖ ਇਕੱਲਾ ਚੰਗਾ ਸੀ।
ਜਦੋਂ ਇਸ ਨਾਲ ਵਾਧੂ ਸ਼ਬਦ ਨਾ ਜੋੜਿਆ ਗਿਆ।
ਮਨੁੱਖ ਨਾਲ ਜਦੋਂ ਵਾਧੂ ਸ਼ਬਦ ਜੁੜਿਆ।
ਮਨੁੱਖ ਜ਼ਾਲਮ ਬਣ ਗਿਆ।
ਉਸ 'ਤੇ ਵਾਧੂ ਸ਼ਬਦ ਦਾ ਅਸਰ ਹੋ ਗਿਆ।
ਮੈਂ ਸਿੱਖ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ,
ਬੋਧੀ ਤੇ ਜੈਨੀ ਹਾਂ।
ਇਨ੍ਹਾਂ ਸਾਰੇ ਸ਼ਬਦਾਂ ਨੇ,
ਮਨੁੱਖ ਦੀ ਹੋਂਦ ਗਵਾ ਦਿੱਤੀ ਸੀ।
ਜੇ ਇਹ ਸਾਰੇ ਸ਼ਬਦ ਮਨੁੱਖ ਨਾਲ ਨਾ ਜੁੜੇ ਹੁੰਦੇ।
ਫੇਰ ਮਨੁੱਖਤਾ ਦਾ ਕਤਲ ਕਿਤੇ ਵੀ ਨਾ ਹੁੰਦਾ।
ਇਨ੍ਹਾਂ ਸ਼ਬਦਾਂ ਹੀ
ਮਨੁੱਖਤਾ ਦਾ ਕਤਲ ਕਰਵਾਇਆ ਏ।
ਜਿਨ੍ਹਾਂ ਸ਼ਬਦਾਂ ਨੂੰ ਅਸੀਂ ਮਹਾਨ ਗਿਣਦੇ ਹਾਂ।
ਉਹ ਹੀ ਸ਼ਬਦ ਕਮੀਨੇ ਤੇ ਗੰਦੇ ਹਨ।
ਜਿਨ੍ਹਾਂ ਸ਼ਬਦਾਂ ਨੇ ਮਨੁੱਖਤਾ ਦਾ
ਕਤਲ ਕੀਤਾ ਤੇ ਕਰਵਾਇਆ।
ਉਹ ਭਾਵੇਂ ਕੋਈ ਦੇਸ਼ ਤੇ ਕੌਮ ਹੋਵੇ।
ਇਸ ਕਰਕੇ ਹੀ ਮਨੁੱਖ ਇਕੱਲਾ ਚੰਗਾ ਸੀ।
ਜਦੋਂ ਉਸ ਨਾਲ ਕੋਈ ਸ਼ਬਦ ਨਹੀਂ ਸੀ ਜੁੜਿਆ
ਉਸ ਦਾ ਕਿਸੇ ਨੇ ਕਤਲ ਨਹੀਂ ਸੀ ਕੀਤਾ।

**- ਹਰਭਜਨ ਸਿੰਘ ਬਾਜਵਾ**

## ਕਵਿਤਾ

ਪਹਿਲਾਂ ਉਹ ਯਹੂਦੀਆਂ ਲਈ ਆਏ
ਤੇ ਮੈਂ ਕੁਝ ਨਹੀਂ ਬੋਲਿਆ
ਕਿਉਂਕਿ ਮੈਂ ਯਹੂਦੀ ਨਹੀਂ ਸਾਂ

ਫਿਰ ਉਹ ਟਰੇਡ ਯੂਨੀਅਨ ਵਾਲਿਆਂ ਲਈ ਆਏ
ਤੇ ਮੈਂ ਕੁਝ ਨਹੀ ਬੋਲਿਆ
ਕਿਉਂਕਿ ਮੈਂ ਟਰੇਡ ਯੂਨੀਅਨ 'ਚ ਨਹੀਂ ਸਾਂ

ਫਿਰ ਉਹ ਕਮਿਊਨਿਸਟਾਂ ਲਈ ਆਏ
ਤੇ ਮੈਂ ਕੁਝ ਨਹੀਂ ਬੋਲਿਆ
ਕਿਉਂਕਿ ਮੈਂ ਕਮਿਊਨਿਸਟ ਨਹੀਂ ਸਾਂ

ਫਿਰ ਉਹ ਮੇਰੇ ਲਈ ਆਏ
ਅਤੇ ਉਦੋਂ ਤੱਕ ਕੋਈ ਨਹੀਂ ਸੀ ਬਚਿਆ
ਜੋ ਮੇਰੇ ਲਈ ਬੋਲਦਾ....

**- ਪਾਸਟਰ ਨਿਮੋਲਰ**

## ਬੇਲਚਕ

ਉਹ ਤਾਂ ਸਾਨੂੰ ਓਥੇ ਸੁੱਟਦੇ ਹਨ
ਜਿਥੇ ਸ਼ਹੀਦ ਡਿੱਗਿਆ ਕਰਦੇ ਨੇ
ਅਤੇ ਡਿੱਗਦੇ ਆਏ ਨੇ
ਨਹਿਰਾਂ ਦਰਿਆਵਾਂ ਵਿਚ ਜਿਹੜੇ,
ਉਹੀ ਸਾਡੇ ਹਨ
ਤੇ ਕਾਨੂੰਨ ਦੇ ਸਿਵਿਆਂ ਵਿਚ
ਜਿਹੜੇ ਉਹੀ,
ਅੰਗਰੇਜ਼ ਵਾਲੇ ਹਨ
ਓਥੇ ਲੱਖਾਂ ਕਰੋੜਾਂ
ਦੇਸ਼ ਭਗਤਾਂ ਦੀ ਰਾਖ ਹੈ
ਉਨ੍ਹਾਂ ਸਰਮਾਏਦਾਰ ਤਾਂ
ਇਕ ਵੀ ਨਹੀਂ ਜਾਲਿਆ
ਉਨ੍ਹਾਂ ਤਾਂ ਜੱਟਾਂ ਸੈਣੀਆਂ ਦੇ ਪੁੱਤ
ਤੀ ਸ਼ੀਊਰ ਪਾਣੀ ਢੋਂਦੇ ਹੀ ਜਲਾਏ ਨੇ
ਤੇ ਭੱਠਿਆਂ 'ਚ ਕੋਲਾ ਪਾਉਣ ਵਾਲੇ ਲੋਕ
ਕਾਲੇ ਕਾਲੇ ਪਿਆਰੇ ਨਕਸ਼ਾਂ ਵਾਲੇ ਪੂਰਬੀ।
ਉਹ ਤਾਂ ਸਾਨੂੰ ਸੁੱਟਦੇ ਨੇ
ਸਾਵੀ ਲਚਕੀਲੀ ਕਾਹੀ ਵਿਚ
ਜਾਂ ਪਹਾੜੀ ਕਿੱਕਰਾਂ ਦੀ
ਮਹਿਕ ਵਿਚ ਅਸੀਂ ਉਨ੍ਹਾਂ ਨੂੰ
ਨਾਲੀਆਂ 'ਚ
ਗੋਹਿਆਂ 'ਚ
ਕੁੱਤਿਆਂ ਕੀਂ
ਲੋਕਾਂ ਦੀਆਂ ਜੁੱਤੀਆਂ ਦੇ
ਹੇਠੋਂ ਦੀ ਘੜੀਸਾਂਗੇ।
ਡਾਕੂ ਵੀ ਜੋ ਗਰੀਬਾਂ ਨੂੰ ਲੁੱਟਦੇ ਹਨ
ਉਹ ਸੰਧਾਰੇ ਪੱਕਣ ਤੋਂ ਪਹਿਲਾਂ
ਰੋਟੀਆਂ ਖੇਤਾਂ ਵੱਲ ਤੁਰਨ ਤੋਂ
ਪਹਿਲਾਂ ਲੁੱਟ ਲੈਂਦੇ ਹਨ
ਨੱਥਾਂ, ਕੰਠੀਆਂ ਤੇ ਫੁੱਲ ਲਾਹੁਣ ਵੇਲੇ ਉਹ
ਉਨ੍ਹਾਂ ਨੂੰ ਖਿੱਚਦੇ ਹਨ
ਬੱਚਿਆਂ ਦੇ ਕੁੜਤੇ
ਬੁੱਢਿਆਂ ਦੇ ਚੋਲੇ
ਚੁੰਨੀਆਂ ਉਹ ਨਹੀਂ ਛੱਡਦੇ।
ਵੇਖੋ ਗੋਡੇ ਭਰਨੇ,
ਵੱਡੀ ਦਸਤਾਰ ਬੰਨ੍ਹੀ
ਕੌਣ ਬੈਠਾ ਹੈ
ਜੋ ਡਾਕੂਆਂ ਤੋਂ ਲੁਟੀਂਦੀ
ਕਿਰਤ ਕੁਝ ਨਾ ਕੁਝ
ਮੁੜ ਖੋਂਦਾ ਹੈ ਤੇ ਵੰਡ ਦਿੰਦਾ ਹੈ।

• • •

## ਸ਼ੀਸ਼ੇ ਦੀ ਕੈਦ

ਕਿਸੇ ਦੇ ਰਹਿਮ ਤੇ
ਕੁਝ ਵੀ ਸਾਨੂੰ ਮਨਜ਼ੂਰ ਨਹੀਂ
ਕੋਈ ਸਵਰਗ
ਕੋਈ ਧਰਮਰਾਜ ਦਾ ਰਾਜ
ਜਾਂ ਕੋਈ 'ਸਮਾਜਵਾਦ'
ਤੁਸੀਂ ਸਾਨੂੰ ਰਤਾ ਇਹ ਦੱਸੋ
ਕਿ ਤੁਸੀਂ ਸਾਡੇ ਲਈ
ਕੁਝ ਕਰਨ ਵਾਲੇ ਕੌਣ ਹੁੰਦੇ ਹੋ?
ਤੁਹਾਨੂੰ ਬਹੁਤ 'ਸੰਸਾ' ਹੈ
ਅਸਾਡੇ ਖ਼ੂਨ ਡੁੱਲ੍ਹਣ ਦਾ
ਤੇ ਇਸ ਲਹੂ ਨੂੰ ਸਾਂਭਣ ਲਈ
ਜਿਨ੍ਹਾਂ ਮਰਤਬਾਨਾਂ ਦਾ
ਤੁਸੀਂ ਜ਼ਿਕਰ ਕਰਦੇ ਹੋ
ਉਨ੍ਹਾਂ ਨੂੰ ਠੁੱਡਿਆਂ ਦੇ ਨਾਲ
ਲੋਕੀਂ ਤੋੜ ਦੇਵਣਗੇ
ਸ਼ੀਸ਼ਿਆਂ 'ਚ ਲਿਸ਼ਕਣਾ
ਸਾਨੂੰ ਮਨਜ਼ੂਰ ਨਹੀਂ
ਕੋਈ ਵੀ ਰੰਗ ਚਾਨਣ ਦਾ
ਕੋਈ ਸੁਪਨਾ ਕਿਤੋਂ ਦਾ ਵੀ
ਕਿਸੇ ਦੇ ਰਹਿਮ 'ਤੇ
ਕੁਝ ਵੀ ਸਾਨੂੰ ਮਨਜ਼ੂਰ ਨਹੀਂ।

**- ਲਾਲ ਸਿੰਘ ਦਿਲ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

ਰਜਿੰਦਰ ਸਿੰਘ

# ਇਹ ਪਹਿਲਾਂ ਇੱਕ ਸੁਪਨਾ ਹੀ ਸੀ

## 19ਵੀਂ ਸਦੀ ਖਤਮ ਹੋਣ ਤੋਂ 17 ਸਾਲ ਪਹਿਲਾਂ ਮਾਰਕਸ ਨੇ ਆਖਰੀ ਸਾਹ ਲਿਆ

ਮਾਰਕਸ ਤੋਂ ਪਹਿਲਾਂ ਅਨੇਕਾਂ ਵਿਦਵਾਨਾਂ, ਯੁੱਗ ਪਲਟਾਊ ਯੋਧਿਆਂ ਨੇ ਇੱਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਸੀ ਜਿਸ ਅੰਦਰ ਲੋਟੂ ਅਤੇ ਲੁੱਟੇ ਜਾਣ ਵਾਲੇ ਜਾਬਰ ਅਤੇ ਮਜ਼ਲੂਮ, ਅਮੀਰ-ਗਰੀਬ ਦਾ ਪਾੜਾ ਨਾ ਰਹੇ। ਮਨੁੱਖ ਦੁਆਰਾ ਮਨੁੱਖ ਦੀ ਲੁੱਟ-ਖਸੁੱਟ ਨਾ ਹੋਵੇ। ਸਾਰੇ ਮਨੁੱਖ ਇੱਕ ਬਰਾਬਰ ਹੋ ਜਾਣ ਅਤੇ ਕੁਦਰਤ ਦੀਆਂ ਸਭ ਨਿਆਮਤਾਂ ਦਾ ਭਾਈਚਾਰੇ ਵਾਂਗ ਰਲ਼ ਕੇ ਆਨੰਦ ਮਾਨਣ। ਗੁਰੂ ਰਵੀਦਾਸ ਜੀ ਨੇ ਵੀ ਚਾਹਿਆ ਸੀ —

**ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨਿ ਕੋ ਅੰਨ**
**ਛੋਟ ਬੜਿ ਸਭ ਸਮ ਬਸੈ ਰਵੀਦਾਸ ਰਹੇ ਪ੍ਰਸੰਨ।**

ਇਸ ਆਦਰਸ਼ ਲਈ ਅਨੇਕਾਂ ਹੀ ਯੋਧਿਆਂ ਨੇ ਜ਼ਿੰਦਗੀ ਭਰ ਸਖਤ ਜੱਦੋਜਹਿਦ ਕੀਤੀ, ਕੁਰਬਾਨੀਆਂ ਕੀਤੀਆਂ ਪਰ ਇਹ ਸੁਪਨਾ ਸਾਕਾਰ ਨਹੀਂ ਹੋਇਆ।

ਪਰ ਸਾਕਾਰ ਕੀਤਾ ਮਾਰਕਸਵਾਦ-ਲੈਨਿਨਵਾਦ ਦੀ ਵਿਗਿਆਨਕ ਵਿਚਾਰਧਾਰਾ ਨੇ, ਜਿਸ ਨੇ ਧਰਤੀ 'ਤੇ ਪਹਿਲੀ ਵਾਰ ਮਿਹਨਤਕਸ਼ ਮਜ਼ਦੂਰਾਂ-ਕਿਸਾਨਾਂ ਦਾ ਰਾਜ ਸਥਾਪਿਤ ਕਰ ਦਿਖਾਇਆ ਅਤੇ ਸਾਫ਼ ਕਰ ਦਿੱਤਾ ਕਿ ਸਮਾਜ ਨੂੰ ਬਰਾਬਰੀ ਤੇ ਲੁੱਟ ਰਹਿਤ ਬਣਾਉਣ ਦਾ ਸੁਪਨਾ ਦੇਖਣ ਵਾਲੇ ਜੇਕਰ ਮਾਰਕਸਵਾਦ-ਲੈਨਿਨਵਾਦ ਵਿਚਾਰਧਾਰਾ ਸਮਝਕੇ ਲਾਗੂ ਨਹੀਂ ਕਰਦੇ ਤਾਂ ਉਹ ਅੰਤਿਮ ਰੂਪ ਵਿੱਚ ਦਿਖਾਵਾ ਹੀ ਕਰ ਰਹੇ ਹਨ — ਲੁੱਟ ਰਹਿਤ ਸਮਾਜ ਚਾਹੁੰਦੇ ਨਹੀਂ ਹਨ। ਸਮਾਜ ਭਲਾਈ, ਸਮਾਜ ਸੇਵਾ, ਰਿਆਇਤਾਂ ਦੀਆਂ ਢੂਲੀਆਂ ਵੰਡ ਰਹੇ ਹਨ ਜਾਂ ਮੰਗ ਰਹੇ ਹਨ।

**ਟੁੱਟ ਜਾਵਣ ਕੈਦਾਂ ਹੱਦ ਬੰਨੇ,**
**ਵੰਡ ਰਹੇ ਨਾ ਕਾਣੀ।**
**ਹਰ ਇੱਕ ਬੰਦਾ ਸ਼ਾਹ ਦੁਨੀਆਂ ਦਾ,**
**ਹਰ ਇੱਕ ਤੀਵੀਂ ਰਾਣੀ।**

ਇਹੋ ਹੋਇਆ ਸੀ ਰੂਸੀ ਕ੍ਰਾਂਤੀ ਤੋਂ ਬਾਅਦ।

ਕਰੈਂਸਕੀ ਸਰਕਾਰ ਦਾ ਤਖ਼ਤਾ ਪਲਟਾਉਣ ਤੋਂ ਬਾਅਦ ਆਰਜ਼ੀ ਸਰਕਾਰ ਨੂੰ ਖਤਮ ਕਰ ਦਿੱਤਾ ਗਿਆ। ਸੰਸਾਰ ਇਤਿਹਾਸ ਵਿੱਚ ਪਹਿਲੀ ਵਾਰ ਸੱਤਾ ਪੂਰੀ ਤਰਾਂ ਮਜ਼ਦੂਰਾਂ-ਸਿਪਾਹੀਆਂ ਦੇ ਹੱਥ ਆ ਗਈ।

ਉਸੇ ਸ਼ਾਮ ਲੈਨਿਨ ਨੇ ਜ਼ਮੀਨ ਬਾਰੇ ਫੁਰਮਾਨ ਜਾਰੀ ਕੀਤਾ। ਜਿਸ ਅਨੁਸਾਰ ਸਾਰੀਆਂ ਜ਼ਮੀਨਾਂ-ਅਸਟੇਟਾਂ, ਜਗੀਰਾਂ ਨੂੰ ਬਿਨਾਂ ਕਿਸੇ ਮੁਆਵਜੇ ਤੋਂ ਤੁਰੰਤ ਖਤਮ ਕਰ ਦਿੱਤਾ ਗਿਆ। ਜ਼ਮੀਨੀ-ਅਸਟੇਟਾਂ, ਜਾਰ (ਜਾਰ ਦੇ ਸ਼ਾਹੀ ਪਰਿਵਾਰ ਕੋਲ ਇੱਕ ਲੱਖ ਨੱਬੇ ਹਜ਼ਾਰ ਏਕੜ ਜ਼ਮੀਨ ਸੀ), ਮੱਠਾਂ ਤੇ ਗਿਰਜਾ ਘਰਾਂ ਦੀਆਂ ਸਾਰੀਆਂ ਜਾਇਦਾਦਾਂ ਤੇ ਸਥਾਨ, ਭੋਂ-ਕਮੇਟੀਆਂ ਤੇ ਕਿਸਾਨਾਂ ਦੀਆਂ ਪ੍ਰਤੀਨਿਧ ਸੋਵੀਅਤਾਂ ਦੇ ਅਧੀਨ ਕਰ ਦਿੱਤੀਆਂ ਗਈਆਂ। ਜਬਤ ਕੀਤੀ ਗਈ ਜਾਇਦਾਦ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਨੂੰ ਸਜ਼ਾਯੋਗ ਅਪਰਾਧ ਐਲਾਨਿਆ ਗਿਆ।

ਪੀਤਰੋਗਰਾਦ ਵਿੱਚ ਹਰ ਰੋਜ਼ 6 ਘੰਟੇ ਲਈ ਸਰਕਾਰ ਦੇ ਸਾਰੇ ਮੰਤਰੀ ਲੈਨਿਨ ਦੀ ਅਗਵਾਈ ਵਿੱਚ ਬੈਠਦੇ ਤੇ ਹਰ ਰੋਜ਼ ਅਜਿਹੇ ਫੁਰਮਾਨ ਜਾਰੀ ਕਰਦੇ ਸਨ, ਜਿਨ੍ਹਾਂ ਬਾਰੇ ਬਾਕੀ ਦੁਨੀਆਂ ਅਨੁਮਾਨ ਨਹੀਂ ਸੀ ਲਾ ਸਕਦੀ। ਅਜੇ ਤੱਕ ਅਜਿਹੇ ਫੁਰਮਾਨ ਕਿਸੇ ਨੇ ਜਾਰੀ ਨਹੀਂ ਸਨ ਕੀਤੇ, ਜ਼ਮੀਨ ਦੀ ਨਿੱਜੀ ਮਾਲਕੀ ਦੇ ਖਾਤਮੇ ਪਿੱਛੋਂ ਬੈਂਕਾਂ, ਵਪਾਰਕ ਜਹਾਜ਼ਾਂ ਤੇ ਸਾਰੇ ਉਦਯੋਗਾਂ ਦਾ ਰਾਸ਼ਟਰੀਕਰਨ ਕਰ ਦਿੱਤਾ ਗਿਆ। ਸਟਾਕ ਮਾਰਕੀਟ ਬੰਦ ਕਰ ਦਿੱਤੀ ਗਈ। ਸਾਰੇ ਵਿਰਾਸਤੀ ਹੱਕ ਖਤਮ ਕਰ ਦਿੱਤੇ ਗਏ। ਸਾਰੇ ਸਰਕਾਰੀ ਕਰਜ਼ਿਆਂ 'ਤੇ ਲਕੀਰ ਫੇਰ ਕੇ ਸੋਨੇ ਨੂੰ ਸਰਕਾਰੀ ਇਜਾਰੇਦਾਰੀ ਬਣਾ ਦਿੱਤਾ ਗਿਆ। ਲੋਕਾਂ ਦੇ ਕੁਮੀਸਾਰ (ਮੰਤਰੀ) ਦੀ ਤਨਖਾਹ ਮਹੀਨੇ ਦੀ 500 ਰੂਬਲ ਮੁਕੱਰਰ ਕੀਤੀ ਗਈ। ਪੁਰਾਣੀਆਂ ਅਦਾਲਤਾਂ ਦੀ ਥਾਂ ਨਵੇਂ ਕ੍ਰਾਂਤੀਕਾਰੀ ਟ੍ਰਿਬਿਊਨਲ ਬਣਾਏ ਗਏ ਜਿਸ ਵਿੱਚ ਇੱਕ ਪ੍ਰਧਾਨ ਤੋਂ ਇਲਾਵਾ ਕਿਸਾਨ, ਮਜ਼ਦੂਰ ਤੇ ਸਿਪਾਹੀ ਸ਼ਾਮਿਲ ਕੀਤੇ ਗਏ। ਕੋਈ ਵੀ ਨਾਗਰਿਕ ਇਨਾਂ ਟ੍ਰਿਬਿਊਨਲਾਂ ਅੱਗੇ ਵਕੀਲ ਵਜੋਂ ਪੇਸ਼ ਹੋ ਸਕਦਾ ਸੀ। ਆਦਮੀ ਤੇ ਔਰਤ ਨੂੰ ਕਾਨੂੰਨਨ ਬਰਾਬਰ ਹੱਕ ਦਿੱਤੇ ਗਏ। ਸਾਰੀਆਂ ਪਦਵੀਆਂ ਨੂੰ ਖਤਮ ਕਰਕੇ ਇੱਕ ਸਰਵਵਿਆਪਕ ਪਦਵੀ ਨਾਗਰਿਕ ਜਾਂ ਕਾਮਰੇਡ ਬਣਾਈ ਗਈ। ਚਰਚ ਨੂੰ ਜਾਰੀ ਰਹਿਣ ਦੀ ਆਗਿਆ ਦਿੱਤੀ ਗਈ ਪ੍ਰੰਤੂ ਉਸਦਾ ਰੂਪ ਬਹੁਤ ਛੋਟਾ ਕਰ ਦਿੱਤਾ ਗਿਆ। ਚਰਚ ਦੀ ਸਾਰੀ ਜਾਇਦਾਦ ਜਬਤ ਕਰ ਲਈ ਗਈ।

ਰੂਸੀ ਕ੍ਰਾਂਤੀ ਤੋਂ ਬਾਅਦ ਸਿੱਖਿਆ ਦੇ ਖੇਤਰ 'ਚ ਬਾਕਮਾਲ ਕਾਰਜ ਕੀਤੇ ਗਏ। ਰੂਸੀ ਕ੍ਰਾਂਤੀ ਸਮੇਂ 60% ਜਨਤਾ ਅਨਪੜ੍ਹ ਸੀ। ਦੋ ਦਹਾਕਿਆਂ ਵਿੱਚ ਸਾਖ਼ਰਤਾ ਦਰ ਆਦਮੀਆਂ 86% ਅਤੇ ਔਰਤਾਂ ਦੀ 65% ਤੱਕ ਪਹੁੰਚਾ ਦਿੱਤੀ ਗਈ। ਸਕੂਲਾਂ ਵਿੱਚ ਧਰਮ ਦੀ ਵਿੱਦਿਆ 'ਤੇ ਪਾਬੰਦੀ ਲਾ ਦਿੱਤੀ ਗਈ। ਸਹਿ-ਸਿੱਖਿਆ (ਫਰ-ਕਦਚਫ਼ਵਜਰਅ) ਨੂੰ ਫੌਰੀ ਲਾਗੂ ਕੀਤਾ ਗਿਆ ਤਾਂ ਕਿ ਲਿੰਗ ਭੇਦ ਖਤਮ ਕੀਤਾ ਜਾ ਸਕੇ। ਕਾਮਰੇਡ ਲੈਨਿਨ ਨੇ ਕਿਹਾ ਸੀ ਕਿ "ਜਦੋਂ ਤੱਕ ਦੇਸ਼ ਵਿੱਚ ਅਨਪੜ੍ਹਤਾ ਹੈ ਸਿਆਸੀ ਸਿੱਖਿਆ ਬਾਰੇ ਗੱਲ ਕਰਨੀ ਮੁਸ਼ਕਿਲ ਹੈ।"

ਸਮੁੱਚੀ ਵਿੱਦਿਆ ਮਾਤ-ਭਾਸ਼ਾ ਵਿੱਚ ਦਿੱਤੀ ਗਈ। ਮਾਤ ਭਾਸ਼ਾ ਨੂੰ ਬਹੁਤ ਜ਼ੋਰਦਾਰ ਤਰੀਕੇ ਨਾਲ ਲਾਗੂ ਕੀਤਾ ਗਿਆ। ਹਰ ਛੋਟੇ ਤੋਂ ਛੋਟੇ ਭਾਸ਼ਾਈ ਭਾਈਚਾਰੇ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਗਿਆ। ਇਸਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 1924 ਤੱਕ ਸਕੂਲੀ ਕਿਤਾਬਾਂ 25 ਭਾਸ਼ਾਵਾਂ ਵਿੱਚ ਛਪਦੀਆਂ ਸਨ, 1925 ਤੱਕ 35 ਭਾਸ਼ਾਵਾਂ ਵਿੱਚ ਛਪਣ ਲੱਗੀਆਂ ਅਤੇ 1927 ਤੱਕ ਪਹੁੰਚਦਿਆਂ ਇਹ 45 ਭਾਸ਼ਾਵਾਂ ਵਿੱਚ ਛਪਣ ਲੱਗੀਆਂ।

ਸਕੂਲਾਂ ਵਿੱਚ ਵਿਦਿਆਰਥੀਆਂ ਦੀਆਂ ਸਰਕਾਰਾਂ ਸਨ, ਐਲੀਮੈਂਟਰੀ ਸਕੂਲ ਤੱਕ ਵਿਦਿਆਰਥੀ ਆਪਣੇ ਨੁਮਾਇੰਦੇ ਚੁਣਦੇ ਸਨ ਅਤੇ ਉਹ ਅਧਿਆਪਕਾਂ ਨਾਲ ਮਿਲ ਕੇ ਸਕੂਲ ਚਲਾਉਂਦੇ ਸਨ। ਇਸ ਤਰ੍ਹਾਂ ਵਿਦਿਆਰਥੀ ਸਮੂਹਿਕ ਕੰਮ ਕਰਨਾ ਸਿੱਖਦੇ ਸਨ। ਦੋਹਾਂ ਦੀ ਆਵਾਜ਼ ਬਰਾਬਰ ਸੁਣੀ ਜਾਂਦੀ ਸੀ। ਇੱਕ ਅਮਰੀਕਨ ਬੀਬੀ ਨੇ ਇੱਕ ਸਕੂਲ ਦਾ ਦੌਰਾ ਕੀਤਾ। ਉਸਨੇ ਬੱਚਿਆਂ ਲਈ ਚਾਕਲੇਟ ਲਿਆਂਦੇ ਜੋ ਵਿਦਿਆਰਥੀ ਨੁਮਾਇੰਦਿਆਂ ਨੇ ਹਾਸਲ ਕਰਕੇ ਸਾਰੇ ਵਿਦਿਆਰਥੀਆਂ 'ਚ ਬਰਾਬਰ ਵੰਡ ਦਿੱਤੇ। ਇਸੇ ਤਰ੍ਹਾਂ ਸਕੂਲ ਦਾ ਅਨੁਸਾਸ਼ਨ ਵੀ ਚੁਣੇ ਹੋਏ ਨੁਮਾਇੰਦੇ ਹੀ ਦੇਖਦੇ ਸਨ।

ਕੁਝ ਸਕੂਲਾਂ 'ਚ ਵਿਦਿਆਰਥੀ ਦਰਜਨ ਤੋਂ ਵੱਧ ਭਾਸ਼ਾਵਾਂ ਬੋਲਦੇ ਸਨ ਤਾਂ ਕਿ ਇੱਕ ਸਾਂਝੀ ਭਾਸ਼ਾ ਵਿਕਸਤ ਕੀਤੀ ਜਾ ਸਕੇ। ਰੂਸ ਵਿੱਚ ਲੱਖਾਂ ਬੱਚੇ ਵਿਸ਼ਵ ਯੁੱਧ, ਸਿਵਲ ਵਾਰ ਕਰਕੇ ਅਨਾਥ ਹੋ ਗਏ ਸਨ। ਉਹਨਾਂ ਬੱਚਿਆਂ ਲਈ ਘਰ ਤੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ।

ਯੂਨੀਵਰਸਿਟੀਆਂ ਨੂੰ ਕਾਮਿਆਂ ਲਈ ਵੀ ਖੋਲਿਆ ਗਿਆ। ਮੁੱਢਲੀ ਪ੍ਰੀਖਿਆ ਦੀ ਸ਼ਰਤ ਖਤਮ ਕਰ ਦਿੱਤੀ ਗਈ ਤਾਂ ਕਿ ਉਹ ਲੈਕਚਰ ਅਟੈਂਡ ਕਰ ਸਕਣ। ਜਨਤਕ ਲਾਇਬਰੇਰੀਆਂ ਵੱਡੀ ਪੱਧਰ 'ਤੇ ਖੋਲੀਆਂ ਗਈਆਂ। ਲੋਕਾਂ 'ਚ ਗਿਆਨ ਦੀ ਭੁੱਖ ਸਪੱਸ਼ਟ ਦੇਖੀ ਜਾ ਸਕਦੀ ਸੀ ਕਿਉਂਕਿ ਉਹ ਜ਼ਿੰਦਗੀ ਤੇ ਸਮਾਜ ਬਾਰੇ ਫੈਸਲਾ ਲੈਣਾ ਚਾਹੁੰਦੇ ਸਨ ਤੇ ਇਸ ਲਈ ਵੱਧ ਗਿਆਨ ਚਾਹੁੰਦੇ ਸਨ।

ਨੰਬਰ ਵਿਦਿਆਰਥੀਆਂ ਦੀ ਯੋਗਤਾ ਦਾ ਮਾਪਦੰਡ ਨਹੀਂ ਸਨ। ਕੋਈ ਗਰੇਡਿੰਗ ਸਿਸਟਮ ਨਹੀਂ ਸੀ। ਪ੍ਰੀਖਿਆਵਾਂ ਨੂੰ ਵੱਡੀ ਪੱਧਰ 'ਤੇ ਖਤਮ ਕਰ ਦਿੱਤਾ ਗਿਆ। ਇੱਥੋਂ ਤੱਕ ਉਚੇਰੀ ਸਿੱਖਿਆ ਲਈ ਪ੍ਰਵੇਸ਼ ਪ੍ਰੀਖਿਆ ਖਤਮ ਕਰ ਦਿੱਤੀ ਗਈ। ਕਿਉਂ ? ਜਵਾਬ ਸੀ ਜਿਸ ਚੀਜ਼ ਦਾ ਕਿਸੇ ਨੂੰ ਲਾਭ ਨਹੀਂ ਉਹ ਉਸਨੂੰ ਕਿਉਂ ਪੜੂ, ਜੋ ਪੜ੍ਹਨਾ ਚਾਹੁੰਦਾ ਹੈ ਉਸਨੂੰ ਰੋਕਣਾ ਕਿਉਂ ?

ਸਿਹਤ ਖੇਤਰ ਵਿੱਚ ਵੀ ਸੋਵੀਅਤ ਰੂਸ ਨੇ ਜ਼ਬਰਦਸਤ ਕੰਮ ਕੀਤਾ। ਸਾਰੇ ਲੋਕਾਂ ਨੂੰ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਗਿਆ। ਡਾਕਟਰਾਂ, ਨਰਸਾਂ ਨੂੰ ਇਸ ਤਰ੍ਹਾਂ ਸਿੱਖਿਅਤ ਕੀਤਾ ਗਿਆ ਕਿ ਇਲਾਜ ਲੋਕਾਂ ਦਾ ਹੱਕ ਹੈ, ਇਹ ਮੁਨਾਫੇ ਲਈ ਨਹੀਂ ਹੈ। 1912 ਤੱਕ ਮੈਡੀਕਲ ਰਿਸਰਚ



ਇੰਸਟੀਚਿਊਟ ਕੋਈ ਵੀ ਨਹੀਂ ਸੀ, 1930 ਤੱਕ ਇਹਨਾਂ ਦੀ ਗਿਣਤੀ 106 ਸੀ। ਵੱਡੇ-ਵੱਡੇ ਮਹਿਲ ਤੇ ਵੱਡੇ ਘਰ ਜੋ ਇਨਕਲਾਬ ਤੋਂ ਪਹਿਲਾਂ ਧਨਾਢਾਂ ਕੋਲ ਸੀ, ਉਹਨਾਂ ਨੂੰ ਬਿਮਾਰ ਮਜ਼ਦੂਰਾਂ ਲਈ ਆਰਾਮ ਘਰਾਂ ਵਿੱਚ ਤਬਦੀਲ ਕਰ ਦਿੱਤਾ ਗਿਆ।

ਧਰਤੀ ਦਾ ਅੱਧ ਔਰਤਾਂ ਨੂੰ ਧਰਤੀ 'ਤੇ ਪਹਿਲੀ ਵਾਰ ਹਕੀਕੀ ਬਰਾਬਰੀ ਤੇ ਸਨਮਾਨ ਦਾ ਅਹਿਸਾਸ ਸੋਵੀਅਤ ਰੂਸ ਦੇ ਕਮਿਊਨਿਸਟ ਰਾਜ ਨੇ ਕਰਵਾਇਆ ਅਤੇ ਮਨੁੱਖੀ ਇਤਿਹਾਸ ਵਿੱਚ ਔਰਤਾਂ ਲਈ ਉਹ ਕਾਰਜ ਕੀਤੇ ਜੋ ਇਤਿਹਾਸ 'ਚ ਪਹਿਲੀ ਵਾਰ ਹੋਏ।

1897 ਤੱਕ 13.1% ਔਰਤਾਂ ਹੀ ਪੜ੍ਹੀਆਂ ਸਨ, ਉਹ ਪਿੱਤਰੀ ਸੱਤਾ ਹੇਠ ਦਰੜੀਆਂ ਜਾ ਰਹੀਆਂ ਹਨ। ਪਤੀਆਂ ਨੂੰ ਪਤਨੀਆਂ ਨੂੰ ਕੁੱਟਣ ਦਾ ਅਧਿਕਾਰ ਸੀ। 12 ਤੋਂ 14 ਸਾਲ ਤੱਕ ਦੀਆਂ ਕੁੜੀਆਂ ਕਾਰਖਾਨਿਆਂ 'ਚ 18-18 ਘੰਟੇ ਕੰਮ ਕਰਦੀਆਂ ਸਨ। ਭਾਵੇਂ ਉਦਯੋਗਿਕ ਵਿਕਾਸ ਨੇ ਔਰਤਾਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰ ਕੱਢਿਆ ਪਰ ਅਸਲ ਮੁਕਤੀ ਦਾ ਰਾਹ ਬਾਲਸ਼ਵਿਕ ਕ੍ਰਾਂਤੀ ਨੇ ਖੋਲਿਆ ਕਿਉਂਕਿ 1914 ਤੋਂ ਬਾਅਦ ਕੱਪੜਾ ਉਦਯੋਗ ਵਿੱਚ ਔਰਤਾਂ ਦੀ ਬਹੁਗਿਣਤੀ ਸਥਾਪਿਤ ਹੋ ਚੁੱਕੀ ਸੀ।

ਅਕਤੂਬਰ ਇਨਕਲਾਬ ਤੋਂ ਬਾਅਦ ਸਾਰੇ ਕਾਨੂੰਨ ਰੱਦ ਕਰ ਦਿੱਤੇ ਗਏ ਜੋ ਔਰਤ ਨੂੰ ਦੂਜੇ ਦਰਜੇ 'ਤੇ ਰੱਖਦੇ ਸਨ। ਆਜ਼ਾਦੀ 'ਤੇ ਰੋਕਾਂ ਹਟਾ ਦਿੱਤੀਆਂ ਗਈਆਂ, ਜ਼ਮੀਨ ਦਾ ਬਰਾਬਰ ਅਧਿਕਾਰ ਦਿੱਤਾ ਗਿਆ। ਵਿਆਹ ਤੇ ਬੱਚਿਆਂ ਦੀ ਰਜਿਸਟਰੇਸ਼ਨ ਨੂੰ ਚਰਚ ਦੇ ਅਧਿਕਾਰ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਮੈਟਰਨਿਟੀ ਲੀਵ ਨੂੰ ਤਨਖਾਹ ਸਮੇਤ ਪ੍ਰਵਾਨ ਕੀਤਾ ਜਾਣ ਲੱਗ ਪਿਆ। ਕਾਰਖਾਨਿਆਂ ਨਾਲ ਬੱਚਿਆਂ ਲਈ ਸੰਭਾਲ ਕੇਂਦਰ ਖੋਲੇ ਗਏ।

ਰੂਸ ਦੁਨੀਆਂ 'ਚ ਪਹਿਲਾ ਮੁਲਕ ਬਣਿਆ ਜਿੱਥੇ ਗਰਭਪਾਤ ਨੂੰ ਕਾਨੂੰਨੀ ਅਧਿਕਾਰ ਦਿੱਤਾ ਜਦਕਿ ਡੈਨਮਾਰਕ ਤੇ ਅਮਰੀਕਾ ਨੇ ਇਹ ਅਧਿਕਾਰ ਔਰਤਾਂ ਨੂੰ 50 ਸਾਲਾਂ ਬਾਅਦ ਦਿੱਤਾ।

ਅਲੈਕਸਾਂਦਰਾ ਕੋਲੋਨਤਾਏ ਦੁਨੀਆਂ ਦੀ ਪਹਿਲੀ ਔਰਤ ਸੀ ਜਿਸਨੂੰ ਰੂਸ ਵਿੱਚ ਮੰਤਰੀ ਬਣਾਇਆ ਗਿਆ। ਔਰਤਾਂ ਦੇ ਕੰਮਾਂ ਨੂੰ ਜੋ ਕਿ ਇੱਕ ਸਮੇਂ ਤੱਕ ਮਹਿਜ ਔਰਤਾਂ ਦੇ ਹੀ ਸਮਝੇ ਜਾਂਦੇ ਸਨ, ਉਹਨਾਂ ਕੰਮਾਂ ਨੂੰ ਸਮਾਜ ਦੇ ਕੰਮ ਬਣਾਇਆ ਗਿਆ। ਜਿਵੇਂ ਪਬਲਿਕ ਧੋਬੀਘਾਟ (ਲਾਂਡਰੀ), ਸਮੂਹਿਕ ਰਸੋਈਘਰ, ਬੱਚਿਆਂ ਦੇ ਖੇਡਣ ਲਈ ਸਹੂਲਤਾਂ ਦਾ ਪ੍ਰਬੰਧ ਆਦਿ ਪ੍ਰਬੰਧ ਕੀਤੇ ਗਏ।

ਪਰਿਵਾਰ ਨੂੰ ਵੀ ਆਰਥਿਕ ਯੂਨਿਟ ਨਾ ਰਹਿਣ ਦਿੱਤਾ ਗਿਆ। ਪਤੀ-ਪਤਨੀ ਦਾ ਰਿਸ਼ਤਾ ਬਗੈਰ ਦਬਾਅ ਬਣਾਇਆ ਗਿਆ, ਜਿਸਨੂੰ ਰੱਖਣ-ਤੋੜਨ ਬਾਰੇ ਕਿਸੇ ਤੀਸਰੇ ਦਾ ਲੱਤ-ਅੜਿੱਕਾ ਨਹੀਂ ਸੀ। ਇਸ ਤੋਂ ਇਲਾਵਾ ਔਰਤਾਂ ਨੂੰ ਸਿਆਸਤ ਵਿੱਚ ਸਰਗਰਮ ਕਰਨ ਲਈ ਤਾਂ ਜੋ ਸਮਾਜਵਾਦੀ ਆਰਥਿਕਤਾ ਵਿੱਚ ਯੋਗਦਾਨ ਪਾ ਸਕਣ ਦੇ ਲਈ ਯਤਨ ਕੀਤੇ ਗਏ। 1927 ਤੱਕ 18 ਅਲੱਗ ਮੈਗਜ਼ੀਨ ਕੱਢੇ ਜਾਂਦੇ ਸਨ ਜੋ ਔਰਤਾਂ ਲਈ ਸਨ ਤੇ ਇਹ 3,86,000 ਦੀ ਗਿਣਤੀ ਵਿੱਚ ਛਪਦੇ ਸਨ। ਹੌਲੀ-ਹੌਲੀ ਹਜ਼ਾਰਾਂ ਔਰਤਾਂ ਬਾਲਸ਼ਵਿਕ ਪਾਰਟੀ ਦੀਆਂ ਮੈਂਬਰ ਬਣਨ ਲੱਗੀਆਂ। 1922 ਤੱਕ ਹੀ 41212 ਔਰਤਾਂ ਪਾਰਟੀ ਮੈਂਬਰ ਬਣ ਚੁੱਕੀਆਂ ਸਨ।

ਰੂਸ ਦੇ ਮਹਾਨ ਇਨਕਲਾਬ ਨੇ ਜਿੱਥੇ ਕਿਰਤੀ ਲੋਕਾਂ ਨੂੰ ਜ਼ਿੰਦਗੀ ਦੀ ਹਰ ਸੁੱਖ ਸਹੂਲਤ ਦਿੱਤੀ ਉਥੇ ਹੀ ਦੇਸ਼ ਵਿੱਚ ਰਹਿਣ ਵਾਲੀਆਂ ਕੌਮਾਂ ਉੱਤੇ ਸਮਾਜੀ ਅਤੇ ਕੌਮੀ ਜਬਰ ਦੀਆਂ ਜੰਜ਼ੀਰਾਂ ਤੋੜ ਦਿੱਤੀਆਂ ਅਤੇ ਇਉਂ ਦਰਸਾ ਦਿੱਤਾ ਕਿ ਸਾਰਾ ਸੰਸਾਰ ਦੇਖ ਸਕਦਾ ਸੀ ਕਿ ਲੋਕਾਂ ਅਤੇ ਕੌਮਾਂ ਦੇ ਆਤਮ-ਨਿਰਣੇ ਦਾ ਹੱਕ ਇੱਕ ਇਨਕਲਾਬੀ ਦਾਅ-ਪੇਚੀ ਚਾਲ ਨਹੀਂ ਸੀ, ਕੋਈ ਅਸਥਾਈ ਨਾਅਰਾ ਨਹੀਂ ਸੀ ਸਗੋਂ ਇੱਕ ਨਵਾਂ ਸੋਸ਼ਲਿਸਟ ਸਮਾਜ ਉਸਾਰਨ ਦਾ ਚੰਗੀ ਤਰ੍ਹਾਂ ਸੋਚਿਆ ਸਮਝਿਆ ਰਾਹ ਸੀ। 'ਰੂਸ ਦੀਆਂ ਕੌਮਾਂ ਦੇ ਹੱਕਾਂ ਦਾ ਐਲਾਨ' ਜਿਹੜਾ 2 ਨਵੰਬਰ 1917 ਨੂੰ ਪ੍ਰਵਾਨ ਕੀਤਾ ਗਿਆ, ਐਲਾਨ ਕਰਦਾ ਹੈ —

1) ਰੂਸ ਦੀਆਂ ਕੌਮਾਂ ਦੀ ਬਰਾਬਰੀ ਅਤੇ ਖੁਦਮੁਖਤਾਰੀ ਦਾ।

2) ਉਹਨਾਂ ਦੇ ਵੱਖ ਹੋਣ ਅਤੇ ਸੁਤੰਤਰ ਰਾਜ ਸਥਾਪਿਤ ਕਰਨ ਤੱਕ ਆਜ਼ਾਦ ਆਤਮ-ਨਿਰਣੇ ਦੇ ਹੱਕ ਦਾ।

3) ਸਭਨਾਂ ਅਤੇ ਹਰ ਇੱਕ ਕੌਮੀ ਅਤੇ ਕੌਮੀ ਧਾਰਮਿਕ ਵਿਸ਼ੇਸ਼ ਹੱਕਾਂ ਅਤੇ ਬੰਦਿਸ਼ਾਂ ਦੇ ਅੰਤ ਦਾ।

4) ਰੂਸ ਦੇ ਇਲਾਕੇ ਵਿੱਚ ਵਸਦੀਆਂ ਕੌਮੀ ਘੱਟ ਗਿਣਤੀਆਂ ਅਤੇ ਨਸਲੀ ਟੋਲੀਆਂ ਦੇ ਆਜ਼ਾਦ ਵਿਕਾਸ ਦਾ।

ਸੋਸ਼ਲਿਸਟ ਇਨਕਲਾਬ ਤੋਂ ਪਿੱਛੋਂ ਫਿਨਲੈਂਡ ਦੇ ਜਿਹੜਾ ਰੂਸੀ ਸਲਤਨਤ ਦਾ ਇੱਕ ਹਿੱਸਾ ਸੀ, ਰੂਸ ਤੋਂ ਵੱਖ ਹੋਣ ਅਤੇ ਇਹਦੇ ਇੱਕ ਖੁਦ-ਮੁਖਤਾਰ ਰਾਜ ਬਣਨ ਨੇ ਇਹ ਦਰਸਾ ਦਿੱਤਾ ਕਿ ਸੋਵੀਅਤ ਸੱਤਾ ਅਤੇ ਲੈਨਿਨੀ ਪਾਰਟੀ ਦੀ ਕਥਨੀ ਅਤੇ ਕਰਨੀ ਵਿੱਚ ਕਦੀ ਵੀ ਅੰਤਰ ਨਹੀਂ ਸੀ।

ਰੂਸੀ ਇਨਕਲਾਬ ਨੇ ਇਹ ਵੀ ਦਰਸਾਇਆ ਕਿ ਮਨੁੱਖਾਂ ਵਿੱਚ ਕੋਈ ਵੀ ਅੰਤਰ ਨਹੀਂ ਕੀਤਾ ਜਾਂਦਾ। ਦੇਸ਼ ਦੇ ਮਹਾਨ ਆਗੂ ਲੈਨਿਨ ਤੇ ਆਮ ਮਜ਼ਦੂਰ ਦੀ ਤਨਖਾਹ ਇੱਕ ਸਮਾਨ ਸੀ। ਪੰਜਾਬੀ ਦੇ ਨਾਮਵਰ ਲੇਖਕ ਗੁਰਦਿਆਲ ਸਿੰਘ ਜੈਤੋ ਇੱਕ ਵਾਰ ਰੂਸ ਘੁੰਮਣ ਗਏ। ਜਦੋਂ ਉਹ ਲੈਨਿਨ ਦਾ ਘਰ ਦੇਖਣ ਗਏ ਤਾਂ ਰਸੋਈ ਵਿੱਚ 12 ਕੱਪ ਅਲੱਗ-ਅਲੱਗ ਦੇਖ ਕੇ ਗੁਰਦਿਆਲ ਸਿੰਘ ਜੈਤੋ ਬਹੁਤ ਹੈਰਾਨ ਹੋਇਆ ਕਿ ਇਹ ਲੈਨਿਨ ਨੂੰ ਕਿਸ ਤਰ੍ਹਾਂ ਦਾ ਸ਼ੌਕ ਸੀ, ਕੱਪ ਇੱਕ ਤਰ੍ਹਾਂ ਦੇ ਨਹੀਂ ਹਨ। ਤਾਂ ਜੋ ਗਾਇਡ ਗੁਰਦਿਆਲ ਸਿੰਘ ਨੂੰ ਲੈਨਿਨ ਦਾ ਘਰ ਦਿਖਾ ਰਹੀ ਸੀ, ਨੇ ਦੱਸਿਆ ਕਿ ਇਹ ਸ਼ੌਕ ਨਹੀਂ ਸੀ ਜਦੋਂ ਕੋਈ ਕੱਪ ਟੁੱਟ ਜਾਂਦਾ ਸੀ ਤਾਂ ਲੈਨਿਨ ਇੱਕ ਹੀ ਕੱਪ ਨਵਾਂ ਲੈ ਕੇ ਆਉਂਦਾ ਸੀ ਜਦੋਂ ਤਨਖਾਹ ਮਿਲਦੀ ਸੀ, ਨਾ ਕਿ ਸਾਰੇ ਕੱਪਾਂ ਦਾ ਸੈੱਟ। ਗੁਰਦਿਆਲ ਸਿੰਘ ਬਹੁਤ ਹੈਰਾਨ ਸੀ।

ਇਹ ਰੂਸੀ ਪ੍ਰਬੰਧ ਹੀ ਸੀ ਕਿ ਜਦੋਂ 1930ਵਿਆਂ 'ਚ ਪੂਰੇ ਯੂਰਪ ਦਾ ਮਜ਼ਦੂਰ ਆਰਥਿਕ ਮੰਦੀ ਕਰਕੇ ਬੇਰੁਜ਼ਗਾਰੀ ਦਾ ਸ਼ਿਕਾਰ ਸੀ ਤਾਂ ਰੂਸ ਵਿੱਚ ਮਜ਼ਦੂਰ ਰਾਜ ਭਾਗ ਸੰਭਾਲ ਰਹੇ ਸਨ।

ਅੱਜ ਜਦੋਂ ਅਸੀਂ ਰੂਸੀ ਕ੍ਰਾਂਤੀ ਦੀ 100ਵੀਂ ਵਰ੍ਹੇਗੰਢ ਮਨਾ ਰਹੇ ਹਾਂ ਤਾਂ ਭਾਰਤ ਵਿੱਚ ਕਸ਼ਮੀਰ ਸਮੇਤ ਵੱਖ-ਵੱਖ ਕੌਮੀਅਤਾਂ ਭਾਰਤੀ ਜਬਰ ਦਾ ਸ਼ਿਕਾਰ ਹਨ, ਉਹਨਾਂ ਨੂੰ ਸਵੈ-ਨਿਰਣੇ ਦਾ ਅਧਿਕਾਰ ਨਹੀਂ ਦਿੱਤਾ ਜਾ ਰਿਹਾ। ਦੇਸ਼ ਦੇ ਕਰੋੜਾਂ ਬੇਜ਼ਮੀਨੇ ਤੇ ਛੋਟੇ ਕਿਸਾਨ ਮੰਦਹਾਲੀ ਦਾ ਸ਼ਿਕਾਰ ਹਨ, ਦੇਸ਼ ਦੇ ਮਜ਼ਦੂਰ ਜੋ ਜਾਤੀ ਦਮਨ ਦਾ ਵੀ ਸ਼ਿਕਾਰ ਹਨ, ਅੱਤ ਦੀ ਗੁਰਬਤ ਭੋਗ ਰਿਹਾ ਹਨ। ਰੁਜ਼ਗਾਰ, ਸਿਹਤ ਸਿੱਖਿਆ ਵਰਗੀਆਂ ਸਹੂਲਤਾਂ ਖੰਭ ਲਾ ਕੇ ਉੱਡ ਗਈਆਂ ਹਨ। ਅਜਿਹੇ ਦੌਰ 'ਚ ਰੂਸੀ ਕ੍ਰਾਂਤੀ ਸਾਡਾ ਰਾਹ ਦਰਸਾਵਾ ਹੈ। ਜੋ ਕੌਮੀਅਤਾਂ, ਘੱਟ-ਗਿਣਤੀਆਂ, ਕਿਸਾਨਾਂ, ਮਜ਼ਦੂਰਾਂ ਨੂੰ ਉਹਨਾਂ ਦਾ ਹੱਕ ਦਿਵਾ ਸਕਣ। ਜੇ ਅਜਿਹਾ ਪ੍ਰਬੰਧ ਚਾਹੀਦਾ ਹੈ ਤਾਂ ਆਓ ਜੂਝੀਏ।

# ਦਿੱਲੀ 'ਚ ਕਿਸਾਨ ਸੰਸਦ: ਕਰਜ਼ੇ 'ਤੇ ਲੀਕ ਫੇਰਨ ਦਾ 'ਬਿੱਲ' ਪਾਸ



ਨਵੀਂ ਦਿੱਲੀ : ਮੁਲਕ ਭਰ ਤੋਂ ਇਥੇ ਇਕੱਤਰ ਹੋਏ ਹਜ਼ਾਰਾਂ ਕਿਸਾਨਾਂ ਨੇ ਮੰਗ ਕੀਤੀ ਕਿ ਇਕ ਵਾਰ ਕਿਸਾਨਾਂ ਦੇ ਪੂਰੇ ਕਰਜ਼ੇ 'ਤੇ ਲੀਕ ਫੇਰੀ ਜਾਵੇ ਅਤੇ ਜਿਣਸਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ। 'ਕਿਸਾਨ ਮੁਕਤੀ ਸੰਸਦ' ਵਿੱਚ ਕਰਜ਼ਾ ਮੁਆਫ਼ੀ ਅਤੇ ਜਿਣਸਾਂ ਦੇ ਲਾਹੇਵੰਦ ਭਾਅ ਬਾਰੇ ਦੋ 'ਬਿੱਲ' ਪਾਸ ਕੀਤੇ ਗਏ। ਇਹ ਇਕੱਤਰਤਾ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ, ਜਿਸ 'ਚ ਮੁਲਕ ਭਰ ਦੀਆਂ 180 ਕਿਸਾਨ ਜਥੇਬੰਦੀਆਂ ਸ਼ਾਮਲ ਹਨ, ਦੇ ਬੈਨਰ ਹੇਠ ਕੀਤੀ ਗਈ ਸੀ। ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਮੁਤਾਬਕ ਉਨ੍ਹਾਂ ਵੱਲੋਂ ਪਾਸ ਕੀਤੇ ਗਏ ਇਹ 'ਬਿੱਲ' ਸੰਸਦ 'ਚ ਪ੍ਰਾਈਵੇਟ ਮੈਂਬਰ ਦੇ ਬਿੱਲ ਵਜੋਂ ਸਵੈਭਿਮਾਨੀ ਪਕਸ਼ਾ ਦੇ ਲੋਕ ਸਭਾ ਮੈਂਬਰ ਰਾਜੂ ਸ਼ੈਟੀ ਅਤੇ ਸੀਪੀਆਈ(ਐਮ) ਦੇ ਰਾਜ ਸਭਾ ਮੈਂਬਰ ਕੇਕੇ ਰਾਗੇਸ਼ ਵੱਲੋਂ ਪੇਸ਼ ਕੀਤੇ ਜਾਣਗੇ। ਆਲ ਇੰਡੀਆ ਕਿਸਾਨ ਸਭਾ ਦੇ ਆਗੂ ਅਸ਼ੋਕ ਧਾਵਲੇ ਨੇ ਕਿਹਾ, 'ਸੰਸਦ ਵਿੱਚ ਇਨ੍ਹਾਂ ਪ੍ਰਾਈਵੇਟ ਬਿੱਲਾਂ ਦਾ ਪਾਸ ਹੋਣਾ ਯਕੀਨੀ ਬਣਾਉਣ ਲਈ ਅਸੀਂ ਹੋਰ ਰਾਜਸੀ ਪਾਰਟੀਆਂ ਤੋਂ ਵੀ ਸਮਰਥਨ ਮੰਗਾਂਗੇ।'

ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਮੁਤਾਬਕ, 'ਫ਼ਸਲਾਂ 'ਤੇ ਲਾਗਤ ਖ਼ਰਚ ਵਧਣ (ਜਿਵੇਂ ਤੇਲ, ਕੀਟਨਾਸ਼ਕਾਂ, ਖਾਦਾਂ ਤੇ ਇਥੋਂ ਤਕ ਕੇ ਪਾਣੀ) ਅਤੇ ਸਰਕਾਰ ਵੱਲੋਂ ਸਬਸਿਡੀਆਂ ਵਿੱਚ ਕਟੌਤੀ ਕੀਤੇ ਜਾਣੇ ਕਾਰਨ ਕਿਸਾਨਾਂ ਦੀ ਆਮਦਨ ਅਤੇ ਖਰਚ ਵਿੱਚ ਵੱਡਾ 'ਪਾੜਾ' ਪੈ ਗਿਆ ਹੈ।' ਪ੍ਰਦਰਸ਼ਨਕਾਰੀ ਕਿਸਾਨਾਂ ਨੇ ਦੋਸ਼ ਲਾਇਆ ਕਿ ਸੱਤਾਧਾਰੀ ਭਾਜਪਾ ਨੇ ਆਪਣੇ ਰਾਜਸੀ ਹਿੱਤਾਂ ਦੀ ਪੂਰਤੀ ਤੋਂ ਸਿਵਾਏ ਕਿਸਾਨਾਂ ਲਈ ਕੁੱਝ ਨਹੀਂ ਕੀਤਾ। ਸੀਪੀਆਈ ਆਗੂ ਅਤੁਲ ਅਣਜਾਣ ਨੇ ਕਿਹਾ, 'ਪ੍ਰਧਾਨ ਮੰਤਰੀ ਪਹਿਲਾਂ ਕਹਿੰਦੇ ਸਨ ਕਿ ਕੋਈ ਵੀ ਸੂਬਾਈ ਸਰਕਾਰ ਘੱਟੋ ਘੱਟ ਸਮਰਥਨ ਮੁੱਲ (ਐਮਐਸਪੀ) 'ਤੇ ਬੋਨਸ ਨਹੀਂ ਦੇਵੇਗੀ ਅਤੇ ਹੁਣ ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਕਪਾਹ ਦੇ ਭਾਅ ਘੱਟ ਹਨ ਤਾਂ ਗੁਜਰਾਤ ਸਰਕਾਰ ਨੇ ਪ੍ਰਤੀ ਗੱਠ 500 ਰੁਪਏ ਬੋਨਸ ਦੇਣ ਦਾ ਐਲਾਨ ਕਰ ਦਿੱਤਾ ਹੈ। ਪਰ ਪੰਜਾਬ, ਤਾਮਿਲ ਨਾਡੂ, ਮਹਾਰਾਸ਼ਟਰ ਜਾਂ ਕਰਨਾਟਕ ਦੇ ਕਿਸਾਨਾਂ ਨੇ ਸਰਕਾਰ ਦਾ ਕੀ ਵਿਗਾੜਿਆ ਹੈ ? ਇਹ ਸਪੱਸ਼ਟ ਤੌਰ 'ਤੇ ਸਰਕਾਰ ਵੱਲੋਂ ਕਿਸਾਨਾਂ ਨੂੰ ਲੁਭਾਇਆ ਅਤੇ ਹਾਲਾਤ ਨੂੰ ਆਪਣੇ ਰਾਜਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ, ਜੋ ਕਿਸਾਨਾਂ ਦੇ ਹਿੱਤ 'ਚ ਨਹੀਂ ਹੈ।' ਬੀਕੇਯੂ ਏਕਤਾ (ਡਕੌਂਦਾ) ਦੇ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਪੰਜਾਬ 'ਚ ਸੱਤਾਧਾਰੀ ਕਾਂਗਰਸ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਦੀ ਪੋਲ ਖੋਲ੍ਹੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਰਕਾਰ ਨੇ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ਼ ਕਰਨ ਬਜਾਏ ਪੰਜ ਏਕੜ ਤੋਂ ਹੇਠਾਂ ਵਾਲੇ ਕਿਸਾਨਾਂ ਦੇ ਸਿਰਫ਼ ਦੋ ਲੱਖ ਰੁਪਏ ਮੁਆਫ਼ ਕਰਨ ਦਾ ਅਖ਼ਬਾਰੀ ਵਾਅਦਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸ਼ਾਹੂਕਾਰਾ ਕਰਜ਼ੇ ਦੀ ਗੱਲ ਹੀ ਨਹੀਂ ਕੀਤੀ ਜਾ ਰਹੀ, ਜੋ 90 ਫ਼ੀਸਦ ਹੈ। ਕਰਜ਼ੇ ਕਾਰਨ ਪੰਜਾਬ ਦੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਇਸ ਮੌਕੇ ਡਾ. ਦਰਸ਼ਨ ਪਾਲ, ਪ੍ਰੇਮ ਸਿੰਘ ਗਹਿਲਾਵਤ ਤੇ ਭੁਪਿੰਦਰ ਸਾਂਬਰ ਆਦਿ ਬੁਲਾਰਿਆਂ ਨੇ ਜ਼ੋਰਦਾਰ ਢੰਗ ਨਾਲ ਕਿਸਾਨਾਂ ਦੀਆਂ ਮੰਗਾਂ ਰੱਖੀਆਂ।

# ਸਾਮਰਾਜਵਾਦ ਦੀ ਚਾਕਰੀ ਕਰਦੀਆਂ ਗੈਰ ਸਰਕਾਰੀ ਸੰਸਥਾਵਾਂ (ਐਨ.ਜ਼ੀ.ਓਜ਼.)

ਧਰਮਅਰਥ ਕੰਮਾਂ ਦੇ ਅਜਿਹੇ ਥੁੜ ਚਿਰੇ ਅੰਜ਼ਾਮਾਂ ਨੂੰ ਭਾਂਪਦਿਆਂ ਹੀ ਸ਼ਾਂਤੀ ਸੈਨਾ ਦਾ ਗਠਨ ਕੀਤਾ ਗਿਆ ਸੀ। ਭਾਵੇਂ ਕਿ ਅਮਰੀਕਾ ਦੀ ਕਾਨੂੰਨ ਘੜਨੀ ਸੰਸਦ ਨੇ ਇਸ ਸੈਨਾ ਦਾ ਗਠਨ ਵੇਲੇ ਇਸ ਦਾ ਆਸ਼ਾ ਬਿਆਨ ਕਰਦਿਆਂ ਕਿਹਾ ਸੀ, "ਇਸ ਸੈਨਾ ਰਾਹੀਂ ਸੰਸਾਰ ਅੰਦਰ ਸ਼ਾਂਤੀ ਤੇ ਦੋਸਤੀ ਨੂੰ ਉਗਾਸਾ ਦੇਣਾ ਹੈ, ਜਿਸ ਰਾਹੀਂ ਅਮਰੀਕਾ ਦੀ ਸੈਨਾ 'ਚ ਭਰਤੀ ਹੋਣ ਦੇ ਕਾਬਲ ਅਤੇ ਔਖੇਰੀਆਂ ਹਾਲਤਾਂ 'ਚ ਕੰਮ ਕਰਨ ਤੋਂ ਨਾ ਝਿਜਕਣ ਵਾਲੇ ਮਰਦਾਂ ਅਤੇ ਔਰਤਾਂ ਨੂੰ ਉਹਨਾਂ ਦੇਸ਼ਾਂ ਦੇ ਲੋਕਾਂ ਅਤੇ ਇਲਾਕਿਆਂ 'ਚ ਉਹਨਾਂ ਦੇਸ਼ਾਂ ਦੀਆਂ ਲੋੜਾਂ ਅਨੁਸਾਰ ਯੋਗਤਾ ਪ੍ਰਾਪਤ ਮਨੁੱਖੀ ਸਰੋਤ ਮੁਹੱਈਆ ਕਰਵਾਉਣਾ ਅਤੇ ਇਉਂ ਕਰਦਿਆਂ ਅਮਰੀਕੀ ਲੋਕਾਂ ਦੀ ਉਹਨਾਂ ਦੂਸਰੇ ਦੇਸ਼ਾਂ ਦੇ ਲੋਕਾਂ ਵਿਚਕਾਰ ਅਤੇ ਦੂਸਰੇ ਦੇਸ਼ਾਂ ਦੇ ਲੋਕਾਂ ਦੀ ਅਮਰੀਕੀ ਲੋਕਾਂ ਨਾਲ ਦੋਸਤੀ ਤੇ ਸਮਝ ਨੂੰ ਹੁਲਾਰਾ ਦੇਣਾ ਹੈ।" ਆਪਣੇ ਗਠਨ ਦੇ ਫੌਰਨ ਬਾਅਦ ਹੀ ਇਸ ਸ਼ਾਂਤੀ ਸੈਨਾ ਨੇ ਆਪਣਾ ਕੰਮ ਕਰਨ ਲਈ ਘਾਨਾ 'ਚ ਵਲੰਟੀਅਰ ਭੇਜੇ। ਗਠਨ ਦੇ ਦੋ ਸਾਲਾਂ ਅੰਦਰ-ਅੰਦਰ ਦੁਨੀਆਂ ਦੇ 50 ਤੋਂ ਵੱਧ ਦੇਸ਼ਾਂ 'ਚ ਸ਼ਾਂਤੀ ਸੈਨਾ ਦੇ 5000 ਵਲੰਟੀਅਰ ਆਪੋ-ਆਪਣਾ ਕੰਮ ਕਰ ਰਹੇ ਸਨ। ਜਦ ਕਿ 1966 ਤੱਕ ਅਪੜਦਿਆਂ ਅਪੜਦਿਆਂ ਇਹਨਾਂ ਦੀ ਗਿਣਤੀ 15556 ਦਾ ਅੰਕੜਾ ਪਾਰ ਕਰ ਗਈ। ਇਹ ਸ਼ਾਂਤੀ ਸੈਨਾ ਕਿਵੇ ਬਗਾਨੇ ਦੇਸ਼ਾਂ 'ਚ ਜਾ ਕੇ ਕੰਮ ਕਰਦੀ ਹੈ ਇਹਦੇ ਬਾਰੇ ਬਹੁਤੀ ਵਿਆਖਿਆ ਦੀ ਜ਼ਰੂਰਤ ਨਹੀਂ। ਪਰ ਅਮਰੀਕੀ ਸ਼ਾਂਤੀ ਸੈਨਾ ਦੇ ਗਠਨ ਦੀ ਦੇਖਾ ਦੇਖੀ ਸੰਸਾਰ ਪੱਧਰ 'ਤੇ ਸ਼ਾਂਤੀ ਸਥਾਪਨਾ ਦਾ ਕੰਮ ਕਰਨ ਵਾਲੀਆਂ ਹੋਰ ਅਨੇਕਾਂ ਰੰਗ ਬਰੰਗੀਆਂ ਸੰਸਥਾਵਾਂ ਹੋਂਦ 'ਚ ਆ ਗਈਆਂ।

ਅਜਿਹੀਆਂ ਗੈਰ ਸਰਕਾਰੀ ਸੰਸਥਾਵਾਂ ਦੇ ਢਾਂਚੇ, ਮਕਸਦ ਅਤੇ ਇਹਨਾਂ ਦੀ ਉਪਯੋਗਤਾ ਅਤੇ ਇਹਨਾਂ ਦੇ ਚਲਣ ਢੰਗ 'ਤੇ ਬਾਰੀਕੀ ਨਾਲ ਚਾਨਣਾ ਪਾਉਣ ਦੇ ਮਕਸਦ ਨਾਲ ਹੇਠਲਾ ਲੇਖ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਹ ਲੇਖ ਜੇਮਜ਼ ਪੀਤਰਾਸ ਅਤੇ ਹੈਨਰੀ ਵੈਲਟਮੇਅਰ ਵੱਲੋਂ ਰਚੀ ਗਈ ਪੁਸਤਕ ਅਤੇ 2001 'ਚ ਪ੍ਰਕਾਸ਼ਤ ''ਗਲੋਬਲਾਈਜੇਸ਼ਨ ਅਣਮਾਸਕਡ (ਸੰਸਾਰੀਕਰਨ ਬੇਨਕਾਬ) 21 ਵੀ ਸਦੀ ਦਾ ਸਾਮਰਾਜ" 'ਚੋਂ ਲਿਆ ਗਿਆ ਹੈ। ਸਮੇਂ ਸਮੇਂ ਇਹਨਾਂ ਚੋਂ ਕੁੱਝ ਸੰਸਥਾਵਾਂ ਅਲੋਪ ਹੋ ਜਾਂਦੀਆਂ ਹਨ ਅਤੇ ਨਵੀਆਂ ਹਾਲਤਾਂ ਦੇ ਮੱਦੇ ਨਜ਼ਰ ਨਵੀਆਂ ਐਨਜੀਓ ਹੋਂਦ 'ਚ ਆ ਜਾਂਦੀਆਂ ਹਨ। ਆਪਣੇ ਪਾਠਕਾਂ ਦੀ ਸਹੂਲੀਅਤ ਲਈ ਇਸ ਲੇਖ ਦੀ ਅੰਤਿਕਾ ਵਜੋਂ ਕੌਮਾਂਤਰੀ ਤੇ ਕੌਮੀ ਪੱਧਰ 'ਤੇ ਕੁੱਝ ਕੁ ਮਹੱਤਵਪੂਰਨ 300 ਕੁ ਐਨ.ਜ਼ੀ.ਓ. ਦੀ ਲਿਸਟ (ਜੋ ਕਿ ਪੀ ਜੇ ਜੇਮਜ਼ ਦੀ "ਨਾਨ ਗਵਰਨਮੈਂਟਲ ਵਲੰਟਰੀ ਆਰਗੇਨਾਈਜੇਸ਼ਨਜ਼ (ਅਸਲੀ ਮਿਸ਼ਨ) 'ਚੋਂ ਧੰਨਵਾਦ ਸਹਿਤ ਲਈ ਗਈ ਹੈ ਅਤੇ ਇਸ ਲਿਸਟ ਨੂੰ ਪੰਜਾਬੀ ਰੂਪ ਦੇਣ 'ਚ ਸੇਵਾ ਮੁਕਤ ਪ੍ਰਿੰਸੀਪਲ ਰਣਜੀਤ ਸਿੰਘ ਨੇ ਯੋਗਦਾਨ ਪਾਇਆ ਹੈ।) ਪਾਠਕਾਂ ਦੀ ਜਾਣਕਾਰੀ ਹਿੱਤ ਜਾਰੀ ਕੀਤੀ ਗਈ ਹੈ। ਇਸ ਲਿਸਟ ਤੋਂ ਸੇਧ ਲੈ ਕੇ ਪਾਠਕ ਆਪਣੇ ਆਲੇ ਦੁਆਲੇ ਸਰਗਰਮ ਐਨ.ਜ਼ੀ.ਓਜ਼. ਬਾਰੇ ਹੋਰ ਵੀ ਡੂੰਘਾਈ ਨਾਲ ਪੁਣਛਾਣ ਕਰ ਸਕਦੇ ਹਨ।)

**-ਅਨੁਵਾਦਕ**

ਇਤਿਹਾਸ ਗਵਾਹ ਹੈ ਕਿ ਸਮਾਜ ਦੇ ਇੱਕ ਨਿਗੂਣੇ ਹਿੱਸੇ ਦੀ ਨੁਮਾਇੰਦਗੀ ਕਰਨ ਵਾਲੀਆਂ ਹਾਕਮ ਜਮਾਤਾਂ ਨੇ ਆਪਣੀ ਤਾਕਤ, ਮੁਨਾਫੇ ਤੇ ਸਹੂਲਤਾਂ (ਵਿਸ਼ੇਸ਼ ਹੱਕਾਂ) ਦੀ ਰਾਖੀ ਕਰਨ ਹਿਤ ਧੱਕੜ ਸਰਕਾਰੀ ਤੰਤਰ ਅਤੇ ਸਮਾਜਕ ਸੰਸਥਾਵਾਂ 'ਤੇ ਆਪਣੀ ਟੇਕ ਬਣਾਈ ਰੱਖੀ ਹੈ। ਪਿਛਲੇ ਸਮਿਆਂ 'ਚ ਖਾਸਕਰ ਤੀਜੀ ਦੁਨੀਆਂ ਦੇ ਮੁਲਕਾਂ ਅੰਦਰ ਸਾਮਰਾਜੀ ਹਾਕਮ ਜਮਾਤਾਂ ਦੱਬੇ ਕੁਚਲੇ (ਲੁੱਟੇ ਪੁੱਟੇ ਜਾਂਦੇ) ਲੋਕਾਂ ਨੂੰ ਕਾਬੂ 'ਚ ਰੱਖਣ ਲਈ ਅਤੇ ਉਹਨਾਂ ਅੰਦਰ ਪਨਪਦੇ ਰੋਹ ਨੂੰ ਲੀਹੋਂ ਲਾਹ ਕੇ ਇਸ ਰੋਹ ਨੂੰ ਧਾਰਮਿਕ ਤੇ ਫਿਰਕੂ ਦੰਗਿਆਂ ਅਤੇ ਟਕਰਾਵਾਂ 'ਚ ਬਦਲਣ ਲਈ ਦੇਸੀ ਅਤੇ ਵਿਦੇਸ਼ੀ ਧਾਰਮਿਕ ਸੰਸਥਾਵਾਂ ਦੀ ਮਾਲੀ ਮੱਦਦ ਅਤੇ ਪਾਲਣ ਪੋਸਣ ਕਰਦੀਆਂ ਰਹੀਆਂ ਹਨ।

ਚਾਹੇ ਅੱਜ ਕੱਲ ਵੀ ਇਹ ਸਿਲਸਿਲਾ ਜਾਰੀ ਹੈ ਪਰ ਅਜੋਕੇ ਸਮਿਆਂ 'ਚ ਇੱਕ ਨਵੀਂ ਸਮਾਜਕ ਸੰਸਥਾ ਨੇ ਅਵਤਾਰ ਧਾਰਿਆ ਹੈ ਜਿਹੜੀ ਲੋਕ ਰੋਹ ਨੂੰ ਕਾਬੂ 'ਚ ਰੱਖਣ ਤੇ ਇਸ ਨੂੰ ਵਿਚਾਰਧਾਰਕ ਭੰਬਲਭੂਸੇ 'ਚ ਪਾਉਣ ਦੀ ਉਹੀ ਪੁਰਾਣੀ ਭੂਮਿਕਾ ਅਦਾ ਕਰਦੀ ਹੈ। ਇਹ ਨਵੀਂ ਬਣੀ ਸੰਸਥਾ ਦਾ ਰੂਪ ਹੈ-ਆਪੂੰ ਬਣੀਆਂ "ਗੈਰ ਸਰਕਾਰੀ ਸੰਸਥਾਵਾਂ (ਐਨ.ਜ਼ੀ.ਓਜ਼.)।" ਅੱਜ ਤੀਜੀ ਦੁਨੀਆਂ ਦੇ ਮੁਲਕਾਂ ਅੰਦਰ ਅਜਿਹੀਆਂ ਘੱਟੋ ਘੱਟ 50000 ਐਨ.ਜ਼ੀ.ਓਜ਼. ਸਰਗਰਮ ਹਨ ਜਿਹੜੀਆਂ ਕੌਮਾਂਤਰੀ ਵਿਤੀ ਸੰਸਥਾਵਾਂ, ਯੂਰਪੀ, ਅਮਰੀਕੀ ਤੇ ਜਾਪਾਨੀ ਸਰਕਾਰੀ ਏਜੰਸੀਆਂ ਅਤੇ ਸਥਾਨਕ ਸਰਕਾਰਾਂ ਤੋਂ 10 ਬਿਲੀਅਨ (ਅਰਬ) ਡਾਲਰ ਤੋਂ ਕਿਤੇ ਵੱਧ ਇਮਦਾਦ ਦੇ ਰੂਪ 'ਚ ਹਾਸਲ ਕਰ ਰਹੀਆਂ ਹਨ। ਵੱਡੀਆਂ ਐਨ.ਜ਼ੀ.ਓਜ਼. ਦੇ ਮੈਨੇਜਰ ਆਪਣੀਆਂ ਐਨ.ਜ਼ੀ.ਓਜ਼. ਦੇ ਮਿਲੀਅਨ ਡਾਲਰਾਂ ਦੇ ਬਜਟਾਂ ਦੀ ਦੇਖ ਰੇਖ ਕਰਦੇ ਹਨ ਅਤੇ ਕਿਸੇ ਵੀ ਬਹੁ ਕੌਮੀ ਕਾਰਪੋਰੇਸ਼ਨ ਦੇ ਚੀਫ ਐਕਜੀਕਿਊਟਿਵ ਦੇ ਬਰਾਬਰ ਤਨਖਾਹਾਂ ਤੇ ਭੱਤੇ ਹਾਸਲ ਕਰਦੇ ਹਨ। ਉਹ ਹਵਾਈ ਜਹਾਜ਼ਾਂ ਦੇ ਝੂਟੇ ਲੈ ਕੇ ਕੌਮਾਂਤਰੀ ਕਾਨਫਰੰਸਾਂ 'ਚ ਸ਼ਿਰਕਤ ਕਰਦੇ ਹਨ, ਚੋਟੀ ਦੇ ਵਪਾਰੀਆਂ ਤੇ ਵਿੱਤੀ ਡਾਇਰੈਕਟਰਾਂ ਨਾਲ ਗੁਫ਼ਤਗੂ ਕਰਦੇ ਹਨ ਅਤੇ ਅਜਿਹੀਆਂ ਨੀਤੀਆਂ ਘੜਦੇ ਹਨ ਜਿਹੜੀਆਂ ਕਿ ਬਹੁਤੀਆਂ ਹਾਲਤਾਂ 'ਚ ਕਰੋੜਾਂ ਕਰੋੜ ਲੋਕਾਂ ਖਾਤਰ ਖਾਸਕਰ ਗ਼ਰੀਬਾਂ, ਔਰਤਾਂ ਤੇ ਗੈਰ ਜਥੇਬੰਦ ਖੇਤਰਾਂ ਦੇ ਕਾਮਿਆਂ ਦੀ ਜ਼ਿੰਦਗੀ ਨੂੰ ਮਾੜੇ ਰੁਖ ਪ੍ਰਭਾਵਤ ਕਰਦੀਆਂ ਹਨ।

ਐਨ.ਜ਼ੀ.ਓ. ਆਲਮੀ ਪੱਧਰ 'ਤੇ ਅਜਿਹੇ ਮਹੱਤਵਪੂਰਨ ਸਿਆਸੀ ਤੇ ਸਮਾਜਕ ਕਾਰਜਕਰਤਾ ਹਨ ਜਿਹੜੇ ਏਸ਼ੀਆ, ਲਾਤੀਨੀ ਅਮਰੀਕਾ ਤੇ ਅਫਰੀਕਾ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ 'ਚ ਕਾਰਜਸ਼ੀਲ ਹਨ ਅਤੇ ਅਕਸਰ ਯੂਰਪ, ਅਮਰੀਕਾ ਤੇ ਜਾਪਾਨ ਵਿਚਲੇ ਆਪਣੇ ਪ੍ਰਮੁੱਖ ਦਾਨੀਆਂ ਨਾਲ ਮਤਾਹਿਤ ਭੂਮਿਕਾ ਦੇ ਰੂਪ 'ਚ ਬੱਝੇ ਹੋਏ ਹਨ। ਐਨ.ਜ਼ੀ.ਓਜ਼. ਦੇ ਵਿਆਪਕ ਪੱਧਰ 'ਤੇ ਫੈਲਾਅ ਕਰਕੇ ਅਤੇ ਕਥਿਤ "ਅਗਾਂਹਵਧੂ ਤਬਕੇ" ਉੱਪਰ ਇਹਨਾਂ ਦੀ ਆਰਥਿਕ ਤੇ ਸਿਆਸੀ ਚੌਧਰ ਹੋਣ ਕਰਕੇ ਹੀ ਹੈ ਕਿ ਇਹਨਾਂ ਦੇ ਨਾਂਹ ਪੱਖੀ ਪ੍ਰਭਾਵਾਂ ਬਾਰੇ ਖੱਬੇ ਪੱਖੀਆਂ ਵੱਲੋਂ ਕੋਈ ਗੰਭੀਰ ਤਬਸਰੇ ਨਹੀਂ ਕੀਤੇ ਗਏ। ਵਧੇਰੇ ਕਰਕੇ ਅਜਿਹੀ ਕੁਤਾਹੀ ਜਥੇਬੰਦ ਖੱਬੇਪੱਖੀ ਲਹਿਰਾਂ ਦੀ ਜਗ੍ਹਾ ਐਨ.ਜ਼ੀ.ਓ. ਵੱਲੋਂ ਆਪਣੀ ਚੌਧਰ ਸਥਾਪਤ ਕਰਨ ਤੇ ਅਜਿਹੀਆਂ ਲਹਿਰਾਂ ਨੂੰ ਖਦੇੜਨ 'ਚ ਅਤੇ ਇਹਨਾਂ ਲਹਿਰਾਂ ਦੇ ਨੀਤੀ ਘਾੜਿਆਂ ਅਤੇ ਜਥੇਬੰਦਕ ਆਗੂਆਂ ਨੂੰ ਆਪਣੇ ਅੰਦਰ ਸਮੋਂ ਲੈਣ 'ਚ ਮਿਲੀਆਂ ਕਾਮਯਾਬੀਆਂ ਕਰਕੇ ਹੋਈ ਹੈ।

ਅੱਜ ਕੱਲ ਬਹੁਤੀ ਖੱਬੀ ਲਹਿਰ ਤੇ ਮਕਬੂਲ ਬੁਲਾਰੇ ਆਪਣੀਆਂ ਤਕਰੀਰਾਂ 'ਚ ਆਪਣੀ ਅਲੋਚਨਾ ਨੂੰ ਕੌਮਾਂਤਰੀ ਮੁਦਰਾ ਕੋਸ਼ (IMF), ਸੰਸਾਰ ਬੈਂਕ, ਬਹੁਕੌਮੀ ਕਾਰਪੋਰੇਸ਼ਨਾਂ, ਨਿੱਜੀ ਬੈਂਕਾਂ ਆਦਿ ਉਪਰ ਕੇਂਦਰਤ ਰਖਦੇ ਹਨ ਜਿਹੜੇ ਕਿ ਤੀਜੀ ਦੁਨੀਆਂ ਦੀ ਲੁੱਟ ਖਸੁੱਟ ਲਈ ਇੱਕ ਵਿਸ਼ਾਲ ਏਜੰਡਾ ਤਹਿ ਕਰਦੇ ਹਨ। ਹਾਂ ਇਹ ਵੀ ਇੱਕ ਮਹੱਤਵਪੂਰਨ ਕਾਰਜ ਹੈ। ਭਾਂਵੇ ਕਿ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਸਨਅਤੀ ਆਧਾਰ, ਆਜ਼ਾਦੀ ਤੇ ਜੀਵਨ ਪੱਧਰ 'ਤੇ ਹਮਲੇ ਦੀ ਮਾਰ ਵਿਸ਼ਾਲ ਆਰਥਿਕ ਅਤੇ ਸੂਖਮ ਸਮਾਜਕ ਸਿਆਸੀ ਪੱਧਰਾਂ 'ਤੇ ਪੈਂਦੀ ਹੈ, ਪਰ ਢਾਂਚਾਗਤ ਢਲਾਈ ਨੀਤੀਆਂ (SAP) ਦੇ ਉਜਰਤੀ ਤੇ ਤਨਖਾਹਦਾਰ ਕਾਮਿਆਂ, ਕਿਸਾਨਾਂ ਅਤੇ ਛੋਟੇ ਕੌਮੀ ਕਾਰੋਬਾਰੀਆਂ 'ਤੇ ਪੈਣ ਵਾਲੇ ਗੰਭੀਰ ਅਸਰ ਦੇਸ਼ ਅੰਦਰ ਸੁਭਾਵਿਕ ਕੌਮੀ ਲੋਕ ਰੋਹ ਨੂੰ ਜਨਮ ਦਿੰਦੇ ਹਨ ਅਤੇ ਇਹੀ ਉਹ ਖੇਤਰ ਹੈ ਜਿੱਥੇ ਐਨ.ਜ਼ੀ.ਓ. ਆਪਣੀ ਅਲਖ ਜਗਾਉਂਦੀਆਂ ਹਨ, ਜਿੱਥੇ ਇਹ ਕਾਰਪੋਰੇਟ ਬੈਂਕਿੰਗ ਵਾਲੇ ਸਤਾ ਦੇ ਥੰਮਾਂ ਅਤੇ ਮੁਨਾਫ਼ਿਆਂ ਪ੍ਰਤੀ ਪੈਦਾ ਹੋਣ ਵਾਲੇ ਸਿੱਧੇ ਰੋਹ ਨੂੰ ਭੰਬਲਭੂਸੇ 'ਚ ਪਾ ਕੇ

(ਸ.ਫ਼ਾ 1 ਦੀ ਬਾਕੀ)

ਭਟਕਾਉਂਦੀਆਂ ਹਨ ਅਤੇ ਸੰਘਰਸ਼ ਨੂੰ ਸਥਾਨਕ ਨਿੱਕੀਆਂ ਮੋਟੀਆਂ ਯੋਜਨਾਵਾਂ ਵੱਲ "ਬਹੁਤ ਹੀ ਹੇਠਲੇ ਪੱਧਰ" 'ਤੇ ਖੁਦ ਵੱਲੋਂ ਕੀਤੀ ਜਾਂਦੀ ਹੋਣ ਵਾਲੀ ਗੈਰ-ਸਿਆਸੀ ਲੁੱਟ ਖਸੁੱਟ ਅਤੇ "ਆਮ ਰੂਪ 'ਚ ਦਿੱਤੀ ਜਾਂਦੀ ਵਿਆਖਿਆ'' ਵੱਲ ਲੈ ਜਾਂਦੀਆਂ ਹਨ ਜਿਹੜੀ ਕਿ ਸਾਮਰਾਜਵਾਦ ਅਤੇ ਸਰਮਾਏਦਾਰਾਨਾ ਮੁਨਾਫ਼ਾਖੋਰੀ ਦੇ ਜਮਾਤੀ ਵਿਸ਼ਲੇਸ਼ਣ ਤੋਂ ਪਾਸਾ ਵਟਦੀ ਹੈ।

ਹਵਾਈ ਸੁਪਨੇ ਪਾਲਣ ਵਾਲੇ ਪੜ੍ਹੇ ਲਿਖੇ ਤਬਕਿਆਂ ਸਾਹਮਣੇ ਸਿਖਰ ਡੰਡੇ 'ਤੇ ਪਹੁੰਚਣ ਲਈ ਸੰਸਾਰ ਪੱਧਰ 'ਤੇ ਐਨਜੀਓਜ਼ ਹੀ ਇੱਕ ਨਵਾਂ ਸਾਧਨ ਬਣ ਗਈਆਂ ਹਨ। ਅਜਿਹੇ ਵਿਦਵਾਨਾਂ, ਪੱਤਰਕਾਰਾਂ ਅਤੇ ਪੇਸ਼ਾਵਰਾਂ (ਇੰਜੀਨੀਅਰਾਂ, ਡਾਕਟਰਾਂ, ਵਕੀਲਾਂ, ਅਕਾਉਟੈਂਟਾਂ ਆਦਿ) ਨੇ ਖੱਬੇ ਪੱਖੀ ਲਹਿਰ 'ਚ ਘੱਟ ਵੁੱਕਤ ਵਾਲੀ ਆਪਣੀ ਪਹਿਲਾਂ ਵਾਲੀ ਰੁਚੀ ਨੂੰ ਤਿਆਗਕੇ ਇੱਕ ਐਨ.ਜ਼ੀ.ਓ. ਨੂੰ ਚਲਾਉਣ ਦੇ ਲੁਭਾਉਣੇ ਕਿੱਤੇ ਨੂੰ ਅਪਣਾਇਆ ਹੈ, ਇੱਥੇ ਇਹਨਾਂ ਨੇ ਆਪਣੀਆਂ ਜਥੇਬੰਦਕ ਤੇ ਲੱਛੇਦਾਰ ਭਾਸ਼ਣ ਦੇਣ ਦੀਆਂ ਜੁਗਤਾਂ ਅਤੇ ਕੁੱਝ ਹੱਦ ਤੱਕ ਪ੍ਰਚਲਿਤ ਸ਼ਬਦਾਵਲੀ ਵੀ ਨਾਲ ਲਿਆਂਦੀ। ਅੱਜ ਐਨ.ਜ਼ੀ.ਓਜ਼ ਦੇ ਹਜ਼ਾਰਾਂ ਡਾਇਰੈਕਟਰ ਆਪਣੇ ਬੱਚਿਆਂ ਤੇ ਘਰ ਦੇ ਬਾਕੀ ਘਰੇਗੀ ਕੰਮਾਂ ਕਾਰਾਂ ਨੂੰ ਨੌਕਰਾਂ ਹਵਾਲੇ ਕਰਕੇ ਅਤੇ ਆਪਣੇ ਬਗੀਚਿਆਂ ਦੀ ਸਾਂਭ-ਸੰਭਾਈ ਮਾਲੀਆਂ ਹਵਾਲੇ ਕਰਕੇ ਆਪਣੇ ਅਲੀਸ਼ਾਨ ਮਹਿੰਗੇ ਫਲੈਟਾਂ ਚੋਂ 40-40 ਹਜ਼ਾਰ ਡਾਲਰਾਂ ਦੀ ਕੀਮਤ ਵਾਲੀਆਂ ਮਹਿੰਗੀਆਂ ਐਸ.ਯੂ.ਵੀ. ਕਾਰਾਂ 'ਚ ਸਵਾਰ ਹੋ ਕੇ ਆਪਣੇ ਪੂਰੀ ਤਰ੍ਹਾਂ ਸਜੇ ਧਜੇ ਆਲੀਸ਼ਾਨ ਦਫ਼ਤਰਾਂ ਤੇ ਬਿਲਡਿੰਗਾਂ 'ਚ ਜਾਂਦੇ ਹਨ। ਉਹ ਆਪਣੇ ਖੁਦ ਦੇ ਦੇਸ਼ ਦੇ ਧੂੜ ਫਕਦੇ ਪਿੰਡਾਂ ਦੀ ਬਜਾਏ ਗ਼ਰੀਬੀ 'ਤੇ ਕੀਤੀਆਂ ਜਾਣ ਵਾਲੀਆਂ ਆਪਣੀਆਂ ਕੌਮਾਂਤਰੀ ਕਾਨਫਰੰਸਾਂ ਦੇ ਵਿਦੇਸ਼ੀ ਟਿਕਾਣਿਆਂ (ਵਾਸ਼ਿੰਗਟਨ, ਬੈਂਕਾਕ, ਬਰਸਲਜ਼, ਰੋਮ ਆਦਿ) ਬਾਰੇ ਵਧੇਰੇ ਜਾਣਕਾਰੀ ਰਖਦੇ ਹਨ ਅਤੇ ਆਪਣਾ ਵਧੇਰੇ ਸਮਾਂ ਵੀ ਇਹਨਾਂ ਟਿਕਾਣਿਆਂ 'ਤੇ ਹੀ ਗੁਜ਼ਾਰਦੇ ਹਨ। ਉਹ ਘੱਟ ਤਨਖਾਹਾਂ 'ਤੇ ਕੰਮ ਕਰਦੇ ਪੇਂਡੂ ਸਕੂਲਾਂ ਦੇ ਅਧਿਆਪਕਾਂ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ 'ਤੇ ਪੁਲੀਸ ਵੱਲੋਂ ਵਰ੍ਹਾਈਆਂ ਲਾਠੀਆਂ ਆਪਣੇ ਜਿਸਮਾਂ 'ਤੇ ਖਾਣ ਦੀ ਬਜਾਏ "ਗੁਣੀ ਪੇਸ਼ੇਵਰਾਂ" ਖਾਤਰ ਨੋਟ ਵਟੋਰਨ ਵਾਲੀਆਂ ਨਵੀਆਂ ਤਜ਼ਵੀਜਾਂ ਲਿਖਣ 'ਚ ਵਧੇਰੇ ਮਾਹਰ ਹਨ। ਐਨ.ਜ਼ੀ.ਓਜ਼ ਦੇ ਕਰਤਾ-ਧਰਤਾ ਇੱਕ ਨਵੀਂ ਉਹ ਜਮਾਤ ਹੈ ਜਿਹੜੀ ਜਾਇਦਾਦ ਮਾਲਕੀ ਜਾਂ ਸਰਕਾਰੀ ਸਾਧਨਾਂ 'ਤੇ ਅਧਾਰਿਤ ਨਹੀਂ ਹੈ, ਸਗੋਂ ਇਹ ਸਾਮਰਾਜੀ ਇਮਦਾਦ 'ਚੋਂ ਪਣਪੀ ਹੈ ਅਤੇ ਜਿਹੜੀ ਮਕਬੂਲੀਅਤ ਪ੍ਰਾਪਤ ਅਹਿਮ ਗਰੁੱਪਾਂ ਨੂੰ ਕਾਬੂ ਹੇਠ ਰੱਖਣ ਦੀ ਆਪਣੀ ਸਮਰੱਥਾ 'ਤੇ ਟਿਕੀ ਹੋਈ ਹੈ। ਐਨ.ਜ਼ੀ.ਓ. ਦੇ ਮੋਹਰੀਆਂ ਨੂੰ ਇੱਕ ਨਵ-ਦਲਾਲ (ਖੁਫੀਆ/ਗੁੱਝੇ ਕਰਿੰਦੇ: ਅਨੁਵਾਦਕ) ਗਰੁੱਪ ਵਜੋਂ ਚਿਤਵਿਆ ਜਾ ਸਕਦਾ ਹੈ ਜਿਹੜਾ ਕੋਈ ਵੀ ਵਰਤਣਯੋਗ ਵਸਤ ਪੈਦਾ ਨਹੀਂ ਕਰਦਾ ਹੈ ਸਗੋਂ ਦਾਨੀ ਦੇਸ਼ਾਂ ਲਈ ਸੇਵਾਵਾਂ ਪੈਦਾ ਕਰਨ ਦਾ ਧੰਦਾ ਕਰਦਾ ਹੈ ਅਤੇ ਜਿਹੜਾ ਆਪਣੇ ਨਿਜੀ ਲਾਭਾਂ ਲਈ ਦੇਸ਼ ਵਿਚਲੀ ਗਰੀਬੀ ਦਾ ਵਪਾਰ ਕਰਦਾ ਹੈ।

ਆਪਣੇ ਰੁਤਬਿਆਂ ਨੂੰ ਜਾਇਜ਼ ਠਹਿਰਾਉਣ ਲਈ ਐਨ.ਜ਼ੀ.ਓਜ਼ ਦੇ ਡਾਇਰੈਕਟਰਾਂ ਵੱਲੋਂ ਵਰਤੇ ਜਾਂਦੇ ਰਸਮੀ ਦਾਅਵੇ ਕਿ ਉਹ ਗਰੀਬੀ, ਨਾ-ਬਰਾਬਰੀ ਆਦਿ ਖਿਲਾਫ਼ ਲੜਦੇ ਹਨ-ਖੁਦ ਦੀ ਸੇਵਾ ਕਰਨ ਵਾਲੇ (ਖੁਦਗਰਜ਼ੀ ਭਰੇ) ਅਤੇ ਥੋਥੇ ਹਨ। ਐਨ.ਜ਼ੀ.ਓਜ਼. ਦੀ ਗਿਣਤੀ 'ਚ ਹੋਏ ਵਾਧੇ ਅਤੇ ਰਹਿਣ ਸਹਿਣ ਦੇ ਪੱਧਰ 'ਚ ਆਈ ਗਿਰਾਵਟ ਵਿਚਕਾਰ ਸਿੱਧਾ ਰਿਸ਼ਤਾ ਹੈ: ਐਨ.ਜ਼ੀ.ਓਜ਼ ਦੀ ਗਿਣਤੀ 'ਚ ਹੋਏ ਵਾਧੇ ਨੇ ਨਾ ਤਾਂ ਢਾਂਚਾਗਤ ਬੇਰੁਜ਼ਗਾਰੀ ਨੂੰ ਜਾਂ ਕਿਸਾਨਾਂ ਦੇ ਭਾਰੀ ਉਜਾੜੇ ਨੂੰ ਘਟਾਇਆ ਅਤੇ ਨਾ ਹੀ ਗੈਰ ਰਸਮੀ ਖੇਤਰ ਵਿਚਲੇ ਕਾਮਿਆਂ ਦੀ ਵਧ ਰਹੀ ਫੌਜ ਲਈ ਕੋਈ ਗੁਜ਼ਾਰੇਯੋਗ ਭੱਤੇ ਮੁਹੱਈਆ ਕਰਵਾਏ ਹਨ। ਐਨ.ਜ਼ੀ.ਓਜ਼ ਨੇ ਪੇਸ਼ੇਵਰਾਂ ਦੀ ਇੱਕ ਓਸ ਨਿਗੂਣੀ ਗਿਣਤੀ ਨੂੰ ਨਗਦ ਨੋਟਾਂ ਦੀ ਕਮਾਈ ਮੁਹੱਈਆ ਕਰਵਾਈ ਹੈ ਜੋ ਕਿ ਉਹਨਾਂ ਦੇ ਆਪਣੇ ਮੁਲਕਾਂ ਅਤੇ ਉੱਥੋਂ ਦੇ ਲੋਕਾਂ ਨੂੰ ਤਬਾਹ ਕਰ ਰਹੀ ਨਵ:ਉਦਾਰਵਾਦੀ ਆਰਥਿਕਤਾ ਦੇ ਸਿੱਟੇ ਵਜੋਂ ਪੇਸ਼ ਆ ਰਹੀਆਂ ਦੁਸ਼ਵਰੀਆਂ ਤੋਂ ਬਚ ਸਕੇ ਹਨ ਅਤੇ ਮੌਜੂਦਾ ਸਮਾਜਿਕ ਜਮਾਤੀ ਢਾਂਚੇ ਦੀਆਂ ਪੌੜੀਆਂ ਚੜ੍ਹਨ ਜੋਗੇ ਹੋਏ ਹਨ।

ਉਪਰ ਬਿਆਨੀ ਹਕੀਕਤ ਐਨ.ਜ਼ੀ.ਓਜ਼ ਦੇ ਕਰਮਚਾਰੀਆਂ ਵੱਲੋਂ ਆਪਣੀ ਖੁਦ ਦੀ ਬਣਾਈ ਸਾਖ ਨਾਲ ਟਕਰਾਵੀਂ ਹੈ। ਆਪਣੇ ਪ੍ਰੈਸ ਬਿਆਨਾਂ ਅਤੇ ਜਨਤਕ ਤਕਰੀਰਾਂ 'ਚ ਉਹ "ਹੁਕਮਰਾਨਾ ਰਾਜ ਸੱਤਾ" ਅਤੇ "ਮੰਡੀ ਮੁਖੀ ਜਾਂਗਲੀ ਸਰਮਾਏਦਾਰੀ" ਦਰਮਿਆਨ ਆਪਣੇ ਆਪ ਨੂੰ ਇੱਕ "ਤੀਜੇ ਬਦਲ" ਵਜੋਂ ਪੇਸ਼ ਕਰਦੇ ਹਨ: ਉਹ ਆਪਣੇ ਆਪਨੂੰ ''ਸਿਵਲ ਸੁਸਾਇਟੀ" ਦੇ ਹਰਾਵਲ ਦਸਤੇ ਵਜੋਂ ਪੇਸ਼ ਕਰਦੇ ਹਨ ਜਿਹੜੇ ''ਆਲਮੀ ਆਰਥਿਕਤਾ" ਦੇ ਹੱਕ 'ਚ ਲੜ ਰਹੇ ਹਨ। ਐਨਜੀਓਜ਼ ਦੀਆਂ ਕਾਨਫਰੰਸਾਂ 'ਚ ਜੋ ਸਾਂਝਾ ਮਕਸਦ ਸਭ ਤੋਂ ਵਧੇਰੇ ਗੂੰਜਦਾ ਹੈ ਉਹ ਹੈ "ਨਵੇਕਲੀ ਕਿਸਮ ਦਾ ਵਿਕਾਸ"।

''ਸਿਵਲ ਸੁਸਾਇਟੀ" ਦਾ ਰਟਨ ਮੰਤਰ ਕਰਨਾ ਖਲਾਅ 'ਚ ਗੋਤੇ ਲਾਉਂਣਾ ਹੈ। "ਸਿਵਲ ਸੁਸਾਇਟੀ" ਕੋਈ ਇੱਕ ਰੂਪ ਬੱਝਵੇਂ ਸਰਬੱਤ ਦੇ ਭਲੇ ਵਾਲੀ ਸੰਸਥਾ ਨਹੀਂ ਹੈ, ਇਸ ਵਿੱਚ ਉਹ ਸਾਰੀਆਂ ਜਮਾਤਾਂ ਸ਼ਾਮਲ ਹਨ ਜਿਹਨਾਂ ਦੀ ਜਮਾਤੀ ਪਾਲਾਬੰਦੀ ਇਸ ਸਦੀ 'ਚ ਸ਼ਾਇਦ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਸਪੱਸ਼ਟ ਹੈ। ਮਜ਼ਦੂਰਾਂ ਨਾਲ ਕੀਤੀਆਂ ਜਾਂਦੀਆਂ ਸਭ ਤੋਂ ਵੱਡੀਆਂ ਬੇਇਨਸਾਫੀਆਂ 'ਚੋਂ ਬਹੁਤੀਆਂ ਸਿਵਲ ਸੁਸਾਇਟੀ ਦੇ ਉਹਨਾਂ ਧਨਾਢ ਬੈਂਕਰਾਂ ਦੁਆਰਾ ਹੀ ਕੀਤੀਆਂ ਗਈਆਂ ਹਨ ਜਿਹਨਾਂ ਨੇ ਅੰਦਰੂਨੀ ਕਰਜ਼ੇ 'ਤੇ ਅੰਨੇ ਵਿਆਜ਼ ਲਾ ਕੇ ਕਿਰਤੀਆਂ ਦੀ ਰੱਤ ਨਿਚੋੜੀ ਹੈ; ਉਹਨਾਂ ਭੂਮੀ ਮਾਲਕਾਂ ਦੁਆਰਾ ਜਿਹਨਾਂ ਨੇ ਕਿਸਾਨਾਂ ਤੋਂ ਜ਼ਮੀਨ ਖੋਹ ਲਈ ਹੈ; ਉਹਨਾਂ ਸਨਅਤੀ ਸਰਮਾਏਦਾਰਾਂ ਦੁਆਰਾ ਜਿਹਨਾਂ ਨੇ ਨਿਗੂਣੀਆਂ ਉਜਰਤਾਂ 'ਤੇ ਫੈਕਟਰੀਆਂ 'ਚ ਮਜ਼ਦੂਰੀ ਕਰਵਾ ਕੇ ਮਜ਼ਦੂਰਾਂ ਦਾ ਸਤ ਕੱਢਿਆ ਹੈ (ਖੂਨ ਚੂਸਿਆ ਹੈ)। "ਸਿਵਲ ਸੁਸਾਇਟੀ" ਬਾਰੇ ਗੱਲ ਕਰਕੇ ਐਨਜੀਓਜ਼ਵਾਦੀ ਉਸ ਤਿੱਖੀ ਜਮਾਤੀ ਵੰਡ, ਜਮਾਤੀ ਲੁੱਟ ਖਸੁੱਟ ਅਤੇ ਜਮਾਤੀ ਸੰਘਰਸ਼ 'ਤੇ ਪਰਦਾਪੋਸ਼ੀ ਕਰਦੇ ਹਨ ਜਿਸ ਨੇ ਅਜੋਕੀ "ਸਿਵਲ ਸੁਸਾਇਟੀ" 'ਚ ਪਾਲਾਬੰਦੀ ਕੀਤੀ ਹੋਈ ਹੈ। ਭਾਵੇਂ ਵਿਸ਼ਲੇਸ਼ਨ ਦੇ ਤੌਰ 'ਤੇ ਦੇਖਦਿਆਂ "ਸਿਵਲ ਸੁਸਾਇਟੀ" ਦਾ ਸੰਕਲਪ ਬੇਕਾਰ ਅਤੇ ਭਰਮਾਊ ਹੈ ਪਰ ਇਹ ਐਨ.ਜ਼ੀ.ਓਜ਼ ਦੀ ਉਹਨਾਂ ਸਰਮਾਏਦਾਰਾਂ ਨਾਲ ਭਾਈਵਾਲੀ ਲਈ ਰਾਹ ਪੱਧਰਾ ਕਰਦਾ ਹੈ ਜਿਹੜੇ ਇਹਨਾਂ ਸੰਸਥਾਵਾਂ ਨੂੰ ਵਿਤੀ ਸਹਾਇਤਾ ਮੁਹੱਈਆ ਕਰਦੇ ਹਨ ਅਤੇ ਐਨ.ਜ਼ੀ.ਓ. ਨੂੰ ਆਪਣੀਆਂ ਯੋਜਨਾਵਾਂ ਅਤੇ ਚੇਲੇ ਚਾਪੜਿਆਂ ਨੂੰ ਉਹਨਾਂ ਦੇ ਵੱਡੇ ਵਪਾਰਕ ਹਿਤਾਂ ਦੇ ਅਧੀਨ ਕਰਦੇ ਹਨ। ਇਸ ਦੇ ਨਾਲੋ ਨਾਲ ਅਕਸਰ ਹੀ ਇਹ ਦੇਖਿਆ ਗਿਆ ਹੈ ਕਿ ਐਨਜੀਓਜ਼ਵਾਦੀਆਂ ਵੱਲੋਂ "ਸਿਵਲ ਸੁਸਾਇਟੀ" ਦਾ ਮੰਤਰ ਉਚਾਰਨ ਦਾ ਮਤਲਬ ਸਮਾਜਕ ਸੇਵਾਵਾਂ ਪ੍ਰਦਾਨ ਕਰਨ ਵਾਲੇ ਸਰਵਮੁਖੀ ਜਨਤਕ ਪ੍ਰੋਗਰਾਮਾਂ ਅਤੇ ਸਰਕਾਰੀ ਸੰਸਥਾਵਾਂ 'ਤੇ ਹਮਲਾ ਕਰਨਾ ਹੀ ਹੁੰਦਾ ਹੈ। ਐਨਜੀਓਜ਼ਵਾਦੀ ਵੱਡੇ ਵਪਾਰਕ ਘਰਾਣਿਆਂ ਵੱਲੋਂ ਕੀਤੇ ਜਾਂਦੇ "ਸਰਕਾਰ ਵਿਰੋਧੀ" ਪ੍ਰਚਾਰ ਦੀ ਹਾਂ 'ਚ ਹਾਂ ਮਿਲਾਉਂਦੇ ਹਨ-ਸਰਕਾਰੀ ਸਾਧਨਾਂ ਨੂੰ ਆਪਣੇ ਪੱਖ 'ਚ ਭਗਤਾਉਣ ਲਈ ਇੱਕ ਤਾਂ ਉਹ "ਸਿਵਲ ਸੁਸਾਇਟੀ" ਦੀ ਦੁਹਾਈ ਪਾਉਂਦੇ ਹਨ ਅਤੇ ਦੂਜਾ ਮੰਡੀ ਦੀ ਹਾਲ ਪਾਹਰਿਆ ਕਰਦੇ ਹਨ। ਸਰਮਾਏਦਾਰ "ਸਰਕਾਰੀ ਵਿਰੋਧਵਾਦ" ਰਾਹੀ ਬਰਾਮਦਾਂ ਨੂੰ ਸਬਸਿਡੀਆਂ ਮੁਹੱਈਆ ਕਰਵਾਉਣ ਅਤੇ ਪੂੰਜੀਪਤੀਆਂ ਨੂੰ ਵਿਤੀ ਸੰਕਟਾਂ ਚੋਂ ਕੱਢਣ ਲਈ ਜਨਤਕ ਫੰਡਾਂ 'ਚ ਵਾਧਾ ਕੀਤੇ ਜਾਣ ਲਈ ਕਹਿੰਦੇ ਹਨ, ਜਦੋਂ ਕਿ ਐਨਜੀਓਜ਼ਵਾਦੀ ਲੋਕਾਂ ਦੀ ਬਹੁਤ ਹੀ ਨਿਗੂਣੇ ਹਿੱਸੇ ਨੂੰ ਨੀਵੇਂ ਪੱਧਰ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਦਿੱਤੇ "ਠੇਕਿਆਂ 'ਚੋਂ ਹਿੱਸੇਪੱਤੀ" ਰਾਹੀਂ ਆਪਣੀ ਚੁੰਗ ਹਾਸਲ ਕਰਨ ਦਾ ਯਤਨ ਕਰਦੇ ਹਨ।

ਐਨਜੀਓਵਾਦੀਆਂ ਵੱਲੋਂ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਖੋਜੀ ਆਗੂਆਂ ਵਜੋਂ ਆਪੂੰ ਬਣਾਈ ਸਾਖ ਦੇ ਉਲਟ ਉਹ ਅਸਲ 'ਚ ਬੁਨਿਆਦੀ ਤੌਰ 'ਤੇ ਪਿਛਾਂਹ ਖਿੱਚੂ ਹਨ ਜਿਹੜੇ "ਹੇਠਲੀ ਪੱਧਰ" 'ਤੇ ਨਿਜੀਕਰਨ ਰਾਹੀਂ ਅਤੇ ਜਨਤਕ ਲਹਿਰ ਨੂੰ ਖਿਡਾਉਣ ਰਾਹੀਂ ਵਿਰੋਧ ਦੀ ਸੰਘੀ ਨੱਪਣ ਲਈ ਆਈਐਮਐਫ ਦੇ ਏਜੰਡੇ ਦੇ ਪੂਰਕ ਹੋਣ ਦਾ ਹੀ ਰੋਲ ਨਿਭਾਅ ਰਹੇ ਹਨ।

ਐਨਜੀਓਜ਼ ਦੇ ਹਰ ਪਾਸੇ ਪਸਰੇ ਹੋਣ ਦੇ ਮੱਦੇ ਨਜ਼ਰ ਖੱਬੇ ਪੱਖੀਆਂ ਸਾਹਮਣੇ ਇੱਕ ਗੰਭੀਰ ਚੁਣੌਤੀ ਦਰਪੇਸ਼ ਹੈ ਜਿਹੜੀ ਮੰਗ ਕਰਦੀ ਹੈ ਕਿ ਇਹਨਾਂ ਐਨਜੀਓਜ਼ ਦੇ ਪਨਪਣ, ਢਾਂਚੇ ਅਤੇ ਵਿਚਾਰਧਾਰਾ ਦਾ ਗਹਿ ਗੰਭੀਰ ਸਿਆਸੀ ਵਿਸ਼ਲੇਸ਼ਣ ਕੀਤਾ ਜਾਵੇ।

**ਐਨਜੀਓਜ਼ ਦਾ ਪਨਪਣਾਂ, ਢਾਂਚਾ ਤੇ ਵਿਚਾਰਧਾਰਾ**: ਸਿਆਸਤ ਦੇ ਪਿੜ 'ਚ ਐਨਜੀਓ ਵਿਰੋਧਭਾਸ਼ੀ ਵਾਲੀ ਭੂਮਿਕਾ ਨਿਭਾ ਰਹੀਆਂ ਪ੍ਰਤੀਤ ਹੁੰਦੀਆਂ ਹਨ। ਇੱਕ ਪਾਸੇ ਉਹ ਤਾਨਾਸ਼ਾਹੀਆਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦਾ ਵਿਰੋਧ ਕਰਦੀਆਂ ਹਨ, ਜਦੋਂਕਿ ਦੂਜੇ ਪਾਸੇ ਉਹ ਖੱਬੀ ਸਮਾਜਿਕ ਸਿਆਸੀ ਲਹਿਰ ਦੇ ਮੁਕਾਬਲੇ 'ਤੇ ਖੜਕੇ ਜਨਤਕ ਉਭਾਰ ਨੂੰ ਸਤਾ 'ਤੇ ਬਿਰਾਜਮਾਨ ਨਵ-ਉਦਾਰਵਾਦੀ ਉੱਚ ਵਰਗ ਨਾਲ ਸਾਂਝ ਭਿਆਲੀ ਵਾਲੇ ਸਬੰਧਾਂ 'ਚ ਤਬਦੀਲ ਕਰਨ ਲਈ ਯਤਨਸ਼ੀਲ ਰਹਿੰਦੀਆਂ ਹਨ। ਅਸਲ 'ਚ ਉਹਨਾਂ ਦੀ ਇਹ ਸਿਆਸੀ ਸੇਧ ਐਨੀ ਆਪਾ ਵਿਰੋਧੀ ਨਹੀਂ ਜਿੰਨੀ ਇਹ ਦੇਖਣ ਨੂੰ ਪ੍ਰਤੀਤ ਹੁੰਦੀ ਹੈ।

ਪਿਛਲੇ 25 ਸਾਲਾਂ ਦੌਰਾਨ ਐਨ.ਜ਼ੀ.ਓਜ਼ ਦੇ ਵਿਕਾਸ ਅਤੇ ਗਿਣਤੀ 'ਚ ਵਾਧਾ ਹੋਣ 'ਤੇ ਝਾਤ ਮਾਰਦਿਆਂ ਅਸੀਂ ਦੇਖਦੇ ਹਾਂ ਕਿ ਐਨ.ਜ਼ੀ.ਓਜ਼ ਤਿੰਨ ਤਰ੍ਹਾਂ ਦੀਆਂ ਹਾਲਤਾਂ 'ਚ ਉੱਭਰ ਕੇ ਸਾਹਮਣੇ ਆਈਆਂ ਹਨ। ਪਹਿਲ ਪ੍ਰਿਥਮੇਂ ਇਹ ਤਾਨਾਸ਼ਾਹੀ ਸਮਿਆਂ ਦੌਰਾਨ ਵਿਰੋਧੀ ਸੁਰ ਵਾਲੇ ਬੁੱਧੀਜੀਵੀਆਂ ਲਈ ਇੱਕ ਅਜਿਹਾ ਸੁਰੱਖਿਆ ਕਵਚ ਬਣਕੇ ਸਾਹਮਣੇ ਆਈਆਂ ਜਿਸ ਦੀ ਆੜ ਹੇਠ ਮਨੁੱਖੀ ਅਧਿਕਾਰਾਂ ਦੇ ਹਨਨ ਦੇ ਮੁੱਦਿਆਂ ਦੀ ਪੈਰਵਾਈ ਕਰਨ ਅਤੇ ਢਿੱਡਾਂ ਨੂੰ ਗੰਢਾਂ ਦੇ ਕੇ ਜਿਉਣ ਵਰਗੇ ਕਰੜੇ ਸੰਜਮੀ ਪ੍ਰੋਗਰਾਮਾਂ ਤੋਂ ਪੀੜਤ ਲੋਕਾਂ ਵਾਸਤੇ "ਜਿਉਂਦੇ ਰਹਿਣ ਦੀਆਂ ਸਕੀਮਾਂ" ਬਣਾਕੇ ਦੇ ਸਕਦੇ ਹਨ। ਇਹ ਮਾਨਵਵਾਦੀ ਐਨ.ਜ਼ੀ.ਓ. ਅਲੱਗ ਅਲੱਗ ਦੇਸ਼ਾਂ ਅੰਦਰ ਸਥਾਨਕ ਪੱਧਰ 'ਤੇ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੇ ਹਨਨ 'ਚ ਅਮਰੀਕੀ ਤੇ ਯੂਰਪੀ ਮੁਲਕਾਂ ਦਾ ਹੱਥ ਹੋਣ ਦੀ ਨਿਖੇਧੀ ਕਰਨ ਜਾਂ ਆਮ ਲੋਕਾਈ ਨੂੰ ਕੰਗਾਲ ਕਰ ਰਹੀਆਂ "ਮੁਕਤ ਬਾਜ਼ਾਰ" ਦੀਆਂ ਨੀਤੀਆਂ 'ਚੋਂ ਉੱਭਰ ਰਹੇ ਸੁਆਲ ਉਠਾਉਣ ਤੋਂ ਬੜੀ ਸਾਵਧਾਨੀ ਨਾਲ ਕਿਨਾਰਾ ਕਰ ਜਾਂਦੀਆਂ ਹਨ। ਇਉਂ ਦੇਖਿਆਂ ਜਦੋਂ ਕਿਤੇ ਵੀ ਜਾਬਰ ਹਾਕਮਾਂ ਵਾਸਤੇ ਜਨਤਕ ਲੋਕ ਲਹਿਰਾਂ ਗੰਭੀਰ ਚਣੌਤੀ ਬਣਨ ਲਗਦੀਆਂ ਹਨ ਤਾਂ ਐਨਜੀਓਵਾਦੀ ਯੁੱਧਨੀਤਕ ਤੌਰ 'ਤੇ ਤਾਇਨਾਤ ''ਡੈਮੋਕਰੇਟ'' ਹਨ ਜਿਹੜੇ ਸਥਾਨਕ ਹਾਕਮ ਜਮਾਤਾਂ ਅਤੇ ਸਾਮਰਾਜੀ ਨੀਤੀ ਘਾੜਿਆਂ ਦੇ ਸਿਆਸੀ ਬਦਲ ਦੇ ਰੂਪ 'ਚ ਮੌਜੂਦ ਹਨ। ਗੱਦੀ 'ਤੇ ਬੈਠੇ ਪਿਛਾਖੜੀ ਹਾਕਮਾਂ ਦੇ ਲੜਖੜਾ ਜਾਣ ਦੀ ਹਾਲਤ 'ਚ ਪੱਛਮੀ ਮੁਲਕਾਂ ਵੱਲੋਂ ਐਨਜੀਓਜ਼ ਨੂੰ ਆਪਣੇ 'ਆਲੋਚਕ' ਬਣਾਕੇ ਮਾਲੀ ਸਹਾਇਤਾ ਪ੍ਰਦਾਨ ਕਰਨਾ ਆਪਣੇ ਹਿੱਤਾਂ ਦੀ ਰਾਖੀ ਲਈ ਬੀਮਾ ਕਰਾਉਣ ਦੇ ਬਰਾਬਰ ਸੀ। ਇਹ ਮਾਮਲਾ ਉਹਨਾਂ ਅਹਿਮ ਅਲੋਚਕ ਐਨ.ਜ਼ੀ.ਓਜ਼ ਦੇ ਮਾਮਲੇ 'ਚ ਦੇਖਿਆ ਜਾ ਸਕਦਾ ਸੀ ਜਿਹੜੀਆਂ ਫਿਲਪਾਈਨ 'ਚ ਮਾਰਕੋਜ਼ ਦੇ ਰਾਜ 'ਚ, ਚਿੱਲੀ 'ਚ ਪਿਨੋਚੇ ਦੀ ਹਕੂਮਤ ਦੌਰਾਨ, ਕੋਰੀਆ ਦੇ ਪਾਰਕ ਦੀ ਡਿਕਟੇਟਰਸ਼ਿਪ ਆਦਿ ਦੌਰਾਨ ਪ੍ਰਗਟ ਹੋਈਆਂ ਸਨ।

ਅਸਲ 'ਚ ਐਨ.ਜ਼ੀ.ਓ. ਸਾਮਰਾਜੀ

ਪ੍ਰਭੂਸਤਾ ਨੂੰ ਚੁਣੌਤੀ ਦੇਣ ਵਾਲੀਆਂ ਜਨਤਕ ਲੋਕ ਲਹਿਰਾਂ ਦੇ ਉਭਾਰ ਦੇ ਸਮਿਆਂ ’ਚ ਖੁੰਬਾਂ ਵਾਂਗ ਉੱਗੀਆਂ ਹਨ। ਖੱਬੇ ਪੱਖੀ ਲਹਿਰਾਂ ਤੇ ਜਦੋਜਹਿਦਾਂ ਦੇ ਉਭਾਰ ਨੇ ਇੱਕ ਅਜਿਹੀ ਦਿਲਕਸ਼ ਵਪਾਰਕ ਵਸਤੂ ਮੁਹੱਈਆ ਕਰ ਦਿੱਤੀ ਹੈ ਜਿਸਨੂੰ ਖਰੀਦਣ ਦੀਆਂ ਇੱਛੁਕ ਤੇ ਇਹਨਾਂ ਲਹਿਰਾਂ ਪ੍ਰਤੀ ਫ਼ਿਕਰਮੰਦ ਯੂਰਪੀ ਤੇ ਅਮਰੀਕੀ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਨਾਲ ਪੀਡੀਆਂ ਤੰਦਾਂ ਨਾਲ ਜੁੜੀਆਂ ਤਸੱਲੀਬਖਸ਼ ਵਿਤੀ ਸਹਾਇਤਾ ਪ੍ਰਾਪਤ ਨਿਜੀ ਤੇ ਸਰਕਾਰੀ ਸੰਸਥਾਵਾਂ ਕੋਲ ਸਾਬਕਾ ਖੱਬੇ ਪੱਖੀ ਤੇ ਨਕਲੀ ਲੋਕ ਪੱਖੀ ਬੁੱਧੀਜੀਵੀ ਵਿਕਣ ਜੋਗੇ ਹੋ ਗਏ। ਦਾਨ ਦੇਣ ਵਾਲਿਆਂ ਦਾਨੀਆਂ ਦੀ ਧੁੱਸ ਸੂਹ ਲਾਉਣ ਵਾਲੇ ਸਮਾਜਕ ਵਿਗਿਆਨ ਦੀ ਨਜ਼ਰਸਾਨੀ ਕਰਨਾ ਸੀ ਮਿਸਾਲ ਦੇ ਤੌਰ ’ਤੇ “ਸ਼ਹਿਰੀ ਗ਼ਰੀਬ ਬਸਤੀਆਂ ’ਚ ਹਿੰਸਾ ਭੜਕਣ ਦੀ ਸੰਭਾਵਨਾ ਦੀ ਸੂਹ ਲਾਉਣੀ” (1983-86 ਦੇ ਜਨਤਕ ਉਭਾਰ ਦੌਰਾਨ ਚਿੱਲੀ ’ਚ ਐਨ.ਜੀ.ਓਜ਼ ਵੱਲੋਂ ਆਪਣੇ ਹੱਥ ਹੇਠ ਲਈ ਗਈ ਇੱਕ ਅਜਿਹੀ ਯੋਜਨਾ), ਐਨਜੀਓ ਵਾਦੀਆਂ ਦੀ ਮਸ਼ਹੂਰ ਭਾਈਚਾਰਿਆਂ ਨੂੰ ਆਪਣੇ ਕਲਾਵੇ ’ਚ ਲੈਣ ਅਤੇ ਉਹਨਾਂ ਦੀ ਤਾਕਤ ਨੂੰ ਸਮਾਜਕ ਤਬਦੀਲੀ ਵਾਲਾ ਰੁਖ ਅਪਨਾਉਣ ਦੀ ਬਜਾਏ ਸਵੈ-ਸਹਾਇਤਾ ਯੋਜਨਾਵਾਂ ’ਤੇ ਟੇਕ ਰੱਖਣ ਵੱਲ ਸੇਧਤ ਕਰਨ ਦੀ ਸਮਰੱਥਾ ਅਤੇ ਜਮਾਤੀ ਭਾਈਵਾਲੀ ਵਾਲੀ ਲਫ਼ਾਜ਼ੀ ਨੂੰ “ਇੱਕ ਨਵੀਂ” ਪਹਿਚਾਣ ਦੇ ਕੇ ਇੱਕ ਅਜਿਹੀ ਨਵੀਂ ਸ਼ਕਲ ਦੇਣ ਵੱਲ ਸੇਧਤ ਹਨ ਜਿਹੜੀ ਕਿ ਇਨਕਲਾਬੀ ਕਾਰਕੁਨਾਂ ਦੀ ਸਾਖ਼ ਨੂੰ ਖੋਰੇਗੀ ਅਤੇ ਉਹਨਾਂ ਨੂੰ ਲੋਕਾਂ ’ਚੋਂ ਨਿਖੇੜ ਦੇਵੇਗੀ।

ਜਨਤਕ ਲਹਿਰਾਂ ਦੇ ਉਭਾਰ ਨੇ ਵਿਦੇਸ਼ੀ ਏਜੰਸੀਆਂ ਨੂੰ ਆਪਣੇ ਖਜ਼ਾਨਿਆਂ ਦੇ ਮੂੰਹ ਖੋਲ੍ਹਣ ਲਈ ਮਜ਼ਬੂਰ ਕਰ ਦਿੱਤਾ ਅਤੇ ਸੱਤਰਵਿਆਂ ਦੌਰਾਨ ਇੰਡੋਨੇਸ਼ੀਆ, ਥਾਈਲੈਂਡ ਤੇ ਪੀਰੂ ’ਚ, ਅੱਸੀਵਿਆਂ ਦੌਰਾਨ ਨਿਕਾਰਾਗੁਆ, ਚਿੱਲੀ ਤੇ ਫਿਲਪਾਈਨ ’ਚ ਅਤੇ 90 ਵਿਆਂ ’ਚ ਅਲਸਲਵਾਡੋਰ, ਗੁਆਟੇਮਾਲਾ ਤੇ ਕੋਰੀਆ ’ਚ ਮਿਲੀਅਨ ਡਾਲਰਾਂ (ਕਰੋੜਾਂ ਰੁਪਏ) ਦੀ ਬਰਸਾਤ ਕੀਤੀ ਗਈ। ਐਨ.ਜੀ.ਓਜ਼ ਇਹਨਾਂ ਮੁਲਕਾਂ ’ਚ “ਅੱਗ ਬੁਝਾਉਣ” ਲਈ ਤਿਆਰ ਬਰ ਤਿਆਰ ਬੈਠੀਆਂ ਸਨ। ਉਸਾਰੂ ਯੋਜਨਾਵਾਂ ਦੇ ਪਰਦੇ ਹੇਠ ਇਹਨਾਂ ਨੇ ਵਿਚਾਰਧਾਰਕ ਜਦੋ ਜਹਿਦਾਂ ਦੇ ਲੜ ਲੱਗਣ ਦੇ ਵਿਰੋਧ ’ਚ ਦਲੀਲਾਂ ਦਿੱਤੀਆਂ, ਇਉਂ ਕਰਦਿਆਂ ਇਹਨਾਂ ਨੇ ਵਿਦੇਸ਼ੀ ਪੈਸੇ ਨਾਲ ਸਥਾਨਕ ਆਗੂਆਂ ਦੀ ਭਰਤੀ ਕੀਤੀ, ਉਹਨਾਂ ਨੂੰ ਵਿਦੇਸ਼ੀ ਕਾਨਫਰੰਸਾਂ ’ਚ ਭੇਜਿਆ ਅਤੇ ਸਥਾਨਕ ਪੱਧਰ ਦੇ ਗਰੁੱਪਾਂ ਨੂੰ ਨਵ-ਉਦਾਰਵਾਦ ਦੇ ਸਾਂਚੇ ’ਚ ਢਲਣ ਲਈ ਹੱਲਾ ਸ਼ੇਰੀ ਦਿੱਤੀ।

ਕਿਉਂਕਿ ਅਥਾਹ ਪੈਸਾ ਮਿਲ ਰਿਹਾ ਸੀ, ਇਸ ਲਈ ਐਨ.ਜੀ.ਓਜ਼ ਖੁੰਬਾਂ ਵਾਂਗ ਉੱਠੀਆਂ, ਜਿਹਨਾਂ ਨੇ ਭਾਈਚਾਰਿਆਂ ਦੀ ਹਾਲਤ ਮਾਸ ਦਾ ਟੁਕੜੇ ਲਈ ਲੜਨ ਵਾਲੇ ਕੁੱਤਿਆਂ ਵਰਗੀ ਬਣਾ ਦਿੱਤੀ। “ਜ਼ਮੀਨੀ ਪੱਧਰ ’ਤੇ ਸਰਗਰਮ ਹਰੇਕ ਕਰਿੰਦੇ” ਨੇ ਗ਼ਰੀਬਾਂ (ਔਰਤਾਂ, ਘੱਟ ਗਿਣਤੀਆਂ, ਨੌਜਵਾਨ ਲੋਕਾਂ ਆਦਿ) ਦੇ ਨਵੇਂ ਪੂਰ ਲੈ ਕੇ ਖੁਦ ਦੀ ਆਪਣੀ ਨਵੀਂ ਐਨਜੀਓ ਖੜੀ ਕੀਤੀ ਅਤੇ ਇਸ ਸਹਾਰੇ ਉਹਨੇ ਆਪਣੇ ਮਾਲ ਦੀ ਵਿਕਰੀ, ਆਪਣੀ ਸਰਗਰਮੀ ਜਾਂ ਆਪਣੇ ਇਲਾਕੇ ਲਈ ਅਤੇ ਆਪਣੇ ਕੇਂਦਰ ਤੇ ਇਉਂ ਆਪਣੇ ਕੈਰੀਅਰਾਂ ਲਈ ਵਿਤੀ ਸਾਧਨ ਹਾਸਲ ਕਰਨ ਲਈ ਐਮਸਟਰਡਮ, ਸਟਾਕਹੋਮ ਆਦਿ ਦੀ ਹੱਜ ਯਾਤਰਾ ਕੀਤੀ।

ਐਨ.ਜੀ.ਓਜ਼ ਦੀ ਗਿਣਤੀ ’ਚ ਚੋਖੀ ਵਾਧਾ ਹੋਣ ’ਚ ਤੀਜੇ ਨੰਬਰ ’ਤੇ ਉਹ ਹਾਲਤਾਂ ਆਉਂਦੀਆਂ ਹਨ ਜਦੋਂ ਮੁਕਤ ਸਰਮਾਏਦਾਰਾਨਾ ਮੰਡੀ ਵੱਲੋਂ ਬਾਰਮਬਾਰ ਤੇ ਹੋਰ ਵਧੇਰੇ ਡੂੰਘੇਰੇ ਪੈਦਾ ਕੀਤੇ ਜਾਂਦੇ ਆਰਥਿਕ ਸੰਕਟ। ਜਿਵੇਂ ਜਿਵੇਂ ਬਜਟਾਂ ’ਚ ਕਟੌਤੀ ਹੁੰਦੀ ਗਈ ਤਾਂ ਬੁੱਧੀਜੀਵੀਆਂ, ਸਿੱਖਿਆ ਸ਼ਾਸਤਰੀਆਂ ਤੇ ਪੇਸ਼ਾਵਰਾਂ ਨੂੰ ਆਪਣੇ ਰੁਜ਼ਗਾਰ ਦੇ ਮੌਕੇ ਖਤਮ ਹੁੰਦੇ ਦਿਸੇ ਅਤੇ ਤਨਖਾਹਾਂ ’ਚ ਗਿਰਾਵਟ ਦਰਜ਼ ਹੁੰਦੀ ਦਿਸੀ, ਆਪਣਾ ਕੋਈ ਬਦਲਵਾਂ ਰੁਜ਼ਗਾਰ ਲੱਭਣਾ ਇਹਨਾਂ ਦੀ ਮਜ਼ਬੂਰੀ ਬਣ ਗਈ। ਇੱਕ ਰੁਜ਼ਗਾਰ ਮੁਹੱਈਆ ਕਰਵਾਉਣ ਵਾਲੀ ਏਜੰਸੀ ਬਣਕੇ ਐਨ.ਜੀ.ਓਜ਼ ਸਾਹਮਣੇ ’ਤੇ ਆਈਆਂ ਅਤੇ ਸਲਾਹਕਾਰ ਏਜੰਸੀਆਂ ਹੇਠਲੇ ਪੱਧਰ ’ਤੇ ਸੰਭਾਵਤ ਹਰਕਤਸ਼ੀਲ ਬੁੱਧੀਜੀਵੀਆਂ ਲਈ ਇੱਕ ਸੁਰੱਖਿਆ ਛਤਰੀ ਬਣਕੇ ਸਾਹਮਣੇ ਆਈਆਂ ਜਿਹਨਾਂ ਨੇ “ਸਿਵਲ ਸੁਸਾਇਟੀ” ’ਚ ਹੜ੍ਹ ਲੈ ਆਂਦਾ ਅਤੇ ਨਾਲ ਹੀ ਆਪਣੀ ਮੁਕਤ ਮੰਡੀ ਵੱਲ ਵਿਕਾਸ ਦੀ ਬਦਲਵੀਂ ਦਿਸ਼ਾ ਵਾਲੀਆਂ ਨੀਤੀਆਂ ਅਤੇ ਨਵਉਦਾਰਵਾਦੀ ਸਰਕਾਰਾਂ ਤੇ ਕੌਮਾਂਤਰੀ ਵਿਤੀ ਸੰਸਥਾਵਾਂ ਨਾਲ ਸਾਂਝ ਭਿਆਲੀ ਵਾਲੀਆਂ ਨੀਤੀਆਂ ਨੂੰ ਅੱਗੇ ਵਧਾਇਆ। ਜਦੋਂ ਲੱਖਾਂ ਲੋਕ ਆਪਣੇ ਰੁਜ਼ਗਾਰ ਤੋਂ ਹੱਥ ਧੋ ਬਹਿੰਦੇ ਹਨ ਅਤੇ ਆਬਾਦੀ ਦੇ ਵੱਡੇ ਹਿੱਸੇ ’ਚ ਗ਼ਰੀਬੀ ਫੈਲ ਜਾਂਦੀ ਹੈ ਤਾਂ ਉਦੋਂ ਐਨਜੀਓਜ਼ ਵਿਵਸਥਾ ਦੇ ਬਚਾਅ ਦਾ ਪੈਂਤੜਾ ਅਪਨਾਉਂਦੀਆਂ ਹਨ; ਉਹ ਆਮ ਹੜਤਾਲਾਂ ਕਰਨ ਦੀ ਬਜਾਏ “ਆਪਣੀ ਜਾਨ ਬਖਸ਼ੀ ਜਾਣ ਵਾਲੀ ਜੁਗਤਾਂ” ’ਤੇ ਕੇਂਦਰਤ ਕਰਦੀਆਂ ਹਨ; ਉਹ ਖਾਣ ਪੀਣ ਵਾਲੀਆਂ ਵਸਤਾਂ ਦੀ ਜ਼ਖੀਰੇਬਾਜ਼ੀ ਕਰਨ ਵਾਲਿਆਂ, ਨਵ-ਉਦਾਰਵਾਦੀ ਹਕੂਮਤਾਂ ਜਾਂ ਅਮਰੀਕੀ ਸਾਮਰਾਜ ਖਿਲਾਫ਼ ਜਨਤਕ ਰੋਸ ਮੁਜ਼ਾਹਰੇ ਕਰਨ ਦੀ ਬਜਾਏ ਲੰਗਰ (ਰਾਹਤ ਕੈਂਪ) ਲਾਉਂਦੀਆਂ ਹਨ।

ਜਦੋਂ ਪੁਰਾਣਾ ਢਾਂਚਾ ਢਹਿ ਢੇਰੀ ਹੋ ਰਿਹਾ ਸੀ, ਬਦਇਖਲਾਕ ਹਾਕਮਾਂ ਹੱਥੋਂ ਸਤਾ ਦੀ ਡੋਰ ਖੁਸਦੀ ਜਾ ਰਹੀ ਸੀ ਅਤੇ ਜਨਤਕ ਘੋਲ ਅੱਗੇ ਵਧ ਰਹੇ ਸਨ ਤਾਂ ਅਜਿਹੇ ਸਮਿਆਂ ’ਚ ਅਸਪੱਸ਼ਟ “ਜਮਹੂਰੀ ਤਬਦੀਲੀਆਂ” ਦੇ ਮੁਢਲੇ ਦੌਰਾਂ ’ਚ ਹੋ ਸਕਦੈ ਐਨਜੀਓਜ਼ ਨੂੰ ਮਾੜੀ ਮੋਟੀ “ਅਗਾਂਹਵਧੂ” ਪੁੱਠ ਚਾੜ੍ਹੀ ਗਈ ਹੋਵੇ। ਪੁਰਾਣੀਆਂ ਹਕੂਮਤਾਂ ਅਤੇ ਰੂੜੀਵਾਦੀ ਪਾਰਲੀਮਾਨੀ ਸਿਆਸਤਦਾਨਾਂ ਵਿਚਕਾਰ ਹੋਈਆਂ ਸੌਦੇਬਾਜ਼ੀਆਂ ’ਚ ਐਨਜੀਓਜ਼ ਸਾਧਨ ਬਣੀਆਂ। ਐਨਜੀਓਜ਼ ਨੇ ਆਪਣੇ ਜ਼ਮੀਨੀ ਪੱਧਰ ਨਾਲ ਜੁੜੇ ਹੋਣ ਦੇ ਪ੍ਰਚਾਰ, ਆਪਣੇ ਜਥੇਬੰਦਕ ਸਾਧਨਾਂ ਸ੍ਰੋਤਾਂ ਅਤੇ “ਜਮਹੂਰੀ” ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਹੋਣ ਦੀ ਆਪਣੀ ਜਨਤਕ ਦਿੱਖ ਨੂੰ ਸਮਾਜਕ ਆਰਥਿਕ ਤਬਦੀਲੀਆਂ ਦੇ ਹੱਕ ’ਚ ਭੁਗਤਾਉਣ ਦੀ ਬਜਾਏ ਕਾਨੂੰਨੀ, ਸਿਆਸੀ ਸੁਧਾਰਾਂ ਦੇ ਬਦਲ ਤੱਕ ਸੀਮਤ ਰੱਖਣ ਵਾਲੇ ਸਿਆਸਤਦਾਨਾਂ ਤੇ ਪਾਰਟੀਆਂ ਲੜ ਲਾਉਣ ਲਈ ਝੋਕ ਦਿੱਤਾ। ਐਨਜੀਓਜ਼ ਨੇ ਜਨਤਕ ਲਾਮਬੰਦੀ ਨੂੰ ਖੇਰੂ ਖੇਰੂ ਕੀਤਾ ਅਤੇ ਲਹਿਰਾਂ ਨੂੰ ਖੱਖੜੀਆਂ ਕਰੇਲੇ ਕਰ ਦਿੱਤਾ। ਚਿੱਲੀ ਤੋਂ ਲੈ ਕੇ ਫਿਲਪਾਈਨ ਤੇ ਦੱਖਣੀ ਕੋਰੀਆ ਅਤੇ ਇਸ ਤੋਂ ਵੀ ਅਗਾਂਹ 1980 ਵਿਆਂ ਤੇ 1990 ਵਿਆਂ ਦੌਰਾਨ ਜਿਸ ਕਿਸੇ ਵੀ ਦੇਸ਼ ’ਚ “ਪਾਰਲੀਮਾਨੀ ਵੋਟ ਪ੍ਰਣਾਲੀ” ਵੱਲ ਨੂੰ ਤਬਦੀਲੀ ਹੋਈ ਹੈ, ਐਨ.ਜੀ.ਓਜ਼ ਨੇ ਉਹਨਾਂ ਹਕੂਮਤਾਂ ਦੇ ਹੱਕ ’ਚ ਵੋਟਾਂ ਭੁਗਤਾਉਣ ’ਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ ਜਿਹਨਾਂ ਨੇ ਮੌਜੂਦਾ ਸਮਾਜਕ ਆਰਥਿਕ ਹਾਲਤਾਂ ਨੂੰ ਜਿਉਂ ਦੀਆਂ ਤਿਉਂ ਕਾਇਮ ਰੱਖਿਆ ਜਾਂ ਹੋਰ ਡੂੰਘੇਰਾ ਕੀਤਾ ਹੈ। ਇਨਾਮ ਵਜੋਂ ਬਹੁਤ ਸਾਰੇ ਸਾਬਕਾ ਐਨਜੀਓਵਾਦੀਆਂ ਨੂੰ ਸਰਕਾਰੀ ਏਜੰਸੀਆਂ ਚਲਾਉਣ ਨੂੰ ਮਿਲੀਆਂ ਜਾਂ ਕਈਆਂ ਨੂੰ ਲੋਕ ਲੁਭਾਉਣੇ ਮਹਿਕਮਿਆਂ (ਔਰਤਾਂ ਦੇ ਅਧਿਕਾਰਾਂ, ਨਾਗਰਿਕ ਭਾਗੀਦਾਰੀ, ਜਨਤਕ ਸ਼ਕਤੀ ਆਦਿ) ’ਚ ਸਰਕਾਰੀ ਮੰਤਰੀ ਦੇ ਰੁਤਬਿਆਂ ਨਾਲ ਨਵਾਜਿਆ ਗਿਆ।

ਐਨ.ਜੀ.ਓਜ਼ ਦਾ ਇਹ ਪਿਛਾਂਹ ਖਿਚੂ ਸਿਆਸੀ ਰੋਲ ਉਸ ਤਾਣੇ-ਬਾਣੇ ’ਚ ਪਿਆ ਹੈ ਜਿਸ ਢਾਂਚੇ ’ਤੇ ਇਹਨਾਂ ਨੂੰ ਜੱਥੇਬੰਦ ਕੀਤਾ ਗਿਆ ਹੈ।

ਐਨ.ਜੀ.ਓਜ਼ ਦਾ ਢਾਂਚਾ-ਦੇਖਣ ਦਿਖਾਉਣ ਨੂੰ ਸੇਵਾ ਭਾਵਨਾ ਪਰ ਅੰਦਰੋ ਧਨਾਢ ਪੱਖੀ (ਮੂੰਹ ’ਚ ਰਾਮ ਰਾਮ ਬਗਲ ’ਚ ਛੁਰੀ)

ਹਕੀਕਤ ਇਹ ਹੈ ਕਿ ਐਨ.ਜੀ.ਓਜ਼ “ਗੈਰ ਸਰਕਾਰੀ” ਸੰਸਥਾਵਾਂ ਨਹੀਂ ਹਨ। ਉਹ ਵਿਦੇਸ਼ੀ ਸਰਕਾਰਾਂ ਤੋਂ ਚੰਦੇ ਪ੍ਰਾਪਤ ਕਰਦੀਆਂ ਹਨ ਅਤੇ ਸਥਾਨਕ ਸਰਕਾਰਾਂ ਦੇ ਪ੍ਰਾਈਵੇਟ ਨੀਮ ਠੇਕੇਦਾਰ ਵਜੋਂ ਕੰਮ ਕਰਦੀਆਂ ਹਨ ਅਤੇ ਜਾਂ ਕਾਰਪੋਰੇਟਾਂ ਦੇ ਮਾਲੀ ਸਾਧਨਾਂ ਰਾਹੀਂ ਸਥਾਪਤ ਤੇ ਸਰਕਾਰੀ ਢਾਂਚੇ ਨਾਲ ਘਿਉ-ਖਿਚੜੀ ਬਣਕੇ ਚੱਲਣ ਵਾਲੀਆਂ ਕਾਰਪੋਰੇਟਾਂ ਤੋ ਰਿਆਇਤਾਂ ਪ੍ਰਾਪਤ ਕਰਕੇ ਕੰਮ ਕਰਨ ਵਾਲੀਆਂ ਨਿੱਜੀ ਸੰਸਥਾਵਾਂ ਹਨ। ਅਕਸਰ ਹੀ ਉਹ ਦੇਸ਼ ਜਾਂ ਵਿਦੇਸ਼ਾਂ ਵਿਚਲੀਆਂ ਸਰਕਾਰੀ ਏਜੰਸੀਆਂ ਨਾਲ ਸ਼ਰੇਆਮ ਭਾਈਵਾਲੀ ਕਰਕੇ ਚਲਦੀਆਂ ਹਨ। ਉਹ ਆਪਣੇ ਪ੍ਰੋਗਰਾਮਾਂ ਲਈ ਸਥਾਨਕ ਲੋਕਾਂ ਨੂੰ ਨਹੀਂ ਸਗੋਂ ਉਨ੍ਹਾਂ ਵਿਦੇਸ਼ੀ ਦਾਨੀਆਂ ਨੂੰ ਜਵਾਬਦੇਹ ਹਨ ਜਿਹੜੇ ਐਨਜੀਓਜ਼ ਦੀ ਕਾਰਜ਼ਕੁਸ਼ਲਤਾ ਦੀ ਸਮੀਖਿਆ ਆਪਣੇ ਖੁਦ ਦੇ ਪੈਮਾਨੇ ਅਤੇ ਹਿਤਾਂ ਮੁਤਾਬਕ ਕਰਦੇ ਹਨ ਤੇ ਇਹਨਾਂ ’ਤੇ ਨਜ਼ਰਸਾਨੀ ਕਰਦੇ ਹਨ। ਐਨ.ਜੀ.ਓਜ਼ ਦੇ ਆਹੁਦੇਦਾਰ ਆਪੂੰ ਨਿਯੁਕਤ ਕੀਤੇ ਹੁੰਦੇ ਹਨ ਅਤੇ ਉਹਨਾਂ ਦਾ ਕੇਂਦਰੀ ਕਾਰਜ਼ ਅਜਿਹੀਆਂ ਸਕੀਮਾਂ ਘੜਨਾ ਹੁੰਦਾ ਹੈ ਜਿਹਨਾਂ ਨਾਲ ਇਹਨਾਂ ਨੂੰ ਪੈਸਾ ਮਿਲਦਾ ਰਹੇ। ਬਹੁਤ ਸਾਰੀਆਂ ਹਾਲਤਾਂ ’ਚ ਇਹਨਾਂ ਐਨਜੀਓਜ਼ ਦੇ ਆਗੂਆਂ ਨੂੰ ਅਜਿਹੇ ਮਸਲੇ ਤਲਾਸ਼ਣੇ ਪੈਂਦੇ ਹਨ ਜਿਹੜੇ ਇਹਨਾਂ ਦੇ ਪੱਛਮੀ ਮੁਲਕਾਂ ਵਿਚਲੇ ਕੁਲੀਨ ਅੰਨ ਦਾਤਿਆਂ ਨੂੰ ਰਾਸ ਬਹਿੰਦੇ ਹੋਣ ਅਤੇ ਉਹ ਇਸੇ ਅਨੁਸਾਰ ਹੀ ਆਪਣੀਆਂ ਯੋਜਨਾਵਾਂ ਤਜਵੀਜ਼ ਕਰਦੇ ਹਨ। ਇਉਂ 1980 ਵਿਆਂ ਦੌਰਾਨ “ਸਰਕਾਰ ਚਲਾਉਣ ਦੀ ਯੋਗਤਾ” ਅਤੇ “ਜਮਹੂਰੀ ਬਦਲਾਅ” ਦਾ ਅਧਿਐਨ ਕਰਨ ਅਤੇ ਇਹਨਾਂ ’ਤੇ ਸਿਆਸੀ ਤਜਵੀਜ਼ਾਂ ਮੁਹੱਈਆ ਕਰਵਾਉਣ ਲਈ ਐਨਜੀਓਜ਼ ਨੂੰ ਫੰਡ ਮੁਹੱਈਆ ਕਰਵਾਏ ਗਏ ਜਿਸ ਚੋਂ ਸਾਮਰਾਜੀ ਤਾਕਤਾਂ ਦੇ ਖਦਸ਼ਿਆਂ ਦਾ ਝਲਕਾਰਾ ਮਿਲਦਾ ਸੀ ਕਿ ਕਿਤੇ ਡਿਕਟੇਟਰਸ਼ਿਪ ਦੇ ਖਾਤਮੇ ਨਾਲ “ਅਫਰਾ ਤਫਰੀ ਦੇ ਪ੍ਰਸ਼ਾਸ਼ਨ ਵਾਲਾ” ਮਾਹੌਲ ਨਾ ਬਣ ਜਾਵੇ -ਜਾਨੀਕਿ ਜਨਤਕ ਲਹਿਰਾਂ ਨਾ ਉਠ ਪੈਣ ਜਿਹੜੀਆਂ ਸੰਘਰਸ਼ ਨੂੰ ਹੋਰ ਡੂੰਘੇਰਾ ਕਰਨ ਤੇ ਸਮਾਜਕ ਨਿਜਾਮ ਨੂੰ ਹੀ ਤਬਦੀਲ ਕਰ ਦੇਣ। ਆਪਣੇ ਆਪ ਨੂੰ ਧੁਰ ਧਰਾਤਲ ਤੱਕ ਜਮਹੂਰੀ ਨਿਜਾਮ ਨਾਲ ਜੁੜੇ ਹੋਣ ਦੀ ਹਾਲ ਪਾਹਰਿਆ ਕਰਨ ਦੇ ਬਾਵਜੂਦ ਐਨਜੀਓਜ਼ ਪਦ-ਪ੍ਰਥਾ ਵਾਲੀਆਂ ਅਜਿਹੀਆਂ ਸੰਸਥਾਵਾਂ ਹਨ ਜਿਹਨਾਂ ’ਚ ਡਾਇਰੈਕਟਰ ਸਾਰੀਆਂ ਯੋਜਨਾਵਾਂ, ਕਿਸ ਨੂੰ ਰੱਖਣਾ ਤੇ ਕਿਸ ਨੂੰ ਬਾਹਰ ਦਾ ਰਸਤਾ ਦਿਖਾਉਣਾ ਹੈ ਆਦਿ ’ਚ ਪੂਰਾ ਕਰਤਾ-ਧਰਤਾ ਹੁੰਦਾ ਹੈ ਅਤੇ ਨਾਲ ਹੀ ਇਸ ਗੱਲ ਦਾ ਫੈਸਲਾ ਵੀ ਉਹੀ ਕਰਦਾ ਹੈ ਕਿ ਕੌਮਾਂਤਰੀ ਕਾਨਫਰੰਸਾਂ ’ਚ ਸ਼ਾਮਲ ਹੋਣ ਲਈ ਕਿਸ ਨੂੰ ਪੈਸਾ ਮੁਹੱਈਆ ਕਰਵਾਉਣਾ ਹੈ। “ਲੋਕ ਹਿਤਾਂ” ਲਈ ਕੰਮ ਕਰਦੇ ਹੋਣ ਦੀ ਗੱਲ ਕਰਨਾ ਅਜਿਹੀਆਂ ਇਸ ਪਦ-ਪ੍ਰਥਾ ਵਾਲੀਆਂ ਸੰਸਥਾਵਾਂ ਲਈ ਮਹਿਜ਼ ਰਟਨ-ਮੰਤਰ ਹੈ ਜਦੋਂ ਕਿ ਉਹ ਲੋਕ ਕਦੇ ਵੀ ਉਸ ਪੈਸੇ ਦੇ ਦਰਸ਼ਨ ਦਿਦਾਰ ਨਹੀਂ ਕਰਦੇ ਜੋ “ਇਹਨਾਂ ਦੀਆਂ” ਐਨ.ਜੀ.ਓਜ਼ ਇਕੱਤਰ ਕਰਦੀਆਂ ਹਨ, ਨਾਹੀ ਕਦੇ ਉਹ ਵਿਦੇਸ਼ੀ ਦੌਰਿਆਂ ’ਤੇ ਜਾਂਦੇ ਹਨ ਅਤੇ ਨਾ ਹੀ ਉਹ ਤਨਖਾਹਾਂ ਭੱਤੇ ਹਾਸਲ ਕਰਦੇ ਹਨ ਜੋ ਉਹਨਾਂ ਦੇ “ਜਨਤਕ ਪੱਧਰ ਦੇ” ਆਗੂ ਹਾਸਲ ਕਰਦੇ ਹਨ। ਇਸ ਤੋਂ ਵੀ ਵਧੇਰੇ ਮਹੱਤਵਪੂਰਨ ਗੱਲ ਇਹ ਹੈ ਕਿ ਕਿਸੇ ਵੀ ਫੈਸਲੇ ’ਤੇ ਵੋਟਿੰਗ ਨਹੀਂ ਕੀਤੀ ਜਾਂਦੀ। ਵੱਧ ਤੋਂ ਵੱਧ ਡਾਇਰੈਕਟਰ ’ਤੇ ਵਿਦੇਸ਼ੀ ਦਾਨੀਆਂ ਵਿਚਕਾਰ ਖਿਚੜੀ ਰਿੱਝ ਜਾਣ ਤੋਂ ਬਾਅਦ ਉਸ ਪ੍ਰੋਜੈਕਟ ’ਤੇ ਮੋਹਰ ਲਾਉਣ ਲਈ ਐਨ.ਜੀ.ਓ ਸਟਾਫ ਗ਼ਰੀਬਾਂ ਲਈ ਕੰਮ ਕਰਨ ਵਾਲੇ “ਹੇਠਲੇ ਪੱਧਰ ਦੇ ਕਾਰਜਕਰਤਾਵਾਂ” ਦੀ ਮੀਟਿੰਗ ਬੁਲਾ ਲੈਂਦਾ ਹੈ। ਬਹੁਤ ਸਾਰੇ ਮਾਮਲਿਆਂ ’ਚ ਐਨਜੀਓਜ਼ ਮੈਂਬਰਸ਼ਿੱਪ ਅਧਾਰਤ ਜਥੇਬੰਦੀਆਂ ਨਹੀਂ ਹੁੰਦੀਆਂ ਸਗੋਂ ਆਪੂੰ ਨਿਯੁਕਤ ਕੀਤਾ ਕੁਲੀਨ ਵਰਗ ਹੁੰਦਾ ਹੈ ਜਿਹੜਾ ਜਨਤਕ ਲਹਿਰਾਂ ਲਈ “ਵਿਉਂਤਕਾਰੀ ਵਿਅਕਤੀਆਂ” ਦਾ ਮੁਖੌਟਾ ਪਹਿਨਦਾ ਹੈ ਪਰ ਅਸਲ ’ਚ ਉਹ ਇਹਨਾਂ ਲੋਕ ਲਹਿਰਾਂ ਦੇ ਸਮਾਨਅੰਤਰ ਲਹਿਰ ਖੜ੍ਹਾ ਕਰਕੇ ਇਹਨਾਂ ਲਹਿਰਾਂ ਦੇ ਜੜ੍ਹੀਂ ਤੇਲ ਦਿੰਦੇ ਹਨ। ਇਸ ਪੱਖੋਂ ਦੇਖਿਆਂ ਸਥਾਨਕ ਲੋਕਾਂ ਤੇ ਉਹਨਾਂ ਦੇ ਚੁਣੇ ਆਗੂਆਂ ਦਰਮਿਆਨ ਸਮਾਜਕ ਪ੍ਰੋਗਰਾਮਾਂ ਅਤੇ ਉਸ ਸਬੰਧੀ ਹੋਣ ਵਾਲੇ ਵਿਚਾਰ ਵਟਾਂਦਰੇ ਨੂੰ ਖੋਹਕੇ ਐਨਜੀਓਜ਼ ਜਮਹੂਰੀਅਤ ਦੇ ਜੜ੍ਹੀਂ ਦਾਤੀ ਫੇਰਦੀਆਂ ਹਨ ਅਤੇ ਉਪਰੋਂ ਥੋਪੇ ਹੋਏ ਵਿਦੇਸ਼ੀ ਅਫਸਰਾਂ ’ਤੇ ਉਹਨਾਂ ਦੁਆਰਾ ਨਿਯੁਕਤ ਕੀਤੇ ਸਥਾਨਕ ਅਫਸਰਾਂ ਉੱਪਰ ਨਿਰਭਰਤਾ ਸਥਾਪਤ ਕਰ ਦਿੰਦੀਆਂ ਹਨ।

ਐਨਜੀਓਜ਼ ਨਵੇਂ ਕੌਮਾਂਤਰੀਵਾਦ ਦੇ ਪਰਦੇ ਹੇਠ ਇੱਕ ਨਵੀਂ ਕਿਸਮ ਦਾ ਸੱਭਿਆਚਾਰਕ ਅਤੇ ਆਰਥਿਕ ਬਸਤੀਵਾਦ ਥੋਪਦੀਆਂ ਹਨ। ਸੈਂਕੜੇ ਵਿਅਕਤੀ ਸ਼ਕਤੀਸ਼ਾਲੀ ਨਿਜੀ ਕੰਪਿਊਟਰਾਂ (PCs) ਸਾਹਮਣੇ ਬੈਠ ਕੇ ਕੌਮਾਂਤਰੀ ਕਾਨਫਰੰਸਾਂ ਲਈ ਮੈਨੀਫੈਸਟੋ, ਤਜਵੀਜ਼ਾਂ ਅਤੇ ਸੱਦਾ ਪੱਤਰਾਂ ਦਾ ਇੱਕ ਦੂਜੇ ਨਾਲ ਅਦਾਨ-ਪ੍ਰਦਾਨ ਕਰਦੇ ਹਨ। ਫਿਰ ਉਹ ਮਹਿੰਗੇ ਹੋਟਲਾਂ ਦੇ ਸਹੂਲਤਾਂ ਸੰਪੰਨ ਕਾਨਫਰੰਸ ਹਾਲਾਂ ’ਚ ਇਕੱਤਰ ਹੋ ਕੇ ਆਪਣੇ “ਸਮਾਜਕ ਆਧਾਰ” ਯਾਨੀ ਕਿ ਆਪਣੇ ਤਨਖਾਹੀਏ ਕਰਮਚਾਰੀਆਂ ਨਾਲ ਤੱਤਕਾਲੀ ਚੱਲ ਰਹੇ ਸੰਘਰਸ਼ਾਂ ਅਤੇ ਚੜ੍ਹਾਵਿਆਂ ਜਾਂ ਭੇਟਾ ਨੂੰ ਵਿਚਾਰਦੇ ਹਨ ਜਿਹੜੇ ਮੋੜਵੇਂ ਰੂਪ ’ਚ ਇਹਨਾਂ ਤਜਵੀਜ਼ਾਂ ਨੂੰ ਹੱਥ-ਪਰਚਿਆਂ ਅਤੇ ਅਖਬਾਰਾਂ ਰਾਹੀਂ “ਲੋਕਾਈ” ਤੱਕ ਲੈ ਕੇ ਜਾਂਦੇ ਹਨ। ਜਦੋਂ ਕਦੇ ਵਿਦੇਸ਼ੀ ਦਾਨੀ ਸੱਜਣ ਫੇਰੀ ਪਾਉਣ ਆਉਂਦੇ ਹਨ ਤਾਂ ਉਹਨਾਂ ਨੂੰ “ਦਿਖਾਵੇ” ਵਜੋਂ ਰੱਖੀਆਂ ਯੋਜਨਾਵਾਂ ਦੇ ਗਿਣੇ ਮਿਥੇ ਢੰਗ ਨਾਲ ਟੂਰ ਵਿਉਂਤੇ ਜਾਂਦੇ ਹਨ ਜਿੱਥੇ ਗ਼ਰੀਬ ਲੋਕ ਆਪਣੀ ਸਹਾਇਤਾ ਆਪ ਕਰਦੇ ਦਿਖਾਏ ਜਾਂਦੇ ਹਨ ਅਤੇ ਉਹਨਾਂ ਵਿਦੇਸ਼ੀਆਂ ਸਾਹਮਣੇ ਉਸ ਬਹੁ-ਗਿਣਤੀ ਨੂੰ ਔਖੋਂ ਪਰੋਖੇ ਕਰਦਿਆਂ ਜਿਹੜੇ ਕਾਮਯਾਬ ਨਹੀਂ ਹੋਏ ਹੁੰਦੇ, ਇੱਕ ਛੋਟੀ ਜਿਹੀ ਗਿਣਤੀ ਵਾਲੇ ਕਾਮਯਾਬ ਕਾਰੋਬਾਰੀਆਂ ਨੂੰ ਗੱਲਬਾਤ ਲਈ ਪੇਸ਼ ਕੀਤਾ ਜਾਦਾ ਹੈ।

ਇਹ ਨਵਾਂ ਬਸਤੀਵਾਦ ਕਿਵੇਂ ਕੰਮ ਕਰਦਾ ਹੈ ਇਹ ਸਮਝਣਾ ਕੋਈ ਔਖੀ ਗੱਲ ਨਹੀਂ। ਸਾਮਰਾਜੀ ਕੇਂਦਰਾਂ ਤੇ ਉਹਨਾਂ ਦੀਆਂ ਸੰਸਥਾਵਾਂ ਦੀਆਂ ਤਰਜੀਹਾਂ ਤੇ ਦਿਸ਼ਾ ਨਿਰਦੇਸ਼ਾਂ ਦੇ ਆਧਾਰ ’ਤੇ ਯੋਜਨਾਵਾਂ ਨੂੰ ਘੜਿਆ ਜਾਂਦਾ ਹੈ। ਅੱਗੋਂ ਉਹ ਭਾਈਚਾਰਿਆਂ ਨੂੰ “ਮੁੱਲ ਵੇਚ” ਦਿੱਤੀਆਂ ਜਾਂਦੀਆਂ ਹਨ। ਇਹਨਾਂ ਯੋਜਨਾਵਾਂ ਦਾ ਲੇਖਾਜੋਖਾ ਸਾਮਰਾਜੀ ਸੰਸਥਾਵਾਂ ਲਈ ਅਤੇ ਉਹਨਾਂ ਦੁਆਰਾ ਹੀ ਕੀਤਾ ਜਾਂਦਾ ਹੈ। ਫੰਡਾਂ ਦੀ ਕਿਸੇ ਹੋਰ ਕੰਮ ਲਈ ਕੀਤੀ ਗਈ ਵਰਤੋਂ ਜਾਂ ਮਾੜੀ ਕਾਰਗੁਜ਼ਾਰੀ ਦਾ ਨਤੀਜਾ ਗਰੁੱਪਾਂ, ਭਾਈਚਾਰਿਆਂ, ਕਿਸਾਨਾਂ ਅਤੇ ਸਹਿਕਾਰੀ ਸੰਸਥਾਵਾਂ ਦੇ ਭੋਗ ਪਾਉਣ ’ਚ ਨਿਕਲਦਾ ਹੈ। ਦਾਨੀ ਵਿਅਕਤੀਆਂ ਦੀਆਂ ਲੋੜਾਂ ਅਤੇ ਉਹਨਾਂ ਦੇ ਯੋਜਨਾ ਸਮੀਖਕਾਂ ਦੀ ਜੀ ਹਜ਼ੂਰੀ ਕਰਨ ਲਈ ਹਰੇਕ ’ਤੇ ਜਬਤ ਦਾ ਡੰਡਾ ਚਾੜ੍ਹਿਆ ਜਾਂਦਾ ਹੈ। ਨਵੇਂ ਵਾਇਸਰਾਇਆਂ ਵਾਂਗੂੰ ਐਨ.ਜੀ.ਓਜ਼ ਦੇ ਡਾਇਰੈਕਟਰ ਪੈਸੇ ਦੀ ਸਹੀ ਵਰਤੋਂ ’ਤੇ ਨਜ਼ਰ ਰਖਦੇ ਹਨ ਅਤੇ ਦਾਨੀਆਂ ਦੇ ਟੀਚਿਆਂ, ਕਦਰਾਂ ਤੇ ਵਿਚਾਰਧਾਰਾਂ ਨਾਲ ਇੰਨ ਬਿੰਨ ਬੱਝੇ ਰਹਿਣਾ ਯਕੀਨੀ ਬਣਾਉਂਦੇ ਹਨ।

**ਐਨ.ਜੀ.ਓਜ਼ ਬਨਾਮ ਇਨਕਲਾਬੀ ਸਮਾਜਕ -ਸਿਆਸੀ ਲਹਿਰਾਂ:** ਐਨਜੀਓਜ਼ ਜਦੋਜਹਿਦਾਂ ਦੀ ਬਜਾਏ ਪ੍ਰੋਜੈਕਟਾਂ ਉੱਪਰ ਜ਼ੋਰ ਦਿੰਦੀਆਂ ਹਨ। ਉਹ ਲੋਕਾਂ ਨੂੰ ਕਿਨਾਰੇ ’ਤੇ ਰਹਿਕੇ ਪੈਦਾਵਾਰ ਕਰਨ ਲਈ ਠੋਕਰਦੇ ਹਨ ਨਾ ਕਿ ਪੈਦਾਵਾਰ ਤੇ ਦੌਲਤ ’ਤੇ ਕਾਬਜ਼ ਹੋਣ ਲਈ ਸੰਘਰਸ਼ ਕਰਨ ਵਾਸਤੇ। ਉਹ ਯੋਜਨਾਵਾਂ ਦੇ ਤਕਨੀਕੀ ਅਤੇ ਵਿਤੀ ਸਹਾਇਤਾ ਵਾਲੇ ਪੱਖਾਂ ’ਤੇ ਕੇਂਦਰਤ ਕਰਦੇ ਹਨ ਨਾ ਕਿ ਲੋਕਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਨੂੰ ਰੂਪਮਾਨ ਕਰਨ ਵਾਲੀਆਂ ਸਮਾਜਕ ਢਾਂਚਾਗਤ ਹਾਲਤਾਂ ਉੱਤੇ। ਐਨਜੀਓਜ਼, ਖੱਬੇ ਪੱਖੀਆਂ ਦੇ ਸੰਕਲਪਾਂ- “ਜਨਤਕ ਤਾਕਤ”, “ਸਮਰੱਥ ਬਨਾਉਣ”, “ਲਿੰਗ ਸਮਾਨਤਾ”, “ਸੰਪੂਰਨ ਵਿਕਾਸ” , “ਹੇਠੋਂ ਅਗਵਾਈ” ਆਦਿ ਵਾਲੀ ਬੋਲੀ ਬੋਲਦੇ ਹਨ। ਸਮੱਸਿਆ ਇਹ ਹੈ ਕਿ ਉਹਨਾਂ ਦੀ ਇਹ ਲਫ਼ਾਜੀ ਦਾਨੀਆਂ ਅਤੇ ਸਰਕਾਰੀ ਏਜੰਸੀਆਂ ਦੀ ਸਿਆਸਤ ਵਾਲੇ ਸਾਂਝ ਭਿਆਲੀ ਦੇ ਢਾਂਚੇ ਨਾਲ ਜੁੜੀ ਹੋਈ ਹੈ ਜਿਹੜੀ ਟਕਰਾਅ ’ਚ ਨਾ ਪੈਣ ਵੱਲ ਪ੍ਰਣਾਈ ਹੁੰਦੀ ਹੈ। ਐਨਜੀਓਜ਼ ਦੀ ਸਥਾਨਕ ਪੱਧਰ ਦੀ ਸਰਗਰਮੀ ਦਾ ਖਾਸਾ ਸੀਮਤ ਸਾਧਨਾਂ ਨਾਲ ਜ਼ਿੰਦਗੀ ਦੇ ਇੱਕ ਛੋਟੇ ਹਿੱਸੇ ਨੂੰ ਪ੍ਰਭਾਵਤ ਕਰਨ ਤੋਂ ਅੱਗੇ ਨਹੀਂ ਜਾਂਦਾ, ਇਹ ਹਮੇਸ਼ਾਂ ਨਵ-ਉਦਾਰਵਾਦੀ ਹਕੂਮਤ ਅਤੇ ਵਿਸ਼ਾਲ ਆਰਥਿਕ ਢਾਂਚੇ ਵੱਲੋਂ ਪ੍ਰਦਾਨ ਕੀਤੀਆਂ ਹਾਲਤਾਂ ਦੇ ਘੇਰੇ ਅੰਦਰ ਹੀ ਰਹਿੰਦਾ ਹੈ।

ਐਨ.ਜੀ.ਓਜ਼ ਅਤੇ ਉਹਨਾਂ ਦੇ ਪੇਸ਼ੇਵਰ ਅਧਿਕਾਰੀ ਗ਼ਰੀਬਾਂ, ਔਰਤਾਂ, ਨਸਲੀ ਵਿਤਕਰੇ ਦਾ ਸ਼ਿਕਾਰ ਲੋਕਾਂ ਆਦਿ ਦਰਮਿਆਨ ਆਪਣਾ ਪ੍ਰਭਾਵ ਸਥਾਪਤ ਕਰਨ ਲਈ ਸਮਾਜਕ ਸਿਆਸੀ ਲਹਿਰਾਂ ਨਾਲ ਸਿੱਧੇ ਮੁਕਾਬਲੇ ’ਚ ਪੈਂਦੇ ਹਨ। ਐਨ.ਜੀ.ਓਜ਼ ਦੇ ਸਿਧਾਂਤ ਤੇ ਅਮਲ ਗ਼ਰੀਬੀ ਦੀ ਬਿਮਾਰੀ ਅਤੇ ਇਲਾਜ ਤੋਂ ਪੀੜਤਾਂ ਦਾ ਧਿਆਨ ਪਾਸੇ ਭਟਕਾਉਂਦੇ ਹਨ। (ਅੱਗੇ ਵੱਲ ਅਤੇ ਬਾਹਰ ਵੱਲ ਦੇਖਣ ਦੀ ਬਜਾਏ ਹੇਠਾਂ ਵੱਲ ਅਤੇ ਆਪਣੇ ਅੰਦਰ ਝਾਤੀ ਮਾਰਨ ਵੱਲ ਲੈ ਜਾਂਦੇ ਹਨ)। ਜੇਕਰ ਛੋਟੇ ਕਾਰੋਬਾਰਾਂ ਦੀ ਗੱਲ ਕਰੀਏ ਤਾਂ ਵਿਦੇਸ਼ੀ ਬੈਂਕਾਂ ਦੀ ਲੁੱਟ ਖਸੁੱਟ ਖਤਮ ਕਰਕੇ ਗ਼ਰੀਬੀ ਹੱਲ ਕਰਨ ਦੀ ਬਜਾਏ ਇਹਨਾਂ ਦੀ ਪਹੁੰਚ ਇਸ ਝੂਠੀ ਧਾਰਨਾ ’ਤੇ ਅਧਾਰਤ ਹੈ ਕਿ ਕਮਾਈ ਦੇ ਬਾਹਰਲੇ ਮੁਲਕਾਂ ’ਚ ਚਲੇ ਜਾਣ ਕਰਕੇ ਗ਼ਰੀਬੀ ਨਹੀਂ ਹੈ ਸਗੋਂ ਗ਼ਰੀਬੀ ਲਈ ਕਿਸੇ ਵਿਅਕਤੀ ਦੀ ਜਾਤੀ ਪਹਿਲ ਕਦਮੀ ਦੀ ਘਾਟ ਹੀ ਜ਼ੁੰਮੇਵਾਰ ਹੈ। ਐਨਜੀਓਜ਼ ਦੀ “ਮੱਦਦ” ਆਬਾਦੀ ਦੇ ਛੋਟੇ ਹਿੱਸਿਆਂ ਨੂੰ ਹੀ ਪ੍ਰਭਾਵਤ ਕਰਦੀ ਹੈ ਜਿਸ ਦੇ ਨਤੀਜੇ ਵਜੋਂ ਪਹਿਲਾਂ ਹੀ ਸਾਧਨਾਂ ਦੇ ਕਸਾਰੇ ਨਾਲ ਦੋ-ਚਾਰ ਹੋ ਰਹੇ ਭਾਈਚਾਰਿਆਂ ਨੂੰ ਸ਼ਰੀਕੇਬਾਜ਼ੀ ਵੱਲ ਧੱਕਦੀ ਹੈ, ਲੁਕਵੇਂ ਰੂਪ ’ਚ ਤਰੇੜਾਂ ਪੈਦਾ ਕਰਦੀ ਹੈ ਅਤੇ ਭਾਈਚਾਰਿਆਂ ਵਿਚਕਾਰ ਅੰਦੂਨੀ ਤੇ ਬਾਹਰੀ ਵੈਰ ਵਿਰੋਧ ਪਨਪਦਾ ਹੈ ਜਿਹੜਾ ਕਿ ਜਮਾਤੀ ਇੱਕਜੁੱਟਤਾ ਨੂੰ ਖੋਰਾ ਲਾਉਂਦਾ ਹੈ। ਇਹੀ ਗੱਲ ਪੇਸ਼ੇਵਰਾਂ ਨਾਲ ਵੀ ਵਾਪਰਦੀ ਹੈ। ਹਰ ਕੋਈ ਵਿਦੇਸ਼ੀ ਪੈਸੇ ਵਟੋਰਨ ਲਈ ਆਪੋ ਆਪਣੀ ਐਨਜੀਓ ਖੜ੍ਹੀ ਕਰ ਲੈਂਦਾ ਹੈ। ਉਹ ਆਪਣੇ ਵਿਦੇਸ਼ੀ ਦਾਨੀਆਂ ਦੀਆਂ ਇਛਾਵਾਂ ਦੇ ਨੇੜੇ ਢੁਕਦੀਆਂ ਘੱਟ ਖਰਚੇ ’ਤੇ ਵਧੇਰੇ ਗਿਣਤੀ ਦੀ ਨਫ਼ਰੀ ਦਾ ਦਾਅਵਾ ਕਰਦੀਆਂ ਤਜਵੀਜ਼ਾਂ ਪੇਸ਼ ਕਰਨ ਵਿੱਚ ਇੱਕ ਦੂਜੇ ਨਾਲ ਮੁਕਾਬਲੇਬਾਜ਼ੀ ’ਚ ਪੈਂਦੇ ਹਨ। ਇਸ ਦਾ ਸਿੱਟਾ ਐਨ.ਜੀ.ਓਜ਼ ਦੀ ਬਹੁਤਾਤ ’ਚ ਨਿਕਲਦਾ ਹੈ ਜਿਹੜੀ ਵੱਖੋ-ਵੱਖ ਭਾਈਚਾਰਿਆਂ ਨੂੰ ਵਿਸ਼ਾਲ ਸਮਾਜਿਕ ਤਸਵੀਰ ਨੂੰ ਅਣਡਿੱਠ ਕਰਨ ਵਾਲੀਆਂ ਰੰਗ ਬਰੰਗੀਆਂ ਖੇਤਰੀ ਤੇ ਉਪ-ਖੇਤਰੀ ਗੁੱਟਬੰਦੀਆਂ ’ਚ ਵੰਡ ਦਿੰਦੀ ਹੈ।

ਮੌਜੂਦਾ ਤਜਰਬਿਆਂ ਨੇ ਵੀ ਦਿਖਾਇਆ ਹੈ ਕਿ ਵਿਦੇਸ਼ੀ ਦਾਨੀ ਸਥਾਪਤੀ ਨੂੰ ਦਰਪੇਸ਼ ਸਿਆਸੀ ਤੇ ਆਰਥਿਕ ਚਣੌਤੀਆਂ ’ਚੋਂ ਉੱਠੇ “ਸੰਕਟਾਂ” ਦੌਰਾਨ ਯੋਜਨਾਵਾਂ ਲਈ ਪੈਸਾ ਮਹੱਈਆ ਕਰਵਾਉਂਦੇ ਹਨ। ਇਕ ਵਾਰੀ ਜਦੋਂ ਜਦੋਜਹਿਦਾਂ ਢੈਲੀਆਂ ਪੈ ਜਾਂਦੀਆਂ ਹਨ ਤਦ ਉਹ ਆਪਣੇ ਨਵ-ਉਦਾਰਵਾਦੀ ਏਜੰਡੇ ਤਹਿਤ ਐਨਜੀਓਜ਼ ਅਤੇ ਸਰਕਾਰ ਦੀ “ਭਾਈਵਾਲੀ” ਵੱਲ ਵਿਤੀ ਵਸੀਲਿਆਂ ਦਾ ਮੂੰਹ ਭਵਾਂਹ ਦਿੰਦੇ ਹਨ। ਸਮਾਜਕ ਤਬਦੀਲੀ ਲਈ ਸਮਾਜ ਨੂੰ ਜਥੇਬੰਦ ਕਰਨ ਦੀ ਥਾਂ “ਖੁੱਲ੍ਹੀ ਮੰਡੀ” ਮੂਜਬ ਆਰਥਿਕ ਵਿਕਾਸ ਕਰਨਾ ਇਹਨਾਂ ਦਾਨੀਆਂ ਦੇ ਏਜੰਡੇ ਦੀ ਮੁੱਖ ਮੁੱਦਾ ਬਣ ਜਾਂਦਾ ਹੈ।

“ਗੈਰ ਸਿਆਸੀ” ਦਿਖਾਵੇ ਅਤੇ ਸਵੈ-ਸਹਾਇਤਾ ’ਤੇ ਟੇਕ ਉੱਤੇ ਕੇਂਦਰਤ ਐਨਜੀਓਜ਼ ਦਾ ਢਾਂਚਾ ਤੇ ਖਾਸਾ ਗ਼ਰੀਬਾਂ ਦਾ ਗੈਰਸਿਆਸੀ ਕਰਨ ਕਰਦਾ ਹੈ ਅਤੇ ਇਹਨਾਂ ਨੂੰ ਗੈਰ ਸਰਗਰਮ ਕਰਦਾ ਹੈ। ਐਨਜੀਓਜ਼ ਨਵ-ਉਦਾਰਵਾਦੀ ਪਾਰਟੀਆਂ ਤੇ ਜਨਤਕ ਮੀਡੀਆ ਦੁਆਰਾ ਥਾਪੜਾ ਪ੍ਰਾਪਤ ਪਾਰਲੀਮਾਨੀ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹਨ। ਸਾਮਰਾਜਵਾਦ ਦੇ ਖਾਸੇ, ਨਵਉਦਾਰਵਾਦ ਦਾ ਜਮਾਤੀ ਆਧਾਰ ਅਤੇ ਬਰਾਮਦਕਾਰਾਂ ਤੇ ਕੱਚੇ ਕਾਮਿਆਂ ਦਰਮਿਆਨ ਜਮਾਤੀ ਜਦੋਜਹਿਦ ਬਾਰੇ ਸਿਆਸੀ ਸਿੱਖਿਆ ਮੁਹੱਈਆ ਕਰਨ ਤੋਂ ਟਾਲਾ ਵੱਟਿਆ ਜਾਂਦਾ ਹੈ। ਇਸ ਦੀ ਬਜਾਏ ਐਨਜੀਓਜ਼ “ਸਮਾਜ ਚੋਂ ਖੁੱਡੇ ਲਾਏ”, “ਨਿਤਾਣੇ, ਕੰਗਾਲ”, ਲਿੰਗਕ ਜਾਂ ਨਸਲੀ ਵਿਤਕਰੇ ਦਾ ਸ਼ਿਕਾਰ”, ਵਰਗੇ ਮੁੱਦਿਆਂ ’ਤੇ ਸਤੱਹੀ ਚਰਚਾ ਕਰਨ ਤੋਂ ਅੱਗੇ ਉਸ ਸਮਾਜਕ ਤਾਣੇ-ਬਾਣੇ ਬਾਰੇ ਕੋਈ ਗੱਲ ਨਹੀਂ ਕਰਦੇ ਜਿਸਨੇ ਅਜਿਹੇ ਹਾਲਤ ਪੈਦਾ ਕੀਤੇ ਹਨ। ਸ਼ੁੱਧ ਨਿਜੀ “ਸਵੈ ਸੇਵੀ” ਅਮਲ ਰਾਹੀ ਗ਼ਰੀਬਾਂ ਨੂੰ ਨਵਉਦਾਰਵਾਦੀ ਆਰਥਿਕਤਾ ’ਚ ਜਜ਼ਬ ਕਰਕੇ ਐਨਜੀਓ ਇੱਕ ਅਜਿਹੀ ਸਿਆਸੀ ਦੁਨੀਆਂ ਸਿਰਜਦੀਆਂ ਹਨ ਜਿੱਥੇ ਇਹਨਾਂ ਦੀ ਇੱਕਜੁਟਤਾ ਤੇ ਸਮਾਜਕ ਸਰਗਰਮੀ ਵਾਲੀ ਦਿੱਖ ਕੌਮਾਂਤਰੀ ਤੇ ਕੌਮੀ ਹਕੂਮਤੀ ਢਾਂਚੇ ਨਾਲ ਜੁੜੇ ਹੋਏ ਰੂੜੀਵਾਦ ’ਤੇ ਪਰਦਾਕਸ਼ੀ ਕਰਦੀ ਹੈ।

ਇਹ ਕੋਈ ਇਤਫ਼ਾਕ ਨਹੀਂ ਕਿ ਜਿਹਨਾਂ ਖਾਸ ਖੇਤਰਾਂ ’ਚ ਐਨਜੀਓਜ਼ ਦਾ

ਦਬਦਬਾ ਕਾਇਮ ਹੋਇਆ ਹੈ ਉਹਨਾਂ ਖੇਤਰਾਂ 'ਚ ਆਜ਼ਾਦਾਨਾ ਜਮਾਤੀ ਸਿਆਸੀ ਸਰਗਰਮੀ ਘਟ ਗਈ ਹੈ ਅਤੇ ਨਵ-ਉਦਾਰਵਾਦ ਨੂੰ ਉੱਥੇ ਕੋਈ ਚਣੌਤੀ ਦਰਪੇਸ਼ ਨਹੀਂ। ਮੁਕਦੀ ਗੱਲ ਇਹ ਹੈ ਕਿ ਐਨਜੀਓਜ਼ ਦੇ ਪੈਦਾ ਹੋਣ ਦਾ ਸਿਲਸਿਲਾ ਨਵ-ਉਦਾਰਵਾਦੀਆਂ ਵੱਲੋਂ ਵਧੇਰੇ ਧਨ ਮੁਹੱਈਆ ਕੀਤੇ ਜਾਣ ਤੇ ਚਾਰ ਚੁਫੇਰੇ ਵੱਧ ਰਹੀ ਵਿਆਪਕ ਗ਼ਰੀਬੀ ਦੇ ਨਾਲੋ ਨਾਲ ਚਲਦਾ ਹੈ। ਐਨਜੀਓਜ਼ ਵੱਲੋਂ ਬਹੁਤ ਸਾਰੀਆਂ ਸਥਾਨਕ ਪੱਧਰ 'ਤੇ ਕਾਮਯਾਬੀਆਂ ਹਾਸਲ ਕਰਨ ਦੇ ਆਪਣੇ ਦਾਅਵਿਆਂ ਦੇ ਬਾਵਜੂਦ ਨਵਉਦਾਰਵਾਦ ਦੀ ਸੰਪੂਰਨ ਸ਼ਕਤੀ ਨੂੰ ਕੋਈ ਚੁਣੌਤੀ ਦਰਪੇਸ਼ ਨਹੀਂ ਹੈ ਅਤੇ ਐਨਜੀਓਜ਼ ਸਤਾ ਦੇ ਗਲਿਆਰਿਆਂ 'ਚ ਆਪਣੀ ਥਾਂ ਬਨਾਉਣ ਲਈ ਕਿਸੇ ਨਾ ਕਿਸੇ ਮੋਰੀ ਨੂੰ ਲੱਭਣ ਦੀ ਤਾਕ 'ਚ ਰਹਿੰਦੀਆਂ ਹਨ।

ਵਿਕਲਪਾਂ ਨੂੰ ਸੂਤਰਬੱਧ ਕਰਨ ਦੇ ਮਸਲੇ 'ਚ ਇੱਕ ਹੋਰ ਢੰਗ ਨਾਲ ਅੜਿਕਾ ਡਾਹਿਆ ਜਾਂਦਾ ਹੈ। ਗੁਰੀਲਾ ਤੇ ਸਮਾਜਕ ਜਦੋਜਹਿਦਾਂ, ਟਰੇਡ ਯੂਨੀਅਨਾਂ ਤੇ ਮਕਬੂਲ ਔਰਤ ਜਥੇਬੰਦੀਆਂ ਦੇ ਬਹੁਤ ਸਾਰੇ ਸਾਬਕਾ ਆਗੂਆਂ ਨੂੰ ਐਨਜੀਓਜ਼ ਨੇ ਆਪਣੇ ਨਾਲ ਰਲਾ ਲਿਆ ਹੈ। ਤਜਵੀਜ ਐਨੀ ਲੁਭਾਉਣੀ ਪੇਸ਼ ਕੀਤੀ ਜਾਂਦੀ ਹੈ -ਉੱਚ ਤਨਖਾਹ (ਅਕਸਰ ਨਕਦੀ ਦੇ ਰੂਪ 'ਚ), ਮਾਨ-ਇੱਜ਼ਤ ਅਤੇ ਵਿਦੇਸ਼ੀ ਦਾਨ-ਦਾਤਿਆਂ ਵੱਲੋਂ ਦਿੱਤੀ ਜਾਣ ਵਾਲੀ ਪਹਿਚਾਣ, ਬਦੇਸ਼ਾਂ 'ਚ ਕਾਨਫਰੰਸਾਂ ਅਤੇ ਤਾਣਾ ਬਾਣਾ, ਦਫਤਰੀ ਅਮਲਾ ਅਤੇ ਤਸ਼ੱਦਦ ਤੋਂ ਮੁਕਾਬਲਤਨ ਬਚਾਅ। ਇਸ ਦੇ ਮੁਕਾਬਲੇ ਸਮਾਜਕ ਸਿਆਸੀ ਜਦੋਜਹਿਦਾਂ ਪਦਾਰਥਕ ਰੂਪ 'ਚ ਕੁੱਝ ਵੀ ਪ੍ਰਦਾਨ ਨਹੀਂ ਕਰਦੀਆਂ, ਪਰ ਵਧੇਰੇ ਇੱਜ਼ਤ ਤੇ ਆਜ਼ਾਦੀ ਅਤੇ ਸਭ ਤੋਂ ਵੱਧ ਮਹੱਤਵਪੂਰਨ ਸਿਆਸੀ ਤੇ ਆਰਥਿਕ ਪ੍ਰਬੰਧ ਨੂੰ ਵੰਗਾਰਨ ਦੀ ਖੁੱਲ੍ਹ ਦਿੰਦੀਆਂ ਹਨ। ਐਨਜੀਓਜ਼ ਅਤੇ ਉਹਨਾਂ ਦੇ ਵਿਦੇਸ਼ੀ ਬੈਂਕਿੰਗ ਹਮਾਇਤੀ (ਇੰਟਰ-ਅਮਰੀਕਨ ਬੈਂਕ, ਏਸ਼ੀਅਨ ਬੈਂਕ, ਸੰਸਾਰ ਬੈਂਕ) ਜਨਤਕ ਖਪਤ 'ਚ ਗਿਰਾਵਟ ਆਉਣ, ਘੱਟ ਕੀਮਤਾਂ ਵਾਲੀਆਂ ਦਰਾਮਦਾਂ ਦਾ ਸਥਾਨਕ ਮੰਡੀ 'ਚ ਹੜ੍ਹ ਲਿਆਉਣ ਤੇ ਕਰਜ਼ੇ ਦੀਆਂ ਵਿਆਜ਼ ਦਰਾਂ 'ਚ ਤਿੱਖੇ ਵਾਧੇ ਹੋ ਜਾਣ ਕਰਕੇ ਬੰਦ ਹੋਣ ਵਾਲੇ ਬਹੁਤੇ ਕਾਰੋਬਾਰਾਂ ਦਾ ਜ਼ਿਕਰ ਕੀਤੇ ਤੋਂ ਬਿਨਾਂ ਹੀ ਛੋਟੇ ਕਾਰੋਬਾਰੀਆਂ ਤੇ ਹੋਰਨਾਂ ਸਵੈ-ਸਹਾਇਤਾ ਯੋਜਨਾਵਾਂ ਦੀ ਕਾਮਯਾਬੀ ਦੀਆਂ ਕਹਾਣੀਆਂ ਵਧਾ ਚੜ੍ਹਾ ਕੇ ਆਪਣੇ ਅਖਬਾਰਾਂ ਰਸਾਲਿਆਂ 'ਚ ਛਾਪਦੇ ਰਹਿੰਦੇ ਹਨ-ਜਿਵੇਂ ਕਿ 1990ਵਿਆਂ ਦੌਰਾਨ ਬਰਾਜ਼ੀਲ ਅਤੇ ਇੰਡੋਨੇਸ਼ੀਆਂ ਦੇ ਮਾਮਲੇ 'ਚ ਕੀਤਾ ਗਿਆ ਸੀ।

ਅਸਲ 'ਚ ਇਹ "ਕਾਮਯਾਬੀਆਂ" ਵੀ ਸਮੁੱਚੇ ਗ਼ਰੀਬ ਵਰਗ ਦੇ ਇੱਕ ਨਿਗੂਣੇ ਹਿੱਸੇ ਨੂੰ ਹੀ ਨਸੀਬ ਹੁੰਦੀਆਂ ਹਨ ਅਤੇ ਇਹ ਵੀ ਉਸ ਹੱਦ ਤੱਕ ਕਿ ਹੋਰ ਲੋਕ ਉਸ ਖਾਸ ਮੰਡੀ 'ਚ ਦਾਖਲ ਨਹੀਂ ਹੋ ਸਕਦੇ। ਕੁੱਝ ਕੁ ਛੋਟੇ ਕੱਲੇ ਕਹਿਰੇ ਕਾਰੋਬਾਰੀਆਂ ਦੀ ਕਾਮਯਾਬੀ ਦਾ ਢਿੰਡੋਰਾ ਪਿੱਟਣ ਦੇ ਪ੍ਰਚਾਰ ਦਾ ਮੁੱਲ ਇਸ ਭਰਮ ਨੂੰ ਪੱਕਿਆਂ ਕਰਨ ਲਈ ਕੀਤਾ ਜਾਂਦਾ ਹੈ ਕਿ ਨਵਉਦਾਰਵਾਦ ਇੱਕ ਜਨਤਕ ਵਰਤਾਰਾ ਬਣ ਚੁੱਕਿਆ ਹੈ। ਛੋਟੇ ਕਾਰੋਬਾਰਾਂ ਨੂੰ ਉਤਸ਼ਾਹਤ ਕਰਨ ਵਾਲੇ ਇਲਾਕਿਆਂ 'ਚ ਅਕਸਰ ਹੁੰਦੀਆਂ ਹਿੰਸਕ ਜਨਤਕ ਝੜਪਾਂ ਇਹ ਦਰਸਾਉਂਦੀਆਂ ਹਨ ਕਿ ਉਹਨਾਂ ਵੱਲੋਂ ਪ੍ਰਚਾਰੀ ਜਾਂਦੀ ਇਸ ਵਿਚਾਰਧਾਰਾ ਦੀ ਚੌਧਰ ਸਥਾਪਤ ਨਹੀਂ ਹੋਈ ਹੈ ਅਤੇ ਹਾਲੇ ਤੱਕ ਐਨ.ਜੀ.ਓ. ਆਜ਼ਾਦਾਨਾ ਜਮਾਤੀ ਸੰਘਰਸ਼ਾਂ ਦਾ ਬਦਲ ਨਹੀਂ ਬਣ ਸਕੀਆਂ ਹਨ।

ਐਨ.ਜੀ.ਓ. ਦੀ ਵਿਚਾਰਧਾਰਾ ਦਾ ਦਾਰੋਮਦਾਰ ਵਧੇਰੇ ਕਰਕੇ ਲਾਜਮੀ ਪਹਿਚਾਣ ਵਾਲੀ ਸਿਆਸਤ 'ਤੇ ਟਿਕਿਆ ਹੋਇਆ ਹੈ ਜਿਹੜੀ ਜਮਾਤੀ ਨਿਰਣੇ ਦੇ ਆਧਾਰ 'ਤੇ ਖੜੀਆਂ ਖੱਬੇ ਪੱਖੀ ਲਹਿਰਾਂ ਨਾਲ ਮੁਕਾਬਲਤਨ ਇੱਕ ਬੇਈਮਾਨੀ ਵਾਲੀ ਬਹਿਸ ਭੇੜ 'ਚ ਪੈਂਦੀ ਹੈ। ਮਾਰਕਸਵਾਦ ਅੰਦਰ ਨਸਲ, ਘੱਟ ਗਿਣਤੀਆਂ ਅਤੇ ਲਿੰਗ ਸਮਾਨਤਾ ਵਰਗੇ ਮਸਲਿਆਂ 'ਤੇ ਮੌਜੂਦ ਵਿਆਪਕ ਬਹਿਸਾਂ ਅਤੇ ਵਾਰਤਾਲਾਪ ਨੂੰ ਨਜ਼ਰਅੰਦਾਜ ਕਰਦਿਆਂ ਉਹ ਬਹਿਸ ਇਸ ਗਲਤ ਧਾਰਨਾ ਤੋਂ ਸ਼ੁਰੂ ਕਰਦੇ ਹਨ ਕਿ ਮਾਰਕਸਵਾਦ ਕੇਵਲ ਜਮਾਤੀ ਵਿਸ਼ਲੇਸ਼ਨ ਕਰਨ ਤੱਕ ਹੀ ਸੁੰਘੜਿਆ ਹੋਇਆ ਹੈ ਅਤੇ ਉਹ ਇਸ ਤੋਂ ਕਿਤੇ ਵਧੇਰੇ ਗੰਭੀਰ ਪੜਚੋਲ ਤੋਂ ਪਾਸਾ ਵਟਦੇ ਹਨ ਕਿ ਪਹਿਚਾਣਾਂ ਖੁਦ ਵੀ ਸਪੱਸ਼ਟ ਰੂਪ 'ਚ ਅਤੇ ਵਿਆਪਕ ਪੱਧਰ 'ਤੇ ਜਮਾਤੀ ਵੰਡ ਅਨੁਸਾਰ ਹੀ ਵੰਡੀਆਂ ਹੋਈਆਂ ਹਨ। ਸ਼ਾਨਦਾਰ ਸ਼ਹਿਰੀ ਘਰ 'ਚ ਰਹਿੰਦੀ ਚਿਲੀਅਨ ਜਾਂ ਇੰਡੀਅਨ ਫੈਮੀਨਿਸਟਾਂ (ਔਰਤਾਂ ਦੀ ਗੱਲ ਕਰਨ ਵਾਲੀ) ਦੀ ਹੀ ਮਿਸਾਲ ਲੈ ਲਈਏ, ਜਿਹੜੀਆਂ ਕਿ ਹਫਤੇ 'ਚੋਂ 6 ਦਿਨਾਂ ਉਹਨਾਂ ਦੇ ਘਰਾਂ ਅੰਦਰ ਕੰਮ ਕਰਨ ਵਾਲੀਆਂ ਘਰੇਲੂ ਨੌਕਰ ਔਰਤਾਂ ਨਾਲੋਂ 15 ਤੋਂ 20 ਗੁਣਾ ਵਧੇਰੇ ਤਨਖਾਹ ਹਾਸਲ ਕਰਦੀਆਂ ਹਨ। ਲਿੰਗਾਂ ਵਿੱਚ ਮੌਜੂਦ ਜਮਾਤੀ ਭੇਦ-ਭਾਵ ਹੀ ਘਰ, ਰਹਿਣ-ਸਹਿਣ ਦੇ ਪੱਧਰ, ਸਿਹਤ, ਵਿਦਿਆ ਦੇ ਮੌਕੇ ਅਤੇ ਵਾਫਰ ਕਦਰ ਦੇ ਹਥਿਆਏ ਜਾਣ ਨੂੰ ਨਿਰਧਾਰਤ ਕਰਦੇ ਹਨ। ਇਸ ਦੇ ਬਾਵਜੂਦ ਐਨ.ਜੀ.ਓ. ਦੀ ਬਹੁਤ ਵੱਡੀ ਗਿਣਤੀ ਪਹਿਚਾਣ ਦੀ ਸਿਆਸਤ ਦੇ ਆਧਾਰ 'ਤੇ ਹੀ ਕੰਮ ਕਰਦੀ ਹੈ ਅਤੇ ਦਲੀਲ ਦਿੰਦੀ ਹੈ ਕਿ ਨਵੀਂ, ਨਵੀਂ ਜਮਾਨੇ ਤੋਂ ਬਾਅਦ ਦੀ ਸਿਆਸਤ ਲਈ ਇਹ ਹੋਰਨਾਂ ਸਿਆਸਤ ਨਾਲੋਂ ਨਿਖੇੜਣ ਦਾ ਬੁਨਿਆਦੀ ਨੁਕਤਾ ਹੈ। ਪਹਿਚਾਣ ਦੀ ਇਹ ਸਿਆਸਤ ਆਈ.ਐਮ.ਐਫ. ਦੇ ਨਿੱਜੀਕਰਨ, ਬਹੁਕੌਮੀ ਕਾਰਪੋਰੇਸ਼ਨਾਂ ਤੇ ਸਥਾਨਕ ਭੋਂ ਮਾਲਕਾਂ ਦੇ ਮਰਦ ਪ੍ਰਧਾਨ ਕੁਲੀਨ ਸੰਸਾਰ ਨੂੰ ਕੋਈ ਚੁਣੌਤੀ ਨਹੀਂ ਦਿੰਦੀਆਂ। ਇਸ ਦੀ ਬਜਾਏ ਇਹ ਘਰੋਗੀ ਕੰਮਾਂ ਕਾਰਾਂ, ਪਰਿਵਾਰਕ ਹਿੰਸਾ, ਤਲਾਕ, ਪਰਿਵਾਰ ਨਿਯੋਜਨ ਵਰਗੇ ਮਸਲਿਆਂ ਬਾਰੇ "ਪਿਤਰੀ ਸੱਤਾ" 'ਤੇ ਹੀ ਕੇਂਦਰਤ ਕਰਨ ਵਾਲੀ ਸਿਆਸਤ ਹੈ। ਦੂਜੇ ਲਫਜ਼ਾਂ 'ਚ ਇਹ ਦੱਬੇ ਕੁੱਚਲੇ ਲੋਕਾਂ ਦੇ ਆਪਣੇ ਅੰਦਰਲੇ ਛੋਟੇ ਸੰਸਾਰ ਅੰਦਰ ਲਿੰਗ ਸਮਾਨਤਾ ਲਈ ਲੜਾਈ ਲੜਦੀ ਹੈ ਜਿਸ 'ਚ ਲੁੱਟਿਆ-ਪੁੱਟਿਆ ਅਤੇ ਗਰੀਬ ਮਰਦ ਮਜ਼ਦੂਰ ਜਾਂ ਮਰਦ ਕਿਸਾਨ ਹੀ ਮੁੱਖ ਦੁਸ਼ਟ ਵਜੋਂ ਉਭਰਦਾ ਹੈ। ਭਾਵੇਂ ਕਿ ਕਿਸੇ ਵੀ ਪੱਧਰ ਦੀ ਲਿੰਗਕ ਲੁੱਟ ਖਸੁੱਟ ਤੇ ਵਿਤਕਰੇ ਦੀ ਹਮਾਇਤ ਨਹੀਂ ਕੀਤੀ ਜਾਣੀ ਚਾਹੀਦੀ, ਪਰ ਨਾਰੀਵਾਦੀ ਐਨ.ਜੀ.ਓਜ਼ ਕਿਰਤੀ ਔਰਤਾਂ ਨੂੰ ਉਹਨਾਂ ਦਾ ਖ਼ੂਨ ਪਸੀਨਾ ਚੂਸਣ ਵਾਲੇ ਉਹਨਾਂ ਹੀ ਕਾਰਖਾਨਿਆਂ ਦੇ ਗੁਲਾਮ ਬਣਾਕੇ ਵੱਡਾ ਧਰੋਹ ਕਮਾ ਰਹੀਆਂ ਹਨ, ਜਿਹੜੇ ਅਦਾਰੇ ਉੱਚ ਵਰਗ ਦੇ ਆਦਮੀਆਂ ਤੇ ਇਸਤਰੀਆਂ, ਮਾਲੀਆ ਉਗਰਾਹੁਣ ਵਾਲੇ ਮਰਦ ਤੇ ਔਰਤ ਜਾਇਦਾਦ ਮਾਲਕਾਂ ਅਤੇ ਦੋਵੇਂ ਲਿੰਗਾਂ ਦੇ ਸੀ.ਈ.ਓਜ਼ ਨੂੰ ਫਾਇਦਾ ਪਹੁੰਚਾਉਂਦੇ ਹਨ। ਨਾਰੀਵਾਦੀ ਐਨਜੀਓ ਵੱਲੋਂ "ਵਿਸ਼ੇਸ਼ ਚਿਤਰਪਟ" ਨੂੰ ਅੱਖੋਂ ਉਹਲੇ ਕਰਕੇ ਸਥਾਨਕ ਮਸਲਿਆਂ ਤੇ ਜਾਤੀ ਸਿਆਸਤ 'ਤੇ ਕੇਂਦਰਤ ਕਰਨ ਦਾ ਕਾਰਨ ਇਹ ਹੈ ਕਿ ਇਸ ਕੰਮ ਲਈ ਸਲਾਨਾ ਖਰਬਾਂ ਡਾਲਰ ਝੋਕੇ ਜਾਂਦੇ ਹਨ। ਜੇਕਰ ਨਾਰੀਵਾਦੀ ਐਨਜੀਓਜ਼ ਬਰਾਜ਼ੀਲ, ਇੰਡੋਨੇਸ਼ੀਆ, ਥਾਈਲੈਂਡ ਜਾਂ ਫਿਲਪਾਈਨ ਅੰਦਰਲੇ ਬੇਜ਼ਮੀਨੇ ਮਰਦ ਔਰਤ ਮਜ਼ਦੂਰਾਂ ਨਾਲ ਰਲਕੇ ਜ਼ਮੀਨਾਂ 'ਤੇ ਕਬਜ਼ੇ ਕਰਨ ਲੱਗ ਜਾਣ ਜਾਂ ਉਹ ਢਾਂਚਾਗਤ ਢਲਾਈ ਨੀਤੀਆਂ (SAP) ਖਿਲਾਫ਼ ਘੱਟ ਤਨਖਾਹਾਂ 'ਤੇ ਕੰਮ ਕਰਦੇ ਵਿਸ਼ੇਸ਼ ਤੌਰ 'ਤੇ ਔਰਤ ਅਧਿਆਪਕਾਵਾਂ ਵੱਲੋਂ ਕੀਤੀਆਂ ਜਾਂਦੀਆਂ ਆਮ ਹੜਤਾਲਾਂ 'ਚ ਸ਼ਮੂਲੀਅਤ ਕਰ ਲੈਣ ਤਾਂ ਐਨ.ਜੀ.ਓ. ਦੇ ਸਾਮਰਾਜੀ ਦਾਨੀਆਂ ਨੇ ਆਪਣੇ ਬਟੂਆਂ ਦੇ ਮੂੰਹ ਬੰਦ ਕਰ ਦੇਣੇ ਹਨ। ਸੋ ਭਲਾ ਇਸ ਗੱਲ ਵਿੱਚ ਹੀ ਹੈ ਆਪਣੀ ਹੋਂਦ ਬਚਾਈ ਰੱਖਣ ਲਈ ਲੂਜ਼ੋਨ ਵਰਗੇ ਦੂਰ-ਦਰਾਡੇ ਕਿਸੇ ਖਾਸ ਪਿੰਡ ਅੰਦਰ ਹੀ ਸਥਾਨਕ ਪੱਧਰ ਦੀ ਮਰਦ ਪ੍ਰਧਾਨਗੀ ਦਾ ਰਾਗ ਅਲਾਪਿਆ ਜਾਵੇ।

**ਜਮਾਤੀ ਇਕਮੁਠਤਾ ਬਨਾਮ ਵਿਦੇਸ਼ੀ ਦਾਨੀਆਂ ਨਾਲ ਐਨ.ਜੀ.ਓ. ਦੀ ਜੋਟੀਦਾਰੀ:** "ਇਕਮੁਠਤਾ" ਦੇ ਲਫ਼ਜ ਨੂੰ ਐਨੀ ਬੁਰੀ ਤਰ੍ਹਾਂ ਵਰਤਿਆ ਗਿਆ ਹੈ ਕਿ ਬਹੁਤ ਸਾਰੇ ਸੰਦਰਭਾਂ 'ਚ ਇਹ ਆਪਣਾ ਅਰਥ ਵੀ ਗੁਆ ਚੁੱਕਿਆ ਹੈ। ਐਨਜੀਓਵਾਦੀਆਂ ਦੀਆਂ ਨਜ਼ਰਾਂ 'ਚ "ਇਕਮੁਠਤਾ" ਦੀ ਪ੍ਰੀਭਾਸ਼ਾ ਦਾ ਅਰਥ ਕਿਸੇ ਮਿਥੇ ਗਏ "ਦੱਬੇ ਕੁਚਲੇ" ਗਰੁੱਪ ਲਈ ਵਿਦੇਸ਼ੀ ਮੱਦਦ ਹਾਸਲ ਕਰਨਾ ਹੈ। ਪੇਸ਼ੇਵਰ ਲੋਕਾਂ ਵੱਲੋਂ ਗ਼ਰੀਬਾਂ ਬਾਰੇ "ਖੋਜ" ਕਰਨਾ ਜਾਂ "ਆਮ ਜਾਣਕਾਰੀ" ਮੁਹੱਈਆ ਕਰਵਾਉਣ ਨੂੰ "ਇਕਮੁਠਤਾ" ਕਿਹਾ ਜਾਂਦਾ ਹੈ। ਬਹੁਤ ਸਾਰੇ ਪੱਖਾਂ ਤੋਂ ਦੇਖਿਆਂ ਪਦ-ਪ੍ਰਥਾ ਪ੍ਰਧਾਨ ਢਾਂਚੇ ਦੀ ਬਣਤਰ "ਸਹਾਇਤਾ" ਅਤੇ "ਸਿਖਲਾਈ" ਪ੍ਰਦਾਨ ਕਰਨ ਦੇ ਢੰਗ ਤਰੀਕੇ 19ਵੀਂ ਸਦੀ ਦੇ ਇਸਾਈ ਮੱਤ ਦੇ ਮਿਸ਼ਨਰੀਆਂ ਦੇ ਧਰਮਅਰਥ ਕਾਰਜਾਂ ਨਾਲ ਮੇਲ ਖਾਂਦੇ ਹਨ ਅਤੇ ਅਜਿਹਾ ਕੁੱਝ ਕਰਨ ਵਾਲੇ ਵੀ ਇਸਾਈ ਮਿਸ਼ਨਰੀਆਂ ਤੋਂ ਕੋਈ ਬਹੁਤੇ ਵਖਰੇ ਨਹੀਂ ਹਨ।

"ਪਿਤਰੀਸੱਤਾ ਅਤੇ ਰਾਜ ਵੱਲ ਝਾਕ ਕਰਦੇ ਰਹਿਣ 'ਤੇ ਹਮਲਾ ਵਿਢਦਿਆਂ ਐਨਜੀਓਵਾਦੀ "ਸਵੈ ਸਹਾਇਤਾ" 'ਤੇ ਜ਼ੋਰ ਦਿੰਦੇ ਹਨ। ਨਵਉਦਾਰਵਾਦ ਦੇ ਸ਼ਿਕਾਰ ਲੋਕਾਂ ਨੂੰ ਆਪਣੇ ਚੁੰਗਲ 'ਚ ਫਸਾਉਣ ਲਈ ਐਨਜੀਓ 'ਚ ਚੱਲ ਰਹੀ ਚੂਹਾ ਦੌੜ 'ਚ ਉਹ ਯੂਰਪ ਤੇ ਅਮਰੀਕਾ 'ਚ ਬੈਠੇ ਆਪਣੇ ਹਮਜੋਲੀਆਂ ਤੋਂ ਮਹੱਤਵਪੂਰਨ ਸਬਸਿਡੀਆਂ ਹਾਸਲ ਕਰਦੇ ਹਨ। ਸਵੈ-ਸਹਾਇਤਾ ਦੀ ਦੇ ਸਿਧਾਂਤ ਦੀ ਮੁੱਖ ਧੁੱਸ ਸਰਕਾਰੀ ਮੁਲਾਜ਼ਮਾਂ ਨੂੰ ਭਰਤੀ ਕਰਨ ਦੀ ਥਾਂ 'ਤੇ ਵਲੰਟੀਅਰ ਅਤੇ ਸਿਖਰਲੇ ਡੰਡੇ 'ਤੇ ਚੜ੍ਹਨ ਲਈ ਤੱਤਪਰ ਪੇਸ਼ੇਵਰਾਂ ਨੂੰ ਅਸਥਾਈ ਆਧਾਰ 'ਤੇ ਠੇਕੇ 'ਤੇ ਭਰਤੀ ਕਰਨ ਵੱਲ ਹੈ। ਅਮੀਰ ਵਰਗ ਦੇ ਸਰਕਾਰੀ ਵਸੀਲਿਆਂ ਦੇ ਕਰਤਾ-ਧਰਤਾ ਹੋਣ ਤੋਂ ਧਿਆਨ ਪਾਸੇ ਹਟਾਉਣ ਅਤੇ ਗ਼ਰੀਬਾਂ ਵੱਲੋਂ ਖੁਦ ਕੀਤੀ ਜਾਂਦੀ ਲੁੱਟ ਖਸੁੱਟ ਵੱਲ ਕੇਂਦਰਤ ਕਰਕੇ ਨਵਉਦਾਰਵਾਦ ਦੀ ਵਿਸ਼ਾਲ ਆਰਥਿਕਤਾ 'ਚ ਭਾਈਵਾਲੀ ਬਣਨ ਅਤੇ ਉਸਦੇ ਮੁਤਾਹਿਤ ਬਣਾਕੇ ਰੱਖਣ ਨੂੰ "ਇੱਕਮੁਠਤਾ" ਕਹਿਣਾ ਐਨਜੀਓ ਦੀ ਬੁਨਿਆਦੀ ਫਿਲਾਸਫੀ ਹੈ।

ਇਸ ਦੇ ਉਲਟ ਮਾਰਕਸਵਾਦ ਆਪਣੇ ਦੇਸੀ ਤੇ ਵਿਦੇਸ਼ੀ ਲੁਟੇਰਿਆਂ ਖਿਲਾਫ਼ ਜਮਾਤਾਂ ਅੰਦਰ ਹੀ ਅਤੇ ਦੱਬੇ ਕੁਚਲੇ ਵਰਗਾਂ (ਔਰਤਾਂ, ਨਸਲੀ ਵਿਤਕਰੇ) ਦਰਮਿਆਨ ਜਮਾਤੀ ਇਕਮੁਠਤਾ 'ਤੇ ਜੋਰ ਦਿੰਦਾ ਹੈ। ਮੁੱਖ ਧੁੱਸ ਜਮਾਤਾਂ 'ਚ ਵੰਡੀਆਂ ਪਾਉਣ ਵਾਲੀਆਂ ਅਤੇ ਸੀਮਤ ਸਮੇਂ 'ਚ ਕੁੱਝ ਛੋਟੇ ਸਮੂਹਾਂ ਨੂੰ ਸ਼ਾਂਤ ਕਰਨ ਵਾਲੇ ਦਾਨ ਚੰਦਿਆਂ 'ਤੇ ਨਹੀਂ ਰੱਖੀ ਜਾਂਦੀ। ਇਕਜੁਟਤਾ ਦਾ ਮਾਰਕਸਵਾਦੀ ਸੰਕਲਪ ਜਮਾਤ ਦਾ ਇੱਕੋ ਜਿਹੇ ਮੈਂਬਰਾਂ ਵੱਲੋਂ ਆਪਣੀਆਂ ਆਮ ਆਰਥਿਕ ਸਮੱਸਿਆਵਾਂ ਨੂੰ ਸਾਂਝੀਆਂ ਕਰਨ ਅਤੇ ਸਮੂਹ ਦੀ ਆਰਥਿਕ ਬੇਹਤਰੀ ਲਈ ਸਾਂਝੀ ਸਰਗਰਮੀ ਕਰਨ 'ਤੇ ਕੇਂਦਰਤ ਹੁੰਦਾ ਹੈ। ਇਸ ਸੰਘਰਸ਼ 'ਚ ਉਹ ਬੁਧੀਜੀਵੀ ਵੀ ਸ਼ਾਮਲ ਹੁੰਦੇ ਹਨ ਜਿਹੜੇ ਜਦੋਜਹਿਦ ਕਰ ਰਹੀਆਂ ਸਮਾਜਕ ਲਹਿਰਾਂ ਦੇ ਹੱਕ 'ਚ ਲਿਖਦੇ ਤੇ ਬੋਲਦੇ ਹਨ ਅਤੇ ਜਿਹੜੇ ਉਹਨਾਂ ਵਰਗੇ ਸਿਆਸੀ ਨਤੀਜੇ ਭੁਗਤਣ ਲਈ ਪ੍ਰਤੀਬੱਧ ਹੁੰਦੇ ਹਨ। ਇੱਕਮੁਠਤਾ ਦਾ ਸੰਕਲਪ ਉਹਨਾਂ "ਜਾਗਦੀ ਜ਼ਮੀਰ ਵਾਲੇ" ਬੁੱਧੀਜੀਵੀਆਂ ਨਾਲ ਜੁੜਿਆ ਹੋਇਆ ਹੈ ਜਿਹੜੇ ਬੁਨਿਆਦੀ ਰੂਪ 'ਚ ਲਹਿਰ ਦਾ ਹਿੱਸਾ ਹੁੰਦੇ ਹਨ, ਜਮਾਤੀ ਸੰਘਰਸ਼ ਲਈ ਵਿਸ਼ਲੇਸ਼ਣ ਅਤੇ ਸਿਖਲਾਈ ਦੇਣ ਦੇ ਸਰੋਤਾਂ ਦੇ ਰੂਪ 'ਚ ਲਹਿਰ ਦਾ ਹਿੱਸਾ ਹੁੰਦੇ ਹਨ ਅਤੇ ਸਿੱਧੀ ਸਰਗਰਮੀ ਦੌਰਾਨ ਉਹਨਾਂ ਵਰਗੇ ਹੀ ਸਿਆਸੀ ਖਤਰੇ ਸਹੇੜਦੇ ਹਨ। ਇਸ ਦੇ ਉਲਟ ਐਨਜੀਓਵਾਦੀ ਸੰਸਥਾਵਾਂ ਅਕਾਦਮਿਕ ਸੈਮੀਨਾਰ, ਵਿਦੇਸ਼ੀ ਸੰਸਥਾਵਾਂ ਅਤੇ ਕੌਮਾਂਤਰੀ ਕਾਨਫਰੰਸਾਂ ਦੀ ਦੁਨੀਆਂ 'ਚ ਗਲਤਾਨ ਰਹਿੰਦੇ ਹਨ ਅਤੇ ਜਿਹਨਾਂ ਦੀ ਬੋਲੀ ਨੂੰ ਕੇਵਲ ਅੰਦਰੂਨੀ ਪਹਿਚਾਣ ਨੂੰ ਸਮਰਪਤ ਆਤਮਿਕ ਮੱਤ ਵਾਲੀਆਂ ਨਾਮਦਾਨ ਪ੍ਰਾਪਤ ਉਹੀ ਰੂਹਾਂ ਹੀ ਸਮਝ ਸਕਦੀਆਂ ਹਨ। ਮਾਰਕਸਵਾਦੀ ਇਕਮੁਠਤਾ ਨੂੰ ਜਮਾਤੀ ਸਿਆਸੀ ਜਦੋਜਹਿਦਾਂ 'ਚ ਬਰਾਬਰ ਦੀਆਂ ਔਕੜਾਂ ਝੱਲਣ ਵਜੋਂ ਲੈਂਦੇ ਹਨ ਨਾ ਕਿ ਬਾਹਰ ਬੈਠਕੇ ਟਿੱਪਣੀ ਕਰਨ ਵਾਲਿਆਂ ਵਜੋਂ ਜਿਹੜੇ ਸੁਆਲ ਤਾਂ ਬਥੇਰੇ ਖੜੇ ਕਰਦੇ ਹਨ ਪਰ ਪ੍ਰੋੜਤਾ ਕਿਸੇ ਦੀ ਵੀ ਨਹੀਂ ਕਰਦੇ। ਐਨਜੀਓ ਵਾਦੀਆਂ ਦਾ ਮੁੱਖ ਨਿਸ਼ਾਨਾ ਆਪਣੇ "ਪ੍ਰੋਜੈਕਟਾਂ" ਲਈ ਵਿਦੇਸ਼ੀ ਸਹਾਇਤਾ ਹਾਸਲ ਕਰਨਾ ਹੁੰਦਾ ਹੈ। ਮਾਰਕਸਵਾਦੀਆਂ ਸਾਹਮਣੇ ਮੁੱਖ ਮਸਲਾ ਸਮਾਜਕ ਤਬਦੀਲੀ ਹਾਸਲ ਕਰਨ ਲਈ ਸਿਆਸੀ ਜਦੋਜਹਿਦ ਦਾ ਅਮਲ ਤੇ ਸਿਖਲਾਈ ਦੇਣਾ ਹੁੰਦਾ ਹੈ। ਜਦੋਜਹਿਦ ਹੀ ਹਰ ਚੀਜ਼ ਹੁੰਦਾ ਹੈ, ਜੋ ਸਮਾਜਕ ਤਬਦੀਲੀ ਲਈ ਲੋਚਣ ਲਈ ਚੇਤਨਾ ਦਾ ਪੱਧਰ ਉੱਚਾ ਚੁੱਕਣ ਦਾ ਸਾਧਨ ਹੈ ਅਤੇ ਵਿਸ਼ਾਲ ਬਹੁਗਿਣਤੀ ਦੀ ਜ਼ਿੰਦਗੀ ਤਬਦੀਲ ਕਰਨ ਹਿਤ ਸਿਆਸੀ ਸਤਾ ਹਾਸਲ ਕਰਨ ਲਈ ਲੋੜੀਂਦੀ ਹੈ। ਐਨਜੀਓਵਾਦੀਆਂ ਲਈ "ਇਕਮੁਠਤਾ " ਦਾ ਅਰਥ ਆਜਾਦੀ ਦੇ ਮੁੱਖ ਉਦੇਸ਼ ਤੋਂ ਵਿਰਵਾ ਹੁੰਦਾ ਹੈ। ਉਹਨਾਂ ਲਈ ਇਹ ਮਹਿਜ ਆਪਣੇ ਕਿਸੇ ਰੁਜ਼ਗਾਰ ਨੂੰ ਸਲਾਮਤ ਰੱਖਣ ਲਈ ਸੈਮੀਨਾਰ ਕਰਨ ਜਾਂ ਕੋਈ ਲੈਟਰੀਨ ਦੀ ਉਸਾਰੀ ਕਰਨ ਲਈ ਲੋਕਾਂ ਨੂੰ ਇਕੱਠੇ ਕਰਨਾ ਹੈ। ਮਾਰਕਸਵਾਦੀਆਂ ਮੁਤਾਬਕ ਭਵਿੱਖ 'ਚ ਉਸਾਰੇ ਜਾਣ ਵਾਲੀ ਜਮਹੂਰੀ ਸਾਂਝੀਵਾਲਤਾ ਵਾਲੇ ਸਮਾਜ ਦੇ ਅੰਸ਼ ਸਮੋਏ ਹੋਏ ਹੋਣ ਵਾਲੀ ਸਾਂਝੀ ਜਦੋਜਹਿਦ ਕਰਨਾ ਹੀ ਇੱਕਮੁਠਤਾ ਹੁੰਦੀ ਹੈ। ਇਹ ਵਿਸ਼ਾਲ ਪਰਿਪੇਖ ਜਾਂ ਇਸ ਦੀ ਅਣਹੋਂਦ ਹੀ ਹੈ ਜਿਹੜੀ ਇਕਮੁਠਤਾ ਦੇ ਰੰਗ-ਬਰੰਗੇ ਸੰਕਲਪਾਂ ਦੇ ਅਲੱਗ ਅਲੱਗ ਅਰਥ ਬਿਆਨ ਕਰਦੀ ਹੈ।

**ਜਮਾਤੀ ਸੰਘਰਸ਼ ਤੇ ਸਹਿਕਾਰਤਾ:** ਐਨਜੀਓਵਾਦੀ ਦੂਰ ਨੇੜੇ ਦੀ ਹਰ ਕਿਸਮ ਦੀ "ਸਹਿਕਾਰਤਾ" ਦਾ ਜ਼ਿਕਰ ਇਸ ਦੀ ਗਹਿਰਾਈ 'ਚ ਪੁਣਛਾਣ ਕੀਤਿਆਂ ਬਿਨਾਂ ਕਰਦੇ ਹਨ ਕਿ ਨਵਉਦਾਰਵਾਦੀ ਹਕੂਮਤਾਂ ਅਤੇ ਵਿਦੇਸ਼ੀ ਧਨ ਮੁਹੱਈਆ ਕਰਵਾਉਣ ਵਾਲੀਆਂ ਏਜੰਸੀਆਂ ਦਾ ਸਹਿਯੋਗ ਹਾਸਲ ਕਰਨ ਲਈ ਕਿੰਨੀ ਕੀਮਤ ਤਾਰਨੀ ਪੈਂਦੀ ਹੈ ਅਤੇ ਕਿਹੜੀਆਂ ਸ਼ਰਤਾਂ ਮੰਨਣੀਆਂ ਪੈਂਦੀਆਂ ਹਨ। ਜਮਾਤੀ ਸੰਘਰਸ਼ ਨੂੰ ਬੀਤੇ ਸਮੇਂ ਦੀ ਜੱਦੀ ਬਿਮਾਰੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ ਜਿਹੜੀ ਕਿ ਹੁਣ ਖਤਮ ਹੋ ਚੁੱਕੀ ਹੈ। ਅੱਜ ਸਾਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ "ਗ਼ਰੀਬ ਲੋਕ" ਇੱਕ ਨਵੀਂ ਜ਼ਿੰਦਗੀ ਉਸਾਰਣ ਲਈ ਉਤਾਵਲੇ ਹਨ। ਉਹ ਰਵਾਇਤੀ ਸਿਆਸਤ, ਵਿਚਾਰਧਾਰਾ ਅਤੇ ਸਿਆਸਤਦਾਨਾਂ ਤੋਂ ਅੱਕ ਚੁੱਕੇ ਹਨ। ਐਥੋਂ ਤੱਕ ਤਾਂ ਗੱਲ ਠੀਕ ਹੈ। ਮਸਲਾ ਇਹ ਹੈ ਕਿ ਵਿਦੇਸ਼ਾਂ ਤੋਂ ਫੰਡ ਪ੍ਰਾਪਤ ਕਰਨ ਲਈ ਪੱਬਾਂ ਭਾਰ ਹੋਏ ਫਿਰਦੇ ਐਨਜੀਓਵਾਦੀ ਵਿਚੋਲਗਿਰੀ ਤੇ ਦਲਾਲਾਂ ਵਾਲੇ ਆਪਣੇ ਕਿਰਦਾਰਾਂ ਦੀ ਵਿਆਖਿਆ ਨਹੀਂ ਕਰ ਰਹੇ। ਵਰ੍ਹਿਆਂ ਤੋਂ ਸਹਿਕਾਰਤਾ, ਛੋਟੇ ਕਾਰੋਬਾਰਾਂ ਤੇ ਸਵੈ ਸਹਾਇਤਾ ਬਾਰੇ ਕੀਤੀ ਜਾਂਦੀ ਭਕਾਈ ਦੇ ਬਾਅਦ ਵੀ ਆਮਦਨ ਦਾ ਕੁੱਝ ਹੱਥਾਂ 'ਚ ਇਕੱਠੇ ਹੋ ਜਾਣਾ ਅਤੇ ਨਾਬਰਾਬਰੀ 'ਚ ਵਾਧਾ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵਧੇਰੇ ਹੈ। ਅੱਜ ਸੰਸਾਰ ਬੈਂਕ ਵਰਗੇ ਬੈਂਕ ਬਰਾਮਦ ਮੁਖੀ ਖੇਤੀ ਕਾਰੋਬਾਰਾਂ ਨੂੰ ਫੰਡ ਉਪਲੱਬਧ ਕਰਦੇ ਹਨ ਜਿਹੜੇ ਛੋਟੀਆਂ ਯੋਜਨਾਵਾਂ ਦੀ ਵਿਤੀ ਸਹਾਇਤਾ ਕਰਨ ਲਈ ਫੰਡ ਮੁਹੱਈਆ ਕਰਦਿਆਂ ਕਰੋੜਾਂ-ਕਰੋੜ ਖੇਤ ਮਜ਼ਦੂਰਾਂ ਦੀ ਲੁੱਟ-ਖਸੁੱਟ ਕਰਦੇ ਹਨ ਅਤੇ ਇਹਨਾਂ ਦੀ ਜ਼ਿੰਦਗੀ 'ਚ ਜ਼ਹਿਰ ਘੋਲਦੇ ਹਨ। ਇਹਨਾਂ ਛੋਟੇ ਪੱਧਰ ਦੀਆਂ ਯੋਜਨਾਵਾਂ 'ਚ ਐਨਜੀਓ ਦਾ ਰੋਲ ਹੇਠਲੇ ਪੱਧਰ 'ਤੋ ਉਠਣ ਵਾਲੇ ਕਿਸੇ ਵੀ ਸਿਆਸੀ ਵਿਰੋਧ ਨੂੰ ਖਾਰਜ ਕਰਨਾ ਅਤੇ ਟੀਸੀ 'ਤੇ ਬੈਠਕੇ ਨਵਉਦਾਰਵਾਦ ਨੂੰ ਉਗਾਸਾ ਦੇਣਾ ਹੈ। ਸਹਿਕਾਰਤਾ ਦਾ ਸਿਧਾਂਤ ਐਨ.ਜੀ.ਓ. ਦੇ ਮਾਧਿਅਮ ਰਾਹੀਂ ਹੇਠਲੇ ਪੱਧਰ 'ਤੇ ਗ਼ਰੀਬ ਵਰਗ ਅਤੇ ਚੋਟੀ 'ਤੇ ਬੈਠੇ ਨਵਉਦਾਰਵਾਦੀਆਂ ਦਰਮਿਆਨ ਕੜੀ ਸਥਾਪਤ ਕਰਦੀ ਹੈ।

ਬੌਧਿਕ ਤੌਰ 'ਤੇ ਦੇਖਿਆਂ ਐਨ.ਜੀ.ਓਜ਼. ਵਿਦਵਾਨ ਅਜਿਹੇ ਪੁਲੀਸ ਵਾਲੇ ਹਨ ਜਿਹੜੇ "ਪ੍ਰਵਾਨਯੋਗ" ਖੋਜ ਕਾਰਜ਼ਾਂ ਦੀ ਪ੍ਰੀਭਾਸ਼ਾ ਘੜਦੇ ਹਨ, ਫੰਡ ਵਰਤਾਉਂਦੇ ਹਨ ਅਤੇ ਅਜਿਹੇ ਵਿਸ਼ੇ ਅਤੇ ਨਜ਼ਰੀਏ ਛਾਣਦੇ/ਛਾਂਟਦੇ ਹਨ ਜਿਹੜੇ ਜਮਾਤੀ ਵਿਸ਼ਲੇਸ਼ਣ ਅਤੇ ਜਦੋਜਹਿਦਾਂ ਦੀਆਂ ਸੰਭਾਵਨਾਵਾਂ ਦੇ ਨਕਸ਼ ਉਭਾਰਦੇ ਹਨ। ਮਾਰਕਸਵਾਦੀਆਂ ਨੂੰ ਇਹਨਾਂ ਕਾਨਫਰੰਸਾਂ ਤੋਂ ਬਾਹਰ ਰੱਖਿਆ ਜਾਂਦਾ ਹੈ ਅਤੇ ਉਹਨਾਂ ਨੂੰ "ਗੂੜ" ਗਿਆਨੀਆਂ ਵਜੋਂ ਬਦਨਾਮ ਕੀਤਾ ਜਾਂਦਾ ਹੈ ਜਦ ਕਿ ਐਨਜੀਓਵਾਦੀ ਆਪਣੇ ਆਪਨੂੰ "ਸਮਾਜਕ ਵਿਗਿਆਨੀਆਂ" ਦੇ ਤੌਰ 'ਤੇ ਪੇਸ਼ ਕਰਦੇ ਹਨ। ਬੌਧਿਕ ਫੈਸ਼ਨਪ੍ਰਸਤੀ, ਪਬਲੀਕੇਸ਼ਨਜ਼, ਕਾਨਫਰੰਸਾਂ ਅਤੇ ਖੋਜ ਲਈ ਆਉਣ ਵਾਲੇ ਫੰਡ ਸਾਬਕਾ ਮਾਰਕਸਵਾਦੀਆਂ ਲਈ ਇੱਕ ਅਹਿਮ ਤਾਕਤਵਰ ਆਧਾਰ ਮੁਹੱਈਆ ਕਰਦੇ ਹਨ, ਪਰ ਇਉਂ ਕਰਦਿਆਂ ਆਖਰ 'ਚ ਉਹ ਵਿਦੇਸ਼ੀ ਫੰਡ ਸਰਪ੍ਰਸਤਾਂ ਨਾਲ ਟਕਰਾਅ ਤੋਂ ਪਾਸਾ ਵੱਟ ਕੇ ਲੰਘ ਜਾਣ ਦੇ ਮੁਥਾਜ ਹੋ ਕੇ ਰਹਿ ਜਾਂਦੇ ਹਨ।

ਗੰਭੀਰ ਮਾਰਕਸਵਾਦੀ ਬੁੱਧੀਜੀਵੀ ਆਪਣੀ ਤਾਕਤ ਇਸ ਤੱਥ ਤੋਂ ਪ੍ਰਾਪਤ ਕਰਦੇ ਹਨ ਕਿ ਉਘੜ ਰਹੀਆਂ ਸਮਾਜਕ ਹਕੀਕਤਾਂ ਉਹਨਾਂ ਦੇ ਵਿਚਾਰਾਂ ਨਾਲ ਸੁਰਤਾਲ ਹਨ। ਉਹਨਾਂ ਦੇ ਸਿਧਾਂਤਕ ਅਨੁਮਾਨਾਂ ਮੁਤਾਬਿਕ ਜਮਾਤਾਂ ਦੀ ਪਾਲਾਬੰਦੀ ਅਤੇ ਉਹਨਾਂ ਦਰਮਿਆਨ ਹਿੰਸਕ ਟਾਕਰੇ ਵੱਧ ਰਹੇ ਹਨ। ਇਸੇ ਨਜ਼ਰੀਏ ਅਨੁਸਾਰ ਹੀ ਮਾਰਕਸਵਾਦੀ ਐਨਜੀਓਜ਼ ਦੇ ਮੁਕਾਬਲੇ ਚਤੁਰਾਈਆਂ ਕਰਨ ਪੱਖੋਂ ਕਮਜ਼ੋਰ ਅਤੇ ਯੁੱਧਨੀਤਕ ਤੌਰ 'ਤੇ ਤਾਕਤਵਰ ਹੁੰਦੇ ਹਨ।

**ਐਨ.ਜੀ.ਓ. ਦਾ ਬਦਲ:** ਕੋਈ ਦਲੀਲ ਦੇ ਸਕਦਾ ਹੈ ਕਿ ਬਹੁਤ ਹੀ ਭਾਂਤ-ਸੁਭਾਂਤੀਆਂ ਐਨ.ਜੀ.ਓ. ਹਨ ਅਤੇ ਜਿਹਨਾਂ ਚੋਂ ਬਹੁਤੀਆਂ ਢਾਂਚਾਗਤ ਢਲਾਈ ਨੀਤੀਆਂ (ਸਟਰੱਕਚਰਲ ਐਡਜਸਟਮੈਂਟ ਪ੍ਰੋਗਰਾਮ, ਐਸਏਪੀ), ਆਈ.ਐਮ.ਐਫ., ਕਰਜ਼ਿਆਂ ਦਾ ਭੁਗਤਾਨ ਆਦਿ ਦਾ ਵਿਰੋਧ ਕਰਦੀਆਂ ਹਨ ਤੇ ਲੋਕਾਂ ਨੂੰ ਇਹਨਾਂ ਵਿਰੁੱਧ ਜਥੇਬੰਦ ਕਰਦੀਆਂ ਹਨ ਅਤੇ ਇਹਨਾਂ ਸਾਰੀਆਂ ਨੂੰ ਇਕੇ ਵੱਟੇ ਨਾਪਣਾ ਜਾਇਜ਼ ਨਹੀਂ ਹੈ। ਇਹਦੇ 'ਚ ਕੁੱਝ ਸੱਚ ਵੀ ਪਿਆ ਹੈ, ਪਰ ਇਹ ਪਹੁੰਚ ਵਡੇਰੇ ਬੁਨਿਆਦੀ ਮਸਲੇ ਨੂੰ ਝੁਠਲਾਉਂਦੀ ਹੈ। ਏਸ਼ੀਆਂ ਤੇ ਲਾਤੀਨੀ ਅਮਰੀਕਾ ਦੇ ਜਿੰਨੇ ਵੀ ਕਿਸਾਨ ਆਗੂਆਂ ਨਾਲ ਅਸੀਂ ਗੱਲਬਾਤ ਕੀਤੀ ਉਹਨਾਂ ਚੋਂ ਬਹੁਤਿਆਂ ਦਾ "ਪ੍ਰਗਤੀਵਾਦੀ" ਐਨਜੀਓ ਵੱਲੋਂ ਖੇਡੀ ਜਾਂਦੀ ਫੁੱਟ ਪਾਊ ਤੇ ਕੁਲੀਨ ਵਰਗ ਦੀ ਖੇਡ ਪ੍ਰਤੀ ਤਲਖੀ ਭਰਿਆ ਸ਼ਿਕਵਾ ਇਹ ਸੀ ਕਿ ਐਨਜੀਓਜ਼ ਕਿਸਾਨ ਆਗੂਆਂ ਨੂੰ ਆਪਣੀਆਂ ਸੰਸਥਾਵਾਂ ਦੇ ਮਤਾਹਿਤ ਕਰਨਾ ਚਾਹੁੰਦੇ ਸਨ ਅਤੇ ਉਹਨਾਂ ਦੇ ਕਹੇ ਅਨੁਸਾਰ ਹੀ ਗ਼ਰੀਬਾਂ ਦੇ ਆਗੂ ਅਤੇ ਬੁਲਾਰੇ ਬਣਨਾ ਲੋਚਦੀਆਂ ਹਨ। ਇਹ ਐਨਜੀਓ ਕਿਸੇ ਦੇ ਮਤਾਹਿਤ ਕੰਮ ਕਰਨ ਨੂੰ ਮਨਜ਼ੂਰ ਨਹੀਂ ਕਰਦੀਆਂ। ਇਹ ਪ੍ਰਗਤਵਾਦੀ ਐਨਜੀਓ ਕਿਸਾਨਾਂ ਤੇ ਗ਼ਰੀਬਾਂ ਨੂੰ ਆਪਣੇ ਖੋਜ ਪ੍ਰੋਜੈਕਟਾਂ ਲਈ ਵਰਤਦੀਆਂ ਹਨ ਅਤੇ ਇਹਨਾਂ ਦੀਆਂ ਰਿਪੋਰਟਾਂ ਛਾਪ ਕੇ ਮੁਨਾਫ਼ਾ ਖਟਦੀਆਂ ਹਨ। ਮੋੜਵੇਂ ਰੂਪ 'ਚ ਸੰਘਰਸ਼ਾਂ ਨੂੰ ਰੱਤੀ ਭਰ ਵੀ ਸਹਾਰਾ ਨਹੀਂ ਮਿਲਦਾ, ਇੱਥੋਂ ਤੱਕ ਕਿ ਕਿਸਾਨਾਂ ਤੇ ਗ਼ਰੀਬਾਂ ਦੇ ਨਾਂ 'ਤੇ ਕੀਤੇ ਜਾਂਦੇ ਖੋਜ ਕਾਰਜ਼ਾਂ ਦੀਆਂ ਰਿਪੋਰਟ ਕਾਪੀਆਂ ਵੀ ਇਹਨਾਂ ਨੂੰ ਮੁਹੱਈਆ ਨਹੀ ਕਰਵਾਈਆਂ ਜਾਂਦੀਆਂ। ਇਸ ਤੋਂ ਵੀ ਅੱਗੇ ਕਿਸਾਨ ਆਗੂ ਸੁਆਲ ਕਰਦੇ ਹਨ ਕਿ ਇਹ ਐਨਜੀਓ ਆਪਣੇ ਸਿਖਲਾਈ ਸੈਮੀਨਾਰਾਂ ਤੋਂ ਬਾਅਦ ਇਹਨਾਂ 'ਤੇ ਅਮਲ ਕਰਨ ਲਈ ਆਪਣੇ ਸੀਸ ਪੇਸ਼ ਕਿਉਂ ਨਹੀਂ ਕਰਦੀਆਂ? ਉਹ ਅਮੀਰਾਂ ਤੇ ਤਾਕਤਵਰਾਂ ਦਾ ਅਧਿਐਨ ਕਿਉਂ ਨਹੀ ਕਰਦੇ? ਸਾਡਾ ਹੀ ਕਿਉਂ?

ਅਗਰ ਇਹ ਗੱਲ ਵੀ ਮੰਨ ਲਈਏ ਕਿ "ਪ੍ਰਗਤੀਵਾਦੀ ਐਨਜੀਓ" ਦਾ ਇੱਕ ਛੋਟਾ ਹਿੱਸਾ ਅਜਿਹਾ ਵੀ ਹੈ ਜਿਹੜਾ ਖੱਬੇ ਪੱਖੀ ਸਮਾਜਕ ਸਿਆਸੀ ਜਥੇਬੰਦੀਆਂ ਲਈ "ਸਰੋਤ" ਦਾ ਕੰਮ ਕਰਦਾ ਹੈ, ਪਰ ਹਕੀਕਤ ਇਹ ਹੈ ਕਿ ਐਨਜੀਓ ਨੂੰ ਮਿਲਣ ਵਾਲੇ ਪੈਸਿਆਂ ਚੋਂ ਤਿਨਕਾਮਾਤਰ ਹੀ ਲੋਕਾਂ ਤੱਕ ਪਹੁੰਚਦਾ ਹੈ। ਇਸ ਤੋਂ ਵੀ ਅੱਗੇ ਐਨਜੀਓਜ਼ ਦਾ ਬਹੁਤ ਵੱਡਾ ਹਿੱਸਾ ਉੱਪਰ ਬਿਆਨ ਕੀਤੀ ਪ੍ਰੀਭਾਸ਼ਾ 'ਚ ਫਿੱਟ ਬੈਠਦਾ ਹੈ। ਕੁੱਝ ਕੁ ਨੂੰ ਛੱਡ ਕੇ ਇਹਨਾਂ ਕੋਲ ਆਪਣੇ ਆਪ ਨੂੰ ਲੋਕ ਪੱਖੀ ਸਾਬਤ ਕਰਨ ਦਾ ਰਸਤਾ ਨਹੀਂ ਹੈ। ਸਾਮਰਾਜ ਅਤੇ ਇਸਦੇ ਸਥਾਨਕ ਗਾਹਕਾਂ ਨਾਲ ਆਪਣੇ ਹਮਜੋਲੀਆਂ ਦੇ ਗਠਜੋੜਾਂ, ਉਹਨਾਂ ਦੀ ਨਵਉਦਾਰਵਾਦ ਨੂੰ ਅਪਣਾਉਣ ਦੀ ਵਿਚਾਰਧਾਰਾ, ਉਹਨਾਂ ਦੇ ਤਾਨਾਸ਼ਾਹ ਤੇ ਕੁਲੀਨ ਵਰਗੀ ਤਾਣੇ-ਬਾਣਿਆਂ ਦੀ ਸਿਲਸਿਲੇ ਵਾਰ ਢੰਗ ਪ੍ਰਨਾਲੀ ਰਾਹੀਂ ਨੁਕਤਾਚੀਨੀ ਕਰਨ ਤੇ ਇਹਨਾਂ ਦਾ ਵਿਰੋਧ ਕਰਕੇ ਹੀ "ਪ੍ਰਗਤੀਵਾਦੀ ਐਨਜੀਓ" ਕੋਈ ਮਹੱਤਵਪੂਰਨ ਹਾਂਦਰੂ ਕਦਮ ਪੁੱਟ ਸਕਣਗੀਆਂ। ਤਦ ਹੀ ਉਹ ਪੱਛਮੀ ਦੇਸ਼ਾਂ ਵਿਚਲੀਆਂ ਆਪਣੀਆਂ ਹਮਜੋਲੀ ਐਨਜੀਓ ਨੂੰ ਇਹ ਦੱਸਣਗੀਆਂ ਕਿ ਉਹ (ਪੱਛਮੀ ਐਨ.ਜੀ.ਓ.) ਫਾਂਉਂਡੇਸ਼ਨ/ ਸਰਕਾਰੀ ਤਾਣ- ਬਾਣੇ ਤੋਂ ਆਪਣੇ ਆਪ ਨੂੰ ਮੁਕਤ ਕਰਾਉਣ ਅਤੇ ਯੂਰਪ ਤੇ ਉਤਰੀ ਅਮਰੀਕਾ ਵਿੱਚ ਵਸਦੇ

ਆਪਣੇ ਖੁਦ ਦੇ ਲੋਕਾਂ ਦੀਆਂ ਸਮਾਜਕ-ਸਿਆਸੀ ਜਦੋਜਹਿਦਾਂ ਜਥੇਬੰਦ ਕਰਨ ਅਤੇ ਜਾਗਰੂਕ ਕਰਨ ਜਿਹੜੇ ਕਿ ਮੌਜ਼ਵੇਂ ਰੂਪ 'ਚ ਬੈਂਕਾਂ ਤੇ ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਸੇਵਾ 'ਚ ਲੱਗੀਆਂ ਸੱਤਾ 'ਤੇ ਕਾਬਜ਼ ਸਰਕਾਰਾਂ ਤੇ ਪਾਰਟੀਆਂ ਨੂੰ ਚਣੌਤੀ ਦੇਣਗੀਆਂ।

ਕਹਿਣ ਦਾ ਭਾਵ, ਐਨ.ਜੀ.ਓ. ਨੂੰ ਐਨ.ਜੀ.ਓ. ਨਹੀਂ ਬਣੇ ਰਹਿਣਾ ਚਾਹੀਦਾ ਬਲਕਿ ਉਹਨਾਂ ਨੂੰ ਆਪਣੇ ਆਪਨੂੰ ਸਮਾਜਕ-ਸਿਆਸੀ ਜਦੋਜਹਿਦਾਂ ਦਾ ਹਿਸਾ ਬਣ ਜਾਣਾ ਚਾਹੀਦਾ ਹੈ। ਇਹੀ ਸਭ ਤੋਂ ਵਧੀਆ ਰਾਹ ਹੈ ਜਿਸ 'ਤੇ ਚੱਲਕੇ ਦਾਨੀਆਂ ਦੇ ਪੈਸੇ 'ਤੇ ਪਲਣ ਵਾਲੀਆਂ ਹੋਰਨਾਂ ਹਜ਼ਾਰਾਂ ਲੱਖਾਂ ਐਨਜੀਓਜ਼ ਦੇ ਗੰਦਮੰਦ 'ਚ ਗਿਣੇ ਜਾਣ ਤੋਂ ਬਚਿਆ ਜਾ ਸਕਦਾ ਹੈ।

**ਅੰਤਕਾ:** ਐਨਜੀਓ ਦੇ ਸਿਧਾਂਤ ਵੱਲ ਇੱਕ ਕਦਮ: ਐਨਜੀਓਜ਼ ਦੇ ਪਲਰਨ ਪਸਰਨ ਬਾਰੇ ਢਾਂਚਾਗਤ ਰੂਪ 'ਚ ਗੱਲ ਕਰਦਿਆਂ ਇਹ ਜ਼ਾਹਰ ਹੁੰਦਾ ਹੈ ਕਿ ਐਨਜੀਓ "ਪੁਰਾਣੇ" ਦੁਕਾਨਦਾਰਾਂ, ਆਜ਼ਾਦਾਨਾ ਤੌਰ 'ਤੇ ਕੰਮ ਕਰਦੇ ਪੇਸ਼ੇਵਰਾਂ ਅਤੇ "ਨਵੇਂ" ਸਰਕਾਰੀ ਮੁਲਾਜ਼ਮ ਗਰੁੱਪਾਂ ਨਾਲੋਂ ਇੱਕ ਵੱਖਰੀ ਕਿਸਮ ਦੀ ਨਵੀਂ ਨਿੱਕ-ਬੁਰਜੂਆਜ਼ੀ ਦੇ ਉਭਾਰ ਦਾ ਪ੍ਰਤੀਕ ਹੈ। ਠੇਕੇ ਦਰ ਠੇਕੇ 'ਤੇ ਚੱਲਣ ਵਾਲਾ ਇਹ ਖੇਤਰ ਪਹਿਲਾਂ ਮੌਜੂਦ ਦਲਾਲ ਸਰਮਾਏਦਾਰੀ ਨਾਲ ਇਸ ਪੱਖੋਂ ਮੇਲ ਖਾਂਦਾ ਹੈ ਕਿ ਯਥਾਰਥ ਰੂਪ 'ਚ ਇਹ ਕੋਈ ਜਿਨਸ ਪੈਦਾ ਨਹੀਂ ਕਰਦਾ ਸਗੋਂ ਇਹ ਸਾਮਰਾਜੀ ਤੇ ਛੋਟੇ-ਮੋਟੇ ਕਾਰੋਬਾਰਾਂ 'ਚ ਲੱਗੇ ਯਥਾਰਥਕ ਤੌਰ 'ਤੇ ਜਿਨਸ ਉਤਪਾਦਕਾਂ ਦਰਮਿਆਨ ਇੱਕ ਕੜੀ ਬਣਨ ਦਾ ਕੰਮ ਕਰਦਾ ਹੈ। ਆਪਣੇ ਮੱਧ ਯੁੱਗੀ ਰੂਪਾਂ ਨਾਲ ਮੇਲ ਖਾਂਦੀ ਇਸ ਨਵੀਂ ਨਿੱਕ ਬੁਰਜ਼ਆਜ਼ੀ ਚੋਂ ਇਹ ਸਚਾਈ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਹਨਾਂ ਚੋਂ ਬਹੁਤੇ ਸਾਬਕਾ ਮਾਰਕਸਵਾਦੀ ਹਨ ਜਿਹੜੇ "ਜਨਤਕ ਲੱਫਾਜ਼ੀ" ਆਪਣੇ ਨਾਲ ਲੈ ਕੇ ਆਏ ਹਨ ਅਤੇ ਕਈ ਹਾਲਾਤਾਂ 'ਚ ਉਹ ਆਪਣੀਆਂ ਸੰਸਥਾਵਾਂ ਨੂੰ ਇੱਕ ਕੁਲੀਨ ਵਰਗ ਵਾਲੀ, "ਮੁਹਰੈਲ ਦਸਤਾ ਹੋਣ" ਦੀ ਧਾਰਨਾ ਦਾ ਪ੍ਰਚਾਰ ਕਰਦੇ ਹਨ। ਸਰਕਾਰੀ ਤੰਤਰ 'ਚ ਕਿਸੇ ਜਾਇਦਾਦ ਜਾਂ ਕਿਸੇ ਸਥਾਪਤ ਰੁਤਬੇ ਦੇ ਬਲਬੂਤੇ ਨਾ ਹੋਣ ਕਰਕੇ ਇਹ ਨਵੀਂ ਜਮਾਤ ਆਪਣੇ ਨਵੇਂ ਪੂਰ ਪੈਦਾ ਕਰਨ ਲਈ ਨਿਰੀ ਵਿਦੇਸ਼ੀ ਪੈਸੇ 'ਤੇ ਨਿਰਭਰ ਹੁੰਦੀ ਹੈ। ਲੋਕਾਂ ਅੰਦਰ ਕੰਮ ਕਰਦੀ ਹੋਣ ਕਰਕੇ ਆਪਣੇ ਜਨ ਆਧਾਰ ਵਾਸਤੇ ਇਸ ਨੂੰ ਜਨਤਕ ਅਡੰਬਰ ਦੀ ਦੁਹਾਈ ਦੇ ਨਾਲ ਨਾਲ ਮਾਰਕਸਵਾਦ ਵਿਰੋਧੀ ਅਤੇ ਸਰਕਾਰ ਵਿਰੋਧੀ ਅਪੀਲ ਵੀ ਜੋੜਨੀ ਪੈਂਦੀ ਹੈ-ਇਉਂ "ਤੀਸਰੇ ਬਦਲ" ਅਤੇ "ਸਿਵਲ ਸੁਸਾਇਟੀ" ਵਰਗੇ ਮਿਲਗੋਭੇ ਵਾਲੇ ਸੰਕਲਪ ਸਾਹਮਣੇ ਆਉਂਦੇ ਹਨ ਜਿਹੜੇ ਦੋਨਾਂ ਆਧਾਰਾਂ 'ਤੇ ਪਰਦਾ ਪੋਸ਼ੀ ਕਰਨ ਦੇ ਮਾਮਲੇ 'ਚ ਕਾਫੀ ਘਚੋਲੇ ਭਰੇ ਹਨ। ਇਹ ਨਵੀਂ ਉਠੀ ਨਿੱਕ ਬੁਰਜੁਆਜ਼ੀ ਆਪਣੀ ਹੋਂਦ ਬਣਾਈ ਰੱਖਣ ਲਈ ਕੌਮਾਂਤਰੀ ਇਕੱਠਾਂ 'ਤੇ ਟੇਕ ਰਖਦੀ ਹੈ ਜਦ ਕਿ ਦੇਸ਼ ਅੰਦਰ ਇਸਨੂੰ ਕੋਈ ਠੋਸ ਜਨਤਕ ਹਮਾਇਤ ਪ੍ਰਾਪਤ ਨਹੀਂ ਹੁੰਦੀ। "ਗਲੋਬਲਿਸਟ" ਹੋਣ ਦੀ ਰਟ ਦਹੁਰਾਈ ਸਾਮਰਾਜੀ ਵਿਰੋਧੀ ਕਿਸੇ ਵੀ ਵਚਣਬੱਧਤਾਂ ਤੋਂ ਸੱਖਣੇ ਜਾਅਲੀ "ਕੌਮਾਂਤਰੀਵਾਦ" ਲਈ ਛਤਰੀ ਮੁਹੱਈਆ ਕਰਦੀ ਹੈ। ਸੰਖੇਪ 'ਚ ਗੱਲ ਕਰਨੀ ਹੋਵੇ ਤਾਂ ਇਹ ਨਿੱਕ-ਬੁਰਜੁਆਜ਼ੀ ਦੇ ਨਵਉਦਾਰਵਾਦੀ ਨਿਜ਼ਾਮ ਦਾ "ਖੱਬਾ ਧੜਾ" ਹੈ।

ਸਿਆਸੀ ਪੱਖੋਂ ਐਨਜੀਓਜ਼ ਸਾਮਰਾਜੀ ਨੀਤੀਘਾੜਿਆਂ ਦੀ ਸੱਜਰੀ ਸੋਚ 'ਚ ਫਿੱਟ ਬਹਿੰਦੀਆਂ ਹਨ। ਜਦ ਕਿ ਆਈ.ਐਮ.ਐਫ., ਸੰਸਾਰ ਬੈਂਕ ਅਤੇ ਬਹੁ ਕੌਮੀ ਕਾਰਪੋਰੇਸ਼ਨਾਂ ਸਥਾਨਕ ਕੁਲੀਨ ਜਮਾਤ ਨਾਲ ਮਿਲਕੇ ਉਪਰੋਂ ਆਰਥਿਕਤਾ ਦੀ ਲੁੱਟ ਮਾਰ ਕਰਨ 'ਚ ਲੱਗੇ ਹੋਏ ਹਨ ਤਾਂ ਐਨਜੀਓ ਆਰਥਿਕਤਾ ਨੂੰ ਪਾਏ ਜਾ ਰਹੇ ਖੋਰੇ ਦੇ ਨਤੀਜੇ ਵਜੋਂ ਉੱਠ ਰਹੇ ਰੋਸ ਨੂੰ ਖੱਸੀ ਕਰਨ ਤੇ ਇਸਨੂੰ ਖੇਰੂ ਖੇਰੂ ਕਰਨ ਲਈ ਜ਼ਮੀਨੀ ਪੱਧਰ 'ਤੇ ਰਹਿਕੇ ਇੱਕ ਸਹਾਇਕ ਵਜੋਂ ਸਰਗਰਮੀ ਕਰਨ 'ਚ ਮਸ਼ਰੂਫ ਹਨ। ਜਿਸ ਢੰਗ ਨਾਲ ਸਾਮਰਾਜਵਾਦ ਲੁੱਟ-ਖਸੁੱਟ ਅਤੇ ਘੇਰਾ ਬੰਦੀ ਦੀ ਦੋ ਧਾਰੀ ਸੂਖਮ ਤੇ ਵਿਸ਼ਾਲ ਯੁੱਧਨੀਤੀ ਅਪਣਾਉਂਦਾ ਹੈ ਤਾਂ ਉਸੇ ਤਰ੍ਹਾਂ ਹੀ ਖੱਬੇ ਪੱਖੀ ਲਹਿਰਾਂ ਨੂੰ ਵੀ ਸਾਮਰਾਜ ਵਿਰੋਧੀ ਦੋ ਧਾਰੀ ਯੁੱਧਨੀਤੀ ਅਪਣਾਉਂਣੀ ਪਵੇਗੀ।

ਐਨਜੀਓ ਨੇ ਉਹਨਾਂ ਬਹੁਤ ਸਾਰੇ "ਖੁੱਲ੍ਹੇ ਫ਼ਿਰਦੇ" (Free Floating) ਬੁੱਧੀਜੀਵੀਆਂ ਨੂੰ ਆਪਣੇ ਕਲਾਵੇ 'ਚ ਲੈ ਲਿਆ ਹੈ ਜਿਹਨਾਂ ਨੇ ਆਪਣੇ ਜਮਾਤੀ ਪਿਛੋਕੜ ਨੂੰ ਤਿਆਗ ਕੇ ਜਨਤਕ ਲਹਿਰਾਂ 'ਚ ਸ਼ਾਮਲ ਹੋਣਾ ਹੀ ਸੀ। ਨਤੀਜੇ ਵਜੋਂ ਸਰਮਾਏਦਾਰੀ ਅੰਦਰ (ਏਸ਼ੀਆ, ਲਾਤੀਨੀ ਅਮਰੀਕਾ ਅੰਦਰ ਮੰਦੀ ਤੇ ਰੂਸ ਦੇ ਢਹਿ ਢੇਰੀ ਹੋਣ ਕਰਕੇ) ਪੈਦਾ ਹੋਏ ਵਿਆਪਕ ਸੰਕਟ ਅਤੇ ਬਰਾਜ਼ੀਲ, ਕੋਲੰਬੀਆ ਅਤੇ ਸ਼ਇਦ ਦੱਖਣੀ ਕੋਰੀਆਂ ਨੂੰ ਛੱਡਕੇ ਹੋਰਨਾਂ ਮੁਲਕਾਂ ਅੰਦਰ ਕੋਈ ਮਹੱਤਵਪੂਰਨ ਜਥੇਬੰਦ ਇਨਕਲਾਬੀ ਜਦੋਜਹਿਦਾਂ ਦੀ ਅਣਹੋਂਦ ਦਰਮਿਆਨ ਅਸਥਾਈ ਪਾੜਾ ਦਿਖਾਈ ਦਿੰਦਾ ਹੈ। ਬੁਨਿਆਦੀ ਸੁਆਲ ਇਹ ਹੈ ਕਿ ਕੀ ਇਹਨਾਂ ਇਨਕਲਾਬੀ ਸਮਾਜਕ ਜਦੋਜਹਿਦਾਂ 'ਚੋਂ ਉਭਰਕੇ ਸਾਹਮਣੇ ਆਉਣ ਵਾਲੀ ਜਾਗਦੀ ਜ਼ਮੀਰ ਵਾਲੇ ਬੁੱਧੀਜੀਵੀਆਂ ਦੀ ਇੱਕ ਨਵੀਂ ਪੀੜੀ ਐਨਜੀਓ ਦੇ ਝਾਂਸੇ ਤੋਂ ਕਿਨਾਰਾ ਕਰਦਿਆਂ ਆਉਣ ਵਾਲੀ ਇਨਕਲਾਬੀ ਲਹਿਰ ਦਾ ਅਨਿਖੜਵਾਂ ਅੰਗ ਬਣੇਗੀ।

ਨੋਟ 1 ਢਾਂਚਾ ਢਲਾਈ ਨੀਤੀਆਂ ਸੰਸਾਰ ਬੈਂਕ/ਕੌਮਾਂਤਰੀ ਮੁਦਰਾ ਕੋਸ਼ ਜੋੜੀ ਵੱਲੋਂ ਨਵਉਦਾਰਵਾਦੀ ਨੀਤੀਆਂ ਨੂੰ 100 ਦੇ ਕਰੀਬ ਨਵਉਦਾਰਵਾਦੀ ਮੁਲਕਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਨਾਲ ਬੱਝੀਆਂ ਸ਼ਰਤਾਂ ਹਨ। ਇਹਨਾਂ 'ਚ ਉਦਾਰ ਦਰਾਮਦੀ ਪ੍ਰਬੰਧ ਜਿਸ 'ਚ ਸਰਮਾਏ ਅਤੇ ਤਕਨੀਕ ਦਾ ਬੇਰੋਕ ਪ੍ਰਵਾਹ ਜਿਸ ਵਿੱਚ ਵਿਦੇਸ਼ੀ ਸਰਮਾਏ ਦੀ ਆਮਦ ਜਾਂ ਇਸ ਦੇ ਬਾਹਰ ਜਾਣ 'ਤੇ ਲੱਗਣ ਵਾਲੀਆਂ ਸਾਰੀਆਂ ਰੋਕਾਂ ਦਾ ਸਫ਼ਾਇਆ, ਬਹੁ-ਕੌਮੀ ਬਰਾਮਦਕਾਰ ਕੰਪਨੀਆਂ ਨੂੰ ਟੈਕਸਾਂ 'ਚ ਰਿਆਇਤਾਂ ਅਤੇ ਸਬਸਿਡੀਆਂ, ਸਿੱਧੇ ਟੈਕਸ ਦੀ ਥਾਂ 'ਤੇ ਅਸਿੱਧੇ ਟੈਕਸ ਲਾਉਣ ਵਾਲੀ ਪਿਛਲਮੋੜੀ ਨੀਤੀ ਲਾਗੂ ਕਰਨੀ, ਜਨਤਕ ਵੰਡ-ਪ੍ਰਣਾਲੀ ਦਾ ਭੋਗ ਪਾਕੇ ਖੁਰਾਕ ਅਤੇ ਹੋਰ ਜ਼ਰੂਰੀ ਵਸਤਾਂ 'ਚ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਨੂੰ ਉਤਸ਼ਾਹਤ ਕਰਨਾ, ਯੂਨੀਅਲ ਵਿਰੋਧੀ ਤੇ ਹੜਤਾਲ ਵਿਰੋਧੀ ਕਾਨੂੰਨ ਲਾਗੂ ਕਰਕੇ ਤਨਖਾਹਾਂ ਭੱਤਿਆਂ 'ਚ ਖੜੋਤ ਲਿਆਉਣਾ, ਨਿਜੀ ਸੱਟੇਬਾਜ਼ੀ ਨੂੰ ਉਤਸ਼ਾਹਤ ਕਰਨਾ ਸ਼ਾਮਲ ਹੈ। ਇਸ ਸਾਰੇ ਕੁੱਝ ਦਾ ਅਰਥ ਜਨਤਕ ਖੇਤਰ 'ਚ ਸਰਕਾਰ ਵੱਲੋਂ ਖਰਚੀ ਜਾਂਦੀ ਰਕਮ 'ਚ ਕਟੌਤੀ ਕਰਦਿਆਂ ਆਮ ਲੋਕਾਂ ਦੀ ਸੰਘੀ ਘੁੱਟਣਾ ਹੈ।

# ਇੰਗਲੈਂਡ ਵਿੱਚ ਵਿਆਹ ਕੇ ਆਈ ਇਕ ਪੰਜਾਬੀ ਔਰਤ ਦੀ ਸੱਚੀ ਕਹਾਣੀ 'ਤੇ ਆਧਾਰਿਤ ਫਿਲਮ-ਪਰੋਵੋਕਡ



ਅੰਗਰੇਜ਼ੀ ਦੀ ਫਿਲਮ ਪਰੋਵੋਕਡ ਇੰਗਲੈਂਡ ਵਿੱਚ ਵਿਆਹ ਕੇ ਆਈ ਇਕ ਪੰਜਾਬੀ ਔਰਤ ਕਿਰਨਜੀਤ ਆਹਲੂਵਾਲੀਆ ਦੇ ਜੀਵਨ ਦੀ ਸੱਚੀ ਕਹਾਣੀ ਉੱਪਰ ਬਣਾਈ ਗਈ ਹੈ। ਕਿਰਨਜੀਤ ਭਾਰਤੀ ਮੂਲ ਦੇ ਇਕ ਬਰਤਾਨਵੀ ਮਰਦ ਨਾਲ ਵਿਆਹ ਕਰਵਾ ਕੇ 1980 ਦੇ ਨੇੜੇ ਤੇੜੇ ਇੰਗਲੈਂਡ ਪਹੁੰਚਦੀ ਹੈ। ਇਸ ਉਮਰ ਦੀਆਂ ਆਮ ਕੁੜੀਆਂ ਵਾਂਗ ਉਸ ਦੇ ਮਨ ਵਿੱਚ ਵੀ ਵਿਆਹ ਤੋਂ ਬਾਅਦ ਇਕ ਚੰਗਾ ਘਰ ਵਸਾਉਣ ਦੇ ਸੁਫਨੇ ਹਨ। ਪਰ ਇੰਗਲੈਂਡ ਪਹੁੰਚਣ ਬਾਅਦ ਛੇਤੀਂ ਹੀ ਉਸ ਦੇ ਇਹ ਸੁਫਨੇ ਚਕਨਾਚੂਰ ਹੋਣੇ ਸ਼ੁਰੂ ਹੋ ਜਾਂਦੇ ਹਨ। ਉਸ ਦਾ ਪਤੀ ਉਸ ਨੂੰ ਪਿਆਰ ਅਤੇ ਇੱਜ਼ਤ ਦੇਣ ਦੀ ਥਾਂ ਨਮੋਸ਼ੀ, ਬੇਵਿਸ਼ਵਾਸੀ, ਧੋਖਾ ਅਤੇ ਮਾਰ ਕੁੱਟ ਦਿੰਦਾ ਹੈ। ਉਸ ਲਈ ਕਿਰਨਜੀਤ ਦੀ ਹੋਂਦ ਦਾ ਕੋਈ ਅਰਥ ਨਹੀਂ। ਉਹ ਕਿਰਨਜੀਤ ਨੂੰ ਕਹਿੰਦਾ ਹੈ, ਤੂੰ ਇਕ ਔਰਤ ਹੈਂ, ਇਸ ਲਈ ਤੂੰ ਕੁਝ ਵੀ ਨਹੀਂ। ਤੂੰ ਇਕ... (ਮੁਆਫ ਕਰਨਾ ਪੰਜਾਬੀ ਜ਼ਬਾਨ ਦਾ ਸ਼ਿਸ਼ਟਾਚਾਰ ਮੈਨੂੰ ਇਹ ਸ਼ਬਦ ਲਿਖਣ ਦੀ ਇਜਾਜ਼ਤ ਨਹੀਂ ਦੇ ਰਿਹਾ) ਹੈਂ, ਇਸ ਲਈ ਤੂੰ ਕੁਝ ਵੀ ਨਹੀਂ ਨਾਲੋਂ ਵੀ ਨੀਵੀਂ ਹੈਂ।ਸਮਾਂ ਪੈਣ ਨਾਲ ਕਿਰਨਜੀਤ ਦੀ ਜ਼ਿੰਦਗੀ ਵਿਚਲੀ ਜ਼ਿੱਲਤ ਅਤੇ ਹਿੰਸਾ ਘਟਣ ਦੀ ਥਾਂ ਵਧਦੀ ਜਾਂਦੀ ਹੈ। ਅਖੀਰ 1989 ਵਿੱਚ ਕਿਰਨਜੀਤ ਆਪਣੇ ਸੁੱਤੇ ਪਏ ਪਤੀ ਨੂੰ ਅੱਗ ਲਾ ਦਿੰਦੀ ਹੈ ਅਤੇ ਉਸ ਦੇ ਪਤੀ ਦੀ ਕੁਝ ਦਿਨ ਹਸਪਤਾਲ ਵਿੱਚ ਰਹਿ ਕੇ ਮੌਤ ਹੋ ਜਾਂਦੀ ਹੈ। ਫਿਲਮ 'ਪ੍ਰੋਵੋਕਡ' ਦੀ ਕਹਾਣੀ ਇਥੋਂ ਸ਼ੁਰੂ ਹੁੰਦੀ ਹੈ।

ਫਿਲਮ ਵਿੱਚ ਕਿਰਨਜੀਤ ਦੇ ਜੀਵਨ ਵਿਚਲੀ ਹਿੰਸਾ ਦਿਖਾਉਣ ਲਈ ਹਿੰਸਾ ਭਰੇ ਦ੍ਰਿਸ਼ਾਂ ਦੀ ਵਰਤੋਂ ਤਾਂ ਕੀਤੀ ਗਈ ਹੈ ਪਰ ਬਹੁਤ ਸੰਜਮ ਨਾਲ। ਨਤੀਜੇ ਵਜੋਂ ਦਰਸ਼ਕਾਂ ਨੂੰ ਔਰਤਾਂ ਵਿਰੁੱਧ ਵਾਪਰਦੀ ਪਰਿਵਾਰਕ ਹਿੰਸਾ ਇਕ ਆਮ ਅਤੇ ਕੁਦਰਤੀ ਵਰਤਾਰਾ ਨਹੀਂ ਜਾਪਦੀ ਸਗੋਂ ਇਕ ਅਜਿਹਾ ਵਰਤਾਰਾ ਜਾਪਦੀ ਹੈ ਜਿਸ ਨੂੰ ਨਫਰਤ ਕਰਨੀ ਚਾਹੀਦੀ ਹੈ। ਹਿੰਸਾ ਭਰੇ ਦ੍ਰਿਸ਼ਾਂ ਦੀ ਥਾਂ ਨਾਰੀ ਹੱਕਾਂ ਲਈ ਕੰਮ ਕਰਦੀ ਇਕ ਕਾਰਕੁੰਨ, ਰਾਧਾ, ਨਾਲ ਜੇਲ੍ਹ ਵਿੱਚ ਇਕ ਸੰਖੇਪ ਮੁਲਾਕਾਤ ਸਮੇਂ ਕਿਰਨਜੀਤ ਦਾ ਇਕ ਸਾਧਾਰਣ ਡਾਇਲਾਗ ਉਸ ਦੇ ਘਰ ਦੇ ਹਿੰਸਾ ਭਰੇ ਵਾਤਾਵਰਣ ਬਾਰੇ ਬਹੁਤ ਵੱਡਾ ਪ੍ਰਗਟਾਵਾ ਕਰ ਜਾਂਦਾ ਹੈ। ਰਾਧਾ ਕਿਰਨਜੀਤ ਨੂੰ ਪੁੱਛਦੀ ਹੈ ਕਿ ਉਹ ਜੇਲ੍ਹ ਵਿੱਚ ਕਿਸ ਤਰ੍ਹਾਂ ਮਹਿਸੂਸ ਕਰ ਰਹੀ ਹੈ। ਕਿਰਨਜੀਤ ਜੁਆਬ ਦਿੰਦੀ ਹੈ, ਮੈਂ ਅਜ਼ਾਦ ਮਹਿਸੂਸ ਕਰ ਰਹੀ ਹਾਂ। ਕਿਰਨਜੀਤ ਦਾ ਇਹ ਜੁਆਬ ਦਰਸ਼ਕ ਨੂੰ ਸੋਚਣ ਲਾ ਦਿੰਦਾ ਹੈ ਕਿ ਉਹ ਕਿਸ ਤਰ੍ਹਾਂ ਦਾ ਘਰ ਹੋਵੇਗਾ, ਜਿਸ ਦੇ ਮੁਕਾਬਲੇ ਇਹ ਔਰਤ ਜੇਲ੍ਹ ਵਿੱਚ ਆ ਕੇ ਅਜ਼ਾਦ ਮਹਿਸੂਸ ਕਰ ਰਹੀ ਹੈ।

ਫਿਲਮ ਵਿੱਚ ਇੰਗਲੈਂਡ ਦੇ ਨਿਆਂ ਪ੍ਰਬੰਧ ਉੱਪਰ ਵੀ ਆਲੋਚਨਾਤਮਕ ਰੌਸ਼ਨੀ ਪਾਈ ਗਈ ਹੈ ਅਤੇ ਇਹ ਦਿਖਾਉਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਉਹ ਔਰਤਾਂ ਇੰਗਲੈਂਡ ਦੇ ਨਿਆਂ ਪ੍ਰਬੰਧ ਵਿੱਚ ਦੂਹਰੇ ਵਿਤਕਰੇ ਦਾ ਸ਼ਿਕਾਰ ਹੁੰਦੀਆਂ ਹਨ, ਜਿਹਨਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਅਤੇ ਜਿਹਨਾਂ ਦਾ ਸਭਿਆਚਾਰ ਐਂਗਲੋ ਸੈਕਸਨ ਸਭਿਆਚਾਰ ਨਾਲੋਂ ਵੱਖਰਾ ਹੈ। ਨਿਆਂ ਪ੍ਰਬੰਧ ਨੂੰ ਤਿੱਖੀ ਨਜ਼ਰ ਨਾਲ ਦੇਖਦੇ ਹੋਏ ਫਿਲਮ ਵਿੱਚ ਇਹ ਨੁਕਤਾ ਬਹੁਤ ਚੰਗੀ ਤਰ੍ਹਾਂ ਉਭਾਰਿਆ ਗਿਆ ਹੈ ਕਿ ਔਰਤਾਂ ਨੂੰ ਨਿਆਂ ਦਿਵਾਉਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਭਾਈਚਾਰੇ ਵਿੱਚ ਔਰਤਾਂ ਦੀਆਂ ਅਜਿਹੀਆਂ ਸੰਸਥਾਂਵਾਂ ਹੋਣ ਜੋ ਔਰਤਾਂ ਦੇ ਨਜ਼ਰੀਏ ਤੋਂ ਨਿਆਂ ਪ੍ਰਬੰਧ ਦਾ ਵਿਸ਼ਲੇਸ਼ਣ ਕਰ ਸਕਣ ਅਤੇ ਉਸ ਵਿੱਚ ਮੌਜੂਦ ਢਾਂਚਾਗਤ ਬੰਦਸ਼ਾਂ ਨੂੰ ਚੁਣੌਤੀ ਦੇ ਸਕਣ। ਘਰਾਂ ਵਿੱਚ ਔਰਤਾਂ ਨਾਲ ਇਹ ਹਿੰਸਾ ਕਿਉਂ ਵਾਪਰਦੀ ਹੈ? ਇਸ ਸਵਾਲ ਦਾ ਜੁਆਬ ਲੱਭਣ ਲਈ ਫਿਲਮ ਨੇ ਪੰਜਾਬੀ ਸਭਿਆਚਾਰ ਦੇ ਕੁਝ ਪੱਖਾਂ ਵਲ ਇਸ਼ਾਰਾ ਕੀਤਾ ਹੈ। ਫਿਲਮ ਵਿੱਚ ਇਹ ਕਹਿਣ ਦੀ ਕੋਸ਼ਸ਼ ਕੀਤੀ ਗਈ ਹੈ ਕਿ ਬੇਸ਼ੱਕ ਪੰਜਾਬੀ ਸਭਿਆਚਾਰ ਘਰਾਂ ਵਿੱਚ ਔਰਤਾਂ ਪ੍ਰਤੀ ਹੁੰਦੀ ਹਿੰਸਾ ਦਾ ਸਮਰਥਨ ਨਾ ਵੀ ਕਰਦਾ ਹੋਵੇ ਫਿਰ ਵੀ ਪੰਜਾਬੀ ਲੋਕ (ਪਰਿਵਾਰ ਦੇ ਮੈਂਬਰ ਅਤੇ ਦੂਸਰੇ ਲੋਕ) ਇਸ ਹਿੰਸਾ ਨੂੰ ਦੇਖ ਕੇ ਅਣਗੌਲਿਆਂ ਜ਼ਰੂਰ ਕਰ ਦਿੰਦੇ ਹਨ, ਜਿਸ ਕਾਰਨ ਇਸ ਦਾ ਵਾਪਰਨਾ ਜਾਰੀ ਰਹਿੰਦਾ ਹੈ। ਇਸ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੇ ਸੰਦਰਭ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸ਼ਰਮ, ਪਰਿਵਾਰਕ ਇੱਜ਼ਤ ਆਦਿ ਗੱਲਾਂ ਕਰ ਕੇ ਪੰਜਾਬੀ ਔਰਤਾਂ ਇਸ ਹਿੰਸਾ ਬਾਰੇ ਬਾਹਰ ਗੱਲ ਨਹੀਂ ਕਰਦੀਆਂ। ਨਤੀਜੇ ਵਜੋਂ ਇਹ ਹਿੰਸਾ ਕਰਨ ਵਾਲੇ ਪੰਜਾਬੀ ਮਰਦ ਬਿਨਾਂ ਕਿਸੇ ਡਰ-ਭਉ ਦੇ ਹਿੰਸਾ ਕਰਨਾ ਜਾਰੀ ਰੱਖਦੇ ਹਨ। ਇਸ ਲਈ ਫਿਲਮ ਦੇ ਅਖੀਰ ਵਿੱਚ ਜੇਲ੍ਹ ਵਿੱਚੋਂ ਰਿਹਾ ਹੋ ਕੇ ਆਈ ਕਿਰਨਜੀਤ ਦੇ ਇਹ ਸ਼ਬਦ ਜ਼ਿੰਦਗੀ ਵਿੱਚ ਚੁੱਪ ਚਾਪ (ਜੁਲਮ) ਸਹੀ ਜਾਣ ਵਿੱਚ ਕੋਈ ਇੱਜ਼ਤ ਨਹੀਂ... ਪੰਜਾਬੀ ਸਭਿਆਚਾਰ ਦੀ ਇਸ ਧਾਰਨਾ ਨੂੰ ਚੁਣੌਤੀ ਦੇਣ ਦੀ ਅਪੀਲ ਕਰਦੇ ਹਨ। ਪੰਜਾਬੀ ਸਭਿਆਚਾਰ ਦੇ ਇਹਨਾਂ ਪੱਖਾਂ ਉੱਪਰ ਉਂਗਲ ਰੱਖਦੇ ਹੋਏ ਫਿਲਮ ਵਿੱਚ ਦੂਜੇ ਸਭਿਆਚਾਰਾਂ ਵਿੱਚ ਵਾਪਰਦੀ ਪਰਿਵਾਰਕ ਹਿੰਸਾ ਵਲ ਵੀ ਇਸ਼ਾਰਾ ਕੀਤਾ ਗਿਆ ਹੈ ਤਾਂ ਕਿ ਇਹ ਸੰਤੁਲਨ ਕਾਇਮ ਰੱਖਿਆ ਜਾ ਸਕੇ ਕਿ ਇਹ ਸਮੱਸਿਆ ਇਕੱਲੇ ਪੰਜਾਬੀ ਸਭਿਆਚਾਰ ਦੀ ਹੀ ਸਮੱਸਿਆ ਨਹੀਂ ਸਗੋਂ ਸਮੁੱਚੇ ਸਮਾਜ ਦੀ ਸਮੱਸਿਆ ਹੈ। 'ਪ੍ਰੋਵੋਕਡ' ਦੇਖਣ ਨੂੰ ਇਕ ਦਿਲਚਸਪ ਫਿਲਮ ਹੈ। ਫਿਲਮ ਦਾ ਨਿਭਾਅ ਦਰਸ਼ਕਾਂ ਦੀ ਕਿਰਨਜੀਤ ਨਾਲ ਹਮਦਰਦੀ ਪੈਦਾ ਕਰਦਾ ਹੈ। ਬੇਸ਼ੱਕ ਫਿਲਮ ਇਕ ਔਰਤ ਦੀ ਨਿੱਜੀ ਕਹਾਣੀ ਉੱਤੇ ਆਧਾਰਿਤ ਹੈ, ਫਿਰ ਵੀ ਇਹ ਸਮਾਜ ਵਿੱਚ ਔਰਤਾਂ ਵਿਰੁੱਧ ਹੁੰਦੀ ਪਰਿਵਾਰਕ ਹਿੰਸਾ ਦੇ ਸਮੁੱਚੇ ਮਸਲੇ ਵਲ ਧਿਆਨ ਦਿਵਾਉਂਦੀ ਹੈ। ਇਸ ਲਈ ਇਹ ਫਿਲਮ ਪਰਿਵਾਰਕ ਹਿੰਸਾ ਬਾਰੇ ਨਿੱਜੀ ਅਤੇ ਸਮੂਹਿਕ ਪੱਧਰ ਉੱਪਰ ਗੱਲਬਾਤ ਕਰਨ ਦਾ ਸਾਧਨ ਬਣ ਸਕਦੀ ਹੈ। ਆਮ ਭਾਰਤੀ ਵੀਡੀਓ ਸਟੋਰਾਂ ਤੋਂ ਮਿਲਣ ਵਾਲੀ ਇਸ ਫਿਲਮ ਨੂੰ ਸਾਰਿਆਂ ਨੂੰ ਦੇਖਣਾ ਚਾਹੀਦਾ ਹੈ ਅਤੇ ਇਸ ਬਾਰੇ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ।

**- ਸੁਖਵੰਤ ਹੁੰਦਲ ਵੈਨਕੂਵਰ**

# ਤਰਸ

**ਹਰਨੇਕ ਸਿੰਘ ਬੱਧਣੀ**

16 ਨਵੰਬਰ 1975 ਵਾਲੇ ਦਿਨ ਮੇਰਾ ਵਿਆਹ ਹੋਇਆ ਸੀ। ਇਹ ਘਟਨਾ 17 ਨਵੰਬਰ ਦੀ ਹੈ। ਵਿਆਹ ਤੋਂ ਦੂਸਰਾ ਦਿਨ ਹੋਣ ਕਾਰਨ ਮੇਰੇ ਵਿਆਹ ਵਿਚ ਸ਼ਾਮਲ ਹੋਣ ਆਏ ਕੁਝ ਰਿਸ਼ਤੇਦਾਰ ਘਰ ਹੀ ਸਨ। ਸਵੇਰ ਦੇ ਦਸ ਕੁ ਵਜੇ ਸਨ। ਨਵੰਬਰ ਮਹੀਨੇ ਦੀ ਨਿੱਘੀ-ਨਿੱਘੀ ਧੁੱਪ ਦਾ ਆਨੰਦ ਮਾਣਨ ਲਈ ਘਰ ਦੇ ਸਾਰੇ ਮੈਂਬਰ ਖੁੱਲ੍ਹੇ ਵਿਹੜੇ ਵਿਚ ਬੈਠੇ ਸਨ। ਅਚਾਨਕ ਮੇਰਾ ਵੱਡਾ ਭਰਾ ਰਾਜਿੰਦਰ ਸਿੰਘ ਉਚੀ ਉਚੀ ਗੰਦੀਆਂ-ਗੰਦੀਆਂ ਗਾਲ੍ਹਾਂ ਕੱਢਦਾ ਹੋਇਆ ਘਰ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਦਾਖਲ ਹੋਇਆ। ਉਸਦੇ ਸੱਜੇ ਹੱਥ ਵਿਚ ਇਕ ਗਰੀਬੜੇ, ਮਾੜਕੂ ਜਿਹੇ ਚੌਦਾਂ-ਪੰਦਰਾਂ ਸਾਲ ਦੇ ਮੁੰਡੇ ਦੀ ਗਰਦਨ ਘੁੱਟ ਕੇ ਫੜੀ ਹੋਈ ਸੀ। ਮੈਨੂੰ ਪਹਿਲੀ ਨਜ਼ਰੇ ਵੇਖ ਕੇ ਇਉਂ ਲੱਗਾ ਜਿਵੇਂ ਕੋਈ ਕਸਾਈ ਕਿਸੇ ਮੁਰਗੇ ਦੀ ਧੌਣ ਫੜ ਕੇ ਹਲਾਲ ਕਰਨ ਲਈ ਲਿਜਾ ਰਿਹਾ ਹੋਵੇ।

ਵੱਡੇ ਭਾਈ ਸਾਹਿਬ ਵਿਹੜੇ ਦੇ ਵਿਚਕਾਰ ਆ ਕੇ ਰੁਕ ਗਏ। ਧੁੱਪ ਸੇਕ ਰਹੇ ਸਾਰੇ ਲੋਕਾਂ ਨੇ ਉਸਨੂੰ ਘੇਰਾ ਪਾ ਲਿਆ। ਉਸਨੇ ਉਚੀ ਅਵਾਜ਼ ਵਿਚ ਦੱਸਣਾ ਸ਼ੁਰੂ ਕੀਤਾ। ਇਹ ਭੈਣ...ਚੋਰ ਹੈ। ਮੈਂ ਇਸ ਨੂੰ ਆਪਣੇ ਸੂਏ ਵਾਲੇ ਖੇਤ ਵਿਚੋਂ ਨਰਮਾ ਚੁਗਦੇ ਨੂੰ ਫੜ ਕੇ ਲਿਆਇਆ ਹਾਂ। ਇਹ ਕਹਿੰਦਿਆਂ ਹੀ ਉਸ ਨੇ ਉਸ ਮੁੰਡੇ ਦੇ ਨੰਗੇ ਸਿਰ ਉਤੇ ਦੋ ਤਿੰਨ ਜੜ ਦਿੱਤੀਆਂ। ਉਸ ਮੁੰਡੇ ਨੇ ਮੈਲਾ ਕੁਚੈਲਾ ਅਤੇ ਪਾਟਿਆ ਹੋਇਆ ਕਮੀਜ਼ ਪਾਇਆ ਹੋਇਆ ਸੀ। ਉਸਦੇ ਤੇੜ ਇਕ ਪਾਟੀ ਹੋਈ ਨਿੱਕਰ ਪਾਈ ਹੋਈ ਸੀ। ਵੇਖਣ ਤੋਂ ਉਹ ਇੰਝ ਲੱਗ ਰਿਹਾ ਸੀ ਜਿਵੇਂ ਨਹਾਇਆ ਤਾਂ ਕਦੀ ਹੋਣਾ ਹੀ ਨਹੀਂ। ਇਹ ਬਹੁਤ ਹੀ ਖਸਤਾ ਹਾਲਤ ਵਾਲੇ ਦੁਪੱਟੇ ਵਿਚ ਦੋ ਕੁ ਕਿਲੋ ਨਰਮਾ ਬੰਨ੍ਹਿਆ ਹੋਇਆ। ਨਰਮਾ ਪਾਟੇ ਹੋਏ ਦੁਪੱਟੇ ਵਿਚ ਦੀ ਝਾਤੀਆਂ ਮਾਰ ਰਿਹਾ ਸੀ। ਭਾਈ ਸਾਹਿਬ ਦੇ ਦੱਸਣ ਅਨੁਸਾਰ ਇਹ ਨਰਮਾ ਉਸਨੇ ਚੋਰੀ ਚੁਗਿਆ ਸੀ। ਖੇਤ ਤੋਂ ਹੀ ਭਾਈ ਸਾਹਿਬ ਉਸ ਨੂੰ ਕੁੱਟਦਾ ਆ ਰਿਹਾ ਸੀ ਜਿਸ ਕਾਰਨ ਉਸ ਦੀ ਸੱਜੀ ਨਾਸ ਵਿਚੋਂ ਲਹੂ ਨਿਕਲ ਆਇਆ ਸੀ। ਉਸ ਲੜਕੇ ਦੁਆਲੇ ਬਣੇ ਘੇਰੇ ਵਿਚ ਮੇਰਾ ਛੋਟਾ ਭਰਾ ਬਲਵੰਤ ਵੀ ਖੜ੍ਹਾ ਸੀ। ਓਹ ਉਸ ਸਮੇਂ ਰਾਜਿੰਦਰਾ ਮੈਡੀਕਲ ਕਾਲਜ ਪਟਿਆਲਾ ਤੋਂ ਐਮ. ਬੀ. ਬੀ. ਐਸ. ਕਰਕੇ ਇੰਟਰਨਸ਼ਿਪ ਕਰ ਰਿਹਾ ਸੀ। ਉਥੇ ਖੜ੍ਹੇ ਦੇ ਉਸਦੇ ਮਨ ਵਿਚ ਪਤਾ ਨਹੀਂ ਕੀ ਹੋਇਆ ਹੋਊ ਕਿ ਉਸ ਨੇ ਉਸ ਲੜਕੇ ਦੇ ਢਿੱਡ ਵਿਚ ਪੂਰੇ ਜ਼ੋਰ ਨਾਲ ਇਕ ਘਸੁੰਨ ਮਾਰਿਆ। ਉਹ ਦੂਹਰਾ ਹੋ ਕੇ ਧਰਤੀ ਉਤੇ ਡਿੱਗ ਪਿਆ। ਵੱਡੇ ਭਾਈ ਸਾਹਿਬ ਨੇ ਉਸ ਲੜਕੇ ਨੂੰ ਵਾਲ੍ਹਾਂ ਤੋਂ ਫੜ ਕੇ ਫੇਰ ਖੜ੍ਹਾ ਕਰ ਲਿਆ।

ਸਾਡੀ ਸਭ ਤੋਂ ਛੋਟੀ ਭੈਣ ਗੁੱਡੀ ਜੋ ਕਿ ਅਜੇ ਕੁਆਰੀ ਸੀ ਉਸਦੀ ਸਰੀਰਕ ਬਣਤਰ ਮਰਦਾਂ ਵਰਗੀ ਸੀ। ਸਾਡੇ ਘਰ ਦਾ ਕੋਈ ਵੀ ਅਹਿਮ ਫੈਸਲਾ ਉਸ ਨੂੰ ਪੁੱਛੇ ਬਿਨਾਂ ਨਹੀਂ ਹੁੰਦਾ। ਮੈਂ ਉਸ ਵਕਤ ਅਧਿਆਪਕ ਲੱਗਾ ਹੋਇਆ ਸੀ ਪਰ ਮੈਨੂੰ ਮਹੀਨੇ ਬਾਅਦ ਆਪਣੀ ਤਨਖਾਹ ਉਸਨੂੰ ਹੀ ਫੜਾਉਣੀ ਪੈਂਦੀ ਸੀ। ਉਸ ਨੇ ਪੂਰੇ ਜ਼ੋਰ ਦਾ ਥੱਪੜ ਉਸ ਲੜਕੇ ਦੀ ਖੱਬੀ ਗੱਲ੍ਹ 'ਤੇ ਮਾਰਿਆ ਕਿ ਉਹ ਧਰਤੀ ਉਤੇ ਡਿੱਗਣੋਂ ਮਸਾਂ ਹੀ ਬਚਿਆ। ਪਰ ਉਸਦੀ ਖੱਬੀ ਨਾਸ ਵਿਚੋਂ ਨਲੀ ਬਾਹਰ ਆ ਗਈ। ਉਥੇ ਖੜ੍ਹੇ ਕੁਝ ਹੋਰ ਰਿਸ਼ਤੇਦਾਰਾਂ ਨੇ ਵੀ ਉਸ ਨੂੰ ਕੁੱਟਿਆ। ਪਰ ਮੈਂ ਉਸ ਘੇਰੇ ਵਿਚ ਚੁੱਪ ਚਾਪ ਖੜ੍ਹਾ ਇਹ ਸਾਰਾ ਕੁਝ ਵੇਖਦਾ ਰਿਹਾ। ਐਨੀ ਕੁੱਟ ਪੈਣ ਦੇ ਬਾਵਜੂਦ ਵੀ ਉਸ ਦੇ ਮੂੰਹੋਂ ਕੋਈ ਚੀਕ ਜਾਂ ਹਾਏ ਤੱਕ ਨਾ ਨਿਕਲੀ। ਮੈਥੋਂ ਬਿਨਾਂ ਲਗਭਗ ਬਾਕੀ ਸਾਰਿਆਂ ਨੇ ਉਸ ਉਤੇ ਸਵਾਲਾਂ ਦੀ ਵਾਛੜ ਕੀਤੀ ਪਰ ਉਹ ਪੱਥਰ ਬਣਿਆ ਖੜ੍ਹਾ ਰਿਹਾ। ਮੈਨੂੰ ਤਾਂ ਇਹ ਵੀ ਮਹਿਸੂਸ ਹੋਇਆ ਕਿ ਸ਼ਾਇਦ ਉਹ ਗੂੰਗਾ ਈ ਹੋਵੇ।

ਅਖੀਰ ਮੇਰੇ ਵਿਆਹ ਉਤੇ ਆਏ ਇਕ ਰਿਸ਼ਤੇਦਾਰ ਜੋ ਕਿ ਪੁਲਿਸ 'ਚੋਂ ਰਿਟਾਇਰ ਹੋਏ ਸਨ, ਨਾਲ ਸਾਡੇ ਵੱਡੇ ਭਾਈ ਸਾਹਿਬ ਨੇ ਸਲਾਹ ਕਰਕੇ ਉਸ ਮੁੰਡੇ ਨੂੰ ਬੱਧਣੀ ਪੁਲਿਸ ਥਾਣੇ ਵਿਚ ਫੜਾ ਦਿੱਤਾ।

ਦੂਜੇ ਦਿਨ ਮੇਰੇ ਵਿਆਹ 'ਤੇ ਆਏ ਕਾਫ਼ੀ ਰਿਸ਼ਤੇਦਾਰ ਚਲੇ ਗਏ। ਦੁਪਹਿਰ ਦਾ ਵੇਲਾ ਸੀ। ਮੈਂ ਇਕੱਲਾ ਹੀ ਸਾਡੇ ਘਰ ਦੀ ਬੈਠਕ ਜੋ ਕਿ ਬਾਕੀ ਕਮਰਿਆਂ ਤੋਂ ਕਾਫ਼ੀ ਦੂਰ ਸੀ। ਬੈਠਾ ਸਾਂ। ਮੇਰੀ ਭੈਣ ਗੁੱਡੀ ਬੈਠਕ ਵਿਚ ਆ ਧਮਕੀ। ਉਸਦੇ ਮੱਥੇ ਉਤੇ ਤਿਊੜੀਆਂ ਸਨ। ਸਾਹਮਣੇ ਪਈ ਕੁਰਸੀ ਉਤੇ ਬੈਠਣ ਤੋਂ ਬਾਅਦ ਉਹ ਬੋਲੀ, 'ਵੀਰ ਜੀ, ਤੁਹਾਡੇ ਨਾਲ ਇਕ ਗੱਲ ਕਰਨੀ ਐ।' ਉਸਦੀ ਆਵਾਜ਼ ਵਿਚ ਪੂਰਾ ਗੁੱਸਾ ਸੀ। ਮੈਂ ਨੀਵੀਂ ਪਾਈ ਬੈਠੇ ਨੇ ਕਮਰੇ ਦੇ ਫਰਸ਼ ਵੱਲ ਵੇਖਦਿਆਂ ਕਿਹਾ, 'ਕਰੋ' ਕੱਲ੍ਹ ਜਦੋਂ ਵੱਡੇ ਵੀਰ ਜੀ ਉਸ ਚੋਰ ਨੂੰ ਫੜ ਕੇ ਘਰੇ ਲਿਆਏ ਸੀ ਤਾਂ ਸਾਰਿਆਂ ਨੇ ਹੀ ਉਸਨੂੰ ਕੁੱਟਿਆ ਸੀ ਪਰ ਤੁਸੀਂ ਕਿਉਂ ਚੁੱਪਚਾਪ ਖੜ੍ਹੇ ਵੇਖਦੇ ਰਹੇ।' ਉਸਦੇ ਬੋਲਾਂ ਵਿਚ ਪੂਰਾ ਰੋਅਬ ਸੀ। ਮੈਂ ਉਸੇ ਤਰ੍ਹਾਂ ਫਰਸ਼ ਵੱਲ ਵੇਖਦਿਆਂ ਬੜੀ ਨਰਮੀ ਨਾਲ ਕਿਹਾ, 'ਮੈਨੂੰ ਤਾਂ ਤਰਸ ਆ ਰਿਹਾ ਸੀ।' ਹੈਂ! ਤੁਹਾਨੂੰ ਉਸ ਹਰਾਮੀ ਚੋਰ ਉਤੇ ਤਰਸ ਆ ਰਿਹਾ ਸੀ। ਜਿਸ ਨੇ ਆਪਣਾ ਨਰਮਾ ਚੋਰੀ ਚੁਗਿਆ ਸੀ? ਗੁੱਡੀ ਨੇ ਸੁਆਲ ਕੀਤਾ। 'ਨਹੀਂ' ਮੇਰਾ ਜਵਾਬ ਸੀ। 'ਹੋਰ ਫੇਰ ਤੁਹਾਨੂੰ ਕੀਹਦੇ ਉਤੇ ਤਰਸ ਆ ਰਿਹਾ ਸੀ?' ਉਸ ਨੇ ਪੁੱਛਿਆ ਮੈਂ ਉਸਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੁੱਸੇ ਨਾਲ ਕਿਹਾ, 'ਮੈਨੂੰ ਤੁਹਾਡੇ ਸਾਰਿਆਂ ਉਤੇ ਤਰਸ ਆ ਰਿਹਾ ਸੀ, ਜਿਹੜੇ ਉਸ ਗਰੀਬ, ਬੇਵੱਸ, ਮਾਸੂਮ ਨੂੰ ਪਸ਼ੂਆਂ ਵਾਂਗ ਕੁੱਟ ਰਹੇ ਸੀ।' ਮੇਰਾ ਜਵਾਬ ਸੁਣ ਕੇ ਗੁੱਡੀ ਭੈਣ ਹੱਕੀ ਬੱਕੀ ਹੋ ਗਈ।

403-313-7472

# ਰੂਸੀ ਇਨਕਲਾਬ ਦੀ ਇਤਿਹਾਸਕਾਰੀ





ਮਨਮੋਹਨ

ਜੇ ਕਿਸੇ ਨੇ ਅਕਤੂਬਰ ਇਨਕਲਾਬ ਤੋਂ ਲੈ ਕੇ ਸੋਵੀਅਤ ਸੰਘ ਦੇ ਢਹਿਣ ਅਤੇ ਉਸ ਤੋਂ ਬਾਅਦ ਹੁਣ ਤਕ ਦੇ ਸਮਿਆਂ ਦਾ ਰੂਸੀ ਲੋਕਾਂ ਵੱਲੋਂ ਆਪਣੀ ਜ਼ੁਬਾਨੀ ਬਿਆਨ ਕੀਤਾ, ਜਿਉਂਦਾ-ਜਾਗਦਾ ਇਤਿਹਾਸ ਜਾਨਣਾ ਹੈ ਤਾਂ ਉਸਨੂੰ ਸਵੇਤਲਾਨਾ ਅਲੈਕਸੇਵਿਚ ਦੀਆਂ ਕਿਤਾਬਾਂ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ ਜਿਨ੍ਹਾਂ ਦਾ ਜ਼ਿਕਰ ਇਸ ਲੇਖ ਵਿੱਚ ਕੀਤਾ ਜਾ ਰਿਹਾ ਹੈ। ਸਵੇਤਲਾਨਾ ਅਲੈਕਸੇਵਿਚ ਘੋਖੀ ਪੱਤਰਕਾਰ ਅਤੇ ਅ-ਗਲਪੀ ਵਾਰਤਕ ਲੇਖਿਕਾ ਹੈ ਜੋ ਬੇਲਾਰੂਸ ਦੀ ਰਹਿਣ ਵਾਲੀ ਹੈ, ਪਰ ਕੁਝ ਸਮਾਂ ਫਰਾਂਸ 'ਚ ਜਲਾਵਤਨੀ ਕੱਟਣ ਮਗਰੋਂ ਅੱਜਕੱਲ੍ਹ ਪੱਕੇ ਤੌਰ 'ਤੇ ਮਿੰਸਕ 'ਚ ਟਿਕੀ ਹੋਈ ਹੈ। ਉਸ ਦਾ ਪਿਤਾ ਬੇਲਾਰੂਸੀ ਸੀ ਤੇ ਮਾਂ ਯੂਕਰੇਨੀ। ਬੇਲਾਰੂਸ ਯੂਨੀਵਰਸਿਟੀ ਤੋਂ ਉਸ ਨੇ ਪੱਤਰਕਾਰੀ ਦੀ ਪੜ੍ਹਾਈ ਕੀਤੀ ਤੇ ਮਗਰੋਂ ਕਈ ਅਖ਼ਬਾਰਾਂ ਵਿੱਚ ਕੰਮ ਕੀਤਾ। ਪਹਿਲਾਂ ਉਸ ਨੇ ਕਈ ਵਿਧਾਵਾਂ ਜਿਵੇਂ ਕਹਾਣੀ, ਲੇਖ ਅਤੇ ਰਿਪੋਤਾਜ ਆਦਿ ਲਿਖਣ ਦੀ ਕੋਸ਼ਿਸ ਕੀਤੀ, ਪਰ ਬੇਲਾਰੂਸ ਦੇ ਹੀ ਵੱਡੇ ਲੇਖਕ ਅਲੈਸ ਅਦਾਮੋਵਿਚ ਦੇ ਪ੍ਰਭਾਵ ਹੇਠ ਰੂਸੀ ਲੋਕਾਂ ਦੀਆਂ ਇੰਟਰਵਿਊਜ਼ ਕਰਕੇ ਉਨ੍ਹਾਂ ਦੀਆਂ ਆਪਬੀਤੀਆਂ ਲਿਖਣੀਆਂ ਸ਼ੁਰੂ ਕੀਤੀਆਂ। ਆਦਮੋਵਿਚ ਇਸ ਵਿਧਾ ਨੂੰ 'ਨਾਵਲ-ਔਰੈਟੋਰੀਓ', 'ਨਾਵਲ-ਐਵੀਡੈਂਸ' ਅਤੇ 'ਐਪਿਕ ਕੋਰਸ' ਦਾ ਨਾਮ ਦਿੰਦਾ ਹੈ। ਇੰਜ, ਉਸ ਨੇ ਆਪਣੇ ਪੱਤਰਕਾਰੀ ਕਰੀਅਰ 'ਚ ਰੂਸੀ ਲੋਕਾਂ ਦੀਆਂ ਇੰਟਰਵਿਊਜ਼ ਕਰਕੇ ਉਨ੍ਹਾਂ ਦੇ ਆਪ ਭੋਗੇ ਤੇ ਅੱਖੀਂ ਡਿੱਠੇ-ਸੁਣੇ ਅਨੁਭਵਾਂ ਨੂੰ ਸੁਣ ਕੇ ਪ੍ਰਥਮ-ਪੁਰਖੀ ਬਿਰਤਾਂਤਾਂ 'ਚ ਪੇਸ਼ ਕੀਤਾ।

ਸਵੇਤਲਾਨਾ ਨੇ ਇਸ ਤਰ੍ਹਾਂ ਸੋਵੀਅਤ ਇਤਿਹਾਸ ਦੀਆਂ ਕਈ ਨਾਟਕੀ ਤੇ ਯੁੱਗ ਪਲਟਾਊ ਘਟਨਾਵਾਂ ਜਿਵੇਂ ਅਕਤੂਬਰ ਇਨਕਲਾਬ, ਦੂਜੀ ਵਿਸ਼ਵ ਜੰਗ, ਅਫ਼ਗਾਨਿਸਤਾਨ ਦੀ ਜੰਗ, ਸੋਵੀਅਤ ਸੰਘ ਦੇ ਢਹਿਣ ਅਤੇ ਚਰਨੋਬਿਲ ਪਰਮਾਣੂ ਊਰਜਾਘਰ ਦੇ ਵਿਸਫੋਟ ਨਾਲ ਪੈਦਾ ਹੋਈ ਕਰੋਪੀ ਬਾਰੇ ਰੂਸੀ ਲੋਕਾਂ ਦੀਆਂ ਆਪਬੀਤੀਆਂ ਦੇ ਆਧਾਰ 'ਤੇ ਸੋਵੀਅਤ ਰੂਸ ਦੀ ਇਤਿਹਾਸਕਾਰੀ ਕੀਤੀ ਹੈ।

ਸਵੇਤਲਾਨਾ ਨੇ ਜਦੋਂ ਘੋਖੀ ਪੱਤਰਕਾਰ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਸ ਨੂੰ ਇੱਕ ਵਿਸ਼ੇਸ਼ ਵਿਧਾ ਦੀ ਤਲਾਸ਼ ਸੀ ਜੋ ਕਿਤਾਬੀ/ ਕਾਗਜ਼ੀ ਨਾ ਹੋਵੇ ਸਗੋਂ ਯਥਾਰਥ ਦੇ ਬਹੁਤ ਲਾਗੇ ਵੀ ਹੋਵੇ ਤੇ ਸੱਚੀ/ ਪ੍ਰਮਾਣਿਕ ਵੀ। ਉਹ ਲਿਖਦੀ ਹੈ: 'ਮੈਂ ਉਸ ਵਿਧਾ ਦੀ ਤਲਾਸ਼ ਕਰ ਰਹੀ ਸਾਂ ਜੋ ਹਰ ਸੰਭਵ ਰੂਪ 'ਚ ਮੇਰੇ ਦੇਖੇ-ਸੁਣੇ ਜਗਤ ਦੇ ਬਹੁਤ ਲਾਗੇ ਹੋਵੇ। ਇਸ ਵਾਸਤੇ ਮੈਂ ਅਸਲ ਮਾਨਵੀ ਆਵਾਜ਼ਾਂ ਤੇ ਲੋਕ-ਸਵਿਕ੍ਰਿਤੀਆਂ ਨੂੰ ਚੁਣਿਆ। ਅੱਜ ਬੰਦਾ ਤੇ ਜਗਤ ਦੋਵੇਂ ਹੀ ਬੜੇ ਬਹੁ-ਪਰਤੀ ਅਤੇ ਬਹੁ-ਰੂਪੀ ਹੋ ਗਏ ਨੇ। ਨਾਲ ਹੀ ਜਦੋਂ ਅਸੀਂ ਇਹ ਦੇਖਦੇ ਹਾਂ ਕਿ ਕਿਵੇਂ ਬੰਦਾ ਦਰਅਸਲ ਏਨਾ ਰਹੱਸਮਈ ਤੇ ਭੇਦ ਭਰਿਆ ਹੋ ਗਿਆ ਹੈ ਕਿ ਉਸਦੀ ਥਾਹ ਹੀ ਨਹੀਂ ਪਾਈ ਜਾ ਸਕਦੀ ਤਾਂ ਇਸ ਸਥਿਤੀ 'ਚ ਇੱਕ ਜ਼ਿੰਦਗੀ ਦੀ ਅਸਲ ਕਥਾ ਜਾਂ ਉਸ ਨਾਲ ਜੁੜੇ ਦਸਤਾਵੇਜ਼ੀ ਸਬੂਤ ਸਾਨੂੰ ਯਥਾਰਥ ਦੇ ਕਾਫ਼ੀ ਲਾਗੇ ਲੈ ਆਉਂਦੇ ਹਨ।' ਉਹ ਇਹ ਵੀ ਲਿਖਦੀ ਹੈ: "ਮੈਂ ਘਟਨਾਵਾਂ ਤੇ ਤੱਥਾਂ ਦਾ ਸੁੱਕਾ ਤੇ ਕੋਰਾ ਲੇਖਾ-ਜੋਖਾ ਨਹੀਂ ਰਿਕਾਰਡ ਕਰਨਾ ਚਾਹੁੰਦੀ ਸੀ ਸਗੋਂ ਮੈਂ ਮਾਨਵੀ ਸੰਵੇਦਨਾਵਾਂ ਦਾ ਇਤਿਹਾਸ ਲਿਖ ਰਹੀ ਸਾਂ। ਮੈਂ ਉਹ ਵਿਧਾ ਚੁਣੀ, ਜਿਸ 'ਚ ਮਾਨਵੀ ਆਵਾਜ਼ਾਂ ਆਪਣੇ ਲਈ ਬੋਲਦੀਆਂ ਹਨ। ਮੇਰੀਆਂ ਕਿਤਾਬਾਂ 'ਚ ਅਸਲ ਲੋਕ ਸਵੈ ਸੰਗ ਵਾਪਰੀਆਂ ਘਟਨਾਵਾਂ ਬਾਰੇ ਦੱਸਦੇ ਹਨ। ਇਹ ਸਾਰੇ ਮਿਲ ਕੇ ਦੇਸ਼ ਦੇ ਇਤਿਹਾਸ ਨੂੰ ਆਪੋ ਆਪਣੇ ਜੀਵਨ ਅਨੁਭਵਾਂ ਦੀ ਜ਼ੁਬਾਨੀ ਕਹਿੰਦੇ ਹਨ। ਮੇਰੇ ਇਤਿਹਾਸਕ ਬਿਰਤਾਂਤ ਕਈ ਪੀੜ੍ਹੀਆਂ ਨੂੰ ਆਪਣੇ ਕਲਾਵੇ ਵਿੱਚ ਲੈਂਦੇ ਹਨ। ਇਹ ਉਨ੍ਹਾਂ ਲੋਕਾਂ ਦੀਆਂ ਸਿਮਰਤੀਆਂ ਨੂੰ ਭਾਸ਼ਾ ਦਿੰਦੇ ਹਨ ਜਿਨ੍ਹਾਂ 1917 ਦਾ ਇਨਕਲਾਬ, ਜਰਮਨ ਨਾਜ਼ੀਆਂ ਨਾਲ ਦੂਜਾ ਵਿਸ਼ਵ ਯੁੱਧ, ਸਤਾਲਿਨ ਦੇ ਗੁਲਾਗ, ਕੁਲਕਾਂ ਦਾ ਸਫ਼ਾਇਆ ਤੇ ਜ਼ਮੀਨਾਂ ਦਾ ਸਮੂਹੀਕਰਨ ਅੱਖੀਂ ਡਿੱਠਾ। ਇਨ੍ਹਾਂ ਨੇ ਗੋਰਬਾਚੋਵ ਤੇ ਯੈਲਤਸਿਨ ਦੀਆਂ ਨੀਤੀਆਂ ਕਾਰਨ ਪੈਦਾ ਹੋਈ ਅਰਾਜਕਤਾ ਨੂੰ ਆਪਣੀਆਂ ਰੂਹਾਂ-ਦੇਹਾਂ 'ਤੇ ਭੋਗਿਆ ਅਤੇ ਹੁਣ ਵਾਲੇ ਸਮਿਆਂ 'ਚ ਰੂਸ ਨੂੰ ਫਿਰ ਨਵੇਂ ਪ੍ਰਸੰਗ 'ਚ ਦੇਖ ਰਹੇ ਹਨ। ਇੰਜ ਇਹ ਸੋਵੀਅਤ-ਰੂਸੀ ਆਤਮਾ ਦੀ ਕਥਾ ਹੈ।"

ਸਵੇਤਲਾਨਾ ਨੇ ਹੁਣ ਤਕ ਕਈ ਕਿਤਾਬਾਂ ਲਿਖੀਆਂ ਜਿਨ੍ਹਾਂ ਨੂੰ ਅ-ਗਲਪੀ ਵਾਰਤਕ ਪੱਤਰਕਾਰੀ ਦੀ ਵਿਧਾ 'ਚ ਰੱਖਿਆ ਜਾ ਸਕਦਾ ਹੈ। ਇਸੇ ਲਈ 2015 'ਚ ਉਸ ਨੂੰ ਅ-ਗਲਪੀ ਵਾਰਤਕ ਪੱਤਰਕਾਰੀ ਦੇ ਖੇਤਰ ਵਿੱਚ ਉਸ ਦੀਆਂ ਸਮੁੱਚੀਆਂ ਲਿਖਤਾਂ ਕਾਰਨ ਨੋਬੇਲ ਇਨਾਮ ਨਾਲ ਸਨਮਾਨਿਆ ਗਿਆ। ਸਵੇਤਲਾਨਾ ਦੀ ਪਹਿਲੀ ਕਿਤਾਬ 'ਦਿ ਅਨਵਰਦੀ ਫੇਸ ਆਫ ਦਿ ਵਾਰ' 1985 ਵਿੱਚ ਛਪੀ। ਇਹ ਕਿਤਾਬ ਦੂਜੇ ਵਿਸ਼ਵ ਯੁੱਧ 'ਚ ਉਨ੍ਹਾਂ ਰੂਸੀ ਔਰਤਾਂ ਦੇ ਜੰਗੀ ਯੋਗਦਾਨ ਬਾਰੇ ਹੈ ਜਿਨ੍ਹਾਂ ਦੀ ਉਮਰ ਉਸ ਵੇਲੇ ਪੰਦਰਾਂ ਤੋਂ ਤੀਹਾਂ ਦੇ ਵਿੱਚ ਹੋਵੇਗੀ। ਉਨ੍ਹਾਂ ਨੇ ਕਈ ਫ਼ੌਜੀ ਮਹਿਕਮਿਆਂ ਜਿਵੇਂ ਪਾਇਲਟ, ਟੈਂਕ ਚਾਲਕ, ਮਸ਼ੀਨਗੰਨ ਚਾਲਕ, ਨਿਸ਼ਾਨੇਬਾਜ਼ੀ ਤੇ ਕਈ ਹੋਰ ਸੈਨਿਕ ਖੇਤਰਾਂ 'ਚ ਨਿਪੁੰਨਤਾ ਹਾਸਲ ਕੀਤੀ। ਇਸ ਤੋਂ ਪਹਿਲਾਂ ਦੀਆਂ ਜੰਗਾਂ 'ਚ ਉਹ ਸਿਰਫ਼ ਨਰਸਾਂ ਜਾਂ ਡਾਕਟਰਾਂ ਵਜੋਂ ਹੀ ਯੋਗਦਾਨ ਦਿੰਦੀਆਂ ਰਹੀਆਂ। ਸਿਤਮ ਦੀ ਗੱਲ ਇਹ ਹੈ ਕਿ ਵਿਸ਼ਵ ਯੁੱਧ ਜਿੱਤਣ ਤੋਂ ਬਾਅਦ ਮਰਦਾਂ ਨੇ ਉਨ੍ਹਾਂ ਦੇ ਯੋਗਦਾਨ ਨੂੰ ਸਿਰਿਓਂ ਹੀ ਦਰਕਿਨਾਰ ਕਰ ਦਿੱਤਾ। ਇਨ੍ਹਾਂ ਔਰਤ ਫ਼ੌਜਣਾਂ ਨੇ ਜੰਗ ਦੇ ਉਨ੍ਹਾਂ ਪਹਿਲੂਆਂ ਦਾ ਉਲੇਖ ਕੀਤਾ ਜਿਨ੍ਹਾਂ ਬਾਰੇ ਮਰਦ ਫ਼ੌਜੀਆਂ ਨੇ ਕਦੇ ਜ਼ਿਕਰ ਤਕ ਨਹੀਂ ਕੀਤਾ। ਮਿਸਾਲ ਵਜੋਂ, ਇੱਕ ਰੂਸੀ ਫ਼ੌਜਣ ਜੰਗ ਦੇ ਮੈਦਾਨ ਦਾ ਦ੍ਰਿਸ਼ ਇੰਜ ਚਿਤਰਦੀ ਹੈ: "ਕਿੰਨਾ ਡਰਾਉਣਾ ਸੀ ਉਸ ਖੇਤ 'ਚੋਂ ਲੰਘਣਾ, ਜਿਸ 'ਚ ਲੂੰਏਂ ਨੌਜਵਾਨ ਫ਼ੌਜੀਆਂ ਦੀਆਂ ਲਾਸ਼ਾਂ ਆਲੂਆਂ ਦੀ ਤਰ੍ਹਾਂ ਬਿਖਰੀਆਂ ਪਈਆਂ ਸਨ, ਇਨ੍ਹਾਂ ਮਰਿਆਂ ਹੋਇਆਂ 'ਚ ਦੋਵੇਂ ਕੌਮੀਅਤਾਂ ਸਨ, ਰੂਸੀ ਵੀ ਤੇ ਜਰਮਨ ਵੀ। ਬੜਾ ਅਫ਼ਸੋਸਨਾਕ ਦ੍ਰਿਸ਼ ਸੀ ਇਹ।" ਵਿਡੰਬਨਾ ਇਹ ਸੀ ਕਿ ਜੰਗ ਤੋਂ ਬਾਅਦ ਇਨ੍ਹਾਂ ਫ਼ੌਜਣਾਂ ਨੂੰ ਆਪਣੀ ਸੈਨਿਕ ਪਹਿਚਾਣ ਤੇ ਜੰਗ ਤੋਂ ਮਿਲੇ ਜ਼ਖ਼ਮ ਵੀ ਛੁਪਾਉਣੇ ਪਏ ਕਿਉਂਕਿ ਉਹ ਵਿਆਹ ਕਰਵਾਉਣਾ ਤੇ ਘਰ ਗ੍ਰਹਿਸਤੀ ਵਸਾਉਣਾ ਚਾਹੁੰਦੀਆਂ ਸਨ।

ਸਵੇਤਲਾਨਾ ਦੀ ਦੂਜੀ ਕਿਤਾਬ ਹੈ 'ਦਿ ਲਾਸਟ ਵਿਟਨੈੱਸ: ਦਿ ਬੁੱਕ ਆਫ 100 ਅਨਚਾਈਲਡ ਲਾਈਕ ਸਟੋਰੀਜ਼'। ਇਸ 'ਚ ਉਨ੍ਹਾਂ ਬੱਚਿਆਂ ਦੀਆਂ ਦੂਜੇ ਵਿਸ਼ਵ ਯੁੱਧ ਬਾਰੇ ਸਿਮਰਤੀਆਂ ਹਨ ਜਿਨ੍ਹਾਂ ਦੀ ਉਮਰ ਉਦੋਂ ਦਸ ਤੋਂ ਬਾਰਾਂ ਸਾਲ ਸੀ। ਇਹ ਕਿਤਾਬ ਜੰਗੀ ਵਾਰਤਕ ਦੀ ਵਿਧਾ ਵਿੱਚ ਵੱਡਾ ਥਾਂ ਹੈ। ਇਸ 'ਚ ਸਵੇਤਲਾਨਾ ਨੇ ਭੋਲੇ-ਭਾਲੇ ਬੱਚਿਆਂ ਦੀਆਂ ਅੱਖਾਂ ਰਾਹੀਂ ਜੰਗ ਦੇ ਦ੍ਰਿਸ਼ਾਂ ਦੀ ਬੜੀ ਮਾਰਮਿਕ ਵਿਆਖਿਆ ਕੀਤੀ ਹੈ।

ਸਵੇਤਲਾਨਾ ਦੀ ਤੀਜੀ ਕਿਤਾਬ 'ਬੁਆਇਜ਼ ਇਨ ਜ਼ਿੰਕ' 1992 'ਚ ਆਈ। ਇਸ ਵਿੱਚ ਦਸ ਵਰ੍ਹਿਆਂ ਦੀ ਸੋਵੀਅਤ-ਅਫ਼ਗਾਨ ਜੰਗ ਬਾਰੇ ਉਨ੍ਹਾਂ ਸੈਂਕੜੇ ਅਫ਼ਸਰਾਂ ਤੇ ਸੈਨਿਕਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਤੇ ਮਾਵਾਂ ਦੀਆਂ ਹੱਡੀ ਹੰਢਾਈਆਂ ਗਾਥਾਵਾਂ ਸ਼ਾਮਲ ਹਨ, ਜਿਨ੍ਹਾਂ ਨੇ ਇਹ ਜੰਗ ਆਪਣੀਆਂ ਜਾਨਾਂ ਵਾਰ ਕੇ ਲੜੀ। ਇਸ ਜੰਗ ਬਾਰੇ ਵੱਡੀ ਵਿਡੰਬਨਾ ਇਹ ਹੈ ਕਿ ਅੱਜ ਤਕ ਕਿਸੇ ਨੂੰ ਨਹੀਂ ਪਤਾ ਕਿ ਇਹ ਜੰਗ ਕਿਉਂ ਲੜੀ ਗਈ। ਇਸ ਜੰਗ 'ਚ ਪੂਰਬ ਤੇ ਪੱਛਮ ਦੇ ਦੋ ਜਗਤਾਂ ਦਰਮਿਆਨ ਬੜੀ ਜ਼ਾਲਮ ਤੇ ਕੋਝੀ ਭਿੜੰਤ ਹੋਈ। ਇਸ ਬਾਰੇ ਅਜੇ ਵੀ ਸਾਰਾ ਵਿਸ਼ਵ ਸੋਚਦਾ ਹੈ ਕਿ ਇਹ ਕਿਸ ਤਰ੍ਹਾਂ ਦੀ ਜੰਗ ਸੀ ਜਿਸ 'ਚ ਲੜ ਕੋਈ ਹੋਰ ਰਿਹਾ ਸੀ ਤੇ ਲੜਾ ਕੋਈ ਹੋਰ। ਇਸੇ ਜੰਗ ਦਾ ਨਤੀਜਾ 9/11 ਦੀ ਤਰਾਸਦੀ ਵਜੋਂ ਨਿਕਲਿਆ ਜਿਸ ਨੇ ਅਜੋਕੇ ਵਿਸ਼ਵ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਇਸ ਬਿਰਤਾਂਤ 'ਚ ਇੱਕ ਪਾਤਰ ਕਹਿੰਦਾ ਹੈ: 'ਜਿਨ੍ਹਾਂ ਇਹ ਜੰਗ ਲੜੀ, ਉਹ ਇਸ ਨੂੰ ਕਦੇ ਵੀ ਦੁਬਾਰਾ ਨਹੀਂ ਲੜਨਗੇ। ਤੁਹਾਨੂੰ ਬੰਦਿਆਂ ਵਿਰੁੱਧ ਨਹੀਂ, ਵਿਚਾਰਾਂ ਵਿਰੁੱਧ ਲੜਨਾ ਚਾਹੀਦਾ ਹੈ। ਉਸ ਵਿਚਾਰ ਨੂੰ ਮਾਰੋ ਜਿਸਨੇ ਦੁਨੀਆਂ ਨਰਕ ਤੇ ਡਰਾਉਣੀ ਬਣਾ ਛੱਡੀ ਹੈ'।

ਸਵੇਤਲਾਨਾ ਦੀ ਚੌਥੀ ਕਿਤਾਬ ਹੈ 'ਐਨਚਾਂਟਿਡ ਵਿਦ ਡੈੱਥ'। ਇਸ ਵਿੱਚ ਉਸਨੇ ਸਮਾਜਵਾਦ ਦੇ ਢਹਿਣ ਤੋਂ ਬਾਅਦ ਉਨ੍ਹਾਂ ਸੋਵੀਅਤ ਲੋਕਾਂ ਦਾ ਜੀਵਨ ਬਿਰਤਾਂਤ ਲਿਖਿਆ ਹੈ ਜਿਨ੍ਹਾਂ ਨੇ ਰੂਸ 'ਚ ਚਾਰੇ ਪਾਸੇ ਫੈਲੀ ਆਰਥਿਕ ਮੰਦਹਾਲੀ ਤੇ ਸਮਾਜਿਕ ਗਿਰਾਵਟ ਤੋਂ ਪੈਦਾ ਹੋਏ ਵਿਸ਼ਾਦ ਤੇ ਨਿਰਾਸ਼ਾ ਕਾਰਨ ਖ਼ੁਦਕੁਸ਼ੀਆਂ ਕਰਨ ਦੇ ਅਸਫਲ ਯਤਨ ਕੀਤੇ। ਇਹ ਉਹ ਲੋਕ ਸਨ ਜੋ ਸਮਾਜਵਾਦੀ ਆਦਰਸ਼ਾਂ ਤੋਂ ਆਪਣੇ ਆਪ ਨੂੰ ਕਦੇ ਵੀ ਤੋੜ ਨਹੀਂ ਸਨ ਸਕੇ ਅਤੇ ਨਾ ਹੀ ਨਵੀਂ ਵਿਵਸਥਾ/ ਨਿਜ਼ਾਮ, ਨਵੇਂ ਦੇਸ਼ ਦੇ ਵਰਤਮਾਨ ਤੇ ਨਵੇਂ ਇਤਿਹਾਸ ਨੂੰ ਸਵੀਕਾਰ ਕਰ ਸਕੇ। ਸਵੇਤਲਾਨਾ ਦੀ ਪੰਜਵੀਂ ਕਿਤਾਬ ਹੈ 'ਦਿ ਚਰਨੋਬਿਲ ਪਰੇਅਰਜ਼: ਕਰੋਨੀਕਲਜ਼ ਆਫ ਦਿ ਫਿਊਚਰ'। ਇਸ ਵਿੱਚ ਦੋ ਕਰੋਪੀਆਂ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ; ਇੱਕ ਤਾਂ ਚਰਨੋਬਿਲ ਪਰਮਾਣੂ ਊਰਜਾ ਘਰ ਦੇ ਤਬਾਹ ਹੋ ਜਾਣ ਦੀ ਕਰੋਪੀ ਜਿਸ ਤੋਂ ਇੱਕ ਵੱਡਾ ਸਮਾਜਵਾਦੀ ਦੇਸ਼ ਪ੍ਰਭਾਵਿਤ ਹੋਇਆ ਤੇ ਦੂਜਾ, ਸੋਵੀਅਤ ਸੰਘ ਦਾ ਢਹਿਣਾ ਜਿਸ ਦਾ ਪੂਰੇ ਵਿਸ਼ਵ ਦੇ 'ਸੱਤਾ ਸੰਤੁਲਨ' ਉੱਤੇ ਵੱਡਾ ਅਸਰ ਪਿਆ। ਸੋਵੀਅਤ ਸੰਘ ਦਾ ਢਹਿਣਾ ਤੇ ਚਰਨੋਬਿਲ ਪਰਮਾਣੂ ਕਰੋਪੀ ਦੋਵੇਂ ਅੱਗੜ-ਪਿੱਛੜ ਵਾਪਰੇ ਅਤੇ ਦੋਹਾਂ ਨੇ ਹੀ ਪੂਰੇ ਵਿਸ਼ਵ ਦੀ ਸੰਵੇਦਨਾ ਨੂੰ ਪ੍ਰਭਾਵਿਤ ਕੀਤਾ। ਇਸ ਕਿਤਾਬ ਦੀ ਪਿੱਠਲਿਖਤ ਦਾ ਪਾਠ ਬੜਾ ਮਹੱਤਵਪੂਰਨ ਹੈ: 'ਜੇ ਤੁਸੀਂ ਸਾਡੇ ਸੋਵੀਅਤ ਤੇ ਉਤਰ-ਸੋਵੀਅਤ ਦਾ ਸਾਰਾ ਇਤਿਹਾਸ ਦੇਖੋ ਤਾਂ ਇਹ ਲਹੂ-ਲੁਹਾਨ ਹੋਇਆ ਸਾਂਝਾ ਕਬਰਿਸਤਾਨ ਹੈ। ਜ਼ੁਲਮੀਆਂ ਤੇ ਜ਼ੁਲਮ ਦੇ ਸ਼ਿਕਾਰਾਂ ਦਾ ਸਦੀਵੀ ਸੰਵਾਦ।'

ਸਵੇਤਲਾਨਾ ਦੀ ਅਗਲੀ ਕਿਤਾਬ ਸੀ 'ਦਿ ਵੰਡਰਫੁਲ ਡੀਰ ਆਫ ਦਿ ਇਟਰਨਲ ਹੰਟ'। ਇਸ ਕਿਤਾਬ ਵਿੱਚ ਉਸ ਨੇ ਉਨ੍ਹਾਂ ਸੌ ਰੂਸੀ ਮਰਦਾਂ ਤੇ ਔਰਤਾਂ ਦਾ ਜੀਵਨ ਬਿਰਤਾਂਤ ਪੇਸ਼ ਕੀਤਾ ਹੈ ਜੋ ਆਪਣੀਆਂ ਕਾਮਨਾਵਾਂ ਦੀ ਤਲਾਸ਼ ਤੇ ਖ਼ੁਸ਼ੀਆਂ ਨੂੰ ਸਾਕਾਰ ਕਰਨ 'ਚ ਅਸਫਲ ਹੋ ਚੁੱਕੇ ਸਨ। ਸਵੇਤਲਾਨਾ ਇਸ ਕਿਤਾਬ ਬਾਰੇ ਲਿਖਦੀ ਹੈ ਕਿ ਹਰ ਸ਼ੈਅ ਸਿਮਰਤੀਆਂ 'ਚ ਵਟ ਚੁੱਕੀ ਹੈ। ਹਰ ਜ਼ਿੰਦਗੀ ਦੀ ਕਥਾ ਆਪਣੇ ਢੰਗ ਨਾਲ ਰੌਚਕ ਹੈ। ਪ੍ਰੇਮ ਉਨ੍ਹਾਂ ਨੂੰ ਆਪਣੇ ਅੰਦਰ ਦੀਆਂ ਗਹਿਰਾਈਆਂ 'ਚ ਲੈ ਜਾ ਚੁੱਕਾ ਹੈ। ਬੰਦਾ ਨਾ ਸੰਤ ਹੈ ਤੇ ਨਾ ਸ਼ੈਤਾਨ ਸਗੋਂ ਇਸ ਵਿਚਕਾਰਲੀ ਕੋਈ ਸ਼ੈਅ ਹੈ। ਸਾਡਾ ਸਾਰਾ ਗਿਆਨ ਅਸੱਤਾਹੀਣ ਹੈ। ਪ੍ਰੇਮ 'ਚ ਵੀ ਲੋਕ ਉਹੀ ਕੁਝ ਭਾਲਦੇ ਹਨ ਜੋ ਜੰਗ ਜਾਂ ਅਪਰਾਧ 'ਚੋਂ ਲੱਭਿਆ ਜਾਂਦਾ ਹੈ।

2016 ਵਿੱਚ ਆਈ ਆਪਣੀ ਨਵੀਂ ਕਿਤਾਬ 'ਸੈਕਿੰਡ ਹੈਂਡ ਟਾਈਮ' ਵਿੱਚ ਸਵੇਤਲਾਨਾ ਨੇ ਸੋਵੀਅਤ ਰੂਸ 'ਚ ਕਮਿਊਨਿਜ਼ਮ ਦੇ ਮਰ ਜਾਣ ਦਾ ਇਤਿਹਾਸਕ ਬਿਰਤਾਂਤ ਲਿਖਿਆ ਹੈ। ਸਤਾਲਿਨ, ਖਰੁਸ਼ਚੇਵ ਤੇ ਬਰੈਜ਼ਨੇਵ ਬਾਰੇ ਰੂਸੀ ਕਿਵੇਂ ਸੋਚਦੇ ਹਨ ਆਦਿ ਕਈ ਵਿਚਾਰ ਇਸ ਕਿਤਾਬ ਵਿੱਚ ਦਰਜ ਹਨ। ਸੋਵੀਅਤ ਸੰਘ ਦੇ ਢਹਿਣ ਤੋਂ ਬਾਅਦ ਰੂਸੀ ਔਰਤਾਂ, ਮਰਦਾਂ, ਨੌਜਵਾਨ ਮੁੰਡੇ ਕੁੜੀਆਂ, ਸੋਵੀਅਤ ਜਰਨੈਲਾਂ, ਵੱਡੇ ਅਫ਼ਸਰਾਂ, ਆਮ ਕਰਮਚਾਰੀਆਂ ਅਤੇ ਫੈਕਟਰੀ ਕਾਮਿਆਂ ਤੇ ਮਜ਼ਦੂਰਾਂ ਦੇ ਪਿਛਲੇ ਤੀਹ ਸਾਲਾਂ ਦੇ ਰੋਜ਼ਮਰਾ ਦੇ ਜੀਵਨ 'ਚ ਕੀ ਵਾਪਰਿਆ ਤੇ ਕੀ ਤਬਦੀਲੀਆਂ ਆਈਆਂ, ਇਸ ਸਭ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ। ਨਵੇਂ ਰੂਸ ਵਿੱਚ ਕਿਸ ਤਰ੍ਹਾਂ ਦਾ ਜੀਵਨ ਹੈ, ਗੋਰਬਾਚੋਵ ਤੇ ਯੈਲਤਸਿਨ ਨੂੰ ਰੂਸੀ ਕਿਵੇਂ ਦੇਖਦੇ ਹਨ, ਪ੍ਰੈਸਤਰੋਇਕਾ ਤੇ ਗਲਾਸਨੋਸਤ ਬਾਰੇ ਉਹ ਕਿਵੇਂ ਸੋਚਦੇ ਹਨ ਆਦਿ ਕਈ ਵਿਸ਼ਿਆਂ ਨੂੰ ਸਵੇਤਲਾਨਾ ਨੇ 1991 ਤੋਂ ਲੈ ਕੇ 2012 ਤਕ ਭਿੰਨ ਭਿੰਨ ਲੋਕਾਂ ਦੀਆਂ ਇੰਟਰਵਿਊਜ਼ ਰਾਹੀਂ ਇਸ ਇਤਿਹਾਸਕ ਬਿਰਤਾਂਤ 'ਚ ਪੇਸ਼ ਕੀਤਾ ਹੈ। ਇਸ ਕਿਤਾਬ 'ਚ ਸੋਵੀਅਤ ਕਮਿਊਨਿਜ਼ਮ ਦੇ ਸੁਪਨੇ ਵਿੱਚ ਵਿਸ਼ਵਾਸ ਕਰਨ ਵਾਲਿਆਂ 'ਚ ਇਨਕਲਾਬ ਪ੍ਰਤੀ ਡੂੰਘੇ ਹੇਰਵੇ ਅਤੇ ਨਾ ਭਰੇ ਜਾ ਸਕਣ ਵਾਲੇ ਨੁਕਸਾਨ ਦੀ ਭਾਵਨਾ ਨੂੰ ਸਵੇਤਲਾਨਾ ਨੇ ਬੜੀ ਸੰਵੇਦਨਾ ਨਾਲ ਪੇਸ਼ ਕੀਤਾ ਹੈ। ਇਨ੍ਹਾਂ ਵਿਅਕਤੀਆਂ ਵਿੱਚੋਂ ਸਭ ਤੋਂ ਵੱਧ ਸੰਵੇਦਨਸ਼ੀਲ ਕਥਾ ਹੈ ਮਾਰਸ਼ਲ ਸੇਰਗੇਈ ਅਖਰੋਮੀਏਵ ਦੀ ਜੋ 1991 'ਚ ਗੋਰਬਾਚੋਵ ਵਿਰੁੱਧ ਤਖ਼ਤ ਪਲਟੇ ਦੀ ਸਾਜ਼ਿਸ਼ 'ਚ ਸ਼ਾਮਲ ਸੀ ਪਰ ਇਸ ਯਤਨ ਦੇ ਅਸਫ਼ਲ ਹੋ ਜਾਣ ਮਗਰੋਂ ਉਸ ਨੇ ਕਰੈਮਲਿਨ 'ਚ ਆਪਣੇ ਦਫ਼ਤਰ 'ਚ ਹੀ ਫਾਹਾ ਲਾ ਕੇ ਖ਼ੁਦਕੁਸ਼ੀ ਕਰ ਲਈ। ਸਮਾਜਵਾਦ ਤੋਂ ਬਾਅਦ ਆਏ ਪੂੰਜੀਵਾਦੀ ਬਾਜ਼ਾਰ ਵਾਲੇ ਸਮਾਜ 'ਚ ਗਿਰਾਵਟ ਇੱਥੋਂ ਤਕ ਆ ਗਈ ਕਿ ਕਬਰ ਪੁੱਟਾਂ ਨੇ ਮਾਰਸ਼ਲ ਅਖਰੋਮੀਏਵ ਦੀ ਕਬਰ ਖੋਦ ਕੇ ਉਸ ਦੇ ਸਾਰੇ ਸੋਨੇ ਦੇ ਤਮਗੇ ਵੀ ਚੁਰਾ ਲਏ। ਇੱਕ ਹੋਰ ਕਥਾ ਮਾਸਕੋ ਦੀ ਟੈਂਕ ਨਿਰਮਾਣ ਕਰਨ ਵਾਲੀ ਫੈਕਟਰੀ ਦੀ ਹੈ ਜੋ ਹੁਣ ਸਾਬਣ ਬਣਾਉਣ ਲੱਗ ਪਈ ਹੈ। ਉਸ ਵਿੱਚ ਕੰਮ ਕਰਨ ਵਾਲੀ ਇੱਕ ਔਰਤ ਦੱਸਦੀ ਹੈ ਕਿ ਉਨ੍ਹਾਂ ਨੂੰ ਕੰਮ ਕਰਨ ਬਦਲੇ ਤਨਖ਼ਾਹ ਨਹੀਂ ਸੀ ਮਿਲਦੀ ਸਗੋਂ ਸਾਬਣ ਦੀਆਂ ਪੇਟੀਆਂ ਦਿੱਤੀਆਂ ਜਾਂਦੀਆਂ ਸਨ ਕਿ ਇਸ ਉਤਪਾਦਨ ਨੂੰ ਵੇਚਣ ਲਈ ਬਾਜ਼ਾਰ ਦੀ ਤਲਾਸ਼ ਵੀ ਆਪ ਹੀ ਕਰੋ। ਇਸੇ ਤਰ੍ਹਾਂ ਇੱਕ ਮਜ਼ਦੂਰ ਦਾ ਵਿਚਾਰ ਹੈ ਕਿ ਸੋਵੀਅਤ ਸੰਘ ਦੇ ਢਹਿਣ ਤੋਂ ਬਾਅਦ ਆਮ ਰੂਸੀ ਇਹ ਮਹਿਸੂਸ ਕਰਦਾ ਹੈ ਕਿ ਲਾਲ ਚੌਂਕ 'ਚ ਲੈਨਿਨ ਦੀ ਪਈ ਦੇਹ ਹੀ ਰੂਸ ਲਈ ਸਰਾਪ ਹੈ ਅਤੇ ਜਿੰਨੀ ਦੇਰ ਤਕ ਇਸਦਾ ਦਫ਼ਨ ਨਹੀਂ ਹੁੰਦਾ, ਰੂਸ ਦੇ ਸੰਕਟ ਖ਼ਤਮ ਹੋਣ ਵਾਲੇ ਨਹੀਂ।




ਲਾਈਫ਼ ਸਕਿਊਅਰ ਇੰਸ਼ੋਰੈਂਸ ਦੇ ਸੀ.ਈ.ਓ. ਰਵਿੰਦਰਜੀਤ ਸਿੰਘ ਬਸਰਾ ਵਲੋਂ ਬੀਤੇ ਦਿਨੀਂ ਆਰ. ਈ. ਐਸ. ਪੀ. ਦਾ ਇਕ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਮੁਸੀਬਤਾਂ ਮੌਕੇ ਕੰਮ ਆਉਣ ਵਾਲੀਆਂ ਇੰਸ਼ੋਰੈਂਸ਼ ਅਤੇ ਬੱਚਿਆਂ ਦੀ ਆਰ. ਈ. ਐਸ. ਪੀ. 'ਤੇ ਚਾਨਣਾ ਪਾਇਆ ਗਿਆ। ਰਵਿੰਦਰਜੀਤ ਸਿੰਘ ਬਸਤਾ ਸਮੂਹ ਸਟਾਪ ਦਿਖਾਈ ਦੇ ਰਹੇ ਹਨ।

# ਲੋਕ ਭਲਾਈ ਦੇ ਨਾਂ ਹੇਠ ਬੱਚੀਆਂ ਦੀ ਤਸਕਰੀ 'ਚ ਜੁੱਟਿਆ ਸੰਘ ਪਰਿਵਾਰ



-ਬੂਟਾ ਸਿੰਘ ਨਵਾਂਸ਼ਹਿਰ
94634-74342

ਹਾਲ ਹੀ ਵਿਚ 29 ਜੁਲਾਈ 2016 ਨੂੰ ਹਫ਼ਤਾਵਾਰ ਅੰਗਰੇਜ਼ੀ ਰਸਾਲੇ ਆਊਟਲੁੱਕ ਨੇ ਓਪਰੇਸ਼ਨ 'ਬੇਟੀ ਉਠਾਓ' ਰਾਹੀਂ ਕਬਾਇਲੀ ਬੱਚੀਆਂ ਦੀ ਤਸਕਰੀ ਦਾ ਵੱਡਾ ਖ਼ੁਲਾਸਾ ਕੀਤਾ ਹੈ ਜਿਸ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਵਸੀਹ ਪੈਮਾਨੇ 'ਤੇ ਜੁੱਟੀਆਂ ਹੋਈਆਂ ਹਨ। ਸਟਿੰਗ ਵੈੱਬਸਾਈਟ ਕੋਬਰਾ ਪੋਸਟ ਵਲੋਂ ਵੀ ਇਸਦੇ ਸਮਾਂਤਰ 'ਓਪਰੇਸ਼ਨ ਸ਼ੁੱਧੀਕਰਨ' ਨਾਂ ਦੀ ਸਟਿੰਗ ਜਾਂਚ ਕੀਤੀ ਗਈ ਜੋ ਆਊਟਲੁੱਕ ਵਲੋਂ ਸਾਹਮਣੇ ਲਿਆਂਦੀ ਡੂੰਘੀ ਸਾਜ਼ਿਸ਼ ਦੀ ਤਸਦੀਕ ਕਰਦੀ ਹੈ।

'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਦੇਕੇ ਮੋਦੀ ਸਰਕਾਰ ਇਹ ਸਾਬਤ ਕਰਨ ਦਾ ਯਤਨ ਕਰ ਰਹੀ ਹੈ ਕਿ ਉਸ ਨੂੰ ਮੁਲਕ ਦੀਆਂ ਬੱਚੀਆਂ ਦੇ ਭਵਿੱਖ ਦਾ ਬਹੁਤ ਫ਼ਿਕਰ ਹੈ। ਜਦਕਿ ਹਕੀਕਤ ਇਹ ਹੈ ਕਿ ਜੁਮਲਾ ਸਰਕਾਰ ਦੀ ਧਿਆਨ ਭਟਕਾਊ ਪ੍ਰਚਾਰ ਮੁਹਿੰਮ ਦੇ ਪਰਦੇ ਓਹਲੇ ਸੰਘ ਪਰਿਵਾਰ ਦੀਆਂ ਹੋਰ ਸੰਸਥਾਵਾਂ ਆਰ.ਐੱਸ.ਐੱਸ. ਦਾ ਸਾਜ਼ਿਸ਼ੀ ਏਜੰਡਾ ਹੋਰ ਵੀ ਜ਼ੋਰਸ਼ੋਰ ਨਾਲ ਲਾਗੂ ਕਰਦੇ ਹੋਏ ਬੱਚੀਆਂ ਦੇ ਦਿਮਾਗ਼ਾਂ ਵਿਚ ਹਿੰਦੂਤਵੀ ਜ਼ਹਿਰ ਦੇ ਟੀਕੇ ਲਾ ਰਹੀਆਂ ਹਨ ਅਤੇ ਧੜਾਧੜ ਆਪਣੇ ਪ੍ਰਚਾਰਕ/ਸਾਧਵੀਆਂ ਤਿਆਰ ਕਰ ਰਹੀਆਂ ਹਨ। ਆਪਣੀ ਆਦਤ ਅਨੁਸਾਰ ਸੰਘੀਆਂ ਨੇ ਪੱਤਰਕਾਰ ਨੇਹਾ ਦੀਕਸ਼ਤ ਵਲੋਂ ਡੂੰਘੀ ਖੋਜ ਕਰਕੇ ਜੁਟਾਏ ਤੱਥਾਂ ਨੂੰ ਰੱਦ ਨਹੀਂ ਕੀਤਾ। ਸਗੋਂ ਰਿਪੋਰਟ ਛਪਦੇ ਸਾਰ ਸੰਘ ਦਾ ਤਾਣਾਬਾਣਾ ਫਾਸ਼ੀਵਾਦੀ ਹਮਲਿਆਂ 'ਤੇ ਉਤਰ ਆਇਆ।

ਇਸ ਦੇ ਕਾਨੂੰਨੀ ਮਾਹਿਰ, ਵਕੀਲ ਅਤੇ ਹੋਰ ਕਾਰਕੁਨ ਇਕਦਮ ਸਰਗਰਮ ਹੋ ਗਏ। ਇਕ ਪਾਸੇ ਰਸਾਲੇ ਦੇ ਖ਼ਿਲਾਫ਼ ਸੋਸ਼ਲ ਮੀਡੀਆ ਉੱਪਰ ਧੂੰਆਂਧਾਰ ਹਮਲੇ ਸ਼ੁਰੂ ਕਰ ਦਿੱਤੇ ਗਏ, ਦੂਜੇ ਪਾਸੇ ਰਸਾਲੇ ਦੀ ਮੈਨੇਜਮੈਂਟ ਉੱਪਰ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ ਗਿਆ। ਨਤੀਜਾ ਸਭ ਦੇ ਸਾਹਮਣੇ ਸੀ। 13 ਅਗਸਤ ਨੂੰ ਆਊਟਲੁੱਕ ਵਲੋਂ ਬਿਨਾ ਕੋਈ ਵਿਆਖਿਆ ਦਿੱਤੇ ਸੰਪਾਦਕ ਕ੍ਰਿਸ਼ਨਾ ਪ੍ਰਸਾਦ ਨੂੰ ਹਟਾਕੇ ਰਾਜੇਸ਼ ਰਾਮਾਚੰਦਰਨ ਨੂੰ ਮੁੱਖ ਸੰਪਾਦਕ ਬਣਾ ਦਿੱਤਾ ਗਿਆ। ਇਹ ਰੱਦੋਬਦਲ ਰੁਟੀਨ ਵਿਚ ਨਹੀਂ ਸੀ। ਭਾਜਪਾ ਵਰਕਰਾਂ ਨੇ ਸੰਘ ਦੇ ਇਸ਼ਾਰੇ 'ਤੇ ਅਦਾਲਤਾਂ ਅਤੇ ਰਾਜ-ਮਸ਼ੀਨਰੀ ਨੂੰ ਵਰਤਕੇ 4 ਅਗਸਤ ਨੂੰ ਗੁਹਾਟੀ ਵਿਚ ਪੱਤਰਕਾਰ ਨੇਹਾ ਦੀਕਸ਼ਤ, ਸੰਪਾਦਕ ਕ੍ਰਿਸ਼ਨਾ ਪ੍ਰਸਾਦ ਅਤੇ ਆਊਟਲੁੱਕ ਦੇ ਪ੍ਰਕਾਸ਼ਕ ਦੇ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰਵਾ ਦਿੱਤੀ ਸੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰਨ ਦੀ ਥਾਂ ਇਸ ਤਸਕਰੀ ਨੂੰ ਬੇਨਕਾਬ ਕਰਨ ਵਾਲੀ ਪੱਤਰਕਾਰ ਅਤੇ ਰਸਾਲੇ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ।

ਆਊਟਲੁੱਕ ਦਾ ਖ਼ੁਲਾਸਾ ਕੀ ਸੀ: ਤਿੰਨ ਮਹੀਨੇ ਦੀ ਡੂੰਘੀ ਖੋਜ ਤੋਂ ਬਾਦ ਇਨਾਮ-ਸਨਮਾਨ ਜੇਤੂ ਪੱਤਰਕਾਰ ਨੇਹਾ ਦੀਕਸ਼ਤ ਨੇ ਸਾਹਮਣੇ ਲਿਆਂਦਾ ਕਿ 9 ਜੂਨ 2015 ਨੂੰ ਰਾਸ਼ਟਰ ਸੇਵਿਕਾ ਸੰਮਤੀ ਅਤੇ ਸੇਵਾ ਭਾਰਤੀ ਨਾਂ ਦੀਆਂ ਦੋ ਸੰਸਥਾਵਾਂ ਦੀਆਂ ਦੋ ਔਰਤ ਕਾਰਕੁੰਨ ਕੋਰੋਬੀ ਬਸੂਮਾਤਾਰੀ ਅਤੇ ਸੰਧਿਆਬੇਨ ਟਿਕੜੇ ਵਲੋਂ ਅਸਾਮ ਦੇ ਪੰਜ ਸਰਹੱਦੀ ਜ਼ਿਲ੍ਹਿਆਂ - ਕੋਕਰਾਝਾਰ, ਗੋਲਪਾਰਾ, ਧੁਬਰੀ, ਚਿਰੰਗ ਅਤੇ ਬੋਂਗਾਈਗਾਓਂ - ਤੋਂ 3 ਸਾਲ ਤੋਂ ਲੈਕੇ ਤੇਰਾਂ ਸਾਲ ਦੀਆਂ 31 ਬੱਚੀਆਂ ਨੂੰ ਇਸ ਵਾਅਦੇ ਨਾਲ ਉਨ੍ਹਾਂ ਦੇ ਮਾਪਿਆਂ ਕੋਲੋਂ ਅਲੱਗ ਕੀਤਾ ਗਿਆ ਕਿ ਉਨ੍ਹਾਂ ਨੂੰ ਪੰਜਾਬ ਅਤੇ ਗੁਜਰਾਤ ਵਿਚ ਬਿਹਤਰ ਸਹੂਲਤਾਂ ਵਾਲੇ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ।

ਜਦੋਂ ਇਸ ਤਸਕਰੀ ਦੀ ਭਿਣਕ ਪਈ ਤਾਂ ਇਸ ਤੋਂ ਇਕ ਹਫ਼ਤੇ ਬਾਦ ਹੀ ਅਸਾਮ ਰਾਜ ਦੇ ਬੱਚਿਆਂ ਦੇ ਹੱਕਾਂ ਲਈ ਕਮਿਸ਼ਨ ਨੇ ਐਡੀਸ਼ਨਲ ਡੀ.ਜੀ.ਪੀ., ਸੀ.ਆਈ.ਡੀ., ਅਸਾਮ ਪੁਲਿਸ ਨੂੰ ਚਿੱਠੀ ਲਿਖੀ ਅਤੇ ਬਾਲ ਹੱਕਾਂ ਦੀ ਸੁਰੱਖਿਆ ਬਾਰੇ ਕੌਮੀ ਕਮਿਸ਼ਨ ਨੂੰ ਵੀ ਇਹ ਚਿੱਠੀ ਮਾਰਕ ਕਰ ਦਿੱਤੀ ਗਈ। ਕਮਿਸ਼ਨ ਨੇ ਸੰਘ ਪਰਿਵਾਰ ਦੀਆਂ ਇਨ੍ਹਾਂ ਸੰਸਥਾਵਾਂ ਦੀ ਇਸ ਮੁਹਿੰਮ ਨੂੰ "ਨਾਬਾਲਗ ਜਸਟਿਸ ਐਕਟ 2000 ਦੀ ਵਿਵਸਥਾ ਵਿਰੁੱਧ" ਕਾਰਵਾਈ ਅਤੇ "ਬੱਚਿਆਂ ਦੀ ਤਸਕਰੀ ਦੇ ਤੁਲ" ਕਰਾਰ ਦੇਕੇ ਪੁਲਿਸ ਨੂੰ ਮਾਮਲੇ ਦੀ ਤਫ਼ਤੀਸ਼ ਕਰਨ ਅਤੇ "31 ਬੱਚੀਆਂ ਨੂੰ ਵਾਪਸ ਅਸਾਮ ਲਿਆਉਣ ਲਈ ਸਾਰੇ ਜ਼ਰੂਰੀ ਕਦਮ ਚੁੱਕਣ" ਲਈ ਕਿਹਾ। ਪੰਜਾਬ ਅਤੇ ਗੁਜਰਾਤ ਦੀਆਂ ਸੂਬਾ ਸਰਕਾਰਾਂ ਦੀ ਮਦਦ ਨਾਲ ਸੰਘ ਦੀਆਂ ਜਥੇਬੰਦੀਆਂ ਵਲੋਂ ਇਨ੍ਹਾਂ ਬੱਚੀਆਂ ਨੂੰ ਅਸਾਮ ਵਾਪਸ ਭੇਜਣ ਦੇ ਹੁਕਮਾਂ ਨੂੰ ਪੈਰਾਂ ਥੱਲੇ ਰੋਲ ਦਿੱਤਾ ਗਿਆ ਕਿਉਂਕਿ ਇਨ੍ਹਾਂ ਦੋਹਾਂ ਸੂਬਿਆਂ ਅੰਦਰ ਭਾਜਪਾ ਸੱਤਾ ਵਿਚ ਹੈ। ਪੰਜ ਦਿਨ ਦੀ ਮੋਹਲਤ ਦੇਣ ਦੇ ਬਾਵਜੂਦ ਪੁਲਿਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਕਿਉਂਕਿ ਕੌਮੀ ਕਮਿਸ਼ਨ ਭਾਜਪਾ ਦੀ ਕੇਂਦਰ ਸਰਕਾਰ ਦੇ ਅਧੀਨ ਹੈ। ਸੇਵਾ ਭਾਰਤੀ, ਵਿਦਿਆ ਭਾਰਤੀ ਅਤੇ ਰਾਸ਼ਟਰ ਸੇਵਿਕਾ ਸੰਮਤੀ ਵਲੋਂ ਇਨ੍ਹਾਂ ਬੱਚੀਆਂ ਨੂੰ ਬਾਲ ਭਲਾਈ ਕਮਿਸ਼ਨ ਅੱਗੇ ਪੇਸ਼ ਨਹੀਂ ਕੀਤਾ ਗਿਆ ਨਾ ਹੀ ਅਸਾਮ ਵਿੱਚੋਂ ਲੈ ਕੇ ਜਾਣ ਤੋਂ ਪਹਿਲਾਂ ਐੱਨ.ਓ.ਸੀ. ਲਿਆ ਗਿਆ ਸੀ ਜੋ ਕਿ ਲਾਜ਼ਮੀ ਹੈ।

ਜਦੋਂ ਮਾਮਲੇ ਤੋਂ ਪਰਦਾ ਉੱਠਦਾ ਨਜ਼ਰ ਆਇਆ ਤਾਂ ਸੰਘ ਦੀਆਂ ਇਨ੍ਹਾਂ ਸੰਸਥਾਵਾਂ ਨੇ ਨੋਟਰੀ ਪਬਲਿਕ ਅਤੇ ਜੁਡੀਸ਼ੀਅਲ ਮੈਜਿਸਟ੍ਰੇਟ ਅੱਗੇ ਸਾਰੇ ਬੱਚਿਆਂ ਦੇ ਮਾਪਿਆਂ ਤੋਂ ਗੁੰਮਰਾਹਕੁਨ ਹਲਫ਼ੀਆ ਬਿਆਨ ਇਹ ਸਾਬਤ ਕਰਨ ਲਈ ਲੈ ਲਏ ਕਿ ਸੰਸਥਾਵਾਂ ਵਲੋਂ ਲੋੜਵੰਦ ਪਰਿਵਾਰਾਂ ਦੀ ਰਜ਼ਾਮੰਦੀ ਨਾਲ ਬੱਚੀਆਂ ਨੂੰ ਲਿਜਾਇਆ ਗਿਆ ਹੈ। ਸਾਰੇ ਹਲਫ਼ੀਆ ਬਿਆਨਾਂ ਦੀ ਇਬਾਰਤ ਇਕ ਹੀ ਸੀ। ਜਿਸ ਵਿਚ ਕਿਹਾ ਗਿਆ ਸੀ ਕਿ 'ਉਹ ਰਾਹਤ ਕੈਂਪਾਂ ਵਿਚ ਰਹਿ ਰਹੇ ਸ਼ਰਨਾਰਥੀ ਹਨ, ਦੰਗਾ ਪੀੜਤ ਹੋਣ ਕਰਕੇ ਆਮਦਨੀ ਦਾ ਕੋਈ ਵਸੀਲਾ ਨਾ ਹੋਣ ਕਾਰਨ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ ਸੋ ਆਪਣੀ ਇੱਛਾ ਨਾਲ ਬਿਹਤਰ ਪੜ੍ਹਾਈ ਲਈ ਬੱਚੀ ਨੂੰ ਗੁਜਰਾਤ ਭੇਜ ਰਹੇ ਹਨ।' ਕਮਿਸ਼ਨ ਵਲੋਂ ਜਾਂਚ ਕਰਨ 'ਤੇ ਇਨ੍ਹਾਂ ਵਿੱਚੋਂ ਕੋਈ ਵੀ ਪਰਿਵਾਰ 'ਦੰਗਾ ਪੀੜਤ' ਨਹੀਂ ਮਿਲਿਆ। ਹਲਫ਼ੀਆ ਬਿਆਨ ਵਿਚ ਦਰਜ ਬੋਡੋ ਹਿੰਸਾ ਦਾ ਸਮਾਂ ਵੀ ਸਹੀ ਨਹੀਂ ਸੀ। ਜਦੋਂ ਜਾਂਚ ਨਾਲ ਇਨ੍ਹਾਂ ਦਾ ਝੂਠ ਬੇਨਕਾਬ ਹੋਣਾ ਸ਼ੁਰੂ ਹੋ ਗਿਆ ਤਾਂ ਸੰਘ ਦੇ ਉਸ ਵਰਕਰ ਵਲੋਂ ਜਾਂਚ ਅਧਿਕਾਰੀ ਨੂੰ ਧਮਕੀਆਂ ਦਿੱਤੀਆਂ ਗਈਆਂ ਜਿਸ ਦਾ ਕੁੜੀਆਂ ਨੂੰ ਭੇਜਣ ਵਿਚ ਹੱਥ ਸੀ। ਇਸ ਦੀ ਰਪਟ ਦਰਜ ਕਰਾਏ ਜਾਣ ਦੇ ਬਾਵਜੂਦ ਪੁਲਿਸ ਵਲੋਂ ਧਮਕੀਆਂ ਦੇਣ ਵਾਲੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਮਾਪਿਆਂ ਕੋਲ ਹੁਣ ਆਪਣੀਆਂ ਬੱਚੀਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਸਪੁਰਦ ਕੀਤੇ ਜਾਣ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਹੈ। ਜਾਂਚ ਸ਼ੁਰੂ ਹੋਣ 'ਤੇ ਸੰਘ ਦੇ ਪ੍ਰਚਾਰਕਾਂ ਨੇ ਬੱਚਿਆਂ ਦੇ ਘਰਾਂ ਵਿਚ ਜਾਕੇ ਧੋਖੇ ਨਾਲ ਉਨ੍ਹਾਂ ਦੀਆਂ ਉਹ ਤਸਵੀਰਾਂ ਵੀ ਆਪਣੇ ਕਬਜ਼ੇ ਵਿਚ ਕਰ ਲਈਆਂ ਜੋ ਉਨ੍ਹਾਂ ਦੇ ਘਰਾਂ ਵਿਚ ਸਨ ਤਾਂ ਜੋ ਕੋਈ ਸਬੂਤ ਬਾਕੀ ਨਾ ਰਹੇ।

ਸੰਘ ਪਰਿਵਾਰ ਦੀਆਂ ਇਹ ਕਾਰਵਾਈਆਂ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੀ ਵੀ ਉਲੰਘਣਾ ਹਨ ਜਿਸਨੇ ਪਹਿਲੀ ਸਤੰਬਰ 2010 ਨੂੰ ਸਟੇਟ ਆਫ ਤਾਮਿਲਨਾਡੂ ਬਨਾਮ ਯੂਨੀਅਨ ਆਫ ਇੰਡੀਆ ਐਂਡ ਅਦਰਜ਼' ਮਾਮਲੇ ਵਿਚ ਇਕ ਸੂਬੇ ਤੋਂ ਦੂਜੇ ਸੂਬੇ ਵਿਚ ਬੱਚੇ ਵੱਡੇ ਪੈਮਾਨੇ 'ਤੇ ਭੇਜੇ ਜਾਣ ਦੇ ਮੱਦੇਨਜ਼ਰ "ਮਨੀਪੁਰ ਅਤੇ ਅਸਾਮ ਰਾਜਾਂ ਨੂੰ ਇਹ ਯਕੀਨੀ ਬਣਾਉਣ ਦਾ ਨਿਰਦੇਸ਼ ਦਿੱਤਾ ਸੀ ਕਿ ਅਗਲੇ ਹੁਕਮਾਂ ਤਕ 12 ਸਾਲ ਤੋਂ ਘੱਟ ਜਾਂ ਪ੍ਰਾਇਮਰੀ ਸਕੂਲ ਪੱਧਰ ਦੇ ਕਿਸੇ ਬੱਚੇ ਨੂੰ ਹੋਰ ਸੂਬਿਆਂ ਵਿਚ ਪੜ੍ਹਨ ਲਈ ਨਾ ਭੇਜਿਆ ਜਾਵੇ।" ਇਹ ਫ਼ੈਸਲਾ ਇਨ੍ਹਾਂ ਦੋਹਾਂ ਰਾਜਾਂ ਤੋਂ 76 ਬੱਚਿਆਂ ਦੀ ਤਸਕਰੀ ਦੇ ਮਾਮਲੇ ਦੀ ਜਾਂਚ ਪਿੱਛੋਂ ਦਿੱਤਾ ਗਿਆ ਸੀ ਜਿਨ੍ਹਾਂ ਨੂੰ ਤਾਮਿਲਨਾਡੂ ਵਿਚ ਈਸਾਈ ਮਿਸ਼ਨਰੀਆਂ ਵਲੋਂ ਚਲਾਏ ਜਾਂਦੇ "ਆਸ਼ਰਮਾਂ" ਵਿਚ ਭੇਜਿਆ ਗਿਆ ਸੀ। ਇਸ ਆਦੇਸ਼ ਦੇ ਬਾਵਜੂਦ ਅਸਾਮ ਸੀ.ਆਈ.ਡੀ. ਦੀ ਰਿਪੋਰਟ ਅਨੁਸਾਰ 2012-2015 ਦਰਮਿਆਨ ਅਸਾਮ ਵਿੱਚੋਂ 5000 ਤੋਂ ਉੱਪਰ ਬੱਚੇ ਲਾਪਤਾ ਹੋਏ। 2015 ਵਿਚ ਇਸ ਤਰ੍ਹਾਂ ਦੇ ਘੱਟੋ ਘੱਟ 800 ਬੱਚੇ ਲਾਪਤਾ ਹੋਏ। ਇਹ ਤਾਦਾਦ ਪੜ੍ਹਾਈ ਅਤੇ ਰੋਜ਼ਗਾਰ ਦੇ ਬਹਾਨੇ ਤਸਕਰੀ ਕੀਤੇ ਬੱਚਿਆਂ ਦੀ ਗਿਣਤੀ ਨਾਲ ਮੇਲ ਖਾਂਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਬੱਚਿਆਂ ਦੇ ਲਾਪਤਾ ਹੋਣ ਪਿੱਛੇ ਸੰਘ ਪਰਿਵਾਰ ਦਾ ਬੱਚਿਆਂ ਨੂੰ ਧੋਖੇ ਨਾਲ ਦੂਜੇ ਸੂਬਿਆਂ ਅੰਦਰ ਆਪਣੇ ਅਖਾਉਤੀ ਸਕੂਲਾਂ ਵਿਚ ਭੇਜਣ ਲਈ ਸਰਗਰਮ ਤਾਣੇਬਾਣੇ ਦਾ ਹੱਥ ਹੈ।



ਅਸਾਮ ਦੇ ਸਰਹੱਦੀ ਇਲਾਕਿਆਂ ਵਿਚ ਸੰਘ ਦੀਆਂ ਜਥੇਬੰਦੀਆਂ ਨੇ ਵਿਆਪਕ ਜਾਲ ਵਿਛਾਇਆ ਹੋਇਆ ਹੈ। ਸੇਵਾ ਭਾਰਤੀ ਨਾਂ ਦੀ ਸੰਸਥਾ ਮੈਡੀਕਲ ਕੈਂਪ, ਖੇਡ ਕੈਂਪ ਆਦਿ ਸਮਾਜ ਭਲਾਈ ਦੇ ਕੰਮ ਕਰਦੀ ਹੈ। ਵਿਦਿਆ ਭਾਰਤੀ ਅਤੇ ਏਕਲ ਵਿਦਿਆਲਿਆ ਬੱਚਿਆਂ ਨੂੰ ਹਿੰਦੂ ਰਾਸ਼ਟਰਵਾਦੀ ਪੜ੍ਹਾਈ ਕਰਾਉਂਦੇ ਹਨ। ਵਣਵਾਸੀ ਕਲਿਆਣ ਆਸ਼ਰਮ ਅਤੇ ਵਣਬੰਧੂ ਪ੍ਰੀਸ਼ਦ ਕਬਾਇਲੀਆਂ ਦੀ 'ਭਲਾਈ' ਦਾ ਕੰਮ ਦੇਖਦੀਆਂ ਹਨ। ਇਨ੍ਹਾਂ ਸੰਸਥਾਵਾਂ ਰਾਹੀਂ ਸੰਘ ਦੇ ਪ੍ਰਚਾਰਕ ਹਿੰਦੂਤਵੀ ਵਿਚਾਰਧਾਰਾ ਨੂੰ ਦੂਰ-ਦਰਾਜ਼ ਇਲਾਕਿਆਂ ਵਿਚ ਫੈਲਾ ਰਹੇ ਹਨ। ਸੇਵਾ ਭਾਰਤੀ ਦੀ ਵੈੱਬ-ਸਾਈਟ ਅਨੁਸਾਰ ਉਸ ਵਲੋਂ ਹਿੰਦੁਸਤਾਨ ਵਿਚ 1.5 ਲੱਖ ਭਲਾਈ ਪ੍ਰੋਜੈਕਟ ਚਲਾਏ ਜਾ ਰਹੇ ਹਨ। ਉਹ ਨੌਜਵਾਨ ਕਬਾਇਲੀ ਕੁੜੀਆਂ ਅਤੇ ਮੁੰਡਿਆਂ ਲਈ ਹੋਸਟਲ ਅਤੇ ਗ਼ੈਰਰਸਮੀ ਸਿੱਖਿਆ ਕੇਂਦਰ ਵੀ ਚਲਾਉਂਦੇ ਹਨ।

ਸੇਵਾ ਭਾਰਤੀ 1978 'ਚ ਆਰ. ਐੱਸ. ਐੱਸ. ਦੇ ਤੀਜੇ ਸਰਸੰਘਚਾਲਕ ਬਾਲਾਸਾਹਿਬ ਦਿਓਰਸ ਵਲੋਂ ਸਮਾਜ ਦੇ ਹਾਸ਼ੀਆਗ੍ਰਸਤ ਹਿੱਸਿਆਂ ਉੱਪਰ ਧਿਆਨ ਕੇਂਦਰਤ ਕਰਨ ਲਈ ਬਣਾਈ ਗਈ ਸੀ। ਆਰ.ਐੱਸ.ਐੱਸ. ਦਾ ਇਕ ਚੋਟੀ ਦਾ ਅਧਿਕਾਰੀ ਅਖਿਲ ਭਾਰਤੀਆ ਸਹਿਸੇਵਾ ਪ੍ਰਮੁੱਖ ਇਸ ਜਥੇਬੰਦੀ ਦਾ ਮਾਰਗ-ਦਰਸ਼ਨ ਕਰਦਾ ਹੈ। ਇਸ ਨੂੰ ਆਰ.ਐੱਸ.ਐੱਸ. ਦੇ ਸਰਵਉੱਚ ਫ਼ੈਸਲੇ ਲੈਣ ਵਾਲੇ ਅਦਾਰੇ, ਅਖਿਲ ਭਾਰਤੀਆ ਪ੍ਰਤੀਨਿਧੀ ਸਭਾ, ਵਿਚ ਨੁਮਾਇੰਦਗੀ ਦਿੱਤੀ ਗਈ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸੇਵਾ ਭਾਰਤੀ ਦੀ ਸੰਘ ਦੀਆਂ ਜਥੇਬੰਦੀਆਂ ਅੰਦਰ ਕਿੰਨੀ ਬਾਰਸੂਖ ਥਾਂ ਹੈ।

ਸੰਘ ਦੀ ਕਿਸੇ ਸਮਾਜ ਅੰਦਰ ਘੁਸਪੈਠ ਕਰਨ ਦੀ ਆਮ ਯੁੱਧਨੀਤੀ ਬਹੁਤ ਹੀ ਵਿਉਂਤਬਧ ਹੈ। ਪਹਿਲਾਂ, ਭਲਾਈ ਵਾਲੀ ਸੰਸਥਾ ਉਸ ਇਲਾਕੇ ਵਿਚ ਪੈਰ ਧਰਦੀ ਹੈ। ਉਹ ਜਨਤਕ ਅਧਾਰ ਤਿਆਰ ਕਰਦੇ ਹਨ, ਸੰਭਾਵੀ ਸਿਖਾਂਦਰੂਆਂ ਦੀ ਨਿਸ਼ਾਨਦੇਹੀ ਕਰਦੇ ਹਨ। ਇੰਞ ਉਹ ਦੂਰ-ਦਰਾਜ਼ ਪਿੰਡਾਂ ਵਿਚ ਜਾਕੇ, ਲਾਕਟ, ਪੈਂਫਲੈਟ ਅਤੇ ਹਿੰਦੂ ਸਾਹਿਤ ਵੰਡਕੇ ਮੁਕੰਮਲ ਘੁਸਪੈਠ ਦਾ ਰਾਹ ਤਿਆਰ ਕਰਦੇ ਹਨ। ਫੇਰ ਸਥਾਨਕ ਰਾਸ਼ਟਰ ਸੇਵਾ ਸੰਮਤੀ ਅਤੇ ਆਰ.ਐੱਸ.ਐੱਸ. ਦੇ ਕੁਲਵਕਤੀ ਉਥੇ ਆ ਪਹੁੰਚਦੇ ਹਨ। ਸੇਵਾ ਭਾਰਤੀ ਦਾ ਕੰਮ ਉਨ੍ਹਾਂ ਇਲਾਕਿਆਂ ਵਿਚ ਖ਼ਾਸ ਤੌਰ 'ਤੇ ਪ੍ਰਭਾਵੀ ਹੈ ਜਿਥੇ ਹਿੰਦੁਸਤਾਨੀ ਸਟੇਟ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿਚ ਨਾਕਾਮ ਰਿਹਾ ਹੈ। ਸੇਵਾ ਭਾਰਤੀ ਇਨ੍ਹਾਂ ਸਰਗਰਮੀਆਂ ਲਈ ਮਹਿਫ਼ੂਜ਼ ਮੁਹਾਜ਼ ਦੇ ਤੌਰ 'ਤੇ ਕੰਮ ਕਰਦੀ ਹੈ। ਜ਼ਿਆਦਾਤਰ ਪੇਂਡੂ ਅਤੇ ਬੱਚਿਆਂ ਦੇ ਮਾਪੇ ਇਹੀ ਸੋਚਦੇ ਹਨ ਕਿ ਬੱਚਿਆਂ ਨੂੰ ਲੋਕ ਭਲਾਈ ਦਾ ਕੰਮ ਕਰ ਰਹੀ ਸੰਸਥਾ ਸੇਵਾ ਭਾਰਤੀ ਵਲੋਂ ਪੜ੍ਹਾਈ ਕਰਾਉਣ ਲਈ ਲਿਜਾਇਆ ਗਿਆ ਹੈ। ਸੰਘ ਨਾਲ ਰਿਸ਼ਤੇ ਅਤੇ ਹਿੰਦੂਤਵੀ ਵਿਚਾਰਧਾਰਾ ਦਿਮਾਗ 'ਚ ਭਰੇ ਜਾਣ ਦੀ ਸਾਜ਼ਿਸ਼ ਇਕ ਆਮ ਪੇਂਡੂ ਦੀ ਸਮਝ ਤੋਂ ਬਾਹਰ ਦੀ ਗੱਲ ਹੈ। ਅਸਾਮ ਵਰਗੇ ਬੋਡੋ-ਮੁਸਲਿਮ ਜਾਂ ਬੋਡੋ-ਆਦਿਵਾਸੀ ਨਸਲੀ-ਸੱਭਿਆਚਾਰ ਹਿੰਸਾ ਤੋਂ ਗ੍ਰਸਤ ਇਲਾਕਿਆਂ ਦੇ ਜੰਮ-ਪਲ ਲੋਕ ਆਪਣੀ ਪਛਾਣ ਬਾਰੇ ਬਹੁਤ ਸੰਵੇਦਨਸ਼ੀਲ ਹਨ ਅਤੇ ਆਪਣੀ ਪਛਾਣ ਨੂੰ ਬੁਰੀ ਤਰ੍ਹਾਂ ਚਿੰਬੜੇ ਰਹਿੰਦੇ ਹਨ। ਇਸ ਤਰ੍ਹਾਂ ਦੇ ਥਾਵਾਂ ਉੱਪਰ ਸਹੀ ਅਤੇ ਗ਼ਲਤ ਦਰਮਿਆਨ ਵਖਰੇਵਾਂ ਕਰਨ ਦੀ ਸੰਭਾਵਨਾ ਘਟ ਜਾਂਦੀ ਹੈ। ਜਨੂੰਨ ਭਾਰੂ ਰਹਿੰਦਾ ਹੈ, ਜੋ ਹਿੰਦੂਤਵੀ ਪ੍ਰਚਾਰ ਲਈ ਰਾਹ ਪੱਧਰਾ ਕਰਦਾ ਹੈ।

ਅਸਾਮ ਵਿਚ ਕੰਮ ਕਰਦੀਆਂ ਸੰਘ ਪਚਾਰਕ ਔਰਤਾਂ ਨੇ ਆਊਟਲੁੱਕ ਦੀ ਪੱਤਰਕਾਰ ਨੂੰ ਦੱਸਿਆ ਕਿ ਸੇਵਾ ਭਾਰਤੀ ਵਲੋਂ ਜਥੇਬੰਦ ਕੀਤੇ ਜਾਂਦੇ ਕੈਂਪਾਂ ਵਿਚ "ਪ੍ਰਮੁੱਖ ਤੌਰ 'ਤੇ ਨੌਜਵਾਨ ਕੁੜੀਆਂ ਨੂੰ ਸੰਸਕਾਰ ਸਿਖਾਏ ਜਾਂਦੇ ਹਨ।" "ਕੁੜੀਆਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਸੰਸਕ੍ਰਿਤੀ ਭੁਲਾ ਦਿੱਤੀ ਹੈ, ਜਿਥੇ 'ਨਮਸਕਾਰ' ਦੀ ਜਗ੍ਹਾ 'ਹੈਲੋ' ਨੇ ਅਤੇ ਸਾਡੀ ਰਵਾਇਤੀ ਪੁਸ਼ਾਕ ਦੀ ਜਗ੍ਹਾ ਲੰਮੀ ਪੈਂਟ ਨੇ ਲੈ ਲਈ ਹੈ। ਇਹ ਸਭ ਕੁਝ ਈਸਾਈ ਜੀਵਨ-ਸ਼ੈਲੀ ਦੇ ਪ੍ਰਭਾਵ ਕਾਰਨ ਹੈ। ਉਨ੍ਹਾਂ ਨੂੰ ਆਪਣੀ ਸੰਸਕ੍ਰਿਤੀ ਵਿਚ ਵਾਪਸ ਪਰਤਣਾ ਚਾਹੀਦਾ ਹੈ ਅਤੇ ਰਾਸ਼ਟਰ ਦੀਆਂ ਚੰਗੀਆਂ ਸੁਆਣੀਆਂ ਬਣਨਾ ਚਾਹੀਦਾ ਹੈ।"

ਅਜਿਹੀ ਮਨੋਵਿਗਿਆਨਕ ਸਿਖਲਾਈ ਨਾਲ ਨੌਜਵਾਨ ਕੁੜੀਆਂ ਹਿੰਦੂ ਰਾਸ਼ਟਰ ਅੰਦਰ ਔਰਤਾਂ ਦੀ ਇੱਛਤ ਭੂਮਿਕਾ ਬਾਰੇ ਹਿੰਦੂਤਵੀ ਸੋਚ ਪ੍ਰਤੀ ਅੰਨ੍ਹੇ ਯਕੀਨ ਨਾਲ ਵੱਡੀਆਂ ਹੁੰਦੀਆਂ ਹਨ। ਕੈਂਪਾਂ ਵਿਚ ਲੋਕਧਾਰਾ, ਭਾਸ਼ਾ ਅਤੇ ਇਤਿਹਾਸ ਦੇ ਗੁਣਗਾਣ ਉੱਪਰ ਕੇਂਦਰਤ ਕਰਦੇ ਹੋਏ ਜੋ ਵਿਆਖਿਆ ਪੜ੍ਹਾਈ ਜਾਂਦੀ ਹੈ ਉਹ ਮੁਸਲਿਮ ਵਿਰੋਧੀ, ਈਸਾਈ ਵਿਰੋਧੀ ਹੈ। ਬੋਡੋ ਲੋਕ ਸੇਵਾ ਭਾਰਤੀ ਦੀਆਂ ਸਰਗਰਮੀਆਂ ਨੂੰ ਲੈਕੇ ਕੋਈ ਸ਼ੱਕ ਨਹੀਂ ਕਰਦੇ ਕਿਉਂਕਿ ਇਥੇ ਜਿਹੜੀਆਂ ਪ੍ਰਚਾਰਕ ਔਰਤਾਂ ਤਿਆਰ ਕੀਤੀਆਂ ਗਈਆਂ ਹਨ ਉਨ੍ਹਾਂ ਦੀ ਉਸੇ ਭਾਈਚਾਰੇ ਵਿੱਚੋਂ ਹੋਣ ਕਾਰਨ ਬਲਵਾਨ ਔਰਤਾਂ ਵਜੋਂ ਬਹੁਤ ਪੈਂਠ ਹੈ। ਬੱਚੀਆਂ ਨੂੰ ਕੁਆਰੀਆਂ ਰਹਿਣ ਅਤੇ ਹਿੰਦੂ ਰਾਸ਼ਟਰ ਦੇ ਨਿਰਮਾਣ ਵਿਚ ਯੋਗਦਾਨ ਲਈ ਜ਼ਿੰਦਗੀਆਂ ਸਮਰਪਿਤ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਬੱਚੀਆਂ ਨੂੰ ਬਲਵਾਨ ਬਣਾਉਣ ਦਾ ਇਹ ਦਾਅਪੇਚ ਨਿੱਕੀਆਂ ਬੱਚੀਆਂ ਦੇ ਉਨ੍ਹਾਂ ਮਾਪਿਆਂ ਨੂੰ ਬਹੁਤ ਟੁੰਬਦਾ ਹੈ ਜੋ ਸਾਧਨਹੀਣ ਅਭਿਲਾਸ਼ੀ ਹਨ, ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈਕੇ ਵੱਡੇ ਸੁਪਨੇ ਪਾਲਦੇ ਹਨ। ਇਹ ਕੁੜੀ ਦੀ ਮਾਰਫ਼ਤ ਅੱਗੇ ਹੋਰ ਕੁੜੀ ਭਰਤੀ ਕਰਨ ਦੀ ਆਰ.ਐੱਸ.ਐੱਸ. ਦੀ ਯੁੱਧਨੀਤੀ ਹੈ। ਕੋਰੋਬੀ ਅਤੇ ਕਾਂਚਾਈ ਬ੍ਰਹਮਾ ਵਰਗੀਆਂ ਜੋ ਬੋਡੋ ਔਰਤਾਂ ਹੁਣ ਉਥੇ ਬੱਚੀਆਂ ਦੀ ਤਸਕਰੀ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ ਉਨ੍ਹਾਂ ਨੂੰ ਇਸੇ ਵਿਧੀ ਦੁਆਰਾ ਤਿਆਰ ਕੀਤਾ ਗਿਆ ਸੀ।

ਕਾਂਚਾਈ ਨੂੰ ਤਿੰਨ ਹੋਰ ਕੁੜੀਆਂ ਸਮੇਤ ਉਤਰ ਪ੍ਰਦੇਸ਼ ਦੇ ਇਕ ਹੋਸਟਲ ਵਿਚ ਸਿਖਲਾਈ ਲਈ ਭੇਜਿਆ ਗਿਆ। ਜਿਥੇ ਇਕ ਸਾਲ ਦੀ ਸਿਖਲਾਈ ਤੋਂ ਬਾਦ ਉਹ ਆਪਣੇ ਜ਼ਿਲ੍ਹੇ ਵਿਚ ਵਾਪਸ ਆ ਗਈਆਂ। ਦੋ ਸਾਲ ਵਿਚ ਹੀ ਉਨ੍ਹਾਂ ਨੇ ਤਿੰਨ ਜ਼ਿਲ੍ਹਿਆਂ ਵਿਚ ਆਪਣੇ ਸੰਪਰਕ ਬਣਾ ਲਏ। ਅਤੇ ਉਹ 500 ਕਬਾਇਲੀ ਕੁੜੀਆਂ ਨੂੰ ਹੋਸਟਲ ਵਿਚ ਭੇਜਣ ਵਿਚ ਕਾਮਯਾਬ ਹੋ ਗਈਆਂ। ਉਨ੍ਹਾਂ ਵਿੱਚੋਂ ਜਿਨ੍ਹਾਂ ਨੇ ਵਾਪਸ ਆਕੇ ਵਿਆਹ ਕਰਵਾ ਲਏ, ਉਹ ਗ੍ਰਿਹਸਥੀ ਜੀਵਨ ਜਿਉਂਦੇ ਹੋਏ ਗ੍ਰਹਿਣੀ ਸੇਵਕਾ ਜਾਂ ਜੁਜ਼ਵਕਤੀ ਵਜੋਂ ਕੰਮ ਕਰ ਰਹੀਆਂ ਹਨ। ਏਕਲ ਵਿਦਿਆਲਿਆ (ਆਰ. ਐੱਸ. ਐੱਸ. ਦੇ ਇਕ ਅਧਿਆਪਕ ਵਾਲੇ ਗ਼ੈਰਰਸਮੀ ਸਕੂਲ ਜਿਥੇ ਸੋਇਮਸੇਵਕ ਵਲੋਂ 40 ਵਿਦਿਆਰਥੀਆਂ ਦੀ ਰੋਜ਼ਾਨਾ ਤਿੰਨ ਘੰਟੇ ਜਮਾਤ ਲਗਾਈ ਜਾਂਦੀ ਹੈ) ਇਨ੍ਹਾਂ ਪ੍ਰਚਾਰਕ ਔਰਤਾਂ ਦੀ ਬੱਚੀਆਂ ਦੇ ਮਾਪਿਆਂ ਨੂੰ ਆਪਣੇ ਜਾਲ ਵਿਚ ਫਸਾਉਣ ਦੇ ਮਿਸ਼ਨ ਵਿਚ ਬਹੁਤ ਸਹਾਇਤਾ ਕਰਦਾ ਹੈ।

ਇਸ ਤਰੀਕੇ ਨਾਲ ਆਰ.ਐੱਸ.ਐੱਸ. ਬਹੁਤ ਹੀ ਸੂਖ਼ਮ ਯੁੱਧਨੀਤੀ ਤਹਿਤ ਕਬਾਇਲੀ ਅਤੇ ਹੋਰ ਖੇਤਰਾਂ ਵਿਚ ਡੂੰਘੀ ਘੁਸਪੈਠ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਹਿੰਦੂਤਵੀ ਸੰਸਕ੍ਰਿਤੀ ਨਾਲ ਜੋੜ ਰਿਹਾ ਹੈ। ਇਹ ਮੁਹਿੰਮ ਮਹਿਜ਼ ਕਬਾਇਲੀ ਖੇਤਰਾਂ ਤਕ ਮਹਿਦੂਦ ਨਹੀਂ ਹੈ, ਹਰ ਥਾਂ ਹੀ ਵੱਖ-ਵੱਖ ਨਾਵਾਂ ਹੇਠ ਆਰ.ਐੱਸ.ਐੱਸ. ਦਾ ਤਾਣਾਬਾਣਾ ਬਹੁਤ ਸਰਗਰਮ ਹੈ। ਬੇਸ਼ਕ ਆਊਟਲੁੱਕ ਅਤੇ ਕੋਬਰਾਪੋਸਟ ਦੇ ਸਟਿੰਗ ਓਪਰੇਸ਼ਨ ਬੱਚੀਆਂ ਦੀ ਤਸਕਰੀ ਦੇ ਇਕ ਖ਼ਾਸ ਵਰਤਾਰੇ ਬਾਬਤ ਹਨ ਪਰ ਇਹ ਇਕ ਵੱਡੇ ਖ਼ਤਰੇ ਵੱਲ ਇਸ਼ਾਰਾ ਕਰਦੇ ਹਨ। ਇਸ ਡੂੰਘੀ ਸਾਜ਼ਿਸ਼ ਬਾਰੇ ਬਹੁਤ ਚੁਕੰਨੇ ਹੋਣ ਦੀ ਲੋੜ ਹੈ ਅਤੇ ਇਸ ਦੀ ਘੁਸਪੈਠ ਦੇ ਖ਼ਤਰੇ ਨੂੰ ਹਰਗਿਜ਼ ਘਟਾਕੇ ਨਹੀਂ ਵੇਖਣਾ ਚਾਹੀਦਾ। ਹਰ ਇਲਾਕੇ ਵਿਚ ਇਹ ਨੋਟ ਕਰਨ ਦੀ ਲੋੜ ਹੈ ਉਥੇ ਲੋਕ ਭਲਾਈ ਦੇ ਨਾਂ ਹੇਠ ਜੋ ਸੰਸਥਾਵਾਂ ਕੰਮ ਕਰ ਰਹੀਆਂ ਹਨ ਉਨ੍ਹਾਂ ਦੇ ਕਾਰਕੁੰਨਾਂ ਦਾ ਪਿਛੋਕੜ ਕੀ ਹੈ। ਉਨ੍ਹਾਂ ਦਾ ਅਸਲ ਚਿਹਰਾ ਬੇਨਕਾਬ ਕੀਤਾ ਜਾਣਾ ਚਾਹੀਦਾ ਹੈ ਅਤੇ ਅਵਾਮ ਨੂੰ ਉਨ੍ਹਾਂ ਦੇ ਮਨਸੂਬਿਆਂ ਬਾਰੇ ਜਾਗਰੂਕ ਕਰਨ ਲਈ ਗੰਭੀਰਤਾ ਨਾਲ ਯਤਨ ਜੁਟਾਉਣੇ ਚਾਹੀਦੇ ਹਨ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੀਂ ਕਮੇਟੀ ਦੀ ਚੋਣ



ਕੈਲਗਰੀ (ਮਹਿੰਦਰਪਾਲ ਸਿੰਘ ਪਾਲ); ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੰਬਰ ਮਹੀਨੇ ਦੀ ਮਾਸਿਕ ਇਕੱਤਰਤਾ 19 ਤਰੀਕ ਨੂੰ ਤਰਲੋਚਨ ਸਿੰਘ ਸੈਹਿੰਬੀ ਦੀ ਪ੍ਰਧਾਨਗੀ ਹੇਠ ਕੋਸੋ ਦੇ ਹਾਲ ਵਿਚ ਹੋਈ। ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਦਾ ਸਾਥ ਜਸਵੰਤ ਸਿੰਘ ਗਿੱਲ, ਬਲਜਿੰਦਰ ਸੰਘਾ, ਰਣਜੀਤ ਸਿੰਘ ਨੇ ਦਿੱਤਾ।

ਮੀਟਿੰਗ ਦੀ ਸ਼ੁਰੂਆਤ ਵਿੱਚ ਸਕੱਤਰ ਬਲਬੀਰ ਗੋਰਾ ਨੇ ਕਵੀਸ਼ਰ ਜੋਗਾ ਸਿੰਘ ਜੋਗੀ ਅਤੇ ਪ੍ਰਸਿੱਧ ਸ਼ਾਇਰ ਗਿੱਲ ਮੋਰਾਂਵਾਲੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਮੂਹ ਸਭਾ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਨਾਲ ਹੀ ਵਿਸ਼ਵ ਯੁੱਧਾਂ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਇਸ ਤੋਂ ਉਪਰੰਤ ਉਸ ਨੇ ਸਭਾ ਦੇ ਬਾਨੀ ਮੈਂਬਰ ਜਸਵੰਤ ਸਿੰਘ ਗਿੱਲ ਜੀ ਨੂੰ ਬੇਨਤੀ ਕੀਤੀ ਕਿ ਉਹ ਅਗਲੇ ਦੋ ਸਾਲ ਲਈ ਨਵੀਂ ਚੁਣੀ ਕਾਰਜਕਾਰੀ ਕਮੇਟੀ ਦੇ ਨਾਮ ਹਾਜ਼ਰੀਨ ਸਾਹਮਣੇ ਨਸ਼ਰ ਕਰਨ। ਜਸਵੰਤ ਸਿੰਘ ਗਿੱਲ ਨੇ ਜਿੱਥੇ ਨਵੀਂ ਕਮੇਟੀ ਨੂੰ ਵਧਾਈ ਦਿੱਤੀ ਉੱਥੇ ਪਿਛਲੀ ਕਮੇਟੀ ਦੇ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਉਨ੍ਹਾਂ ਸਭਾ ਦੇ ਬਾਨੀ ਸ੍ਰੀ ਇਕਬਾਲ ਅਰਪਨ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਸਭਾ ਅਰਪਨ ਜੀ ਦਾ ਸੁਪਨਾ ਸੀ ਅਤੇ ਇਹ ਵੇਖ ਕੇ ਬੜੀ ਖ਼ੁਸ਼ੀ ਹੁੰਦੀ ਹੈ ਕਿ ਸਭਾ ਲਗਾਤਾਰ ਪ੍ਰਗਤੀ ਵੱਲ ਵਧਦੀ ਆ ਰਹੀ ਹੈ ਅਤੇ ਅੱਜ ਇਸ ਦਾ ਸ਼ੁਮਾਰ ਵਿਸ਼ਵ ਭਰ ਦੀਆਂ ਚੋਣਵੀਆਂ ਸਭਾਵਾਂ ਵਿਚ ਸ਼ਾਮਲ ਹੈ। ਫਿਰ ਉਨ੍ਹਾਂ ਨੇ ਨਵੀਂ ਕਮੇਟੀ ਦੇ ਮੈਂਬਰਾਂ ਦੇ ਨਾਮ ਸਾਂਝੇ ਕੀਤੇ ਜੋ ਇਸ ਪ੍ਰਕਾਰ ਹਨ; ਪ੍ਰਧਾਨ-ਬਲਜਿੰਦਰ ਸੰਘਾ, ਮੀਤ ਪ੍ਰਧਾਨ-ਗੁਰਬਚਨ ਸਿੰਘ ਬਰਾੜ, ਜਨਰਲ ਸਕੱਤਰ- ਰਣਜੀਤ ਸਿੰਘ, ਸਹਾਇਕ ਸਕੱਤਰ-ਜੋਰਾਵਰ ਬੰਸਲ, ਖ਼ਜ਼ਾਨਚੀ-ਮੰਗਲ ਚੱਠਾ, ਸਹਾਇਕ ਖ਼ਜ਼ਾਨਚੀ- ਗੁਰਲਾਲ ਸਿੰਘ ਰੁਪਾਲੋਂ, ਐਗਜ਼ੈਕਟਿਵ ਮੈਂਬਰ - ਦਵਿੰਦਰ ਮਲਹਾਂਸ, ਤਰਲੋਚਨ ਸਿੰਘ ਸੈਹਿੰਬੀ, ਬਲਬੀਰ ਗੋਰਾ, ਹਰੀਪਾਲ ਅਤੇ ਮਹਿੰਦਰਪਾਲ ਸਿੰਘ ਪਾਲ।

ਇਸ ਤੋਂ ਉਪਰੰਤ ਪਿਛਲੇ ਦੋ ਸਾਲਾਂ ਤੋਂ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾ ਰਹੇ ਤਰਲੋਚਨ ਸੈਹਿੰਬੀ ਨੇ ਨਵੀਂ ਕਮੇਟੀ ਨੂੰ ਵਧਾਈ ਦਿੱਤੀ ਅਤੇ ਸਭ ਹਾਜ਼ਰੀਨ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਨਵੇਂ ਪ੍ਰਧਾਨ ਬਲਜਿੰਦਰ ਸੰਘਾ ਨੇ ਆਪਣੀ ਜ਼ਿੰਮੇਵਾਰੀ ਸੰਭਾਲਦੇ ਹੋਏ ਸਭਾ ਦੀ ਤਰੱਕੀ ਲਈ ਯਤਨਸ਼ੀਲ ਰਹਿਣ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਅਗਰ ਸਭਾ ਅਗਲੀ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਵਿਚ ਸਫਲ ਰਹੀ ਤਾਂ ਇਹ ਸਭਾ ਦੀ ਵੱਡੀ ਪ੍ਰਾਪਤੀ ਹੋਵੇਗੀ। ਉਨ੍ਹਾਂ ਹਾਜ਼ਰੀਨ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ। ਸਕੱਤਰ ਰਣਜੀਤ ਸਿੰਘ ਨੇ ਵੀ ਸਭਾ ਦੀ ਤਨ, ਮਨ ਨਾਲ ਜ਼ਿੰਮੇਵਾਰੀ ਨਿਭਾਉਣ ਦਾ ਵਾਅਦਾ ਕੀਤਾ।

ਰਚਨਾਵਾਂ ਦੇ ਦੌਰ ਡਾ. ਮਨਮੋਹਨ ਸਿੰਘ ਬਾਠ ਨੇ ਇੱਕ ਸ਼ਿਵ ਕੁਮਾਰ ਬਟਾਲਵੀ ਦੇ ਲਿਖੇ ਇੱਕ ਗੀਤ ਨਾਲ ਸ਼ੁਰੂ ਕੀਤਾ। ਹਰੀਪਾਲ ਨੇ ਆਪਣਾ ਲੇਖ —ਕਿਤਾਬਾਂ ਦੇ ਅੰਗ ਸੰਗ— ਪੜ੍ਹਿਆ ਜਿਸ ਵਿਚ ਉਨ੍ਹਾਂ ਲਿਖਾਰੀਆਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਜਿਸ ਤਰਾਂ ਸਰੀਰ ਲਈ ਕਸਰਤ ਜ਼ਰੂਰੀ ਹੈ ਉਸੇ ਤਰਾਂ ਦਿਮਾਗ ਦੀ ਕਸਰਤ ਲਈ ਕਿਤਾਬਾਂ ਪੜ੍ਹਨਾ ਵੀ ਜ਼ਰੂਰੀ ਹੈ। ਮਹਿੰਦਰਪਾਲ ਸਿੰਘ ਪਾਲ ਨੇ —ਖ਼ਾਮੋਸ਼ ਰਾਤ— ਨਾਮ ਦੀਆਂ ਦੋ ਸੂਖਮ ਕਵਿਤਾਵਾਂ ਸਾਂਝੀਆਂ ਕੀਤੀਆਂ। ਸਰਵਣ ਸਿੰਘ ਸੰਧੂ ਨੇ ਨਸ਼ਿਆਂ ਬਾਰੇ ਇੱਕ ਰਚਨਾ ਪੜ੍ਹੀ। ਗੁਰਬਚਨ ਸਿੰਘ ਬਰਾੜ ਨੇ ਬਲਦੇਵ ਸਿੰਘ ਸੜਕਨਾਮਾ ਵੱਲੋਂ ਲਿਖੀ ਵਿਵਾਦਗ੍ਰਸਤ ਕਿਤਾਬ —ਸੂਰਜ ਦੀ ਅੱਖ— ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਪੰਜਾਬ ਸਰਕਾਰ ਵੱਲੋਂ ਬਲਦੇਵ ਸਿੰਘ ਨਾਲ ਕੀਤੇ ਜਾ ਰਹੇ ਵਿਵਹਾਰ ਦੀ ਸਖ਼ਤ ਨਿਖੇਧੀ ਕੀਤੀ। ਗੁਰਬਚਨ ਸਿੰਘ ਬਰਾੜ ਨੇ ਇੱਕ ਮਤਾ ਰੱਖਿਆ ਜਿਸ ਵਿਚ ਪੰਜਾਬ ਸਰਕਾਰ ਤੋਂ ਬਲਦੇਵ ਸਿੰਘ ਖ਼ਿਲਾਫ਼ ਸਭ ਕਾਰਵਾਈਆਂ ਨੂੰ ਤੁਰੰਤ ਰੋਕਣ ਦੀ ਮੰਗ ਕੀਤੀ। ਹਾਜ਼ਰੀਨ ਨੇ ਹੱਥ ਖੜ੍ਹੇ ਕਰ ਕੇ ਇਸ ਮਤੇ ਦੀ ਪ੍ਰਵਾਨਗੀ ਦਾ ਇਜ਼ਹਾਰ ਕੀਤਾ। ਗੁਰਬਚਨ ਸਿੰਘ ਬਰਾੜ ਨੇ ਪਿਛਲੇ ਦਿਨੀਂ ਸਰੀ ਵਿਚ ਉੱਤਰੀ ਅਮਰੀਕਾ ਦੇ ਲੇਖਕਾਂ ਦਾ ਸੰਮੇਲਨ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਜਿਸ ਵਿਚ ਉਨ੍ਹਾਂ ਖ਼ੁਦ ਵੀ ਸ਼ਿਰਕਤ ਕੀਤੀ ਸੀ। ਉਨ੍ਹਾਂ ਇਸ ਨੂੰ ਇੱਕ ਕਾਮਯਾਬ ਸੰਮੇਲਨ ਕਿਹਾ। ਗੁਰਚਰਨ ਕੌਰ ਥਿੰਦ ਨੇ ਨਵੀਂ ਕਮੇਟੀ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਇੱਕ ਨਵੇਂ ਸਰਵੇਖਣ ਦੇ ਅੰਕੜੇ ਸਾਂਝੇ ਕੀਤੇ ਜਿਸ ਵਿਚ ਕੈਨੇਡਾ ਦੇ ਵਸਨੀਕਾਂ ਨੇ ਇਹ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਕੈਨੇਡਾ ਨੂੰ ਮੁਸਲਿਮ ਅਤੇ ਸਿੱਖ ਧਰਮ ਤੋਂ ਖ਼ਤਰਾ ਹੋ ਸਕਦਾ ਹੈ। ਉਨ੍ਹਾਂ ਕਿਹਾ ਸਮਾਜ ਵਿਚ ਇਸ ਤਰਾਂ ਦੀ ਭਾਵਨਾ ਕਿਉਂ ਹੈ ਇਸ ਬਾਰੇ ਸਾਨੂੰ ਸੋਚਣ ਦੀ ਲੋੜ ਹੈ। ਉਨ੍ਹਾਂ ਕਮਿਊਨਿਟੀ ਵਿਚ ਘਰੇਲੂ ਹਿੰਸਾ ਨੂੰ ਰੋਕਣ ਬਾਰੇ ਹੋ ਰਹੇ ਯਤਨਾਂ 'ਤੇ ਵੀ ਚਾਨਣਾ ਪਾਇਆ। ਮਾਸਟਰ ਭਜਨ ਸਿੰਘ ਗਿੱਲ ਨੇ ਬਲਦੇਵ ਸਿੰਘ ਸੜਕਨਾਮਾ ਦੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਸਮਾਜ ਦਰਪੇਸ਼ ਹੋਰ ਮੁਸ਼ਕਲਾਂ ਬਾਰੇ ਵੀ ਵਿਚਾਰ ਪੇਸ਼ ਕੀਤੇ। ਡਾ. ਹਰਭਜਨ ਸਿੰਘ ਢਿੱਲੋਂ ਅਤੇ ਬਚਿੱਤਰ ਸਿੰਘ ਗਿੱਲ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਜਸਬੀਰ ਸਿੰਘ ਸਹੋਤਾ ਨੇ ਇਸ ਬੈਠਕ ਵਿਚ ਪੇਸ਼ ਕੀਤੇ ਗਏ ਵਿਚਾਰਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਜੋਰਾਵਰ ਬੰਸਲ ਨੇ ਇੱਕ ਮਿੰਨੀ ਪੇਸ਼ ਕੀਤੀ। ਗੁਰਦੀਸ਼ ਕੌਰ ਗਰੇਵਾਲ ਨੇ ਆਪਣੀ ਇੱਕ ਗ਼ਜ਼ਲ ਤਰੰਨਮ ਵਿਚ ਪੇਸ਼ ਕੀਤੀ। ਨਵਪ੍ਰੀਤ ਰੰਧਾਵਾ ਨੇ ਘਰੇਲੂ ਹਿੰਸਾ ਬਾਰੇ ਗੱਲ ਬਾਤ ਕੀਤੀ ਅਤੇ ਆਪਣੀ ਗ਼ਜ਼ਲ ਦੇ ਚੰਦ ਸ਼ਿਅਰ ਸਾਂਝੇ ਕੀਤੇ। ਲਖਵਿੰਦਰ ਜੌਹਲ ਨੇ ਆਪਣੀ ਇੱਕ ਰਚਨਾ ਸਾਂਝੀ ਕੀਤੀ। ਮਨਜੀਤ ਕਾਂਡਾ ਨੇ ਬੇਘਰੇ ਲੋਕਾਂ ਬਾਰੇ ਕੁੱਝਆਂਕੜੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਘਰੇਲੂ ਹਿੰਸਾ ਨਾਲ ਜੋੜ ਕੇ ਆਪਣੇ ਵਿਚਾਰ ਪੇਸ਼ ਕੀਤੇ। ਸੁਖਪਾਲ ਪਰਮਾਰ ਨੇ ਸੁਲੱਖਣ ਸਿੰਘ ਰਿਆੜ ਦੀ ਕਵੀਸ਼ਰ ਜੋਗਾ ਸਿੰਘ ਜੋਗੀ ਬਾਰੇ ਲਿਖੀ ਰਚਨਾ ਸਾਂਝੀ ਕੀਤੀ। ਸੁਖਵਿੰਦਰ ਤੂਰ ਨੇ ਸੁਰਜੀਤ ਪਾਤਰ ਦੀ ਇੱਕ ਗ਼ਜ਼ਲ ਗਾ ਕੇ ਪੇਸ਼ ਕੀਤੀ। ਜਰਨੈਲ ਸਿੰਘ ਤੱਗੜ ਨੇ ਸੁਰਜੀਤ ਸਿੰਘਪੰਨੂ ਦਾ ਗੀਤ ਪੜ੍ਹ ਕੇ ਸੁਣਾਇਆ। ਮੰਗਲ ਚੱਠਾ ਨੇ ਆਪਣੇ ਕੁੱਝ ਵਿਚਾਰ ਸਾਂਝੇ ਕੀਤੇ। ਬਚਿੱਤਰ ਸਿੰਘ ਗਿੱਲ ਨੇ ਇੱਕ ਕਵੀਸ਼ਰੀ ਪੇਸ਼ ਕੀਤੀ।

ਅਖੀਰ ਵਿਚ ਪ੍ਰਧਾਨ ਬਲਜਿੰਦਰ ਸੰਘਾ ਨੇ ਆਏ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਸਭਾ ਦੀ ਅਗਲੀ ਮੀਟਿੰਗ 17 ਦਸੰਬਰ ਨੂੰ ਹੋਵੇਗੀ। ਵਧੇਰੇ ਜਾਣਕਾਰੀ ਲਈ ਪਾਠਕ ਬਲਜਿੰਦਰ ਸੰਘਾ ਨਾਲ 403-680-3212 ਜਾਂ ਰਣਜੀਤ ਸਿੰਘ ਨਾਲ 403-714-6848 'ਤੇ ਸੰਪਰਕ ਕਰ ਸਕਦੇ ਹਨ।

# ਸਾਥੀ ਰਣਜੀਤ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਉਸਦੇ ਰਾਹ ਤੁਰਦੇ ਰਹਿਣ ਦਾ ਕੀਤਾ ਪ੍ਰਣ








(ਜਸਵੰਤ ਜੀਰਖ)

ਹਮੇਸ਼ਾ ਸੱਚ ਤੇ ਪਹਿਰਾ ਦੇਣ ਵਾਲੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸ. ਰਣਜੀਤ ਸਿੰਘ ਬੀ. ਪੀ. ਈ. ਓ. ਜਗਰਾਓਂ ਦੇ ਅਚਾਨਕ ਸਦੀਵੀ ਵਿਛੋੜਾ ਦੇਣ ਨਾਲ ਜਿੱਥੇ ਉਹਨਾਂ ਦੇ ਪਰਿਵਾਰ ਸਮੇਤ ਤਰਕਸ਼ੀਲ, ਇਨਕਲਾਬੀ ਤੇ ਜਮਹੂਰੀ ਲਹਿਰ ਨੂੰ ਗਹਿਰੀ ਸੱਟ ਵੱਜੀ ਹੈ, ਉਥੇ ਸਮੁੱਚੇ ਸਮਾਜ ਨੂੰ ਵੀ ਪਏ ਇਸ ਘਾਟੇ ਨੂੰ ਪੂਰਾ ਕਰਨਾ ਅਸੰਭਵ ਮਹਿਸੂਸ ਕੀਤਾ ਜਾ ਰਿਹਾ ਹੈ। ਉਹਨਾਂ ਦੇ ਸੰਗੀ ਸਾਥੀ ਹੱਕੀ ਲੜਾਈਆਂ ਲੜਨ ਵਾਲੇ ਅਧਿਆਪਕ ਆਪਣੇ ਆਪ ਨੂੰ ਅਪਾਹਜ ਹੋਏ ਮਹਿਸੂਸ ਕਰ ਰਹੇ ਹਨ। ਵਿਦਿਆਰਥੀ ਜੀਵਨ ਦੌਰਾਨ ਹੀ ਵਿਦਿਆਰਥੀ ਜਥੇਬੰਦੀ (ਪੀ. ਐਸ. ਯੂ. ) ਦਾ ਅੰਗ ਬਣਕੇ ਹਨੇਰਿਆਂ ਸੰਗ ਟਕਰਾਉਣ ਦੀ ਪ੍ਰੇਰਨਾ ਲੈਕੇ ਸਿਖਿਆ ਵਿਭਾਗ ਵਿੱਚ ਬਤੌਰ ਪ੍ਰਾਇਮਰੀ ਅਧਿਆਪਕ ਪ੍ਰਵੇਸ ਕਰਕੇ ਹੈੱਡ ਟੀਚਰ, ਸੈਂਟਰ ਹੈੱਡ ਟੀਚਰ ਤੇ ਅੰਤ ਸਮੇਂ ਤੋਂ ਦੋ ਮਹੀਨੇ ਪਹਿਲਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜਗਰਾਓਂ ਨਿਯੁਕਤ ਹੋਏ। ਉਹਨਾਂ ਜਿੱਥੇ-ਜਿੱਥੇ ਵੀ ਆਪਣੀ ਸੇਵਾ ਨਿਭਾਈ ਉਥੇ ਸਾਰੇ ਹਾਲਾਤਾਂ ਦੀ ਨੁਹਾਰ ਬਦਲਦਿਆਂ ਵਿਲੱਖਣ ਤਰ੍ਹਾਂ ਦੀ ਕਾਰਗੁਜ਼ਾਰੀ ਵਿਖਾਉਂਦਿਆਂ ਸਮਾਜ ਵਿੱਚ ਫੈਲੀਆਂ ਗਲਤ ਅਲਾਮਤਾਂ ਨਾਲ ਮੱਥਾ ਲਾਉਣ ਤੋਂ ਪਾਸਾ ਨਹੀਂ ਵੱਟਿਆ। ਬਲਾਕ ਜਗਰਾਓਂ ਵਿਖੇ ਤਾਇਨਾਤ ਹੁੰਦਿਆਂ ਹੀ ਇਸ ਅਦਾਰੇ ਦੇ ਭਰਿਸ਼ਟ ਅਨਸਰਾਂ ਨੂੰ ਪਹਿਚਾਨਕੇ ਬਲਾਕ ਸਿੱਖਿਆ ਦਫਤਰ ਵਿਚੋਂ ਉਹਨਾਂ ਦੇ ਚਿਹਰੇ ਬੇ ਪੜਦ ਕਰਨ ਦਾ ਬੀੜਾ ਚੁੱਕਿਆ। ਕਰੋੜਾਂ ਦੇ ਘਪਲਿਆਂ ਦੀ ਪੈੜ ਨੱਪੀ, ਜਿਸ ਦਾ ਭਰਿਸ਼ਟ ਚਿਹਰਿਆਂ ਤੇ ਮਾਤਮ ਛਾਉਣਾ ਲਾਜ਼ਮੀ ਸੀ। ਪਰ ਕੁਦਰਤ ਦੇ ਨਿਯਮਾਂ ਅਨੁਸਾਰ ਕੁਝ ਹੋਰ ਹੀ ਵਾਪਰ ਗਿਆ ਜਿਸ ਦੀ ਕੋਈ ਆਸ ਹੀ ਨਹੀਂ ਸੀ। ਸਾਡੇ ਦੇਸ਼ ਦੇ ਵਾਤਾਵਰਣ, ਹਵਾ, ਪਾਣੀ ਤੇ ਜ਼ਮੀਨ ਵਿੱਚ ਜ਼ਹਿਰਾਂ ਘੋਲਣ ਲਈ ਜ਼ੁੰਮੇਵਾਰ ਸਰਮਾਏ ਦੀ ਦੌੜ ਵਿੱਚ ਲੱਗੀਆਂ ਤਾਕਤਾਂ, ਸਾਡਾ ਰਣਜੀਤ ਹਮੇਸ਼ਾ ਲਈ ਸਾਡੇ ਤੋਂ ਖੋਹਣ ਲਈ ਜ਼ੁੰਮੇਵਾਰ ਹਨ, ਜਿਹਨਾਂ ਖ਼ਿਲਾਫ ਉਹ ਆਪਣੀ ਆਵਾਜ਼ ਉਠਾਉਂਦਾ ਰਿਹਾ ਅਤੇ ਸਮਾਜ ਨੂੰ ਉਹਨਾਂ ਤੋਂ ਮੁਕਤ ਕਰਵਾਉਣ ਲਈ ਅੰਤ ਤੱਕ ਜੂਝਦਾ ਰਿਹਾ।

ਜਿਉਂਦਿਆਂ ਹੀ ਨਹੀਂ ਸਗੋਂ ਮਰਨ ਉਪਰੰਤ ਵੀ ਆਪਣਾ ਸਰੀਰ ਲੋਕਾਂ ਦੀਆਂ ਬਿਮਾਰੀਆਂ ਦੇ ਇਲਾਜਾਂ ਲਈ ਖੋਜ ਕਾਰਜਾਂ ਵਾਸਤੇ ਸੀ ਐਮ ਸੀ ਹਸਪਤਾਲ ਲੁਧਿਆਣਾ ਦੇ ਨਾਂ ਕਰ ਗਿਆ। ਉਹਨਾਂ ਦੀ ਜੀਵਨ ਸਾਥਣ ਕੁਲਵੰਤ ਕੌਰ ਅਤੇ ਬੇਟੀਆਂ ਤੇ ਬੇਟੇ ਵੱਲੋਂ ਬੜੀ ਸਿਦਕਦਿਲੀ ਨਾਲ ਉਪਰੋਕਤ ਹਸਪਤਾਲ ਨੂੰ ਉਹਨਾਂ ਦਾ ਮਿਰਤਕ ਸਰੀਰ ਦਾਨ ਕੀਤਾ ਅਤੇ ਉਹਨਾਂ ਦੀਆਂ ਅੱਖਾਂ ਪੁਨਰ ਜੋਤ ਆਈ ਬੈਂਕ ਲੁਧਿਆਣਾ (ਡਾ.ਰਮੇਸ਼) ਨੂੰ ਨਿਗ੍ਹਾਹੀਣ ਲੋਕਾਂ ਦੀ ਦੁਨੀਆਂ ਰੌਸ਼ਨ ਕਰਨ ਲਈ ਦਿੱਤੀਆਂ ਗਈਆਂ।

ਅੱਜ 26 ਨਵੰਬਰ ਨੂੰ ਸਾਥੀ ਰਣਜੀਤ ਸਿੰਘ ਦੇ ਸ਼ੋਕ ਸਮਾਗਮ ਸਮੇਂ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਨੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਆਪਣੇ ਜਜ਼ਬਾਤ ਸਾਂਝੇ ਕੀਤੇ। ਡੈਮੋਕ੍ਰੇਟਿਕ ਟੀਚਰ ਫਰੰਟ ਵੱਲੋਂ ਤਿਆਰ ਕੀਤਾ ਵਿਸ਼ੇਸ਼ ਸ਼ਰਧਾਂਜਲੀ ਪੱਤਰ ਮਾ. ਬਲਦੇਵ ਰਾਜ ਲੰਮਾ, ਸੀ. ਐਚ. ਟੀ. ਹਾਂਸ ਕਲਾਂ ਨੇ ਪੜ੍ਹਿਆ ਅਤੇ ਪਰਿਵਾਰ ਨੂੰ ਸਮਰਪਿਤ ਕੀਤਾ।

ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਸਾਥੀ ਰਣਜੀਤ ਜੋ ਪੈੜਾਂ ਸਾਡੇ ਲਈ ਛੱਡ ਗਏ ਹਨ, ਅਸੀਂ ਉਹਨਾਂ ਤੇ ਚਲਦਿਆਂ ਹਰ ਹੀਲੇ ਉਹ ਮੰਜ਼ਲ ਤਹਿ ਕਰਾਂਗੇ ਜਿਸ ਦੇ ਉਹ ਰਾਹੀ ਸਨ। ਉਹਨਾਂ ਨਾਲ ਸੰਘਰਸ਼ਾਂ ਦੇ ਪਿੜ ਵਿੱਚ ਨਿਭਾਏ ਸਮਿਆਂ ਨੂੰ ਯਾਦ ਕਰਦਿਆਂ ਦੱਸਿਆ ਕਿ ਸਾਥੀ ਰਣਜੀਤ ਜਿੰਨਾਂ ਸਮਾਂ ਵੀ ਸਾਡੇ ਨਾਲ ਜੀਵਿਆ, ਬਹੁਤ ਹੀ ਸਿਦਕਦਿਲੀ ਤੇ ਇਮਾਨਦਾਰੀ ਨਾਲ ਜੀਵਿਆ। ਹਰ ਔਖੀ ਸੌਖੀ ਘੜੀ ਅਸੀਂ ਸਾਥੀ ਦੇ ਪਰਿਵਾਰ ਦੇ ਅੰਗ ਸੰਗ ਰਹਿਕੇ ਉਹਨਾਂ ਦੇ ਗ਼ਮਾਂ ਨੂੰ ਘਟਾਉਣ ਲਈ ਹਰ ਯਤਨ ਕਰਦੇ ਰਹਾਂਗੇ।

ਤਰਕਸ਼ੀਲ ਸੁਸਾਇਟੀ ਦੇ ਆਗੂ ਜਸਵੰਤ ਜੀਰਖ ਨੇ ਸਾਥੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸਾਡੇ ਸਮਾਜ ਵਿੱਚ ਦੋ ਤਰ੍ਹਾਂ ਦੇ ਲੋਕ ਹਨ, ਇਕ ਉਹ ਜੋ ਹਰ ਤਰ੍ਹਾਂ ਦੇ ਭਰਿਸ਼ਟ ਕੰਮ ਕਰਕੇ ਮਾਇਆ ਤੇ ਜਾਇਦਾਦਾਂ ਇਕੱਠੀਆਂ ਕਰਦੇ ਹਨ ਤੇ ਸਮਾਜ ਵਿੱਚ ਗੰਦ ਪਾਉਂਦੇ ਹਨ, ਦੂਜੇ ਉਹ ਹਨ ਜੋ ਇਹਨਾਂ ਗੰਦ ਪਾਉਣ ਵਾਲਿਆਂ ਨੂੰ ਵੰਗਾਰਦੇ ਹਨ ਤੇ ਗੰਦ ਸਾਫ਼ ਕਰਦੇ ਹਨ। ਸਾਥੀ ਰਣਜੀਤ ਦਾ ਨਾਂ ਦੂਜੇ ਨੰ. ਵਾਲਿਆਂ 'ਚ ਵੰਗਾਰਨ ਤੇ ਸਮਾਜ ਦੀ ਸਫਾਈ ਕਰਨ ਵਾਲਿਆਂ ਵਿੱਚ ਲਿਆ ਜਾਂਦਾ ਰਹੇਗਾ। ਉਹਨਾਂ ਸਪਸ਼ਟ ਕੀਤਾ ਕਿ ਅਸੀਂ ਲੋਕ ਮਰਨ ਬਾਅਦ ਕਿਸੇ ਸਵਰਗ ਨਰਕ ਦੀ ਆਸ ਨਹੀਂ ਰੱਖਦੇ ਸਗੋਂ ਇਸੇ ਜਨਮ ਵਿੱਚ ਇਸੇ ਸਮਾਜ ਨੂੰ ਸਵਰਗ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਹਾਂ, ਜੋ ਸਾਥੀ ਰਣਜੀਤ ਵੀ ਚਾਹੁੰਦਾ ਸੀ। ਇਸ ਲਈ ਸਮੁੱਚੇ ਸਮਾਜ ਨੂੰ ਉਹਨਾਂ ਦੇ ਵਿਚਾਰਾਂ ਤੇ ਪਹਿਰਾ ਦੇਣ ਲਈ ਅੱਗੇ ਆਉਣਾ ਹੀ ਉਹਨਾ ਲਈ ਸੱਚੀ ਸ਼ਰਧਾਂਜਲੀ ਹੈ। ਉਹਨਾਂ ਇਸ ਸਮੇਂ ਸਾਥੀ ਰਣਜੀਤ ਦੀਆਂ ਦੋਵੇਂ ਬੇਟੀਆਂ ਜਸਪਿੰਦਰ, ਪ੍ਰੀਤ ਕਮਲ ਅਤੇ ਨਿਊਜੀਲੈਂਡ ਤੋਂ ਪਰਤੇ ਬੇਟੇ ਅੰਮ੍ਰਿਤ ਨੇ ਆਪਣੇ ਪਿਤਾ ਦੇ ਪਦ-ਚਿੰਨ੍ਹਾਂ ਤੇ ਚਲਦਿਆਂ ਆਪਣੀ ਮੌਤ ਉਪਰੰਤ ਆਪਣੇ ਸਰੀਰ ਵੀ ਬੜੀ ਸਿਦਕਦਿਲੀ ਨਾਲ ਖੋਜ ਕਾਰਜਾਂ ਲਈ ਹਸਪਤਾਲ ਨੂੰ ਦੇਣ ਦੇ ਕੀਤੇ ਐਲਾਨ ਬਾਰੇ ਵੀ ਲੋਕਾਂ ਜਾਣਕਾਰੀ ਦਿੱਤੀ, ਜਦੋਂ ਕਿ ਸਾਥੀ ਦੀ ਜੀਵਨ ਸਾਥਣ ਕੁਲਵੰਤ ਕੌਰ ਨੇ ਆਪਣਾ ਸਰੀਰ ਪਹਿਲਾਂ ਹੀ ਇਸੇ ਤਰ੍ਹਾਂ ਦਾਨ ਦੇਣ ਦੀ ਵਸੀਅਤ ਕੀਤੀ ਹੋਈ ਹੈ।

ਡੈਮੋਕ੍ਰੇਟਿਕ ਟੀਚਰ ਫਰੰਟ ਦੇ ਜਨਰਲ ਸਕੱਤਰ ਮਾ. ਦਵਿੰਦਰ ਸਿੰਘ ਪੂਨੀਆਂ ਨੇ ਆਪਣੇ ਸ਼ਰਧਾਂਜਲੀ ਸ਼ਬਦਾਂ ਰਾਹੀਂ ਅੱਜ ਵਿੱਦਿਆ ਦੇ ਖੇਤਰ ਵਿੱਚ ਆ ਰਹੇ ਨਿਘਾਰ ਦੀ ਵਿਆਖਿਆ ਕਰਦਿਆਂ ਸਾਥੀ ਰਣਜੀਤ ਵੱਲੋਂ ਇਸ ਨੂੰ ਦੂਰ ਕਰਨ ਦੇ ਅਣਥੱਕ ਯਤਨਾਂ ਦੀ ਪ੍ਰਸ਼ੰਸਾ ਕੀਤੀ। ਉਹਨਾਂ ਸਮਾਜ ਵਿੱਚ ਪ੍ਰਚੱਲਤ ਗਲਤ ਕਦਰਾਂ ਕੀਮਤਾਂ ਲਈ ਸਮੁੱਚੇ ਸਮਾਜ ਨੂੰ ਹੀ ਜ਼ੁੰਮੇਵਾਰ ਠਹਿਰਾਉਂਦਿਆਂ ਹਰ ਇਕ ਨੂੰ ਰਣਜੀਤ ਸਿੰਘ ਦੀ ਤਰ੍ਹਾਂ ਆਪਣੀ ਜ਼ੁਮੇਵਾਰੀ ਨਿਭਾਉਣ ਦਾ ਸੱਦਾ ਦਿੱਤਾ।

ਮਾ. ਨਿਰਪਾਲ ਸਿੰਘ ਜਲਾਲਦੀਵਾਲ ਨੇ ਵੀ ਆਪਣੇ ਵਿੱਛੜੇ ਸਹਿਯੋਗੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਆਪਣੇ ਵਿਦਿਆਰਥੀ ਜੀਵਨ ਨਾਲ ਜੁੜੀਆਂ ਯਾਦਾਂ ਤਾਜਾ ਕੀਤੀਆਂ। ਉਹਨਾਂ ਵੀ ਸਾਥੀ ਰਣਜੀਤ ਵੱਲੋਂ ਸਮਾਜ ਦੀ ਬੇਹਤਰੀ ਲਈ ਵਿੱਢੇ ਕਾਰਜਾਂ ਨੂੰ ਅੱਗੇ ਤੋਰਨ ਦਾ ਪ੍ਰਣ ਕੀਤਾ।

ਪੁਨਰ ਜੋਤ ਆਈ ਬੈਂਕ ਵੱਲੋਂ ਸ. ਗੁਰਨਾਮ ਸਿੰਘ ਨੇ ਅੱਖਾਂ ਦਾਨ ਕਰਨ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਰਣਜੀਤ ਸਿੰਘ ਦੇ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸਨਮਾਨ ਪੱਤਰ ਦੇਕੇ ਸਨਮਾਨਤ ਕੀਤਾ।

ਮਾ. ਰਣਜੀਤ ਦੇ ਮਹੱਲੇਦਾਰ ਮਾ. ਹਰਬੰਸ ਸਿੰਘ ਅਖਾੜਾ ਨੇ ਦੱਸਿਆ ਕਿ ਇਹ ਮੇਰੇ ਕੋਲ ਪੜ੍ਹਦੇ ਰਹੇ ਹਨ। ਮੁੱਢ ਤੋਂ ਹੀ ਇਹਨਾਂ ਦੀ ਰੁੱਚੀ ਸਮਾਜ ਪ੍ਰਤੀ ਚਿੰਤਤ ਰਹੀ ਹੈ। ਇਸੇ ਕਰਕੇ ਇਹਨਾਂ ਦੀ ਜ਼ੁਮੇਵਾਰੀ ਹਰ ਰੋਜ ਕਲਾਸ ਵਿੱਚ ਅਖ਼ਬਾਰਾਂ ਦੀਆਂ ਮੁੱਖ ਖ਼ਬਰਾਂ ਪੜ੍ਹਨ ਦੀ ਲਾਈ ਜਾਂਦੀ ਸੀ। ਉਹਨਾਂ ਚਿੰਤਾ ਪ੍ਰਗਟਾਈ ਕਿ ਅੱਜ ਹਰ ਅਦਾਰੇ ਵਿੱਚ ਭ੍ਰਿਸ਼ਟਾਚਾਰ ਭਾਰੂ ਹੈ, ਇਥੋਂ ਤੱਕ ਕਿ ਕੋਈ ਧਰਮ ਵੀ ਇਸ ਤੋਂ ਬਚਿਆ ਨਹੀਂ ਰਿਹਾ। ਇਸ ਕਰਕੇ ਅੱਜ ਸਗੋਂ ਰਣਜੀਤ ਸਿੰਘ ਵਰਗੇ ਲੋਕਾਂ ਦੀ ਸਾਨੂੰ ਵੱਧ ਲੋੜ ਹੈ ਅਤੇ ਸਾਨੂੰ ਸਭ ਨੂੰ ਉਹਨਾਂ ਦੀ ਤਰ੍ਹਾਂ ਅੱਗੇ ਆਉਣਾ ਚਾਹੀਦਾ ਹੈ।

ਸਮੁੱਚਾ ਸਟੇਜ ਸੰਚਾਲਨ ਸਾਬਕਾ ਅਧਿਆਪਕ ਆਗੂ ਮਾ. ਜੋਗਿੰਦਰ ਆਜਾਦ ਨੇ ਨਿਭਾਉਂਦਿਆਂ ਸਾਥੀ ਰਣਜੀਤ ਨਾਲ ਨਿਭਾਏ ਸਾਥ ਦਾ ਵੀ ਬਾਖੂਬੀ ਵਰਨਣ ਕੀਤਾ। ਉਹਨਾਂ ਵੀ ਸਾਰੇ ਪਰਿਵਾਰ ਨਾਲ ਹਮਦਰਦੀ ਜਤਾਉਂਦਿਆਂ ਹਰ ਸਮੇਂ ਦੁੱਖ ਸੁੱਖ ਵਿੱਚ ਭਾਈਵਾਲ ਬਣੇ ਰਹਿਣ ਦਾ ਵਾਅਦਾ ਕਰਦਿਆਂ ਸਮਾਪਤੀ ਕੀਤੀ।

# ਬਾਲ ਦਿਵਸ ਦਾ ਢਕਵੰਜ



ਹਰੀਪਾਲ
403-714-4816



ਸਾਡੇ ਬਾਲ ਸਾਡਾ ਭਵਿੱਖ ਹਨ। ਇਸ ਕਰਕੇ ਬੱਚਿਆਂ ਦੀ ਪੜ੍ਹਾਈ, ਵਿਕਾਸ ਅਤੇ ਉਨ੍ਹਾਂ ਜੋ ਲੋੜੀਂਦਾ ਹੈ ਉਸ ਨੂੰ ਮੁੱਖ ਰੱਖਕੇ ਸਾਲ ਵਿਚ ਇਕ ਦਿਨ ਬਾਲ ਦਿਵਸ ਦੇ ਤੌਰ ’ਤੇ ਮਨਾਇਆ ਜਾਂਦਾ ਹੈ। ਕੁਝ ਮੁਲਕਾਂ ਵਿਚ ਪਹਿਲੀ ਅਕਤੂਬਰ ਅਤੇ ਕੁਝ ਮੁਲਕਾਂ ਵਿਚ ਨਵੰਬਰ ਵਿਚ ਇਹ ਦਿਨ ਮਨਾਇਆ ਜਾਂਦਾ ਹੈ। ਅਸਲ ਵਿਚ ਬੱਚਿਆਂ ਦੇ ਡਾਕਟਰ, ਡਾਕਟਰ ਚਾਰਲਸ ਲਿਊਨਾਰਡ ਨੇ ਇਸ ਦੀ ਸ਼ੁਰੂਆਤ ਕੀਤੀ। ਪਹਿਲਾਂ ਪਹਿਲਾਂ ਇਸ ਨੂੰ ਰੋਜ਼ ਕਿਹਾ ਜਾਂਦਾ ਸੀ, ਫੇਰ ਫਲਾਵਰ ਡੇਅ ਕਿਹਾ ਜਾਣ ਲੱਗਾ ਅਤੇ ਹੌਲੀ ਹੌਲੀ ਇਸ ਦਿਨ ਬਾਲ ਦਿਵਸ ਕਿਹਾ ਜਾਣ ਲੱਗਾ। ਇਸ ਦਿਨ ਦੇ ਬਾਰੇ ਹੌਲੀ ਹੌਲੀ ਸਰਕਾਰਾਂ ਗੰਭੀਰਤਾ ਨਾਲ ਸੋਚਣ ਲੱਗੀਆਂ ਅਤੇ 1929 ਵਿਚ ਟਰਕੀ ਨੇ ਇਸ ਦਿਨ ਨੂੰ ਨੈਸ਼ਨਲ ਹੌਲੀ ਡੇਅ ਕਰਾਰ ਦਿੱਤਾ। ਅਪ੍ਰੈਲ 23, 1931 ਨੂੰ ਟਰਕੀ ਦੇ ਪ੍ਰਧਾਨ ਮੁਸਤਫਾ ਕਮਾਲ ਨੇ ਇਸ ਦਿਨ ਨੂੰ ਔਫੀਸ਼ੀਅਲੀ ਡਿਕਲੇਅਰ ਕਰ ਦਿੱਤਾ। 20 ਨਵੰਬਰ ਯੂਨਾਈਟਡ ਨੇਸ਼ਨਜ਼ ਵਲੋਂ ਯੂਨੀਵਰਸਲ ਚਿਲਡਰਨ ਡੇਅ ਹੌਲੀਡੇਅ ਕਰਾਰ ਦਿੱਤਾ ਗਿਆ। ਬੱਚਿਆਂ ਦੇ ਭਵਿੱਖ ਬਾਰੇ, ਗੰਭੀਰਤਾ ਨਾਲ ਸੋਚਦਿਆਂ ਬੈਨ-ਕੀ-ਮੂਨ (ਜਨਰਲ ਸਕੱਤਰ UNO) ਨੇ ਐਲਾਨ ਕੀਤਾ ਕਿ ਸਾਰੇ ਮੁਲਕਾਂ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ 2015 ਤੱਕ ਹਰ ਬੱਚਾ ਸਕੂਲ ਜਾਵੇਗਾ। ਬੱਚਿਆਂ ਵਿਚ ਚੇਤਨਾ ਲਿਆਉਣ ਲਈ, ਉਨ੍ਹਾਂ ਦੀ ਸੋਚ ਦਾ ਪੱਧਰ ਉਚਾ ਚੁੱਕਣ ਲਈ ਇਹ ਸ਼ੁਰੂਆਤ ਤਾਂ ਬੜੀ ਚੰਗੀ ਹੈ ਪਰ 1929 ਤੋਂ ਲੈ ਕੇ 2017 ਤੱਕ ਬੱਚਿਆਂ ਦੀ ਹਾਲਤ ਤੇ ਜੇਕਰ ਝਾਤ ਮਾਰੀਏ ਤਾਂ ਇਹ ਸਭ ਕਾਗਜ਼ੀ ਕਾਰਵਾਈਆਂ ਹੀ ਰਹਿ ਗਈਆਂ। ਆਓ ਜ਼ਰਾ ਸਾਰੀ ਦੁਨੀਆਂ ਵਿਚ ਬੱਚਿਆਂ ਦੀ ਹਾਲਤ ਦਾ ਸਰਵੇਖਣ ਕਰੀਏ।

ਬਾਲ-ਮਜ਼ਦੂਰੀ : ਬੜੇ ਅਫਸੋਸ ਦੀ ਗੱਲ ਹੈ ਕਿ ਬਾਲ ਮਜ਼ਦੂਰੀ ਕੋਈ ਛੋਟੀ ਮੋਟੀ ਨਹੀਂ ਸਗੋਂ ਬਹੁਤ ਹੀ ਬੜੀ ਸਮੱਸਿਆ ਹੈ। ਜਿਹੜੇ ਹੁਣੇ ਹੀ ਤਾਜ਼ਾ ਸਰਵੇਖਣ ਹੋਏ ਹਨ ਉਨ੍ਹਾਂ ਮੁਤਾਬਕ 210 ਮਿਲੀਅਨ (21 ਕਰੋੜ) ਬੱਚੇ ਮਜ਼ਦੂਰੀ ਕਰਦੇ ਹਨ ਜਿਨ੍ਹਾਂ ਦੀ ਔਸਤ ਉਮਰ ਪੰਜ ਤੋਂ ਲੈ ਕੇ ਚੌਦਾਂ ਸਾਲ ਤੱਕ ਹੈ ਅਤੇ ਉਹ ਫੁੱਲ ਟਾਇਮ ਕੰਮ ਕਰਦੇ ਹਨ। ਇਹ ਗਿਣਤੀ ਦੁਨੀਆਂ ਭਰ ਦੇ ਬੱਚਿਆਂ ਦੀ ਤਕਰੀਬਨ 20 ਪਰਸੈਂਟ ਹੈ। ਬਹੁਤਾ ਕਰਕੇ ਇਹ ਬੱਚੇ ਖੇਤੀਬਾੜੀ ਜਾਂ ਉਦਯੋਗਿਕ ਧੰਦਿਆਂ ਵਿਚ ਕੰਮ ਕਰਦੇ ਹਨ। ਬਹੁਤ ਵਾਰੀ ਇਨ੍ਹਾਂ ਨੂੰ ਇੰਨੇ ਖਤਰਨਾਕ ਕੰਮਾਂ ਵਿਚ ਪਾਇਆ ਜਾਂਦਾ ਹੈ ਜਿਥੇ ਇਹ ਅੰਗਹੀਣ ਹੋ ਜਾਂਦੇ ਹਨ ਜਾਂ ਆਪਦੀ ਜਾਨ ਵੀ ਗੁਆ ਬੈਠਦੇ ਹਨ। ਬਹੁਤ ਸਾਰੇ ਮੁਲਕਾਂ ਵਿਚ ਨਿੱਕੇ ਨਿੱਕੇ ਬੱਚੇ ਵੇਸ਼ਵਾਗਮਨੀ ਵਿਚ ਵੀ ਧੱਕੇ ਜਾਂਦੇ ਹਨ। ਇਨ੍ਹਾਂ ਵਿਚ ਬਹੁਤੇ ਬੱਚੇ ਲਗਭਗ 60% ਅਫਰੀਕਨ ਮੁਲਕਾਂ ਤੋਂ ਹਨ। ਬਹੁਤੇ ਵਿਕਾਸਸ਼ੀਲ ਦੇਸ਼ ਜਦੋਂ ਉਦਯੋਗੀਕਰਨ ਵੱਲ ਆਉਂਦੇ ਹਨ ਤਾਂ ਇਹ ਰੁਝਾਨ ਬਹੁਤ ਗਰੀਬੀ ਅਤੇ ਬੇਰੁਜ਼ਗਾਰੀ ਪੈਦਾ ਕਰਦਾ ਹੈ। ਸੋ ਆਪਦਾ ਗੁਜ਼ਾਰਾ ਕਰਨ ਲਈ ਬਹੁਤ ਗਰੀਬ ਲੋਕਾਂ ਨੂੰ ਆਪਦੇ ਬੱਚਿਆਂ ਨੂੰ ਕੰਮ ’ਤੇ ਭੇਜਣ ਲਈ ਮਜਬੂਰ ਹੋਣਾ ਪੈਂਦਾ ਹੈ। ਜਿਨ੍ਹਾਂ ਬੱਚਿਆਂ ਦੀ ਸਕੂਲ ਜਾਣ ਦੀ ਉਮਰ ਹੁੰਦੀ ਹੈ, ਉਹ ਘਰ ਦਾ ਚੁੱਲਾ ਤਪਦਾ ਰੱਖਣ ਲਈ ਆਪ ਬਾਲਣ ਦੀ ਜਗ੍ਹਾ ਬਲਦੇ ਹਨ। ਕਿਉਂਕਿ ਸਰਕਾਰ ਨੇ ਵਿਕਾਸ ਦਾ ਰਾਹ ਪੂੰਜੀਵਾਦੀ ਅਪਣਾ ਲਿਆ ਹੈ, ਇਸ ਕਰਕੇ ਸਰਕਾਰਾਂ ਵੀ ਲੱਖ ਮਤੇ ਪਾਸ ਕਰਨ ਦੇ ਬਾਵਜੂਦ ਇਸ ਪਾਸ ਬਹੁਤਾ ਧਿਆਨ ਨਹੀਂ ਦਿੰਦੀਆਂ। ਏਸ਼ੀਅਨ ਦੇਸ਼ਾਂ ਵਿਚ ਭੱਠਿਆਂ ’ਤੇ ਪਟਾਕੇ ਬਣਾਉਣ ਦੇ ਕਾਰਖਾਨੇ, ਵੰਗਾਂ ਚੂੜੀਆਂ ਤੇ ਹੋਰ ਖੇਡਾਂ ਬਣਾਉਣ ਦੇ ਕਾਰਖਾਨੇ, ਰੰਗ ਜਾਂ ਕਾਰਪੈਟ ਬਣਾਉਣ, ਸੂਟਾਂ ਦੀ ਕਢਾਈ ਰੰਗਾਈ ਯਾਨੀਕਿ ਤੁਸੀਂ ਨਾਂ ਲਵੋ ਇਨ੍ਹਾਂ ਵਿਚੋਂ ਅੱਧੇ ਤੋਂ ਬਹੁਤੀ ਲੇਬਰ ਫੋਰਸ ਬੱਚਿਆਂ ਦੀ ਹੈ। ਇਕ ਸਰਵੇਖਣ ਦੇ ਮੁਤਾਬਕ 20% ਤੋਂ ਉਪਰ ਬੱਚੇ ਇਨ੍ਹਾਂ ਉਦਯੋਗਿਕ ਹਾਦਸਿਆਂ ਵਿਚ ਮਾਰੇ ਜਾਂਦੇ ਹਨ ਅਤੇ ਲਗਭਗ 20% ਤੋਂ ਵੱਧ ਅੰਗਹੀਣ ਹੋ ਜਾਂਦੇ ਹਨ। ਬਹੁਤ ਸਾਰੇ ਮੁਲਕਾਂ ਵਿਚ ਇਨ੍ਹਾਂ ਬੱਚਿਆਂ ਦੀਆਂ ਮੌਤਾਂ ਲਈ ਜਾਂ ਐਕਸੀਡੈਂਟਾਂ ਲਈ ਕੋਈ ਵੀ ਕੰਪਨਸ਼ੇਸ਼ਨ ਨਹੀਂ ਹੈ। ਅੰਗਹੀਣ ਹੋ ਕੇ ਇਹ ਬੱਚੇ ਆਪਦਾ ਢਿੱਡ ਭਰਨ ਲਈ ਸੜਕਾਂ ’ਤੇ ਮੰਗਦੇ ਫਿਰਦੇ ਹਨ।

ਅਫਰੀਕਾ ਵਰਗੇ ਮੁਲਕਾਂ ਵਿਚ ਬੱਚੇ ਵੀਹ ਡਾਲਰ ਤੋਂ ਲੈ ਕੇ 70 ਡਾਲਰ ਦੀ ਕੀਮਤ ਤੱਕ ਅਰਬਾਂ ਦੇ ਸ਼ੇਖਾਂ ਨੂੰ ਵੇਚੇ ਜਾਂਦੇ ਹਨ। ਇਹ ਬੱਚੇ ਫਿਰ ਸਾਰੀ ਜ਼ਿੰਦਗੀ ਸੇਖਾਂ ਦੇ ਘਰਾਂ ਵਿਚ ਕੰਮ ਕਰਦੇ ਹਨ, ਖੇਤਾਂ ਵਿਚ ਕੰਮ ਕਰਦੇ ਹਨ ਤੇ ਛੋਟੀਆਂ ਛੋਟੀਆਂ ਲੜਕੀਆਂ ਸ਼ੇਖਾਂ ਦੀ ਹਵਸ਼ ਦਾ ਸ਼ਿਕਾਰ ਬਣਦੀਆਂ ਹਨ। ਮਾੜੀ ਜਿਹੀ ਗੱਲ ਤੇ ਬੱਚਿਆਂ ਦੇ ਹੱਥ ਪੈਰ ਕੱਟ ਦਿੱਤੇ ਜਾਂਦੇ ਹਨ। ਜੇਕਰ ਕੋਈ ਬੱਚਾ ਭੱਜਣ ਦੀ ਕੋਸ਼ਿਸ਼ ਕਰਦਾ ਹੈ ਤਾਂ ਕੁੱਤਿਆਂ ਤੋਂ ਪੜ੍ਹਵਾ ਦਿੱਤਾ ਜਾਂਦਾ ਹੈ। ਅਫਰੀਕਾ ਦੇ ਮੁਲਕਾਂ ਵਿਚ ਛੋਟੇ ਛੋਟੇ ਬੱਚੇ ਕਿੱਡਨੈਪ ਕਰ ਲਏ ਜਾਂਦੇ ਹਨ ਫਿਰ ਇਨ੍ਹਾਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਦੇ ਕੇ ਖਾਨਾਜੰਗੀ ਦੀਆਂ ਲੜਾਈਆਂ ਵਿਚ ਧੱਕ ਦਿੱਤਾ ਜਾਂਦਾ ਹੈ।

ਲਗਭਗ 10 ਮਿਲੀਅਨ ਬੱਚੇ ਸੈਕਸ ਉਦਯੋਗ ਵਿਚ ਕੰਮ ਕਰਦੇ ਹਨ। ਬਹੁਤ ਵਾਰੀ ਘਰਾਂ ਤੋਂ ਕਿੱਡਨੈਪ ਕਰਕੇ ਇਹ ਬੱਚੇ ਇਸ ਉਦਯੋਗ ਵਿਚ ਧੱਕੇ ਜਾਂਦੇ ਹਨ। ਇਸ ਉਦਯੋਗ ਵਿਚ ਛੋਟੀਆਂ ਲੜਕੀਆਂ ਹੀ ਨਹੀਂ ਸਗੋਂ ਛੋਟੇ ਛੋਟੇ ਮੁੰਡੇ ਵੀ ਭਰਤੀ ਕੀਤੇ ਜਾਂਦੇ ਹਨ। ਦੱਖਣ ਪੂਰਬੀ ਦੇਸ਼ਾਂ ਭਾਰਤ, ਪਾਕਿਸਤਾਨ, ਬੰਗਲਾਦੇਸ਼, ਥਾਈਲੈਂਡ, ਬਰਮਾ ਕੰਬੋਡੀਆ ਵਿਚ ਇਹ ਧੰਦਾ ਜ਼ੋਰਾਂ ’ਤੇ ਹੈ। ਟੋਟਲ ਬਾਲ ਮਜ਼ਦੂਰੀ ਦਾ 20% ਤੋਂ ਉਪਰ ਬੱਚੇ ਸੈਕਸ ਉਦਯੋਗ ਵਿਚ ਹਨ। ਅੱਧੇ ਤੋਂ ਬਹੁਤੇ ਬੱਚੇ ਜਿਹੜੇ ਇਨ੍ਹਾਂ ਉਦਯੋਗਾਂ ਵਿਚ ਕੰਮ ਕਰਦੇ ਹਨ ਲਿੰਗਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਬਹੁਤ ਸਾਰੇ ਮੁਲਕਾਂ ਵਿਚ ਅਰਬਾਂ ਦੇ ਸ਼ੇਖ ਜਾ ਕੇ, ਟੈਂਪਰੇਰੀ ਵਿਆਹ ਕਰਾਉਂਦੇ ਹਨ, ਫੇਰ ਪੈਸੇ ਦੇ ਕੇ ਉਥੇ ਹੀ ਤਲਾਕ ਕਰਕੇ ਉਨ੍ਹਾਂ ਭੋਲੀਆਂ ਭਾਲੀਆਂ ਲੜਕੀਆਂ ਦੀ ਜ਼ਿੰਦਗੀ ਤਬਾਹ ਕਰਕੇ ਆ ਜਾਂਦੇ ਹਨ। ਇਨ੍ਹਾਂ ਤੇ ਕੋਈ ਕਾਨੂੰਨ ਲਾਗੂ ਹੀ ਨਹੀਂ ਹੁੰਦਾ ਸਗੋਂ ਸਰਕਾਰਾਂ ਦੀ ਨੱਕ ਹੇਠ ਇਹ ਸਭ ਕੁਝ ਵਾਪਰ ਰਿਹਾ ਹੈ। ਬਹੁ ਪੂਰਬ ਦੇ ਦੇਸ਼ਾਂ ਵਿਚ ਬਾਲ ਵੇਸ਼ਵਾ ਕਿੱਤੇ ਨੂੰ ਪੱਛਮੀ ਮੁਲਕਾਂ ਦੇ ਵਿਗੜੇ ਕਾਕੇ ਕਾਕੀਆਂ ਨੇ ਬਹੁਤ ਬੜਾਵਾ ਦਿੱਤਾ ਹੈ। ਇਨ੍ਹਾਂ ਗਰੀਬ ਮੁਲਕਾਂ ਵਿਚ ਜਾ ਕੇ ਛੁੱਟੀਆਂ ਮਨਾਉਣ ਦਾ ਕਾਰਨ ਵੀ ਇਹੀ ਹੈ। ਅੱਜ ਕੱਲ੍ਹ ਬਹੁਤ ਸਾਰੇ ਬੱਚਿਆਂ ਤੋਂ ਅਸ਼ਲੀਲ ਫਿਲਮਾਂ ਵਿਚ ਕੰਮ ਕਰਵਾਇਆ ਜਾਂਦਾ ਹੈ। ਇਨ੍ਹਾਂ ਅਸ਼ਲੀਲ ਫ਼ਿਲਮਾਂ ਦੇ ਮਾਲਕ ਜੇਕਰ ਕਦੇ ਕਾਨੂੰਨੀ ਸਿਕੰਜ਼ੇ ਵਿਚ ਅੜਦੇ ਵੀ ਹਨ ਤਾਂ ਪੈਸੇ ਦੇ ਜ਼ੋਰ ਨਾਲ ਬਾਹਰ ਆ ਜਾਂਦੇ ਹਨ। ਜੇਕਰ ਥੋੜ੍ਹਾ ਜਿਹਾ ਪਿਛੇ ਜਾਈਏ ਤਾਂ ਇਹ ਰੁਝਾਨ ਵੀ ਰਿਹਾ ਹੈ ਕਿ ਔਰਤਾਂ ਖਰੀਦੀਆਂ ਜਾਂਦੀਆਂ ਸਨ ਤੇ ਉਨ੍ਹਾਂ ਦਾ ਇਹ ਕੰਮ ਸੀ ਕਿ ਬਾਲ ਮਜ਼ਦੂਰੀ ਲਈ ਬੱਚੇ ਪੈਦਾ ਕਰਦੀਆਂ ਰਹਿਣ।


ਸਿਹਤ ਸਬੰਧੀ : ਗਰੀਬ ਬੱਚਿਆਂ ਦੀ ਸਿਹਤ ਦਾ ਵੀ ਬੁਰਾ ਹਾਲ ਹੈ। ਜਿਹੜੇ ਲੋਕ ਅਮੀਰ ਹਨ ਉਹ ਤਾਂ ਵਧੀਆ ਦਵਾਈਆਂ, ਵਧੀਆ ਡਾਕਟਰ, ਵਧੀਆ ਹਸਪਤਾਲ ਦਾ ਇੰਤਜ਼ਾਮ ਕਰ ਸਕਦੇ ਹਨ ਜਾਂ ਕਰਦੇ ਹਨ ਪਰ ਆਪ ਕਿਰਤੀ ਲੋਕ ਜਾਂ ਗਰੀਬ ਲੋਕਾਂ ਦੇ 29000 ਬੱਚੇ ਉਨ੍ਹਾਂ ਬਿਮਾਰੀਆਂ ਨਾਲ ਹਰ ਰੋਜ਼ ਮਰਦੇ ਹਨ, ਜਿਨ੍ਹਾਂ ਦਾ ਇਲਾਜ ਸੰਭਵ ਹੈ। ਇਕ ਸਾਲ ਵਿਚ 11 ਮਿਲੀਅਨ ਬੱਚੇ ਮਲੇਰੀਆ, ਦਸਤ ਲੱਗਣੇ, ਨਮੂਨੀਆ ਅਤੇ ਆਕਸੀਜਨ ਦੀ ਘਾਟ ਕਾਰਨ ਮਰ ਜਾਂਦੇ ਹਨ। ਇਕੱਲੇ ਇੰਡੀਆ ਵਿਚ ਆਕਸੀਜਨ ਦੀ ਘਾਟ ਕਾਰਨ ਮਰਨ ਵਾਲੇ ਬੱਚਿਆਂ ਦੀ ਗਿਣਤੀ ਹਜ਼ਾਰਾਂ ਵਿਚ ਸਾਲਾਨਾ ਹੈ। ਬਹੁਤ ਸਾਰੇ ਮੁਸਲਿਮ ਦੇਸ਼ਾਂ ਵਿਚ ਬੱਚਿਆਂ ਨੂੰ ਪੋਲੀਓ ਜਾਂ ਚੇਚਕ ਵਗੈਰਾ ਦੇ ਟੀਕੇ ਨਹੀਂ ਲਾਏ ਜਾਂਦੇ। ਅਜੇ ਤੱਕ ਪੂਰਬੀ ਏਸ਼ੀਆ ਅਤੇ ਅਫਰੀਕਾ ਦੇ ਦੇਸ਼ਾਂ ਵਿਚ ਫਰੀ ਫਲੂ-ਸ਼ਾਟ ਦਾ ਕੋਈ ਪ੍ਰਬੰਧ ਨਹੀਂ ਹੈ। ਜੇਕਰ ਭੁੱਖ ਨਾਲ ਹੁੰਦੀਆਂ ਮੌਤਾਂ ਦਾ ਹਿਸਾਬ ਇਕੱਲੇ ਇੰਡੀਆ ਦਾ ਹੀ ਲਾਈਏ ਤਾਂ 1.3 ਬਿਲੀਅਨ ਲੋਕਾਂ ਵਿਚ 400 ਮਿਲੀਅਨ ਲੋਕ ਗਰੀਬੀ ਦੀ ਰੇਖਾ ਤੋਂ ਵੀ ਹੇਠਾਂ ਦਾ ਜੀਵਨ ਬਤੀਤ ਕਰ ਰਹੇ ਹਨ। ਘੱਟੋ-ਘੱਟ ਇੰਡੀਆ ਵਿਚ ਹਰ ਚੌਥਾ ਬੱਚਾ ਭੁੱਖ ਨਾਲ ਮਰ ਜਾਂ 3000 ਤੋਂ ਉਪਰ ਬੱਚੇ ਹਰ ਰੋਜ਼ ਖੁਰਾਕੀ ਤੱਤਾਂ ਦੀ ਕਮੀ ਕਾਰਨ ਮਰਦੇ ਹਨ। ਇੰਡੀਆ ਵਿਚ 30% ਤੋਂ ਉਪਰ ਬੱਚੇ ਜਨਮ ਲੈਣ ਦੇ ਸਮੇਂ ਹੀ ਮਰ ਜਾਂਦੇ ਹਨ। ਇਕ ਪਾਸੇ ਇੰਡੀਆ ਦੇ 200 ਮਿਲੀਅਨ ਦੀ ਮੱਧ ਵਰਗੀ ਜਮਾਤ ਹੈ ਜਿਨ੍ਹਾਂ ਦੇ ਬੱਚਿਆਂ ਨੂੰ ਸਭ ਕੁਝ ਮਿਲਦਾ ਹੈ। ਇਹੀ ਮਿਡਲ ਕਲਾਸ ਹੈ ਜਿਸ ਨੇ ਪਬਲਿਕ ਸਕੂਲ ਸਿਸਟਮ ਨੂੰ ਵੱਡਾ ਖੋਰਾ ਲਾਇਆ ਹੈ। ਇਸੇ ਮਿਡਲ ਕਲਾਸ ਦੀ ਵਜ੍ਹਾ ਹੈ ਕਿ ਸਰਕਾਰੀ ਸਕੂਲਾਂ ਨੂੰ ਫੰਡਿੰਗ ਘਟ ਰਹੀ ਹੈ ਅਤੇ ਉਹ ਬੰਦ ਹੋ ਰਹੇ ਹਨ। ਯਾਦ ਰਹੇ ਇਹ ਆਪੂੰ ਹੀ ਬਾਪੂ ਬਣੇ ਅਤੇ ਚਾਚਾ ਬਣੇ ਗਾਂਧੀ ਤੇ ਨਹਿਰੂ ਦਾ ਦੇਸ਼ ਹੈ। ਇਸ ਅਖੌਤੀ ਲੀਡਰ ਨੂੰ ਕਹਿੰਦੇ ਹਨ ਬੱਚਿਆਂ ਨਾਲ ਬੇਹੱਦ ਪਿਆਰ ਸੀ। ਜਿਹੜਾ ਕਿ ਹਰ ਸਾਲ ਪ੍ਰਾਈਵੇਟ ਸਕੂਲਾਂ ਦੇ ਅਮੀਰ ਬੱਚਿਆਂ ਨਾਲ ਫੋਟੋਆਂ ਖਿਚਾ ਕੇ ਬਹੁਤ ਖੁਸ਼ ਹੁੰਦਾ ਸੀ। ਅਸੀਂ ਕਦੇ ਨਹੀਂ ਖਿਆਲ ਕੀਤਾ ਕਿ ਉਸ ਨੇ ਝੁੱਗੀ ਝੌਂਪੜੀ ’ਚ ਰਹਿਣ ਵਾਲੇ ਬੱਚਿਆਂ ਨੂੰ ਕਦੇ ਟੌਫੀਆਂ ਵੰਡੀਆਂ ਹੋਣ। ਇਸੇ ਚਾਚਾ ਨਹਿਰੂ ਦੇ ਜਨਮ ਦਿਵਸ ਨੂੰ ਬਾਲ ਦਿਵਸ ਦਾ ਨਾਂ ਦੇ ਕੇ ਗਰੀਬ ਬੱਚਿਆਂ ਨਾਲ ਕਿੱਡਾ ਵੱਡਾ ਮਖੌਲ ਕੀਤਾ ਜਾਂਦਾ ਹੈ।

ਕੈਨੇਡਾ ਵਰਗੇ ਦੇਸ਼ ਵਿਚ ਜਿਹੜਾ ਕਿ ਦੁਨੀਆਂ ਦਾ ਦੂਜਾ ਵੱਡਾ ਦੇਸ਼ ਹੈ ਅਤੇ ਸਿਰਫ਼ 33 ਮਿਲੀਅਨ ਆਬਾਦੀ ਹੈ। ਇਸ ਦਾ ਰਿਕਾਰਡ ਵੀ ਕੋਈ ਬਾਹਲਾ ਚੰਗਾ ਨਹੀਂ ਹੈ। ਕੈਨੇਡਾ ਵਿਚ 20% ਬੱਚਿਆਂ ਕੋਲ ਲੰਚ ਨਹੀਂ ਹੁੰਦਾ ਅਤੇ ਉਹ ਖਾਲੀ ਪੇਟ ਹੀ ਸਕੂਲ ਜਾਂਦੇ ਹਨ। ਕੈਨੇਡਾ ਦੇ ਪੰਜ ਮਿਲੀਅਨ ਬੱਚਿਆਂ ਵਿਚੋਂ ਇਕ ਮਿਲੀਅਨ ਬੱਚੇ ਭੁੱਖੇ ਹੀ ਸਕੂਲ ਜਾਂਦੇ ਹਨ ਜਿਨ੍ਹਾਂ ਨੂੰ ਬਰੇਕਫਾਸਟ ਕਲੱਬ ਆਫ਼ ਕੈਨੇਡਾ ਅਤੇ ਹੋਰ ਵਲੰਟੀਅਰ ਜਥੇਬੰਦੀਆਂ ਖਾਣਾ ਮੁਹੱਈਆ ਕਰਦੀਆਂ ਹਨ। ਕੈਨੇਡਾ ਦੇ ਆਦੀ ਵਾਸੀ ਬੱਚਿਆਂ ਦੀ ਹਾਲਤ ਇਸ ਤੋਂ ਵੀ ਭੈੜੀ ਹੈ ਕਿਉਂਕਿ 50% ਨੇਟਿਵ ਬੱਚੇ ਭੁੱਖੇ ਹੀ ਸਕੂਲ ਜਾਂਦੇ ਹਨ। ਅਮਰੀਕਾ ਜਿਹੜਾ ਕਿ ਸਾਰੀ ਦੁਨੀਆਂ ਦਾ ਠਾਣੇਦਾਰ ਹੈ। ਅਮਰੀਕਾ ਜਿਹੜਾ ਦੁਨੀਆਂ ਦੇ ਮੁਲਕਾਂ ਨੂੰ ਭਰਾ ਮਾਰੂ ਜੰਗ ਵਿਚ ਝੋਕਦਾ ਹੈ ਇਸ ਦੇ ਆਪਣੇ 16 ਮਿਲੀਅਨ ਬੱਚੇ ਭੁੱਖੇ ਹੀ ਸਕੂਲ ਜਾਂਦੇ ਹਨ। ਲਗਭਗ 50 ਮਿਲੀਅਨ ਅਮਰੀਕਨ ਲੋਕਾਂ ਨੂੰ ਪੌਸ਼ਟਿਕ ਭੋਜਨ ਨਹੀਂ ਮਿਲਦਾ। ਡੈਨਮਾਰਕ, ਨਾਰਵੇਅ ਅਤੇ ਸਵੀਡਨ ਉਹ ਡੈਮੋਕਰੇਟਿਕ ਸਮਾਜਵਾਦੀ ਮੁਲਕ ਹਨ ਜਿਥੇ ਕੋਈ ਬੱਚਾ ਭੁੱਖਾ ਸਕੂਲ ਨਹੀਂ ਜਾਂਦਾ। ਡੈਨਮਾਰਕ ਗਰੰਟੀ ਦਿੰਦਾ ਹੈ ਕਿ ਹਰ ਵਿਅਕਤੀ ਦੀ ਆਮਦਨ 100 ਡਾਲਰ ਪਰ ਡੇਅ ਹੋਣੀ ਚਾਹੀਦੀ ਹੈ ਜੇਕਰ ਇਸ ਤੋਂ ਘੱਟ ਹੈ ਤਾਂ ਸਰਕਾਰ ਕੰਪਨਸੇਟ ਕਰਦੀ ਹੈ। ਡੈਨਮਾਰਕ ਵਿਚੋਂ ਮਿਨੀਮਮ ਤਨਖਾਹ, ਅਮਰੀਕਾ ਨਾਲੋਂ ਦੁੱਗਣੀ ਹੈ। ਜੇਕਰ ਡੈਨਮਾਰਕ ਵਿਚ ਅਮੀਰ ਹੋਣਾ ਔਖਾ ਹੈ ਤਾਂ ਉਥੇ ਕਿਸੇ ਨੂੰ ਗਰੀਬ ਵੀ ਨਹੀਂ ਹੋਣ ਦਿੱਤਾ ਜਾਂਦਾ। ਸਿਹਤ, ਵਿਦਿਆ ਜਿਹੀਆਂ ਮੁਢਲੀਆਂ ਜ਼ਰੂਰਤਾਂ ਉਥੇ ਫਰੀ ਹਨ। ਇਸੇ ਕਰਕੇ ਡੈਨਮਾਰਕ, ਨਾਰਵੇ ਸਵੀਡਨ ਵਿਚ ਬਹੁਤ ਘੱਟ ਕਰਾਈਮ ਰੇਟ ਹੈ। ਇਹ ਡੈਨਮਾਰਕ ਹੈ ਜਿਹੜਾ ਆਪਣੇ ਜੀ.ਡੀ. ਪੀ. ਦਾ 11% ਹੈਲਥ ਕੇਅਰ ਤੇ ਖਰਚ ਕਰਦਾ ਹੈ। ਜਿਥੇ ਅਮਰੀਕਾ ਵਿਚ ਹਰ ਵਿਦਿਆਰਥੀ ਔਸਤਨ 25 ਹਜ਼ਾਰ ਡਾਲਰ ਦਾ ਕਰਜਾਈ ਹੁੰਦਾ ਹੈ ਉਥੇ ਡੈਨਮਾਰਕ ਦੇ ਵਿਦਿਆਰਥੀ ਧਿਰ ਕੋਈ ਕਰਜ਼ਾ ਨਹੀਂ ਹੁੰਦਾ। ਅਮਰੀਕਾ ਜਿੰਨੀ ਬੁਰੀ ਹਾਲਤ ਬੱਚਿਆਂ ਦੀ ਤਾਂ ਕਿਊਬਾ ਵਿਚ ਵੀ ਨਹੀਂ ਹੈ। ਬੱਚਿਆਂ ਦੀ ਸਿਹਤ ਪੜ੍ਹਾਈ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਦੀ ਹੈ। ਇਹ ਕਿਊਬਾ ਜੋ ਅਬਾਦੀ ਦੇ ਅਨੁਪਾਤ ਦੇ ਹਿਸਾਬ ਨਾਲ ਸਾਰੀ ਦੁਨੀਆਂ ’ਚੋਂ ਸਭ ਤੋਂ ਵੱਧ ਡਾਕਟਰ, ਇੰਜੀਨੀਅਰ ਪੈਦਾ ਕਰਦਾ ਹੈ। ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਆਫ਼ਤ ਆਵੇ ਸਭ ਤੋਂ ਵੱਧ ਡਾਕਟਰ ਕਿਊਬਾ ਭੇਜਦਾ ਹੈ। ਇਹ ਅਮਰੀਕਾ ਹੈ ਜਿਥੇ 45000 ਬੰਦੇ ਹਰ ਸਾਲ ਇਲਾਜ ਖੁਣੋ ਮਰ ਜਾਂਦੇ ਹਨ ਅਤੇ ਚਾਲੀ ਲੱਖ ਲੋਕ ਕਿਸੇ ਵੀ ਕਿਸਮ ਦੀ ਹੈਲਥ ਕੇਅਰ ਇੰਸ਼ੋਰੈਂਸ ਖਰੀਦ ਵੀ ਨਹੀਂ ਸਕਦੇ।

ਅੰਤ ਵਿਚ

ਇਹ ਦੁਨੀਆਂ 1570 ਬਿਲੀਅਨ ਡਾਲਰ ਹਥਿਆਰਾਂ ਤੇ ਖਰਚ ਕਰਦੀ ਹੈ ਅਤੇ ਲਗਭਗ ਇਸ ਦਾ ਅੱਧ ਯਾਨੀਕਿ 680 ਬਿਲੀਅਨ ਡਾਲਰ ਇਕੱਲਾ ਅਮਰੀਕਾ ਹੀ ਹਥਿਆਰਾਂ ’ਤੇ ਖਰਚ ਕਰਦਾ ਹੈ। ਇਹ ਲੜਾਈਆਂ ਮਨੁੱਖਤਾ ਨੂੰ ਹੋਰ ਗਰੀਬੀ, ਭੁਖਮਰੀ, ਬੇਘਰ, ਤਰ੍ਹਾਂ ਤਰ੍ਹਾਂ ਦੇ ਜੁਰਮਾਂ ਵਲ ਧੱਕਦੀਆਂ ਹਨ। ਹੁਣ ਜੇਕਰ ਇਕ ਪਰਸੈਂਟ ਵੀ ਇਸ ਬਜਟ ਦਾ ਬੱਚਿਆਂ ਦੀ ਭਲਾਈ ਲਈ ਵਰਤਿਆ ਜਾਵੇ ਤਾਂ ਕੋਈ ਵੀ ਬੱਚਾ ਅਨਪੜ੍ਹ ਨਹੀਂ ਰਹੇਗਾ ਅਤੇ ਕੋਈ ਵੀ ਬੱਚਾ ਭੁੱਖਾ ਨਹੀਂ ਸੌਂਵੇਗਾ। ਪਰ ਇਹ ਅਮਰੀਕਾ ਜਿਸ ਦੀਆਂ ਆਪ ਹੁਦਰੀਆਂ ਕਾਰਨ ਪੰਜ ਲੱਖ ਇਰਾਕੀ ਬੱਚਾ ਦਵਾਈ ਖੁਣੋ ਦਮ ਤੋੜ ਜਾਂਦਾ ਹੈ ਅਤੇ ਇਸ ਦੇ ਬੰਬਾਂ ਨਾਲ ਲੱਖਾਂ ਦੀ ਅਫਗਾਨੀ, ਲਿਬੀਅਨ, ਸੀਰੀਅਨ ਬੱਚੇ ਮਾਰੇ ਜਾਂਦੇ ਹਨ ਅਤੇ ਯਤੀਮ ਹੋ ਜਾਂਦੇ ਹਨ, ਇਹ ਮਨੁੱਖਤਾ ਦੇ ਦੁਖਾਂਤ ਦਾ ਸਭ ਤੋਂ ਵੱਡਾ ਅਪਰਾਧੀ ਹੈ। ਜਿੰਨਾ ਚਿਰ ਦੁਨੀਆਂ ਜੰਗਾਂ ਯੁੱਧਾਂ ਵਿਚ ਰੁਝੀ ਰਹੇਗੀ ਨਾ ਤਾਂ ਮਨੁੱਖਤਾ ਦੀ ਭਲਾਈ ਹੋਵੇਗੀ, ਨਾ ਹੀ ਕੋਈ ਨੈਤਿਕਤਾ ਰਹੇਗੀ ਅਤੇ ਨਿਰਦੋਸ਼ ਲੋਕਾਂ ਦਾ ਘਾਣ ਜਾਰੀ ਰਹੇਗੀ। ਮਨੁੱਖਤਾ ਨੂੰ ਬਚਾਉਣ ਲਈ, ਇਸ ਧਰਤੀ ’ਤੇ ਸੁੱਖ ਸ਼ਾਂਤੀ ਕਾਇਮ ਕਰਨ ਲਈ, ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰਨ ਲਈ ਇਸ ਦੁਨੀਆਂ ਵਿਚੋਂ ਇਕ ਵੱਡੀ ਚੇਤਨਤਾ ਦੀ ਲੋੜ ਹੈ। ਪੈਸਾ ਪ੍ਰਧਾਨ ਸਿਸਟਮ ਨੂੰ ਬਦਲੇ ਬਿਨਾਂ ਸਭ ਕੁਝ ਅਸੰਭਵ ਲੱਗਦਾ ਹੈ। ਸਮਾਂ ਕਰਵਟ ਲੈ ਰਿਹਾ ਹੈ, ਬੱਚਿਆਂ ਦਾ ਭਵਿੱਖ ਤੁਹਾਡੇ ਸਾਡੇ ਕੰਮਾਂ ’ਤੇ ਸਾਡੀ ਸੋਚ ’ਤੇ ਇਸ ਸੋਚ ਨੂੰ ਅਮਲੀਜਾਮਾ ਪਹਿਨਾਉਣ ’ਤੇ ਨਿਰਭਰ ਕਰਦਾ ਹੈ। ਆਖਿਰ ਵਿਚ ਮੈਂ ਸਾਹਿਰ ਲੁਧਿਆਣਵੀ ਦੇ ਇਸ ਸ਼ੇਅਰ ਨਾਲ ਇਸ ਲੇਖ ਦਾ ਅੰਤ ਕਰਦਾ ਹਾਂ ਕਿ

**‘ਅੰਧੇਰੇ ਮੈਂ ਜੋ ਬੈਠੇ ਹੈਂ**
**ਨਜ਼ਰ ਉਨ ਪਰ ਵੀ ਕੁਛ ਡਾਲੋ**
**ਅਰੇ ਓ ਰੌਸ਼ਨੀ ਵਾਲੋ’**



CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

# ਬਾਲ ਕਲਾਕਾਰ : ਚਕਾਚੌਂਧ ਪਿਛਲੀ ਨਵ-ਬਾਲ ਮਜ਼ਦੂਰੀ

ਡਾ. ਜਸ਼ਨ

ਤੁਸੀ ਕਿਸੇ ਵੀ ਸਮੇਂ ਆਪਣੇ ਰੋਜ਼ਾਨਾ ਦੇ ਕੰਮਾਂ ਤੋਂ ਵਿਹਲੇ ਹੋ ਕੇ ਟੀ.ਵੀ. ਦੇਖਣ ਲੱਗੋਂ ਤਾਂ ਅਕਸਰ ਹੀ ਸਭ ਤੋਂ ਪਹਿਲਾਂ ਕਿਸੇ ਮਸ਼ਹੂਰੀ ਨਾਲ਼ ਤੁਹਾਡਾ ਸਾਹਮਣਾ ਜ਼ਰੂਰ ਹੁੰਦਾ ਹੈ। ਜਿਸ ਵਿੱਚ ਨਵੇਂ ਜੰਮੇ ਬੱਚੇ ਤੋਂ ਲੈ ਕੇ ਦਸਾਂ ਸਾਲਾਂ ਤੱਕ ਦੇ ਬੱਚੇ ਤੁਹਾਡੇ ਲਈ ਬੱਚਿਆਂ ਦੇ ਡਾਇਪਰ ਤੋਂ ਲੈ ਕੇ ਕੱਪੜੇ ਧੋਣ ਲਈ ਡਿਟਰਜੈਂਟ ਅਤੇ ਕਾਰ ਤੱਕ ਦੀ ਤਰੀਫ ਕਰ ਰਹੇ ਹੁੰਦੇ ਹਨ। ਤੁਸੀਂ ਚੈਨਲ ਬਦਲੋ ਤਾਂ ਲਗਭਗ ਹਰ ਮਨੋਰੰਜਨ ਚੈਨਲ ਉੱਪਰ ਕਿਸੇ ਨਾ ਕਿਸੇ ਸਮੇਂ ਬਿਲਕੁਲ ਛੋਟੇ-ਛੋਟੇ ਬੱਚੇ ਨੱਚ ਟੱਪ ਰਹੇ ਹੁੰਦੇ ਹਨ ਤੇ ਉਹਨਾਂ ਸਾਹਮਣੇ ਜੱਜ ਬਣੇ ਬੈਠੇ ਤਿੰਨ ਚਾਰ ਬਾਲਗ ਕਲਾਕਾਰ ਉਹਨਾਂ 'ਤੇ ਟਿੱਪਣੀਆਂ ਕਰਨ ਲਈ ਅਤੇ ਉਹਨਾਂ ਨੂੰ ਨੰਬਰ ਦੇਣ ਲਈ ਤਿਆਰ ਬੈਠੇ ਦਿਖਦੇ ਹਨ। ਵਿੱਚ-ਵਿੱਚ ਕੈਮਰਾ ਬੱਚਿਆਂ ਦੇ ਮਾਪਿਆਂ ਉੱਤੇ ਜਾਂਦਾ ਹੈ ਜਾਂ ਤਾਂ ਉਹ ਖੁਸ਼ੀ ਨਾਲ਼ ਫੁੱਲੇ ਨਹੀ ਸਮਾ ਰਹੇ ਹੁੰਦੇ ਜਾਂ ਭਾਵੁਕ ਹੋਏ ਦਿਖਾਏ ਜਾਦੇ ਹਨ। ਜੀ ਹਾਂ ਅਸੀਂ ਰਿਐਲਟੀ ਸ਼ੋਅ ਦੀ ਗੱਲ ਕਰ ਰਹੇ ਹਾਂ।

ਨਾਟਕਾਂ ਫਿਲਮਾਂ, ਡਰਾਮਿਆਂ 'ਚ ਬੱਚੇ ਕਾਫੀ ਪਹਿਲਾਂ ਤੋਂ ਕੰਮ ਕਰ ਰਹੇ ਹਨ। ਪਰ ਮਸ਼ਹੂਰੀਆਂ ਦੇ ਕਾਰੋਬਾਰ ਅਤੇ ਰਿਐਲਟੀ ਸ਼ੋਅ ਵਿੱਚ ਬਾਲ ਕਲਾਕਾਰਾਂ ਦੀ ਭਰਮਾਰ ਨੱਬੇ ਦੇ ਦਹਾਕੇ 'ਚ ਸ਼ੁਰੂ ਹੋ ਗਈ ਜਦੋਂ ਤੋਂ ਸਾਡੇ ਘਰਾਂ ਉੱਪਰਲੀ ਜਗਾ ਅਨਟੀਨਿਆਂ ਤੋਂ ਡਿਸ਼ ਤੇ ਕੇਬਲ ਤਾਰਾਂ ਨੇ ਲੈ ਲਈ ਹੈ। ਦਰਅਸਲ ਦੂਰਦਰਸ਼ਨ ਦੇਖਦੇ-ਦੇਖਦੇ ਲੋਕਾਂ ਨੂੰ ਲਗਾਤਾਰ ਟੀ.ਵੀ. ਚੈਨਲਾਂ ਦੀ ਉਦੋਂ ਹਨੇਰੀ ਮਾਰ ਪੈਣੀ ਸ਼ੁਰੂ ਹੋ ਗਈ ਜਦੋਂ ਟੀ.ਵੀ. ਚੈਨਲ ਇੱਕ ਸੱਨਅਤ ਬਣ ਗਏ ਅਤੇ ਟੀ.ਵੀ. ਚੈਨਲਾਂ ਤੋਂ ਚੋਖੇ ਮੁਨਾਫੇ ਕੁੱਟ ਕੁੱਟ ਕਈ ਘਰਾਣੇ ਵਿਕਸਤ ਹੋ ਗਏ। ਹੁਣ ਹਰ ਦਿਨ ਟੀ.ਵੀ. ਚੈਨਲਾਂ ਨੂੰ ਦਿਖਾਉਣ ਲਈ ਕੁੱਝ ਨਵਾਂ ਮਸਾਲਾ ਚਾਹੀਦਾ ਸੀ ਤਾਂ ਕਿ ਲੋਕਾਂ ਨੂੰ ਕਿਸ ਤਰਾਂ ਕਦੇ ਲੋਟ-ਪੋਟ ਕੀਤਾ ਜਾਏ ਅਤੇ ਕਦੇ ਭਾਵੁਕਤਾ ਦੇ ਪੱਧਰ 'ਤੇ ਉਹਨਾਂ ਨੂੰ ਰੁਆ ਕੇ ਸ਼ਾਂਤ ਕੀਤਾ ਜਾਏ। ਅਮਰੀਕਾ ਦੀ ਤਰਜ਼ 'ਤੇ ਦੇਸੀ ਟੀ.ਵੀ. ਚੈਨਲਾਂ ਨੇ ਵੀ ਰਿਐਲਟੀ ਸ਼ੋਅ ਬਣਾਉਣੇ ਸ਼ੁਰੂ ਕੀਤੇ। 'ਕੁਇਜ਼ ਮੁਕਾਬਲਿਆਂ' ਤੋਂ 'ਕੌਣ ਬਣੇਗਾ ਕਰੋੜਪਤੀ' ਬਣ ਗਿਆ ਅਤੇ 'ਅੰਤਾਕਸ਼ਰੀ' ਤੋਂ 'ਸਾ ਰੇ ਗਾ ਮਾ ਪਾ' ਬਣ ਗਿਆ। ਬਾਲਗਾਂ ਦੀ ਭਾਵੁਕਤਾ ਬੱਚਿਆਂ ਨਾਲ਼ ਜੁੜੀ ਹੋਣ ਦੀ ਨਬਜ਼ ਪਹਿਚਾਨਣ ਵਾਲ਼ਾ ਟੀ.ਵੀ. ਲਗਾਤਾਰ ਰਿਐਲਟੀ ਸ਼ੋਅ ਲੈ ਕੇ ਆਇਆ ਜਿਸ ਵਿੱਚ ਰਿਐਲਟੀ ਦੇ ਨਾਮ ਉੱਤੇ ਵੱਖ-ਵੱਖ ਖੇਤਰਾਂ ਤੋਂ ਬੱਚਿਆਂ ਨੂੰ ਚੁਣ ਕੇ ਮੁਕਾਬਲੇ ਕਰਵਾਏ ਜਾਂਦੇ ਹਨ। ਮਨੁੱਖ ਦੇ ਬੱਚਿਆਂ ਪ੍ਰਤੀ ਮੋਹ ਨੂੰ ਤੇ ਬੱਚਿਆਂ ਦੀ ਕੋਮਲਤਾ ਨੂੰ ਨਿਸ਼ਾਨਾ ਬਣਾ ਕੇ ਟੀ.ਵੀ. ਚੈਨਲ ਆਪਣੀਆਂ ਜੇਬਾਂ ਭਰਨ ਲੱਗੇ।

ਅੱਜ ਟੀ.ਵੀ. ਵੇਖਣ ਵਾਲ਼ਾ ਕੋਈ ਵੀ ਬੱਚਾ ਜਾਂ ਵੱਡਾ ਅਜਿਹਾ ਨਹੀਂ ਹੋਵੇਗਾ ਜਿਸਨੇ ਕਦੇ ਕੋਈ ਬੱਚਿਆਂ ਦਾ ਸ਼ੋਅ ਨਾ ਦੇਖਿਆ ਹੋਵੇ। 'ਇੰਡੀਆਜ਼ ਬੈਸਟ ਡਰਾਮੇਬਾਜ਼', 'ਵਾਇਸ ਆਫ ਇੰਡੀਆਂ ਕਿਡਜ਼', 'ਡਾਸ ਇੰਡੀਆ ਡਾਂਸ, ਲਿਟਲ ਮਾਸਟਰ', 'ਸਬਸੇ ਬੜਾ ਕਲਾਕਾਰ' ਤੇ 'ਇੰਡੀਆ ਗਾਟ ਟੈਲਟ' ਹਰ ਰੋਜ਼ ਚੈਨਲਾਂ ਉੱਪਰ ਚੱਲ ਰਹੇ ਹਨ। ਤੇ ਦੂਜੇ ਪਾਸੇ ਅੱਜ ਮਸ਼ਹੂਰੀਆਂ ਹੀ ਮਸ਼ਹੂਰੀਆਂ ਬਣ ਰਹੇ ਹਨ। ਜਿੰਨਾਂ ਵਿੱਚ ਵੱਡਾ ਹਿੱਸਾ ਬਾਲ ਕਲਾਕਾਰ ਕੰਮ ਕਰ ਰਹੇ ਹਨ।

ਅੱਜ ਅਸੀਂ ਇਸ ਲੇਖ ਰਾਹੀਂ ਇਹਨਾਂ ਬਾਲ ਕਲਾਕਾਰਾਂ ਦੀ ਜ਼ਿੰਦਗੀ ਬਾਰੇ ਗੱਲ ਕਰਾਗੇਂ ਅਤੇ ਦੇਖਾਗੇਂ ਕਿ ਕਿਸ ਤਰਾਂ ਪ੍ਰਤਿਭਾ ਦੇ ਨਾਮ 'ਤੇ ਟੀ.ਵੀ. ਚੈਨਲ ਘਰਾਣੇ ਆਪਣੀਆਂ ਟੀ.ਆਰ.ਪੀਜ਼ ਵਧਾ ਰਹੇ ਹਨ ਅਤੇ ਬੱਚਿਆਂ ਨੂੰ ਇੱਕ ਨਵੀਂ ਕਿਸਮ ਦੀ ਬਾਲ ਮਜ਼ਦੂਰੀ 'ਚ ਪਾਇਆ ਜਾ ਰਿਹਾ ਹੈ। ਕਿਸ ਤਰ੍ਹਾਂ ਜ਼ਿੰਦਗੀ ਦਾ ਖੂਬਸੂਰਤ ਹਿੱਸਾ 'ਬਚਪਨ' ਉਹਨਾਂ ਤੋਂ ਖੋਹ ਲਿਆ ਜਾਂਦਾ ਹੈ। ਅਸੀਂ ਦੇਖਾਂਗੇ ਕਿ ਕੈਮਰੇ ਤੇ ਰੌਸ਼ਨੀਆਂ ਦੇ ਇਸ ਫਸਾਨੇ 'ਚ ਕਿਸ ਤਰ੍ਹਾਂ ਬਚਪਨ ਨਾ-ਗਵਾਰ ਗੁਜ਼ਰਦਾ ਹੈ। ਬਾਲ ਕਲਾਕਾਰਾਂ ਬਾਰੇ ਗੱਲ ਕਰਦਿਆਂ ਸਾਡੀ ਪਹੁੰਚ ਚੌਦਾਂ ਸਾਲਾਂ ਤੋ ਘੱਟ ਦੇ ਬੱਚਿਆਂ ਲਈ ਹੋਵੇਗੀ। ਬਾਲ ਕਲਾਕਾਰਾਂ ਤੋਂ ਲਏ ਜਾਂਦੇ ਕੰਮ ਨੂੰ ਬਾਲ-ਮਜ਼ਦੂਰੀ ਕਹਿਣ ਤੋਂ ਪਹਿਲਾਂ ਅਸੀਂ ਇਹ ਸਪੱਸ਼ਟ ਕਰਾਂਗੇ ਕਿ ਬਾਲ-ਮਜ਼ਦੂਰੀ ਕੀ ਹੈ? 'ਕੌਮਾਂਤਰੀ ਕਿਰਤ ਜਥੇਬੰਦੀ' ਦੁਆਰਾ ਬਾਲ-ਮਜ਼ਦੂਰੀ ਉਸਨੂੰ ਕਿਹਾ ਜਾ ਸਕਦਾ ਹੈ। ਜਿਸ ਵਿੱਚ ਬੱਚਾ ਗੈਰ-ਸਿਹਤਮੰਦ ਖੇਤਰ 'ਚ ਕੰਮ ਕਰੇ, ਆਪਣੇ ਵਿੱਤੋਂ ਜ਼ਿਆਦਾ ਔਖਾ ਕੰਮ ਕਰੇ ਅਤੇ ਇਸ ਕੰਮ ਵਿੱਚ ਉਸਦਾ ਮਾਨਸਿਕ ਤੇ ਸਰੀਰਕ ਸ਼ੋਸ਼ਣ ਹੋਵੇ। ਹੁਣ ਅੱਗੇ ਅਸੀਂ ਦੇਖਾਂਗੇ ਕਿ ਬਾਲ ਕਲਾਕਾਰ ਚਾਹੇ ਉਹ ਟੀ.ਵੀ., ਫਿਲਮਾਂ, ਰਿਐਲਟੀ ਸ਼ੋਅ ਜਾਂ ਮਸ਼ਹੂਰੀ 'ਚ ਕੰਮ ਕਰ ਰਹੇ ਹਨ, ਉਹ ਬਾਲ ਮਜ਼ਦੂਰੀ ਦੇ ਘੇਰੇ 'ਚ ਆਉਂਦੇ ਹਨ ਜਾਂ ਨਹੀਂ।

ਕਿਸੇ ਵੀ ਬੱਚੇ ਦੀ ਸਿਹਤ (ਸਰੀਰਕ ਤੇ ਮਾਨਸਿਕ) ਅਤੇ ਮੁੱਢਲੀ ਸਿੱਖਿਆ, ਇੱਕ ਚੰਗੇ ਬਚਪਨ ਦਾ ਪਹਿਲਾ ਅਤੇ ਦੂਜਾ ਨੁਕਤਾ ਹੈ। ਅਕਸਰ ਟੀ.ਵੀ. ਰਿਐਲਟੀ ਸ਼ੋਆ 'ਚ ਕੰਮ ਕਰਨ ਵਾਲ਼ੇ ਬੱਚੇ ਸਰੀਰਕ ਥਕਾਵਟ ਦਾ ਸ਼ਿਕਾਰ ਰਹਿੰਦੇ ਹਨ। ਕਈ-ਕਈ ਮਹੀਨੇ ਅਤੇ ਦਿਨ ਭਰ ਲੰਬੇ ਰਿਹਰਸਲਾਂ ਦੇ ਸੈਸ਼ਨ ਬੱਚਿਆਂ ਤੋਂ ਲਏ ਜਾਂਦੇ ਹਨ। ਕਨੂੰਨ ਮੁਤਾਬਿਕ ਮਨੋਰੰਜਨ ਸਨਅਤ 'ਚ ਕੰਮ ਕਰਦੇ ਬੱਚਿਆਂ ਤੋਂ ਇੱਕ ਦਿਨ ਵਿੱਚ ਪੰਜ ਘੰਟੇ ਤੋਂ ਵੱਧ ਕੰਮ ਨਹੀਂ ਲਿਆ ਜਾ ਸਕਦਾ ਪਰ ਇਹਨਾਂ ਬੱਚਿਆਂ ਦੇ ਪੂਰੇ-ਪੂਰੇ ਦਿਨ ਦੇ ਰਿਹਰਸਲ ਸੈਸ਼ਨ ਚੱਲਦੇ ਹਨ। ਅਕਸਰ ਹਫ਼ਤੇ ਦੇ ਇੱਕ ਦਿਨ ਚੱਲਣ ਵਾਲ਼ੇ ਸ਼ੋਅ ਦੀ ਤਿਆਰੀ ਲਈ ਪੂਰਾ ਹਫ਼ਤਾ ਰਿਹਰਸਲ ਕਰਵਾਈ ਜਾਦੀ ਹੈ ਅਤੇ ਇੱਕ ਰਿਐਲਟੀ ਸ਼ੋਅ ਲਗਭਗ ਤਿੰਨ ਤੋਂ ਚਾਰ ਮਹੀਨੇ ਚੱਲਦਾ ਹੈ। ਇਸ ਸਮੇਂ ਦੌਰਾਨ ਦੂਰ-ਦੁਰਾਡੇ ਸ਼ਹਿਰਾਂ ਤੋਂ ਆਏ ਬੱਚੇ ਆਪਣੇ ਮਾਪਿਆਂ ਨਾਲ਼ ਮੁੰਬਈ ਵਿਖੇ ਗੈਰ-ਮਿਆਰੀ ਥਾਵਾਂ 'ਤੇ ਰੁਕਦੇ ਹਨ। ਇਸ ਨਾਲ਼ ਬੱਚੇ ਦੀ ਪੜਾਈ ਦੇ ਸਾਲ ਬਰਬਾਦ ਹੁੰਦੇ ਹਨ। ਇਹ ਬੱਚੇ ਆਪਣੀ ਮੁੱਢਲੀ ਪੜਾਈ 'ਤੇ ਟੁੱਟ ਜਾਂਦੇ ਹਨ ਜੋ ਕਿ ਬੱਚੇ ਦੇ ਕੁੱਲ ਵਿਕਾਸ 'ਤੇ ਅਸਰ ਪਾਉਂਦਾ ਹੈ। ਲੰਬੀਆਂ ਰਿਹਰਸਲਾਂ ਦੌਰਾਨ ਤਣਾਅ ਵਿੱਚ ਬੱਚੇ ਸਹੀ ਖੁਰਾਕ ਨਹੀਂ ਲੈ ਪਾਉਂਦੇ ਅਤੇ ਜਿੱਤਣ ਦਾ ਦਬਾਅ ਤੇ ਓਹੀ ਕੰਮ ਵਾਰ-ਵਾਰ ਕਰਨ ਨਾਲ਼ ਬੱਚੇ ਉੱਪਰ ਤਣਾਅ ਦਾ ਵਾਧਾ ਹੁੰਦਾ ਹੈ। ਲਗਾਤਾਰ ਰੌਸ਼ਨੀਆਂ ਅਤੇ ਮੇਕਅੱਪ ਨਾਲ਼ ਉਹਨਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਅਕਸਰ ਟੀ.ਵੀ. ਦੀ ਸਕਰੀਨ ਪਿੱਛੇ ਬੱਚੇ ਬਹੁਤ ਦਬਾਅ 'ਚ ਰਹਿੰਦੇ ਹਨ ਉਹਨਾਂ ਉੱਪਰ ਜਿੱਤਣ ਦਾ, ਵਧੀਆ ਪ੍ਰਦਰਸ਼ਨ ਕਰਨ ਦਾ, ਕੋਈ ਗਲ਼ਤੀ ਨਾ ਕਰਨ ਦਾ, ਪਹਿਲਾ ਸਥਾਨ ਹਾਸਲ ਕਰਨ ਦਾ ਦਬਾਅ ਹਮੇਸ਼ਾ ਬਣਿਆ ਰਹਿੰਦਾ ਹੈ। ਜੋ ਬੱਚੇ ਦੀ ਸਿਹਤ 'ਚ ਵਿਗਾੜ ਪੈਦਾ ਕਰਦਾ ਹੈ। ਨਿਰੋਲ ਮੁਕਾਬਲੇ ਲਈ ਲੱਗੇ ਬੱਚੇ ਹੀਣ ਭਾਵਨਾ ਦਾ ਸ਼ਿਕਾਰ ਹੋਣੋ ਨਹੀਂ ਬਚਦੇ ਅਤੇ ਮੁਕਾਬਲੇ ਵਾਲ਼ੇ ਬੱਚਿਆਂ ਤੋਂ ਸਾੜੇ ਦੀ ਭਾਵਨਾ ਮਨ 'ਚ ਪੈਦਾ ਕਰਦੇ ਹਨ। ਜੋ ਬੱਚਿਆਂ ਦੀ ਮਾਨਸਿਕ ਸਿਹਤ ਨੂੰ ਹੋਰ ਪ੍ਰਭਾਵਿਤ ਕਰਦਾ ਹੈ। ਰਿਐਲਟੀ ਸ਼ੋਅ 'ਚ ਪਹੁੰਚਣ ਵਾਲ਼ੇ ਬੱਚਿਆਂ ਨੂੰ ਆਡੀਸ਼ਨ, ਸਕਰੀਨਟੈਸਟ, ਕੌਸਟੀਊਮ ਟੈਸਟ ਅਤੇ ਚੈਨਲਾਂ ਦੇ ਟੈਸਟ 'ਚੋਂ ਗੁਜ਼ਰਨਾ ਪੈਂਦਾ ਹੈ। ਹਾਰ ਜਾਣ ਵਾਲ਼ੇ ਬੱਚਿਆਂ ਉੱਤੇ ਪੂਰੀ ਉਮਰ ਦਾ ਸਦਮਾ ਰਹਿ ਜਾਂਦਾ ਹੈ। ਅਕਸਰ ਹਾਰਨ ਵਾਲ਼ੇ ਬੱਚੇ ਜੱਜਾਂ ਦੀਆਂ ਬੁਰੀਆਂ ਤੋਂ ਖ਼ਰਵੀਆਂ ਟਿੱਪਣੀਆਂ ਦਾ ਸ਼ਿਕਾਰ ਹੁੰਦੇ ਹਨ। ਉਹਨਾਂ ਨੂੰ ਹੁਣ ਤੱਕ ਸਿਰਫ਼ ਜਿੱਤਣਾ ਅਤੇ ਕਿਸੇ ਵੀ ਹਾਲਤ 'ਚ ਜਿੱਤਣਾ ਸਿਖਾਇਆ ਜਾਂਦਾ ਹੈ ਤੇ ਉਹਨਾਂ ਲਈ ਹਾਰ ਇੱਕ ਸਦਮਾ ਬਣ ਕੇ ਟੱਕਰਦੀ ਹੈ। ਹਾਰਨ ਵਾਲ਼ੇ ਬਾਲ ਕਲਾਕਾਰਾਂ 'ਚ ਇਹ ਡਰ ਬੈਠ ਜਾਂਦਾ ਹੈ ਕਿ ਹਾਰਨ ਪਿੱਛੋਂ ਉਹ ਆਮ ਲੋਕਾਂ 'ਚ ਕਿਸ ਤਰਾਂ ਵਿਚਰਨਗੇ। ਆਪਣੇ ਹਾਣਦਿਆਂ ਵੱਲੋਂ ਕੀਤੇ ਜਾਂਦੇ ਮਜ਼ਾਕ ਦਾ ਡਰ ਰਹਿੰਦਾ ਹੈ। ਪਿਛਲੇ ਦਹਾਕੇ ਤੋਂ ਚੱਲ ਰਹੇ ਇਹਨਾਂ ਰਿਐਲਟੀ ਸ਼ੋਅ 'ਚ ਸਿਰਫ 1% ਬਾਲ ਕਲਾਕਰ ਹੀ ਅੱਗੇ ਮਨੋਰੰਜਨ ਸੱਨਅਤ ਜਾਂ ਫ਼ਿਲਮਾਂ ਜਾਂ ਟੀ.ਵੀ. ਸੱਨਅਤ 'ਚ ਕੰਮ ਕਰ ਪਾਉਂਦੇ ਹਨ। ਮੁੰਬਈ ਤੇ ਦੂਰ ਦੁਰਾਡੇ ਇਲਾਕੇ ਤੋਂ ਆਏ ਇਹਨਾਂ ਬੱਚਿਆਂ ਦਾ ਬਚਪਨ ਦਰੜ ਦਿੱਤਾ ਜਾਂਦਾ ਹੈ। ਤੇ ਉਹ ਸਿਰਫ਼ ਇੱਕ ਪੈਸੇ ਕਮਾਉਣ ਦੀ ਮਸ਼ੀਨ ਬਣਾ ਦਿੱਤੇ ਜਾਂਦੇ ਹਨ। ਜਿੱਤਣ ਵਾਲ਼ੇ ਬੱਚੇ ਵੀ ਅਕਸਰ ਇਕਦਮ ਬਾਅਦ ਆਪਣੀ ਸਟਾਰਡਮ ਤੋਂ ਵਾਂਝੇ ਹੋ ਜਾਂਦੇ ਹਨ ਤੇ ਆਪਣਾ



ਨਾਮ ਹੋਰ ਚਮਕਾਉਣ ਲਈ ਆਪਣੇ ਫੈਨ ਬਣਾਉਣ ਲਈ ਕੋਸ਼ਿਸ਼ਾ 'ਚ ਲੱਗ ਜਾਂਦੇ ਹਨ। ਦੂਜੇ ਪਾਸੇ ਇਹਨਾਂ ਬਾਲ ਕਲਾਕਾਰਾਂ ਦੀ ਉਮਰ ਇੰਨੀ ਨਹੀ ਹੁੰਦੀ ਹੈ ਕਿ ਇਹ ਆਪਣੀ ਹਾਰ ਨੂੰ ਇੱਕ ਬਾਲਗ ਮਨੁੱਖ ਵਾਂਗ ਪ੍ਰਵਾਨ ਕਰਨ ਅਤੇ ਜਲਦੀ ਹੀ ਅਲਿਹਦਗੀ ਤੇ ਇਕੱਲਾਪੇ ਦੇ ਸ਼ਿਕਾਰ ਹੋ ਜਾਦੇ ਹਨ।

ਸਰੀਰਕ ਅਤੇ ਮਾਨਸਿਕ ਸਿਹਤ ਪੱਖੋਂ ਠੱਗੇ ਜਾਣ ਬਾਅਦ ਇਹਨਾਂ ਬਾਲ ਕਲਾਕਾਰਾਂ ਨੂੰ ਬਾਲਗ ਦੁਨੀਆਂ 'ਚ ਉਮਰੋਂ ਪਹਿਲਾਂ ਹੀ ਧੱਕ ਦਿੱਤਾ ਜਾਂਦਾ ਹੈ। ਅਕਸਰ ਟੀ.ਵੀ. ਪੇਸ਼ਕਸ਼ਾਂ 'ਚ ਬੱਚਿਆਂ ਤੋਂ ਬਾਲਗ ਚੁਟਕਲੇ ਅਤੇ ਹਾਵ-ਭਾਵ ਪੇਸ਼ ਕਰਵਾਏ ਜਾਂਦੇ ਹਨ। ਛੋਟੀਆਂ ਬੱਚੀਆਂ ਤੋਂ ਆਇਟਮ ਡਾਂਸ ਕਰਵਾਏ ਜਾਂਦੇ ਹਨ। ਬੱਚਿਆਂ ਦੀਆਂ ਕਦਰਾਂ-ਕੀਮਤਾਂ ਸਿੱਖਣ ਦੀ ਉਮਰ 'ਚ ਉਹਨਾਂ ਨੂੰ ਬਿਲਕੁਲ ਅਲੱਗ ਤਰਾਂ ਦੀ ਜ਼ਿੰਦਗੀ ਦੇ ਦਿੱਤੀ ਜਾਂਦੀ ਹੈ। ਰਿਐਲਟੀ ਸ਼ੋਅ 'ਚ ਬੱਚਿਆਂ ਦਾ ਮੇਕ-ਅੱਪ ਕਰਕੇ ਬੱਚਿਆਂ ਨੂੰ ਸਰੀਰਕ ਦਿੱਖ ਤੇ ਹੀ ਕੇਂਦਰਤ ਕਰਨਾ ਸਿਖਾਇਆ ਜਾਂਦਾ ਹੈ। ਇਹਨਾਂ ਸਭ ਦਾ ਅਸਰ ਸਿਰਫ਼ ਪ੍ਰਦਰਸ਼ਨ ਕਰ ਰਹੇ ਬੱਚਿਆਂ ਉੱਪਰ ਹੀ ਨਹੀਂ ਸਗੋਂ ਵੇਖ ਰਹੇ ਬੱਚਿਆਂ ਉੱਪਰ ਵੀ ਓਨਾਂ ਹੀ ਪੈ ਰਿਹਾ ਹੁੰਦਾ ਹੈ।

ਬਾਲ ਕਲਾਕਾਰਾਂ ਦੇ ਮਨਾ 'ਚ ਅਮੀਰ ਅਤੇ ਮਸ਼ਹੂਰ ਬਣਨ ਦੀਆਂ ਦਲੀਲਾਂ ਭਰੀਆਂ ਜਾਂਦੀਆਂ ਹਨ। ਸਫ਼ਲਤਾ ਕਿਸੇ ਵੀ ਕੀਮਤ ਤੇ, ਲਾਲਚ, ਧੋਖਾ ਅਤੇ ਪਿੱਠ ਪਿੱਛੇ ਹਮਲਾ ਕਰਨਾ ਆਦਿ ਕਿਸੇ ਵੀ ਟੀ.ਵੀ. ਸ਼ੋਅ ਦੇ ਤੱਤ ਤੇ ਵਿਸ਼ਾ ਵਸਤੂ 'ਚੋਂ ਬੱਚਿਆਂ ਨੂੰ ਮਿਲ਼ ਜਾਂਦੇ ਹਨ। ਅਕਸਰ ਬਾਲ ਕਲਾਕਾਰ ਆਪਣੇ-ਆਪ ਨੂੰ ਬਾਕੀ ਬੱਚਿਆਂ ਤੋਂ ਅਲੱਗ ਸਮਝਣ ਲੱਗਦੇ ਹਨ ਅਤੇ ਉਹਨਾਂ ਨੂੰ ਜ਼ਿੰਦਗੀ ਦੇ ਹੋਰ ਅਹਿਮ ਹਿੱਸਿਆਂ ਤੋਂ ਨਿਖੇੜ ਲਿਆ ਜਾਂਦਾ ਹੈ। ਮਿਲਵਰਤਨ, ਸਮਾਜਿਕ ਸਰੋਕਾਰ, ਸਵੈ-ਕਾਬੂ, ਸੰਵੇਦਨਸ਼ੀਲਤਾ, ਸਹਾਇਤਾ ਕਰਨਾ, ਸਹਿਯੋਗ ਦੇਣਾ ਅਤੇ ਸਮੂਹਿਕ ਕੰਮਾਂ ਵਰਗੀਆਂ ਕਦਰਾਂ-ਕੀਮਤਾਂ ਤੋਂ ਅਲੱਗ ਰਹਿ ਕੇ ਆਪਣਾ ਬਚਪਨ ਗੁਜ਼ਾਰਦੇ ਹਨ ਅਤੇ ਇਕਦਮ ਜੁਆਨੀ 'ਚ ਆਉਣ ਤੋਂ ਬਾਅਦ ਉਹਨਾਂ ਦਾ ਪਰਪੱਕ ਵਤੀਰਾ ਨਹੀਂ ਰਹਿ ਜਾਂਦਾ। ਅਕਸਰ ਉਹ ਸ਼ੋਸ਼ਣ ਦੇ ਸ਼ਿਕਾਰ ਹੋ ਜਾਂਦੇ ਹਨ ਜਾਂ ਤੇਜ਼ ਤਰਾਰ ਮਨੋਰੰਜਨ ਸੱਨਅਤ 'ਚ ਨਸ਼ਿਆਂ ਦੇ ਸ਼ਿਕਾਰ ਹੋਣ ਦੀਆਂ ਹਾਲਤਾਂ 'ਚ ਰਹਿੰਦੇ ਹਨ। ਜਲਦ ਤੋਂ ਜਲਦ 'ਪਰਫੈਕਟ' ਬਣਨ ਦੀ ਇੱਛਾ ਉਹਨਾਂ ਦਾ ਪਿੱਛਾ ਨਹੀਂ ਛੱਡਦੀ ਤੇ ਉਹ ਭਾਵਨਾਤਮਕ ਤੌਰ 'ਤੇ ਅਸਥਿਰ ਵਿਅਕਤੀ ਵਜੋਂ ਜਵਾਨ ਹੁੰਦੇ ਹਨ।

ਫਿਲਮ ਸਨਅਤ 'ਚੋਂ ਹੀ 'ਸਟਾਨਲੀ ਕਾ ਡਿੱਬਾ' ਅਤੇ 'ਤਾਰੇ ਜ਼ਮੀਨ ਪਰ' ਦੇ ਡਰੈਕਟਰ 'ਅਮੋਲ ਗੁਪਤਾ' ਅਤੇ ਫਿਲਮ ਡਰੈਕਟਰ 'ਸੁਰਜੀਤ ਸ਼ਿਰਕਾਰ' ਨੇ ਸੋਸ਼ਲ ਮੀਡੀਆ ਉੱਪਰ ਬੱਚਿਆਂ ਦੇ ਰਿਐਲਟੀ ਸ਼ੋਅ ਬੈਨ ਕਰਨ ਲਈ ਆਪਣਾ ਰੋਸ ਦਰਜ਼ ਕਰਨ ਬਾਅਦ ਇਹ ਚਰਚਾ ਦਾ ਵਿਸ਼ਾ ਬਣਿਆ ਹੈ ਕਿ ਰਿਐਲਟੀ ਸ਼ੋਅ ਅਸਲ 'ਚ ਕਿੰਨੇ ਕੁ 'ਰਿਅਲ' ਹਨ।

ਰਿਐਲਟੀ ਸ਼ੋਅ 'ਚ ਜ਼ਿਆਦਾਤਰ ਹਿੱਸਾ ਪਹਿਲਾਂ ਹੀ ਤਹਿ ਹੁੰਦਾ ਹੈ। ਕਈ ਰਿਐਲਟੀ ਸ਼ੋਅ ਦੀ ਸ਼ੂਟਿੰਗ ਇੱਥੋਂ ਤੱਕ ਝੂਠੀ ਹੁੰਦੀ ਹੈ ਕਿ ਕਲਾਕਾਰ ਪਹਿਲਾਂ ਆਪਣਾ ਪ੍ਰਦਰਸ਼ਨ ਕਰ ਚੁੱਕੇ ਹੁੰਦੇ ਹਨ ਅਤੇ ਜੱਜ ਮਗਰੋਂ ਪਹੁੰਚ ਕੇ ਆਪਣੀਆਂ ਲਿਖੀਆਂ-ਲਿਖਾਈਆਂ ਟਿੱਪਣੀਆਂ ਬੋਲਦੇ ਹਨ। ਇਸ ਸਭ ਦਾ ਪ੍ਰਭਾਵ ਬਾਲ ਮਨਾਂ ਉੱਤੇ ਕਿਸ ਤਰਾਂ ਪੈਂਦਾ ਹੋਵੇਗਾ ਅਸੀਂ ਸੋਚ ਹੀ ਸਕਦੇ ਹਾਂ।

ਉਪਰੋਕਤ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਬਾਲ ਹੱਕਾਂ ਦੀ ਰਾਖੀ ਲਈ ਕੌਮੀ ਕਮਿਸ਼ਨ ਦੇ ਦਿਸ਼ਾ ਨਿਰਦੇਸ਼ ਵੀ ਇਹਨਾਂ ਟੀ.ਵੀ. ਸ਼ੋਅ 'ਚ ਦਰ-ਕਿਨਾਰ ਕੀਤੇ ਜਾਂਦੇ ਹਨ। ਸੋ ਇਹ ਬਾਲ ਕਲਾਕਾਰਾਂ ਅੰਦਰਲੇ ਸੂਖਮ ਮਨਾਂ ਨਾਲ਼ ਖਿਲਵਾੜ ਹਨ। ਜਦੋਂ ਤੱਕ ਇਹ ਸਰਮਾਏਦਾਰੀ ਢਾਂਚਾ ਰਹੇਗਾ ਤਕਨੀਕ ਅਤੇ ਕਲਾਂ ਦੀ ਵਰਤੋਂ ਮੁਨਾਫ਼ੇ ਲਈ ਹੁੰਦੀ ਰਹੇਗੀ। ਆਓ ਬੱਚਿਆ ਨੂੰ ਚੰਗਾ ਭਵਿੱਖ ਦੇਣ ਲਈ ਲੋਕਤਾ ਦੇ ਦਮ 'ਤੇ ਹੀ ਬਦਲਵਾਂ ਮੀਡੀਆ ਉਸਾਰਦੇ ਹੋਏ ਨਰੋਆ ਸਮਾਜ ਸਿਰਜੀਏ।

ਲਲਕਾਰ 'ਚ ਧੰਨਵਾਦ ਸਹਿਤ

# ਕ੍ਰਾਂਤੀਕਾਰੀ ਕਵੀ ਮਿੰਦਰਪਾਲ ਭੱਠਲ ਦਾ ਬਰਨਾਲਾ ਵਿਖੇ ਹੋਇਆ ਸਨਮਾਨ

## ਡਾ. ਸੁਰਜੀਤ ਪਾਤਰ ਨੇ ਕੀਤੀ ਸਮਾਗਮ ਦੀ ਪ੍ਰਧਾਨਗੀ, ਪ੍ਰੋ. ਟਿਵਾਣਾ ਪੜ੍ਹਿਆ ਪੇਪਰ



ਬਰਨਾਲਾ : 'ਮੈਂ ਦੁਸ਼ਮਣਾਂ ਦੇ ਫੁੱਲਾਂ 'ਤੇ ਥੁੱਕ ਸਕਦੈਂ, ਪਰ ਮਿੱਤਰਾਂ ਦੇ ਕੰਡੇ ਪਰਵਾਨ ਹੋਣਗੇ' ਦੇ ਰਚੇਤਾ ਕ੍ਰਾਂਤੀਕਾਰੀ ਸਾਹਿਤਕਾਰ ਮਿੰਦਰਪਾਲ ਭੱਠਲ ਦਾ 'ਭੱਠਲ ਸਨਮਾਨ ਸਮਾਗਮ ਕਮੇਟੀ' ਵਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਸਨਮਾਨ ਕੀਤਾ ਗਿਆ। ਇਸ ਵਿਚ ਭੱਠਲ ਦੇ ਸੰਗੀ ਸਾਥੀਆਂ ਅਤੇ ਉਸਦੀ ਰਚਨਾਂ ਦੇ ਮੁਰੀਦ/ਪ੍ਰਸ਼ੰਸਕਾਂ ਵਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਭੱਠਲ ਦੀ ਕਾਵਿ ਰਚਨਾਂ ਬਾਰੇ ਪ੍ਰੋ. ਅਜਾਇਬ ਸਿੰਘ ਟਿਵਾਣਾ ਨੇ ਪੇਪਰ ਪੜ੍ਹਿਆ। ਸਮਾਗਮ ਦੀ ਪ੍ਰਧਾਨਗੀ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ, ਗੁਰਦਿਆਲ ਸਿੰਘ ਸ਼ੀਤਲ, ਬਲਵਿੰਦਰ ਬਰਨਾਲਾ, ਡਾ. ਤੇਜਵੰਤ ਮਾਨ, ਰਜਿੰਦਰ ਭਦੌੜ, ਡਾ. ਜਸਵੀਰ ਔਲਖ ਅਤੇ ਐਡਵੋਕੇਟ ਜਤਿੰਦਰ ਕੁਮਾਰ ਬਹਾਦਰਪੁਰੀਆ ਸ਼ਾਮਿਲ ਸਨ।

ਸਨਮਾਨ ਕਮੇਟੀ ਦੇ ਕੋ-ਕਨੀਵਨਰ ਸੁਖਦੇਵ ਪਾਂਧੀ ਦੇ ਸਵਾਗਤੀ ਭਾਸ਼ਣ ਨਾਲ ਸਮਾਗਮ ਦਾ ਆਗਾਜ਼ ਹੋਇਆ। ਸੰਬੋਧਨ ਕਰਦਿਆਂ ਪੰਜਾਬੀ ਦੇ ਪ੍ਰਸਿੱਧ ਕਵੀ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਮਿੰਦਰਪਾਲ ਭੱਠਲ ਲੋਕ ਦਿਲਾਂ 'ਚ ਉਤਰਨ ਵਾਲਾ ਕਵੀ ਹੈ। ਜਿਸ ਦੇ ਵਿਚਾਰਾਂ ਦੀ ਧਾਰ ਦੇ ਨਾਲ ਨਾਲ ਕਲਾ ਦੀ ਵੀ ਧਾਰ ਤਿੱਖੀ ਹੈ। ਜੋ ਉਨ੍ਹਾਂ ਦੇ ਚੰਦ ਕੁ ਪਿਆਰੇ ਸ਼ਾਇਰਾਂ 'ਚ ਸ਼ਾਮਲ ਹੈ। ਕਿਹਾ ਕਿ ਭੱਠਲ ਦੇ ਕਾਵਿ ਦੇ ਸਮੇਂ ਦੀਆਂ ਸਥਿਤੀਆਂ ਭਾਵੇਂ ਬਦਲ ਚੁੱਕੀਆਂ ਹਨ, ਪ੍ਰੰਤੂ ਪ੍ਰਸੰਗਿਕਤਾ ਨਹੀਂ ਬਦਲੀ, ਕਿਉਂਕਿ ਸਮਾਜ ਨੂੰ ਦਰਪੇਸ਼ ਮਸਲੇ ਜਿਉਂ ਦੇ ਤਿਉਂ ਹਨ। ਉਨਾਂ ਕਲਾ, ਕਵਿਤਾ ਤੇ ਨਾਟਕ ਨੂੰ ਲੋਕਾਂ 'ਚ ਲਿਜਾਣ ਦਾ ਸੱਦਾ ਦਿੱਤਾ ਤਾਂ ਕਿ ਚੇਤਨਾਂ ਤਿੱਖੀ ਹੁੰਦੀ ਰਹੀ। ਉਪਰੰਤ ਡਾ ਪਾਤਰ ਨੇ ਪੰਜਾਬ ਦੀ ਮੌਜੂਦਾ ਹਾਲਤ ਬਿਆਨਦੀ ਰਚਨਾਂ 'ਚੱਲੋ ਇੱਥੋਂ ਚੱਲੀਏ. . ., ਪੰਛੀ ਤਾਂ ਉੱਡ ਗਏ ਨੇ, ਰੁੱਖ ਵੀ ਸਲਾਹਾਂ ਕਰਨ. . ਚੱਲੋਂ ਇੱਥੋਂ ਚੱਲੀਏ..। ਆਦਿ ਤਰੰਨਮ 'ਚ ਪੇਸ਼ ਕਰਕੇ ਸਮਾਂ ਬੰਨ੍ਹਦਿੱਤਾ।

ਅਜਾਇਬ ਸਿੰਘ ਟਿਵਾਣਾ ਨੇ 'ਮਿੰਦਰਪਾਲ ਭੱਠਲ ਦੀ ਕਵਿਤਾ-ਇੱਕ ਇਨਕਲਾਬੀ ਲਲਕਾਰ' ਸਿਰਲੇਖ ਵਾਲਾ ਪੇਪਰ ਪੜ੍ਹਿਆ। ਜਿਸ ਵਿਚ ਉਨ੍ਹਾਂ ਦੇ ਸਮੁੱਚੀ ਲੇਖਣੀ ਦੇ ਵੱਖ-ਵੱਖ ਲੋਕ ਪੱਖੀ ਤੱਤਾਂ/ਪਹਿਲੂਆਂ ਨੂੰ ਬਾਖ਼ੂਬੀ ਉਜ਼ਾਗਰ ਕੀਤਾ। ਸ਼੍ਰੋਮਣੀ ਸਾਹਿਤਕਾਰ ਓਮ ਪ੍ਰਕਾਸ਼ ਗਾਸੋ ਨੇ ਮਿੰਦਰਪਾਲ ਭੱਠਲ ਨੂੰ ਪੰਜਾਬੀ ਦਾ ਨਾਗਾਅਰਜੁਨ ਤੇ ਮੁਕਤੀ ਬੋਧ ਐਲਾਨਦਿਆਂ ਇਹ ਸਨਮਾਨ ਲੋਕ ਪੱਖ ਦੇ ਪ੍ਰਕਰਣ ਦਾ ਪ੍ਰਦੂਸ਼ਣ ਰਹਿਤ ਚੇਤਨਾ ਵਲੋਂ ਕੀਤਾ ਗਿਆ ਸਨਮਾਨ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਆਗੂ ਡਾ. ਤੇਜਵੰਤ ਸਿੰਘ ਮਾਨ ਨੇ ਕਿਹਾ ਕਿ ਭੱਠਲ ਦੇ ਕਾਵਿ ਨੂੰ ਅਕਾਦਮਿਕ ਮਾਨਤਾ ਮਿਲੇ ਜਾਂ ਨਾ ਮਿਲੇ ਪਰ ਲੋਕ ਮਾਨਤਾ ਹੈ ਤੇ ਭੱਠਲ ਦੀ ਕਵਿਤਾ/ਗੀਤਕਾਰੀ ਅਕਾਦਮਿਕ ਖ਼ੇਤਰ ਦੇ ਪ੍ਰਵਾਣਿਤ ਕਵੀਆਂ ਪਾਸ਼ ਤੇ ਉਦਾਸੀ ਤੋਂ ਘੱਟ ਨਹੀਂ। ਜੋ ਹਾਲਾਤਾਂ/ਪ੍ਰਸਥਿਤੀਆਂ ਦੇ ਸਦਕਾ ਅਣਗੌਲੀ ਭਾਵੇਂ ਰਹੀ। ਮਿੰਦਰਪਾਲ ਭੱਠਲ ਨੇ ਕਿਹਾ ਕਿ ਉਸਦੀ ਕਵਿਤਾ ਉਸਦੇ ਜਵਾਨੀ ਸਮੇਂ ਲਿਖ਼ੀ ਹੋਈ ਹੈ ਜੋ ਨਾ-ਬਰਾਬਰੀ ਤੇ ਅਨਿਆਪੂਰਨ ਸਮਾਜ 'ਚ ਤਤਕਾਲੀ ਨਿਜ਼ਾਮ ਉਸ ਸਮੇਂ ਦੇ ਨੌਜਵਾਨ ਨੂੰ ਮਨਜ਼ੂਰ ਨਹੀਂ ਸੀ। ਉਨ੍ਹਾਂ ਇਸ ਵਿਚ ਪੁਰਾਣੇ ਸਾਥੀਆਂ ਦੇ ਸਹਿਯੋਗ ਦੇ ਨੂੰ ਯਾਦ ਕੀਤਾ ਤੇ ਵਢਿਆਉਂਦਿਆਂ ਸਨਮਾਨ ਲਈ ਧੰਨਵਾਦੀ ਸ਼ਬਦ ਕਹੇ। ਨਵਕਿਰਨ ਪੱਤੀ ਨੇ ਸਨਮਾਨ ਪੱਤਰ ਪੜ੍ਹਿਆ।

ਅਖ਼ੀਰਲੇ ਸੈਸ਼ਨ 'ਚ ਕਮੇਟੀ ਵਲੋਂ ਭੱਠਲ ਦਾ 21 ਹਜ਼ਾਰ ਦੀ ਨਕਦ ਰਾਸ਼ੀ ਤੇ ਸ਼ਾਲ ਭੇਂਟ ਕਰਕੇ ਸਨਮਾਨ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਸੁਰਜੀਤ ਪਾਤਰ ਦਾ ਵੀ ਪ੍ਰਧਾਨਗੀ ਮੰਡਲ ਤੇ ਕਮੇਟੀ ਆਗੂਆਂ ਵਲੋਂ ਯਾਦਗਾਰੀ ਚਿੰਨ੍ਹ ਤੇ ਸ਼ਾਲ ਭੇਂਟ ਕਰਕੇ ਸਨਮਾਨਿਤ ਕੀਤਾ। ਬੁਲਾਰਿਆਂ 'ਚ ਕਰਮਜੀਤ ਸਿੰਘ ਬਿੱਲੂ ਤੇ ਪੱਤਰਕਾਰ ਅਮਨਿੰਦਰਪਾਲ ਵੀ ਸ਼ਾਮਿਲ ਸਨ। ਸਨਮਾਨ ਕਮੇਟੀ ਦੇ ਕਨਵੀਨਰ ਸੋਹਣ ਸਿੰਘ ਮਾਝੀ ਨੇ ਮੰਚ ਸੰਚਾਲਕ ਦੀ ਬਾਖ਼ੂਬੀ ਭੂਮਿਕਾ ਨਿਭਾਈ। ਮਾਸਟਰ ਰਾਮ ਕੁਮਾਰ ਦੀ ਅਗਵਾਈ ਹੇਠਲੀ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਤੋਂ ਇਲਾਵਾ ਗਾਇਕ ਜੁਗਰਾਜ ਧੌਲਾ, ਅਜਮੇਰ ਅਕਲੀਆ, ਪਰਗਟ ਮਸਤੂਆਣਾ, ਗੁਰਮੀਤ ਜੱਜ, ਅੰਮ੍ਰਿਤਪਾਲ ਬੰਗਾ, ਹਰਬੰਸ ਸੋਨੂੰ, ਸੁਰਜੀਤ ਭੱਠਲ, ਜਗਤਾਰ ਬੈਂਸ, ਐਸ.ਪੀ. ਕਾਲੇਕਾ ਤੇ ਪਾਠਕ ਭਰਾਵਾਂ ਆਦਿ ਨੇ ਭੱਠਲ ਕਾਵਿ ਤੇ ਗੀਤਾਂ ਦੇ ਅਧਾਰਿਤ ਪੇਸ਼ਕਾਰੀਆਂ ਰਾਹੀਂ ਸਰੋਤਿਆਂ ਨੂੰ ਕੀਲਿਆ। ਇਸ ਤੋਂ ਇਲਾਵਾ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਆਗੂ ਪਵਨ ਹਰਚੰਦਪੁਰੀ ਅਤੇ ਪ੍ਰਿੰਸੀਪਲ ਸੁਰਜੀਤ ਸਿੰਘ ਸੰਧੂ ਭਦੌੜ ਨੇ ਵੀ ਭੱਠਲ ਨੂੰ ਵੱਖਰੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਤਰਸੇਮ ਪਟਿਆਲਾ ਵਲੋਂ ਅਨੁਵਾਦਿਤ ਇੱਕ ਕਿਤਾਬ ਵੀ ਰਿਲੀਜ਼ ਕੀਤੀ ਗਈ। ਸਮਾਗਮ ਦੌਰਾਨ ਇਲਾਕੇ ਦੀਆਂ ਨਾਮਵਰ ਸਾਹਿਤਕ, ਸਮਾਜ ਸੇਵੀ, ਰਾਜਸੀ, ਸੰਘਰਸ਼ਸ਼ੀਲ, ਤੇ ਜਥੇਬੰਦਕ ਤੇ ਉੱਘੀਆਂ ਸ਼ਖ਼ਸ਼ੀਅਤਾਂ ਨੇ ਭਰਵੀਂ ਸ਼ਿਰਕਤ ਕੀਤੀ। ਪੁਰਾਣੇ ਜੁਝਾਰੂ ਸਾਥੀ ਰਹੇ ਗੁਰਦਿਆਲ ਸ਼ੀਤਲ ਨੇ ਸਭਨਾਂ ਦਾ ਧੰਨਵਾਦ ਕੀਤਾ।

# ਫੋਕੀਆਂ ਰਸਮਾਂ ਨੂੰ ਵੰਗਾਰਦਾ ਹੋ ਨਿਬੜਿਆ ਸ੍ਰੀਮਤੀ ਸ਼ੇਰ ਕੌਰ ਦਾ ਸ਼ਰਧਾਂਜਲੀ ਸਮਾਗਮ





ਬਿਨਾਂ ਕਿਸੇ ਧਾਰਮਿਕ ਅਡੰਬਰ, ਪਛੜੀਆਂ ਅਤੇ ਅੰਧਵਿਸ਼ਵਾਸੀ ਰਸਮਾਂ ਤੋਂ ਰਹਿਤ ਇੱਕ ਵਿਲੱਖਣ ਕਿਸਮ ਦੀ ਵਿਗਿਆਨਕ ਰੌਸ਼ਨੀ ਬਿਖੇਰਦਾ ਹੋ ਨਿਬੜਿਆ ਸ਼੍ਰੀਮਤੀ ਸ਼ੇਰ ਕੌਰ ਦਾ ਸ਼ਰਧਾਂਜਲੀ ਸਮਾਗਮ। ਤਰਕਸ਼ੀਲ, ਇਨਕਲਾਬੀ ਤੇ ਜਮਹੂਰੀਅਤ ਪਸੰਦ ਆਗੂ ਜਸਵੰਤ ਜੀਰਖ ਦੀ ਜੀਵਨ ਸਾਥਣ ਜੋ 4 ਨਵੰਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਦਾ 12 ਨਵੰਬਰ , 2017 ਨੂੰ ਜੀਰਖ ਪਰਿਵਾਰ ਵਲੋਂ ਸ਼ਰਧਾਂਜਲੀ ਸਮਾਗਮ ਕੋਈ ਵੀ ਪ੍ਰਚੱਲਤ ਰਸਮ ਕੀਤੇ ਬਗੈਰ ਕੀਤਾ ਗਿਆ। ਇਸ ਸਮੇਂ ਸਭ ਤੋਂ ਪਹਿਲਾਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਨੇ ਸੂਬਾ ਕਮੇਟੀ ਵੱਲੋਂ ਤਿਆਰ ਕੀਤਾ ਯਾਦਗਾਰੀ ਸ਼ਰਧਾਂਜਲੀ ਪੱਤਰ ਪੜ੍ਹਿਆ। ਉਸ ਉਪਰੰਤ ਮਹਾਂ ਸਭਾ ਲੁਧਿਆਣਾ ਦੇ ਪ੍ਰਧਾਨ ਅਤੇ ਜੀਰਖ ਪਰਿਵਾਰ ਦੇ ਬਹੁਤ ਹੀ ਨੇੜਲੇ ਸਾਥੀ ਕਰਨਲ ਜੇ. ਐਸ. ਬਰਾੜ ਨੇ ਜੀਰਖ ਪਰਿਵਾਰ ਵਿੱਚ ਸ੍ਰੀਮਤੀ ਸ਼ੇਰ ਕੌਰ ਵੱਲੋਂ ਸਿਦਕਦਿਲੀ ਨਾਲ ਨਿਭਾਈ ਜਾਂਦੀ ਰਹੀ ਅਹਿਮ ਭੂਮਿਕਾ ਦਾ ਹਵਾਲਾ ਦਿੰਦਿਆਂ ਉਹਨਾਂ ਦੇ ਤੁਰ ਜਾਣ ਨਾਲ ਪਰਿਵਾਰ ਅਤੇ ਸਮੁੱਚੇ ਸਮਾਜ ਨੂੰ ਪਏ, ਨਾ ਪੂਰੇ ਜਾਣ ਵਾਲੇ ਘਾਟੇ ਬਾਰੇ ਚਿੰਤਾ ਪ੍ਰਗਟ ਕਰਦਿਆਂ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ ਨੇ ਸ੍ਰੀਮਤੀ ਸ਼ੇਰ ਕੌਰ ਦੇ ਚਲੇ ਜਾਣ ਬਾਅਦ ਅੱਜ ਦੇ ਸਮੇਂ ਨੂੰ ਉਹਨਾਂ ਨਾਲ ਮਿਲਣ ਦਾ ਸਮਾਂ ਦੱਸਿਆ, ਕਿਉਂਕਿ ਅੱਜ ਅਸੀਂ ਉਹਨਾਂ ਦੇ ਕੰਮਾਂ ਵਿਚੋਂ ਉਹਨਾਂ ਨੂੰ ਵੇਖ ਰਹੇ ਹਾਂ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗੁਰਮੁਖ ਸਿੰਘ ਨੇ ਜੀਰਖ ਪਰਿਵਾਰ ਵੱਲੋਂ ਹਰ ਸਮੇਂ ਦੱਬੇ ਕੁਚਲੇ ਲੋਕਾਂ ਦੇ ਹੱਕ ਵਿੱਚ ਖੜ੍ਹਨ ਲਈ ਨਿਭਾਏ ਜਾਂਦੇ ਕੰਮਾਂ ਦੇ ਹਵਾਲਿਆਂ ਰਾਹੀਂ ਆਪਣੀ ਹਾਜ਼ਰੀ ਲਵਾਈ। ਤਰਕਸ਼ੀਲ ਆਗੂ ਸੁਖਦੇਵ ਫਗਵਾੜਾ, ਜੋਗਿੰਦਰ ਕੁੱਲੇਵਾਲ ਨੇ ਆਪਣੇ ਤਰਕਸ਼ੀਲ ਨਜ਼ਰੀਏ ਦੀ ਪ੍ਰੋੜਤਾ ਕਰਦਿਆਂ ਸਾਥੀ ਜੀਰਖ ਵੱਲੋਂ ਤਰਕਸ਼ੀਲ ਲਹਿਰ ਵਿੱਚ ਧੜੱਲੇਦਾਰੀ ਨਾਲ ਕੀਤੇ ਜਾ ਰਹੇ ਕੰਮਾਂ ਪਿੱਛੇ ਸ੍ਰੀਮਤੀ ਸ਼ੇਰ ਕੌਰ ਦੀ ਪਿੱਠਭੂਮਿਕਾ ਦੇ ਹਵਾਲੇ ਨਾਲ ਆਪਣੀ ਗੱਲ ਕੀਤੀ। ਉੱਘੇ ਕਵੀ ਸੁਰਜੀਤ ਗੱਗ ਨੇ "ਤੂੰ ਮਗਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ" ਦੇ ਗੀਤ ਦੇ ਹਵਾਲੇ ਨਾਲ ਗੱਲ ਕਰਦਿਆਂ ਕਿਹਾ ਕਿ ਮੈਂ ਜੀਰਖ ਪਰਿਵਾਰ ਵਿੱਚ, ਓਹ ਮਘਦਾ ਵੇਖ ਰਿਹਾ ਹਾਂ ਅਤੇ ਅੱਗੇ ਕਿਹਾ ਕਿ ਸਾਡਾ ਨਾਂ ਸਮਾਜ ਵਿੱਚ ਗੰਦ ਪਾਉਣ ਵਾਲਿਆਂ 'ਚ ਨਹੀਂ ਸਗੋਂ ਗੰਦ ਸਾਫ਼ ਕਰਨ ਵਾਲਿਆਂ 'ਚ ਹੈ। ਸਾਬਕਾ ਅਧਿਆਪਕ ਆਗੂ ਜੋਗਿੰਦਰ ਆਜ਼ਾਦ ਨੇ ਆਪਣੀ ਗੱਲ ਕਰਦਿਆਂ ਕੈਨੇਡਾ ਵਾਸੀ ਮਾ. ਭਜਨ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਉਹਨਾਂ ਰਾਤੀਂ ਜੀਰਖ ਪਰਿਵਾਰ ਨਾਲ ਆਪਣੀ ਸਾਂਝ ਬਾਰੇ ਬਹੁਤ ਕੁੱਝ ਫ਼ੋਨ ਰਾਹੀਂ ਸਾਂਝਾ ਕੀਤਾ ਜੋ ਭੈਣ ਸ਼ੇਰ ਕੌਰ ਦੀ ਸ਼ਖ਼ਸੀਅਤ ਅਤੇ ਪਰਿਵਾਰ 'ਚੋਂ ਮਿਲੇ ਨਿੱਘ ਨੂੰ ਦਰਸਾਉਂਦਾ ਹੈ। ਕਾਰਖਾਨਾ ਮਜ਼ਦੂਰ ਯੂਨੀਅਨ ਦੇ ਲਖਵਿੰਦਰ ਨੇ ਮਜ਼ਦੂਰ ਵਰਗ ਲਈ ਜੀਰਖ ਪਰਿਵਾਰ ਵੱਲੋਂ ਮਿਲ ਰਹੇ ਸਹਿਯੋਗ ਪਿੱਛੇ ਸ਼ੇਰ ਕੌਰ ਦੀ ਭੂਮਿਕਾ ਨੂੰ ਯਾਦ ਕੀਤਾ। ਐਡਵੋਕੇਟ ਪੁੱਤਰ ਹਰਪ੍ਰੀਤ ਜੀਰਖ ਨੇ ਹੰਝੂਆਂ ਭਰੇ ਜਜਬਾਤਾਂ ਨਾਲ ਆਪਣੀ ਮਾਤਾ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਮਾਂ ਵੱਲੋਂ ਨਿਭਾਏ ਸ਼ਾਨਾਂਮੱਤੇ ਪਰਿਵਾਰਕ ਰੋਲ ਬਾਰੇ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਇਨਕਲਾਬੀ ਕੇਂਦਰ ਦੇ ਕੰਵਲਜੀਤ ਖੰਨਾ ਨੇ ਪਰਿਵਾਰ ਪ੍ਰਤੀ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਇਹ ਪਰਿਵਾਰ ਪੈਸੇ ਦੀ ਦੌੜ 'ਚ ਨਹੀਂ ਸ਼ਾਮਲ ਹੋਇਆ ਸਗੋਂ ਬੱਚਿਆਂ ਨੂੰ ਸਚੁੱਜੀ ਸੇਧ ਦਿੱਤੀ ਹੈ, ਜਿਸ ਕਾਰਨ ਸਾਰਾ ਪਰਿਵਾਰ ਅਗਾਂਹਵਧੂ ਸੋਚ ਦਾ ਧਾਰਨੀ ਬਣਿਆ ਹੈ। ਉਹਨਾਂ ਔਰਤ ਵਰਗ ਦੀ ਸਮਾਜਿਕ ਹਾਲਤ ਉੱਪਰ ਚਾਨਣਾ ਪਾਇਆ ਅਤੇ ਸ਼ੇਰ ਕੌਰ ਵੱਲੋਂ ਪਰਿਵਾਰ ਨੂੰ ਸਮਾਜ ਵਿੱਚ ਨਿਭਾਏ ਜਾਂਦੇ ਅਗਾਂਹਵਧੂ ਰੋਲ ਲਈ ਸਹਿਯੋਗ, ਬਹੁਤ ਹੀ ਸ਼ਲਾਘਾਯੋਗ ਰਿਹਾ ਹੈ। ਵੱਖ-ਵੱਖ ਬੁਲਾਰਿਆਂ ਸਮਾਜ ਵਿੱਚ ਔਰਤਾਂ ਅਤੇ ਮਜ਼ਦੂਰ ਵਰਗ ਦੀਆਂ ਮਾੜੀਆਂ ਹਾਲਤਾਂ ਲਈ ਜ਼ਿੰਮੇਵਾਰ ਸ਼ਕਤੀਆਂ ਦੇ ਪਾਜ ਉਘੇੜਦਿਆਂ ਉਹਨਾਂ ਖਿਲਾਫ ਆਵਾਜ਼ ਉਠਾਉਣ 'ਤੇ ਵੀ ਜ਼ੋਰ ਦਿੱਤਾ।

ਅੰਤ ਵਿੱਚ ਸ਼੍ਰੀਮਤੀ ਸ਼ੇਰ ਕੌਰ ਦੇ ਜੀਵਨ ਸਾਥੀ ਜਸਵੰਤ ਜੀਰਖ ਨੇ ਵਿਚਾਰ ਸਾਂਝੇ ਕਰਦਿਆਂ ਜ਼ਿੰਦਗੀ ਦੀਆਂ ਕੌੜੀਆਂ ਸਚਾਈਆਂ ਸਾਹਮਣੇ ਲਿਆਂਦੀਆਂ। ਉਹਨਾਂ ਕਿਹਾ ਕਿ ਜੋ ਕੁਝ ਅਸੀਂ ਅੱਜ ਹਾਂ ਮੇਰੀ ਜੀਵਨ ਸਾਥਣ ਸ਼ੇਰ ਕੌਰ ਦੀ ਬਦੌਲਤ ਹੀ ਹਾਂ। ਉਹਨਾਂ ਅੱਖਾਂ ਭਰਦਿਆਂ ਦੱਸਿਆ ਕਿ ਅੱਜ ਜੋ ਸਾਡਾ ਪਰਿਵਾਰ ਜ਼ਮੀਨ ਲੈਵਲ ਤੋਂ ਵੀ ਹੇਠਾਂ ਤੋਂ ਉੱਠਕੇ ਇਸ ਮੁਕਾਮ ਤੇ ਪੁੱਜਾ ਹੈ, ਤਾਂ ਉਸ ਪਿੱਛੇ ਮੇਰੀ ਜੀਵਨ ਸਾਥਣ ਵੱਲੋਂ ਨਿਭਾਇਆ ਘਰ ਦੀ ਜ਼ੁੰਮੇਵਾਰੀ ਲਈ ਸ਼ਲਾਘਾਯੋਗ ਰੋਲ ਹੈ। ਉਹਨਾਂ ਆਪਣੇ ਜੀਵਨ ਦੀਆਂ ਉਹ ਘਟਨਾਵਾਂ ਵੀ ਸਾਂਝੀਆਂ ਕੀਤੀਆਂ ਜਿਹਨਾਂ ਨੇ ਉਸ ਨੂੰ ਤਰਕਸ਼ੀਲ ਵਿਚਾਰਾਂ ਦਾ ਧਾਰਨੀ ਬਣਨ ਲਈ ਅਹਿਮ ਭੂਮਿਕਾ ਨਿਭਾਈ। ਉਹਨਾਂ ਦੱਸਿਆ ਕਿ ਮੌਤ ਉਪਰੰਤ ਉਹਨਾਂ ਦੀਆਂ ਅੱਖਾਂ ਮੈਡੀਕਲ ਕਾਲਜ ਨੂੰ ਨੇਤਰਹੀਣਾਂ ਨੂੰ ਰੌਸ਼ਨੀ ਦੇਣ ਲਈ ਦਿੱਤੀਆਂ ਗਈਆਂ ਹਨ। ਉਹਨਾਂ ਸਪਸ਼ਟ ਕੀਤਾ ਕਿ ਅਸੀਂ ਕਿਸੇ ਵੀ ਅਗਲੇ ਪਿਛਲੇ ਜਨਮ ਅਤੇ ਨਰਕ ਸਵਰਗ ਵਿੱਚ ਵਿਸ਼ਵਾਸ ਨਹੀਂ ਰੱਖਦੇ, ਸਗੋਂ ਇਸੇ ਜੀਵਨ ਨੂੰ ਸਵਰਗ ਬਣਾਉਣ ਵਿੱਚ ਯਕੀਨ ਰੱਖਦੇ ਹਾਂ। ਉਹਨਾਂ ਹਰ ਤਰ੍ਹਾਂ ਦੇ ਸਾਧ ਸੰਤ ਕਹਾਉਣ ਵਾਲੇ ਅਤੇ ਲੋਕਾਂ ਦੀ ਕਿਰਤ ਕਮਾਈ ਤੇ ਪਲ ਰਹੇ ਡੇਰਿਆਂ ਤੋਂ ਵੀ ਸਾਵਧਾਨ ਰਹਿਣ ਲਈ ਆਪਣੀ ਗੱਲ ਕਰਦਿਆਂ ਆਪਣੇ ਨਿੱਜੀ ਤਜਰਬੇ ਸਾਂਝੇ ਕੀਤੇ ਆਏ ਲੋਕਾਂ ਦਾ ਇਸ ਦੁੱਖ ਦੇ ਸਮੇਂ ਪਰਿਵਾਰ ਨੂੰ ਦਿੱਤੇ ਹੁੰਗਾਰੇ ਲਈ ਧੰਨਵਾਦ ਕੀਤਾ ।

ਸ਼ਰਧਾਂਜਲੀ ਸਮੇਂ ਇਹ ਵੀ ਸਪਸ਼ਟ ਕੀਤਾ ਗਿਆ ਕਿ ਉਹਨਾਂ ਦੇ ਸਸਕਾਰ ਮੌਕੇ ਕੋਈ ਪਿਛਾਖੜੀ ਰਸਮ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਘੜਾ ਭੰਨਿਆ ਗਿਆ। ਉਹਨਾਂ ਦਾ ਸਸਕਾਰ ਕਰਨ ਉਪਰੰਤ ਫੁੱਲ ਪਾਉਣ ਦੀ ਰਸਮ ਵੀ ਕਿਸੇ ਧਾਰਮਿਕ ਸਥਾਨ 'ਤੇ ਨਹੀਂ ਸਗੋਂ ਪਿੰਡ ਦੇ ਨੇੜੇ ਵਗਦੀ ਨਹਿਰ ਵਿੱਚ ਹੀ ਜਲ ਪ੍ਰਵਾਹ ਕੀਤੇ ਗਏ। ਇਹ ਸ਼ਰਧਾਂਜਲੀ ਸਮਾਗਮ ਆਏ ਰਿਸ਼ਤੇਦਾਰਾਂ, ਜਥੇਬੰਦੀਆਂ ਦੇ ਕਾਰਕੁੰਨਾਂ ਅਤੇ ਆਮ ਲੋਕਾਂ ਲਈ ਇੱਕ ਨਵੀਂ ਸੇਧ ਪ੍ਰਦਾਨ ਕਰਨ ਵਾਲਾ ਹੋ ਨਿਬੜਿਆ, ਪੰਡਾਲ ਵਿੱਚ ਸਿੱਖਿਆ ਦਾਇਕ ਬੈਨਰ, ਮਾਟੋ ਲਗਾਏ ਹੋਏ ਸਨ, ਜੋ ਬਹੁਤ ਖਿੱਚ ਦਾ ਕੇਂਦਰ ਬਣੇ। ਤਰਕਸ਼ੀਲ, ਇਨਕਲਾਬੀ ਅਤੇ ਅਗਾਂਹਵਧੂ ਸਾਹਿਤ ਦੀਆਂ ਕਿਤਾਬਾਂ ਦੀ ਨੁਮਾਇਸ਼ ਵੀ ਲਗਾਈ ਗਈ, ਤਰਕਸ਼ੀਲ ਮੈਗਜ਼ੀਨ ਵੀ ਵੱਡੀ ਗਿਣਤੀ ਵਿੱਚ ਵੰਡਿਆ ਗਿਆ। ਕਈ ਜੱਥੇਬੰਦੀਆਂ ਅਤੇ ਵਿਅਕਤੀਆਂ ਵੱਲੋਂ ਆਏ ਸ਼ੋਕ ਮਤੇ ਪੜ੍ਹੇ ਗਏ ਅਤੇ ਬਹੁਤ ਸਾਰੇ ਬੁਲਾਰਿਆਂ ਤੋਂ ਸਮੇਂ ਦੀ ਘਾਟ ਕਰਨ ਮੁਆਫੀ ਵੀ ਮੰਗਣੀ ਪਈ। ਇਸ ਮੌਕੇ ਅਗਾਂਹਵਧੂ ਸੰਸਥਾਵਾਂ ਜੋ ਸਮਾਜ ਲਈ ਉਸਾਰੂ ਜ਼ੁੰਮੇਵਾਰੀ ਨਿਭਾ ਰਹੀਆਂ ਹਨ, ਨੂੰ ਮਾਇਕ ਸਹਾਇਤਾ ਵੀ ਦਿੱਤੀ ਗਈ। ਸਮੁੱਚਾ ਸਟੇਜ ਸੰਚਾਲਨ ਉੱਘੇ ਰੰਗ-ਕਰਮੀ ਮਾ. ਸੁਰਿੰਦਰ ਸ਼ਰਮਾ ਨੇ ਬਾਖੂਬੀ ਨਿਭਾਇਆ।

ਸ਼ਰਧਾਂਜਲੀ ਸਮਾਗਮ ਬਾਅਦ ਸਮੁੱਚੇ ਪਰਿਵਾਰ ਨੇ ਆਪਣੇ ਪਿੰਡ ਦੇ ਸਰਕਾਰੀ ਮਿਡਲ ਸਕੂਲ ਦਾ ਵਿੱਦਿਅਕ ਪ੍ਰਬੰਧ ਸੁਧਾਰਨ ਲਈ ਉਥੋਂ ਦੇ ਅਧਿਆਪਕਾਂ ਦਾ ਹਰ ਪੱਖੋਂ ਸਹਿਯੋਗ ਦੇਣ ਦਾ ਫੈਸਲਾ ਵੀ ਲਿਆ। ਸ਼ੇਰ ਕੌਰ ਜੋ ਖ਼ੁਦ ਵੀ ਮੁੱਖ ਅਧਿਆਪਕਾ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ, ਦੀ ਯਾਦ ਵਿੱਚ ਅਧਿਆਪਕਾਂ ਦੇ ਸੁਝਾਅ ਅਨੁਸਾਰ ਸਕੂਲ ਦੇ ਬੱਚਿਆਂ ਨੂੰ ਬੂਟ, ਜਰਾਬਾਂ, ਕਾਪੀਆਂ, ਪੈਨ, ਟਾਈ ਤੇ ਬੈਲਟਾਂ ਵੰਡਕੇ ਸ਼ੁਰੂਆਤ ਕੀਤੀ ਗਈ। ਹੁਣ ਅਗਲੇ ਦਿਨਾਂ ਵਿੱਚ ਸਕੂਲ ਦੀ ਹਾਲਤ ਸੁਧਾਰਨ ਲਈ ਰੰਗ ਰੋਗ਼ਨ ਕਰਵਾਉਣ ਦਾ ਕੰਮ ਕਰਵਾਇਆ ਜਾਵੇਗਾ। ਬਿਲਡਿੰਗ ਵਿੱਚ ਬੱਚਿਆਂ ਦੀ ਚੇਤਨਾ ਵਧਾਉਣ ਲਈ ਸੁੰਦਰ ਨਕਸ਼ੇ, ਅਗਾਂਹਵਧੂ ਨਾਅਰੇ ਅਤੇ ਪ੍ਰਸਿੱਧ ਵਿਗਿਆਨੀਆਂ ਦੇ ਵਿਚਾਰ ਦੀਵਾਰਾਂ ਉੱਪਰ ਲਿਖਣ ਦਾ ਫੈਸਲਾ ਵੀ ਪਰਿਵਾਰ ਨੇ ਲਿਆ ਹੈ। ਇਸ ਤੋਂ ਬਿਨਾਂ ਹਰ ਸਾਲ ਸ਼ੇਰ ਕੌਰ ਦੀ ਯਾਦ ਵਿੱਚ ਚੰਗੀਆਂ ਪੁਜ਼ੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਦੇ ਸਨਮਾਨ ਲਈ "ਸ਼ੇਰ ਕੌਰ ਯਾਦਗਾਰੀ ਸਮਾਰੋਹ" ਕੀਤਾ ਜਾਇਆ ਕਰੇਗਾ ਤਾਂ ਕਿ ਆਮ ਪਰਿਵਾਰਾਂ ਦੇ ਬੱਚਿਆਂ ਵਿੱਚ ਪੜ੍ਹਨ ਲਈ ਹੋਰ ਵੱਧ ਉਤਸ਼ਾਹ ਪੈਦਾ ਹੋ ਸਕੇ। ਪਰਿਵਾਰਕ ਤੌਰ 'ਤੇ ਉਹਨਾਂ ਦੇ ਪੁੱਤਰਾਂ ਅਤੇ ਧੀਆਂ ਵਰਗੀਆਂ ਨੂੰਹਾਂ ਦਲਬਾਗ ਸਿੰਘ/ਕਰਮਜੀਤ ਕੌਰ, ਐਡਵੋਕੇਟ ਹਰਪ੍ਰੀਤ ਸਿੰਘ/ਕੁਲਦੀਪ ਕੌਰ, ਆਸਟ੍ਰੇਲੀਆ ਵਾਸੀ ਤਰਲੋਚਨ ਸਿੰਘ/ਦਮਨਦੀਪ ਕੌਰ ਨੇ ਆਪਣੇ ਮਾਤਾ ਪਿਤਾ ਵੱਲੋਂ ਸਮਾਜ ਵਿੱਚ ਵਿਦਿਆ ਰੂਪੀ ਰੌਸ਼ਨੀ ਬਿਖੇਰਨ ਲਈ ਨਿਭਾਈ ਗਈ ਤੇ ਨਿਭਾਈ ਜਾ ਰਹੀ ਜ਼ੁੰਮੇਵਾਰੀ ਨੂੰ ਹੋਰ ਵੀ ਵੱਧ ਸ਼ਿੱਦਤ ਨਾਲ ਕੀਤੇ ਜਾਣ ਦੀ ਉਤਸੁਕਤਾ ਵਿਖਾਈ ਹੈ

## ਅਸਵੀਕਾਰ

ਇਹ ਚਾਰ ਕੰਧਾਂ ਦੀ ਵਲਗਣ ਮੇਰਾ ਘਰ ਨਹੀਂ
ਜਿਦ੍ਹੇ ਵਿਚ ਬਸਰ ਕੀਤੇ ਪਲਾਂ ਨੂੰ
ਮੈਂ ਉਮਰ ਕਹਿ ਦੇਵਾਂ-
ਇਥੇ ਸਿਰਫ ਕਮਰੇ ਦੀਆਂ ਕੰਧਾਂ ਤੇ
ਲਿਖਿਆ ਜਾ ਰਿਹਾ ਹੈ ਸੰਮਤ ਦਾ ਵੇਰਵਾ...

ਜਦ ਮੈਂ ਇਸ ਕਮਰੇ ਵਿਚ ਡੱਕਿਆ ਗਿਆ
ਜ਼ਿੰਦਗੀ ਨੂੰ ਨਾਲ ਨਹੀਂ ਸਾਂ ਲਿਆਇਆ
ਬਾਹਰ ਸਫਰ ਨੂੰ ਫੜਾ ਆਇਆ ਸਾਂ
ਪੌਣਾਂ ਨੂੰ ਰਾਖੀ ਬਿਠਾ ਆਇਆ ਸਾਂ

ਬੇੜੀ ਤੇ ਲੱਗੇ ਜੰਗਾਲ ਵਾਂਗ
ਮੇਰੇ ਜਿਸਮ ਨੂੰ ਜੰਗਾਲ ਵੀ ਸਕਦੇ ਹੋ
ਐਪਰ ਕੀ ਕਰੋਗੇ ਸਫਰ ਦਾ
ਜੋ ਇਕ ਅਮਾਨਤ ਫੜੀ ਬੈਠਾ ਹੈ
ਪੌਣਾਂ ਦਾ ਕੀ ਕਰੋਗੇ
ਜਿਨਾਂ ਕਿਤੇ ਹਿਸਾਬ ਦੇਣਾ ਹੈ
ਤੇ ਉਸ ਕਮਰੇ ਦੇ ਮਲਬੇ ਤੇ ਬਣਨਾ ਹੈ।

**- ਪਾਸ਼**

# ਭਾਰਤੀ ਸਿਨੇਮਾ 'ਚ ਕਿਸਾਨੀ ਮੁੱਦਿਆਂ ਦੀ ਪੇਸ਼ਕਾਰੀ ਉਰਫ ਸੰਵੇਦਨਾ

ਪਰਦੇ ਦੀਆਂ ਪਰਤਾਂ-7




ਕੁਲਦੀਪ ਕੌਰ
98554-04330

ਭਾਰਤ ਵਰਗੇ ਅਵਿਕਸਿਤ ਮੁਲਕਾਂ ਵਿੱਚ ਖੇਤੀ ਦਾ ਕਿੱਤਾ ਹਮੇਸ਼ਾ ਤੋਂ ਹੀ ਅਨਿਸ਼ਚਿਤਤਾ ਭਰਪੂਰ ਅਤੇ ਮਾੜੀਆਂ ਸਰਕਾਰੀ ਨੀਤੀਆਂ ਦਾ ਸ਼ਿਕਾਰ ਰਿਹਾ ਹੈ। ਪਾਪੂਲਰ ਕਲਾਵਾਂ ਵਿੱਚ ਭਾਰਤੀ ਕਿਸਾਨਾਂ/ਖੇਤ-ਮਜ਼ਦੂਰਾਂ ਦਾ ਅਕਸ ਆਮ ਤੌਰ 'ਤੇ ਸਰਕਾਰੀ ਫਾਈਲਾਂ ਵਿੱਚ ਉਹਨਾਂ ਬਾਰੇ ਬਣਾਈਆਂ ਮਿੱਥਾਂ ਅਤੇ ਧਾਰਨਾਵਾਂ ਨਾਲ ਹੀ ਮੇਲ ਖਾਂਦਾ ਰਿਹਾ ਹੈ। 2007 ਵਿੱਚ ਮਹਾਂਰਾਸ਼ਟਰ ਦੇ ਵਿਰਧਵਾ ਖੇਤਰ ਵਿੱਚ ਹੋਈਆਂ ਕਿਸਾਨ ਦੀਆਂ ਖੁਦਕੁਸ਼ੀਆਂ ਬਾਰੇ ਜਦੋਂ ਨਿਰਦੇਸ਼ਕ ਸੁਹੇਲ ਤੁਹਾਰੀ ਦੀ



ਫਿਲਮ, 'ਸਮਰ 2007' ਰਿਲੀਜ਼ ਹੋਈ ਤਾਂ ਦਰਸ਼ਕਾਂ ਦੇ ਵੱਡੇ ਵਰਗ ਨੇ ਇਸ ਫਿਲਮ ਤੋਂ ਦੂਰੀ ਬਣਾਈ ਰੱਖੀ। ਇਸ ਫਿਲਮ ਦੇ ਨਿਰਦੇਸ਼ਕ ਸੁਹੇਲ ਤੁਹਾਰੀ ਲੰਬਾ ਸਮਾਂ 1900ਵਿਆਂ ਵਿੱਚ ਦੂਰਦਰਸ਼ਨ ਦੇ ਹਰਮਨ-ਪਿਆਰੇ ਪ੍ਰੋਗਰਾਮ 'ਸੁਰਭੀ' ਦਾ ਹਿੱਸਾ ਰਹੇ ਸਨ ਅਤੇ ਉਹਨਾਂ ਦੀ ਦਿਹਾਤੀ ਖੇਤਰਾਂ ਦੀ ਸਮਾਜਿਕਤਾ ਅਤੇ ਆਰਥਿਕਤਾ ਬਾਰੇ ਗਹਿਰੀ ਸਮਝ ਸੀ। ਇਹ ਸਮਝ ਉਹਨਾਂ ਦੀ ਇਸ ਫਿਲਮ ਤੇ ਬਹੁਤ ਗਹਿਰੀ ਛਾਪ ਛੱਡਦੀ ਹੈ ਉਹ ਇਸ ਫਿਲਮ ਰਾਹੀ ਖੇਤੀ ਸੈਕਟਰ ਬਾਰੇ ਭਾਰਤੀ ਸਮਾਜ ਦੇ ਜ਼ਿੰਮੇਵਾਰ ਉਰਫ ਬੌਧਿਕ ਤਬਕੇ ਦੀ ਸਮਝ ਤੇ ਤਿੱਖੇ ਸਵਾਲ ਖੜ੍ਹੇ ਕਰਦੇ ਹਨ। ਕੀ ਭਾਰਤੀ ਕਿਸਾਨਾਂ/ਮਜ਼ਦੂਰਾਂ ਦੇ ਮੁੱਦਿਆਂ ਦਾ ਮਨੁੱਖੀ ਅਧਿਕਾਰਾਂ, ਸੰਵਿਧਾਨਿਕ ਬਰਾਬਰੀ ਤੇ 'ਜ਼ਿੰਦਗੀ' ਵਰਗੇ ਕੁਦਰਤੀ ਹੱਕਾਂ ਨਾਲ ਕੋਈ ਲੈਣਾ-ਦੇਣਾ ਨਹੀਂ? ਇਸ ਫਿਲਮ ਦੇ ਕਿਰਦਾਰਾਂ ਰਾਹੀ ਇਸ ਫਿਲਮ ਦਾ ਕਹਾਣੀਕਾਰ ਬ੍ਰਿਜ਼ੇਸ਼ ਜਿਆਰੰਜਨ ਪੁੱਛਦਾ ਹੈ ਕਿ ਪਿੰਡਾਂ ਦੀ ਸ਼ਾਹਰਗ ਸੰਕਟ ਕੇ ਵਰਸੋਏ ਸ਼ਹਿਰਾਂ ਦੇ ਨੌਜਵਾਨਾਂ ਦੀਆਂ ਰਗਾਂ ਵਿੱਚ ਵਹਿੰਦਾ ਲਹੂ ਕਦੇ ਆਪਣੇ ਮਾਪਿਆਂ, ਆਪਣੀਆਂ ਸਰਕਾਰਾਂ, ਆਪਣੇ ਅਦਾਰਿਆਂ, ਆਪਣੇ ਕਿੱਤਿਆਂ ਦੇ ਪ੍ਰਬੰਧਕਾਂ ਅਤੇ ਆਪਣੀ ਜ਼ਿੰਦਗੀ ਦੇ ਦਾਇਰਿਆਂ ਤੋਂ ਇਹ ਨੈਤਿਕ ਸਵਾਲ ਕਿਉਂ ਨਹੀਂ ਪੁੱਛਦਾ ਕਿ ਸਾਡਾ ਅੰਨਦਾਤਾ ਖੁਦ ਭੁੱਖ ਦੀ ਜ਼ਿੱਲਤ ਨਾਲ ਕਿਉਂ ਘੁਲ ਰਿਹਾ ਹੈ? ਇਸ ਫਿਲਮ ਵਿੱਚ ਇਹਨਾਂ ਹੀ ਸਵਾਲਾਂ ਨੂੰ ਮੁਖਾਤਿਬ ਹੋਇਆਂ ਗਿਆ ਹੈ। ਜ਼ਮੀਨ ਦੇ ਟੁਕੜੇ ਲਈ ਇਨਸਾਨੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਪਿੰਡ ਦੇ ਸ਼ਾਹੂਕਾਰ ਦੀ ਨੀਚਤਾ ਨਾਲ ਦੋ-ਚਾਰ ਹੋਣ ਤੋਂ ਬਾਅਦ ਅਚਾਨਕ ਇਸ ਫਿਲਮ ਦੇ ਇੱਕ ਸ਼ਹਿਰੀ ਨੌਜਵਾਨ ਕਿਰਦਾਰ ਨੂੰ ਸੋਝੀ ਆਉਂਦੀ ਹੈ ਕਿ ਸਾਡੀ ਸ਼ਾਨੋ-ਸ਼ੌਕਤ ਵੀ ਤਾਂ ਅਜਿਹੇ ਦੀ ਕਿਸਾਨਾਂ-ਮਜ਼ਦੂਰਾਂ ਦੇ ਮੂੰਹਾਂ ਵਿੱਚ ਰੋਟੀ ਖੋਹਕੇ ਬਣਾਈ ਗਈ ਹੈ। ਉਸ ਨੂੰ ਪਹਿਲੀ ਵਾਰ ਆਪਣੇ ਇਨਸਾਨ ਹੋਣ ਤੇ ਸ਼ੱਕ ਹੁੰਦਾ ਹੈ। ਫਿਲਮ ਦੀ ਪਟਕਥਾ ਅਨੁਸਾਰ ਸ਼ਹਿਰ ਦੇ ਉੱਚ-ਵਰਗੀ ਤਬਕੇ ਦੇ ਡਾਕਟਰੀ ਦੀ ਪੜ੍ਹਾਈ ਕਰ ਰਹੇ ਪੰਜ ਨੌਜਵਾਨ ਕੁਝ ਦਿਨਾਂ ਲਈ ਇੱਕ ਛੋਟੇ ਜਿਹੇ ਪਿੰਡ ਵਿੱਚ ਫਸ ਜਾਂਦੇ ਹਨ। ਉਹਨਾਂ ਸਾਰਿਆਂ ਲਈ ਪਿੰਡਾਂ ਦੇ ਲੋਕ ਦੂਜੇ ਗ੍ਰਹਿਆਂ ਦੇ ਵਾਸੀਆਂ ਵਾਂਗ ਹਨ। ਸ਼ੁਰੂਆਤ ਵਿੱਚ ਓਹਨਾਂ ਨੂੰ ਭਾਸਦਾ ਹੈ ਕਿ ਪਿੰਡਾਂ ਦੇ ਕਿਸਾਨ/ਮਜ਼ਦੂਰ ਆਪਣੀ ਹੋਣੀ ਲਈ ਖੁਦ ਹੀ ਜ਼ਿੰਮੇਵਾਰ ਹਨ ਕਿਉਂਕਿ ਉਹ ਆਲਸੀ, ਕੰਮਚੋਰ ਤੇ ਜਾਹਿਲ ਹਨ। ਬਚਪਣ ਤੋਂ ਹੀ ਉਹਨਾਂ ਦੇ ਮਾਪਿਆਂ, ਸਿੱਖਿਆਂ-ਸੰਸਥਾਵਾਂ, ਸਰਕਾਰਾਂ ਅਤੇ ਮੀਡੀਆਂ ਨੇ ਇਹੀ ਓਹੁਨਾਂ ਦੇ ਦਿਮਾਗਾਂ ਵਿੱਚ ਭਰਿਆ ਹੁੰਦਾ ਹੈ। ਅਜਿਹੀ ਤੰਗ=ਨਜ਼ਰੀ ਦਾ ਸ਼ਿਕਾਰ ਇਹ ਮੁੰਡੇ-ਕੁੜੀਆਂ ਜਦੋਂ ਖੇਤੀ ਸਬੰਧਿਤ ਨੀਤੀਆਂ ਜਾਂ ਫੈਸਲਿਆਂ ਦਾ ਹਿੱਸਾ ਬਣਦੇ ਹਨ ਤਾਂ ਸੁੱਤੇ-ਸਿੱਧੇ ਹੀ ਕਿਸਾਨਾਂ/ਮਜ਼ਦੂਰਾਂ ਦੇ ਵਿਰੁੱਧ ਭੁਗਤ ਜਾਂਦੇ ਹਨ। ਫਿਲਮ ਇਹਨਾਂ ਨੌਜਵਾਨਾਂ ਰਾਹੀ ਭਾਰਤ ਦੇ ਦਿਹਾਤੀ ਅਤੇ ਸ਼ਹਿਰੀ ਖੇਤਰਾਂ ਦੇ ਅਣਦਿੱਸਦੇ ਪਾੜ੍ਹਿਆਂ ਦੀ ਨਿਸ਼ਾਨਦੇਹੀ ਕਰਦੀ ਹੈ ਤੇ ਸੱਦਾ ਦਿੰਦੀ ਹੈ ਕਿ ਭਾਰਤ ਨੂੰ ਇੱਕ ਮੁਲ਼ਕ ਦੇ ਤੌਰ 'ਤੇ ਆਪਣੀ ਹੋਂਦ ਨੂੰ ਬਚਾਉਣ ਲਈ ਪਹਿਲਾਂ ਆਪਣੇ ਕਿਸਾਨਾਂ/ਮਜ਼ਦੂਰਾਂ ਨੂੰ ਬਚਾਉਣਾ ਪੈਣਾ ਹੈ ਤੇ ਇਸ ਤੋਂ ਬਿਨਾਂ ਦੂਜਾ ਕੋਈ ਬਦਲ ਮੌਜੂਦ ਨਹੀਂ। ਇਸ ਫਿਲਮ ਨੂੰ ਮੁਲਕ ਦੀਆਂ ਵੱਖ-ਵੱਖ ਕਿਸਾਨ/ਮਜ਼ਦੂਰ ਜੰਥੇਬੰਦੀਆਂ ਨੇ ਆਪਣੇ ਪੱਧਰ ਤੇ 'ਟੈਂਟ ਸਿਨੇਮਾ' ਬਣਾਕੇ ਦੇਖਿਆ ਜਿਸ ਤੋਂ ਇਸ ਫਿਲਮ ਦੀ ਅਹਿਮੀਅਤ ਆਪਣੇ-ਆਪ ਹੀ ਸਪਸ਼ੱਟ ਹੋ ਜਾਂਦੀ ਹੈ।

2010 ਵਿੱਚ ਆਪਣੀ ਵਿਅੰਗਤਾਮਕ ਸ਼ੈਲੀ ਕਾਰਣ ਚਰਚਾ ਵਿੱਚ ਰਹੀ ਐਪਰ ਕਿਸਾਨ-ਜੰਥੇਬੰਦੀਆਂ ਦੀ ਆਲੋਚਨਾ ਦਾ ਸ਼ਿਕਾਰ ਬਣੀ ਫਿਲਮ 'ਪੀਪਲੀ ਲਾਈਵ' ਫਿਲਮ ਨਾਲੋਂ ਭਾਰਤ ਵਿੱਚ ਸਦੀਆਂ ਤੋਂ ਪਾਪੂਲਰ ਰਹੀ 'ਨੌਟੰਕੀ' ਦੀ ਵਿਧਾ ਦੇ ਜ਼ਿਆਦਾ ਨਜ਼ਦੀਕ ਸੀ॥




ਇਸ ਫਿਲਮ ਵਿੱਚ ਕਿਸਾਨਾਂ ਦੀਆਂ ਖੁਸਕੁਸ਼ੀਆਂ ਬਾਰੇ ਸਰਕਾਰੀ ਪਹੁੰਚ ਅਤੇ ਮੀਡੀਆ ਦੀ ਮੁਨਾਫੇ ਲਈ ਹਵੱਸ ਨੂੰ ਕਲਾਤਮਿਕ ਢੰਗ ਨਾਲ ਫਿਲਮਾਇਆ ਗਿਆ ਸੀ। ਫਿਲਮ ਇੱਕ ਗਰੀਬ ਕਿਸਾਨ ਨੱਥਾ ਸਿੰਘ ਦੇ ਆਲੇ-ਦੁਆਲੇ ਘੁੰਮਦੀ ਹੈ ਜਿਹੜਾ ਆਪਣੇ ਹਾਲਤਾਂ ਦੀ ਘੁੰਮਣਘੇਰੀ ਤੋਂ ਹਤਾਸ਼ ਹੋ ਕੇ ਭੋਲੇ-ਭਾਅ ਹੀ ਖੁਦਕੁਸ਼ੀ





ਕਰਣ ਦਾ ਫੈਸਲਾ ਕਰ ਲੈਂਦਾ ਹੈ। 'ਖੁਦਕੁਸ਼ੀ' ਵਰਗੀ ਗੰਭੀਰ ਸਮਾਜਿਕ ਤੇ ਸਿਆਸੀ ਸਮੱਸਿਆ ਨੂੰ ਇੰਨੇ ਮਜ਼ਾਕੀਆਂ ਪੱਧਰ ਨਾਲ ਫਿਲਮਾਏ ਜਾਣ ਦੀ ਨਿੰਦਾ ਕਰਦਿਆਂ 'ਵਿਧਰਵਾ ਜਨ-ਅੰਦੋਲਨ ਸਮਿਤੀ' ਨੇ ਮਹਾਂਰਾਸ਼ਟਰ ਸਰਕਾਰ ਤੋਂ ਇਸ ਫਿਲਮ ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ। ਇਸ ਸਮਿਤੀ ਦੇ ਪ੍ਰਧਾਨ ਸ਼੍ਰੀ ਕਿਸ਼ੋਰ ਤਿਵਾੜੀ ਨੇ ਕਿਹਾ, 'ਇਹ ਕਿੰਨਾ ਸ਼ਰਮਨਾਕ ਹੈ ਕਿ ਇੱਕ ਪਾਸੇ ਟੀ.ਵੀ.ਸੀਰੀਅਲ 'ਵੈਰੀ ਪਿਆ' ਵਿੱਚ ਇਹ ਦਿਖਾਇਆ ਜਾ ਰਿਹਾ ਕਿ ਵਿਧਰਵਾ ਵਿੱਚ ਆਪਣਾ ਕਰਜ਼ੇ ਤੋਂ ਮੁਕਤੀ ਲਈ ਆਪਣੀਆਂ ਧੀਆਂ ਨੂੰ ਵੇਚ ਰਹੇ ਹਨ, ਉੱਥੇ ਦੂਜੇ ਪਾਸੇ 'ਪੀਪਲੀ ਲਾਈਵ' ਵਰਗੀ ਫਿਲਮ ਇਹਨਾਂ ਤੱਥਾਂ ਨੂੰ ਮੂਲੋਂ ਹੀ ਦਰਕਿਨਾਰ ਕਰਦਿਆ ਅਸਲੀਅਤ ਤੋਂ ਦੂਰ ਅਤੇ ਕਿਸਾਨਾਂ ਦਾ ਮਜ਼ਾਕ ਉਡਾਉਣ ਵਾਲੀ ਪਟਕਥਾ ਫਿਲਮਾ ਰਹੀ ਹੈ। ਕਿਸਾਨ ਤਾਂ ਪਹਿਲਾ ਹੀ ਆਲਮੀਕਰਣ ਅਤੇ ਸਰਕਾਰੀ ਨਾਅਹਿਲੀਅਤ ਦਾ ਖਮਿਆਜ਼ਾ ਭੁਗਤ ਰਹੇ ਹਨ।'

ਭਾਰਤੀ ਸਿਨੇਮਾ ਵਿੱਚ ਦਿਹਾਤੀ ਖੇਤਰਾਂ ਦੀ ਸਮਾਜਿਕਤਾ ਅਤੇ ਆਰਥਿਕਤਾ ਨੂੰ ਬਾਰੀਕੀ ਨਾਲ ਪਕੜਣ ਵਾਲੇ ਨਿਰਦੇਸ਼ਕ ਸ਼ਿਆਮ ਬੈਨੇਗਲ ਦਾ ਕਿਸਾਨੀ ਸੱਮਸਿਆਵਾਂ ਦੀਆਂ ਲੁਪਤ ਪਰਤਾਂ ਨੂੰ ਪਰਦੇ ਤੇ ਸਾਕਾਰ ਕਰਣ ਦਾ ਢੰਗ ਨਿਰਾਲਾ ਹੈ। ਇਸ ਸੰਦਰਭ ਵਿੱਚ ਉਹਨਾਂ ਦੀਆਂ ਤਿੰਨ ਫਿਲਮਾਂ ਦਾ ਜ਼ਿਕਰ ਜ਼ਰੂਰੀ ਹੈ। ਪਹਿਲੀ ਫਿਲਮ ਸੀ 'ਅੰਕੁਰ'। ਇਸ ਫਿਲਮ ਦੀ ਪਟਕਥਾ ਜਾਤੀ-ਵਿਵਸਥਾ ਦੇ ਆਸ-ਪਾਸ ਘੁੰਮਣ ਦੇ ਬਾਵਜੂਦ ਇਹ ਜ਼ਮੀਨ ਦੇ ਨਾ ਹੋਣ ਦੀ ਹਾਲਤ ਵਿੱਚ ਰੁਜ਼ਗਾਰ ਦੇ ਨਾਮ ਤੇ ਸਮਾਜ ਦੇ ਬੇਬੱਸ ਲੋਕਾਂ ਦੇ ਸ਼ੋਸ਼ਣ ਦੀ ਗਾਥਾ ਸੁਣਾਉਂਦੀ ਹੈ। ਫਿਲਮ ਸ਼ੋਸ਼ਣ ਦੀ ਸਿਆਸਤ ਅਤੇ ਇਸ ਦੇ ਆਰਥਿਕਤਾ ਨਾਲ ਪੇਚੀਦਾ ਰਿਸ਼ਤੇ ਤੇ ਆਪਣਾ ਕੈਮਰਾ ਫੋਕਸ ਕਰਦੀ ਹੈ। ਉਹਨਾਂ ਦੀ ਇੱਕ ਹੋਰ ਫਿਲਮ 'ਮੰਥਨ' ਖੇਤੀ ਨਾਲ ਜੁੜੇ ਸਹਾਇਕ ਧੰਦਿਆਂ ਅਤੇ ਸਹਿਕਾਰਤਾ ਲਹਿਰ ਦੀ ਸਾਰਥਿਕਤਾ ਨਾਲ ਜੁੜੀ ਫਿਲਮ ਸੀ ਜਿਸ ਵਿੱਚ ਖੇਤੀ ਵਿੱਚ ਵੰਨ-ਸੰਵਨਤਾ ਲਿਆਉਣ ਦੀ ਵਕਾਲਤ ਕੀਤੀ ਗਈ ਸੀ। ਇਸ ਫਿਲਮ ਨੇ ਇੱਕ ਵਾਰ ਮੁਲਕ ਵਿੱਚ ਇਸ ਮੁੱਦੇ ਤੇ ਗੰਭਰਿ ਚਰਚਾ ਨੂੰ ਜਨਮ ਤਾਂ ਦਿੱਤਾ ਪਰ ਇਸ ਦਾ ਕੋਈ ਠੋਸ ਨਤੀਜਾ ਸਾਹਮਣੇ ਨਾ ਆ ਸਕਿਆ। ਉਹਨਾਂ ਦੀ ਹੀ ਤੀਸਰੀ ਫਿਲਮ 'ਨਿਸ਼ਾਤ' ਸਦੀਆਂ ਤੋਂ ਸ਼ੋਸ਼ਣ ਦਾ ਸਿਕਾਰ ਬਾਸ਼ਿੰਦਿਆਂ ਦੀ ਸਮਝ ਬਾਰੇ ਕਈ ਸਵਾਲ ਖੜ੍ਹੇ ਕਰਦੀ ਹੈ। ਇਸ ਫਿਲਮ ਰਾਹੀ ਨਿਰਦੇਸ਼ਤ ਸ਼ੋਸ਼ਣ ਦੀ ਸੱਤਾ ਦੀ ਨਿਸ਼ਾਨਦੇਹੀ ਕਰਦਾ ਉਹਨਾਂ ਸਮਾਜਿਕ ਗੰਠਜੋੜਾਂ (ਇਸ ਫਿਲਮ ਵਿੱਚ ਪ੍ਰਾਸ਼ਸ਼ਨ, ਪੁਲਿਸ ਤੇ ਪਿੰਡ ਵਾਸੀ) ਦੀ ਨਿਸ਼ਾਨਦੇਹੀ ਵੀ ਕਰਦਾ ਹੈ ਜਿਹੜੇ ਇਸ ਨਾਪਾਕ ਸੱਤਾ ਨੂੰ ਨੈਤਿਕ ਬਲ ਬਖਸ਼ਦੇ ਹਨ।

ਇਸ ਸਬੰਧ ਵਿੱਚ ਫਿਲਮ 'ਗੁਲਾਮੀ' ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਜਿਹੜੀ ਸ਼ਾਹੂਕਾਰੀ-ਵਿਵਸਥਾ ਵਿਚਲੇ ਬੇਇੰਤਜ਼ਾਮੀਏ ਤੇ ਕੁਝ ਮਹੱਤਵਪੂਰਣ ਸਵਾਲ ਖੜ੍ਹੇ ਕਰਦੀ ਹੈ। ਇਸ ਫਿਲਮ ਦੀ ਪਟਕਥਾ ਵਿੱਚ ਭਾਵੇਂ ਰਾਜਸਥਾਨ ਦੇ ਇੱਕ ਪਿੰਡ ਦੀ ਕਹਾਣੀ ਨੂੰ ਆਧਾਰ ਬਣਾਇਆ ਗਿਆ ਹੈ ਪਰ ਇਹ ਫਿਲਮ ਪੂਰੇ ਭਾਰਤ ਵਿੱਚ ਇਸ ਵਿਵਸਥਾ ਦੇ ਤਾਣੇ-ਬਾਣੇ ਨੂੰ ਨੰਗਾ ਕਰਦੀ ਹੈ।

ਸਾਹੂਕਾਰੀ ਢਾਂਚੇ ਦੀ ਕਰੂਰਤਾ ਬਾਰੇ ਬਿਮਲ ਰਾਏ ਦੀ ਫਿਲਮ 'ਦੋ ਬੀਘਾ ਜ਼ਮੀਨ'





ਨੂੰ ਕਿਵੇਂ ਭੁੱਲਿਆ ਜਾਂ ਸਕਦਾ ਹੈ? ਬਿਮਲ ਰਾਏ ਦੀ ਇਸ ਕਲਾਸਿਕ ਫਿਲਮ ਵਿੱਚ ਇੱਕ ਕਿਸਾਨ ਦੇ ਕਿਰਦਾਰ ਨੂੰ ਬਲਰਾਜ ਸਾਹਨੀ ਨੇ ਹਮੇਸ਼ਾ ਲਈ ਅਮਰ ਕਰ ਦਿੱਤਾ। ਇਸ ਫਿਲਮ ਦੀ ਪਟਕਥਾ ਅਤੇ ਫਿਲਮਾਂਕਣ ਦਾ ਢੰਗ ਕਿਸਾਨੀ ਜੀਵਨ ਦੀਆਂ ਮੁਸ਼ਕਿਲਾਂ ਅਤੇ ਬੇਤਰਤੀਬੀਆਂ ਨੂੰ ਜਿੰਨੇ ਖੂਬਸੂਰਤ ਢੰਗ ਨਾਲ ਸਜੀਵ ਕਰਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਸ ਫਿਲਮ ਨੂੰ ਦੇਖਦਿਆਂ ਵਾਰ-ਵਾਰ ਇਹ ਅੰਦਾਜ਼ਾ ਹੁੰਦਾ ਹੈ ਕਿ ਸਰਕਾਰਾਂ ਦੇ ਲੱਖ ਦਾਅਵਿਆਂ ਦੇ ਬਾਵਜੂਦ ਅੱਜ ਵੀ ਕਿਸਾਨਾਂ ਤੇ ਮਜ਼ਦੂਰਾਂ ਦੀ ਹਾਲਤ ਵਿੱਚ ਕੋਈ ਜ਼ਿਕਰਯੋਗ ਤਬਦੀਲੀ ਨਹੀਂ ਆਈ ਸਗੋਂ ਉਦਾਰੀਕਰਣ, ਆਲਮੀਕਰਣ ਅਤੇ ਖੁੱਲੀ ਮੰਡੀ ਦੀਆਂ ਨਵੀਆਂ ਸ਼ਰਤਾਂ ਨੇ ਉਸ ਨੂੰ ਨਵੀਆਂ ਗੁੰਝਲਾਂ ਵੱਲ ਧਕੇਲਿਆ ਹੈ।

ਕਿਸਾਨਾਂ-ਮਜ਼ਦੂਰਾਂ ਦੀਆਂ ਸਥਿਤੀਆਂ ਅਤੇ ਤਰਾਸਦੀਆਂ ਬਾਰੇ ਬਣੀ ਇੱਕ ਹੋਰ ਮਹਤੱਵਪੂਰਣ ਫਿਲਮ ਸੀ. 'ਮਦਰ ਇੰਡੀਆ'। ਇਸ ਫਿਲਮ ਦੇ ਨਿਰਦੇਸ਼ਕ ਮਹਿਬੂਬ ਖਾਨ ਸਨ। ਇਹ ਫਿਲਮ ਉਹਨਾਂ ਦੁਆਰਾ 1940 ਵਿੱਚ ਨਿਰਦੇਸ਼ਤ ਕੀਤੀ ਫਿਲ਼ਮ, 'ਔਰਤ' ਦਾ ਹੀ ਸੁਧਰਿਆ ਹੋਇਆ ਰੂਪ ਸੀ। ਇਸ ਫਿਲਮ ਨੇ ਕਰਜ਼ੇ ਅਤੇ ਸਾਹੂਕਾਰਾਂ ਦੇ ਗੈਰ-ਮਾਨਵੀ ਹੱਥਕੰਡਿਆਂ ਦਾ ਚਿਤਰਣ ਕਰਨ ਦੇ ਨਾਲ-ਨਾਲ ਕਰਜ਼ੇ ਦੇ ਔਰਤਾਂ ਅਤੇ ਬੱਚਿਆਂ ਦੀ ਜ਼ਿੰਦਗੀ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਖੂਬਸੂਰਤੀ ਨਾਲ ਦਰਸਾਇਆ। ਉਹਨਾਂ ਦੀ ਲੜਾਈ ਖੁਦਕੁਸ਼ੀ ਕਰ ਗਿਆ ਨਾਲੋਂ ਜ਼ਿਆਦਾ ਲੰਬੀ ਤੇ ਗੁੰਝਲਦਾਰ ਹੁੰਦੀ ਹੈ। ਇਸੇ ਤਰ੍ਹਾਂ ਫਿਲਮ 'ਉਪਕਾਰ' ਖੇਤੀਬਾੜੀ ਅਤੇ ਰਾਸ਼ਟਰਵਾਦ ਦੇ ਆਪਸੀ ਸਬੰਧਾਂ ਨੂੰ ਘੋਖਦੀ ਸੁਨੇਹਾ ਦਿੰਦੀ ਹੈ ਕਿ ਅਸਲ ਵਿੱਚ ਮੁੱਦਾ ਮਨੁੱਖੀ ਕਦਰਾਂ-ਕੀਮਤਾਂ ਦੀ ਹਰ ਹੀਲੇ ਰਾਖੀ ਕਰਣ ਦਾ ਹੈ ਅਤੇ ਇਹਨਾਂ ਕਦਰਾਂ-ਕੀਮਤਾਂ ਦੇ ਅਸਲ ਸਿਰਜਕ ਕਿਰਤੀ-ਕਿਸਾਨ ਹੀ ਹੋ ਸਕਦੇ ਹਨ। ਇਸ ਫਿਲਮ ਨੇ ਖੇਤੀ ਨਾਲ ਜੁੜੀਆਂ ਕਦਰਾਂ-ਕਦਰਾਂ ਅਤੇ ਮੁਨਾਫੇ ਦੀਆਂ ਸ਼ਰਤਾਂ ਵਿਚਲੇ ਦਵੰਦ ਨੂੰ ਇੱਕ ਮੰਝੀ ਹੋਈ ਪਟਕਥਾ ਦੁਆਰਾ ਪੇਸ਼ ਕੀਤਾ।

ਇਹਨਾਂ ਫਿਲਮਾਂ ਨੇ ਭਾਵੇਂ ਆਪਣੇ -ਆਪਣੇ ਪੱਧਰ ਤੇ ਕਿਸਾਨਾਂ/ਮਜ਼ਦੂਰਾਂ ਦੇ ਜੀਵਣ ਦਾ ਖਾਕਾ ਖਿੱਚਣ ਦੀ ਕੋਸ਼ਿਸ਼ ਕੀਤੀ ਹੈ, ਭਾਰਤੀ ਸਿਨੇਮਾ ਵਿੱਚ ਹਾਲੇ ਵੀ ਵੱਡੇ ਪੱਧਰ ਤੇ ਜ਼ਮੀਨੀ ਹਕੀਕਤਾਂ ਨੂੰ ਫਿਲਮਾਉਣ ਤੋਂ ਘੇਸਲ ਹੀ ਵੱਟੀ ਜਾਂਦੀ ਹੈ। ਅਜਿਹਾ ਸ਼ਾਇਦ ਇਸ ਵਰਗ ਦੀ ਸਿਨੇਮਾ ਬਾਰੇ ਖਪਤਕਾਰੀ ਪਹੁੰਚ ਦਾ ਸਿੱਟਾ ਹੈ ਜਾਂ ਫਿਰ ਇਹ ਕਿਸਾਨਾਂ/ਮਜ਼ਦੂਰਾਂ ਦੇ ਮੁੱਦਿਆਂ ਬਾਰੇ ਬਣੀ ਸਰਕਾਰੀ ਸਮਝ ਦੀ ਗਹਿਰੀ ਧੁੰਦ ਵੀ ਹੋ ਸਕਦੀ ਹੈ ਜਿਹੜੀ ਮੀਡੀਆ ਅਤੇ ਸਿਨੇਮਾ ਵਿਚਲੀ ਸੰਵੇਦਨਾ ਨੂੰ ਢੱਕ ਲੈਂਦੀ ਹੈ।

# 'ਪਦਮਾਵਤੀ' ਬਾਰੇ ਬੇਲੋੜਾ ਵਿਵਾਦ

ਫ਼ਿਲਮਸਾਜ਼ ਸੰਜਯ ਲੀਲ੍ਹਾ ਭੰਸਾਲੀ ਦੀ ਫ਼ਿਲਮ 'ਪਦਮਾਵਤੀ' ਨੂੰ ਲੈ ਕੇ ਇੱਕ ਬੇਲੋੜਾ ਵਿਵਾਦ ਖੜ੍ਹਾ ਹੋ ਗਿਆ ਹੈ। ਕਿਸੇ ਇੱਕ ਫ਼ਿਲਮ ਜਾਂ ਫ਼ਿਲਮਸਾਜ਼ ਤੋਂ ਇਹ ਤਵੱਕੋ ਨਹੀਂ ਕੀਤੀ ਜਾਣੀ ਚਾਹੀਦੀ ਕਿ ਉਹ ਇੱਕ ਅਰਬ ਤੋਂ ਵੱਧ ਲੋਕਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖੇ ਅਤੇ ਆਪਣੀ ਫ਼ਿਲਮ ਵਿੱਚ ਕੁਝ ਵੀ ਅਜਿਹਾ ਸ਼ਾਮਲ ਨਾ ਕਰੇ ਜਿਹੜਾ ਕੌਮੀ ਵਸੋਂ ਦੇ ਕਿਸੇ ਵੀ ਵਰਗ ਦੇ 'ਜਜ਼ਬਾਤ' ਨੂੰ ਠੇਸ ਨਾ ਪਹੁੰਚਾਉਣ ਵਾਲਾ ਹੋਵੇ। ਚਾਹੀਦਾ ਤਾਂ ਇਹ ਸੀ ਕਿ 'ਪਦਮਾਵਤੀ' ਦੀ ਸੁਰੱਖਿਆ ਯਕੀਨੀ ਬਣਾਏ ਜਾਣ ਦਾ ਭਰੋਸਾ ਹਰ ਰਾਜ ਸਰਕਾਰ ਵੱਲੋਂ ਕੀਤਾ ਜਾਂਦਾ; ਇਸ ਤੋਂ ਉਲਟ ਭਾਜਪਾ ਦੀ ਹਕੂਮਤ ਵਾਲੇ ਕਈ ਰਾਜਾਂ ਨੇ ਉਨ੍ਹਾਂ ਜਥੇਬੰਦੀਆਂ ਤੇ ਸੈਨਾਵਾਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ ਜੋ ਖ਼ੁਦ ਨੂੰ ਦੇਸ਼ ਦੇ ਸੱਭਿਆਚਾਰ ਤੇ ਇਤਿਹਾਸ ਦੀਆਂ ਰੱਖਿਅਕ ਸਮਝਦੀਆਂ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਤਾਂ ਫ਼ਿਲਮ ਦੀ ਰਿਲੀਜ਼ ਮੁਲਤਵੀ ਕੀਤੇ ਜਾਣ ਦੀ ਮੰਗ ਇਸ ਆਧਾਰ 'ਤੇ ਕੀਤੀ ਹੈ ਕਿ ਫ਼ਿਲਮ ਦਾ ਪ੍ਰਦਰਸ਼ਨ ਉਨ੍ਹਾਂ ਦੇ ਰਾਜ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਲਈ ਖ਼ਤਰਾ ਖੜ੍ਹਾ ਕਰ ਦੇਵੇਗਾ। ਇਹ ਬਿਲਕੁਲ ਗ਼ਲਤ ਸਟੈਂਡ ਹੈ। ਇਹ ਕਹਿਣ ਦੀ ਬਜਾਏ ਕਿ ਫ਼ਿਲਮ ਨੂੰ ਜੇਕਰ ਸੈਂਸਰ ਬੋਰਡ ਤੋਂ ਸਰਟੀਫਿਕੇਟ ਮਿਲ ਗਿਆ ਹੈ ਤਾਂ ਇਸਦੇ ਪ੍ਰਦਰਸ਼ਨ ਸਮੇਂ ਸਿਨੇਮਾਘਰਾਂ ਦੇ ਅੰਦਰ ਤੇ ਬਾਹਰ ਕਾਨੂੰਨੀ ਵਿਵਸਥਾ ਦੀ ਡੱਟ ਕੇ ਹਿਫਾਜ਼ਤ ਕੀਤੀ ਜਾਵੇਗੀ, ਮੁੱਖ ਮੰਤਰੀ ਨੇ ਉਨ੍ਹਾਂ ਹੁੱਲੜਬਾਜ਼ ਅਨਸਰਾਂ ਨੂੰ ਸ਼ਹਿ ਦੇ ਦਿੱਤੀ ਜੋ ਕਿ ਫ਼ਿਲਮ ਦੀ ਰਿਲੀਜ਼ ਰੁਕਵਾਉਣ ਲਈ ਬੇਤਾਬ ਹਨ। ਨਾ ਸਿਰਫ਼ 'ਪਦਮਾਵਤੀ' ਦੇ ਮਾਮਲੇ ਵਿੱਚ




ਭਾਰਤੀ ਜਨਤਾ ਪਾਰਟੀ ਤੇ ਇਸ ਦੀਆਂ ਸੂਬਾਈ ਸਰਕਾਰਾਂ ਨੇ ਖ਼ੁਨਾਮੀ ਖੱਟੀ ਹੈ, ਸਗੋਂ ਗੋਆ ਵਿੱਚ ਕੌਮਾਂਤਰੀ ਫ਼ਿਲਮ ਮੇਲੇ ਦੇ ਆਗਾਜ਼ ਤੋਂ ਪਹਿਲਾਂ ਹੀ ਦੋ ਫ਼ਿਲਮਾਂ ਨੂੰ ਮੇਲੇ ਵਿੱਚੋਂ ਖਾਰਿਜ ਕਰਕੇ ਉਸ ਨੇ ਫ਼ਿਲਮੀ ਭਾਈਚਾਰੇ ਨੂੰ ਵੀ ਨਾਰਾਜ਼ ਕਰ ਲਿਆ ਹੈ। ਇਨ੍ਹਾਂ ਫ਼ਿਲਮਾਂ ਦੀ ਚੋਣ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਨਾਮਜ਼ਦ ਜਿਊਰੀ ਨੇ ਕੀਤੀ ਸੀ ਅਤੇ ਜਿਊਰੀ ਵਿੱਚ ਅਹਿਮ ਫ਼ਿਲਮ ਹਸਤੀਆਂ ਸ਼ਾਮਲ ਸਨ। ਫ਼ਿਲਮ 'ਨਿਊਡ' ਭਾਰਤੀ ਪੈਨੋਰਮਾ ਵਰਗ ਦੀ ਆਰੰਭਕ ਫ਼ਿਲਮ ਵਜੋਂ ਚੁਣੀ ਗਈ ਸੀ ਜਦੋਂ ਕਿ 'ਐਸ. ਦੁਰਗਾ' ਮੇਲੇ ਦੇ ਬਾਕੀ ਪੈਕੇਜ ਦਾ ਹਿੱਸਾ ਸੀ। ਇਨ੍ਹਾਂ ਨੂੰ ਮੇਲੇ ਦੇ ਪ੍ਰੋਗਰਾਮ ਵਿੱਚੋਂ ਬਾਹਰ ਕੀਤੇ ਜਾਣ ਦੇ ਫ਼ੈਸਲੇ ਨੂੰ ਗ਼ੈਰਜਮਹੂਰੀ ਕਰਾਰ ਦਿੰਦਿਆਂ ਜਿਊਰੀ ਦੇ ਮੁਖੀ ਤੇ ਉੱਘੇ ਹਿੰਦੀ ਫ਼ਿਲਮਸਾਜ਼ ਸੁਜਯ ਘੋਸ਼ ਸਮੇਤ ਤਿੰਨ ਜਿਊਰੀ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ। ਇਹ ਮੰਨਿਆ ਜਾ ਸਕਦਾ ਹੈ ਕਿ ਇਨ੍ਹਾਂ ਫ਼ਿਲਮਾਂ ਦੇ ਕੁਝ ਦ੍ਰਿਸ਼ 'ਉਕਸਾਊ' ਤੇ 'ਬੇਬਾਕ' ਹਨ, ਫਿਰ ਵੀ ਇਹ ਗੱਲ ਵੀ ਯਾਦ ਰੱਖੀ ਜਾਣੀ ਹੈ ਕਿ ਇਹ ਉਨ੍ਹਾਂ ਦਰਸ਼ਕਾਂ ਨੂੰ ਦਿਖਾਈਆਂ ਜਾਣੀਆਂ ਸਨ ਜੋ ਕਿ ਫ਼ਿਲਮ ਮਾਧਿਅਮ ਦੀ ਜ਼ੁਬਾਨ ਤੇ ਸੁਭਾਅ ਤੋਂ ਚੰਗੀ ਤਰ੍ਹਾਂ ਵਾਕਫ਼ ਹਨ ਅਤੇ ਜਿਨ੍ਹਾਂ ਨੇ ਆਲਮੀ ਸਿਨਮਾ ਦਾ ਹਰ ਰੰਗ ਤੇ ਹਰ ਵੰਨਗੀ ਦੇਖੀ ਹੁੰਦੀ ਹੈ। ਭਾਰਤੀ ਜਨਤਾ ਪਾਰਟੀ ਜਾਂ ਇਸ ਨਾਲ ਸਬੰਧਤ ਕੇਂਦਰ ਤੇ ਸੂਬਾਈ ਸਰਕਾਰਾਂ ਖ਼ੁਦ ਨੂੰ ਭਾਰਤੀ ਸੱਭਿਅਤਾ ਤੇ ਸੱਭਿਆਚਾਰ ਦੀਆਂ ਮੁਹਾਫਿਜ਼ ਸਮਝਦੀਆਂ ਹਨ। ਉਨ੍ਹਾਂ ਨੂੰ ਇਹ 'ਜ਼ਿੰਮੇਵਾਰੀ' ਮੁਬਾਰਕ! ਪਰ ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਆਪਣੀ ਰੂੜੀਵਾਦੀ ਸੋਚ ਤੇ ਨਜ਼ਰੀਆ ਕਲਾ-ਪ੍ਰੇਮੀ ਤੇ ਸਿਰਜਣਸ਼ੀਲ ਭਾਈਚਾਰੇ ਉੱਤੇ ਜਬਰੀ ਨਹੀਂ ਥੋਪ ਸਕਦੀਆਂ। ਪੰਜਾਬੀ ਟ੍ਰਿਬਿਊਨ 'ਚ ਧੰਨਵਾਦ ਸਹਿਤ।

ਖੇਡ ਡਾਇਰੀ-ਸੁਖਵੀਰ ਗਰੇਵਾਲ


# ਖੇਡ ਲੇਖਕ ਸੰਦੀਪ ਮਿਸ਼ਰਾ ਦੀ ਮੁਹੰਮਦ ਸ਼ਾਹਿਦ ਬਾਰੇ ਕਿਤਾਬ ਰਿਲੀਜ਼

ਮੌਜੂਦਾ ਦੌਰ ਵਿੱਚ ਹਾਕੀ ਖੇਡਣ ਦੀ ਸ਼ੈਲੀ ਵਿੱਚ ਭਾਵੇਂ ਬਹੁਤ ਤਬਦੀਲੀ ਆ ਗਈ ਹੈ ਪਰ ਕਲਾਤਮਿਕ ਹਾਕੀ ਖੇਡਣ ਵਾਲ਼ੇ ਕਈ ਖਿਡਾਰੀ ਅਜੇ ਵੀ ਲੋਕਾਂ ਦੇ ਜ਼ਿਹਨ ਵਿੱਚ ਜ਼ਿੰਦਾ ਹਨ। ਇਹਨਾਂ ਵਿੱਚੋਂ ਇੱਕ ਨਾਂ ਹੈ ਮੁਹੰਮਦ ਸ਼ਾਹਿਦ। ਉਘੇ ਖੇਡ ਲੇਖਕ ਸੰਦੀਪ ਮਿਸ਼ਰਾ ਦੀ ਮੁਹੰਮਦ ਸ਼ਾਹਿਦ ਬਾਰੇ ਕਿਤਾਬ ਆਈ ਹੈ ਜਿਸ ਦਾ ਨਾਂ ਹੈ 'ਦਿ ਮੁਹੰਮਦ ਆਫ ਬਨਾਰਸ'। ਇਹ ਕਿਤਾਬ 1982 ਤੋਂ ਲੈ ਕੇ 2016 ਤੱਕ ਭਾਰਤੀ ਹਾਕੀ ਦੇ ਉਤਰਾਅ-ਚੜ੍ਹਾਅ ਬਾਰੇ ਚਾਨਣਾ ਪਾਉਂਦੀ ਹੈ। ਹਾਕੀ ਨਾਲ਼ ਲੰਮੇ ਅਰਸੇ ਤੋਂ ਵਾਹ-ਵਾਸਤਾ ਰੱਖਣ ਵਾਲ਼ੇ ਮੁਹੰਮਦ ਸ਼ਾਹਿਦ ਦੀ ਕਲਾਤਮਿਕ ਹਾਕੀ ਬਾਰੇ ਜਾਣਦੇ ਹੋਣਗੇ। ਕਿਤਾਬ ਦੀ ਬਾਹਰੀ ਦਿੱਖ ਅਤੇ ਵਿਸ਼ੇ ਤੋਂ ਲਗਦਾ ਹੈ ਕਿ ਪੜ੍ਹਨਯੋਗ ਹੋਵੇਗੀ।

**ਪੰਜਾਬ ਪੁਲੀਸ :** ਪੰਜਾਬ ਪੁਲੀਸ ਦੀ ਹਾਕੀ ਟੀਮ ਦੀ ਲੰਮਾ ਅਰਸਾ ਚੜ੍ਹਤ ਰਹੀ ਹੈ ਪਰ ਪਿਛਲੇ ਕਈ ਸਾਲਾਂ ਤੋਂ ਇਹ ਟੀਮ ਕਿਸੇ ਵੱਡੇ ਟੂਰਨਾਮੈਂਟ ਵਿੱਚ ਚਮਕਣ ਵਿੱਚ ਅਸਫਲ ਰਹੀ ਸੀ। ਹਾਲ ਹੀ ਵਿੱਚ ਇਸ ਟੀਮ ਨੇ ਸੁਰਜੀਤ ਯਾਦਗਾਰੀ ਹਾਕੀ ਕੱਪ ਜਿੱਤਿਆ ਹੈ। ਇਸ ਤੋਂ ਪਹਿਲਾਂ ਪੰਜਾਬ ਪੁਲੀਸ ਨੇ ਇਹ ਕੱਪ 2000 ਵਿੱਚ ਜਿੱਤਿਆ ਸੀ, ਸੋ ਲੱਗਭੱਗ ਡੇਢ ਦਹਾਕੇ ਬਾਅਦ ਇਹ ਟੀਮ ਮੁੜ ਜੇਤੂ ਲੀਹ 'ਤੇ ਆਈ ਹੈ। ਕੋਈ ਸਮਾਂ ਸੀ ਜਦੋਂ ਖਿਡਾਰੀ ਪੰਜਾਬ ਪੁਲੀਸ ਵਿੱਚ ਭਰਤੀ ਹੋਣ ਨੂੰ ਪਹਿਲ ਦਿੰਦੇ ਸਨ ਪਰ ਕੁਝ ਸਮਾਂ ਇਹ ਮੱਠਾ ਵੀ ਪਿਆ ਜਿਸ ਕਰਕੇ ਟੀਮ ਦੀ ਕਾਰਗੁਜ਼ਾਰੀ ਮੱਧਮ ਵੀ ਪਈ। ਉਲੰਪੀਅਨਾਂ ਦੀ ਟੀਮ ਵਿੱਚ ਆਮਦ ਨਾਲ਼ ਟੀਮ ਮੁੜ ਲੀਹ 'ਤੇ ਪਈ ਹੈ।

**ਵਿਸ਼ਵ ਕੱਪ :** ਸਾਲ 2018 ਵਿੱਚ ਹਾਕੀ ਦੇ ਦੋ ਵਿਸ਼ਵ ਕੱਪ ਹੋਣੇ ਹਨ। ਕੁੜੀਆਂ ਦਾ ਵਿਸ਼ਵ ਕੱਪ ਜੁਲਾਈ ਦੇ ਮਹੀਨੇ ਲੰਡਨ ਵਿੱਚ ਅਤੇ ਮੁੰਡਿਆਂ ਦਾ ਭੁਬਨੇਸ਼ਵਰ (ਉੜੀਸਾ) ਵਿੱਚ ਦਸੰਬਰ ਦੇ ਮਹੀਨੇ ਹੋਵੇਗਾ। ਕੁੜੀਆਂ ਦੇ ਵਿਸ਼ਵ ਕੱਪ ਲਈ ਐਫ.ਆਈ. ਐਚ. ਨੇ ਡਰਾਅ ਐਲਾਨ ਕਰ ਕਰ ਦਿੱਤੇ ਹਨ। ਇਸ ਵੱਕਾਰੀ ਟੂਰਨਾਮੈਂਟ ਵਿੱਚ 16 ਟੀਮਾਂ ਭਾਗ ਲੈ ਰਹੀਆਂ ਹਨ ਜਿਹਨਾਂ ਨੂੰ ਚਾਰ ਪੂਲਾਂ ਵਿੱਚ ਵੰਡਿਆ ਗਿਆ ਹੈ। ਪੂਲ 'ਸੀ' ਵਿੱਚ ਭਾਰਤ ਦਾ ਪਹਿਲਾ ਮੈਚ ਮੇਜ਼ਬਾਨ ਟੀਮ ਇੰਗਲੈਂਡ ਨਾਲ਼ ਹੋਵੇਗਾ। ਭਾਰਤ ਦੇ ਪੂਲ ਵਿੱਚ ਅਮਰੀਕਾ, ਆਇਰਲੈਂਡ ਦੀਆਂ ਟੀਮਾਂ ਵੀ ਹਨ ਜਿਸ ਕਰਕੇ ਮੁਕਾਬਲਾ ਕਾਫੀ ਸਖਤ ਹੋਣ ਦੀ ਸੰਭਾਵਨਾ ਹੈ।

**ਵੈਨਕੂਵਰ ਫੀਲਡ ਹਾਕੀ ਲੀਗ :** ਠੰਢ ਦੇ ਮੌਸਮ ਕਰਕੇ ਕੈਨੇਡਾ ਦੇ ਬਹੁਤੇ ਸ਼ਹਿਰਾਂ ਵਿੱਚ ਆਊਟਡੋਰ ਫੀਲਡ ਹਾਕੀ ਲੱਗਭੱਗ ਬੰਦ ਹੋ ਗਈ ਹੈ ਪਰ ਵੈਨਕੂਵਰ ਏਰੀਏ ਵਿੱਚ ਅਜੇ ਵੀ ਪੂਰੇ ਜੋਬਨ ਤੇ ਹੈ। ਮੁੰਡਿਆਂ ਦੇ ਵਰਗ ਦੀ ਲੀਗ ਚਾਰ ਵਰਗਾਂ ਵਿੱਚ ਚੱਲ ਰਹੀ ਹੈ। ਪ੍ਰੀਮੀਅਰ ਵਰਗ ਵਿੱਚ 10 ਟੀਮਾਂ ਹਨ ਤੇ 8 ਮੈਚ ਖੇਡ ਕੇ 22 ਅੰਕਾਂ ਨਾਲ਼ ਵੈਸਟ ਵੈਨਕੂਵਰ (ਏ) ਦੀ ਸਿਖਰ ਤੇ ਚੱਲ ਰਹੀ ਹੈ। ਯੂਨਾਈਟਿਡ



ਸੰਦੀਪ ਮਿਸ਼ਰਾ ਦੀ ਨਵ-ਪ੍ਰਕਾਸ਼ਿਤ ਕਿਤਾਬ।

ਬ੍ਰਦਰਜ਼ (ਏ) ਦੀ ਟੀਮ 19 ਅੰਕਾਂ ਨਾਲ਼ ਦੂਜੇ ਸਥਾਨ ਤੇ ਹੈ ਜਿਸ ਨੇ 9 ਮੈਚ ਖੇਡੇ ਹਨ। ਡਿਵੀਜ਼ਨ-1 ਵਿੱਚ ਸੁਰਿੰਦਰ ਲਾਇਨਜ਼ (ਸੀ) ਨੇ ਪਹਿਲਾ ਅਤੇ ਵੈਨਕੂਵਰ ਹਾਕਸ (ਬੀ) ਨੇ ਦੂਜਾ ਸਥਾਨ ਬਣਾਇਆ ਹੋਇਆ ਹੈ। ਇਸੇ ਤਰ੍ਹਾਂ ਡਿਵੀਜ਼ਨ-2 ਵਿੱਚ 20 ਅੰਕਾਂ ਨਾਲ਼ ਬਰਨਬੀ ਲੈਕਰਜ਼ (ਸੀ) ਅਤੇ 19 ਅੰਕਾਂ ਨਾਲ਼ ਸੁਰਿੰਦਰ ਲਾਇਨਜ਼ (ਡੀ) ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ ਤੇ ਚੱਲ ਰਹੀਆਂ ਹਨ। ਡਿਵੀਜ਼ਨ-3 ਵਿੱਚ ਸਰੀ ਸ਼ਾਰਕਸ ਨੇ ਪਹਿਲਾ ਅਤੇ ਬਰਨਬੀ ਲੈਕਰਜ਼ ਨੇ ਦੂਜਾ ਸਥਾਨ ਬਣਾਇਆ ਹੋਇਆ ਹੈ।

**ਵਰਲਡ ਹਾਕੀ ਲੀਗ :** ਕੁੜੀਆਂ ਦੀ ਵਰਲਡ ਹਾਕੀ ਲੀਗ ਪਿਛਲੇ ਦਿਨੀਂ ਆਕਲੈਂਡ (ਨਿਊਜ਼ੀਲੈਂਡ) ਵਿੱਚ ਸਮਾਪਤ ਹੋ ਗਈ। ਨੀਦਰਲੈਂਡ ਨੇ ਫਾਈਨਲ ਵਿੱਚ ਮੇਜ਼ਬਾਨ ਨਿਊਜ਼ੀਲੈਂਡ ਨੂੰ 3-0 ਦੇ ਫਰਕ ਨਾਲ਼ ਹਰਾ ਕੇ ਖਿਤਾਬੀ ਬਾਜ਼ੀ ਮਾਰ ਲਈ। ਉਲੰਪਿਕ ਚੈਂਪੀਅਨ ਇੰਗਲੈਂਡ ਨੂੰ ਹਰਾ ਕੇ ਕੋਰੀਆ ਤੀਜੇ ਸਥਾਨ ਤੇ ਰਿਹਾ।

**ਅਮਰੀਕਾ ਟੂਰ :** ਕੈਨੇਡਾ ਦੀ ਜੂਨੀਅਰ ਫੀਲਡ ਹਾਕੀ ਟੀਮ (ਅੰਡਰ-18) ਨੇ ਪਿਛਲੇ ਦਿਨੀਂ ਅਮਰੀਕਾ ਦਾ ਦੌਰਾ ਕੀਤਾ। ਇਸ ਟੀਮ ਨੇ ਅਮਰੀਕਾ ਦੀ ਕੌਮੀ ਜੂਨੀਅਰ ਟੀਮ ਨਾਲ਼ ਚਾਰ ਮੈਚਾਂ ਦੀ ਟੈਸਟ ਲੜੀ ਖੇਡੀ। ਇਸ ਦੌਰੇ ਨੂੰ ਸਾਲ 2018 ਦੀ ਪੈਨ-ਅਮਰੀਕਨ ਚੈਂਪੀਅਨਸ਼ਿਪ ਅਤੇ ਯੂਥ ਉਲੰਪਿਕ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।

ਇਸ ਟੀਮ ਵਿੱਚ ਭਾਵੇਂ ਓਂਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਸੂਬਿਆਂ ਦੇ ਖਿਡਾਰੀ ਜ਼ਿਆਦਾ ਹਨ ਪਰ ਅਲਬਰਟਾ ਦੇ ਤਿੰਨ ਖਿਡਾਰੀਆਂ ਦਾ ਜੂਨੀਅਰ ਟੀਮ ਵਿੱਚ ਸਥਾਨ ਪਾਉਣਾ ਇਸ ਸੂਬੇ ਦੀ ਹਾਕੀ ਲਈ ਇੱਕ ਚੰਗਾ ਸੰਕੇਤ ਮੰਨਿਆ ਜਾ ਰਿਹਾ ਹੈ। ਟੀਮ ਦੇ ਮੁੱਖ ਕੋਚ ਜੀਓਫ ਮੈਥਿਊਜ਼ ਦਾ ਵੀ ਕਹਿਣਾ ਹੈ ਕਿ ਅਲਬਰਟਾ ਅਤੇ ਕਿਊਬਿਕ ਦੇ ਖਿਡਾਰੀਆਂ ਦੇ ਟੀਮ ਵਿੱਚ ਆਉਣ ਨਾਲ਼ ਉਹਨਾਂ ਨੂੰ ਬਹੁਤ ਹੀ ਖੁਸ਼ੀ ਹੋਈ ਹੈ। ਟੀਮ ਵਿੱਚ 10 ਖਿਡਾਰੀ ਪੰਜਾਬੀ ਮੂਲ ਦੇ ਹਨ ਜਿਸ ਨਾਲ਼ ਇਸ ਭਾਈਚਾਰੇ ਦਾ ਇਸ ਖੇਡ ਨਾਲ਼ ਲਗਾਓ ਦੀ ਇੱਕ ਹੋਰ ਮਿਸਾਲ ਪੈਦਾ ਹੋ ਗਈ ਹੈ।

ਇਸ ਟੀਮ ਵਿੱਚ ਓਂਟਾਰੀਓ ਸੂਬੇ ਤੋਂ ਗੰਗਾ ਸਿੰਘ (ਜੂਨੀਅਰ), ਐਡਮ ਕੰਪਾਸੀ, ਜੋਸ਼ੂਆ ਕਿਊਮਪਲ, ਰਾਜਨ ਸਿੰਘ, ਨਿੱਤਿਆਨੰਦ ਰੇਵਾਂਕਰ, ਪਾਸਕਲ ਬਰੀਸਨ, ਬ੍ਰਿਟਿਸ਼ ਕੋਲੰਬੀਆ ਤੋਂ ਅਮਰਾਜ਼ ਢਿੱਲੋਂ, ਅਰਜਨ ਹੋਠੀ, ਬਰੈਂਡਨ ਗੁਰਾਲਿਊਕ, ਏਥਨ ਮੈਨਟੈਵਿਸ਼, ਜਸਮੀਤ ਬੜਿੰਗ, ਜੈਸਨ ਧਾਲੀਵਾਲ, ਮਨਵੀਰ ਝੱਮਟ, ਨਮਨ ਸ਼ਰਮਾ, ਰੂਪਕੰਵਰ ਢਿੱਲੋਂ, ਰੋਵਨ ਚਾਈਲਡਜ਼, ਸੈਮ ਸੀਬੈਰੀ, ਅਲਬਰਟਾ ਤੋਂ ਰੌਬਿਨਪ੍ਰੀਤ ਸਿੰਘ ਵਿਰਕ, ਸ਼ਾਹਬਾਜ਼ ਬੱਟ, ਕੈਵਿਨ ਵਾਟਸਨ, ਕਿਊਬਿਕ ਤੋਂ ਕੈਸੀ ਬਰੈਨਨ ਅਤੇ ਇਸਾਨ ਫੈਰੀਅਨ ਨੂੰ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ।

**ਯੰਗਸਿਤਾਨ ਮੈਗਜ਼ੀਨ :** ਪੰਜਾਬੀ ਅਤੇ ਅੰਗਰੇਜ਼ੀ ਦੋ ਭਾਸ਼ਾਵਾਂ ਵਿੱਚ ਛਪਣ ਜਾ ਰਹੇ ਖੇਡ ਮੈਗਜ਼ੀਨ 'ਯੰਗਸਿਤਾਨ' ਨੂੰ ਅੰਤਿਮ ਛੂਹਾਂ ਦਿੱਤੀਆਂ ਜਾ ਰਹੀਆਂ ਹਨ। ਇਸ ਵਿਸ਼ੇਸ਼ ਅੰਕ ਵਿੱਚ ਕੈਨੇਡਾ ਦੇ ਫੀਲਡ ਹਾਕੀ ਦੇ 2017 ਦੇ ਸੀਜ਼ਨ ਦੇ ਸਾਰੇ ਟੂਰਨਾਮੈਂਟ ਕਵਰ ਕੀਤੇ ਜਾਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਇਸ ਵਿੱਚ ਸਿਹਤ ਮਾਹਿਰਾਂ ਦੇ ਵੀ ਜਾਣਕਾਰੀ ਭਰਪੂਰ ਲੇਖ ਛਾਪੇ ਜਾਣਗੇ। ਇਹ ਪਹਿਲੀ ਵਾਰ ਹੋਵੇਗਾ ਕਿ ਫੀਲਡ ਹਾਕੀ ਦਾ ਕੋਈ ਰਸਾਲਾ ਕੈਨੇਡਾ ਭਰ 'ਚ ਵੰਡਿਆ ਜਾਵੇਗਾ।

# ਵਿਛੜੇ ਤੇ ਵਿਸਰੇ ਪੰਜਾਬੀ

ਏ.ਜੀ. ਮਿਲਖਾ ਸਿੰਘ ਦੇ ਚਲਾਣੇ ਦੀ ਖ਼ਬਰ ਨੇ ਭਾਰਤੀ ਕ੍ਰਿਕਟ ਦੇ ਸਿੰਘ ਬ੍ਰਦਰਜ਼ ਦੀ ਯਾਦ ਦਿਵਾ ਦਿੱਤੀ। 1968 ਵਿੱਚ ਜਦੋਂ ਬਿਸ਼ਨ ਸਿੰਘ ਬੇਦੀ ਦਾ ਸਿਤਾਰਾ ਚਮਕ ਰਿਹਾ ਸੀ ਤਾਂ ਉਸ ਸਮੇਂ ਇੱਕ ਸਕੂਲ ਅਧਿਆਪਕ ਨੇ ਦੱਸਿਆ ਸੀ ਕਿ ਉਹ ਪਹਿਲਾ ਸਿੱਖ ਕੌਮਾਂਤਰੀ ਕ੍ਰਿਕਟਰ ਨਹੀਂ; ਉਸ ਤੋਂ ਪਹਿਲਾਂ ਵੀ ਕੁਝ ਸਿੱਖ ਕ੍ਰਿਕਟਰ ਕੌਮੀ ਟੀਮ ਦੇ ਮੈਂਬਰ ਰਹਿ ਚੁੱਕੇ ਸਨ। ਇੰਟਰਨੈੱਟ ਤੇ ਗੂਗਲ ਦੇ ਦਿਨ ਨਹੀਂ ਸਨ ਉਹ। ਜਾਣਕਾਰੀ ਹਾਸਲ ਕਰਨ ਲਈ ਅਖ਼ਬਾਰਾਂ-ਰਸਾਲਿਆਂ ਦੇ ਪੁਰਾਣੇ ਅੰਕ ਲੱਭਣੇ ਪੈਂਦੇ ਸਨ। ਅਧਿਆਪਕ ਨੇ ਸਾਨੂੰ ਬੇਦੀ ਤੋਂ ਪਹਿਲਾਂ ਦੇ ਇੱਕ ਸਿੱਖ ਕ੍ਰਿਕਟਰ ਦੀ ਤਸਵੀਰ ਦਿਖਾਉਣ ਦਾ ਵਾਅਦਾ ਕੀਤਾ, ਪਰ ਇਹ ਵਾਅਦਾ ਵਫ਼ਾ ਨਾ ਹੋਇਆ। ਹਾਂ, ਉਸ ਵੱਲੋਂ ਦੱਸੇ ਏ.ਜੀ. ਕ੍ਰਿਪਾਲ ਸਿੰਘ ਤੇ ਏ.ਜੀ. ਮਿਲਖਾ ਸਿੰਘ ਦੇ ਨਾਮ ਜ਼ਰੂਰ ਯਾਦਦਾਸ਼ਤ ਦਾ ਹਿੱਸਾ ਬਣ ਗਏ। 1987 ਵਿੱਚ ਏ.ਜੀ. ਕ੍ਰਿਪਾਲ ਸਿੰਘ ਦੇ ਚਲਾਣੇ ਦੀ ਖ਼ਬਰ ਨੇ ਉਹ ਪੁਰਾਣੀ ਯਾਦ ਤਾਜ਼ਾ ਕਰਵਾ ਦਿੱਤੀ। ਉਸੇ ਖ਼ਬਰ ਤੋਂ ਇਹ ਪਤਾ ਲੱਗਾ ਕਿ ਕ੍ਰਿਪਾਲ ਸਿੰਘ ਭਾਰਤੀ ਕ੍ਰਿਕਟ ਦੇ 'ਸਿੰਘ ਬ੍ਰਦਰਜ਼' ਵਿੱਚੋਂ ਸਭ ਤੋਂ ਵੱਡਾ ਸੀ। ਉਸ ਦਾ ਪਿਤਾ ਏ.ਜੀ. ਰਾਮ ਸਿੰਘ ਖ਼ੁਦ ਵੀ ਕ੍ਰਿਕਟਰ ਸੀ। ਰਾਮ ਸਿੰਘ ਤੇ ਉਸ ਦੇ ਬੇਟੇ ਆਪੋ-ਆਪਣੇ ਖੇਡ ਜੀਵਨ ਦੌਰਾਨ ਮਦਰਾਸ ਸਟੇਟ ਦੀ ਨੁਮਾਇੰਦਗੀ ਕਰਦੇ ਰਹੇ ਸਨ। ਇਸ ਤੋਂ ਬਾਅਦ ਪਹਿਲੀ ਵਾਰ ਤਿੰਨ ਦਸਤਾਰਧਾਰੀ ਕ੍ਰਿਕਟਰਾਂ ਦੀ ਸਾਂਝੀ ਤਸਵੀਰ 1989 ਵਿੱਚ 'ਦਿ ਹਿੰਦੂ' ਵਿੱਚ ਛਪੇ ਇਕ ਲੇਖ ਵਿੱਚ ਦੇਖੀ। ਇਹ ਲੇਖ ਅਸਲ ਵਿੱਚ ਏ.ਜੀ. ਜਵਾਲਾ ਸਿੰਘ ਤੇ ਉਸ ਦੇ ਪੜਪੋਤੇ ਅਰਜਨ ਕ੍ਰਿਪਾਲ ਸਿੰਘ ਬਾਰੇ ਸੀ। ਇਸੇ ਲੇਖ ਤੋਂ ਇਜ਼ਹਾਰ ਹੋਇਆ ਕਿ ਏ.ਜੀ. ਪਰਿਵਾਰ ਅੰਬਰਸਰੀ ਹੁੰਦਿਆਂ ਹੋਇਆਂ ਵੀ ਮਦਰਾਸੀ ਕਿਵੇਂ ਬਣਿਆ।

ਜਵਾਲਾ ਸਿੰਘ ਨੂੰ 1903 ਵਿੱਚ ਬ੍ਰਿਟਿਸ਼ ਫ਼ੌਜ ਦੀ ਇੱਕ ਬਿਜਲਈ ਮੋਟਰ ਦੀ ਰੀਵਾਈਂਡਿੰਗ ਦੇ ਸਿਲਸਿਲੇ ਵਿੱਚ ਅੰਮ੍ਰਿਤਸਰ ਤੋਂ ਮਦਰਾਸ ਜਾਣਾ ਪਿਆ। ਉੱਥੇ ਜਾ ਕੇ ਉਸ ਨੂੰ ਜਾਪਿਆ ਕਿ ਮਦਰਾਸ ਵਿੱਚ ਬਿਜਲਈ ਫਿਟਿੰਗਜ਼ ਦਾ ਕੰਮ ਬਹੁਤ ਜ਼ਿਆਦਾ ਹੈ ਅਤੇ ਕਮਾਈ ਵੀ ਚੋਖੀ ਹੋ ਸਕਦੀ ਹੈ। 1904 ਵਿੱਚ ਉਹ ਬਿਸਤਰਾ ਤੇ ਕੁਝ ਭਾਂਡੇ-ਟੀਂਡੇ ਲੈ ਕੇ ਮਦਰਾਸ ਪਹੁੰਚ ਗਿਆ। ਤਾਮਿਲਾਂ ਨੇ ਪਹਿਲਾਂ ਕਦੇ ਕਿਸੇ ਸਰਦਾਰ ਨੂੰ ਸ਼ਹਿਰ ਵਿੱਚ ਦੁਕਾਨ ਚਲਾਉਂਦਿਆਂ ਨਹੀਂ ਸੀ ਦੇਖਿਆ। ਉਹ ਸਰਦਾਰ ਬਾਰੇ ਜਾਣਨ ਦੇ ਇੱਛੁਕ ਸਨ। ਜਵਾਲਾ ਸਿੰਘ ਤੋਂ ਉਸ ਦੀ ਜ਼ੱਦ ਤੇ ਰੱਬ ਬਾਰੇ ਅਕਸਰ ਪੁੱਛਿਆ ਜਾਂਦਾ ਸੀ। ਉਸ ਨੇ ਦੱਖਣ ਭਾਰਤੀ ਪ੍ਰਚਲਣ ਅਨੁਸਾਰ ਆਪਣੇ ਨਾਮ ਤੋਂ ਪਹਿਲਾਂ ਅੰਮ੍ਰਿਤਸਰ ਤੇ ਰੱਬ (ਭਾਵ ਗੁਰੂ) ਦਾ ਨਾਂ ਗੋਬਿੰਦ ਸਿੰਘ ਲਾ ਲਿਆ। ਇਸ ਤਰ੍ਹਾਂ ਉਹ ਸਿਰਫ਼ ਜਵਾਲਾ ਸਿੰਘ ਤੋਂ ਏ.ਜੀ. ਜਵਾਲਾ ਸਿੰਘ ਬਣ ਗਿਆ। ਇਸ ਤੋਂ ਤਾਮਿਲ ਲੋਕ ਉਸ ਨੂੰ ਆਪਣੇ ਵਰਗਾ ਭਾਵ ਦੱਖਣ ਭਾਰਤੀ ਮੂਲ ਦਾ ਸਮਝਣ ਲੱਗੇ। ਉਸ ਦਾ ਕਾਰੋਬਾਰ ਵੀ ਵਧਣ-ਫੁਲਣ ਲੱਗਾ।

ਜਵਾਲਾ ਸਿੰਘ ਦੇ ਚਾਰ ਪੁੱਤਰਾਂ ਵਿੱਚੋਂ ਰਾਮ ਸਿੰਘ ਨੂੰ ਕ੍ਰਿਕਟ ਦਾ ਸ਼ੌਕ ਇੰਗਲਿਸਤਾਨੀ ਕ੍ਰਿਕਟਰ ਏ.ਐੱਫ. ਵੈਨਜ਼ਲੇ ਨੂੰ ਦੇਖ ਕੇ ਲੱਗਿਆ। ਭਾਰਤੀ ਕ੍ਰਿਕਟ ਦੇ ਇਤਿਹਾਸਕਾਰ ਰਾਮਚੰਦਰ ਗੁਹਾ ਮੁਤਾਬਿਕ ਏ.ਜੀ. ਰਾਮ ਸਿੰਘ ਮਦਰਾਸ ਰਾਜ ਦੇ ਬਿਹਤਰੀਨ ਹਰਫ਼ਨਮੌਲਾਵਾਂ ਵਿੱਚੋਂ ਇੱਕ ਸੀ। ਉਹ ਮੱਧਕ੍ਰਮ ਵਿੱਚ ਬੱਲੇਬਾਜ਼ੀ ਕਰਦਾ ਸੀ ਅਤੇ ਨਾਲ ਹੀ ਉਪਯੋਗੀ ਖੱਬੂ ਸਪਿੰਨਰ ਵੀ ਸੀ। ਉਸ ਨੇ 14 ਸਾਲਾਂ ਤਕ ਰਣਜੀ ਟਰਾਫੀ ਕ੍ਰਿਕਟ ਵਿੱਚ ਮਦਰਾਸ (ਹੁਣ ਤਾਮਿਲ ਨਾਡੂ) ਦੀ ਨੁਮਾਇੰਦਗੀ ਕੀਤੀ। ਰਾਮ ਸਿੰਘ ਦੇ ਤਿੰਨ ਬੇਟੇ - ਕ੍ਰਿਪਾਲ, ਮਿਲਖਾ ਤੇ ਸਤਵਿੰਦਰ ਵੀ ਮਦਰਾਸ ਸਟੇਟ ਵੱਲੋਂ ਕੌਮੀ ਕ੍ਰਿਕਟ ਖੇਡਦੇ ਰਹੇ। ਕ੍ਰਿਪਾਲ, ਆਪਣੇ ਪਿਤਾ ਵਾਂਗ ਹਰਫ਼ਨਮੌਲਾ (ਆਲ ਰਾਊਂਡਰ) ਸੀ। ਉਹ ਚੰਗਾ ਬੱਲੇਬਾਜ਼ ਅਤੇ ਚੰਗਾ ਮੀਡੀਅਮ ਪੇਸਰ ਸੀ। ਉਸ ਨੇ ਆਪਣੇ ਪਹਿਲੇ ਹੀ ਟੈਸਟ ਮੈਚ ਵਿੱਚ ਸੈਂਕੜਾ ਬਣਾਇਆ ਸੀ। ਉਸ ਨੇ 1955 ਤੋਂ 1964 ਦਰਮਿਆਨ 14 ਟੈਸਟ ਮੈਚ ਖੇਡੇ। ਮਿਲਖਾ ਸਿੰਘ 17 ਸਾਲਾਂ ਦੀ ਉਮਰ ਵਿੱਚ ਰਣਜੀ ਟਰਾਫੀ ਖੇਡਣ ਲੱਗਾ ਤੇ 18ਵੇਂ ਸਾਲ ਵਿੱਚ ਟੈਸਟ ਟੀਮ ਵਾਸਤੇ ਵੀ ਚੁਣਿਆ ਗਿਆ। ਟੈਸਟ ਮੈਚਾਂ ਵਿੱਚ ਉਹ ਖ਼ਾਸ ਚੱਲਿਆ ਨਹੀਂ। ਸਿਰਫ਼ ਚਾਰ ਟੈਸਟ ਹੀ ਖੇਡੇ। ਮਿਲਖਾ ਤੇ ਸਤਵਿੰਦਰ ਪੂਰੇ ਜੀਵਨ ਦੌਰਾਨ ਸਾਬਤ ਸੂਰਤ ਸਿੱਖ ਰਹੇ - ਕ੍ਰਿਪਾਲ ਨੇ ਕੇਸ ਕਟਾ ਦਿੱਤੇ। ਇੱਕ ਇਸਾਈ ਔਰਤ ਨਾਲ ਵਿਆਹ ਖ਼ਾਤਿਰ ਉਸ ਨੇ ਧਰਮ ਪਰਿਵਰਤਨ ਕਰ ਲਿਆ ਤੇ ਅੰਮ੍ਰਿਤਸਰ ਗੋਬਿੰਦ ਤੋਂ ਆਰਨਲਡ ਜੌਰਜ ਕ੍ਰਿਪਾਲ ਬਣ ਗਿਆ। ਫਿਰ ਕੁਝ ਸਾਲਾਂ ਬਾਅਦ ਉਹ ਸਿੱਖੀ ਵੱਲ ਪਰਤ ਆਇਆ ਪਰ ਕੇਸਾਧਾਰੀ ਨਹੀਂ ਬਣਿਆ।



1960ਵਿਆਂ ਦੇ ਸ਼ੁਰੂ ਵਿੱਚ ਤਿੰਨ ਦਸਤਾਰਧਾਰੀ ਭਰਾਵਾਂ ਨੂੰ ਮਦਰਾਸ ਦੀ ਟੀਮ ਵਿੱਚ ਖੇਡਦਿਆਂ ਦੇਖਣਾ ਇੱਕ ਖ਼ਾਸ ਨਜ਼ਾਰਾ ਸੀ ਜਿਸ ਦਾ ਜ਼ਿਕਰ ਫਿਲਮ ਸੰਗੀਤ ਤੇ ਕ੍ਰਿਕਟ ਦੇ ਨਾਮਵਰ ਵਿਸ਼ਲੇਸ਼ਕ ਰਾਜੂ ਭਾਰਤਨ ਨੇ 1964 ਵਿੱਚ 'ਇਲਸਟ੍ਰੇਟਿਡ ਵੀਕਲੀ' ਦੇ ਇੱਕ ਅੰਕ ਵਿੱਚ ਕੀਤਾ। ਸਿਗਫ੍ਰਾਈਡ ਸੈਜ਼ੂਨ ਦੇ 1936 ਵਿੱਚ ਛਪੇ ਕ੍ਰਿਕਟ ਨਾਲ ਜੁੜੇ ਉੱਘੇ ਨਾਵਲ 'ਸਨ ਆਫ ਗ੍ਰੀਫ਼' (ਮਾਤਮ ਦਾ ਬੇਟਾ) ਵਿੱਚ ਕ੍ਰਿਕਟ ਨਾਲ ਜੁੜੇ ਇੱਕੋ ਪਰਿਵਾਰ ਦੀਆਂ ਨਾਕਾਮੀਆਂ-ਕਾਮਯਾਬੀਆਂ ਦੀ ਕਹਾਣੀ ਬਿਆਨ ਕੀਤੀ ਗਈ ਹੈ। ਏ.ਜੀ. ਰਾਮ ਸਿੰਘ ਦੇ ਪਰਿਵਾਰ ਦੀ ਕਹਾਣੀ ਵੀ ਇਸ ਦੇ ਨਾਲ ਮੇਲ ਖਾਂਦੀ ਹੈ। ਉਸ ਨਾਵਲ ਵਿੱਚ ਕ੍ਰਿਕਟ ਦੀਆਂ ਚਾਰ ਪੀੜ੍ਹੀਆਂ ਦਾ ਜ਼ਿਕਰ ਹੈ। ਰਾਮ ਸਿੰਘ ਦੇ ਪਰਿਵਾਰ 'ਚ ਇਹ ਖੇਡ ਤੀਜੀ ਪੀੜ੍ਹੀ ਤੋਂ ਅੱਗੇ ਨਹੀਂ ਗਈ। ਕ੍ਰਿਪਾਲ ਸਿੰਘ ਦੇ ਬੇਟੇ ਸਵਰਨ ਤੇ ਅਰਜਨ ਕ੍ਰਿਕਟਰ ਰਹੇ। ਅਰਜਨ ਕ੍ਰਿਪਾਲ ਸਿੰਘ ਭਾਰਤੀ ਅੰਡਰ-19 ਟੀਮ ਵਿੱਚ ਵੀ ਖੇਡਿਆ ਅਤੇ ਦਲੀਪ ਟਰਾਫੀ ਵਿੱਚ ਦੱਖਣੀ ਜ਼ੋਨ ਦਾ ਕਪਤਾਨ ਵੀ ਰਿਹਾ, ਪਰ ਹੁਣ ਇਸ ਪਰਿਵਾਰ ਦੇ ਨਵੇਂ ਜੀਆਂ ਦਾ ਜ਼ਿਕਰ ਕਿਤੇ ਨਹੀਂ ਮਿਲਦਾ। ਹਾਂ, ਸਤਵਿੰਦਰ ਦਾ ਬੇਟਾ ਹਰਜਿੰਦਰ ਤਾਮਿਲ ਨਾਡੂ ਤੇ ਰੇਲਵੇ ਵੱਲੋਂ ਰਣਜੀ ਕ੍ਰਿਕਟ ਖੇਡਦਾ ਰਿਹਾ ਹੈ। ਪੰਜਾਬ ਵਿੱਚ ਇਨ੍ਹਾਂ ਦੇ ਕਿਸੇ ਨਾਤੇਦਾਰ ਦਾ ਹਵਾਲਾ ਕਦੇ ਸਾਹਮਣੇ ਨਹੀਂ ਆਇਆ। ਦਰਅਸਲ, ਪੰਜਾਬ ਨੇ ਇਸ ਪਰਿਵਾਰ ਨਾਲ ਆਪਣਿਆਂ ਵਰਗਾ ਮੋਹ ਕਦੇ ਜਤਾਇਆ ਹੀ ਨਹੀਂ। ਹਾਂ, ਏ.ਜੀ. ਕ੍ਰਿਪਾਲ ਸਿੰਘ ਨੂੰ 1963 ਵਿੱਚ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਚੰਡੀਗੜ੍ਹ ਵਿੱਚ ਇੱਕ ਵਾਰ ਸਨਮਾਨਿਆ ਜ਼ਰੂਰ ਸੀ। ਉਸ ਤੋਂ ਬਾਅਦ ਤਾਂ ਇਹ ਪਰਿਵਾਰ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ।

ਨਾ ਸਿਰਫ਼ ਏ.ਜੀ. ਪਰਿਵਾਰ ਸਗੋਂ ਨਰੇਸ਼ ਕੁਮਾਰ ਵਰਗੇ ਸਰਤਾਜ ਟੈਨਿਸ ਖਿਡਾਰੀ ਉੱਤੇ ਵੀ ਪੰਜਾਬ ਨੇ ਕਦੇ ਆਪਣਿਆਂ ਵਾਂਗ ਉਂਗਲ ਨਹੀਂ ਧਰੀ। 1928 ਵਿੱਚ ਲਾਹੌਰ ਵਿੱਚ ਜਨਮੇ ਨਰੇਸ਼ ਕੁਮਾਰ ਨੇ ਦੇਸ਼ ਵੰਡ ਤੋਂ ਬਾਅਦ ਕਲਕੱਤਾ ਵਿੱਚ ਠਿਕਾਣਾ ਕੀਤਾ। ਉਹ 1952 ਤੋਂ ਅਗਲੇ ਅੱਠ ਸਾਲਾਂ ਤਕ ਭਾਰਤੀ ਡੇਵਿਸ ਕੱਪ ਟੈਨਿਸ ਟੀਮ ਦਾ ਮੈਂਬਰ ਰਿਹਾ, 1949 ਤੋਂ 1964 ਤਕ ਵਿੰਬਲਡਨ ਖੇਡਦਾ ਰਿਹਾ, 1955 ਵਿੱਚ ਵਿੰਬਲਡਨ ਸਿੰਗਲਜ਼ ਦੇ ਚੌਥੇ ਦੌਰ ਤਕ ਪਹੁੰਚਿਆ। ਪ੍ਰਤੀਯੋਗੀ ਟੈਨਿਸ ਤੋਂ ਰੁਖ਼ਸਤਗੀ ਤੋਂ ਬਾਅਦ ਉਹ ਭਾਰਤੀ ਡੇਵਿਸ ਕੱਪ ਟੀਮਾਂ ਦਾ ਨਾਨ-ਪਲੇਇੰਗ ਕਪਤਾਨ ਵੀ ਰਿਹਾ ਤੇ ਟੈਨਿਸ ਕਮੈਂਟੇਟਰ ਦੇ ਤੌਰ 'ਤੇ ਚੰਗਾ ਨਾਮ ਕਮਾਇਆ। ਦਰਅਸਲ, ਲਿਏਂਡਰ ਪੇਸ ਤੇ ਮਹੇਸ਼ ਭੂਪਤੀ ਦੇ ਆਲਮੀ ਪੱਧਰ 'ਤੇ ਉਭਾਰ ਵਿੱਚ ਉਸ ਦਾ ਯੋਗਦਾਨ ਰਿਹਾ। 1996 ਵਿੱਚ ਚੰਡੀਗੜ੍ਹ ਵਿੱਚ ਆਸਟਰੇਲੀਆ ਖ਼ਿਲਾਫ਼ ਡੇਵਿਸ ਕੱਪ ਸੈਮੀ ਫਾਈਨਲ ਸਮੇਂ ਨਰੇਸ਼ ਕੁਮਾਰ ਦਾ ਇਹ ਸ਼ਿਕਵਾ ਸੀ ਕਿ ਅਸੀਂ ਹੋਰਨਾਂ ਸੂਬਿਆਂ ਵਿੱਚ ਪੰਜਾਬੀਆਂ ਦੀਆਂ ਸੰਸਥਾਵਾਂ ਲਈ ਜਾਨ ਹੂਲਦੇ ਫਿਰਦੇ ਹਾਂ, ਪਰ ਪੰਜਾਬ ਵਿੱਚ ਸਾਨੂੰ ਕੋਈ ਪਛਾਣਦਾ ਤਕ ਨਹੀਂ। ਜਾਇਜ਼ ਹੈ ਇਹ ਸ਼ਿਕਵਾ। ਅਸੀਂ ਗੋਰੀਆਂ ਕੌਮਾਂ ਦੀ ਧਰਤੀ 'ਤੇ ਨਾਮਣਾ ਖੱਟਣ ਵਾਲੇ ਪੰਜਾਬੀਆਂ 'ਤੇ ਹੱਥੀਂ ਛਾਵਾਂ ਕਰਦੇ ਹਾਂ, ਪਰ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ ਪੰਜਾਬੀ ਪਛਾਣ ਨੂੰ ਬੁਲੰਦਗੀ ਬਖ਼ਸ਼ਣ ਵਾਲਿਆਂ ਦੀ ਲਗਾਤਾਰ ਅਣਦੇਖੀ ਕਰਦੇ ਆਏ ਹਾਂ। ਉਰਦੂ ਦੇ ਮੁਮਤਾਜ਼ ਅਫ਼ਸਾਨਾਨਿਗਾਰ ਕ੍ਰਿਸ਼ਨ ਚੰਦਰ ਨੇ ਇਸ ਨੂੰ 'ਜ਼ਿੰਦਾ ਦਫਨਾਉਣ ਵਾਲੀ ਫਿਤਰਤ' ਦੱਸਿਆ ਸੀ। ਇਹ ਅਜੇ ਵੀ ਬਰਕਰਾਰ ਹੈ।

-ਸੁਰਿੰਦਰ ਸਿੰਘ ਤੇਜ
ਸੰਪਾਦਕ ਪੰਜਾਬੀ ਟ੍ਰਿਬਿਊਨ

Punjab Insurance Inc.
Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans

Hardeep Atwal
Insurance Advisor
416-209-6363
e-mail: weprotecturfamily@gmail.com


HomeLife SilverCity
Realty Inc., Brokerage
EACH OFFICE ENDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com
"All agents are Salespersons/Brokers Unless otherwise stated. Not intended to solicit salespersons/brokers under contract. Some conditions apply"